186

[illegible]

[illegible]

([illegible])

*Original with;*
Punjab Vidhan Sabha
*Digitized by;*
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Monday, the 3rd October, 2011*

**Vol. XIII – No. 1**

OFFICIAL REPORT

CONTENTS


| | Page |
|---|---|
| Obituary References | (1) 1 |


**Punjab Vidhan Sabha Secretariat, Chandigarh**

Price : Rs.__________.

*Original with;*
Punjab Vidhan Sabha
*Digitized by;*
Panjab Digital Library

*Original with;*
Punjab Vidhan Sabha
*Digitized by;*
Panjab Digital Library

## PUNJAB VIDHAN SABHA

*Monday, the 3rd October, 2011*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh at 2.00 P.M. Mr. Speaker (Sardar Nirmal Singh Kahlon) in the Chair.*

---

## OBITUARY REFERENCES

**ਮਾਨਯੋਗ ਸਪੀਕਰ :** ਸਾਰੇ ਹਾਜ਼ਰ ਮੈਂਬਰ ਸਾਹਿਬਾਨ ਦਾ ਧੰਨਵਾਦ ਜੀ। ਹੁਣ ਸ਼ੋਕ ਮਤੇ। ਸਾਰਿਆਂ ਤੋਂ ਪਹਿਲਾਂ ਸਰਦਾਰ ਪਰਕਾਸ਼ ਸਿੰਘ ਜੀ ਬਾਦਲ, ਲੀਡਰ ਆਫ ਦਿ ਹਾਊਸ ਬੋਲਣਗੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਮਾਨਯੋਗ ਸਪੀਕਰ ਸਾਹਿਬ, ਪਿਛਲੇ ਸਦਨ ਤੇ ਅੱਜ ਦੇ ਸਦਨ ਦੇ ਦਰਮਿਆਨੀ ਵਕਫੇ ਵਿੱਚ ਦੇਸ਼ ਦੀਆਂ ਬਹੁਤ ਸਾਰੀਆਂ ਅਤੇ ਪੰਜਾਬ ਦੀਆਂ ਕਈ ਪ੍ਰਮੁੱਖ ਸਖਸ਼ੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ। ਸਭ ਤੋਂ ਪਹਿਲਾਂ ਮੈਂ ਜ਼ਿਕਰ ਕਰਾਂਗਾ ਸਰਦਾਰ ਜਤਿੰਦਰ ਸਿੰਘ ਜੀ ਕਰੀਹਾ ਦਾ ਜੋ ਕਿ ਇਸ ਮਹਾਨ ਸਦਨ ਦੇ ਮੈਂਬਰ ਸਨ। ਉਹ ਮਿਤੀ 14.9.2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਨੂੰ ਬਹੁਤ ਗਹਿਰਾ ਸਦਮਾ ਹੈ। ਮੈਂ ਕਹਿ ਸਕਦਾ ਹਾਂ ਕਿ ਇਹ ਸਦਮਾ ਅਕਹਿ ਹੈ, ਅਸਹਿ ਹੈ। ਇਹ ਨਾ ਬਿਆਨ ਕੀਤਾ ਜਾ ਸਕਦਾ ਹੈ ਅਤੇ ਨਾ ਸਹਾਰਿਆ ਜਾ ਸਕਦਾ ਹੈ। ਉਨ੍ਹਾਂ ਦੀ ਉਮਰ ਹਾਲੇ ਸਿਰਫ 63 ਵਰਸ਼ ਦੀ ਸੀ ਔਰ ਉਨ੍ਹਾਂ ਦੇ ਅਕਾਲ ਚਲਾਣੇ ਤੋਂ ਥੋਹੜਾ ਸਮਾਂ ਪਹਿਲਾਂ ਹੀ ਉਨ੍ਹਾਂ ਦਾ ਕਾਬਲ ਫਰਜੰਦ ਲੜਕਾ, ਜੋ ਕਿ ਮਿਲਟਰੀ ਵਿੱਚ ਬਤੌਰ ਕਰਨਲ ਸੇਵਾ ਕਰਦੇ ਸੀ, ਉਹ ਅਕਾਲ ਚਲਾਣਾ ਕਰ ਗਏ ਸਨ। ਮੈਂ ਸਮਝਦਾ ਹਾਂ ਕਿ ਉਨ੍ਹਾਂ ਦੇ ਬੇਟੇ ਦੇ ਚਲੇ ਜਾਣ ਦਾ ਵੀ ਉਨ੍ਹਾਂ ਦੇ ਮਨ ਤੇ ਬਹੁਤ ਵੱਡਾ ਸਦਮਾ ਸੀ। ਕਰੀਹਾ ਸਾਹਿਬ ਤਿੰਨ ਦਫਾ ਸਾਲ 1977, 2000 ਅਤੇ 2007 ਵਿੱਚ ਇਸ ਸਦਨ ਦੇ, ਇਸ ਅਸੈਂਬਲੀ ਦੇ ਮੈਂਬਰ ਰਹੇ ਹਨ। ਉਹ ਜ਼ਿਲ੍ਹਾ ਨਵਾਂ ਸ਼ਹਿਰ ਤੋਂ ਸ਼੍ਰੋਮਣੀ ਅਕਾਲੀ ਦਲ ਦੇ ਡਿਸਟ੍ਰਿਕਟ ਪ੍ਰੈਜ਼ੀਡੈਂਟ ਵੀ ਰਹੇ ਔਰ ਉਨ੍ਹਾਂ ਨੇ ਸਹਿਕਾਰਤਾ ਲਹਿਰ ਵਿੱਚ ਲੰਮੇ ਸਮੇਂ ਤੋਂ ਬਹੁਤ ਵੱਡਾ ਹਿੱਸਾ ਲਿਆ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਸਮੁੱਚੇ ਪੰਜਾਬ ਦੀ ਸਿਆਸਤ ਵਿੱਚ ਬਹੁਤ ਵੱਡਾ ਖਲਾਅ ਪੈਦਾ ਹੋ ਗਿਆ ਹੈ, ਖਾਸ ਕਰਕੇ ਉਸ ਇਲਾਕੇ ਵਿੱਚ ਵੀ ਖਲਾਅ ਪੈਦਾ ਹੋਇਆ ਹੈ। ਮੈਂ ਬੜੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਆਪਣੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਦੂਸਰੀ ਮਹਾਨ ਸਖਸ਼ੀਅਤ ਸਰਦਾਰ ਲਹਿਣਾ ਸਿੰਘ ਤੁੜ, ਜਿਹੜੇ ਕਿ ਸ਼੍ਰੋਮਣੀ ਅਕਾਲੀ ਦਲ ਦੇ ਵੈਟਰਨ ਲੀਡਰ ਸਰਦਾਰ ਮੋਹਨ ਸਿੰਘ ਤੁੜ, ਜੋ ਕਿ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ ਹਨ ਔਰ ਉਹ ਐਮ.ਪੀ. ਵੀ ਰਹੇ ਹਨ, ਉਨ੍ਹਾਂ ਦੇ ਉਹ ਸਪੁੱਤਰ ਸਨ। ਉਹ ਸਾਲ 1980 ਵਿੱਚ ਹਲਕਾ ਤਰਨਤਾਰਨ ਤੋਂ ਪਾਰਲੀਮੈਂਟ ਦੇ ਮੈਂਬਰ ਰਹੇ ਔਰ ਉਹ ਵੀ ਇੱਕ ਬਹੁਤ ਹੀ ਇਮਾਨਦਾਰ ਅਤੇ ਮਹਾਨ ਸਖਸ਼ੀਅਤ ਸਨ। ਉਨ੍ਹਾਂ ਨੇ ਪੇਂਡੂ ਇਲਾਕੇ ਵਿੱਚ ਜੋ ਸੇਵਾ ਕੀਤੀ ਹੈ ਉਹ ਕਾਬਲੇ ਜ਼ਿਕਰ ਹੈ। ਉਨ੍ਹਾਂ ਦੇ ਦੁਖਦਾਈ ਵਿਛੋੜੇ ਨਾਲ ਰਾਜ ਇੱਕ ਮਹਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਮੈਂ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਆਪਣੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਸਰਦਾਰ ਦਿਆ ਸਿੰਘ ਸੋਢੀ, ਜੋ ਕਿ ਪਾਰਲੀਮੈਂਟ ਦੇ ਮੈਂਬਰ ਵੀ ਰਹੇ ਹਨ, ਉਹ ਵੀ ਇਸ ਸਮੇਂ ਦੌਰਾਨ ਸਾਡੇ ਦਰਮਿਆਨ ਨਹੀਂ ਰਹੇ। ਉਹ ਵੀ ਅਕਾਲ ਚਲਾਣਾ ਕਰ ਗਏ ਹਨ। ਉਹ ਆਪਣੀ ਜਿੰਦਗੀ ਵਿੱਚ ਕਈ ਵਾਰੀ ਜ਼ੇਲ੍ਹਾਂ ਵਿੱਚ ਗਏ ਔਰ ਹਲਕਾ ਅੰਮ੍ਰਿਤਸਰ ਤੋਂ ਉਹ ਪਾਰਲੀਮੈਂਟ ਦੇ ਮੈਂਬਰ ਚੁਣੇ ਗਏ ਸਨ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਨਾਲ ਰਾਜ ਅੱਜ ਇੱਕ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ ਔਰ ਮੈਂ ਬੜੇ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਆਪਣੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸਰਦਾਰ ਹਰਬੰਸ ਸਿੰਘ ਸਿੱਧੂ, ਸਾਬਕਾ ਮੰਤਰੀ ਮਿਤੀ 11 ਜੁਲਾਈ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਵੀ ਗਹਿਰਾ ਸਦਮਾ ਹੋਇਆ ਹੈ। ਉਨ੍ਹਾਂ ਦਾ ਜਨਮ 10 ਅਕਤੂਬਰ, 1930 ਨੂੰ ਪਿੰਡ ਅਜ਼ੀਮਗੜ੍ਹ, ਤਹਿਸੀਲ ਅਬੋਹਰ, ਜ਼ਿਲ੍ਹਾ ਫਾਜ਼ਿਲਕਾ ਵਿੱਚ ਹੋਇਆ ਸੀ। ਉਹ 1967 ਅਤੇ 1992 ਵਿੱਚ ਹਲਕਾ ਰਾਮਪੁਰਾ ਫੂਲ ਤੋਂ ਐਮ.ਐਲ.ਏ. ਵੀ ਬਣੇ। ਉਹ ਐਸ.ਐਸ.ਐਸ. ਬੋਰਡ ਦੇ ਚੇਅਰਮੈਨ ਵੀ ਰਹੇ ਸਨ। ਉਹ ਸਰਦਾਰ ਬੇਅੰਤ ਸਿੰਘ ਜੀ ਦੀ ਵਜ਼ਾਰਤ ਵਿੱਚ ਪਸ਼ੂ ਪਾਲਣ ਤੇ ਮੱਛੀ ਪਾਲਣ ਵਿਭਾਗ ਦੇ ਕੈਬਨਿਟ ਮੰਤਰੀ ਵੀ ਰਹੇ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਕਾਰਨ ਰਾਜ ਇੱਕ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ। ਮੈਂ ਬੜੇ ਦੁਖੀ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇੱਕ ਹੋਰ ਮਹਾਨ ਸਿਆਸਤਦਾਨ, ਚੌਧਰੀ ਦਰਸ਼ਨ ਸਿੰਘ, ਜੋ ਕਿ ਇਸ ਸਦਨ ਦੇ ਮੈਂਬਰ ਵੀ ਰਹੇ ਹਨ, ਉਹ ਵੀ ਸਾਨੂੰ ਜੁਦਾਈ ਦੇ ਗਏ ਹਨ। ਉਹ ਮਿਤੀ 21 ਅਗਸਤ, 2011 ਨੂੰ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ 17 ਅਗਸਤ, 1921 ਨੂੰ ਲਾਇਲਪੁਰ ਵਿੱਚ ਹੋਇਆ ਸੀ। ਉਹ 1962, 1967 ਅਤੇ 1971 ਵਿੱਚ ਤਿੰਨ ਵਾਰ ਵੱਖ-ਵੱਖ ਹਲਕਿਆਂ ਤੋਂ ਐਮ.ਐਲ.ਏ. ਚੁਣੇ ਗਏ। ਉਹ ਨਕੋਦਰ, ਆਦਮਪੁਰ ਅਤੇ ਨੂਰਮਹਿਲ ਤੋਂ ਐਮ.ਐਲ.ਏ. ਬਣੇ। ਉਨ੍ਹਾਂ ਦਾ ਜਨਤਾ ਦੇ ਨਾਲ ਬੜਾ ਪਿਆਰ ਸੀ। ਇਸੇ ਲਈ ਉਹ ਜਿਸ ਹਲਕੇ ਤੋਂ ਵੀ ਇਲਕੈਸ਼ਨ ਲੜੇ, ਉਥੇ ਹੀ ਜਿੱਤਦੇ ਰਹੇ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਕਾਰਨ ਰਾਜ ਇੱਕ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ

Original with;
Punjab Vidhan Sabha
Digitized by;
Panjab Digital Library

ਗਿਆ ਹੈ। ਮੈਂ ਬੜੇ ਦੁਖੀ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਰਦਾਰ ਕਰਨੈਲ ਸਿੰਘ ਵੀ ਇਸ ਹਾਊਸ ਦੇ ਮੈਂਬਰ ਰਹੇ ਸਨ। ਉਨ੍ਹਾਂ ਦਾ ਜਨਮ 10 ਜੁਲਾਈ 1926 ਨੂੰ ਪੱਕਾ ਕਲਾਂ, ਜ਼ਿਲ੍ਹਾ ਬਠਿੰਡਾ ਵਿੱਚ ਹੋਇਆ ਸੀ। ਉਹ ਲਗਾਤਾਰ 25 ਸਾਲ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਰਹੇ। ਉਹ 1967 ਵਿੱਚ ਹਲਕਾ ਪੱਕਾ ਕਲਾਂ ਤੋਂ ਐਮ.ਐਲ.ਏ. ਚੁਣੇ ਗਏ। ਉਹ ਕੰਸਟੋਫੈਡ ਦੇ ਬਤੌਰ ਚੇਅਰਮੈਨ ਵੀ ਰਹੇ ਅਤੇ ਸੈਂਟਰਲ ਕੋਆਪਰੇਟਿਵ ਬੈਂਕ ਬਠਿੰਡਾ ਦੇ ਐਮ.ਡੀ. ਵੀ ਰਹੇ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਕਾਰਨ ਰਾਜ ਇੱਕ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ। ਮੈਂ ਬੜੇ ਦੁਖੀ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹੀ ਸ਼੍ਰੀਮਤੀ ਸ਼ੀਲਾ ਗੁਜਰਾਲ ਇੱਕ ਮਹਾਨ ਲੇਖਿਕਾ ਅਤੇ ਸਮਾਜ ਸੇਵਿਕਾ ਸਨ। ਉਹ ਪੰਜਾਬ ਦੇ ਹੀ ਨਹੀਂ ਬਲਕਿ ਦੇਸ਼ ਦੀ ਇੱਕ ਬਹੁਤ ਮਹਾਨ ਸਖਸ਼ੀਅਤ ਸਨ। ਇਹ ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ ਸਾਨੂੰ ਮਿਤੀ 11 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਨੂੰ ਗਹਿਰਾ ਸਦਮਾ ਹੈ। ਉਨ੍ਹਾਂ ਦੀ ਉਮਰ 87 ਸਾਲ ਦੀ ਸੀ। ਉਹ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜ਼ਰਾਲ ਜੀ ਦੀ ਧਰਮ ਪਤਨੀ ਸਨ ਅਤੇ ਸ਼੍ਰੀ ਨਰੇਸ਼ ਕੁਮਾਰ ਗੁਜਰਾਲ, ਜੋ ਕਿ ਮੌਜੂਦਾ ਰਾਜ ਸਭਾ ਦੇ ਮੈਂਬਰ ਹਨ, ਉਹ ਉਨ੍ਹਾਂ ਦੇ ਪੁੱਤਰ ਹਨ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਰਾਜ ਇੱਕ ਪ੍ਰਸਿੱਧ ਲੇਖਿਕਾ ਅਤੇ ਉੱਘੀ ਸਮਾਜ ਸੇਵਿਕਾ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ। ਮੈਂ ਬੜੇ ਦੁਖੀ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਪ੍ਰਤੀ ਆਪਣੀ ਸੱਚੀ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਬਹੁਤ ਸਾਰੇ ਅਜ਼ਾਦੀ ਘੁਲਾਟੀਏ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਵਾਸਤੇ ਬੜਾ ਵੱਡਾ ਯੋਗਦਾਨ ਪਾਇਆ, ਜਿਨ੍ਹਾਂ ਦੇ ਕਾਰਨ ਅੱਜ ਅਸੀਂ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ, ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਵਿੱਚ ਸ਼੍ਰੀ ਹਜ਼ਾਰਾ ਸਿੰਘ, ਉਹ ਸਾਨੂੰ ਮਿਤੀ 9 ਅਗਸਤ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਅਕਤੂਬਰ, 1914 ਨੂੰ ਪਿੰਡ ਬੂਰੇ ਜੱਟਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਹ ਅਜ਼ਾਦ ਹਿੰਦ ਫੌਜ ਵਿੱਚ ਬਤੌਰ ਕੈਪਟਨ ਰਹੇ ਹਨ ਅਤੇ ਉਨ੍ਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਤਾਮਰ ਪੱਤਰ ਨਾਲ ਸਨਮਾਨਤ ਵੀ ਕੀਤਾ ਗਿਆ। ਉਨ੍ਹਾਂ ਦੇ ਦੁਖਦਾਈ ਸਦੀਵੀ ਵਿਛੋੜੇ ਨਾਲ ਰਾਜ ਨੇ ਇੱਕ ਮਹਾਨ ਅਜ਼ਾਦੀ ਘੁਲਾਟੀਆ ਗਵਾ ਲਿਆ ਹੈ। ਮੈਂ ਬੜੇ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਇਸ ਤੋਂ ਅੱਗੇ ਪੰਡਤ ਦੀਨਾ ਨਾਥ, ਅਜ਼ਾਦੀ ਘੁਲਾਟੀਆ ਹਨ। ਜਦੋਂ ਉਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਅਕਾਲ ਚਲਾਣਾ ਹੋਇਆ ਉਦੋਂ ਉਹ 88 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਪਰਜਾ ਮੰਡਲ ਲਹਿਰ ਵਿੱਚ ਭਾਗ ਲਿਆ ਅਤੇ ਉਨ੍ਹਾਂ ਨੇ 9 ਮਹੀਨੇ 21 ਦਿਨ ਜੇਲ੍ਹ ਕੱਟੀ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਗਹਿਰਾ ਦੁੱਖ ਹੈ। ਮੈਂ ਦਿਲ ਦੀਆਂ ਗਹਿਰਾਈਆਂ ਤੋਂ ਉਨ੍ਹਾਂ ਨੂੰ ਵੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸ ਤੋਂ ਅੱਗੇ ਸ਼੍ਰੀ ਸੁਰੇਸ਼ਰ ਸਿੰਘ, ਅਜ਼ਾਦੀ ਘੁਲਾਟੀਏ ਦਾ ਜਨਮ ਮਿਤੀ 1 ਅਗਸਤ, 1916 ਨੂੰ ਦਾਖਾ ਵਿਖੇ ਹੋਇਆ। ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 24 ਸਾਲ ਦੀ ਉਮਰ ਵਿੱਚ ਅਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ ਅਤੇ ਉਨ੍ਹਾਂ ਨੇ ਜਰਮਨੀ ਦੀ ਅਜ਼ਾਦੀ ਦੀ ਲੜਾਈ ਵਿੱਚ ਹਿੱਸਾ ਲਿਆ। ਉਹ 5 ਸਾਲ ਜੇਲ੍ਹ ਵਿੱਚ ਰਹੇ। ਉਨ੍ਹਾਂ ਦੇ ਵਿੱਛੜ ਜਾਣ ਦਾ ਵੀ ਸਾਨੂੰ ਗਹਿਰਾ ਦੁੱਖ ਹੈ। ਮੈਂ ਉਨ੍ਹਾਂ ਨੂੰ ਵੀ ਬੜੇ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਇਸ ਤੋਂ ਅੱਗੇ ਸ਼੍ਰੀ ਸੁੱਚਾ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 18 ਸਾਲ ਦੀ ਉਮਰ ਵਿੱਚ ਫੌਜ ਵਿੱਚ ਭਰਤੀ ਹੋਏ, ਬਾਅਦ ਵਿੱਚ ਉਹ ਅਜ਼ਾਦ ਹਿੰਦ ਫੌਜ ਵਿੱਚ ਸ਼ਾਮਿਲ ਹੋ ਗਏ। ਉਨ੍ਹਾਂ ਨੂੰ ਮਿਤੀ 15 ਅਗਸਤ, 1972 ਨੂੰ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਚਲੇ ਜਾਣ ਦਾ ਵੀ ਮੈਨੂੰ ਗਹਿਰਾ ਦੁੱਖ ਹੈ। ਮੈਂ ਬੜੇ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਨੂੰ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਸ਼੍ਰੀ ਸ਼ੇਰ ਸਿੰਘ, ਅਜ਼ਾਦੀ ਘੁਲਾਟੀਏ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਮਿਤੀ 11 ਅਪ੍ਰੈਲ, 1939 ਨੂੰ ਫੌਜ ਵਿੱਚ ਭਰਤੀ ਹੋਏ ਅਤੇ ਬਾਅਦ ਵਿੱਚ ਅਜ਼ਾਦ ਹਿੰਦ ਫੌਜ ਵਿੱਚ ਸ਼ਾਮਿਲ ਹੋ ਗਏ। ਉਨ੍ਹਾਂ ਨੂੰ ਵੀ ਮਿਤੀ 15 ਅਗਸਤ, 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ਵੱਲੋਂ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਅਤੇ ਉਨ੍ਹਾਂ ਦੇ ਚਲੇ ਜਾਣ ਦਾ ਵੀ ਮੈਨੂੰ ਗਹਿਰਾ ਦੁੱਖ ਹੈ। ਉਨ੍ਹਾਂ ਨੂੰ ਵੀ ਮੈਂ ਬੜੇ ਡੂੰਘੇ ਦੁੱਖ ਅਤੇ ਗਮਗੀਨ ਹਿਰਦੇ ਨਾਲ ਸ਼ਰਧਾਂਜਲੀ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਸ਼੍ਰੀ ਪਿਆਰਾ ਸਿੰਘ, ਸੁਤੰਤਰਤਾ ਸੰਗਰਾਮੀ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ, 1920 ਵਿੱਚ ਪਿੰਡ ਲਾਂਗਰ, ਜ਼ਿਲ੍ਹਾ ਸਿਆਲਕੋਟ ਵਿੱਚ ਹੋਇਆ ਸੀ। ਉਨ੍ਹਾਂ ਨੇ ਭਾਰਤ ਛੱਡੋ ਅੰਦੋਲਨ ਵਿੱਚ ਹਿੱਸਾ ਲਿਆ ਅਤੇ ਸਿਆਲਕੋਟ ਵਿੱਚ ਜੇਲ੍ਹ ਕੱਟੀ। ਉਨ੍ਹਾਂ ਨੇ ਪੰਜਾਬੀ ਮੋਰਚੇ ਵਿੱਚ ਵੀ ਵੱਧ ਚੜ੍ਹ ਕੇ ਹਿੱਸਾ ਲਿਆ। ਉਨ੍ਹਾਂ ਦੇ ਵਿੱਛੜ ਜਾਣ ਨਾਲ ਰਾਜ ਇੱਕ ਅਜ਼ਾਦੀ ਘੁਲਾਟੀਏ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਸ਼੍ਰੀ ਰਾਮ ਪ੍ਰਕਾਸ਼ ਸ਼ਰਮਾ ਜੀ ਵੀ ਇੱਕ ਉੱਘੇ ਸੁਤੰਤਰਤਾ ਸੰਗਰਾਮੀ ਸਨ, ਉਹ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 30 ਅਕਤੂਬਰ,

Original with;
Punjab Vidhan Sabha
Digitized by;
Panjab Digital Library

1914 ਨੂੰ ਕੋਟਲਾ, ਜ਼ਿਲ੍ਹਾ ਰਾਵਲਪਿੰਡੀ, ਪਾਕਿਸਤਾਨ ਵਿੱਚ ਹੋਇਆ ਸੀ। ਉਨ੍ਹਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਜੀ ਦੀ ਅਜ਼ਾਦੀ ਦੀ ਜੰਗ ਵਿੱਚ ਹਿੱਸਾ ਲਿਆ ਅਤੇ 6 ਸਾਲ ਸਿੰਘਾਪੁਰ ਵਿੱਚ ਜੇਲ੍ਹ ਕੱਟੀ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਗਹਿਰਾ ਦੁੱਖ ਹੈ ਅਤੇ ਉਨ੍ਹਾਂ ਨੂੰ ਵੀ ਮੈਂ ਬੜੇ ਡੂੰਘੇ ਅਤੇ ਗਮਗੀਨ ਹਿਰਦੇ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਪੰਜਾਬ ਦੀ ਇੱਕ ਬਹੁਤ ਹੀ ਮਹਾਨ ਸ਼ਖਸੀਅਤ ਸਰਦਾਰ ਗੁਰਸ਼ਰਨ ਸਿੰਘ, ਪ੍ਰਸਿੱਧ ਨਾਟਕਕਾਰ, ਮਿਤੀ 27 ਸਤੰਬਰ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਵਿੱਛੜ ਜਾਣ ਦਾ ਵੀ ਸਾਨੂੰ ਗਹਿਰਾ ਸਦਮਾ ਹੋਇਆ ਹੈ। ਉਨ੍ਹਾਂ ਦਾ ਜਨਮ ਮਿਤੀ 16 ਸਤੰਬਰ, 1929 ਨੂੰ ਮੁਲਤਾਨ (ਪਾਕਿਸਤਾਨ) ਵਿੱਚ ਹੋਇਆ ਸੀ। ਉਨ੍ਹਾਂ ਵੱਲੋਂ ਪੰਜਾਬੀ ਰੰਗ ਮੰਚ ਨੂੰ ਦਿੱਤੀ ਨਿਵੇਕਲੀ ਦਿਸ਼ਾ ਕਾਰਨ ਹੀ ਉਨ੍ਹਾਂ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ ਕਾਲੀ ਦਾਸ ਸਨਮਾਨ ਨਾਲ ਨਿਵਾਜ਼ਿਆ ਗਿਆ। ਉਨ੍ਹਾਂ ਦੇ ਵਿੱਛੜ ਜਾਣ ਨਾਲ ਰਾਜ ਇੱਕ ਉੱਘੇ ਨਾਟਕਕਾਰ ਦੀਆਂ ਸੇਵਾਵਾਂ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਦੇ ਚਲੇ ਜਾਣ ਦਾ ਵੀ ਮੈਨੂੰ ਬੜਾ ਦੁੱਖ ਹੈ। ਮੈਂ ਉਨ੍ਹਾਂ ਨੂੰ ਵੀ ਬੜੇ ਦੁਖੀ ਅਤੇ ਗਮਗੀਨ ਹਿਰਦੇ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸ਼੍ਰੀ ਸਿਰੀ ਰਾਮ ਸਿੰਗਲ, ਅਜ਼ਾਦੀ ਘੁਲਾਟੀਏ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਰਿਵਾੜੀ (ਹਰਿਆਣਾ) ਵਿੱਚ ਹੋਇਆ ਸੀ। ਉਹ ਪਰਜਾ ਮੰਡਲ ਲਹਿਰ ਦੇ ਆਗੂ ਸਨ। ਉਨ੍ਹਾਂ ਨੂੰ ਵੀ 1997 ਵਿੱਚ ਮੁੱਖ ਮੰਤਰੀ ਜੀ ਨੇ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਸਾਨੂੰ ਗਹਿਰਾ ਦੁੱਖ ਹੈ ਅਤੇ ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੇ ਪਰਿਵਾਰਾਂ ਨੂੰ ਹਾਊਸ ਵੱਲੋਂ ਸ਼ੋਕ ਪ੍ਰਸਤਾਵ ਪਾਸ ਕਰਕੇ ਭੇਜਿਆ ਜਾਵੇ ਤਾਂ ਕਿ ਅਸੀਂ ਵੀ ਉਨ੍ਹਾਂ ਦੇ ਦੁੱਖ ਵਿੱਚ ਸ਼ਰੀਕ ਹੋ ਸਕੀਏ। ਮੈਂ ਪ੍ਰਮਾਤਮਾ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਵਿਛੜੀਆਂ ਰੂਹਾਂ ਨੂੰ ਸ਼ਾਂਤੀ ਬਖਸ਼ਣ ਅਤੇ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਣ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ (ਲਹਿਰਾ) :** ਸਪੀਕਰ ਸਾਹਿਬ, ਅੱਜ ਅਸੀਂ ਇਸ ਵਿਧਾਨ ਸਭਾ ਦੇ ਆਖਰੀ ਸੈਸ਼ਨ ਵਿੱਚ ਬੈਠੇ ਹੋਏ ਹਾਂ। ਇਸ ਸੈਸ਼ਨ ਦੇ ਵਿੱਚ ਅਤੇ ਇਸ ਤੋਂ ਪਹਿਲੇ ਸੈਸ਼ਨ ਦੌਰਾਨ ਕੁਝ ਮਾਨਯੋਗ ਸ਼ਖਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ ਜਿਨ੍ਹਾਂ ਵਿੱਚ ਕੁਝ ਰਾਜਨੀਤਿਕ ਔਰ ਲਗਭਗ ਅੱਧੀ ਦਰਜਨ ਸਾਡੇ ਫਰੀਡਮ ਫਾਈਟਰ ਵੀ ਸ਼ਾਮਲ ਹਨ। ਮੈਂ ਆਪਣੀ ਪਾਰਟੀ ਵਲੋਂ ਆਪੋਜ਼ੀਸ਼ਨ ਲੀਡਰ ਦੇ ਤੌਰ ਤੇ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਨ ਲਈ ਖੜ੍ਹੀ ਹੋਈ ਹਾਂ।

ਸਪੀਕਰ ਸਾਹਿਬ, ਸਭ ਤੋਂ ਪਹਿਲਾਂ ਸਰਦਾਰ ਜਤਿੰਦਰ ਸਿੰਘ ਜੀ ਕਰੀਹਾ, ਐਮ.ਐਲ.ਏ., ਮਿਤੀ 14 ਸਤੰਬਰ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

ਜਨਮ ਮਿਤੀ 2 ਮਾਰਚ, 1948 ਨੂੰ ਪਿੰਡ ਖੁਰਲਾ ਕਿੰਗਰਾ, ਜ਼ਿਲ੍ਹਾ ਜਲੰਧਰ ਵਿੱਚ ਹੋਇਆ ਔਰ ਉਹ ਸਾਡੇ ਨਾਲ ਇੱਥੇ ਐਮ.ਐਲ.ਏ. ਸਨ। ਉਹ ਸਾਲ 1977, 2000 ਅਤੇ 2007 ਵਿੱਚ ਨਵਾਂ ਸ਼ਹਿਰ ਹਲਕੇ ਤੋਂ ਐਮ.ਐਲ.ਏ. ਚੁਣੇ ਗਏ। ਉਹ ਨਵਾਂ ਸ਼ਹਿਰ ਵਿਖੇ ਅਕਾਲੀ ਦਲ ਦੇ ਪ੍ਰਧਾਨ ਵੀ ਰਹੇ। ਮੈਂ ਸਮਝਦੀ ਹਾਂ ਕਿ ਇਹ ਬੇਵਕਤੀ ਮੌਤ ਪਰਿਵਾਰ ਲਈ ਬਹੁਤ ਦੁਖਦ ਹੈ ਤੇ ਅਸੀਂ ਵੀ ਉਨ੍ਹਾਂ ਦੀ ਬਹੁਤ ਕਮੀ ਮਹਿਸੂਸ ਕਰਦੇ ਹਾਂ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਸਪੀਕਰ ਸਾਹਿਬ, ਸਰਦਾਰ ਦਿਆ ਸਿੰਘ ਜੀ ਸੋਢੀ, ਸਾਬਕਾ ਐਮ.ਪੀ. ਵੀ ਪਿਛਲੇ ਸਮੇਂ ਮਿਤੀ 15 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਸਾਲ 1925 ਵਿੱਚ ਪਿੰਡ ਬਤਲਾ, ਜ਼ਿਲ੍ਹਾ ਅੰਮ੍ਰਿਤਸਰ ਵਿਖੇ ਹੋਇਆ। ਉਹ ਤਿੰਨ ਸਾਲ ਭਾਰਤੀ ਜਨਤਾ ਪਾਰਟੀ ਦੇ ਪ੍ਰਧਾਨ ਰਹੇ। ਉਹ ਕਈ ਵਾਰ ਜੇਲ੍ਹ ਵੀ ਗਏ। ਉਹ 12ਵੀਂ ਲੋਕ ਸਭਾ ਵਿੱਚ ਸਾਲ 1998 ਵਿੱਚ ਬਤੌਰ ਮੈਂਬਰ ਚੁਣੇ ਗਏ। ਉਹ ਮਹਾਨ ਸਿਆਸਤਦਾਨ ਸਨ ਔਰ ਪੰਜਾਬ ਇਸ ਮਹਾਨ ਸਿਆਸਤਦਾਨ ਤੋਂ ਵਾਂਝਾ ਹੋ ਗਿਆ ਹੈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਹਰਬੰਸ ਸਿੰਘ ਜੀ ਸਿੱਧੂ, ਸਾਬਕਾ ਮੰਤਰੀ, ਵੀ ਪਿਛਲੇ ਸਮੇਂ ਮਿਤੀ 11 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਸਾਰਿਆਂ ਨੂੰ ਗਹਿਰਾ ਸਦਮਾ ਪਹੁੰਚਿਆ ਹੈ। ਉਨ੍ਹਾਂ ਦਾ ਜਨਮ 10 ਅਕਤੂਬਰ, 1930 ਨੂੰ ਪਿੰਡ ਅਜ਼ੀਮਗੜ੍ਹ, ਤਹਿਸੀਲ ਅਬੋਹਰ, ਹੁਣ ਜ਼ਿਲ੍ਹਾ ਫਿਰੋਜ਼ਪੁਰ ਵਿਖੇ ਹੋਇਆ। ਉਹ ਸਾਲ 1967 ਅਤੇ 1992 ਵਿੱਚ ਹਲਕਾ ਰਾਮਪੁਰਾ ਫੂਲ ਤੋਂ ਮੈਂਬਰ ਚੁਣੇ ਗਏ। ਉਹ ਅਧੀਨ ਸੇਵਾਵਾਂ ਚੋਣ ਬੋਰਡ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੇ ਸਰਦਾਰ ਬੇਅੰਤ ਸਿੰਘ ਜੀ ਦੇ ਮੰਤਰੀ ਮੰਡਲ ਵਿੱਚ ਪਸ਼ੂ ਪਾਲਣ ਮੰਤਰੀ ਦੇ ਤੌਰ ਤੇ ਕੈਬਨਿਟ ਮੰਤਰੀ ਵਜੋਂ ਸੇਵਾ ਕੀਤੀ। ਉਸ ਸਮੇਂ ਜੋ ਹਾਲਾਤ ਸਨ, ਅੱਤਵਾਦ ਦੇ ਨਾਲ ਪੰਜਾਬ ਬੁਰੀ ਤਰ੍ਹਾਂ ਮਿੱਧਿਆ ਹੋਇਆ ਸੀ, ਉਨ੍ਹਾਂ ਨੇ ਬੜੇ ਅੱਗੇ ਹੋ ਕੇ ਪੰਜਾਬ ਦੀ ਖੁਸ਼ਹਾਲੀ ਵਿੱਚ ਯੋਗਦਾਨ ਪਾਇਆ। ਉਹ ਬੜੀ ਮਹਾਨ ਸ਼ਖਸੀਅਤ ਸਨ। ਉਹ ਆਪਣੀ ਕੁਮਿਟਮੈਂਟ ਦੇ ਬੜੇ ਹੀ ਪੱਕੇ ਸਨ। ਮੈਂ ਅੱਜ ਉਨ੍ਹਾਂ ਦੇ ਚਲੇ ਜਾਣ ਨਾਲ ਬੜੇ ਹੀ ਡੂੰਘੇ ਤੇ ਗਮਗੀਨ ਹਿਰਦੇ ਨਾਲ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਚੌਧਰੀ ਦਰਸ਼ਨ ਸਿੰਘ, ਸਾਬਕਾ ਐਮ.ਐਲ.ਏ., ਜੋ ਪਿਛਲੇ ਸਮੇਂ ਵਿੱਚ ਅਕਾਲ ਚਲਾਣਾ ਕਰ ਗਏ ਸਨ, ਉਨ੍ਹਾਂ ਦਾ ਜਨਮ ਲਾਇਲਪੁਰ ਪੱਛਮੀ ਪਾਕਿਸਤਾਨ ਵਿੱਚ ਸਾਲ 1921 ਵਿੱਚ ਹੋਇਆ। ਉਹ ਮਿਤੀ 21 ਅਗਸਤ, 2011 ਨੂੰ ਅਕਾਲ ਚਲਾਣਾ ਕਰ ਗਏ। ਉਹ ਨਕੋਦਰ ਹਲਕੇ ਤੋਂ ਸਾਲ 1962 ਵਿਚ, 1967 ਵਿੱਚ ਆਦਮਪੁਰ ਹਲਕੇ ਅਤੇ 1971 ਵਿੱਚ ਨੂਰਮਹਿਲ ਹਲਕੇ ਤੋਂ ਚੁਣੇ ਗਏ ਸਨ ਔਰ ਉਨ੍ਹਾਂ ਨੇ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਦੇ ਤੌਰ ਤੇ ਵੀ ਸੇਵਾ ਕੀਤੀ, ਡਿਊਟੀ ਨਿਭਾਈ। ਉਹ ਕਾਂਗਰਸ

Original with;
Punjab Vidhan Sabha
Digitized by;
Panjab Digital Library

ਪਾਰਟੀ ਦੇ ਸੱਚੇ-ਸੁੱਚੇ ਮੈਂਬਰ ਸਨ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬਹੁਤ ਦੁੱਖ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਕਰਨੈਲ ਸਿੰਘ ਜੀ, ਸਾਬਕਾ ਐਮ.ਐਲ.ਏ. ਜੋ ਮਿਤੀ 14 ਜੂਨ, 2011 ਨੂੰ ਸਦੀਵੀ ਵਿਛੋੜਾ ਦੇ ਗਏ ਸਨ, ਸਾਨੂੰ ਉਨ੍ਹਾਂ ਦੇ ਚਲੇ ਜਾਣ ਦਾ ਵੀ ਬੜਾ ਗਹਿਰਾ ਦੁੱਖ ਹੈ। ਉਨ੍ਹਾਂ ਦਾ ਜਨਮ ਮਿਤੀ 10 ਜੁਲਾਈ, 1926 ਨੂੰ ਪੱਕਾ ਕਲਾਂ, ਜ਼ਿਲ੍ਹਾ ਬਠਿੰਡਾ ਵਿਖੇ ਹੋਇਆ। ਉਹ 25 ਸਾਲ ਲਗਾਤਾਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ, ਅੰਮ੍ਰਿਤਸਰ ਦੇ ਮੈਂਬਰ ਰਹੇ। ਉਹ 1967 ਵਿੱਚ ਪੱਕਾ ਕਲਾਂ ਤੋਂ ਐਮ.ਐਲ.ਏ. ਚੁਣੇ ਗਏ। ਉਹ ਕੰਸਟੋਫੈਡ, ਪੰਜਾਬ ਦੇ ਚੇਅਰਮੈਨ ਵੀ ਰਹੇ ਅਤੇ ਸੈਂਟਰਲ ਕੋਆਪ੍ਰੇਟਿਵ ਬੈਂਕ, ਬਠਿੰਡਾ ਦੇ ਮੈਨੇਜਿੰਗ ਡਾਇਰੈਕਟਰ ਵੀ ਰਹੇ ਅਤੇ ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਸਭ ਨੂੰ ਬੜਾ ਦੁੱਖ ਹੋਇਆ ਹੈ।

ਇਸੇ ਤਰ੍ਹਾਂ ਸ਼੍ਰੀਮਤੀ ਸ਼ੀਲਾ ਗੁਜਰਾਲ, ਬੜੀ ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ ਵੀ ਮਿਤੀ 11 ਜੁਲਾਈ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 87 ਵਰ੍ਹਿਆਂ ਦੇ ਸਨ। ਉਹ ਭਾਰਤ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਦੀ ਧਰਮ ਪਤਨੀ ਸਨ ਅਤੇ ਸ਼੍ਰੀ ਨਰੇਸ਼ ਕੁਮਾਰ ਗੁਜਰਾਲ, ਮੈਂਬਰ ਰਾਜ ਸਭਾ ਦੇ ਮਾਤਾ ਜੀ ਸਨ। ਉਨ੍ਹਾਂ ਦੇ ਚਲੇ ਜਾਣ ਨਾਲ ਮੈਂ ਸਮਝਦੀ ਹਾਂ ਕਿ ਰਾਜ ਨੂੰ ਇੱਕ ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ ਤੋਂ ਵਾਂਝਾ ਹੋਣਾ ਪਿਆ ਹੈ। ਉਨ੍ਹਾਂ ਦੇ ਲਈ ਮੈਂ ਬੜੇ ਦੁਖੀ ਅਤੇ ਗੰਭੀਰ ਹਿਰਦੇ ਨਾਲ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਹਜ਼ਾਰਾ ਸਿੰਘ, ਅਜ਼ਾਦੀ ਘੁਲਾਟੀਏ, ਮਿਤੀ 9 ਅਗਸਤ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 2 ਅਕਤੂਬਰ, 1914 ਨੂੰ ਪਿੰਡ ਬੂਰੇ ਜੱਟਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਹ ਅਜ਼ਾਦ ਹਿੰਦ ਫੌਜ ਵਿੱਚ ਬਤੌਰ ਕੈਪਟਨ ਰਹੇ ਔਰ ਉਨ੍ਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਤੋਂ ਤਾਮਰ ਪੱਤਰ ਵੀ ਪ੍ਰਾਪਤ ਹੋਇਆ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਅਸੀਂ ਇੱਕ ਮਹਾਨ ਅਜ਼ਾਦੀ ਘੁਲਾਟੀਏ ਨੂੰ ਗਵਾ ਲਿਆ ਹੈ। ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਇਸੇ ਤਰ੍ਹਾਂ ਪੰਡਤ ਦੀਨਾ ਨਾਥ, ਅਜ਼ਾਦੀ ਘੁਲਾਟੀਏ, ਮਿਤੀ 29 ਜੂਨ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 88 ਵਰ੍ਹਿਆਂ ਦੇ ਸਨ। ਉਹ ਬੜੇ ਪ੍ਰਸਿੱਧ ਸੁਤੰਤਰਤਾ ਸੰਗਰਾਮੀ ਸਨ। ਉਨ੍ਹਾਂ ਨੇ ਪਰਜਾ ਮੰਡਲ ਅੰਦੋਲਨ ਵਿੱਚ ਭਾਗ ਲਿਆ। 9 ਮਹੀਨੇ 21 ਦਿਨ ਉਨ੍ਹਾਂ ਨੇ ਜੇਲ੍ਹ ਕੱਟੀ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਮੈਂ ਸਮਝਦੀ ਹਾਂ ਕਿ ਪੰਜਾਬ ਅਤੇ ਦੇਸ਼ ਇੱਕ ਮਹਾਨ ਦੇਸ਼ ਭਗਤ ਤੋਂ ਵਾਂਝਾ ਹੋਇਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸੁਰੇਸ਼ਰ ਸਿੰਘ, ਅਜ਼ਾਦੀ ਘੁਲਾਟੀਏ, ਮਿਤੀ 31 ਜੁਲਾਈ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਵੀ ਸਾਨੂੰ ਬੜਾ ਦੁੱਖ ਹੈ। ਉਨ੍ਹਾਂ ਦਾ ਜਨਮ ਮਿਤੀ 1 ਅਗਸਤ, 1916 ਨੂੰ ਦਾਖਾ, ਜ਼ਿਲ੍ਹਾ

Original with;
Punjab Vidhan Sabha
Digitized by;
Panjab Digital Library

[ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ]

ਲੁਧਿਆਣਾ ਵਿੱਚ ਹੋਇਆ। ਉਹ 24 ਸਾਲ ਦੀ ਉਮਰ ਵਿੱਚ ਅਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ। ਉਨ੍ਹਾਂ ਨੇ ਪੰਜ ਸਾਲ ਜੇਲ੍ਹ ਵੀ ਕੱਟੀ। ਮੈਂ ਸਮਝਦੀ ਹਾਂ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਸਾਡਾ ਰਾਜ ਇੱਕ ਮਹਾਨ ਅਜ਼ਾਦੀ ਘੁਲਾਟੀਏ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸੁੱਚਾ ਸਿੰਘ, ਅਜ਼ਾਦੀ ਘੁਲਾਟੀਏ, ਮਿਤੀ 30 ਜੂਨ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਸਾਨੂੰ ਉਨ੍ਹਾਂ ਦੇ ਅਕਾਲ ਚਲਾਣੇ ਦਾ ਸਦਮਾ ਹੈ। ਉਨ੍ਹਾਂ ਦਾ ਜਨਮ ਮਿਤੀ 13 ਜਨਵਰੀ, 1915 ਨੂੰ ਪਿੰਡ ਮੱਸਾ ਸਿੰਘ ਵਾਲਾ, ਪਾਕਿਸਤਾਨ ਵਿੱਚ ਹੋਇਆ। ਉਹ ਅਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ। ਮਿਤੀ 15 ਅਗਸਤ, 1972 ਨੂੰ ਸ਼੍ਰੀਮਤੀ ਇੰਦਰਾ ਗਾਂਧੀ ਜੀ, ਉਸ ਵਕਤ ਦੇ ਪ੍ਰਧਾਨ ਮੰਤਰੀ ਵੱਲੋਂ ਉਨ੍ਹਾਂ ਨੂੰ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਜਾਣ ਨਾਲ ਦੇਸ਼ ਅਤੇ ਪੰਜਾਬ ਇੱਕ ਅਜ਼ਾਦੀ ਘੁਲਾਟੀਏ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸਰਦਾਰ ਸ਼ੇਰ ਸਿੰਘ, ਅਜ਼ਾਦੀ ਘੁਲਾਟੀਏ ਵੀ ਮਿਤੀ 22 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਸਦਮਾ ਹੈ। ਉਨ੍ਹਾਂ ਦਾ ਜਨਮ 1915 ਵਿੱਚ ਪਿੰਡ ਧਰਮਗੜ੍ਹ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ। ਮਿਤੀ 11 ਅਪ੍ਰੈਲ, 1939 ਨੂੰ ਉਹ ਫੌਜ ਵਿੱਚ ਭਰਤੀ ਹੋਏ। ਮਿਤੀ 15 ਅਗਸਤ, 1972 ਨੂੰ ਉਨ੍ਹਾਂ ਨੂੰ ਵੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਵੱਲੋਂ, ਜਿਹੜੇ ਉਸ ਵਕਤ ਦੇ ਪ੍ਰਧਾਨ ਮੰਤਰੀ ਸਨ, ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਜਾਣ ਨਾਲ ਦੇਸ਼ ਅਤੇ ਪੰਜਾਬ ਇੱਕ ਮਹਾਨ ਅਜ਼ਾਦੀ ਘੁਲਾਟੀਏ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਪਿਆਰਾ ਸਿੰਘ, ਅਜ਼ਾਦੀ ਘੁਲਾਟੀਏ, ਮਿਤੀ 8 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਜਾਣ ਦਾ ਸਾਨੂੰ ਗਹਿਰਾ ਸਦਮਾ ਹੈ। ਉਨ੍ਹਾਂ ਦਾ ਜਨਮ 1920 ਵਿੱਚ ਪਿੰਡ ਲਾਂਗਰ, ਸ਼ੇਖੂਪੁਰਾ, ਪਾਕਿਸਤਾਨ ਵਿੱਚ ਹੋਇਆ। ਉਨ੍ਹਾਂ ਨੇ ਕੁਇਟ ਇੰਡੀਆ ਮੂਵਮੈਂਟ ਵਿੱਚ ਹਿੱਸਾ ਲਿਆ। ਉਹ ਸਿਆਲਕੋਟ, ਪਾਕਿਸਤਾਨ ਦੀ ਜੇਲ੍ਹ ਵਿੱਚ ਮਿਤੀ 3.12.1942 ਤੋਂ ਮਿਤੀ 20.12.1943 ਤੱਕ ਰਹੇ। ਉਹ ਪੰਜਾਬੀ ਸੂਬਾ ਮੋਰਚੇ ਵਿੱਚ ਵੀ ਅੱਗੇ ਰਹੇ। ਉਨ੍ਹਾਂ ਦੇ ਸਦੀਵੀ ਵਿਛੋੜੇ ਨਾਲ ਰਾਜ ਇੱਕ ਮਹਾਨ ਅਜ਼ਾਦੀ ਘੁਲਾਟੀਏ ਤੋਂ ਵਾਂਝਾ ਹੋ ਗਿਆ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਰਾਮ ਪ੍ਰਕਾਸ਼ ਸ਼ਰਮਾ, ਅਜ਼ਾਦੀ ਘੁਲਾਟੀਏ, ਮਿਤੀ 12 ਸਤੰਬਰ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 30 ਅਕਤੂਬਰ, 1914 ਨੂੰ ਪਿੰਡ ਕੋਟਲਾ, ਜ਼ਿਲ੍ਹਾ ਰਾਵਲਪਿੰਡੀ, ਪਾਕਿਸਤਾਨ ਵਿੱਚ ਹੋਇਆ। ਉਨ੍ਹਾਂ ਨੇ ਸੁਭਾਸ਼ ਚੰਦਰ ਬੋਸ ਜੀ ਨਾਲ ਅਜ਼ਾਦੀ ਦੀ ਜੰਗ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। ਉਹ 1935 ਤੋਂ 1945 ਤੱਕ ਸਿੰਘਾਪੁਰ ਜੇਲ੍ਹ ਵਿੱਚ ਰਹੇ। ਉਨ੍ਹਾਂ ਨੂੰ ਵੀ ਸ਼੍ਰੀਮਤੀ ਇੰਦਰਾ ਗਾਂਧੀ ਜੀ ਵੱਲੋਂ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਜਾਣ ਨਾਲ ਵੀ ਅਸੀਂ ਇੱਕ ਮਹਾਨ ਅਜ਼ਾਦੀ ਘੁਲਾਟੀਏ ਤੋਂ ਵਾਂਝੇ ਹੋ ਗਏ ਹਾਂ।

*Original with;*
Punjab Vidhan Sabha
*Digitized by;*
Panjab Digital Library

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਸਿਰੀ ਰਾਮ ਸਿੰਗਲ, ਅਜ਼ਾਦੀ ਘੁਲਾਟੀਏ, ਮਿਤੀ 26 ਅਗਸਤ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦੇ ਅਕਾਲ ਚਲਾਣੇ ਦਾ ਸਾਨੂੰ ਗਹਿਰਾ ਸਦਮਾ ਹੈ। ਉਨ੍ਹਾਂ ਦਾ ਜਨਮ ਮਿਤੀ 22 ਸਤੰਬਰ, 1922 ਨੂੰ ਰਿਵਾੜੀ, ਹਰਿਆਣਾ ਵਿੱਚ ਹੋਇਆ। ਉਹ ਪਰਜਾ ਮੰਡਲ ਲਹਿਰ ਦੇ ਆਗੂ ਸਨ। ਉਨ੍ਹਾਂ ਨੂੰ ਸਾਲ 1997 ਦੇ ਵਿੱਚ ਮੁੱਖ ਮੰਤਰੀ ਜੀ ਵੱਲੋਂ ਸਟੇਟ ਐਵਾਰਡ ਦੇ ਨਾਲ ਸਨਮਾਨਿਤ ਕੀਤਾ ਗਿਆ। ਮੈਂ ਸਮਝਦੀ ਹਾਂ ਕਿ ਉਨ੍ਹਾਂ ਦੇ ਚਲੇ ਜਾਣ ਨਾਲ ਵੀ ਅਸੀਂ ਇੱਕ ਦੇਸ਼ ਭਗਤ ਤੋਂ ਵਾਂਝੇ ਹੋ ਗਏ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਰਦਾਰ ਲਹਿਣਾ ਸਿੰਘ ਤੁੜ ਜੀ ਦਾ ਨਾਮ ਮੇਰੇ ਪਾਸੋਂ ਰਹਿ ਗਿਆ ਸੀ, ਉਸ ਦੇ ਲਈ ਮੈਂ ਸੌਰੀ ਫੀਲ ਕਰਦੀ ਹਾਂ, ਵੈਸੇ ਤਾਂ ਮੈਂ ਆਪਣੇ ਵੱਲੋਂ ਸਾਰੀ ਲਿਸਟ ਪੜ੍ਹੀ ਹੈ। ਉਹ ਐਮ.ਪੀ. ਵੀ ਰਹੇ। ਉਨ੍ਹਾਂ ਦੀ ਜਿਹੜੀ ਰਾਜਸੀ ਜ਼ਿੰਦਗੀ ਸੀ ਉਹ ਵੀ ਬਹੁਤ ਅੱਛੀ ਰਹੀ। ਉਨ੍ਹਾਂ ਨੇ ਬੜੇ ਸੱਚੇ-ਸੁੱਚੇ ਤਰੀਕੇ ਦੇ ਨਾਲ ਸੇਵਾ ਕੀਤੀ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬੜਾ ਸਦਮਾ ਤੇ ਦੁੱਖ ਹੈ। ਮੈਂ ਉਨ੍ਹਾਂ ਨੂੰ ਆਪਣੀ ਪਾਰਟੀ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ।

ਸਪੀਕਰ ਸਾਹਿਬ, ਮੈਂ ਤੁਹਾਨੂੰ ਬੀਬੀ ਸਤਿੰਦਰ ਕੌਰ ਨਾਭਾ ਦੇ ਬਾਰੇ ਲਿਖ ਕੇ ਵੀ ਭੇਜਿਆ ਸੀ, ਲਾਸਟ ਸੈਸ਼ਨ ਦੇ ਵਿੱਚ ਵੀ ਭੇਜਿਆ ਸੀ, ਉਹ ਰਹਿ ਗਿਆ। ਤੁਸੀਂ ਕਿਹਾ ਸੀ ਕਿ ਇਸ ਸੈਸ਼ਨ ਵਿੱਚ ਸ਼ਾਮਲ ਕਰਾਂਗੇ। ਉਹ ਵੀ ਸਾਡੇ ਸਿਟਿੰਗ ਐਮ.ਐਲ.ਏ. ਦੇ ਮਾਤਾ ਜੀ ਸਨ ਅਤੇ ਸਾਡੇ ਸਾਬਕਾ ਮੰਤਰੀ, ਨਾਭਾ ਸਾਹਿਬ ਦੇ ਧਰਮ ਪਤਨੀ ਸਨ। ਉਨ੍ਹਾਂ ਨੂੰ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੀ ਹਾਂ ਅਤੇ ਤੁਸੀਂ ਉਨ੍ਹਾਂ ਦੇ ਨਾਮ ਨੂੰ ਵੀ ਸ਼ਰਧਾਂਜਲੀਆਂ ਦੀ ਸੂਚੀ ਦੇ ਵਿੱਚ ਸ਼ਾਮਲ ਕਰ ਲਵੋ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਜਿੰਨੇ ਵੀ ਇਸ ਤਰ੍ਹਾਂ ਦੇ ਰਾਜਨੀਤਕ ਲੀਡਰ ਜਾਂ ਦੇਸ਼ ਭਗਤ ਸਾਡੇ ਵਿੱਚੋਂ ਚਲੇ ਗਏ ਹਨ, ਸਦੀਵੀ ਵਿਛੋੜਾ ਦੇ ਗਏ ਹਨ, ਉਨ੍ਹਾਂ ਸਾਰਿਆਂ ਦੇ ਪ੍ਰਤੀ ਅਸੀਂ ਆਪਣੀ ਸ਼ਰਧਾ ਦਾ ਪ੍ਰਗਟਾਵਾ ਕਰਦੇ ਹਾਂ। ਪੰਜਾਬ ਦੀ ਸਿਆਸਤ ਤੇ ਦੇਸ਼ ਭਗਤੀ ਸਬੰਧੀ ਇਸ ਦਾ ਘਾਟਾ ਪਿਆ ਹੈ। ਮੈਂ ਸਮਝਦੀ ਹਾਂ ਕਿ ਜਿਹੜਾ ਵੀ ਸਾਡਾ ਇਸ ਸਦਨ ਦੇ ਵੱਲੋਂ ਮਤਾ ਹੋਵੇਗਾ ਉਹ ਉਨ੍ਹਾਂ ਦੇ ਪਰਿਵਾਰਾਂ ਨੂੰ ਭੇਜਿਆ ਜਾਵੇ। ਇਨ੍ਹਾਂ ਲਫਜ਼ਾਂ ਦੇ ਨਾਲ ਹੀ ਮੈਂ ਆਪਣੀ ਪਾਰਟੀ ਵੱਲੋਂ ਸ਼ਰਧਾਂਜ਼ਲੀ ਭੇਂਟ ਕਰਦੀ ਹਾਂ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸਪੀਕਰ ਸਾਹਿਬ, ਅੱਜ 13ਵੀਂ ਵਿਧਾਨ ਸਭਾ ਦਾ 13ਵਾਂ ਅਤੇ ਆਖਰੀ ਸੈਸ਼ਨ ਹੈ। ਸਪੀਕਰ ਸਾਹਿਬ, ਹਰ ਸੈਸ਼ਨ ਦੇ ਪਹਿਲੇ ਦਿਨ ਉਨ੍ਹਾਂ ਮਹਾਨ ਆਤਮਾਵਾਂ ਤੇ ਮਹਾਨ ਪੁਰਸ਼ਾਂ ਨੂੰ ਸ਼ਰਧਾਂਜਲੀ ਦਿੱਤੀ ਜਾਂਦੀ ਹੈ ਜਿਹੜੇ ਦੇਸ਼ ਤੇ ਕੌਮ ਦੇ ਲਈ ਕੁਝ ਕਰਦੇ ਹਨ। ਇਸ ਸਦਨ ਦੇ ਵਿੱਚ ਵੀ ਉਨ੍ਹਾਂ ਦੇ ਬਾਰੇ ਦੱਸਿਆ ਜਾਂਦਾ ਹੈ ਔਰ ਸ਼ਰਧਾਂਜਲੀਆਂ ਦਿੱਤੀਆਂ ਜਾਂਦੀਆਂ ਹਨ। ਸਪੀਕਰ ਸਾਹਿਬ, ਇਹ ਬੜੇ ਦੁੱਖ ਦੀ ਗੱਲ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]

ਹੈ ਕਿ ਸਾਡੇ ਇਸ ਹਾਊਸ ਦੇ ਹੀ ਮੈਂਬਰ ਸਰਦਾਰ ਜਤਿੰਦਰ ਸਿੰਘ ਕਰੀਹਾ ਜੀ, ਜਿਹੜੇ ਕਿ ਤਿੰਨ ਵਾਰੀ ਮੈਂਬਰ ਬਣੇ, ਉਹ ਇਸ ਵਾਰੀ ਵੀ ਨਵਾਂ ਸ਼ਹਿਰ ਹਲਕੇ ਤੋਂ ਐਮ.ਐਲ.ਏ. ਚੁਣੇ ਹੋਏ ਸਨ। ਉਹ ਸਾਨੂੰ ਮਿਤੀ 14 ਸਤੰਬਰ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ, ਅਕਾਲ ਚਲਾਣਾ ਕਰ ਗਏ ਹਨ। ਉਹ 1977, 2000 ਅਤੇ 2007 ਦੇ ਵਿੱਚ ਐਮ.ਐਲ.ਏ. ਚੁਣੇ ਗਏ। ਉਹ ਬਹੁਤ ਹੀ ਮਿੱਠ ਬੋਲੜੇ ਸੁਭਾਅ ਔਰ ਲੋਕਾਂ ਦੇ ਕੰਮ ਆਉਣ ਵਾਲੀ ਸ਼ਖਸੀਅਤ ਸਨ। ਉਨ੍ਹਾਂ ਨੇ ਇਸ ਸਦਨ ਵਿੱਚ ਬਤੌਰ ਮੈਂਬਰ ਬਹੁਤ ਵਧੀਆ ਯੋਗਦਾਨ ਪਾਇਆ। ਉਹ ਸ਼੍ਰੋਮਣੀ ਅਕਾਲੀ ਦਲ ਦੇ ਨਵਾਂ ਸ਼ਹਿਰ ਦੇ ਪ੍ਰਧਾਨ ਵੀ ਰਹੇ। ਉਹ ਬਹੁਤ ਸਿਆਣੇ ਸਿਆਸਤਦਾਨ ਸਨ। ਉਹ 2000 ਵਿੱਚ ਬਾਇ ਇਲੈਕਸ਼ਨ ਦੇ ਵਿੱਚ ਜਿੱਤੇ ਸਨ ਤੇ ਉਦੋਂ ਮੈਨੂੰ ਵੀ ਉਨ੍ਹਾਂ ਦੀ ਬਾਇ ਇਲੈਕਸ਼ਨ ਵਿੱਚ ਜਾਣ ਦਾ ਮੌਕਾ ਮਿਲਿਆ ਸੀ। ਉਨ੍ਹਾਂ ਨੂੰ ਲੋਕੀਂ ਕਿੰਨਾ ਕੁ ਪਿਆਰ ਕਰਦੇ ਸੀ ਇਹ ਮੈਂ ਆਪਣੀ ਅੱਖੀਂ ਵੇਖਿਆ ਹੈ। ਉਨ੍ਹਾਂ ਦੇ ਇਸ ਦੁਖਦਾਈ ਸਦੀਵੀ ਵਿਛੋੜੇ ਦੇ ਨਾਲ ਸਾਡੇ ਸੂਬੇ ਨੂੰ ਇੱਕ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝਾ ਹੋਣਾ ਪਿਆ ਹੈ। ਮੈਂ ਇਸ ਪਵਿੱਤਰ ਆਤਮਾ ਦੇ ਚਰਨਾਂ ਦੇ ਵਿੱਚ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਹ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਲੋਕਾਂ ਦੁਆਰਾ ਚੁਣੇ ਹੋਏ ਕਈ ਹੋਰ ਨੁਮਾਇੰਦੇ ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਵਿਚੋਂ ਇੱਕ ਮਹਾਨ ਸ਼ਖਸੀਅਤ, ਸਰਦਾਰ ਲਹਿਣਾ ਸਿੰਘ ਤੁੜ ਜੀ, ਸਾਬਕਾ ਐਮ.ਪੀ., ਜੋ ਕਿ ਜਥੇਦਾਰ ਮੋਹਨ ਸਿੰਘ, ਸਾਬਕਾ ਐਮ.ਪੀ. ਦੇ ਸੁਪੱਤਰ ਸਨ, ਉਹ ਸਾਨੂੰ ਮਿਤੀ 12 ਜੂਨ, 2011 ਨੂੰ ਛੱਡ ਕੇ ਚਲੇ ਗਏ ਹਨ। ਉਨ੍ਹਾਂ ਦਾ ਜਨਮ ਜ਼ਿਲ੍ਹਾ ਤਰਨਤਾਰਨ ਦੇ ਪਿੰਡ ਤੁੜ ਵਿੱਚ ਮਿਤੀ 12 ਫਰਵਰੀ, 1941 ਨੂੰ ਹੋਇਆ ਸੀ। ਉਹ ਸਾਲ 1980 ਦੇ ਵਿੱਚ ਤਰਨਤਾਰਨ ਹਲਕੇ ਤੋਂ ਲੋਕ ਸਭਾ ਦੇ ਮੈਂਬਰ ਵੀ ਚੁਣੇ ਗਏ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ। ਉਨ੍ਹਾਂ ਦੇ ਪ੍ਰਤੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਭਾਰਤੀ ਜਨਤਾ ਪਾਰਟੀ ਦੇ ਸਾਬਕਾ ਪ੍ਰਧਾਨ ਤੇ ਸਾਬਕਾ ਐਮ.ਪੀ. ਸਰਦਾਰ ਦਿਆ ਸਿੰਘ ਜੀ ਸੋਢੀ ਵੀ ਮਿਤੀ 15 ਜੁਲਾਈ, 2011 ਨੂੰ ਸਾਨੂੰ ਸਦੀਵੀ ਵਿਛੋੜੇ ਦੇ ਗਏ ਹਨ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬਹੁਤ ਦੁੱਖ ਹੋਇਆ। ਮੈਂ ਅੰਮ੍ਰਿਤਸਰ ਵਿਖੇ ਉਨ੍ਹਾਂ ਦੇ ਅੰਤਮ ਸਸਕਾਰ ਵਿੱਚ ਵੀ ਸ਼ਾਮਲ ਹੋਇਆ। ਸਾਰਾ ਸ਼ਹਿਰ ਉਨ੍ਹਾਂ ਨੂੰ ਅੰਤਿਮ ਵਿਦਾਈ ਦੇਣ ਗਿਆ। ਉਹ ਤਿੰਨ ਸਾਲ ਪਾਰਟੀ ਦੇ ਪ੍ਰਧਾਨ ਰਹੇ, ਕਈ ਵਾਰ ਜੇਲ੍ਹ ਗਏ ਅਤੇ ਆਰ.ਐਸ.ਐਸ. ਦੇ ਵਿੱਚ ਉਨ੍ਹਾਂ ਨੇ ਬਹੁਤ ਵੱਡੀਆਂ ਤਕੜੀਆਂ ਸੇਵਾਵਾਂ ਨਿਭਾਈਆਂ ਅਤੇ ਲੋਕਾਂ ਦੀ ਸੇਵਾ ਕੀਤੀ। ਉਹ ਭਾਰਤੀ ਜਨਤਾ ਪਾਰਟੀ ਦੇ ਪ੍ਰਦੇਸ਼ ਪ੍ਰਧਾਨ ਤੱਕ ਬਣੇ। ਅੰਮ੍ਰਿਤਸਰ ਤੋਂ ਮੈਂਬਰ ਚੁਣੇ ਜਾਣ ਤੋਂ ਬਾਅਦ ਉਨ੍ਹਾਂ ਨੇ ਅੰਮ੍ਰਿਤਸਰ ਵਾਸਤੇ ਬਹੁਤ ਸਾਰੇ ਪ੍ਰੋਜੈਕਟ ਲਿਆਂਦੇ। ਉਨ੍ਹਾਂ ਦੇ ਦੁਖਦਾਈ ਵਿਛੋੜੇ ਨਾਲ

Original with;
Punjab Vidhan Sabha
Digitized by;
Panjab Digital Library

ਅਸੀਂ ਸਮਝਦੇ ਹਾਂ ਕਿ ਅਸੀਂ ਇਸ ਮਹਾਨ ਸਿਆਸਤਦਾਨ ਦੀਆਂ ਸੇਵਾਵਾਂ ਤੋਂ ਵਾਂਝੇ ਹੋ ਗਏ ਹਾਂ। ਜਿਥੇ ਉਨ੍ਹਾਂ ਦੇ ਵਿਛੋੜੇ ਦਾ ਨੁਕਸਾਨ ਸਾਡੀ ਪਾਰਟੀ ਨੂੰ ਹੋਇਆ ਹੈ, ਉਥੇ ਸਾਡੇ ਸੂਬੇ ਨੂੰ ਵੀ ਨੁਕਸਾਨ ਹੋਇਆ ਹੈ।

ਸਪੀਕਰ ਸਾਹਿਬ, ਇਸੇ ਤਰ੍ਹਾ ਸਰਦਾਰ ਹਰਬੰਸ ਸਿੰਘ ਸਿੱਧੂ, ਸਾਬਕਾ ਮੰਤਰੀ, ਪੰਜਾਬ, ਮਿਤੀ 11 ਜੁਲਾਈ, 2011 ਨੂੰ ਅਕਾਲ ਚਲਾਣਾ ਕਰ ਗਏ ਔਰ ਸਾਲ 1967 ਅਤੇ 1992 ਦੇ ਵਿੱਚ ਉਹ ਹਲਕਾ ਰਾਮਪੁਰਾਫੂਲ ਤੋਂ ਮੈਂਬਰ ਚੁਣੇ ਗਏ। ਉਹ ਐਸ.ਐਸ.ਐਸ. ਬੋਰਡ ਦੇ ਮੈਂਬਰ ਵੀ ਰਹੇ, ਚੇਅਰਮੈਨ ਵੀ ਰਹੇ। ਉਹ ਸਰਦਾਰ ਬੇਅੰਤ ਸਿੰਘ ਜੀ ਦੀ ਸਰਕਾਰ ਵੇਲੇ ਮੱਛੀ ਪਾਲਣ ਤੇ ਪਸ਼ੂ-ਪਾਲਣ ਵਿਭਾਗ ਦੇ ਕੈਬਨਿਟ ਮੰਤਰੀ ਵੀ ਰਹੇ। ਉਨ੍ਹਾਂ ਨੇ ਬਤੌਰ ਐਮ.ਐਲ.ਏ. ਅਤੇ ਬਤੌਰ ਮੰਤਰੀ ਵੀ ਲੋਕਾਂ ਦੀ ਬਹੁਤ ਸੇਵਾ ਕੀਤੀ ਅਤੇ ਸ਼ਲਾਘਾਯੋਗ ਕੰਮ ਕੀਤੇ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੋਇਆ ਹੈ। ਉਨ੍ਹਾਂ ਪ੍ਰਤੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਚੌਧਰੀ ਦਰਸ਼ਨ ਸਿੰਘ, ਸਾਬਕਾ ਐਮ.ਐਲ.ਏ. ਵੀ ਅੱਜ ਸਾਡੇ ਵਿੱਚ ਨਹੀਂ ਰਹੇ। ਉਨ੍ਹਾਂ ਦੇ ਵਿਛੋੜੇ ਦਾ ਵੀ ਸਾਨੂੰ ਬਹੁਤ ਦੁੱਖ ਹੈ। ਉਨ੍ਹਾਂ ਦਾ ਜਨਮ ਮਿਤੀ 17 ਅਗਸਤ, 1921 ਨੂੰ ਲਾਇਲਪੁਰ, ਪੱਛਮੀ ਪਾਕਿਸਤਾਨ ਵਿੱਚ ਹੋਇਆ ਸੀ। ਉਹ ਸਾਲ 1962 ਵਿੱਚ ਨਕੋਦਰ ਤੋਂ ਅਤੇ 1967 ਵਿੱਚ ਆਦਮਪੁਰ ਅਤੇ ਸਾਲ 1971 ਵਿੱਚ ਨੂਰਮਹਿਲ ਹਲਕੇ ਤੋਂ ਐਮ.ਐਲ.ਏ. ਚੁਣੇ ਗਏ। ਉਹ ਪੰਜਾਬ ਮੰਡੀ ਬੋਰਡ ਦੇ ਚੇਅਰਮੈਨ ਵੀ ਰਹੇ। ਉਨ੍ਹਾਂ ਨੇ ਲੋਕਾਂ ਦੀ ਬਹੁਤ ਸੇਵਾ ਕੀਤੀ ਅਤੇ ਇੱਕ ਕਾਮਯਾਬ ਵਿਅਕਤੀ ਦੇ ਤੌਰ ਤੇ ਜੀਵਨ ਬਤੀਤ ਕੀਤਾ। ਮੈਂ ਉਨ੍ਹਾਂ ਨੂੰ ਵੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਰਦਾਰ ਕਰਨੈਲ ਸਿੰਘ, ਸਾਬਕਾ ਐਮ.ਐਲ.ਏ. ਦਾ ਜਨਮ ਮਿਤੀ 10 ਜੁਲਾਈ, 1926 ਨੂੰ ਪਿੰਡ ਪੱਕਾ ਕਲਾਂ ਵਿਖੇ ਹੋਇਆ ਅਤੇ ਉਹ ਮਿਤੀ 14 ਜੂਨ, 2011 ਨੂੰ ਸਾਨੂੰ ਛੱਡ ਕੇ ਚਲੇ ਗਏ। ਉਹ ਲਗਾਤਾਰ 25 ਸਾਲ ਐਸ.ਜੀ.ਪੀ.ਸੀ., ਅੰਮ੍ਰਿਤਸਰ ਦੇ ਮੈਂਬਰ ਰਹੇ। ਉਹ 1967 ਵਿੱਚ ਹਲਕਾ ਪੱਕਾ ਕਲਾਂ ਤੋਂ ਬਤੌਰ ਮੈਂਬਰ ਚੁਣੇ ਗਏ। ਉਹ ਕੰਸਟੋਫੈੱਡ, ਪੰਜਾਬ ਦੇ ਬਤੌਰ ਚੇਅਰਮੈਨ ਅਤੇ ਸੈਂਟਰਲ ਕੋਆਪਰੇਟਿਵ ਬੈਂਕ, ਬਠਿੰਡਾ ਦੇ ਮੈਨੇਜਿੰਗ ਡਾਇਰੈਕਟਰ ਵੀ ਰਹੇ। ਉਨ੍ਹਾਂ ਦਾ ਜੀਵਨ ਬੜਾ ਸਾਫ-ਸੁਥਰਾ ਤੇ ਸੱਚਾ-ਸੁੱਚਾ ਸੀ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਬੜਾ ਦੁੱਖ ਹੋਇਆ ਹੈ। ਮੈਂ ਉਨ੍ਹਾਂ ਦੇ ਚਰਨਾਂ ਵਿੱਚ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਹਰ ਸੈਸ਼ਨ ਦੇ ਪਹਿਲੇ ਦਿਨ ਜਿਥੇ ਅਸੀਂ ਮਹਾਨ ਸਖਸ਼ੀਅਤਾਂ ਨੂੰ ਸ਼ਰਧਾਂਜਲੀ ਦਿੰਦੇ ਹਾਂ, ਉਨ੍ਹਾਂ ਵਿੱਚ ਬਹੁਤ ਸਾਰੇ ਅਜ਼ਾਦੀ ਘੁਲਾਟੀਏ ਵੀ ਸ਼ਾਮਲ ਹੁੰਦੇ ਹਨ, ਅਸੀਂ ਉਨ੍ਹਾਂ ਨੂੰ ਵੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ ਕਿਉਂਕਿ ਉਨ੍ਹਾਂ ਨੇ ਆਪਣੇ ਜੀਵਨ ਨੂੰ ਦਾਅ ਤੇ ਲਗਾ ਕੇ ਦੇਸ਼ ਦੀ ਅਜ਼ਾਦੀ ਵਿੱਚ ਹਿੱਸਾ ਪਾਇਆ ਹੁੰਦਾ ਹੈ। ਅੱਜ ਹਿੰਦੁਸਤਾਨ ਦੇ ਵਿੱਚ ਜੋ ਇਹ ਡੈਮੋਕਰੈਟਿਕ ਸਿਸਟਮ ਹੈ ਅਤੇ ਅਸੀਂ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]

ਅਜ਼ਾਦ ਭਾਰਤ ਦੀ ਫਿਜ਼ਾ ਵਿੱਚ ਸਾਹ ਲੈ ਰਹੇ ਹਾਂ, ਇਸ ਸਭ ਕੁਝ ਲਈ ਉਨ੍ਹਾਂ ਦਾ ਯੋਗਦਾਨ ਭੁਲਾਇਆ ਨਹੀਂ ਜਾ ਸਕਦਾ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਰਦਾਰ ਹਜਾਰਾ ਸਿੰਘ, ਸੁਤੰਤਰਤਾ ਸੰਗਰਾਮੀ, ਮਿਤੀ 9 ਅਗਸਤ, 2011 ਨੂੰ ਸਾਨੂੰ ਛੱਡ ਕੇ ਚਲੇ ਗਏ। ਉਨ੍ਹਾਂ ਦਾ ਜਨਮ ਮਿਤੀ 2 ਅਕਤੂਬਰ, 1914 ਨੂੰ ਪਿੰਡ ਬੂਰੇ ਜੱਟਾਂ, ਜ਼ਿਲ੍ਹਾ ਹੁਸ਼ਿਆਰਪੁਰ ਵਿੱਚ ਹੋਇਆ। ਉਹ ਅਜ਼ਾਦ ਹਿੰਦ ਫੌਜ ਵਿੱਚ ਬਤੌਰ ਕੈਪਟਨ ਰਹੇ। ਉਨ੍ਹਾਂ ਨੂੰ ਤਾਮਰ ਪੱਤਰ ਨਾਲ ਵੀ ਸਨਮਾਨਿਤ ਕੀਤਾ ਗਿਆ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੈ। ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਪੰਡਤ ਦੀਨਾ ਨਾਥ, ਸੁਤੰਤਰਤਾ ਸੰਗਰਾਮੀ, ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ 88 ਵਰ੍ਹਿਆਂ ਦੇ ਸਨ। ਉਨ੍ਹਾਂ ਨੇ ਪਰਜਾਤੰਤਰ ਮੰਡਲ ਲਹਿਰ ਵਿੱਚ ਭਾਗ ਲਿਆ ਅਤੇ 9 ਮਹੀਨੇ ਅਤੇ 21 ਦਿਨ ਦੀ ਜੇਲ੍ਹ ਵੀ ਕੱਟੀ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੋਇਆ ਹੈ ਅਤੇ ਮੈਂ ਉਨ੍ਹਾਂ ਨੂੰ ਵੀ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਸ਼੍ਰੀ ਸੁਰਸ਼ੇਰ ਸਿੰਘ, ਸੁਤੰਤਰਤਾ ਸੰਗਰਾਮੀ, ਸਾਨੂੰ ਮਿਤੀ 31 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 1 ਅਗਸਤ, 1916 ਨੂੰ ਪਿੰਡ ਦਾਖਾ, ਜ਼ਿਲ੍ਹਾ ਲੁਧਿਆਣਾ ਵਿਖੇ ਹੋਇਆ। ਉਹ ਛੋਟੀ ਜਿਹੀ ਉਮਰ, ਤਕਰੀਬਨ 24 ਸਾਲ ਦੀ ਉਮਰ ਵਿੱਚ, ਅਜ਼ਾਦ ਹਿੰਦ ਫੌਜ ਵਿੱਚ ਭਰਤੀ ਹੋਏ। ਉਨ੍ਹਾਂ ਨੇ ਜਰਮਨੀ ਦੀ ਲੜਾਈ ਵਿੱਚ ਹਿੱਸਾ ਲਿਆ। ਉਹ ਪੰਜ ਸਾਲ ਜੇਲ੍ਹ ਵਿੱਚ ਵੀ ਰਹੇ। ਉਨ੍ਹਾਂ ਦੇ ਚਲੇ ਜਾਣ ਦਾ ਵੀ ਸਾਨੂੰ ਬਹੁਤ ਦੁੱਖ ਹੋਇਆ ਹੈ। ਮੈਂ ਉਨ੍ਹਾਂ ਨੂੰ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਸਰਦਾਰ ਸੁੱਚਾ ਸਿੰਘ, ਸੁਤੰਤਰਤਾ ਸੰਗਰਾਮੀ ਜੀ ਦਾ ਜਨਮ ਮਿਤੀ 13 ਜਨਵਰੀ, 1915 ਨੂੰ ਮੱਸਾ ਸਿੰਘ ਵਾਲਾ, ਰਿਆਸਤ ਬਹਾਵਲਪੁਰ (ਪਾਕਿਸਤਾਨ) ਵਿਖੇ ਹੋਇਆ। ਉਹ 18 ਸਾਲ ਦੀ ਛੋਟੀ ਜਿਹੀ ਉਮਰ ਵਿੱਚ ਫੌਜ ਵਿੱਚ ਭਰਤੀ ਹੋਏ ਅਤੇ ਬਾਅਦ ਵਿੱਚ ਅਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਗਏ। ਮਿਤੀ 15 ਅਗਸਤ, 1972 ਨੂੰ ਉਨ੍ਹਾਂ ਨੂੰ ਸ਼੍ਰੀਮਤੀ ਇੰਦਰਾ ਗਾਂਧੀ ਜੀ ਨੇ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ। ਉਨ੍ਹਾਂ ਦੇ ਚਲੇ ਜਾਣ ਦਾ ਸਾਨੂੰ ਬੜਾ ਦੁੱਖ ਹੈ। ਮੈਂ ਉਨ੍ਹਾਂ ਦੇ ਪ੍ਰਤੀ ਵੀ ਆਪਣੀ ਸ਼ਰਧਾ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਸ਼ੇਰ ਸਿੰਘ ਜੀ, ਅਜ਼ਾਦੀ ਘੁਲਾਟੀਏ, ਮਿਤੀ 22 ਜੁਲਾਈ, 2011 ਨੂੰ ਸਾਨੂੰ ਛੱਡ ਕੇ ਚਲੇ ਗਏ। ਉਨ੍ਹਾਂ ਦਾ ਜਨਮ 1915 ਵਿੱਚ ਪਿੰਡ ਧਰਮਗੜ੍ਹ, ਤਹਿਸੀਲ ਸੁਨਾਮ, ਜ਼ਿਲ੍ਹਾ ਸੰਗਰੂਰ ਵਿਖੇ ਹੋਇਆ ਔਰ ਉਹ ਮਿਤੀ 11 ਅਪ੍ਰੈਲ, 1939 ਨੂੰ ਫੌਜ ਵਿੱਚ ਭਰਤੀ ਹੋਏ ਅਤੇ ਬਾਅਦ ਵਿੱਚ ਅਜ਼ਾਦ ਹਿੰਦ ਫੌਜ ਵਿੱਚ ਸ਼ਾਮਲ ਹੋ ਗਏ। ਉਨ੍ਹਾਂ ਨੂੰ ਵੀ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਜਾਣ

Original with;
Punjab Vidhan Sabha
Digitized by;
Panjab Digital Library

ਦਾ ਵੀ ਸਾਨੂੰ ਬੜਾ ਦੁੱਖ ਹੈ। ਸਪੀਕਰ ਸਾਹਿਬ, ਉਨ੍ਹਾਂ ਦੇ ਪ੍ਰਤੀ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਪਿਆਰਾ ਸਿੰਘ, ਅਜ਼ਾਦੀ ਘੁਲਾਟੀਏ ਦਾ ਜਨਮ ਲਾਂਗਰ, ਜ਼ਿਲ੍ਹਾ ਸ਼ੇਖੂਪੁਰਾ ਪਾਕਿਸਤਾਨ ਵਿੱਚ ਹੋਇਆ ਸੀ ਅਤੇ ਭਾਰਤ ਛੱਡੋ ਅੰਦੋਲਨ ਵਿੱਚ ਉਨ੍ਹਾਂ ਨੇ ਹਿੱਸਾ ਲਿਆ ਅਤੇ ਸਿਆਲਕੋਟ, ਪਾਕਿਸਤਾਨ ਦੀ ਜੇਲ੍ਹ ਵਿੱਚ ਉਨ੍ਹਾਂ ਨੇ ਮਿਤੀ 3.12.1942 ਤੋਂ ਮਿਤੀ 20.10.1943 ਤੱਕ ਜੇਲ੍ਹ ਕੱਟੀ। ਉਨ੍ਹਾਂ ਨੇ ਪੰਜਾਬੀ ਸੂਬਾ ਮੋਰਚਾ ਵਿੱਚ ਵੀ ਵੱਧ ਚੜ ਕੇ ਹਿੱਸਾ ਲਿਆ ਔਰ ਅਜ਼ਾਦੀ ਦੀ ਲਹਿਰ ਵਿੱਚ ਬਹੁਤ ਵੱਡਾ ਯੋਗਦਾਨ ਪਾਇਆ। ਉਨ੍ਹਾਂ ਦੇ ਅਕਾਲ ਚਲਾਣੇ ਤੇ ਵੀ ਮੈਂ ਆਪਣੇ ਵੱਲੋਂ ਦੁੱਖ ਪ੍ਰਗਟ ਕਰਦਾ ਹਾਂ ਅਤੇ ਅਕਾਲ ਪੁਰਖ ਅੱਗੇ ਅਰਦਾਸ ਕਰਦਾ ਹਾਂ ਕਿ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਸਥਾਨ ਦੇਵੇ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਰਾਮ ਪ੍ਰਕਾਸ਼ ਸ਼ਰਮਾ ਜੀ, ਅਜ਼ਾਦੀ ਘੁਲਾਟੀਏ ਮਿਤੀ 12 ਸਤੰਬਰ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਕੇ ਚਲੇ ਗਏ। ਉਨ੍ਹਾਂ ਨੇ ਨੇਤਾ ਜੀ ਸੁਭਾਸ਼ ਚੰਦਰ ਬੋਸ ਨਾਲ ਅਜ਼ਾਦੀ ਦੀ ਜੰਗ ਵਿੱਚ ਵੱਧ ਚੜ੍ਹ ਕੇ ਹਿੱਸਾ ਲਿਆ। 1939 ਤੋਂ 1945 ਤੱਕ ਸਿੰਘਾਪੁਰ ਜੇਲ੍ਹ ਵਿੱਚ ਉਨ੍ਹਾਂ ਨੇ ਕੈਦ ਕੱਟੀ ਅਤੇ ਉਨ੍ਹਾਂ ਨੂੰ ਵੀ ਤਾਮਰ ਪੱਤਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਸਦੀਵੀ ਵਿਛੋੜੇ ਦਾ ਵੀ ਸਾਨੂੰ ਬਹੁਤ ਦੁੱਖ ਹੈ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਸ਼੍ਰੀ ਸਿਰੀ ਰਾਮ ਸਿੰਗਲ, ਅਜ਼ਾਦੀ ਘੁਲਾਟੀਏ ਮਿਤੀ 26 ਅਗਸਤ, 2011 ਨੂੰ ਸਾਨੂੰ ਛੱਡ ਕੇ ਚਲੇ ਗਏ। ਉਨ੍ਹਾਂ ਦਾ ਜਨਮ ਰਿਵਾੜੀ, ਹਰਿਆਣਾ ਵਿੱਚ ਹੋਇਆ ਸੀ। ਉਹ ਪ੍ਰਜਾ ਮੰਡਲ ਲਹਿਰ ਦੇ ਆਗੂ ਸਨ ਔਰ 1997 ਵਿੱਚ ਮਾਨਯੋਗ ਮੁੱਖ ਮੰਤਰੀ ਜੀ ਵੱਲੋਂ ਉਨ੍ਹਾਂ ਨੂੰ ਸਟੇਟ ਅਵਾਰਡ ਨਾਲ ਸਨਮਾਨਿਤ ਕੀਤਾ ਗਿਆ ਸੀ। ਉਨ੍ਹਾਂ ਦੇ ਵੀ ਜਾਣ ਦਾ ਸਾਨੂੰ ਬਹੁਤ ਵੱਡਾ ਦੁੱਖ ਹੈ। ਸਪੀਕਰ ਸਾਹਿਬ, ਉਨ੍ਹਾ ਦੇ ਚਰਨਾਂ ਵਿੱਚ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਇਸੇ ਤਰ੍ਹਾਂ ਦੋ ਹੋਰ ਮਹਾਨ ਸ਼ਖਸੀਅਤਾਂ ਜਿਨ੍ਹਾਂ ਨੂੰ ਅਸੀਂ ਚੰਗੇ ਲੇਖਕ, ਚੰਗੇ ਕਲਾਕਾਰ ਅਤੇ ਪੰਜਾਬ ਦਾ ਟੇਲੈਂਟ ਕਹਿ ਸਕਦੇ ਹਾਂ, ਸ਼੍ਰੀਮਤੀ ਸ਼ੀਲਾ ਗੁਜਰਾਲ, ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ, ਜੋ ਕਿ ਸਾਡੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ਜੀ ਦੀ ਧਰਮਪਤਨੀ ਸਨ ਅਤੇ ਸ਼੍ਰੀ ਨਰੇਸ਼ ਕੁਮਾਰ ਗੁਜਰਾਲ, ਮੈਂਬਰ ਰਾਜ ਸਭਾ ਦੇ ਮਾਤਾ ਜੀ ਸਨ, ਉਹ ਮਿਤੀ 11 ਜੁਲਾਈ, 2011 ਨੂੰ 87 ਸਾਲ ਦੀ ਉਮਰ ਵਿੱਚ ਸਾਨੂੰ ਸਦੀਵੀ ਵਿਛੋੜਾ ਦੇ ਕੇ ਚਲੇ ਗਏ। ਉਨ੍ਹਾਂ ਦਾ ਸਾਹਿਤ ਦੇ ਖੇਤਰ ਅਤੇ ਸਮਾਜ ਸੇਵਾ ਦੇ ਖੇਤਰ ਵਿੱਚ ਬਹੁਤ ਵੱਡਾ ਯੋਗਦਾਨ ਰਿਹਾ। ਉਨ੍ਹਾਂ ਦੇ ਅਕਾਲ ਚਲਾਣਾ ਕਰ ਜਾਣ ਤੇ ਸਾਨੂੰ ਬਹੁਤ ਦੁੱਖ ਹੈ। ਉਨ੍ਹਾਂ ਪ੍ਰਤੀ ਵੀ ਮੈਂ ਆਪਣੀ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ, ਸਪੀਕਰ ਸਾਹਿਬ, ਪੰਜਾਬ ਦੇ ਬਹੁਤ ਵੱਡੇ ਅਤੇ ਉੱਘੇ ਨਾਟਕਕਾਰ

Original with;
Punjab Vidhan Sabha
Digitized by;
Panjab Digital Library

[ ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]

ਸਰਦਾਰ ਗੁਰਸ਼ਰਨ ਸਿੰਘ ਜੀ ਵੀ ਮਿਤੀ 27 ਸਤੰਬਰ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਕੇ ਚਲੇ ਗਏ। ਉਨ੍ਹਾਂ ਦਾ ਜਨਮ ਮਿਤੀ 16 ਸਤੰਬਰ, 1929 ਨੂੰ ਮੁਲਤਾਨ (ਪਾਕਿਸਤਾਨ) ਵਿਖੇ ਹੋਇਆ ਔਰ ਪੰਜਾਬੀ ਰੰਗਮੰਚ ਨੂੰ ਦਿੱਤੀ ਗਈ ਨਿਵੇਕਲੀ ਦਿਸ਼ਾ ਕਾਰਨ ਉਨ੍ਹਾਂ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਅਤੇ ਕਾਲੀਦਾਸ ਸਨਮਾਨ ਨਾਲ ਨਵਾਜਿਆ ਗਿਆ। ਸੋ, ਉਨ੍ਹਾਂ ਦਾ ਪੰਜਾਬੀ ਰੰਗਮੰਚ ਵਿੱਚ ਬੜਾ ਵੱਡਾ ਯੋਗਦਾਨ ਸੀ। ਉਨ੍ਹਾਂ ਦੇ ਜਾਣ ਦਾ ਵੀ ਸਾਨੂੰ ਬੜਾ ਦੁੱਖ ਹੈ ਔਰ ਸਾਡਾ ਸੂਬਾ ਅਤੇ ਸਾਡਾ ਦੇਸ਼ ਇੱਕ ਬਹੁਤ ਵੱਡੇ ਨਾਟਕਕਾਰ ਤੋਂ ਵਾਂਝਾ ਹੋ ਗਿਆ ਹੈ। ਉਨ੍ਹਾਂ ਲਈ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਵਿਰੋਧੀ ਧਿਰ ਦੇ ਨੇਤਾ ਨੇ ਸ਼੍ਰੀਮਤੀ ਸਤਿੰਦਰ ਕੌਰ ਨਾਭਾ ਜੀ ਦੀ ਮੌਤ ਤੇ ਸ਼ੋਕ ਪ੍ਰਗਟ ਕੀਤਾ ਹੈ ਅਤੇ ਉਹ ਸਾਡੇ ਹਾਊਸ ਦੇ ਮੈਂਬਰ ਸਾਹਿਬ ਦੇ ਮਾਤਾ ਜੀ ਸਨ। ਮੈਂ ਚਾਹਾਂਗਾ ਕਿ ਉਨ੍ਹਾਂ ਦਾ ਨਾਂ ਵੀ ਅੱਜ ਦੀ ਸ਼ਰਧਾਂਜਲੀ ਦੇਣ ਵਾਲੀ ਸੂਚੀ ਵਿੱਚ ਸ਼ਾਮਲ ਕਰ ਲਿਆ ਜਾਵੇ। ਉਨ੍ਹਾਂ ਦੇ ਅਕਾਲ ਚਲਾਣੇ ਨਾਲ ਵੀ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ ਹੈ। ਉਹ ਬਹੁਤ ਚੰਗੀ ਸਮਾਜ ਸੇਵਿਕਾ ਸਨ ਅਤੇ ਉਹ ਬੜੇ ਵੱਡੇ ਸਾਡੇ ਸਿਆਸਤੀ ਪਰਿਵਾਰ ਦੀ ਮਾਤਾ ਜੀ ਸਨ, ਉਨ੍ਹਾਂ ਨੂੰ ਵੀ ਮੈਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸਪੀਕਰ ਸਾਹਿਬ, ਜੋ ਪ੍ਰਸਤਾਵ ਮਾਨਯੋਗ ਮੁੱਖ ਮੰਤਰੀ ਜੀ ਨੇ, ਲੀਡਰ ਆਫ ਦਿ ਹਾਊਸ ਨੇ, ਅੱਜ ਇਨ੍ਹਾਂ ਸਾਰੀਆਂ ਵਿਛੜੀਆਂ ਰੂਹਾਂ ਨੂੰ ਸ਼ਰਧਾਂਜਲੀ ਦੇਣ ਲਈ ਹਾਊਸ ਵਿੱਚ ਲਿਆਂਦਾ ਹੈ, ਮੈਂ ਉਸ ਵਿੱਚ ਸ਼ਾਮਲ ਹੁੰਦਾ ਹਾਂ। ਇਹ ਸਦਨ ਦੇ ਰਿਕਾਰਡ ਤੇ ਲਿਆਂਦਾ ਜਾਵੇ ਅਤੇ ਸ਼ੋਕ ਗ੍ਰਸਤ ਪਰਿਵਾਰਾਂ ਨੂੰ ਇਸ ਬਾਰੇ ਸੂਚਨਾ ਦਿੱਤੀ ਜਾਵੇ। ਬਹੁਤ-ਬਹੁਤ ਧੰਨਵਾਦ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਪਿਛਲੇ ਦਿਨਾਂ ਵਿੱਚ ਜਿਹੜੇ ਸਨਮਾਨਯੋਗ ਲੀਡਰ ਸਾਹਿਬਾਨ ਅਤੇ ਸਵਤੰਤਰਤਾ ਸੰਗਰਾਮੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ, ਉਨ੍ਹਾਂ ਦੀ ਯਾਦ ਵਿੱਚ ਅੱਜ ਸਦਨ ਜੁੜਿਆ ਹੈ। ਸਪੀਕਰ ਸਾਹਿਬ, ਸਰਦਾਰ ਜਤਿੰਦਰ ਸਿੰਘ ਜੀ ਕਰੀਹਾ ਇੱਕ ਬਹੁਤ ਹੀ ਵਧੀਆ ਇਨਸਾਨ ਸਨ, ਉਹ ਹਰ ਕਿਸੇ ਨਾਲ ਖੜ੍ਹਨ ਵਾਲੇ ਬਹੁਤ ਹੀ ਪਿਆਰੇ ਸਤਿਕਾਰੇ ਅਤੇ ਸਨਮਾਨੇ ਹੋਏ ਵੀਰ ਇਨਸਾਨ ਸਨ। ਕਰੀਹਾ ਜੀ, ਜਿਹੜੇ ਕਿ ਇਸ ਵਿਧਾਨ ਸਭਾ ਦੇ ਮੌਜੂਦਾ ਮੈਂਬਰ ਵੀ ਸਨ, ਉਨ੍ਹਾਂ ਦਾ ਅਕਾਲ ਚਲਾਣਾ ਬਹੁਤ ਹੀ ਦੁਖਦਾਈ ਹੈ। ਮੇਰਾ ਵੀ ਉਨ੍ਹਾਂ ਦੇ ਨਾਲ ਬਤੌਰ ਐਮ.ਐਲ.ਏ. ਕਾਫੀ ਸਬੰਧ ਰਿਹਾ ਹੈ। ਵਿਧਾਨ ਸਭਾ ਦੀਆਂ ਕਮੇਟੀਆ ਵਿੱਚ ਵੀ ਉਹ ਸਾਡੇ ਨਾਲ ਸਨ। ਉਨ੍ਹਾਂ ਦਾ ਜਿਹੜਾ ਸੁਭਾਅ ਸੀ, ਉਹ ਬਹੁਤ ਹੀ ਨਿੱਘਾ ਅਤੇ ਪਿਆਰਾ ਸੀ। ਉਨ੍ਹਾਂ ਦੇ ਇਲਾਕੇ ਵਿੱਚ ਵੀ ਉਨ੍ਹਾਂ ਦਾ ਬਹੁਤ ਸਤਿਕਾਰ ਸੀ ਅਤੇ ਵਿਧਾਨ ਸਭਾ ਦੇ ਮੈਂਬਰਾਂ ਵਿੱਚ ਵੀ ਉਹ ਬਹੁਤ ਹੀ ਸਨਮਾਨੇ ਹੋਏ ਇਨਸਾਨ ਸਨ। ਉਨ੍ਹਾਂ ਦੀ ਬੇਵਕਤੀ ਮੌਤ ਤੇ ਸਾਨੂੰ ਡੂੰਘਾ ਦੁੱਖ ਹੈ। ਅਸੀਂ ਅਜ਼ਾਦ ਵਿਧਾਇਕਾਂ ਵੱਲੋਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

Original with;
Punjab Vidhan Sabha
Digitized by;
Panjab Digital Library

ਇਸੇ ਤਰ੍ਹਾਂ ਹੀ, ਸਪੀਕਰ ਸਾਹਿਬ, ਸਾਡੇ ਵਿੱਚੋਂ ਸਰਦਾਰ ਲਹਿਣਾ ਸਿੰਘ ਤੁੜ, ਸਾਬਕਾ ਐਮ.ਪੀ. ਸਾਹਿਬ, ਸਰਦਾਰ ਦਿਆ ਸਿੰਘ ਸੋਢੀ, ਸਾਬਕਾ ਐਮ.ਪੀ ਸਾਹਿਬ, ਸਰਦਾਰ ਹਰਬੰਸ ਸਿੰਘ ਸਿੱਧੂ, ਸਾਬਕਾ ਮੰਤਰੀ, ਚੌਧਰੀ ਦਰਸ਼ਨ ਸਿੰਘ ਜੀ, ਸਾਬਕਾ ਐਮ.ਐਲ.ਏ., ਸਰਦਾਰ ਕਰਨੈਲ ਸਿੰਘ, ਸਾਬਕਾ ਐਮ.ਐਲ.ਏ. ਵੀ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਮੈਂ ਉਨ੍ਹਾਂ ਨੂੰ ਵੀ ਸ਼ਰਧਾ ਸੁੰਮਨ ਭੇਂਟ ਕਰਦਾ ਹਾਂ।

ਇਸੇ ਤਰ੍ਹਾਂ ਹੀ ਸ਼੍ਰੀਮਤੀ ਸ਼ੀਲਾ ਗੁਜਰਾਲ ਜੀ, ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ, ਜਿਨ੍ਹਾਂ ਨੇ ਆਪਣੀ ਲਿਆਕਤ ਨਾਲ, ਆਪਣੇ ਪਤੀ ਜੀ ਨਾਲ ਮਿਲ ਕੇ ਉਨ੍ਹਾਂ ਨੂੰ ਪ੍ਰਧਾਨ ਮੰਤਰੀ ਜੀ ਦੀ ਕੁਰਸੀ ਤੱਕ ਪਹੁੰਚਾਇਆ ਅਤੇ ਆਪਣੇ ਬੇਟੇ ਨੂੰ ਰਾਜ ਸਭਾ ਤੱਕ ਪਹੁੰਚਣ ਵਿੱਚ ਉਹ ਸਫਲ ਹੋਏ, ਉਹ ਵਾਕਿਆ ਹੀ ਇੱਕ ਅਗਾਂਹਵਧੂ ਅਤੇ ਮਹਾਨ ਸਖਸ਼ੀਅਤ ਸੀ। ਉਨ੍ਹਾਂ ਨੂੰ ਵੀ ਅਸੀਂ ਸ਼ਰਧਾ ਦੇ ਫੁੱਲ ਭੇਂਟ ਕਰਦੇ ਹਾਂ।

ਸਰਦਾਰ ਗੁਰਸ਼ਰਨ ਸਿੰਘ, ਜਿਨ੍ਹਾਂ ਨੂੰ ਭਾਈ ਮੰਨਾ ਸਿੰਘ ਦੇ ਨਾਂ ਨਾਲ ਵੀ ਜਾਣਿਆ ਜਾਂਦਾ ਸੀ, ਉਹ ਬਹੁਤ ਹੀ ਵਧੀਆ ਸਮਾਜ ਸੇਵੀ, ਨਾਟਕਕਾਰ ਅਤੇ ਆਪਣੇ ਆਪ ਵਿੱਚ ਉਹ ਇੱਕ ਸੰਸਥਾ ਸਨ। ਉਹ ਇੱਕ ਅਜਿਹੇ ਇਨਸਾਨ ਸਨ ਜਿਨ੍ਹਾਂ ਨੇ ਪੰਜਾਬ ਵਿੱਚ, ਗਲੀ-ਗਲੀ ਵਿੱਚ ਜਾ ਕੇ ਨਾਟਕਾਂ ਦੇ ਰਾਹੀਂ ਦੇਸ਼ ਦੇ ਪ੍ਰਤੀ ਪਿਆਰ ਅਤੇ ਸਮਾਜ ਵਿੱਚ ਚੱਲ ਰਹੀਆਂ ਕੁਰੀਤੀਆਂ ਦੇ ਖਿਲਾਫ ਲੋਕਾਂ ਨੂੰ ਲਾਮਬੱਧ ਕੀਤਾ ਅਤੇ ਲੋਕਾਂ ਨੂੰ ਜਾਗਰੂਕ ਕੀਤਾ। ਉਨ੍ਹਾਂ ਨੇ ਬਿਨਾਂ ਕਿਸੇ ਲਾਲਚ ਦੇ ਆਪਣੇ ਘਰ ਦੇ ਸਾਰੇ ਨਿੱਜੀ ਕੰਮ-ਕਾਰ ਛੱਡ ਕੇ ਆਪਣਾ ਸਾਰਾ ਜੀਵਨ ਲੋਕਾਂ ਨੂੰ ਸਮਰਪਿਤ ਕੀਤਾ। ਮੈਨੂੰ ਵੀ ਉਨ੍ਹਾਂ ਦੇ ਬਹੁਤ ਹੀ ਵਧੀਆ ਨਾਟਕ ਦੇਖਣ ਦਾ ਮੌਕਾ ਮਿਲਿਆ। ਸਾਡੇ ਇਲਾਕੇ ਵਿੱਚ, ਗਲੀ-ਗਲੀ ਵਿੱਚ ਉਨ੍ਹਾਂ ਨੇ ਆਪਣੇ ਨਾਟਕ ਕੀਤੇ ਅਤੇ ਨਾਲ ਹੀ ਉਹ ਇੱਕ ਬੜੇ ਦਲੇਰ ਇਨਸਾਨ ਸਨ। ਮੈਨੂੰ ਯਾਦ ਹੈ ਕਿ ਉਨ੍ਹਾਂ ਨੇ ਸਰਕਾਰ ਦੇ ਖਿਲਾਫ ਇੱਕ ਨਾਟਕ ਪਿਛਲੇ ਦਿਨੀਂ ਕੀਤਾ 'ਰਾਜ ਕਰਦੀਏ ਸਰਕਾਰੇ, ਤੇਰੇ ਝੂਠੇ ਲਾਰੇ, ਡੁੱਬੇਗੀ ਤੇਰੀ ਬੇੜੀ, ਨਹੀਂ ਲੱਗਣੀ ਕਿਸੀ ਕਿਨਾਰੇ'। ਇਸ ਤਰ੍ਹਾਂ ਉਹ ਇੱਕ ਮਹਾਨ ਇਨਸਾਨ ਸਾਨੂੰ ਹਮੇਸ਼ਾ-ਹਮੇਸ਼ਾ ਲਈ ਛੱਡ ਕੇ ਚਲੇ ਗਏ ਹਨ। ਮੈਂ ਉਨ੍ਹਾਂ ਨੂੰ ਆਪਣੇ ਵੱਲੋਂ ਅਤੇ ਆਪਣੇ ਸਾਥੀਆਂ ਵੱਲੋਂ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ।
ਜਿਨ੍ਹਾਂ ਦੇਸ਼ ਸੇਵਾ ਵਿੱਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।

ਸਾਡੇ ਮਹਾਨ ਸੁਤੰਤਰਤਾ ਸੰਗਰਾਮੀਆਂ ਵਿੱਚੋਂ ਸਰਦਾਰ ਹਜ਼ਾਰਾ ਸਿੰਘ, ਪੰਡਤ ਦੀਨਾ ਨਾਥ, ਸ਼੍ਰੀ ਸੁਰਸ਼ੇਰ ਸਿੰਘ, ਸ਼੍ਰੀ ਸੁੱਚਾ ਸਿੰਘ, ਸ਼੍ਰੀ ਸ਼ੇਰ ਸਿੰਘ, ਸ਼੍ਰੀ ਪਿਆਰਾ ਸਿੰਘ ਅਤੇ ਸ਼੍ਰੀ ਰਾਮ ਪ੍ਰਕਾਸ਼ ਸ਼ਰਮਾ, ਇਹ ਸਾਰੇ ਸਾਡੇ ਕੋਲੋਂ ਸਦੀਵੀ ਵਿਛੋੜਾ ਲੈ ਕੇ ਪ੍ਰਮਾਤਮਾ ਦੇ ਚਰਨਾਂ ਵਿੱਚ ਜਾ ਨਿਵਾਜੇ ਹਨ। ਅੱਜ ਸਾਨੂੰ ਉਨ੍ਹਾਂ ਦੇ ਅਕਾਲ ਚਲਾਣਿਆਂ ਦਾ ਬੜਾ ਦੁੱਖ ਹੈ। ਜੋ ਸੁਪਨਾ ਸੁਤੰਤਰਤਾ ਸੰਗਰਾਮੀਆਂ ਨੇ ਵੇਖ ਕੇ, ਆਪਣੀਆਂ ਜ਼ਿੰਦਗੀਆਂ ਦਾਅ

Original with;
Punjab Vidhan Sabha
Digitized by;
Panjab Digital Library

[ ਸਰਦਾਰ ਚਰਨਜੀਤ ਸਿੰਘ ਚੰਨੀ ]

ਤੇ ਲਾ ਕੇ ਸਾਨੂੰ ਅਜ਼ਾਦੀ ਲੈ ਕੇ ਦਿੱਤੀ ਅਤੇ ਇਹ ਅਜ਼ਾਦੀ ਸਾਨੂੰ ਵੇਖਣ ਨੂੰ ਮਿਲੀ, ਪਰ ਅੱਜ ਵੀ ਅਸੀਂ ਉਨ੍ਹਾਂ ਦੀ ਸੋਚ ਤੋਂ ਪਿੱਛੇ ਹਾਂ। ਅੱਜ ਵੀ ਸਾਡਾ ਸੂਬਾ ਆਰਥਿਕ ਤੌਰ ਤੇ, ਲਾਅ ਐਂਡ ਆਰਡਰ ਦੇ ਤੌਰ ਤੇ ਅਤੇ ਲੋਕਤੰਤਰ ਦੇ ਤੌਰ ਤੇ ਕਾਫੀ ਪਿੱਛੇ ਰਹਿ ਗਿਆ ਹੈ। ਅੱਜ ਵੀ ਅਸੀਂ ਸੁਤੰਤਰਤਾ ਸੰਗਰਾਮੀਆਂ ਨੂੰ ਇਹ ਦੱਸਣ ਦੇ ਕਾਬਲ ਨਹੀਂ ਹੋਏ ਕਿ ਜੋ ਤੁਸੀਂ ਸੁਪਨੇ ਸਿਰਜੇ ਸੀ, ਅਸੀਂ ਉਨ੍ਹਾਂ ਨੂੰ ਪੂਰਾ ਕਰਨ ਵਿਚ ਕਾਮਯਾਬ ਨਹੀਂ ਹੋਏ। ਸਾਡੇ ਸਤਿਕਾਰਯੋਗ ਅਤੇ ਸਨਮਾਨਯੋਗ ਬਜ਼ੁਰਗਾਂ ਨੇ ਸਾਡੇ ਲਈ ਕੁਰਬਾਨੀਆਂ ਕਰਕੇ ਸਾਨੂੰ ਅਜ਼ਾਦੀ ਦਿਵਾਈ। ਮੈਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ ਅਤੇ ਇਹ ਅਰਦਾਸ ਕਰਦਾ ਹਾਂ ਕਿ :

ਸੰਬਤਿ ਸਾਹਾ ਲਿਖਿਆ ਮਿਲਿ ਕਰਿ ਪਾਵਹੁ ਤੇਲੁ॥
ਦੇਹੁ ਸਜਣ ਅਸੀਸੜੀਆ ਜਿਉ ਹੋਵੈ ਸਾਹਿਬ ਸਿਉ ਮੇਲੁ॥

ਪ੍ਰਮਾਤਮਾ ਉਨ੍ਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ੇ ਅਤੇ ਉਨ੍ਹਾ ਦੇ ਪਰਿਵਾਰਾਂ ਨੂੰ, ਸਾਰੇ ਸਕੇ-ਸਬੰਧੀਆਂ ਨੂੰ ਅਤੇ ਸਾਨੂੰ ਸਾਰਿਆਂ ਨੂੰ ਭਾਣਾ ਮੰਨਣ ਦਾ ਬਲ ਬਖਸ਼ੇ। ਜੈ ਹਿੰਦ।

**ਮਾਨਯੋਗ ਸਪੀਕਰ :** ਵਿਧਾਨ ਸਭਾ ਦੇ ਪਿਛਲੇ ਸਮੇਂ ਤੋਂ ਲੈ ਕੇ ਅੱਜ ਤੱਕ ਦੇ ਸਮੇਂ ਦੌਰਾਨ ਬਹੁਤ ਹੀ ਅਹਿਮ ਸ਼ਖਸੀਅਤਾਂ ਸਾਨੂੰ ਸਦੀਵੀ ਵਿਛੋੜਾ ਦੇ ਗਈਆਂ ਹਨ ਜਿਨ੍ਹਾਂ ਦਾ ਜ਼ਿਕਰ ਲੀਡਰ ਆਫ ਦਿ ਹਾਊਸ ਨੇ, ਲੀਡਰ ਆਫ ਦਿ ਆਪੋਜ਼ੀਸ਼ਨ ਨੇ, ਸੂਦ ਸਾਹਿਬ ਨੇ ਅਤੇ ਚੰਨੀ ਸਾਹਿਬ ਵੱਲੋਂ ਕੀਤਾ ਗਿਆ ਹੈ। ਮੈਂ ਵੀ ਉਨ੍ਹਾਂ ਦੀ ਜੁਦਾਈ ਦੇ ਮੁਤੱਲਕ ਤੁਹਾਡੇ ਨਾਲ ਸ਼ਾਮਲ ਹੁੰਦਾ ਹਾਂ। ਮੈਂ ਆਪਣੇ ਵੱਲੋਂ ਉਨ੍ਹਾਂ ਨਾਲ ਸਹਿਮਤ ਹੋ ਕੇ ਵਿਛੋੜਾ ਦੇ ਗਈਆਂ ਸ਼ਖਸੀਅਤਾਂ ਦੀ ਯਾਦ ਦੇ ਵਿੱਚ ਚੰਦ ਲਫਜ਼ ਕਹਿੰਦਾ ਹਾਂ ਅਤੇ ਤੁਹਾਡੇ ਸਾਰਿਆਂ ਨਾਲ ਸ਼ਾਮਲ ਹੁੰਦਾ ਹਾਂ। ਸਰਦਾਰ ਜਤਿੰਦਰ ਸਿੰਘ ਕਰੀਹਾ ਹੁਣ ਦੇ ਹਾਊਸ ਦੇ ਬੜੇ ਸਤਿਕਾਰਯੋਗ ਮੈਂਬਰ ਸਨ, ਉਹ ਅਚਾਨਕ ਸਾਥੋਂ ਵਿਛੜ ਗਏ ਹਨ। ਉਹ ਮਿਤੀ 2 ਮਾਰਚ, 1948 ਨੂੰ ਜਨਮੇ ਸਨ। ਉਹ ਇਸ ਹਾਊਸ ਦੇ 1977, 2000 ਅਤੇ 2007 ਵਿੱਚ ਮੈਂਬਰ ਚੁਣੇ ਗਏ ਸਨ। ਉਨ੍ਹਾਂ ਨੇ ਹਾਊਸ ਵਿੱਚ ਆਪਣੇ ਵਿਚਾਰ ਰੱਖੇ ਅਤੇ ਇੱਕ ਅਹਿਮ ਸ਼ਖਸੀਅਤ ਹੁੰਦਿਆਂ ਉਨ੍ਹਾਂ ਨੂੰ ਹਾਊਸ ਦੀ ਕਮੇਟੀ ਦੇ ਚੇਅਰਮੈਨ ਵੀ ਬਣਾਇਆ ਗਿਆ। ਉਨ੍ਹਾਂ ਦੇ ਜਾਣ ਦਾ ਸਾਨੂੰ ਸਾਰਿਆਂ ਨੂੰ ਬਹੁਤ ਵੱਡਾ ਨੁਕਸਾਨ ਹੈ ਕਿਉਂਕਿ ਜਿਹੜਾ ਵੀ ਵਿਅਕਤੀ ਇਥੇ ਹਾਊਸ ਵਿੱਚ ਆਉਂਦਾ ਹੈ ਅਤੇ ਆਪਣੇ ਵਿਚਾਰ ਰੱਖਦਾ ਹੈ ਅਤੇ ਹਾਊਸ ਵਿੱਚ ਸਟੱਡੀ ਕਰਕੇ ਆਉਂਦਾ ਹੈ, ਮੈਂ ਮਹਿਸੂਸ ਕਰਦਾ ਹਾਂ ਕਿ ਉਸ ਦੀ ਸਮਾਜ ਪ੍ਰਤੀ ਕੁਝ ਨਾ ਕੁਝ ਬਹੁਤ ਵਧੀਆ ਦੇਣ ਹੁੰਦੀ ਹੈ। ਉਹ ਸ਼੍ਰੋਮਣੀ ਅਕਾਲੀ ਦਲ ਦੇ ਹਲਕਾ ਨਵਾਂ ਸ਼ਹਿਰ ਦੇ ਪ੍ਰਧਾਨ ਵੀ ਰਹੇ ਸਨ ਅਤੇ ਉਨ੍ਹਾਂ ਦੀਆਂ ਹੋਰ ਸੇਵਾਵਾਂ ਵੀ ਸਤਿਕਾਰਯੋਗ ਹਨ। ਆਪਾਂ ਸਾਰਿਆਂ ਨੂੰ ਉਨ੍ਹਾਂ ਦੇ ਪ੍ਰਤੀ ਗੰਭੀਰ ਸਦਮਾ ਹੈ।

Original with;
Punjab Vidhan Sabha
Digitized by;
Panjab Digital Library

ਸਰਦਾਰ ਲਹਿਣਾ ਸਿੰਘ ਤੁੜ ਮਿਤੀ 12 ਜੂਨ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਬਹੁਤ ਹੀ ਵਧੀਆ ਇਨਸਾਨ ਸਨ। ਉਹ ਪਾਰਲੀਮੈਂਟ ਦੇ ਮੈਂਬਰ ਰਹੇ ਅਤੇ ਉਸ ਤੋਂ ਬਾਅਦ ਪਟਿਆਲਾ ਵਿਖੇ ਉਨ੍ਹਾਂ ਨੇ ਵਕਾਲਤ ਦੀ ਪ੍ਰੈਕਟਿਸ ਵੀ ਕੀਤੀ। ਉਹ ਜੱਥੇਦਾਰ ਮੋਹਨ ਸਿੰਘ ਤੁੜ, ਸਾਬਕਾ ਪ੍ਰਧਾਨ, ਸ਼੍ਰੋਮਣੀ ਅਕਾਲੀ ਦਲ ਦੇ ਬੇਟੇ ਸਨ। ਉਹ ਮੈਂਬਰ ਪਾਰਲੀਮੈਂਟ ਵੀ ਰਹੇ। ਉਨ੍ਹਾਂ ਦਾ ਬੜਾ ਸਤਿਕਾਰ ਸੀ। ਉਨ੍ਹਾਂ ਦੇ ਵਿੱਛੜ ਜਾਣ ਨਾਲ, ਸਾਡਾ ਸਾਰਿਆਂ ਦਾ ਨੁਕਸਾਨ ਹੋਇਆ ਹੈ। ਉਨ੍ਹਾਂ ਦੇ ਲਈ ਤੁਸੀਂ ਜੋ ਆਪਣੇ ਵਿਚਾਰ ਪ੍ਰਗਟ ਕੀਤੇ ਹਨ, ਉਸ ਦੇ ਲਈ ਮੈਂ ਤੁਹਾਡੇ ਸਾਰਿਆਂ ਦਾ ਰਿਣੀ ਹਾਂ।

ਇਸ ਤੋਂ ਇਲਾਵਾ ਸਰਦਾਰ ਦਿਆ ਸਿੰਘ ਸੋਢੀ ਵੀ ਪਾਰਲੀਮੈਂਟ ਦੇ ਮੈਂਬਰ ਸਨ ਔਰ ਤਿੰਨ ਵਾਰ ਉਹ ਬੀ.ਜੇ.ਪੀ. ਦੇ ਪ੍ਰਧਾਨ ਰਹੇ। ਉਨ੍ਹਾਂ ਦੇ ਚਲੇ ਜਾਣ ਨਾਲ ਵੀ ਬੜਾ ਖਲਾਅ ਪੈਦਾ ਹੋ ਗਿਆ ਹੈ। ਉਹ ਮਿਤੀ 1 ਫਰਵਰੀ, 1925 ਨੂੰ ਬਤਲਾ, ਜ਼ਿਲ੍ਹਾ ਅੰਮ੍ਰਿਤਸਰ ਵਿੱਚ ਪੈਦਾ ਹੋਏ ਅਤੇ ਮਿਤੀ 15 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ।

ਇਸ ਤੋਂ ਇਲਾਵਾ ਸਰਦਾਰ ਹਰਬੰਸ ਸਿੰਘ ਸਿੱਧੂ ਜੀ ਵੀ ਸਾਨੂੰ ਮਿਤੀ 11 ਜੁਲਾਈ, 2011 ਨੂੰ ਵਿਛੋੜਾ ਗਏ। ਉਨ੍ਹਾਂ ਦਾ ਜਨਮ ਮਿਤੀ 10 ਅਕਤੂਬਰ, 1930 ਨੂੰ ਹੋਇਆ। ਉਹ ਇਸ ਹਾਊਸ ਦੇ 1967 ਅਤੇ 1992 ਵਿੱਚ ਮੈਂਬਰ ਰਹੇ। ਉਹ ਐਸ.ਐਸ.ਐਸ. ਬੋਰਡ ਦੇ ਚੇਅਰਮੈਨ ਵੀ ਰਹੇ ਅਤੇ ਉਹ ਸਰਦਾਰ ਬੇਅੰਤ ਸਿੰਘ ਜੀ ਦੀ ਮਨਿਸਟਰੀ ਵਿੱਚ ਮਨਿਸਟਰ ਵੀ ਰਹੇ। ਉਨ੍ਹਾਂ ਨੇ ਪੰਜਾਬ ਦੀ ਬੜੀ ਸੇਵਾ ਕੀਤੀ। ਮੈਂ ਮਹਿਸੂਸ ਕਰਦਾ ਹਾਂ ਕਿ ਪਸ਼ੂ-ਪਾਲਣ ਮਹਿਕਮੇ ਨੂੰ ਉਨ੍ਹਾਂ ਨੇ ਬੜੀ ਵਧੀਆ ਕਾਰਕਰਦਗੀ ਲਈ ਦੇਣ ਦਿੱਤੀ। ਉਹ ਵੀ ਸਾਥੋਂ ਵਿੱਛੜ ਗਏ ਹਨ। ਮੈਂ ਬੜੇ ਗਮਗੀਨ ਹਿਰਦੇ ਨਾਲ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕਰਦਾ ਹਾਂ।

ਇਸ ਤੋਂ ਇਲਾਵਾ ਚੌਧਰੀ ਦਰਸ਼ਨ ਸਿੰਘ, ਸਾਬਕਾ ਐਮ.ਐਲ.ਏ., ਮਿਤੀ 21 ਅਗਸਤ, 2011 ਨੂੰ ਸਾਨੂੰ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 17 ਅਗਸਤ, 1921 ਨੂੰ ਲਾਇਲਪੁਰ (ਪਾਕਿਸਤਾਨ) ਵਿੱਚ ਹੋਇਆ। ਉਨ੍ਹਾਂ ਨੇ ਪੰਜਾਬ ਦੇ ਲੋਕਾਂ ਪ੍ਰਤੀ ਬੜੀ ਅਹਿਮ ਸੇਵਾ ਕੀਤੀ। ਉਹ ਤਿੰਨ ਵਾਰ 1962, 1967 ਅਤੇ 1971 ਵਿੱਚ ਇਸ ਹਾਊਸ ਦੇ ਮੈਂਬਰ ਰਹੇ ਔਰ ਮੰਡੀ ਬੋਰਡ ਦੇ ਚੇਅਰਮੈਨ ਵੀ ਰਹੇ। ਮੈਂ ਮਹਿਸੂਸ ਕਰਦਾ ਹਾਂ ਕਿ ਉਨ੍ਹਾਂ ਦੇ ਵਿੱਛੜ ਜਾਣ ਨਾਲ ਵੀ ਸਾਰੇ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

ਸਰਦਾਰ ਕਰਨੈਲ ਸਿੰਘ, ਸਾਬਕਾ ਐਮ.ਐਲ.ਏ., ਮਿਤੀ 14 ਜੂਨ, 2011 ਨੂੰ ਸਾਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 10 ਜੁਲਾਈ, 1926 ਨੂੰ ਪੱਕਾ ਕਲਾਂ, ਜ਼ਿਲ੍ਹਾ ਬਠਿੰਡਾ ਵਿੱਚ ਹੋਇਆ। 1967 ਵਿੱਚ ਉਹ ਹਲਕਾ ਪੱਕਾ ਕਲਾਂ ਤੋਂ ਐਮ.ਐਲ.ਏ. ਚੁਣੇ ਗਏ ਅਤੇ 25 ਸਾਲ ਲਗਾਤਾਰ ਉਹ ਸ਼੍ਰੋਮਣੀ ਕਮੇਟੀ ਦੇ ਮੈਂਬਰ ਰਹੇ। ਉਨ੍ਹਾਂ ਨੇ ਪੰਜਾਬ ਦੀ ਬਹੁਤ ਸੇਵਾ ਕੀਤੀ ਅਤੇ ਉਨ੍ਹਾਂ ਦੇ ਵਿੱਛੜ ਜਾਣ ਨਾਲ ਵੀ ਪੰਜਾਬ ਨੂੰ ਬਹੁਤ ਘਾਟਾ ਪਿਆ ਹੈ।

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਇਨ੍ਹਾਂ ਤੋਂ ਇਲਾਵਾ ਸ਼੍ਰੀਮਤੀ ਸ਼ੀਲਾ ਗੁਜਰਾਲ, ਬਹੁਤ ਹੀ ਪ੍ਰਸਿੱਧ ਲੇਖਿਕਾ ਅਤੇ ਸਮਾਜ ਸੇਵਿਕਾ ਵੀ ਸਾਨੂੰ ਮਿਤੀ 11 ਜੁਲਾਈ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਹ ਹਿੰਦੁਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਸ਼੍ਰੀ ਇੰਦਰ ਕੁਮਾਰ ਗੁਜਰਾਲ ,ਦੀ ਧਰਮ ਪਤਨੀ ਸੀ ਅਤੇ ਰਾਜ ਸਭਾ ਮੈਂਬਰ, ਸ਼੍ਰੀ ਨਰੇਸ਼ ਕੁਮਾਰ ਗੁਜਰਾਲ ਦੇ ਮਾਤਾ ਜੀ ਸਨ। ਸੋ, ਉਨ੍ਹਾਂ ਦੇ ਚਲੇ ਜਾਣ ਨਾਲ ਸਾਨੂੰ ਬਹੁਤ ਘਾਟਾ ਪਿਆ ਹੈ। ਉਹ ਬੜੀ ਵੱਡੀ ਲੇਖਿਕਾ ਸਨ।

ਇਸ ਤੋਂ ਇਲਾਵਾ ਸਰਦਾਰ ਹਜ਼ਾਰਾ ਸਿੰਘ ਜੀ, ਪੰਡਤ ਦੀਨਾ ਨਾਥ ਜੀ, ਸ਼੍ਰੀ ਸੁਰੇਸ਼ਰ ਸਿੰਘ ਜੀ, ਸ਼੍ਰੀ ਸੁੱਚਾ ਸਿੰਘ ਜੀ, ਸ਼੍ਰੀ ਸ਼ੇਰ ਸਿੰਘ ਜੀ, ਸ਼੍ਰੀ ਪਿਆਰਾ ਸਿੰਘ ਜੀ, ਸ਼੍ਰੀ ਰਾਮ ਪ੍ਰਕਾਸ਼ ਸ਼ਰਮਾ ਜੀ, ਸ਼੍ਰੀ ਸਿਰੀ ਰਾਮ ਸਿੰਗਲਾ ਜੀ, ਸੁਤੰਤਰਤਾ ਸੰਗਰਾਮੀ ਸਾਡੇ ਤੋਂ ਵਿਛੜ ਗਏ ਹਨ। ਦੇਸ਼ ਦੀ ਅਜ਼ਾਦੀ ਵਿੱਚ ਸੁਤੰਤਰਤਾ ਸੰਗਰਾਮੀਆਂ ਦਾ ਰੋਲ ਬਹੁਤ ਵੱਡਾ ਸੀ। ਅੱਜ ਜਿਨ੍ਹਾਂ ਦੇ ਨਾਂ ਲਏ ਜਾ ਰਹੇ ਹਨ, ਉਨ੍ਹਾਂ ਨੇ ਵੇਲੇ ਦੀ ਸਰਕਾਰ ਨਾਲ ਟੱਕਰ ਲਈ ਔਰ ਆਪਣੀ ਜਾਇਦਾਦ ਦਾ ਨੁਕਸਾਨ ਵੀ ਕਰਵਾਇਆ, ਉਹ ਜੇਲ੍ਹਾਂ ਵਿੱਚ ਵੀ ਗਏ ਔਰ ਅਜ਼ਾਦੀ ਦੀ ਲੜਾਈ ਲੜੀ। ਮੈਂ ਇਨ੍ਹਾਂ ਸਾਰਿਆਂ ਦਾ ਧੰਨਵਾਦ ਕਰਦਾ ਹਾਂ ਔਰ ਉਨ੍ਹਾਂ ਦੇ ਸਦਕੇ ਹੀ ਅਸੀਂ ਅੱਜ ਅਜ਼ਾਦੀ ਦਾ ਨਿੱਘ ਮਾਣ ਰਹੇ ਹਾਂ ਔਰ ਇਸ ਕਰਕੇ ਮੈਂ ਉਨ੍ਹਾਂ ਦਾ ਸਤਿਕਾਰ ਵੀ ਕਰਦਾ ਹਾਂ।

ਇਸ ਤੋਂ ਇਲਾਵਾ ਸਰਦਾਰ ਗੁਰਸ਼ਰਨ ਸਿੰਘ ਜੀ, ਪ੍ਰਸਿੱਧ ਨਾਟਕਕਾਰ, ਮਿਤੀ 27 ਸਤੰਬਰ, 2011 ਨੂੰ ਸਦੀਵੀ ਵਿਛੋੜਾ ਦੇ ਗਏ ਹਨ। ਉਨ੍ਹਾਂ ਦਾ ਜਨਮ ਮਿਤੀ 16 ਸਤੰਬਰ, 1929 ਨੂੰ ਮੁਲਤਾਨ ਜ਼ਿਲ੍ਹੇ ਵਿੱਚ ਹੋਇਆ। ਉਨ੍ਹਾਂ ਨੇ ਪੰਜਾਬੀ ਰੰਗ ਮੰਚ ਨੂੰ ਇੱਕ ਨਿਵੇਕਲੀ ਦਿਸ਼ਾ ਪ੍ਰਦਾਨ ਕੀਤੀ। ਉਨ੍ਹਾਂ ਨੂੰ ਭਾਰਤੀ ਸੰਗੀਤ ਨਾਟਕ ਅਕਾਦਮੀ ਵੱਲੋਂ ਕਾਲੀਦਾਸ ਸਨਮਾਨ ਨਾਲ ਨਿਵਾਜਿਆ ਗਿਆ। ਉਹ ਅੰਮ੍ਰਿਤਸਰ ਦੇ ਰਹਿਣ ਵਾਲੇ ਸਨ। ਮੈਨੂੰ ਉਨ੍ਹਾਂ ਬਾਰੇ ਚੰਗੀ ਤਰ੍ਹਾਂ ਪਤਾ ਹੈ। ਨਾਟਕ ਦੀ ਦੁਨੀਆਂ ਵਿੱਚ ਉਨ੍ਹਾਂ ਦਾ ਅਹਿਮ ਸਥਾਨ ਸੀ। ਉਨ੍ਹਾਂ ਨੇ ਪੰਜਾਬੀ ਰੰਗ ਮੰਚ ਦੀ ਬਹੁਤ ਸੇਵਾ ਕੀਤੀ ਤੇ ਪੰਜਾਬੀ ਨਾਟਕਾਂ ਰਾਹੀਂ ਉਨ੍ਹਾਂ ਨੇ ਬਹੁਤ ਮਾਣ ਖੱਟਿਆ ਹੈ। ਮੈਂ ਮਹਿਸੂਸ ਕਰਦਾ ਹਾਂ ਕਿ ਇੱਕ ਵਧੀਆ ਨਾਟਕਕਾਰ ਸਾਡੇ ਵਿੱਚੋਂ ਚਲਾ ਗਿਆ ਹੈ।

ਇਸੇ ਤਰ੍ਹਾਂ ਸਰਦਾਰ ਰਣਦੀਪ ਸਿੰਘ ਜੀ ਨਾਭਾ, ਐਮ.ਐਲ.ਏ., ਦੇ ਮਾਤਾ ਜੀ ਗੁਜ਼ਰ ਗਏ ਹਨ। ਉਹ ਇੱਕ ਮੰਤਰੀ ਦੇ ਘਰੋਂ ਸਨ। ਉਨ੍ਹਾਂ ਦੇ ਗੁਜ਼ਰ ਜਾਣ ਨਾਲ ਸਾਨੂੰ ਬਹੁਤ ਤਕਲੀਫ ਹੋਈ ਹੈ। ਉਨ੍ਹਾਂ ਦੇ ਚਲੇ ਜਾਣ ਨਾਲ ਰਾਜ ਨੂੰ, ਦੇਸ਼ ਨੂੰ ਤੇ ਸਾਨੂੰ ਬਹੁਤ ਘਾਟਾ ਪਿਆ ਹੈ। ਸਾਨੂੰ ਸਾਰਿਆਂ ਨੂੰ ਯਤਨ ਕਰਨਾ ਚਾਹੀਦਾ ਹੈ ਕਿ ਅਸੀਂ ਇਨ੍ਹਾਂ ਸ਼ਖਸੀਅਤਾਂ ਦੇ ਪਦ ਚਿੰਨ੍ਹਾਂ ਤੇ ਚਲਦੇ ਹੋਏ ਲੋਕਾਂ ਦੀ ਸੇਵਾ ਵਿੱਚ ਹਾਜ਼ਰ ਰਹੀਏ ਔਰ ਇਹੋ ਇਨ੍ਹਾਂ ਪ੍ਰਤੀ ਸੱਚੀ ਸ਼ਰਧਾਂਜਲੀ ਹੋਵੇਗੀ।

ਮੈਂ ਸਤਿਕਾਰਯੋਗ ਮੈਂਬਰ ਸਾਹਿਬਾਨ ਵੱਲੋਂ ਵਿਛੜੀਆਂ ਰੂਹਾਂ ਪ੍ਰਤੀ ਪ੍ਰਗਟਾਈਆਂ

Original with;
Punjab Vidhan Sabha
Digitized by;
Panjab Digital Library

ਗਈਆਂ ਭਾਵਨਾਵਾਂ ਵਿੱਚ ਸ਼ਾਮਲ ਹੁੰਦਾ ਹੋਇਆ ਵਾਹਿਗੁਰੂ ਅੱਗੇ ਅਰਦਾਸ ਕਰਦਾ ਹਾਂ ਕਿ ਇਨ੍ਹਾਂ ਵਿਛੜੀਆ ਰੂਹਾਂ ਨੂੰ ਆਪਣੇ ਚਰਨਾਂ ਵਿੱਚ ਨਿਵਾਸ ਬਖਸ਼ਸ਼ ਕਰਨ ਅਤੇ ਇਨ੍ਹਾਂ ਦੇ ਪਰਿਵਾਰਾਂ ਨੂੰ ਪਰਮਾਤਮਾ ਚੜ੍ਹਦੀਕਲਾ ਬਖਸ਼ਸ਼ ਕਰਨ। ਸਦਨ ਦੀ ਇੱਛਾ ਅਨੁਸਾਰ ਸਦਨ ਦੀਆਂ ਭਾਵਨਾਵਾਂ ਵਿਛੜੀਆਂ ਰੂਹਾਂ ਦੇ ਪਰਿਵਾਰਾਂ ਨੂੰ ਭੇਜ ਦਿੱਤੀਆਂ ਜਾਣਗੀਆਂ। ਹੁਣ ਮੈਂ ਸਮੂਹ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਵਿਛੜੀਆਂ ਰੂਹਾਂ ਦੀ ਯਾਦ ਵਿੱਚ ਦੋ ਮਿੰਟ ਦਾ ਮੋਨ ਧਾਰਨ ਕਰਨ।

(ਇਸ ਸਮੇਂ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਨੇ ਦੋ ਮਿੰਟ ਲਈ ਖੜ੍ਹੇ ਹੋ ਕੇ ਮੋਨ ਧਾਰਨ ਕੀਤਾ।)

**ਸ਼੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਇੱਕ ਬੇਨਤੀ ਕਰਨੀ ਹੈ।

**ਮਾਨਯੋਗ ਸਪੀਕਰ :** ਨਹੀਂ ਜੀ, ਹੁਣ ਨਹੀਂ। ਇਹ ਪ੍ਰੋਗਰਾਮ ਖਤਮ ਹੋ ਗਿਆ ਹੈ।

**ਸ਼੍ਰੀ ਜਗਦੀਸ਼ ਸਾਹਨੀ :** ਮੈਂ ਇਸੇ ਕਰਕੇ ਪਹਿਲਾਂ ਬੋਲਿਆ ਨਹੀਂ। ਗੱਲ ਇਹ ਹੈ ਕਿ ਕੱਲ੍ਹ ਸੈਸ਼ਨ ਦੀਆਂ ਦੋ ਸਿਟਿੰਗਾਂ ਰੱਖੀਆਂ ਹਨ

**ਮਾਨਯੋਗ ਸਪੀਕਰ :** ਤੁਹਾਨੂੰ ਕਿਸ ਨੇ ਕਿਹਾ ਹੈ ਕਿ ਦੋ ਸਿਟਿੰਗਾਂ ਹਨ? ....(ਵਿਘਨ)..... ਗੱਲ ਸੁਣੋ, ਤੁਹਾਨੂੰ ਕਿਸ ਨੇ ਆਖਿਆ .....(ਵਿਘਨ).... ਇੱਕ ਸਿਟਿੰਗ ਹੈ।

**ਸ਼੍ਰੀ ਜਗਦੀਸ਼ ਸਾਹਨੀ :** ਇੱਕ ਵੀ ਹੋਵੇ ਪਰ ਜਿਨ੍ਹਾਂ ਲੋਕਾਂ ਨੇ ਵਰਤ ਰੱਖਿਆ ਹੈ, ਸਾਲ ਵਿੱਚ ਵਰਤ ਇੱਕ ਵਾਰੀ ਆਉਂਦਾ ਹੈ, 4 ਤਰੀਕ ਨੂੰ ਅਸ਼ਟਮੀ ਹੈ ਅਤੇ ਸਾਰਿਆਂ ਨੇ ਵਰਤ ਰੱਖਿਆ ਹੈ। ਕੱਲ੍ਹ ਨੂੰ ਸੈਸ਼ਨ ਨਾ ਕਰੋ। ਜੇਕਰ ਸਾਡੀ ਬੇਨਤੀ ਮੰਨ ਲਈ ਤਾਂ ਠੀਕ ਹੈ, ਨਹੀਂ ਤਾਂ ਅਸੀਂ ਚਲੇ ਜਾਵਾਂਗੇ। ਇਹ ਸਾਡੀ ਬੇਨਤੀ ਹੈ। ਕਿਉਂਕਿ ਇਹ ਪਰਬ ਹੈ, ਪਰਬ ਤੇ ਧੱਕਾ ਨਹੀਂ ਹੋਣਾ ਚਾਹੀਦਾ ਖਾਸ ਕਰਕੇ ਹਿੰਦੂ ਕੌਮ ਦੇ ਨਾਲ। ਇਸ ਪਰਬ ਤੇ ਪਰਾਪਰ ਛੁੱਟੀ ਹੋਣੀ ਚਾਹੀਦੀ ਹੈ ਤਾਂ ਕਿ ਸਾਰੇ ਵਰਤ ਤੋੜ ਸਕੀਏ।

**ਸ਼੍ਰੀ ਬ੍ਰਹਮ ਮਹਿੰਦਰਾ :** ਸਪੀਕਰ ਸਾਹਿਬ, ਪਰੋਪੋਜ਼ਡ ਪ੍ਰੋਗਰਾਮ ਮੁਤਾਬਿਕ ਕੱਲ੍ਹ ਨੂੰ ਦੋ ਸਿਟਿੰਗਾਂ ਹਨ। ਤੁਹਾਡੇ ਕੋਲ ਕਾਪੀ ਨਹੀਂ ਆਈ ਹੋਣੀ। ਤੁਹਾਡੇ ਆਫਿਸ ਵਾਲਿਆਂ ਨੇ ਨਹੀਂ ਦਿੱਤੀ ਹੋਣੀ।

**ਮਾਨਯੋਗ ਸਪੀਕਰ :** ਅੱਜ ਸੈਸ਼ਨ ਤੋਂ ਬਾਅਦ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਰੱਖੀ ਹੈ, ਉਸ ਦੇ ਵਿੱਚ ਪ੍ਰੋਗਰਾਮ ਵੇਖਣਾ ਹੈ। ਜਿਹੜੀ ਗੱਲ ਹੁਣ ਸਾਹਨੀ ਸਾਹਿਬ ਨੇ ਕੀਤੀ ਹੈ, ਉਹ ਵੀ ਵੇਖਣੀ ਹੈ।

**ਸ਼੍ਰੀ ਬ੍ਰਹਮ ਮਹਿੰਦਰਾ :** ਮੈਂ ਸਾਹਨੀ ਸਾਹਿਬ ਦੀ ਸੁਪੋਰਟ ਕਰਦਾ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਠੀਕ ਹੈ, ਕਰਦੇ ਹੋ, ਮੈਂ ਕਦੋਂ ਆਖਿਆ ਹੈ ਕਿ ਨਹੀਂ ਕਰਦੇ, ਕਰੋ ਦੱਬ ਕੇ, ਧੰਨਵਾਦ ਤੁਹਾਡਾ। ਹੁਣ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਹੈ। ਮੈਂ ਮੈਂਬਰ ਸਾਹਿਬਾਨ ਨੂੰ ਬੇਨਤੀ ਕਰਦਾ ਹਾਂ ਕਿ ਮੇਰੇ ਕੋਲ ਆ ਜਾਣ ਤਾਂ ਕਿ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਦੀ ਮੀਟਿੰਗ ਕਰੀਏ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਚੰਗਾ ਤਾਂ ਨਹੀਂ ਲਗਦਾ ਕਿਉਂਕਿ ਪ੍ਰੋਗਰਾਮ ਬਿਜ਼ਨਿਸ ਐਡਵਾਈਜ਼ਰੀ ਕਮੇਟੀ ਨੇ ਤਿਆਰ ਕਰਨਾ ਹੈ ਪਰ ਜੋ ਇਨ੍ਹਾਂ ਦੀਆਂ ਭਾਵਨਾਵਾਂ ਹਨ, ਉਹ ਵਿਚਾਰ ਲਓ ਜੀ। ਜੇਕਰ ਉਨ੍ਹਾਂ ਦੀਆਂ ਇਹ ਭਾਵਨਾਵਾਂ ਹਨ ਤਾਂ ਆਪਾਂ ਨੂੰ ਉਨ੍ਹਾਂ ਦੀਆਂ ਭਾਵਨਾਵਾਂ ਨੂੰ ਠੇਸ ਨਹੀਂ ਪਹੁੰਚਾਉਣੀ ਚਾਹੀਦੀ।

**ਮਾਨਯੋਗ ਸਪੀਕਰ :** ਬਾਦਲ ਸਾਹਿਬ, ਤੁਹਾਡੀ ਗੱਲ ਠੀਕ ਹੈ। ....(ਵਿਘਨ).... ਮੇਰੀ ਗੱਲ ਸੁਣੋ ਸਾਰੇ। ਹੁਣ ਸਦਨ ਬੁੱਧਵਾਰ, ਮਿਤੀ 5 ਅਕਤੂਬਰ, 2011 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥਗਿਤ ਕੀਤਾ ਜਾਂਦਾ ਹੈ।

| *3.04 ਵਜੇ ਬਾਅਦ ਦੁਪਹਿਰ |
|---|

(*ਇਸ ਉਪਰੰਤ ਸਦਨ ਬੁੱਧਵਾਰ, ਮਿਤੀ 5 ਅਕਤੂਬਰ, 2011 ਦੇ 2.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©2011

Published under the authority of the Punjab Vidhan Sabha and typesetting & printed by the Controller, Printing & Stationery, Punjab at the Govt. Press, S.A.S. Nagar.

PGP, Mohali/7489/12-2011(1)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Wednesday, the 5th October, 2011*

**Vol. XIII – No. 2**

OFFICIAL REPORT

CONTENTS


| | Page |
|---|---|
| Starred Questions and Answers | (2) 1 |
| Written Answers to Starred Questions Laid on the Table of the House under Rule 38 | (2) 34 |
| Unstarred Questions and Answers | (2) 40 |
| Announcement by the Speaker Reg. Panel of Chairmen | (2) 41 |
| Announcement by the Secretary | (2) 42 |
| Matters Raised During Zero Hour and Statement by the Minister thereon | (2) 43 |
| Short Adjournment of the House | (2) 53 |
| Matters Raised During Zero Hour and Statement by the Minister thereon (Resumption) | (2) 54 |
| Call Attention Notices Under Rule 66 | (2) 65 |
| Walk out | (2) 66 |
| Call Attention Notices Under Rule 66 *(Resumption)* | (2) 66 |
| Presentation of the First Report of the Business Advisory Committee | (2) 81 |
| Papers Laid on the Table of the House | (2) 84 |
| **LEGISLATIVE BUSINESS :** | |
| 1) The Punjab Tax on Entry of Goods into Local Areas (Amendment) Bill, 2011 | (2) 87 |
| 2) The Punjab Value Added Tax (Third Amendment) Bill, 2011 *(Replacing ordinance)* | (2) 90 |
| 3) The Punjab Value Added Tax (Fourth Amendment) Bill, 2011 *(Replacing Ordinance)* | (2) 94 |
| 4) The Punjab Right to Service Bill, 2011 *(Replacing ordinance)* | (2) 96 |
| Appendix | (i)-(xxi) |



**Punjab Vidhan Sabha Secretariat, Chandigarh**

Price : Rs._________.



Original with;
Punjab Vidhan Sabha
Digitized by;

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

*Wednesday, the 5th October, 2011*

*The Vidhan Sabha met in the Punjab Vidhan Sabha Hall, Vidhan Bhavan, Sector-1, Chandigarh, at 2.00 P.M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

**ਮਾਨਯੋਗ ਸਪੀਕਰ :** ਹਾਂ ਜੀ ਪ੍ਰਸ਼ਨ ਕਾਲ। ਸ਼੍ਰੀ ਹਰਮਿੰਦਰ ਸਿੰਘ ਜੱਸੀ।

### ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2251

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

---

**ਮਾਨਯੋਗ ਸਪੀਕਰ :** ਹਾਂ ਜੀ, ਅਗਲਾ ਸਵਾਲ। ਸਰਦਾਰ ਸੁਰਜੀਤ ਸਿੰਘ ਧੀਮਾਨ।

### ਮਨਰੇਗਾ ਅਧੀਨ ਜਾਰੀ ਫੰਡਾਂ ਦੇ ਵੇਰਵੇ

***2231. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸਾਲ 2007-08 ਤੋਂ 2010-11 ਤੱਕ ਮਨਰੇਗਾ ਅਧੀਨ ਦਿੜ੍ਹਬਾ ਵਿਧਾਨ ਸਭਾ ਹਲਕੇ ਵਿੱਚ ਦਿੱਤੇ ਗਏ ਅਤੇ ਖਰਚ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਕੀ ਹਨ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸ਼੍ਰੀਮਾਨ ਜੀ, ਸੰਗਰੂਰ ਜ਼ਿਲ੍ਹੇ ਵਿੱਚ ਮਨਰੇਗਾ ਸਕੀਮ ਸਾਲ 2008-09 ਵਿੱਚ ਲਾਗੂ ਕੀਤੀ ਗਈ ਸੀ। ਸਾਲ 2008-09 ਵਿੱਚ ਵਿਧਾਨ ਸਭਾ ਹਲਕਾ ਦਿੜ੍ਹਬਾ ਨੂੰ ਇੱਕ ਕਰੋੜ ਸੈਂਤੀ ਲੱਖ ਅਠੱਤੀ ਹਜ਼ਾਰ ਰੁਪਏ (137.38 ਲੱਖ ਰੁਪਏ) ਜਾਰੀ ਕੀਤੇ ਗਏ ਜਿਸ ਵਿਚੋਂ ਦਸ ਲੱਖ ਸੰਤਾਲੀ ਹਜ਼ਾਰ ਰੁਪਏ (10.47 ਲੱਖ ਰੁਪਏ) ਖਰਚ ਕੀਤੇ ਗਏ ਅਤੇ ਖਰਚ ਕਰਨ ਉਪਰੰਤ ਇੱਕ ਕਰੋੜ ਛੱਬੀ ਲੱਖ ਇਕਾਨਵੇਂ ਹਜ਼ਾਰ ਰੁਪਏ (126.91 ਲੱਖ ਰੁਪਏ) ਦੀ ਰਾਸ਼ੀ ਬਕਾਇਆ ਪਈ ਸੀ।

ਸਾਲ 2009-10 ਵਿੱਚ ਸਠ ਲੱਖ ਬਾਈ ਹਜਾਰ ਰੁਪਏ (60.22 ਲੱਖ ਰੁਪਏ) ਜਾਰੀ ਕੀਤੇ ਗਏ ਅਤੇ ਪਿਛਲੇ ਬਕਾਇਆ ਪਏ ਇੱਕ ਕਰੋੜ ਛੱਬੀ ਲੱਖ ਇਕਾਨਵੇਂ

Original with;
Punjab Vidhan Sabha
Digitized by;
Panjab Digital Library

[ **ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ** ]

ਹਜ਼ਾਰ ਰੁਪਏ (126.91 ਲੱਖ ਰੁਪਏ) ਸਮੇਤ ਇੱਕ ਕਰੋੜ ਸਤਾਸੀ ਲੱਖ ਤੇਰ੍ਹਾਂ ਹਜ਼ਾਰ ਰੁਪਏ (187.13 ਲੱਖ ਰੁਪਏ) ਉਪਲਬਧ ਸਨ ਜਿਸ ਵਿਚੋਂ ਬਿਆਸੀ ਲੱਖ ਬਿਆਸੀ ਹਜਾਰ ਰੁਪਏ (82.82 ਲੱਖ ਰੁਪਏ) ਖਰਚ ਕੀਤੇ ਗਏ ਅਤੇ ਖਰਚ ਕਰਨ ਉਪਰੰਤ ਇੱਕ ਕਰੋੜ ਚਾਰ ਲੱਖ ਇੱਕਤੀ ਹਜਾਰ ਰੁਪਏ (104.31 ਲੱਖ ਰੁਪਏ) ਦੀ ਰਾਸ਼ੀ ਬਕਾਇਆ ਪਈ ਸੀ।

ਸਾਲ 2010-11 ਵਿੱਚ ਸਤਾਨਵੇਂ ਲੱਖ ਤੇਈ ਹਜ਼ਾਰ ਰੁਪਏ (97.23 ਲੱਖ ਰੁਪਏ) ਜਾਰੀ ਕੀਤੇ ਗਏ। ਪਿਛਲੇ ਬਕਾਇਆ ਪਏ ਇੱਕ ਕਰੋੜ ਚਾਰ ਲੱਖ ਇੱਕਤੀ ਹਜ਼ਾਰ ਰੁਪਏ (104.31 ਲੱਖ ਰੁਪਏ) ਸਮੇਤ ਦੋ ਕਰੋੜ ਇੱਕ ਲੱਖ ਚੁਰਿੰਜਾ ਹਜ਼ਾਰ ਰੁਪਏ (201.54 ਲੱਖ ਰੁਪਏ) ਉਪਲਬਧ ਸਨ ਜਿਸ ਵਿਚੋਂ ਸਤਾਸੀ ਲੱਖ ਸਠ ਹਜ਼ਾਰ ਰੁਪਏ (87.60 ਲੱਖ ਰੁਪਏ) ਖਰਚ ਕੀਤੇ ਗਏ ਅਤੇ ਖਰਚ ਕਰਨ ਉਪਰੰਤ ਇੱਕ ਕਰੋੜ ਤੇਰ੍ਹਾਂ ਲੱਖ ਚੁਰਾਨਵੇ ਹਜਾਰ ਰੁਪਏ (113.94 ਲੱਖ ਰੁਪਏ) ਦੀ ਰਾਸ਼ੀ ਬਕਾਇਆ ਪਈ ਸੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਆਪ ਦੇ ਰਾਹੀਂ ਮਾਨਯੋਗ ਮੰਤਰੀ ਜੀ ਤੋਂ ਜਾਨਣਾ ਚਾਹੁੰਦਾ ਹਾਂ ਕਿ ਜੋ ਇਨ੍ਹਾਂ ਨੇ ਸਾਲ 2008-09 ਦਾ 1 ਕਰੋੜ 26 ਲੱਖ 91 ਹਜ਼ਾਰ ਰੁਪਏ ਬਕਾਇਆ ਰਾਸ਼ੀ ਦਾ ਵੇਰਵਾ ਦਿੱਤਾ ਹੈ, ਮੈਂ ਇਨ੍ਹਾਂ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਇਹ ਪੈਸਾ ਕਿਨ੍ਹਾਂ ਕਾਰਨਾਂ ਕਰਕੇ ਖਰਚਿਆ ਨਹੀਂ ਜਾ ਸਕਿਆ ਜਾਂ ਕੀ ਇਸ ਦੇ ਵਿੱਚ ਜਿਹੜਾ ਪੰਜਾਬ ਸਰਕਾਰ ਦੇ ਵੱਲੋਂ 10% ਜਾਂ 20% ਸ਼ੇਅਰ ਪਾਉਣਾ ਸੀ ਉਹ ਨਾ ਪਾਉਣ ਕਰਕੇ ਖਰਚ ਨਹੀਂ ਕੀਤਾ ਜਾ ਸਕਿਆ? ਮੈਂ ਜਾਨਣਾ ਚਾਹੁੰਦਾ ਹਾਂ ਕਿ ਇਹ ਪੈਸੇ ਖਰਚ ਕਿਉਂ ਨਹੀਂ ਕੀਤੇ ਜਾ ਸਕੇ? ਇਸ ਦੇ ਕੀ ਕਾਰਨ ਹਨ?

**ਮੰਤਰੀ :** ਸਰ, ਇਸ ਤਰ੍ਹਾਂ ਹੈ ਕਿ ਜਿਹੜੇ ਕੰਮਾਂ ਦੇ ਪ੍ਰੋਜੈਕਟ ਬਣ ਕੇ ਪੰਚਾਇਤਾਂ ਨੂੰ ਦਿੱਤੇ ਜਾਂਦੇ ਹਨ ਉਹ ਪੰਚਾਇਤਾਂ ਕੰਮ ਕਰਵਾਉਂਦੀਆਂ ਹਨ। ਕਦੇ ਕਿਸੇ ਸਾਲ ਦੇ ਵਿੱਚ ਵੱਧ ਕੰਮ ਹੋ ਜਾਂਦੇ ਹਨ ਅਤੇ ਕਦੇ ਘੱਟ ਹੋ ਜਾਂਦੇ ਹਨ। ਜਿਹੜਾ ਤੁਸੀਂ ਸਟੇਟ ਗੌਰਮਿੰਟ ਵੱਲੋਂ 10% ਪੈਸੇ ਪਾਉਣ ਬਾਰੇ ਪੁੱਛਿਆ ਹੈ, ਉਸ ਦੇ ਵਾਸਤੇ ਅਸੀਂ ਲਿਖਿਆ ਹੋਇਆ ਹੈ ਕਿ ਜਦੋਂ ਖਜ਼ਾਨੇ ਦੇ ਵਿਚੋਂ ਪੈਸੇ ਮਿਲ ਜਾਣਗੇ ਤਾਂ ਉਹ ਖਰਚ ਹੋ ਜਾਣਗੇ। ਇਨ੍ਹਾਂ ਉਤੇ ਵੈਸੇ ਕੰਮ ਚਲਦਾ ਹੈ। ਸਾਨੂੰ ਸੈਂਟਰ ਗੌਰਮਿੰਟ ਵੱਲੋਂ ਪੈਸੇ ਰਿਲੀਜ਼ ਹੋ ਗਏ ਹਨ ਤੇ ਕੰਮ ਬੰਦ ਨਹੀਂ ਹੈ, ਕੰਮ ਚਲਦਾ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਮਾਨਯੋਗ ਸਪੀਕਰ ਸਾਹਿਬ, 1 ਕਰੋੜ 13 ਲੱਖ ਰੁਪਿਆ ਦਰਸਾਇਆ ਗਿਆ ਹੈ ਕਿ ਹੁਣ ਤੱਕ ਬਕਾਇਆ ਪਿਆ ਹੈ, ਮੈਂ ਉਸ ਦੇ ਬਾਰੇ ਜਾਨਣਾ ਚਾਹੁੰਦਾ ਹਾਂ ਕਿ ਪੈਸੇ ਵੀ ਪਏ ਹਨ, ਕੋਈ ਖਾਸ ਕੰਮ ਵੀ ਨਹੀਂ ਚਲ ਰਿਹਾ ਹੈ ਅਤੇ ਦੂਜੇ ਪਾਸੇ ਜਿਹੜੇ ਮਜ਼ਦੂਰਾਂ ਨੇ ਮਜ਼ਦੂਰੀ ਕੀਤੀ ਹੈ, ਕੰਮ ਕੀਤਾ ਹੈ, ਉਨ੍ਹਾਂ ਸਬੰਧੀ

Original with;
Punjab Vidhan Sabha
Digitized by;
Panjab Digital Library

ਪੰਜ ਸੱਤ ਪਿੰਡਾਂ ਦੀ ਲਿਸਟ ਮੇਰੇ ਪਾਸ ਹੈ ਉਨ੍ਹਾਂ ਨੂੰ ਅਜੇ ਤੱਕ ਦੁਆਨੀ ਨਹੀਂ ਮਿਲੀ, ਇਸ ਦਾ ਕੀ ਕਾਰਨ ਹੈ? ਕੀ ਉਨ੍ਹਾਂ ਨੂੰ ਜਾਣ ਬੁਝ ਕੇ ਜ਼ਲੀਲ ਕੀਤਾ ਜਾ ਰਿਹਾ ਹੈ ਜਾਂ ਇਸ ਦੇ ਵਿੱਚ ਕੋਈ ਹੋਰ ਰਾਜ਼ ਹੈ ਜਾਂ ਪੰਜਾਬ ਸਰਕਾਰ ਸੈਂਟਰ ਸਰਕਾਰ ਦੀ ਪਾਲਿਸੀ ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕਰਨਾ ਚਾਹੁੰਦੀ ਅਤੇ ਇਸ ਦਾ ਲੋਕਾਂ ਨੂੰ ਲਾਭ ਨਹੀਂ ਪਹੁੰਚਾਉਣਾ ਚਾਹੁੰਦੀ? ਇਸ ਦਾ ਮੰਤਰੀ ਸਾਹਿਬ ਜਵਾਬ ਦੇਣ।

**ਮਾਨਯੋਗ ਸਪੀਕਰ :** ਵੈਸੇ ਜਵਾਬ ਤਾਂ ਆ ਹੀ ਗਿਆ ਹੈ, ਜਿਹੜੇ ਮੁਲਾਜ਼ਮਾਂ ਨੇ ਕੰਮ ਕੀਤਾ ਹੈ ਪਰ ਉਨ੍ਹਾਂ ਨੂੰ ਪੈਸੇ ਨਹੀਂ ਮਿਲੇ, ਤੁਸੀਂ ਉਨ੍ਹਾਂ ਦੇ ਬਾਰੇ ਦੱਸੋ।

**ਮੰਤਰੀ :** ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਤਾਂ ਇਹ ਦੱਸ ਦੇਣ। ਇਹ ਕੰਮ ਤਾਂ ਬਹੁਤ ਵਧੀਆ ਚਲ ਰਿਹਾ ਹੈ। ਸਾਡੇ ਕੋਲ ਪੈਸੇ ਤਾਂ ਹਨ, ਸੈਂਟਰ ਗੌਰਮਿੰਟ ਨੇ ਦਿੱਤੇ ਹਨ। ਸਾਡੇ ਕੋਲ 108 ਕਰੋੜ ਰੁਪਏ ਹਨ ਅਤੇ ਕੰਮ ਚਲ ਰਿਹਾ ਹੈ। ਇਹ ਕੋਈ ਸ਼ਿਕਾਇਤ ਦੱਸਣ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਸ਼ਿਕਾਇਤ ਬਹੁਤ ਵੱਡੀ ਹੈ। ਮੇਰੇ ਕੋਲ ਪੰਜ ਸੱਤ ਪਿੰਡਾਂ ਦੀ ਲਿਸਟ ਹੈ, ਉਹ ਵੀ ਭੇਜ ਸਕਦੇ ਹਾਂ ਜਿਨ੍ਹਾਂ ਦੇ ਵਿੱਚ 30-30, 40-40 ਲੋਕ ਅੱਜ ਤੱਕ ਪੈਸਿਆਂ ਤੋਂ ਵਾਂਝੇ ਹਨ, ਉਨ੍ਹਾਂ ਲੋਕਾਂ ਦੀ ਸਿਰਫ 140/- ਰੁਪਏ ਦਿਨ ਦੀ ਮਜ਼ਦੂਰੀ ਹੈ ਪਰ ਉਨ੍ਹਾਂ ਨੂੰ ਇਹ ਪੈਸਾ ਨਹੀਂ ਮਿਲਿਆ ਤਾਂ ਫਿਰ ਉਹ ਆਪਣੇ ਪਰਿਵਾਰ ਕਿਵੇਂ ਪਾਲਣਗੇ। ਇਸ ਗੱਲ ਤੇ ਗੌਰ ਕੀਤੀ ਜਾਵੇ।

**ਮੰਤਰੀ :** ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਕਿਹਾ ਹੈ ਕਿ ਜੇ ਕੋਈ ਖਾਸ ਸ਼ਿਕਾਇਤ ਹੈ ਤਾਂ ਤੁਸੀਂ ਸਾਨੂੰ ਦੇ ਦਿਉ, ਅਸੀਂ ਪਤਾ ਕਰਵਾ ਲਵਾਂਗੇ ਕਿ ਕੰਮ ਕੀਤੇ ਹੋਏ ਦੇ ਪੈਸੇ ਕਿਉਂ ਨਹੀਂ ਦਿੱਤੇ ਗਏ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਜਿਹੜੇ ਲੋਕ ਢਿਡੋਂ ਭੁੱਖੇ ਬੈਠੇ ਹਨ, ਇਸ ਦੀ ਉਤੇ ਸ਼ਿਕਾਇਤ ਹੋ ਸਕਦੀ ਹੈ....

(ਇਸ ਸਮੇਂ ਮਾਈਕ ਬੰਦ ਸੀ ਅਤੇ ਆਵਾਜ਼ ਸਮਝ ਨਹੀਂ ਆ ਰਹੀ ਸੀ।)

**ਮਾਨਯੋਗ ਸਪੀਕਰ :** ਤੁਸੀਂ ਮਾਈਕ ਆਨ ਕਰ ਲਵੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਅਤੇ ਪੁੱਛਣਾ ਚਾਹੁੰਦਾ ਹਾਂ ਕਿ ਕੇਂਦਰ ਸਰਕਾਰ ਦੀ ਮਨਰੇਗਾ ਸਕੀਮ ਬੜੀ ਵਧੀਆ ਸਕੀਮ ਹੈ। ਇਸ ਦੇ ਵਿੱਚ ਇਹ ਹੈ ਕਿ ਜਿਹੜੇ ਅਨਇੰਪਲਾਇਡ ਬੰਦੇ ਹਨ, ਉਨ੍ਹਾਂ ਨੂੰ ਰੁਜ਼ਗਾਰ ਦੇਣਾ ਹੈ ਔਰ ਸਰਕਾਰ ਇਸ ਵਾਸਤੇ ਅਰਬਾਂ ਰੁਪਏ ਦੇ ਰਹੀ ਹੈ। ਜੇਕਰ ਦੂਜੀਆਂ ਸਟੇਟਾਂ ਅੱਗੇ ਗਈਆ ਹਨ ਤਾਂ ਮਨਰੇਗਾ ਸਕੀਮ ਕਰਕੇ ਗਈਆ ਹਨ ਪਰ ਪੰਜਾਬ ਸਰਕਾਰ ਇਸ ਨੂੰ ਲਾਗੂ ਕਰਨ ਵਿੱਚ ਫੇਲ੍ਹ ਰਹੀ ਹੈ। ਮੰਤਰੀ ਜੀ, ਕੀ ਕਾਰਨ ਹੈ

Original with;
Punjab Vidhan Sabha
Digitized by;
Panjab Digital Library

[ **ਸਰਦਾਰ ਚਰਨਜੀਤ ਸਿੰਘ ਚੰਨੀ** ]

ਕਿ ਤੁਹਾਡੇ ਅਫ਼ਸਰ ਸਰਪੰਚਾਂ ਨੂੰ ਤੰਗ ਕਰਦੇ ਹਨ ਅਤੇ ਇਸ ਦੇ ਵਿੱਚ ਉਨ੍ਹਾਂ ਤੋਂ 15% ਕਮਿਸ਼ਨ ਮੰਗਦੇ ਹਨ ਜਦੋਂ ਕਿ ਇਹ ਲੋਕਾਂ ਦਾ ਹੀ ਪੈਸਾ ਹੈ ਅਤੇ ਲੋਕਾ ਨੂੰ ਹੀ ਦੇਣਾ ਹੈ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਕੀ ਕਾਰਨ ਹੈ ਕਿ ਪੰਜਾਬ ਦੇ ਵਿੱਚ ਸਰਕਾਰ ਮਨਰੇਗਾ ਸਕੀਮ ਨੂੰ ਸਹੀ ਤਰੀਕੇ ਨਾਲ ਲਾਗੂ ਨਹੀਂ ਕਰ ਸਕੀ?

**ਮੰਤਰੀ :** ਵੈਸੇ ਤਾਂ ਇਨ੍ਹਾਂ ਦਾ ਸਵਾਲ ਨਾਲ ਕੋਈ ਤਾਅਲੁੱਕ ਨਹੀਂ ਹੈ ਪਰ ਫਿਰ ਵੀ ਮੈਂ ਦੱਸਣਾ ਚਾਹੁੰਦਾ ਹਾਂ ਕਿ ਪਹਿਲਾਂ ਇਸ ਸਕੀਮ ਤਹਿਤ ਦਿਹਾੜੀ 123/- ਰੁਪਏ ਸੀ। ਫਿਰ ਬਾਦਲ ਸਾਹਿਬ, ਸੈਂਟਰ ਦੀ ਸਰਕਾਰ ਕੋਲ ਜਾ ਕੇ ਮਿਲੇ ਅਤੇ ਇਨ੍ਹਾਂ ਦੇ ਯਤਨਾਂ ਸਦਕਾ ਹੁਣ ਦਿਹਾੜੀ 153/- ਰੁਪਏ ਹੈ। (ਥੰਪਿੰਗ) ਪੈਸੇ ਸਾਡੇ ਕੋਲ ਹਨ ਅਤੇ ਕੰਮ ਸਾਡੇ ਕੋਲ ਚਲਦੇ ਹਨ। ਜੇ ਤੁਹਾਨੂੰ ਕੋਈ ਸ਼ਿਕਾਇਤ ਹੈ ਕਿ ਫਲਾਣਾ ਅਫ਼ਸਰ ਸਰਪੰਚ ਤੋਂ ਪੈਸੇ ਮੰਗਦਾ ਹੈ ਜਾਂ ਸਰਪੰਚ ਦੀ ਗਲਤੀ ਹੈ ਤਾਂ ਸਾਨੂੰ ਦੱਸ ਦਿਉ, ਉਸ ਉਤੇ ਅਸੀਂ ਐਕਸ਼ਨ ਲੈ ਲਵਾਂਗੇ। ਪਰ ਜਨਰਲੀ ਤੌਰ ਤੇ ਕਹਿ ਦੇਣਾ ਕਿ ਸਾਰੇ ਲੋਕ ਪੈਸੇ ਮੰਗਦੇ ਹਨ, ਇਹ ਗੱਲ ਤਾਂ ਮੰਨਣ ਵਿੱਚ ਨਹੀਂ ਆਉਂਦੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਸਪਲੀਮੈਂਟਰੀ ਹੈ ਜੀ। ਮਾਨਯੋਗ ਮੰਤਰੀ ਜੀ ਨੇ ਕਿਹਾ ਹੈ ਕਿ ਬਾਦਲ ਸਾਹਿਬ ਨੇ ਪੰਜਾਬ ਵਿੱਚ ਮੀਨੀਮਮ ਵੇਜਿਜ਼ ਵਧਾ ਕੇ 153/- ਰੁਪਏ ਕਰ ਦਿੱਤੀਆਂ ਹਨ। ਮੈਂ ਬਹੁਤ ਅਭਾਰੀ ਹਾਂ ਅਤੇ ਸਾਥੀਆਂ ਨੇ ਵੀ ਇਸ ਗੱਲ ਤੇ ਮੇਜ਼ ਥਪਥਪਾਈ ਹੈ। ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਹੁਣ ਤੋਂ ਚਾਰ ਸਾਲ ਪਹਿਲਾਂ ਤੱਕ ਜਦੋਂ ਵੀ ਮਨਰੇਗਾ ਸਕੀਮ ਦੀ ਗੱਲ ਆਈ ਤਾਂ ਆਨਰੇਬਲ ਚੀਫ ਮਨਿਸਟਰ ਸਾਹਿਬ ਨੇ ਹਰ ਵਾਰੀ ਖੁਦ ਕਿਹਾ ਕਿ ਇਹ ਮਨਰੇਗਾ ਸਕੀਮ ਪੰਜਾਬ ਵਿੱਚ ਇਸ ਕਰਕੇ ਕਾਮਯਾਬ ਨਹੀਂ ਹੋ ਸਕਦੀ ਕਿਉਂਕਿ ਪੰਜਾਬ ਵਿੱਚ ਦਿਹਾੜੀਆਂ ਬਹੁਤ ਘੱਟ ਹਨ। ਮੇਰਾ ਸਵਾਲ ਮੰਤਰੀ ਜੀ ਨੂੰ ਇਹ ਹੈ ਕਿ **was it within the purview of your Government to raise these minimum wages which has been done now? Could it not have been done earlier?** ਕੀ ਇਹ ਕੰਮ ਪਹਿਲਾਂ ਨਹੀਂ ਹੋ ਸਕਦਾ ਸੀ? ਕੀ ਇਹ ਪਹਿਲਾਂ ਮੀਨੀਮਮ ਵੇਜਿਜ਼ ਨਹੀਂ ਵਧਾ ਸਕਦੇ ਸੀ? ਕੀ ਇਹ ਸੈਂਟਰ ਗੌਰਮਿੰਟ ਨੇ ਵਧਾਉਣੀਆਂ ਸਨ ਜਾਂ ਬਾਦਲ ਸਾਹਿਬ ਨੇ ਵਧਾਉਣੀਆਂ ਸਨ?

**ਮਾਨਯੋਗ ਸਪੀਕਰ :** ਤੁਹਾਡਾ ਸਵਾਲ ਕੀ ਹੈ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਮੇਰਾ ਸਵਾਲ ਹੈ ਕਿ ਹੁਣ ਦਿਹਾੜੀ ਵਧਾ ਕੇ 153/- ਰੁਪਏ ਕਰ ਦਿੱਤੀ ਹੈ, ਬਾਦਲ ਸਾਹਿਬ ਦਾ ਚਾਰ ਸਾਲਾਂ ਦੌਰਾਨ ਇਕੋ ਇੱਕ ਜਵਾਬ ਰਿਹਾ ਹੈ ਕਿ ਮਨਰੇਗਾ ਪੰਜਾਬ ਵਿੱਚ ਇਸ ਕਰਕੇ ਨਹੀਂ ਕਾਮਯਾਬ ਹੋ ਰਹੀ ਕਿਉਂਕਿ ਇਥੇ ਦਿਹਾੜੀ ਬਹੁਤ ਘੱਟ ਹੈ। ਸਾਡੇ ਕੋਈ 120/- ਰੁਪਏ ਦਿਹਾੜੀ ਤੇ ਕੰਮ ਕਰਨ ਨੂੰ ਤਿਆਰ ਨਹੀਂ ਹੈ। ਹੁਣ ਇਨ੍ਹਾਂ ਨੇ ਵਧਾ ਕੇ ਇਹ 153/- ਰੁਪਏ ਕਥ ਦਿੱਤੀ

Original with;
Punjab Vidhan Sabha
Digitized by;
Panjab Digital Library

ਹੈ। ਮੈਂ ਸੀ.ਐਮ. ਸਾਹਿਬ ਦਾ ਬਹੁਤ ਅਭਾਰੀ ਹਾਂ। ਪਰ ਕੀ ਇਹੀ ਕੰਮ ਇਹ ਪਹਿਲਾਂ ਨਹੀਂ ਕਰ ਸਕਦੇ ਸੀ?

**ਮਾਨਯੋਗ ਸਪੀਕਰ :** ਕੀ ਤੁਸੀਂ ਇਸ ਦੇ ਖਿਲਾਫ ਹੋ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੈਂ ਤਾਂ ਇਸ ਨੂੰ ਵਧਾਉਣ ਵਾਸਤੇ ਇਨ੍ਹਾਂ ਦਾ ਧੰਨਵਾਦ ਕਰ ਰਿਹਾ ਹਾਂ। ਪਰ ਇਨ੍ਹਾਂ ਨੇ ਚਾਰ ਸਾਲ ਪਹਿਲਾਂ ਤੱਕ ਇਕੋ ਇੱਕ ਰੀਜ਼ਨ ਦੱਸਿਆ ਸੀ ਕਿ ਮਨਰੇਗਾ ਸਕੀਮ ਪੰਜਾਬ ਵਿੱਚ ਸਹੀ ਤਰੀਕੇ ਨਾਲ ਲਾਗੂ ਨਹੀਂ ਹੋ ਸਕਦੀ ਕਿਉਂਕਿ ਇਥੇ ਦਿਹਾੜੀ ਬਹੁਤ ਘੱਟ ਹੈ। ਪਰ ਦਿਹਾੜੀ ਵਧਾਉਣ ਦੀ ਜ਼ਿੰਮੇਵਾਰੀ ਕਿਸ ਦੀ ਸੀ? I want a simple answer to this. Whether it was the State which was responsible or whether it was the Central Government?

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਮੇਰਾ ਖਿਆਲ ਹੈ ਕਿ ਮੈਂ ਇਸ ਸਬੰਧ ਵਿੱਚ ਪਲਾਨਿੰਗ ਕਮਿਸ਼ਨ ਵਿੱਚ ਜਾ ਕੇ ਕਈ ਦਫ਼ਾ ਡਿਪਟੀ ਚੇਅਰਮੈਨ, ਪਲਾਨਿੰਗ ਕਮਿਸ਼ਨ ਨੂੰ ਮਿਲਿਆ ਹਾਂ ਅਤੇ ਕਿਹਾ ਕਿ ਇਹ ਸਾਡੇ ਨਾਲ ਬੜਾ ਵਿਤਕਰਾ ਹੈ। ਪੰਜਾਬ ਅਤੇ ਹਰਿਆਣਾ ਦੋਨਾਂ ਸਟੇਟਾਂ ਦੇ ਲੋਕ ਇਕੋ ਜਿਹੇ ਹਨ, ਉਨ੍ਹਾਂ ਦੇ ਮਸਲੇ ਇਕੋ ਜਿਹੇ ਹਨ। ਉਥੇ ਸ਼ਾਇਦ ਦਿਹਾੜੀ ਇਸ ਤੋਂ ਵੀ ਜ਼ਿਆਦਾ ਮਿਲਦੀ ਹੋਣੀ ਹੈ, ਮੈਨੂੰ ਐਗਜ਼ੈਕਟ ਤਾਂ ਪਤਾ ਨਹੀਂ ਹੈ। ਮੈਂ ਬੜੀ ਹੀ ਮੁਸ਼ਕਿਲ ਨਾਲ ਕੋਸ਼ਿਸ਼ ਕਰਕੇ, ਇਕ ਤਾਂ percentage ਵਧਾਈ ਅਤੇ ਇੱਕ ਮਨਰੇਗਾ ਦੀ ਦਿਹਾੜੀ ਦੀ ਗੱਲ ਕੀਤੀ। ਮੈਂ ਤਾਂ ਸੈਂਟਰ ਸਰਕਾਰ ਕੋਲ ਇਸ ਕੰਮ ਵਾਸਤੇ 10 ਵਾਰੀ ਗਿਆ ਹਾਂ। ਮੇਰੇ ਕੋਲ ਰਿਕਾਰਡ ਹੈ। ਮੈਂ ਸਾਰੀਆਂ ਚਿੱਠੀਆ ਰਿਕਾਰਡ ਤੇ ਦਿਖਾ ਸਕਦਾ ਹਾਂ ਅਤੇ ਦੱਸ ਸਕਦਾ ਹਾਂ ਕਿ ਮੈਂ ਉਥੇ ਕਿੰਨੀ ਵਾਰੀ ਗਿਆ ਹਾਂ।

**ਮਾਨਯੋਗ ਸਪੀਕਰ :** ਅਗਲਾ ਸਵਾਲ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੇਰੇ ਸਵਾਲ ਦਾ ਸਹੀ ਜਵਾਬ ਨਹੀਂ ਆਇਆ। ਫਾਈਨਾਂਸ ਮਨਿਸਟਰ ਬੈਠੇ ਹਨ, ਇਹ ਇਸ ਦਾ ਜਵਾਬ ਦੇਣ।

**ਮਾਨਯੋਗ ਸਪੀਕਰ :** ਇਸ ਤੇ ਕਾਫ਼ੀ ਸਪਲੀਮੈਂਟਰੀਆਂ ਹੋ ਗਈਆਂ ਹਨ। ਹੁਣ ਅਗਲਾ ਸਵਾਲ।

---

## ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪ੍ਰਤੀਨਿਯੁਕਤੀ

***2229. ਚੌਧਰੀ ਮੋਹਨ ਲਾਲ :** ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਪੰਜਾਬ ਸਰਕਾਰ ਦੇ ਅਮਲੇ ਨੂੰ ਚੰਡੀਗੜ੍ਹ ਪ੍ਰਸ਼ਾਸਨ ਪਾਸ ਪ੍ਰਤੀਨਿਯੁਕਤੀ ਉਤੇ

Original with;
Punjab Vidhan Sabha
Digitized by;
Panjab Digital Library

**[ ਚੌਧਰੀ ਮੋਹਨ ਲਾਲ ]**

ਭੇਜਣ ਲਈ ਰਾਜ ਸਰਕਾਰ ਦੁਆਰਾ ਨਿਰਧਾਰਿਤ ਕੀਤੀ ਗਈ ਕਸੌਟੀ/ ਨੀਤੀ ਕੀ ਹੈ ;

(ਅ) ਉਨ੍ਹਾਂ ਫਾਰਮਾਸਿਸਟਾਂ ਦੇ ਨਾਂ ਕੀ ਹਨ ਜਿਹੜੇ ਚੰਡੀਗੜ੍ਹ ਪ੍ਰਸ਼ਾਸਨ ਪਾਸ ਪ੍ਰਤੀਨਿਯੁਕਤੀ ਤੇ ਹਨ ਅਤੇ ਕਿਸ ਮਿਤੀ ਤੋਂ ;

(ੲ) ਉਨ੍ਹਾਂ ਫਾਰਮਾਸਿਸਟਾਂ ਦੇ ਨਾਂ ਕੀ ਹਨ ਜਿਹੜੇ ਚੰਡੀਗੜ੍ਹ ਪ੍ਰਸ਼ਾਸਨ ਪਾਸ ਮਿਆਦ ਨਾਲੋਂ ਵੱਧ ਸਮੇਂ ਲਈ ਪ੍ਰਤੀਨਿਯੁਕਤੀ ਉਤੇ ਰਹੇ ਅਤੇ ਇਸ ਦੇ ਕਾਰਨ ਕੀ ਹਨ ;

(ਸ) ਪੰਜਾਬ ਸਰਕਾਰ ਦੇ ਅਮਲੇ ਦੇ ਹੋਰ ਯੋਗ ਮੈਂਬਰਾਂ ਨੂੰ ਪ੍ਰਤੀਨਿਯੁਕਤੀ ਦਾ ਮੌਕਾ ਦੇਣ ਲਈ ਪਹਿਲਾਂ ਤਾਇਨਾਤ ਅਮਲੇ ਨੂੰ ਵਾਪਸ ਬੁਲਾਉਣ ਲਈ ਵਿਭਾਗ ਦੁਆਰਾ ਚੁੱਕੇ ਜਾ ਰਹੇ/ਚੁੱਕੇ ਜਾਣ ਵਾਲੇ ਤਜ਼ਵੀਜਤ ਕਦਮ ਕੀ ਹਨ?

**ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਅਰੁਨੇਸ਼ ਸ਼ਾਕਰ) :** ਸ਼੍ਰੀਮਾਨ ਜੀ, (ੳ) ਪੰਜਾਬ ਸਰਕਾਰ ਦੇ ਅਮਲੇ ਨੂੰ ਚੰਡੀਗੜ੍ਹ ਪ੍ਰਸ਼ਾਸਨ ਪਾਸ ਪੰਜਾਬ ਸਰਕਾਰ ਦੀਆਂ ਹਦਾਇਤਾਂ ਪੱਤਰ ਨੰ: 5/75/90-3ਪੀ.ਪੀ.-3/20625 ਮਿਤੀ 30.11.1990 ਵਿੱਚ ਨਿਰਧਾਰਤ ਨੀਤੀ ਅਨੁਸਾਰ ਪ੍ਰਤੀਨਿਯੁਕਤੀ ਤੇ ਭੇਜਿਆ ਜਾਂਦਾ ਹੈ। ਇਨ੍ਹਾਂ ਹਦਾਇਤਾਂ ਦੀ ਕਾਪੀ **ਅਨੁਲੱਗ "ੳ"** ਤੇ ਰੱਖੀ ਜਾਂਦੀ ਹੈ।

(ਅ) ਚੰਡੀਗੜ੍ਹ ਪ੍ਰਸ਼ਾਸਨ ਅਧੀਨ ਇਸ ਸਮੇਂ 26 ਫਾਰਮਾਸਿਸਟ ਕੰਮ ਕਰ ਰਹੇ ਹਨ ਜਿਨ੍ਹਾਂ ਦਾ ਨਾਮ ਅਤੇ ਉਨ੍ਹਾਂ ਦੇ ਚੰਡੀਗੜ੍ਹ ਪ੍ਰਸ਼ਾਸਨ ਪਾਸ ਕੰਮ ਕਰਨ ਦੀ ਮਿਤੀ ਬਾਰੇ ਸੂਚੀ **ਅਨੁਲੱਗ "ਅ"** ਤੇ ਰੱਖੀ ਜਾਂਦੀ ਹੈ।

(ੲ) **ਅਨੁਲੱਗ "ਅ"** ਵਿੱਚ ਦਰਸਾਏ 26 ਫਾਰਮਾਸਿਸਟ ਜਿਹੜੇ ਚੰਡੀਗੜ੍ਹ ਪ੍ਰਸ਼ਾਸਨ ਪਾਸ ਪ੍ਰਤੀਨਿਯੁਕਤੀ ਤੇ ਹਨ, ਇਹ ਸਾਰੇ ਹੀ ਫਾਰਮਾਸਿਸਟ ਨਿਰਧਾਰਤ ਮਿਆਦ (5 ਸਾਲ) ਤੋਂ ਵੱਧ ਸਮੇਂ ਤੋਂ ਚੰਡੀਗੜ੍ਹ ਪ੍ਰਸ਼ਾਸਨ ਪਾਸ ਪ੍ਰਤੀਨਿਯੁਕਤੀ ਤੇ ਕੰਮ ਕਰ ਰਹੇ ਹਨ। ਇਨ੍ਹਾਂ ਫਾਰਮਾਸਿਸਟਾਂ ਦੀ ਪ੍ਰਤੀਨਿਯੁਕਤੀ ਵਿੱਚ ਚੰਡੀਗੜ੍ਹ ਪ੍ਰਸ਼ਾਸਨ ਦੀ ਸਿਫਾਰਸ਼ ਤੇ ਹਰ ਸਾਲ ਵਾਧਾ ਕੀਤਾ ਜਾ ਰਿਹਾ ਹੈ।

(ਸ) ਪੰਜਾਬ ਸਰਕਾਰ ਵੱਲੋਂ ਜਾਰੀ ਹਦਾਇਤਾਂ ਅਨੁਸਾਰ ਪ੍ਰਤੀਨਿਯੁਕਤੀ ਦਾ ਸਮਾਂ 5 ਸਾਲ ਰੱਖਿਆ ਗਿਆ ਹੈ। ਇਸ 5 ਸਾਲ ਦੀ ਮਿਆਦ ਤੋਂ ਬਾਅਦ ਪ੍ਰਤੀਨਿਯੁਕਤੀ ਤੇ ਗਏ ਕਰਮਚਾਰੀਆਂ ਦੀ ਪ੍ਰਤੀਨਿਯੁਕਤੀ ਦੀ ਮਿਆਦ ਵਿੱਚ ਵਾਧਾ ਕੀਤਾ ਜਾ ਰਿਹਾ ਹੈ। ਇਥੇ ਇਹ ਵੀ ਦੱਸਣਾ ਉਚਿਤ ਹੋਵੇਗਾ ਕਿ ਯੂ.ਟੀ. ਦੇ ਫਾਰਮਾਸਿਸਟਾਂ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੇ ਦਰਮਿਆਨ ਸੈਂਟਰਲ ਐਡਮਨਿਸਟਰੇਟਿਵ ਟ੍ਰਿਬਿਊਨਲ ਚੰਡੀਗੜ੍ਹ ਵਿੱਚ ਹੋਏ ਕੇਸ ਵਿੱਚ ਪੰਜਾਬ ਰਾਜ ਤੋਂ ਪ੍ਰਤੀਨਿਯੁਕਤੀ ਤੇ ਗਏ ਫਾਰਮਾਸਿਸਟਾਂ ਨੂੰ ਵਾਪਸ ਭੇਜਣ ਦਾ

Original with;
Punjab Vidhan Sabha
Digitized by;
Panjab Digital Library

ਫੈਸਲਾ ਦਿੱਤਾ ਗਿਆ ਸੀ। ਇਸ ਫੈਸਲੇ ਦੇ ਵਿਰੁੱਧ ਪੰਜਾਬ ਰਾਜ ਦੇ ਚੰਡੀਗੜ੍ਹ ਪ੍ਰਸ਼ਾਸਨ ਅਧੀਨ ਪ੍ਰਤੀਨਿਯੁਕਤੀ ਤੇ ਗਏ ਫਾਰਮਾਸਿਸਟਾਂ ਵੱਲੋਂ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਇੱਕ ਰਿਟ ਪਟੀਸ਼ਨ ਨੰ: 9426 ਆਫ 2002 ਟਾਈਟਲਡ ਸ਼੍ਰੀ ਖੇਮ ਰਾਜ ਗਰਗ, ਫਾਰਮਾਸਿਸਟ ਅਤੇ ਹੋਰ ਬਨਾਮ ਚੰਡੀਗੜ੍ਹ ਪ੍ਰਸ਼ਾਸਨ ਦਾਇਰ ਕੀਤੀ ਗਈ ਹੈ, ਜਿਸ ਵਿੱਚ ਮਾਨਯੋਗ ਹਾਈ ਕੋਰਟ ਵੱਲੋਂ ਮਿਤੀ 20.06.2002 ਨੂੰ ਸਟੇਅ ਦਿੱਤੀ ਗਈ ਹੈ ਅਤੇ ਇਹ ਕੇਸ ਕੋਰਟ ਵਿੱਚ ਸੁਣਵਾਈ ਲਈ ਐਡਮਿਟਡ ਹੈ। ਇਸ ਲਈ ਇਹ ਮਾਮਲਾ ਸਬ-ਜੁਡਿਸ ਹੋਣ ਕਾਰਨ ਹਾਲ ਦੀ ਘੜੀ ਚੰਡੀਗੜ੍ਹ ਪ੍ਰਸ਼ਾਸਨ ਅਧੀਨ ਪ੍ਰਤੀਨਿਯੁਕਤੀ ਤੇ ਗਏ ਫਾਰਮਾਸਿਸਟਾਂ ਨੂੰ ਵਾਪਸ ਬੁਲਾਉਣ ਅਤੇ ਉਨ੍ਹਾਂ ਦੀ ਥਾਂ ਤੇ ਹੋਰ ਯੋਗ ਅਮਲੇ ਨੂੰ ਭੇਜਣ ਬਾਰੇ ਕੋਈ ਵਿਚਾਰ ਕਰਨਾ ਉਚਿਤ ਨਹੀਂ।

## ਅਨੁਲੱਗ "ੳ"

**ਗਸ਼ਤੀ ਪੱਤਰ ਨੰ: 5/75/90-5ਪੀ.ਪੀ./20625 ਮਿਤੀ 30.11.1990 ਵੱਲੋਂ ਪੰਜਾਬ ਸਰਕਾਰ, ਪ੍ਰਸੋਨਲ ਅਤੇ ਪ੍ਰਬੰਧਕੀ ਸੁਧਾਰ ਵਿਭਾਗ, ਵੱਲ ਪੰਜਾਬ ਸਰਕਾਰ ਦੇ ਸਮੂਹ ਵਿਭਾਗਾਂ ਦੇ ਮੁੱਖੀ ਆਦਿ।**

**ਵਿਸ਼ਾ : ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਚੰਡੀਗੜ੍ਹ ਪ੍ਰਸ਼ਾਸਨ ਵਿੱਚ ਪ੍ਰਤੀਨਿਯੁਕਤੀ/ਸਥਾਈ ਤੌਰ ਤੇ ਜਜ਼ਬ ਕੀਤੇ ਜਾਣ ਲਈ ਉਮੀਦਵਾਰਾਂ ਨੂੰ ਸਪਾਂਸਰ ਕਰਨ ਸਬੰਧੀ ਪਾਲਿਸੀ।**

ਉਪਰੋਕਤ ਵਿਸ਼ੇ ਸਬੰਧੀ ਮੈਨੂੰ ਇਹ ਦੱਸਣ ਦਾ ਆਦੇਸ਼ ਹੋਇਆ ਹੈ ਕਿ ਪ੍ਰਬੰਧਕੀ ਵਿਭਾਗ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਸੇਵਾ ਲਈ ਸਪਾਂਸਰ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਚੋਣ ਲਈ ਵੱਖੋ-ਵੱਖਰੇ ਢੰਗ ਅਪਣਾ ਰਹੇ ਹਨ ਅਤੇ ਉਨ੍ਹਾਂ ਸਮੂਹ ਮਾਮਲਿਆਂ ਜਿਨ੍ਹਾਂ ਵਿੱਚ ਕਰਮਚਾਰੀਆਂ ਦੀ ਪ੍ਰਤੀ ਨਿਯੁਕਤੀ ਕਰਨ ਲਈ ਬਿਨੈ ਪੱਤਰ ਪ੍ਰਾਪਤ ਹੋਏ ਹਨ, ਪਰੰਤੂ ਇਸ ਵਿਸ਼ੇ ਤੇ ਕੋਈ ਇੱਕ ਸਾਰ ਪਾਲਿਸੀ ਨਹੀਂ ਹੈ ਅਤੇ ਇਸ ਸਬੰਧੀ ਸਰਕਾਰ ਨੇ ਇੱਕ ਸਾਰ ਪਾਲਿਸੀ ਅਪਣਾਉਣ ਦੇ ਮਾਮਲੇ ਤੇ ਵਿਚਾਰ ਕੀਤਾ ਹੈ ਅਤੇ ਇਸ ਸਬੰਧ ਵਿੱਚ ਨਿਮਨ ਕਦਮ ਚੁੱਕੇ ਜਾਣੇ ਚਾਹੀਦੇ ਹਨ :

(1) ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਦੁਆਰਾ ਚੋਣ ਕਰਨ ਲਈ ਵਿਚਾਰ ਕਰਨ ਹਿਤ ਉਮੀਦਵਾਰਾਂ ਦੇ ਨਾਂ ਭੇਜਣ ਲਈ ਸਿਫਾਰਸ਼ਾਂ ਕਰਨ ਸਬੰਧੀ ਪ੍ਰਬੰਧਕੀ ਵਿਭਾਗ ਨੂੰ ਸਬੰਧਤ ਸੇਵਾ ਦੇ ਮੈਂਬਰਾਂ ਤੱਕ ਅਜਿਹੀਆਂ ਅਸਾਮੀਆਂ ਬਾਰੇ ਜਾਣਕਾਰੀ ਸਰਕੂਲੇਟ ਕਰਨੀ ਚਾਹੀਦੀ ਹੈ ਅਤੇ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਦੁਆਰਾ ਵਿਚਾਰ ਕੀਤੇ ਜਾਣ ਲਈ ਇੱਕ ਪੈਨਲ ਬਣਾਉਣ ਵਾਸਤੇ ਹਰੇਕ ਅਸਾਮੀ ਦੇ ਘੱਟੋ-ਘੱਟ ਤਿੰਨ ਅਧਿਕਾਰੀ/ਕਰਮਚਾਰੀ ਚੁਣੇ ਜਾਣੇ ਚਾਹੀਦੇ ਹਨ।

Original with;
Punjab Vidhan Sabha
Digitized by;
Panjab Digital Library

[ ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

(2) ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਅਧੀਨ ਸੇਵਾ ਦੀ ਪ੍ਰਤੀ ਨਿਯੁਕਤੀ ਦੀ ਆਮ ਮਿਆਦ ਪੰਜ ਸਾਲ ਹੋਵੇਗੀ।

(3) ਪ੍ਰਤੀ ਨਿਯੁਕਤੀ ਦੌਰਾਨ ਸਰਕਾਰੀ ਕਰਮਚਾਰੀ ਆਪਣੇ ਮੂਲ ਵਿਭਾਗ ਵਿੱਚ ਆਪਣਾ ਲੀਅਨ ਉਦੋਂ ਤੱਕ ਰੱਖੇਗਾ ਜਦੋਂ ਤੱਕ ਉਹ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਜ਼ਜ਼ਬ ਨਹੀਂ ਹੋ ਜਾਂਦਾ।

(4) ਪ੍ਰਤੀ ਨਿਯੁਕਤੀ ਸਬੰਧੀ ਸਮੂਹ ਮਾਮਲਿਆਂ ਵਿੱਚ ਪ੍ਰਤੀ ਨਿਯੁਕਤੀ ਕਰਮਚਾਰੀ ਸਿਵਲ ਸੇਵਾ ਨਿਯਮਾਵਲੀ, ਜਿਲਦ-1 ਦੇ ਅਧਿਆਏ-10 ਵਿੱਚ ਪ੍ਰਭਾਸ਼ਿਤ ਪ੍ਰਤੀ ਨਿਯੁਕਤੀ ਦੀਆਂ ਸਾਧਾਰਨ ਸ਼ਰਤਾਂ ਅਨੁਸਾਰ ਸੰਚਾਲਿਤ ਹੋਣਗੇ (ਉਕਤ ਸ਼ਰਤਾਂ ਉਨ੍ਹਾਂ ਤੇ ਲਾਗੂ ਹੋਣਗੀਆਂ) ਪਰੰਤੂ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਉਨ੍ਹਾਂ ਦੀ ਸੇਵਾ ਦੇ ਸਮੇਂ ਦੌਰਾਨ ਉਨ੍ਹਾਂ ਨੂੰ ਕੋਈ ਪ੍ਰਤੀ ਨਿਯੁਕਤੀ ਭੱਤਾ ਨਹੀਂ ਦਿੱਤਾ ਜਾਵੇਗਾ।

(5) ਪ੍ਰਤੀ ਨਿਯੁਕਤੀ ਤੇ ਸੇਵਾ ਕਰਦੇ ਸਮੇਂ ਅਜਿਹੇ ਕਰਮਚਾਰੀਆਂ ਦੇ ਸਥਾਈ ਤੌਰ ਤੇ ਜ਼ਜ਼ਬ ਹੋਣ/ਪੱਕੇ ਹੋਣ ਦੀ ਸ਼ਰਤ ਵਿੱਚ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦਾ ਪ੍ਰਸ਼ਾਸਨ ਅਜਿਹਾ ਕਰਨ ਤੋਂ ਪਹਿਲਾਂ ਪ੍ਰਤੀ ਨਿਯੁਕਤੀ ਕਰਮਚਾਰੀਆਂ ਦੇ ਮੂਲ ਵਿਭਾਗ ਪਾਸੋਂ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' ਦੀ ਮੰਗ ਕਰੇਗਾ, ਮੂਲ ਵਿਭਾਗ ਪਾਸ ਸੇਵਾ/ਕਾਡਰ ਵਿੱਚ ਘਾਟ ਹੋ ਜਾਣ ਦਾ ਧਿਆਨ ਰੱਖੇਗਾ ਅਤੇ ਜੇਕਰ ਜਨ ਹਿਤ ਇਜ਼ਾਜਤ ਨਾ ਦੇਵੇ ਤਾਂ ਉਸ ਸੂਰਤ ਵਿੱਚ ਮੂਲ ਵਿਭਾਗ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਕਰਮਚਾਰੀ ਦੇ ਅਜਿਹੇ ਤੌਰ ਤੇ ਜ਼ਜ਼ਬ ਹੋਣ/ਪੱਕੇ ਹੋਣ ਦੀ ਮਨਾਹੀ ਵੀ ਕਰ ਸਕਦਾ ਹੈ। ਪ੍ਰਬੰਧਕੀ ਵਿਭਾਗ ਸਬੰਧਤ ਕਰਮਚਾਰੀ ਨੂੰ 'ਕੋਈ ਇਤਰਾਜ਼ ਨਹੀਂ ਸਰਟੀਫਿਕੇਟ' ਦੇਣ ਸਮੇਂ ਇਸ ਗੱਲ ਦਾ ਵੀ ਧਿਆਨ ਰੱਖੇਗਾ ਕਿ ਅਜਿਹਾ ਕਰਮਚਾਰੀ/ ਅਧਿਕਾਰੀ ਉਨੱਤ ਸਿੱਖਿਆ ਸਿਖਲਾਈ ਲੈਣ ਉਪਰੰਤ ਕਿਸੇ ਨਿਸ਼ਚਿਤ ਮਿਆਦ ਲਈ ਰਾਜ ਸਰਕਾਰ ਦੀ ਸੇਵਾ ਕਰਨ ਸਬੰਧੀ ਪ੍ਰਤੀਬੱਧ ਤਾਂ ਨਹੀਂ।

(6) ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਸੇਵਾ ਦੌਰਾਨ ਸਬੰਧਤ ਕਰਮਚਾਰੀ ਕੇਵਲ ਉਸੇ ਅਸਾਮੀ ਦੇ ਵਿਰੁੱਧ ਸੇਵਾ ਕਰੇਗਾ ਜਿਸ ਦੇ ਲਈ ਉਹ ਪ੍ਰਤੀਨਿਯੁਕਤੀ ਤੇ ਭੇਜਿਆ ਗਿਆ ਹੈ। ਜੇਕਰ ਉਕਤ ਅਸਾਮੀ ਅਪਗ੍ਰੇਡ ਕਰ ਦਿੱਤੀ ਜਾਂਦੀ ਹੈ ਜਾਂ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਵਿੱਚ ਕਰਮਚਾਰੀ ਦੀ ਕਿਸੇ ਉਚੇਰੀ ਅਸਾਮੀ ਲਈ ਤਰੱਕੀ ਵਾਸਤੇ ਵਾਰੀ ਆ ਜਾਂਦੀ ਹੈ ਤਾਂ ਉਸ ਸੂਰਤ ਵਿੱਚ ਉਸ ਕਰਮਚਾਰੀ ਨੂੰ ਉਸ ਦੇ ਮੂਲ ਵਿਭਾਗ ਵਿੱਚ ਪਰਤਾ ਦਿੱਤਾ ਜਾਵੇਗਾ ਅਤੇ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦਾ ਪ੍ਰਸ਼ਾਸਨ ਉਚੇਰੀ ਅਸਾਮੀ ਵਿਰੁੱਧ ਨਿਯੁਕਤੀ/

Original with;
Punjab Vidhan Sabha
Digitized by;
Panjab Digital Library

ਪ੍ਰਤੀਨਿਯੁਕਤੀ ਲਈ ਅਧਿਕਾਰੀਆਂ ਦੇ ਤਾਜ਼ਾ ਪੈਨਲ ਦੀ ਮੰਗ ਕਰੇਗਾ। ਉਦਾਹਰਣ ਵਜੋਂ ਇੱਕ ਸਹਾਇਕ ਕੇਂਦਰੀ ਪ੍ਰਸ਼ਾਸਿਤ ਦੇ ਪ੍ਰਸ਼ਾਸਨ ਪਾਸ ਪ੍ਰਤੀਨਿਯੁਕਤੀ ਤੇ ਹੈ ਅਤੇ ਇਹ ਅਸਾਮੀ ਅਪਗ੍ਰੇਡ ਹੋ ਜਾਂਦੀ ਹੈ ਜਾਂ ਉਸ ਕਰਮਚਾਰੀ ਦੀ ਕੇਂਦਰੀ ਪ੍ਰਸਾਸ਼ਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿੱਚ ਸੁਪਰਡੰਟ ਗਰੇਡ-2 ਦੀ ਅਸਾਮੀ ਲਈ ਤਰੱਕੀ ਵਾਸਤੇ ਵਾਰੀ ਆ ਜਾਂਦੀ ਹੈ ਤਾਂ ਅਜਿਹੇ ਕਰਮਚਾਰੀ ਨੂੰ ਸਕੱਤਰੇਤ ਵਾਪਸ ਪਰਤਾ ਦਿੱਤਾ ਜਾਣਾ ਚਾਹੀਦਾ ਹੈ ਅਤੇ ਸੁਪਰਡੰਟ ਦੀ ਅਸਾਮੀ ਵਿਰੁੱਧ ਸੁਪਰਡੰਟਾਂ ਵਿੱਚੋਂ ਤਾਜਾ ਪੈਨਲ ਦੀ ਮੰਗ ਕੀਤੀ ਜਾਵੇ ਅਤੇ ਜੇਕਰ ਕੇਂਦਰੀ ਪ੍ਰਸਾਸ਼ਿਤ ਪ੍ਰਦੇਸ਼ ਦਾ ਪ੍ਰਸ਼ਾਸਨ ਅਜਿਹੇ ਕਰਮਚਾਰੀ ਨੂੰ ਸੁਪਰਡੰਟ ਗਰੇਡ-2 ਦੇ ਪੱਧਰ ਦੀ ਤਰੱਕੀ ਦੇ ਦਿੰਦਾ ਹੈ ਤਾਂ ਉਸ ਸੂਰਤ ਵਿੱਚ ਅਜਿਹੀ ਤਰੱਕੀ ਉਸ ਕਰਮਚਾਰੀ ਦੇ ਮੂਲ ਵਿਭਾਗ ਵਿੱਚ ਉਸ ਕਿਸਮ ਦੀ ਤਰੱਕੀ ਤੇ ਕਿਸੇ ਕਲੇਮ ਸਬੰਧੀ ਉਚਿਤ ਨਹੀਂ ਹੋਵੇਗੀ।

2. ਇਹ ਹਦਾਇਤਾਂ ਉਨ੍ਹਾਂ ਸਭਨਾਂ ਕਰਮਚਾਰੀਆਂ ਤੇ ਵੀ ਲਾਗੂ ਹੋਣਗੀਆਂ, ਜੋ ਕੇਂਦਰੀ ਪ੍ਰਸ਼ਾਸਿਤ ਪ੍ਰਦੇਸ਼ ਦੇ ਪ੍ਰਸ਼ਾਸਨ ਵਿਚ ਪ੍ਰਤੀ ਨਿਯੁਕਤੀ ਤੇ ਹਨ ਅਤੇ ਉਥੇ ਕੰਮ ਕਰ ਰਹੇ ਹਨ।

## ਅਨੁਲੱਗ "ਅ"

**ਚੰਡੀਗੜ੍ਹ ਪ੍ਰਸ਼ਾਸਨ ਅਧੀਨ ਪ੍ਰਤੀਨਿਯੁਕਤੀ ਤੇ ਕੰਮ ਕਰਦੇ ਫਾਰਮਾਸਿਸਟਾਂ ਦੀ ਸੂਚੀ**

| ਲੜੀ ਨੰ: | ਫਾਰਮਾਸਿਸਟ ਦਾ ਨਾਂ | ਚੰਡੀਗੜ੍ਹ ਪ੍ਰਸ਼ਾਸਨ ਅਧੀਨ ਕੰਮ ਕਰਨ ਦੀ ਮਿਤੀ |
|---|---|---|
| 1. | ਚੰਦਰ ਪ੍ਰਭਾ | 01.02.1982 |
| 2. | ਦਿਨੇਸ਼ ਸ਼ਰਮਾ | 20.04.1983 |
| 3. | ਕਰਮ ਸਿੰਘ | 02.04.1984 |
| 4. | ਰਾਜੀਵ ਕੁਮਾਰ | 15.09.1985 |
| 5. | ਦਰਸ਼ਨ ਢੀਂਗਰਾ | 28.12.1985 |
| 6. | ਸਵੀਤਰੀ ਸ਼ਰਮਾ | 20.02.1985 |
| 7. | ਅੰਜੂ ਬਾਲਾ | 01.02.1986 |
| 8. | ਅਨੀਤਾ ਨਾਰੰਗ (ਅਰੋੜਾ) | 01.11.1985 |
| 9. | ਜਸਮੀਤ ਕੌਰ | 15.01.1988 |

Original with;
Punjab Vidhan Sabha
Digitized by;
Panjab Digital Library

[ ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ ]

| | | |
|---|---|---|
| 10. | ਆਸ਼ਾ ਰਾਣੀ | 16.01.1987 |
| 11. | ਸੰਗੀਤਾ | 19.06.1986 |
| 12. | ਸੁਨੀਤਾ ਦੇਵੀ | 22.04.1989 |
| 13. | ਅਸ਼ਵਨੀ ਕੁਮਾਰ | 01.02.1991 |
| 14. | ਸੀਮਾ ਕਸ਼ਅਪ | 24.02.1989 |
| 15. | ਬਲਵਿੰਦਰ ਕੌਰ | 15.06.1992 |
| 16. | ਗੁਰਮੀਤ ਕੌਰ | 12.04.1993 |
| 17. | ਸੁਸ਼ਮਾ | 25.05.1994 |
| 18. | ਰੀਟਾ ਕੁਮਾਰੀ | 30.06.1994 |
| 19. | ਅਨੀਤਾ ਵਰਮਾ | 17.12.1995 |
| 20. | ਸੁਨੀਤਾ ਰਾਣੀ | 02.06.1997 |
| 21. | ਨਰਿੰਦਰ ਕੌਰ | 26.11.1997 |
| 22. | ਅਨਮੋਲ ਰਤਨ | 12.02.1998 |
| 23. | ਜਗਤਾਰ ਸਿੰਘ | 18.02.1998 |
| 24. | ਸਰੋਜ ਸ਼ਰਮਾ | 17.09.2001 |
| 25. | ਮਹਿਮਾ ਰਾਣੀ | 14.02.2001 |
| 26. | ਸ਼ਿਵ ਕੁਮਾਰ | 17.02.2002 |

**ਚੌਧਰੀ ਮੋਹਨ ਲਾਲ :** ਸਪੀਕਰ ਸਾਹਿਬ, ਮੈਂ ਆਪ ਜੀ ਰਾਹੀਂ ਮੰਤਰੀ ਜੀ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਪੰਜ ਸਾਲ ਦਾ ਕ੍ਰਾਈਟੇਰੀਆ ਰੱਖਿਆ ਹੈ ਕਿ ਫਾਰਮਾਸਿਸਟ ਵਾਪਸ ਲੈਣੇ ਹਨ ਪਰ ਜਿਹੜਾ ਸਟੇਅ ਹੈ ਉਹ ਸਾਲ 2002 ਦਾ ਹੋਇਆ ਹੋਇਆ ਹੈ, ਉਸ ਸਟੇਅ ਨੂੰ ਵਾਪਸ ਲੈਣ ਲਈ ਇਨ੍ਹਾਂ ਨੇ ਕੀ ਯਤਨ ਕੀਤੇ ਹਨ ਔਰ ਜਿਹੜੇ ਲੋਕ 20-25 ਸਾਲਾਂ ਤੋਂ ਇੱਥੇ ਬੈਠੇ ਹਨ ਉਹ ਟਿਕੇ ਹੋਏ ਹਨ ਅਤੇ ਜਿਹੜੇ ਲੋਕ ਇਥੇ ਆਉਣਾ ਚਾਹੁੰਦੇ ਹਨ ਅਤੇ ਚੰਡੀਗੜ੍ਹ ਪ੍ਰਸ਼ਾਸਨ ਦੀ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਵਿਚਾਰਿਆਂ ਦਾ ਕੀ ਕਸੂਰ ਹੈ? ਇਸ ਨੂੰ 2002 ਤੋਂ ਹੁਣ ਤੱਕ ਤਕਰੀਬਨ 10 ਸਾਲ ਹੋ ਗਏ। ਸਰਕਾਰ ਨੇ ਸਟੇਅ ਵੇਕੇਟ ਕਰਾਉਣ ਦਾ ਕੀ ਯਤਨ ਕੀਤਾ ਹੈ?

**ਮੰਤਰੀ :** ਸਪੀਕਰ ਸਾਹਿਬ, ਹਾਈ ਕੋਰਟ ਵਿੱਚ ਇਹ ਕਾਰਵਾਈ ਚਲ ਰਹੀ ਹੈ ਪਰ ਹਾਲੇ ਤੱਕ ਹਾਈ ਕੋਰਟ ਨੇ ਕੋਈ ਡੇਟ ਦਿੱਤੀ ਨਹੀਂ।

Original with;
Punjab Vidhan Sabha
Digitized by;
Panjab Digital Library

**ਚੌਧਰੀ ਮੋਹਨ ਲਾਲ :** ਸਪੀਕਰ ਸਾਹਿਬ, ਬੜੇ ਦੁੱਖ ਦੀ ਗੱਲ ਹੈ ਕਿ 10 ਸਾਲ ਹੋ ਗਏ ਹਨ ਜਦ ਕਿ ਪੰਜ ਸਾਲ ਦਾ ਤਾਂ ਇਨ੍ਹਾਂ ਦਾ ਕ੍ਰਾਈਟੇਰੀਆ ਹੀ ਹੈ ਕਿ ਉਨ੍ਹਾਂ ਨੂੰ ਵਾਪਸ ਲੈਣਾ ਹੈ ਔਰ ਉਸ ਤੋਂ ਪਹਿਲਾਂ ਹੀ ਉਹ 15-20 ਸਾਲ ਤੋਂ ਇੱਥੇ ਬੈਠੇ ਹਨ। ਹੋਰ ਫਾਰਮਾਸਿਸਟ ਵੀ ਇੱਥੇ ਆ ਕੇ ਚੰਡੀਗੜ੍ਹ ਪ੍ਰਸ਼ਾਸਨ ਦੀ ਸੇਵਾ ਕਰਨਾ ਚਾਹੁੰਦੇ ਹਨ, ਉਨ੍ਹਾਂ ਦੇ ਪਰਿਵਾਰ ਵੀ ਚਾਹੁੰਦੇ ਹਨ ਕਿ ਇੱਥੇ ਆ ਕੇ ਆਪਣੇ ਬੱਚਿਆਂ ਨੂੰ ਚੰਗੀ ਪੜ੍ਹਾਈ ਕਰਵਾਈਏ।

**ਸ਼੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਤੁਹਾਡੇ ਰਾਹੀਂ ਪੁੱਛਣਾ ਚਾਹੁੰਦਾ ਹਾਂ ਕਿ ਇੱਕ ਵਿਅਕਤੀ ਦੀ ਪਟੀਸ਼ਨ 2002 ਦੀ ਪੈਂਡਿੰਗ ਹੈ, ਉਸ ਦੇ ਬਾਅਦ ਸਾਰੇ ਦਾ ਸਾਰਾ 26 ਬੰਦਿਆਂ ਦਾ ਮਸਲਾ ਪੈਂਡਿੰਗ ਰੱਖ ਦਿੱਤਾ ਗਿਆ ਹੈ। ਕੀ ਹਾਈ ਕੋਰਟ ਦਾ ਕੋਈ ਐਸਾ ਆਰਡਰ ਹੈ ਕਿ ਕੋਈ ਵੀ ਬੰਦਾ ਨਾ ਹਿਲਾਇਆ ਜਾਵੇ? ਉਹ ਤਾਂ ਉਸ ਬੰਦੇ ਦੀ ਪਰਟੀਕੂਲਰ ਰਿੱਟ ਦੀ ਗੱਲ ਹੈ ਜੋ ਉਸ ਨੇ 2002 ਵਿੱਚ ਕੀਤੀ, rest of the people can be shifted. ਇਹ ਬੜੀ ਕਲੀਅਰ ਕੱਟ ਗੱਲ ਹੈ। ਇਹ ਦੱਸਣ ਕਿ ਸਾਰਿਆਂ ਲਈ ਸਟੇਅ ਕੀਤਾ ਜਾਂ ਅੱਗੇ ਕੁਝ ਕਰਨਾ ਹੀ ਨਹੀਂ ਔਰ ਜਿਹੜੇ 26 ਬੰਦੇ ਟਰਾਂਸਫਰ ਹੋ ਕੇ ਚੰਡੀਗੜ੍ਹ ਆ ਗਏ, ਉਹ ਚੰਡੀਗੜ੍ਹ ਵਿੱਚ ਹੀ ਰਹਿਣਗੇ, ਪੰਜਾਬ ਵਿੱਚ ਨਹੀਂ ਜਾ ਸਕਦੇ। ਕੀ ਇਸ ਬਾਰੇ ਮੰਤਰੀ ਜੀ ਦੱਸਣ ਦੀ ਕ੍ਰਿਪਾਲਤਾ ਕਰਨਗੇ?

**ਮੰਤਰੀ :** ਇਹ ਸਾਰੇ 26 ਬੰਦਿਆਂ ਦਾ ਹੀ ਸਟੇਅ ਹੈ ਜੀ, ਇੱਕ ਦਾ ਨਹੀਂ ਹੈ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2246**

**ਮਾਨਯੋਗ ਸਪੀਕਰ :** ਅਗਲਾ ਸਵਾਲ ਨੰਬਰ 2246 ਹੈ, ਇਸ ਦੀ ਐਕਸਟੈਂਸ਼ਨ ਮੰਗੀ ਗਈ ਹੈ ਜੋ ਕਿ ਅਲਾਓ ਕਰ ਦਿੱਤੀ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਇਹ ਬੜਾ ਅਹਿਮ ਸਵਾਲ ਸੀ।

**ਮਾਨਯੋਗ ਸਪੀਕਰ :** ਚਲੋ ਕੋਈ ਨਹੀਂ ਅਹਿਮ ਸੀ ਕਿ ਨਹੀਂ ਸੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਜੁਆਇੰਟ ਐਕੂਜ਼ੀਸ਼ਨ ਵਾਸਤੇ ਹਾਹਾਕਾਰ ਮੱਚ ਰਹੀ ਹੈ ਜੀ।

(ਇਸ ਸਮੇਂ ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ ਜੋ ਕਿ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

---

**For Starred Question No. 2246 and reply thereto, please see Appndix to this Debate.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਅਗਲਾ ਸਵਾਲ, ਨਰੇਸ਼ ਕੁਮਾਰ ਕਟਾਰੀਆ ਜੀ।

(ਇਸ ਸਮੇਂ ਵਿਰੋਧੀ ਧਿਰ ਦੇ ਕਈ ਮੈਂਬਰ ਸਾਹਿਬਾਨ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ।)

ਜਦੋਂ ਇਸ ਦਾ ਜਵਾਬ ਨਹੀਂ ਆਇਆ, ਤੁਸੀਂ ਕੀ ਗੱਲ ਕਰੀ ਜਾਂਦੇ ਹੋ? ਹਾਂ ਜੀ, ਨਰੇਸ਼ ਕਟਾਰੀਆ ਜੀ।

(ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਵਾਲ ਦਾ ਜਵਾਬ ਦੇਣ ਲਈ ਮੰਗ ਕਰ ਰਹੇ ਸਨ।)

ਗੱਲ ਸੁਣੋ ਜੀ। ਮੇਰੀ ਗੱਲ ਸੁਣੋ। ਇਹ ਰੂਲਜ਼ ਦੇ ਵਿੱਚ ਜਿਹੜੀ ਗੱਲ ਹੈ ਉਸ ਦੇ ਤਹਿਤ ਹੀ ਕੀਤਾ ਗਿਆ ਹੈ। ਇਨ੍ਹਾਂ ਨੇ ਸਵਾਲ ਦਾ ਉੱਤਰ ਦੇਣ ਲਈ ਐਕਸਟੈਨਸ਼ਨ ਮੰਗੀ ਹੈ, ਇਹ ਅਸੀਂ ਅਲਾਓ ਕਰ ਦਿੱਤੀ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, You can tell the Chief Minister to prepare the reply by 8.10.2011. ਇਹ ਜਵਾਬ ਤਾਂ ਦੇਣ। ਜੇਕਰ ਜਵਾਬ ਦੇਣਾ ਹੀ ਨਹੀਂ ਤਾਂ ਫਿਰ ਅਸੀਂ ਇੱਥੇ ਕੀ ਕਰ ਰਹੇ ਹਾਂ?

**ਮਾਨਯੋਗ ਸਪੀਕਰ :** ਇਨ੍ਹਾਂ ਨੇ ਜਵਾਬ ਦੇਣ ਲਈ ਐਕਸਟੈਨਸ਼ਨ ਮੰਗੀ ਹੈ ਜੋ ਕਿ ਮੈਂ ਦੇ ਦਿੱਤੀ ਹੈ। ਸਰਦਾਰ ਸੁਰਜੀਤ ਸਿੰਘ ਧੀਮਾਨ ਜੀ, ਬੋਲੋ। ਸੂਦ ਸਾਹਿਬ, ਤੁਸੀਂ ਜਵਾਬ ਦਿਉ। .....(ਵਿਘਨ).....

**ਸਰਦਾਰ ਅਵਤਾਰ ਸਿੰਘ ਬਰਾੜ :** ਤੁਸੀਂ ਰੂਲਜ਼ ਦਾ ਸਹਾਰਾ ਲੈ ਕੇ ਸਵਾਲ ਦਾ ਜਵਾਬ ਨਹੀਂ ਦਿਵਾ ਰਹੇ। ਇਹ ਠੀਕ ਨਹੀਂ ਹੈ। .....(ਵਿਘਨ).....

**ਸ਼੍ਰੀ ਸੁਨੀਲ ਕੁਮਾਰ ਜਾਖੜ :** ਤੁਸੀਂ ਜਵਾਬ ਦਿਵਾਉਣ ਦਾ ਭਰੋਸਾ ਦੇ ਦਿਉ ਅਸੀਂ ਬੈਠ ਜਾਂਦੇ ਹਾਂ। .....(ਵਿਘਨ)..... ਤੁਸੀਂ ਮਿਤੀ 8.10.2011 ਨੂੰ ਸਵਾਲ ਦਾ ਜਵਾਬ ਦਿਵਾਉਣ ਦਾ ਭਰੋਸਾ ਦੇ ਦਿਉ, ਅਸੀਂ ਬੈਠ ਜਾਵਾਂਗੇ।

**ਮਾਨਯੋਗ ਸਪੀਕਰ :** ਮੈਂ ਉਹ ਭਰੋਸਾ ਨਹੀਂ ਦੇ ਸਕਦਾ ਕਿਉਂਕਿ ਉਨ੍ਹਾਂ ਨੇ ਰਿਕੁਐਸਟ ਕੀਤੀ ਹੈ ਅਤੇ ਮੈਂ ਉਹ ਰਿਕੁਐਸਟ ਨੂੰ ਰੂਲਾਂ ਦੇ ਤਹਿਤ ਐਕਸੈਪਟ ਕੀਤਾ ਹੈ। ਮੈਂ ਭਰੋਸਾ ਨਹੀਂ ਦੇ ਸਕਦਾ .....(ਵਿਘਨ)..... ਤੁਸੀਂ ਐਵੇਂ ਹੀ ਰੌਲਾ ਪਾਈ ਜਾਂਦੇ ਹੋ। ਤੁਸੀਂ ਬਿਨਾਂ ਵਜ੍ਹਾ ਤੋਂ ਹੀ ਰੌਲਾ ਪਾ ਰਹੇ ਹੋ। ਇਸ ਤਰ੍ਹਾਂ ਕਰਨ ਨਾਲ ਤੁਹਾਡਾ ਹੀ ਟਾਈਮ ਜ਼ਾਇਆ ਹੋ ਰਿਹਾ ਹੈ।

**ਸਰਦਾਰ ਅਵਤਾਰ ਸਿੰਘ ਬਰਾੜ :** ਅਸੀਂ ਸਵਾਲ ਦਾ ਜਵਾਬ ਮੰਗਦੇ ਹਾਂ, ਤੁਸੀਂ ਜਵਾਬ ਦਿਵਾ ਦਿਓ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਧੀਮਾਨ ਜੀ, ਤੁਸੀਂ ਬੋਲੋ ਜੀ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਇਸ ਸਵਾਲ ਨੂੰ ਇਗਨੋਰ ਨਹੀਂ ਕੀਤਾ ਜਾ ਸਕਦਾ, ਇਹ ਬੜਾ ਇੰਪਾਰਟੈਂਟ ਸਵਾਲ ਹੈ ਜੀ। ...(ਵਿਘਨ)....

(ਅਵਾਜ਼ਾਂ : ਕਟਾਰੀਆ ਜੀ ਦਾ ਇੱਕ ਸਵਾਲ ਰਹਿ ਗਿਆ ਹੈ ਜੀ।) (ਵਿਘਨ)

**ਮਾਨਯੋਗ ਸਪੀਕਰ :** ਹਾਂ ਜੀ, ਸ਼੍ਰੀ ਨਰੇਸ਼ ਕਟਾਰੀਆ ਜੀ। ਉਹ ਗੈਰ-ਹਾਜ਼ਰ ਹਨ।

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2242

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋ ਸਕਿਆ।)

**ਮਾਨਯੋਗ ਸਪੀਕਰ :** ਅਗਲਾ ਸਵਾਲ, ਸਰਦਾਰ ਸੁਰਜੀਤ ਸਿੰਘ ਧੀਮਾਨ ਜੀ (ਵਿਘਨ) ਤੁਸੀਂ ਬੈਠੋ ਜੀ, ਬੈਠੋ ਆਰਾਮ ਨਾਲ। ਪਲੀਜ਼ ਬੈਠੋ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਮੇਰਾ ਸਵਾਲ ਨੰ: 2247 ਵੀ ਰਹਿ ਗਿਆ ਹੈ ਜੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2247**

**ਮਾਨਯੋਗ ਸਪੀਕਰ :** ਇਹ ਜਿਹੜਾ ਸਵਾਲ ਹੈ, ਇਹ ਵੀ ਪੋਸਟਪੋਨ ਕੀਤਾ ਗਿਆ ਹੈ। ਇਹ ਸਵਾਲ ਮੁਲਤਵੀ ਕੀਤਾ ਗਿਆ ਹੈ।

(ਅਵਾਜ਼ਾਂ : ਜੇ ਇਸ ਤਰ੍ਹਾਂ ਹੀ ਸਵਾਲ ਪੋਸਟਪੋਨ ਕਰੀ ਜਾਣੇ ਹਨ ਫਿਰ ਤਾਂ ਅਸੈਂਬਲੀ ਹੀ ਪੋਸਟਪੋਨ ਕਰ ਦਿਉ।) ....ਵਿਘਨ.....

**ਮਾਨਯੋਗ ਸਪੀਕਰ :** ਤੁਸੀਂ ਮੇਰੀ ਗੱਲ ਸੁਣੋ ਜੀ। ਸਰਦਾਰ ਸੁੱਚਾ ਸਿੰਘ ਲੰਗਾਹ, ਖੇਤੀਬਾੜੀ ਮੰਤਰੀ ਦਿੱਲੀ ਗਏ ਹਨ ਕਿਉਂਕਿ ਉਨ੍ਹਾਂ ਨੂੰ ਦਿੱਲੀ ਇਕ ਪ੍ਰੋਜੈਕਟ ਦੇ ਬਾਰੇ ਮੀਟਿੰਗ ਦੇ ਸਬੰਧ ਵਿੱਚ ਬੁਲਾਇਆ ਗਿਆ ਹੈ। ਇਸ ਲਈ ਉਹ ਦਿੱਲੀ ਚਲੇ ਗਏ ਹਨ। .....(ਵਿਘਨ)..... ਸੂਦ ਸਾਹਿਬ, ਤੁਸੀਂ ਬੋਲੋ ਪਲੀਜ਼।

(ਅਵਾਜ਼ਾਂ : ਡਿਪਟੀ ਮੁੱਖ ਮੰਤਰੀ, ਸਵਾਲ ਦਾ ਜਵਾਬ ਦੇ ਦੇਣ। ਇਹ ਜਵਾਬ ਦੇ ਸਕਦੇ ਹਨ।)

**ਮਾਨਯੋਗ ਸਪੀਕਰ :** ਇਹ ਕਿਉਂ ਜਵਾਬ ਦੇ ਦੇਣ? ਜਦੋਂ ਸਵਾਲ ਪੋਸਟਪੋਨ ਕੀਤਾ ਗਿਆ ਹੈ ਫਿਰ ਉਹ ਕਿਸ ਤਰ੍ਹਾਂ ਜਵਾਬ ਦੇ ਸਕਦੇ ਹਨ? .... ਅਗਲਾ ਸਵਾਲ ਨੰਬਰ

**Reply to Starred Question No. 2247 was not received till Dt. 13.8.13 i.e. the date on which this Debate was sent to the Press for final printing.

Original with;
Punjab Vidhan Sabha
Digitized by;
Panjab Digital Library

**[ ਮਾਨਯੋਗ ਸਪੀਕਰ ]**
2230 .....(ਵਿਘਨ)..... ਜਦੋਂ ਮੈਂਬਰ ਹੀ ਹਾਜ਼ਰ ਨਹੀਂ ਹਨ ਤਾਂ ਫਿਰ ਤੁਸੀਂ ਗੱਲ ਕਿਸ ਤਰ੍ਹਾਂ ਕਰ ਰਹੇ ਹੋ?

---

## ਨਗਰ ਪੰਚਾਇਤ, ਦਿੜ੍ਹਬਾ ਲਈ ਗ੍ਰਾਂਟ

***2230. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਮੁੱਖ ਮੰਤਰੀ ਦੁਆਰਾ ਮਿਤੀ 5 ਅਪ੍ਰੈਲ, 2011 ਨੂੰ ਦਿੜ੍ਹਬਾ (ਸੰਗਰੂਰ) ਵਿਖੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਨਗਰ ਪੰਚਾਇਤ, ਦਿੜ੍ਹਬਾ ਨੂੰ ਕੁੱਲ ਕਿੰਨੀ ਗ੍ਰਾਂਟ ਦਿੱਤੀ ਗਈ ;

(ਅ) ਕੀ ਉਕਤ ਵਰਣਿਤ ਰਾਸ਼ੀ ਐਨ.ਏ.ਸੀ., ਦਿੜ੍ਹਬਾ ਦੇ ਖਾਤੇ ਵਿੱਚ ਟਰਾਂਸਫਰ ਕਰ ਦਿੱਤੀ ਗਈ ਹੈ ; ਜੇਕਰ ਨਹੀਂ ਤਾਂ ਇਸ ਦੇ ਕਾਰਣ ਕੀ ਹਨ ਅਤੇ ਇਹ ਗ੍ਰਾਂਟ ਕਦੋਂ ਤੱਕ ਮਿਲ ਜਾਣ ਦੀ ਸੰਭਾਵਨਾ ਹੈ।

**ਸ਼੍ਰੀ ਤਿਕਸ਼ਨ ਸੂਦ :** (ੳ) ਮਾਨਯੋਗ ਮੁੱਖ ਮੰਤਰੀ ਵੱਲੋਂ ਮਿਤੀ 05.04.2011 ਨੂੰ ਦਿੜ੍ਹਬਾ (ਸੰਗਰੂਰ) ਵਿਖੇ ਸੰਗਤ ਦਰਸ਼ਨ ਦੌਰਾਨ ਨਗਰ ਪੰਚਾਇਤ, ਦਿੜ੍ਹਬਾ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ।

(ਅ) ਨਗਰ ਪੰਚਾਇਤ, ਦਿੜ੍ਹਬਾ ਦੇ ਖਾਤੇ ਵਿੱਚ ਕੋਈ ਰਾਸ਼ੀ ਟਰਾਂਸਫਰ ਨਹੀਂ ਕੀਤੀ ਗਈ ਹੈ।

**ਮਾਨਯੋਗ ਸਪੀਕਰ :** ਉਨ੍ਹਾਂ ਵੱਲੋਂ ਜਵਾਬ ਦੇ ਦਿੱਤਾ ਗਿਆ ਹੈ, ਤੁਸੀਂ ਸੁਣਿਆ ਨਹੀਂ। ਤੁਸੀਂ ਮੁੜ ਕੇ ਸਪਲੀਮੈਂਟਰੀ ਮੰਗਣੀਆਂ ਹਨ, ਉਹ ਮਿਲਣੀਆਂ ਨਹੀਂ।

(ਇਸ ਸਮੇਂ ਸਰਦਾਰ ਬਲਬੀਰ ਸਿੰਘ ਸਿੱਧੂ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾਂ ਇਜ਼ਾਜਤ ਬੋਲ ਰਹੇ ਸਨ।)

ਤੁਸੀਂ ਐਵੇਂ ਕਿਉਂ ਰੌਲਾ ਪਾਈ ਜਾਂਦੇ ਹੋ। ਧੀਮਾਨ ਜੀ, ਤੁਸੀਂ ਆਪਣੀ ਸਪਲੀਮੈਂਟਰੀ ਕਰੋ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮਾਨਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੌਥੇ ਮਹੀਨੇ ਦੀ ਪੰਜ ਤਰੀਕ ਨੂੰ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ ਸੰਗਤ ਦਰਸ਼ਨ ਦੌਰਾਨ 5 ਕਰੋੜ 90 ਲੱਖ ਰੁਪਏ ਦਿੜ੍ਹਬਾ ਹਲਕੇ ਨੂੰ ਦੇਣ ਦਾ ਐਲਾਨ ਕੀਤਾ ਸੀ। ਉਨ੍ਹਾਂ ਨੇ 5 ਅਤੇ 6 ਨੰਬਰ ਵਾਰਡ ਵਿੱਚ 2 ਕਰੋੜ ਰੁਪਏ ਨਾਲ ਸੀਵਰੇਜ ਪਾਉਣ ਦਾ ਐਲਾਨ ਕੀਤਾ ਸੀ। ਅੱਜ ਇਸ ਗੱਲ ਨੂੰ 6

Original with;
Punjab Vidhan Sabha
Digitized by;
Punjab Digital Library

ਮਹੀਨੇ ਹੋ ਗਏ ਹਨ, ਇਕ ਪੈਸਾ ਵੀ ਥੱਲੇ ਨਹੀਂ ਗਿਆ। ਜੇਕਰ ਸਰਕਾਰ ਕੋਲ ਪੈਸਾ ਹੀ ਨਹੀਂ ਸੀ ਤਾਂ ਐਡੇ ਵੱਡੇ ਐਲਾਨ ਕਰਨ ਦੀ ਕੀ ਲੋੜ ਸੀ? ਬਾਦਲ ਸਾਹਿਬ ਨੇ ਖੁਦ ਐਲਾਨ ਕੀਤਾ ਸੀ ਪ੍ਰੰਤੂ 6 ਮਹੀਨਿਆਂ ਵਿੱਚ ਦਿੜ੍ਹਬਾ ਨੂੰ ਇੱਕ ਫੁੱਟੀ ਕੌਡੀ ਵੀ ਨਹੀਂ ਮਿਲੀ। ਫਿਰ ਏਡਾ ਵੱਡਾ ਡਰਾਮਾ ਕਰਨ ਦੀ ਕੀ ਲੋੜ ਪੈ ਗਈ, ਉਲਟਾ 2 ਲੱਖ ਰੁਪਿਆ ਨਗਰ ਪੰਚਾਇਤ ਦਾ ਸਮਾਗਮ ਉਤੇ ਖਰਚ ਕਰਵਾ ਦਿੱਤਾ, ਫਿਰ ਨਗਰ ਪੰਚਾਇਤ ਦਿੜ੍ਹਬੇ ਦੇ ਕੀ ਪੱਲੇ ਪਿਆ ਹੈ?

**ਮੰਤਰੀ :** ਸਪੀਕਰ ਸਾਹਿਬ, ਜੋ ਕੁਝ ਇਹ ਕਹਿ ਰਹੇ ਹਨ, ਮੈਨੂੰ ਤਾਂ ਇਸ ਬਾਰੇ ਪਤਾ ਨਹੀਂ। ਪ੍ਰੰਤੂ 3 ਕਰੋੜ 98 ਲੱਖ ਰੁਪਿਆ ਪਹਿਲਾਂ ਹੀ ਸਰਕਾਰ ਵੱਲੋਂ ਦਿੜ੍ਹਬਾ ਨੂੰ ਜਾ ਚੁੱਕਾ ਹੈ। ਹੁਣ 1 ਕਰੋੜ 10 ਲੱਖ ਰੁਪਏ ਸ਼ਹਿਰ ਦੀਆਂ ਵੱਖ-ਵੱਖ ਸਕੀਮਾਂ ਦੇ ਵਿਕਾਸ ਵਾਸਤੇ ਬਹੁਤ ਛੇਤੀ ਭੇਜੇ ਜਾ ਰਹੇ ਹਨ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਮੰਤਰੀ ਜੀ ਦੱਸ ਸਕਦੇ ਹਨ ਕਿ 3 ਕਰੋੜ 98 ਲੱਖ ਰੁਪਏ ਕਿਹੜੀ ਤਰੀਕ ਨੂੰ ਭੇਜੇ ਗਏ ਹਨ? 6 ਮਹੀਨੇ ਹੋ ਗਏ ਹਨ, ਉਥੇ ਇਕ ਦੁਆਨੀ ਵੀ ਨਹੀਂ ਮਿਲੀ। ਇਹ ਨਿਰੀ ਗੱਪ ਮਾਰ ਰਹੇ ਹਨ। ਮੈਂ ਅਜੇ ਕੱਲ੍ਹ ਹੀ ਪਤਾ ਕਰਵਾਇਆ ਹੈ, ਉਥੇ ਕੋਈ ਇੱਕ ਪੈਸਾ ਵੀ ਨਹੀਂ ਗਿਆ।

**ਮੰਤਰੀ :** ਮੈਂ ਤਾਂ ਰਿਕਾਰਡ ਅਨੁਸਾਰ ਗੱਲ ਕਰ ਰਿਹਾ ਹਾਂ। ਸਾਲ 2007-08 ਵਿੱਚ 16 ਲੱਖ ਰੁਪਏ, ਸਾਲ 2008-09 ਵਿੱਚ ਮਿਊਂਸਿਪਲ ਡਿਵੈਲਪਮੈਂਟ ਫੰਡ ਵਿੱਚੋਂ 1 ਕਰੋੜ ਰੁਪਏ ਅਤੇ ਨਾਲ ਹੀ 9 ਲੱਖ ਰੁਪਿਆ, 12ਵੇਂ ਫਾਈਨਾਂਸ ਕਮਿਸ਼ਨ ਦਾ ਦਿੱਤਾ ਹੈ ਅਤੇ ਸਾਲ 2009-10 ਵਿੱਚ 16 ਲੱਖ ਰੁਪਏ, ਸਾਲ 2010-11 ਵਿੱਚ 20 ਲੱਖ ਰੁਪਏ ਅਤੇ ਸਾਲ 2011-12 ਵਿੱਚ 5 ਲੱਖ ਰੁਪਏ ਦਿੱਤੇ ਹਨ। ਇਸ ਤੋਂ ਇਲਾਵਾ 2 ਕਰੋੜ 32 ਲੱਖ ਰੁਪਿਆ ਵੱਖਰਾ ਗਿਆ ਹੈ ਅਤੇ 3 ਕਰੋੜ 98 ਲੱਖ ਰੁਪਿਆ ਇਸ ਸਰਕਾਰ ਦੇ ਵੇਲੇ ਦਿੜ੍ਹਬਾ ਨੂੰ ਜਾ ਚੁੱਕਾ ਹੈ। ਹੁਣ 1 ਕਰੋੜ 10 ਲੱਖ ਰੁਪਿਆ ਜਾ ਰਿਹਾ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੇਰਾ ਸਵਾਲ ਹੈ ਕਿ ਸੰਗਤ ਦਰਸ਼ਨ ਦੌਰਾਨ ਮਾਨਯੋਗ ਮੁੱਖ ਮੰਤਰੀ ਸਾਹਿਬ ਨੇ 5 ਕਰੋੜ 90 ਲੱਖ ਰੁਪਿਆ ਦਿੜ੍ਹਬਾ ਨੂੰ ਦੇਣ ਦਾ ਐਲਾਨ ਕੀਤਾ ਸੀ। ਇਸ ਨੂੰ 6 ਮਹੀਨੇ ਹੋ ਗਏ ਹਨ ਲੇਕਿਨ ਅੱਜ ਤੱਕ ਇੱਕ ਪੈਸਾ ਵੀ ਨਹੀਂ ਮਿਲਿਆ। ਜੇਕਰ ਸਰਕਾਰ ਕੋਲ ਪੈਸਾ ਹੀ ਨਹੀਂ ਸੀ ਤਾਂ ਐਲਾਨ ਕਰਨ ਦੀ ਕੀ ਲੋੜ ਪਈ ਸੀ?

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਇਹ ਦੱਸ ਕੇ ਖੁਸ਼ੀ ਲੈ ਰਿਹਾ ਹਾਂ ਕਿ ਇਹ ਪਹਿਲੀ ਵਾਰ ਹੈ ਕਿ ਪੰਜਾਬ ਦੇ ਜਿੰਨੇ ਵੀ ਸ਼ਹਿਰ ਹਨ, 4-5 ਨੂੰ ਛੱਡ ਕੇ , ਮੈਂ ਹਰੇਕ ਮਿਊਂਸਿਪਲ ਕਮੇਟੀ ਦੀ ਮੀਟਿੰਗ ਆਪ ਲਈ ਹੈ। ਉਨ੍ਹਾਂ ਵਿੱਚ ਸਾਰੀਆਂ ਮਿਊਂਸਿਪਲ ਕਮੇਟੀਆਂ ਦੇ ਪ੍ਰਧਾਨ ਤੇ ਹੋਰ ਮੈਂਬਰ ਹਾਜ਼ਰ ਹੋਏ ਹਨ। ਉਥੇ ਉਨ੍ਹਾਂ ਦੀਆਂ

Original with;
Punjab Vidhan Sabha
Digitized by;
Panjab Digital Library

[ **ਮੁੱਖ ਮੰਤਰੀ** ]

ਜ਼ਰੂਰਤਾਂ ਨੂੰ ਸਮਝਿਆ ਗਿਆ ਅਤੇ ਜੋ ਕੁਝ ਉਨ੍ਹਾਂ ਨੇ ਆਖਿਆ, ਉਨ੍ਹਾਂ ਨੂੰ ਉਹ ਸਾਰਾ ਪੈਸਾ ਦਿੱਤਾ ਗਿਆ। ਪਿਛਲੇ ਦਿਨੀਂ ਅਜੇ 317 ਕਰੋੜ ਰੁਪਏ ਪਾਸ ਕਰਕੇ, ਮੇਰਾ ਖਿਆਲ ਹੈ ਕਿ 2-3 ਦਿਨਾਂ ਵਿਚ ਇਹ ਪੈਸਾ ਸਾਰੀਆਂ ਕਮੇਟੀਆਂ ਨੂੰ ਚਲਾ ਜਾਵੇਗਾ। ਇਹ ਪਹਿਲੀ ਦਫਾ ਹੋਇਆ ਹੈ ਕਿ ਪੰਜਾਬ ਦੇ ਸਾਰੇ ਸ਼ਹਿਰਾਂ ਨੂੰ ਪੈਸਾ ਦਿੱਤਾ ਗਿਆ ਹੈ। ਮੇਰਾ ਖਿਆਲ ਹੈ ਕਿ ਇਸ ਤੋਂ ਪਹਿਲਾਂ ਇਨ੍ਹਾਂ ਦੀ ਸਰਕਾਰ ਵੱਲੋਂ ਜਿੰਨਾ ਪੈਸਾ 20 ਸਾਲਾਂ ਵਿਚ ਦਿੱਤਾ ਗਿਆ ਉਸ ਤੋਂ ਵੱਧ ਪੈਸਾ ਅਸੀਂ ਪਿਛਲੇ ਸਾਢੇ ਚਾਰ ਸਾਲਾਂ ਵਿੱਚ ਦਿੱਤਾ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੁੱਖ ਮੰਤਰੀ ਸਾਹਿਬ ਨੇ ਬੜਾ ਲੰਮਾ-ਚੌੜਾ ਵਿਸਥਾਰ ਦੱਸ ਦਿੱਤਾ ਹੈ ਪਰ ਪ੍ਰੈਕਟੀਕਲ ਤੌਰ ਤੇ ਕੋਈ ਪੈਸਾ ਨਹੀਂ ਮਿਲਿਆ। ਇਸ ਤਰ੍ਹਾਂ ਮੈਟਰੋ ਚਲਾਉਣ ਦਾ ਵੀ ਐਲਾਨ ਹੋਇਆ ਹੈ। ਇਸ ਨੂੰ ਵੀ 6 ਮਹੀਨੇ ਹੋ ਗਏ ਹਨ, ਕੀ ਮੈਟਰੋ ਚਲ ਗਈ ਹੈ? ਉਨ੍ਹਾਂ ਚਿਰ ਕੁਝ ਨਹੀਂ ਬਣਨਾ ਜਿੰਨੀ ਦੇਰ ਤੱਕ ਪੈਸਾ ਨਹੀਂ ਮਿਲਦਾ। ਕੀ ਮੰਤਰੀ ਜੀ ਇਸ ਬਾਰੇ ਸਮਾਂਬੱਧ ਕਰਨਗੇ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਸੀ.ਐਮ. ਸਾਹਿਬ ਨੇ ਕਿਹਾ ਹੈ ਕਿ ਇਹ ਪਹਿਲੀ ਵਾਰ ਹੋਇਆ ਹੈ ਕਿ ਜਿੰਨਾ ਪੈਸਾ ਮੰਗਿਆ ਗਿਆ ਹੈ, ਉਨਾ ਹੀ ਪੈਸਾ ਮਿਉਂਸਿਪਲ ਕਮੇਟੀਆਂ ਨੂੰ ਰਿਲੀਜ਼ ਕਰ ਦਿੱਤਾ ਗਿਆ ਹੈ। ਬੀ.ਜੇ.ਪੀ. ਦੇ ਸੀਨੀਅਰ ਲੀਡਰ ਬੈਠੇ ਹਨ। ਉਨ੍ਹਾਂ ਨੇ 1100 ਕਰੋੜ ਰੁਪਏ ਮੰਗੇ ਸਨ। Is it not true? 1100 ਕਰੋੜ ਰੁਪਏ ਤੋਂ ਚਲ ਕੇ 700 ਕਰੋੜ ਰੁਪਏ ਤੇ ਆਏ ਅਤੇ ਹੁਣ 700 ਕਰੋੜ ਰੁਪਏ ਤੋਂ ਚਲ ਕੇ 317 ਕਰੋੜ ਰੁਪਏ ਤੇ ਆ ਗਏ ਹਨ। ਸੂਦ ਸਾਹਿਬ ਕਹਿ ਦੇਣ ਕਿ 317 ਕਰੋੜ ਰੁਪਏ ਮੰਗਿਆ ਹੈ ਜਾਂ ਨਹੀਂ? ਇਹ ਕਹਿ ਦੇਣ ਕਿ ਨਹੀਂ ਮੰਗਿਆ ਤਾਂ ਮੈਂ ਬੈਠ ਜਾਂਦਾ ਹਾਂ।

**ਮੁੱਖ ਮੰਤਰੀ :** ਮੈਨੂੰ ਬੜਾ ਅਫਸੋਸ ਹੈ ਕਿਉਂਕਿ ਚਾਹੀਦਾ ਤਾਂ ਇਹ ਸੀ ਕਿ ਜਿਹੜੇ ਵੀ ਸਾਡੇ ਕੋਈ ਪ੍ਰੋਜੈਕਟ ਹਨ, ਉਨ੍ਹਾਂ ਵਿੱਚ ਕਾਂਗਰਸ ਪਾਰਟੀ ਸਾਡੀ ਮਦਦ ਕਰਦੀ। ਇਹ ਸਟੇਟ ਦਾ ਸਵਾਲ ਹੈ, ਕਿਸੇ ਇਕ ਪਾਰਟੀ ਦਾ ਨਹੀਂ ਹੈ। ਇਸ ਲਈ ਇਸ ਵਿੱਚ ਰੂਲਿੰਗ ਪਾਰਟੀ ਜਾਂ ਆਪੋਜ਼ੀਸ਼ਨ ਦੀ ਗੱਲ ਨਹੀਂ ਸੀ। ਹੁੱਡਕੋ ਦਾ ਕੰਮ ਸ਼ਹਿਰਾਂ ਨੂੰ ਲੋਨ ਦੇਣਾ ਹੁੰਦਾ ਹੈ। ਅਸੀਂ 700 ਕਰੋੜ ਰੁਪਏ ਦਾ ਲੋਨ ਚਾਹੁੰਦੇ ਹਾਂ, ਇਨ੍ਹਾਂ ਨੇ ਜਿਹੜਾ ਕਿਹਾ ਹੈ। ਅਸੀਂ ਕੇਸ ਬਣਾ ਕੇ, ਉਨ੍ਹਾਂ ਦੀਆਂ ਸਾਰੀਆਂ ਸ਼ਰਤਾਂ ਪੂਰੀਆਂ ਕਰਕੇ ਦੇ ਆਏ ਹਾਂ ਲੇਕਿਨ ਮੈਂ ਕਹਿਣਾ ਚਾਹੁੰਦਾ ਹਾਂ ਕਿ ਇਨ੍ਹਾਂ ਦੀ ਪਾਰਟੀ ਦੇ ਲੀਡਰਾਂ ਨੇ ਉਹ ਪੈਸਾ ਰੁਕਵਾ ਦਿੱਤਾ ਹੈ। (ਟਰੈਜ਼ਰੀ ਬੈਂਚਿਜ਼ ਵਲੋਂ ਸ਼ੇਮ ਸ਼ੇਮ ਦੀਆਂ ਅਵਾਜ਼ਾਂ)। ਸਪੀਕਰ ਸਾਹਿਬ, ਮੈਂ ਅਪੀਲ ਕਰਦਾ ਹਾਂ .....ਤੁਸੀਂ ਮੇਰੀ ਗੱਲ ਤਾਂ ਸੁਣ ਲਉ (ਵਿਘਨ)..... ਮੇਰੀ ਗੱਲ ਤਾਂ ਸੁਣ ਲਉ .....(ਵਿਘਨ)..... Don't worry, I will reply, ਜੋ ਤੁਸੀਂ ਕਰੋਗੇ ਮੈਂ ਉਸ ਦਾ ਜਵਾਬ ਦੇਵਾਂਗਾ।

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਦਾ ਜਵਾਬ ਤਾਂ ਸੁਣ ਲਉ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਇਸ ਵਿੱਚ ਪੰਜਾਬ ਦਾ ਇੰਟਰੈਸਟ ਹੈ, ਕੋਈ ਪੁਲੀਟੀਕਲ ਇੰਟਰੈਸਟ ਨਹੀਂ ਹੈ। ਤੁਸੀਂ ਉਨ੍ਹਾਂ ਪਾਸ ਡੈਪੂਟੇਸ਼ਨ ਲੈ ਕੇ ਜਾਉ। ਮੈਂ ਉਥੇ ਤਿੰਨ ਵਾਰ ਮਨਿਸਟਰ ਕੋਲ ਜਾ ਆਇਆ ਹਾਂ। ਇਹ 750 ਕਰੋੜ ਰੁਪਏ ਦਾ ਕੇਸ ਹੈ। ਇਹ ਉਨ੍ਹਾਂ ਦੀ ਡਿਊਟੀ ਹੈ, ਇਹ ਕੋਈ ਅਹਿਸਾਨ ਨਹੀਂ ਹੈ। ਇਹ ਕਿਹਾ ਜਾਂਦਾ ਹੈ ਸੈਂਟਰ, ਸੈਂਟਰ। ਸੈਂਟਰ ਦਾ ਕੋਈ ਅਹਿਸਾਨ ਨਹੀਂ। ਜੇ ਅਸੀਂ 100/- ਰੁਪਏ ਦਿੰਦੇ ਹਾਂ ਤਾਂ ਉਹ 32/- ਰੁਪਏ ਭੇਜਦੇ ਹਨ, ਬਾਕੀ ਉਹ ਖਾ ਜਾਂਦੇ ਹਨ। ਤੁਸੀਂ ਡੈਪੂਟੇਸ਼ਨ ਲਿਜਾ ਕੇ ਮਿਲੋ, ਤੁਹਾਨੂੰ ਇਥੇ ਰੂਲਿੰਗ ਪਾਰਟੀ ਤੇ ਦੂਸ਼ਣਬਾਜੀ ਕਰਨ ਦਾ ਕੋਈ ਲਾਭ ਨਹੀਂ ਹੈ। ਤੁਸੀਂ ਜਾ ਕੇ ਉਨ੍ਹਾਂ ਨੂੰ ਕਹੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਪਾਰਟੀ ਤੇ ਐਲੀਗੇਸ਼ਨ ਲਗਾਇਆ ਹੈ ....(ਵਿਘਨ).....

**ਮਾਨਯੋਗ ਸਪੀਕਰ :** ਹਾਂ ਜੀ ਬਰਾੜ ਸਾਹਿਬ। ਜਾਖੜ ਸਾਹਿਬ, ਤੁਸੀਂ ਬੈਠ ਜਾਉ। ਮੈਂ ਬੇਨਤੀ ਕਰਦਾ ਹਾਂ ਕਿ ਬੀਬੀ ਰਾਜਿੰਦਰ ਕੌਰ ਭੱਠਲ, ਲੀਡਰ ਆਫ ਦਿ ਆਪੋਜ਼ੀਸ਼ਨ ਅੱਜ ਨਹੀਂ ਆਏ। ਉਨ੍ਹਾਂ ਨੇ ਲਿਖ ਕੇ ਭੇਜਿਆ ਹੈ ਕਿ ਉਨ੍ਹਾਂ ਦੇ ਕੋਈ ਮੌਤ ਹੋ ਗਈ ਹੈ, ਉਨ੍ਹਾਂ ਦੀ ਥਾਂ ਸਰਦਾਰ ਅਵਤਾਰ ਸਿੰਘ ਬਰਾੜ ਗੱਲ ਕਰਨਗੇ। ਮੈਂ ਉਨ੍ਹਾਂ ਨਾਲ ਅਫਸੋਸ ਜ਼ਾਹਿਰ ਕਰਦਾ ਹਾਂ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਕੋਈ ਚਾਰ, ਸਵਾ ਚਾਰ ਸਾਲ ਤੋਂ ਤੁਹਾਡੇ ਨਾਲ ਸਾਡਾ ਵਾਸਤਾ ਪਿਆ ਹੈ, ਤੁਹਾਡੀ ਯਾਦ ਸ਼ਕਤੀ ਸਾਡੇ ਨਾਲੋਂ ਤੇਜ਼ ਹੈ। ਇਕ ਵਾਰ ਨਹੀਂ ਕਈ ਵਾਰ ਮੁੱਖ ਮੰਤਰੀ ਸਾਹਿਬ ਨੂੰ ਜਦੋਂ ਅਸੀਂ ਅਤੇ ਸਾਡੇ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਿਹਾ ਕਿ ਅਸੀਂ ਤੁਹਾਡੇ ਨਾਲ ਹਾਂ, ਜੇ ਸੈਂਟਰ ਤੋਂ ਕੋਈ ਗੱਲ ਮਨਵਾਉਣੀ ਹੈ ਤਾਂ ਅਸੀਂ ਤੁਹਾਡੇ ਨਾਲ ਚਲਦੇ ਹਾਂ ਪਰ ਇਨ੍ਹਾਂ ਦਾ ਰਿਕਾਰਡ ਕਢਵਾ ਕੇ ਦੇਖ ਲਉ, ਇਹ ਰਿਕਾਰਡ ਤੇ ਹੈ, ਪਰ ਇਨ੍ਹਾਂ ਨੇ ਕਿਹਾ ਕਿ ਜੇ ਤੁਹਾਨੂੰ ਉਥੇ ਲੈ ਗਏ ਤਾਂ ਤੁਹਾਡੀ ਉਥੇ ਕੋਈ ਨਹੀਂ ਸੁਣਦਾ, ਤੁਹਾਡੇ ਨਾਲੋਂ ਤਾਂ ਵੱਧ ਮੇਰੀ ਗੱਲ ਸੁਣਦੇ ਹਨ। ਇਹ ਗੱਲ ਇਨ੍ਹਾਂ ਨੇ ਹਾਊਸ ਵਿੱਚ ਕਹੀ ਹੈ। (ਵਿਘਨ)

**ਮਾਨਯੋਗ ਸਪੀਕਰ :** ਉਨ੍ਹਾਂ ਨੂੰ ਜਵਾਬ ਦੇ ਲੈਣ ਦਿਉ, ਉਨ੍ਹਾਂ ਨੂੰ ਗੱਲ ਕਰਨ ਦਿਉ ਪਲੀਜ਼।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਪੁੱਛਦਾ ਹਾਂ ਕਿ ਇਹ ਬਾਦਲ ਸਾਹਿਬ ਨੇ ਗੱਲ ਕਹੀ ਹੈ ਜਾਂ ਨਹੀਂ ਕਿ ਤੁਹਾਨੂੰ ਉਥੇ ਕੋਈ ਨਹੀਂ ਪੁੱਛਦਾ, ਜੇ ਤੁਹਾਨੂੰ ਨਾਲ ਲੈ ਗਏ ਤਾਂ ਸਾਡਾ ਕੋਈ ਕੰਮ ਨਹੀਂ ਹੋਣਾ, ਉਹ ਤੁਹਾਡੇ ਨਾਲੋਂ ਵੱਧ ਮੇਰੀ ਗੱਲ ਸੁਣਦੇ ਹਨ, ਤੁਸੀਂ ਪ੍ਰਧਾਨ ਮੰਤਰੀ ਜੀ ਦੇ ਧੰਨਵਾਦ ਦਾ ਮਤਾ ਵੀ ਇਸ ਸਦਨ ਵਿੱਚ ਪੇਸ਼ ਕੀਤਾ ਸੀ ਜਾਂ ਨਹੀਂ?

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਮੈਂ ਜੋ ਕੁਝ ਕਿਹਾ ਉਹ ਠੀਕ ਹੈ। ਮੈਂ ਇਹ ਵੀ ਕਹਿ ਸਕਦਾ ਹਾਂ ਕਿ ਕੀ ਤੁਸੀਂ ਐਸ.ਜੀ.ਪੀ.ਸੀ. ਦੇ ਲਈ ਯਤਨ ਨਹੀਂ ਕੀਤੇ? (ਵਿਘਨ)

**ਸੰਸਦੀ ਮਾਮਲੇ, ਸਥਾਨਕ ਸਰਕਾਰ ਤੇ ਉਦਯੋਗ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸਪੀਕਰ ਸਾਹਿਬ, ਬਰਾੜ ਸਾਹਿਬ ਦੀ ਗੱਲ ਦਾ ਜਵਾਬ ਇਹ ਹੈ ਕਿ ਸੱਚ ਤਾਂ ਇਹ ਹੈ ਕਿ ਜਦੋਂ ਸਟੇਟ ਬੈਂਕ ਆਫ ਇੰਡੀਆ ਤੋਂ ਕਰਜ਼ੇ ਦੀ ਗੱਲ ਚੱਲ ਰਹੀ ਸੀ ਉਦੋਂ ਇਨ੍ਹਾਂ ਦੀ ਪਾਰਟੀ ਦੇ ਪ੍ਰਧਾਨ ਨੇ ਅਖਬਾਰਾਂ ਵਿੱਚ ਬਿਆਨ ਦਿੱਤਾ ਕਿ ਕਰਜ਼ਾ ਅਸੀਂ ਲੈਣ ਨਹੀਂ ਦੇਣਾ। ਰਿਜ਼ਰਵ ਬੈਂਕ ਆਫ ਇੰਡੀਆ ਵਿੱਚ ਇਨ੍ਹਾਂ ਦੀ ਚਲਦੀ ਹੈ। ਇਨ੍ਹਾਂ ਨੇ ਚਿੱਠੀ ਲਿਖੀ, ਲੈਟਰ ਲਿਖੀ। (ਰੂਲਿੰਗ ਪਾਰਟੀ ਵੱਲੋਂ ਸ਼ੇਮ-ਸ਼ੇਮ ਦੀਆਂ ਅਵਾਜ਼ਾਂ) ਇਹ ਸ਼ਹਿਰਾਂ ਦੀ ਡਿਵੈਲਪਮੈਂਟ ਦੀ ਗੱਲ ਕਰਦੇ ਹਨ। ਆਪ ਤੁਸੀਂ ਸ਼ਹਿਰਾਂ ਦੀ ਡਿਵੈਲਪਮੈਂਟ ਵਿੱਚ ਰੋੜੇ ਅਟਕਾਉਂਦੇ ਹੋ। ਇੱਥੇ ਤੁਸੀਂ ਕਹਿੰਦੇ ਹੋ ਕਿ ਡਿਵੈਲਪਮੈਂਟ ਕਰਵਾਉ, ਬਾਹਰ ਤੁਸੀਂ ਕਹਿੰਦੇ ਹੋ ਕਿ ਪੈਸੇ ਨਹੀਂ ਲੈਣ ਦੇਣੇ। ਤੁਹਾਡੀ ਪਾਰਟੀ ਦੇ ਪ੍ਰਧਾਨ, ਉਹ ਚਿੱਠੀ ਲਿਖਦੇ ਹਨ ਕਿ ਪੈਸੇ ਨਾ ਮਿਲਣ। (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਸੂਦ ਜੀ, ਬੈਠੋ। ਅਗਲਾ ਸਵਾਲ ਕਟਾਰੀਆ ਜੀ ਦਾ ਹੈ।

---

## ਕੁਰਾਲੀ-ਰੋਪੜ ਸੜਕ ਉੱਤੇ ਟੋਲ ਦੀ ਉਗਰਾਹੀ

***2242. ਸ਼੍ਰੀ ਨਰੇਸ਼ ਕੁਮਾਰ ਕਟਾਰੀਆ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੁਰਾਲੀ ਵਿਖੇ ਓਵਰ ਬ੍ਰਿਜ ਕਿਸ ਮਿਤੀ ਤੋਂ ਲੋਕਾਂ ਲਈ ਖੋਲ੍ਹਿਆ ਗਿਆ ਸੀ ਅਤੇ ਇਸ ਉੱਤੇ ਕਿਸ ਮਿਤੀ ਤੱਕ ਕਿਸ-ਕਿਸ ਰੇਟ ਤੇ ਟੋਲ ਉਗਰਾਹੀ ਕੀਤੀ ਜਾਣੀ ਸੀ ;

(ਅ) ਕੀ ਇਹ ਠੀਕ ਹੈ ਕਿ ਇਸ ਟੋਲ ਪਲਾਜ਼ਾ ਤੋਂ 8 ਕਿਲੋਮੀਟਰ ਅੱਗੇ ਇੱਕ ਹੋਰ ਟੋਲ ਕੁਲੈਕਸ਼ਨ ਸੈਂਟਰ ਚਾਲੂ ਕੀਤਾ ਗਿਆ ਹੈ ਅਤੇ ਕੁਰਾਲੀ ਤੋਂ ਰੋਪੜ ਜਾਣ ਲਈ 16 ਕਿਲੋਮੀਟਰ ਦੇ ਸਫਰ ਵਿੱਚ 2 ਜਗ੍ਹਾ ਤੇ ਟੋਲ ਦੇਣਾ ਪੈਂਦਾ ਹੈ ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਕੀ ਸਰਕਾਰ ਕੁਰਾਲੀ ਵਿਖੇ ਟੋਲ ਪਲਾਜ਼ਾ ਨੂੰ ਬੰਦ ਕਰਨ ਤੇ ਵਿਚਾਰ ਕਰੇਗੀ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** (ੳ) (i) ਨੈਸ਼ਨਲ ਹਾਈਵੇ ਨੰਬਰ-21 ਉਪਰ ਕੁਰਾਲੀ ਵਿਖੇ ਓਵਰ ਬ੍ਰਿਜ ਮਿਤੀ 15.01.2007 ਨੂੰ ਲੋਕਾਂ ਲਈ ਖੋਲ੍ਹਿਆ ਗਿਆ ਸੀ।

(ii) ਕੰਟਰੈਕਟ ਐਗਰੀਮੈਂਟ ਅਨੁਸਾਰ ਇਸ ਉਪਰ ਟੋਲ ਖਤਮ ਹੋਣ ਦੀ ਮਿਤੀ

Original with;
Punjab Vidhan Sabha
Digitized by;
Panjab Digital Library

18.10.2012 ਹੈ ਅਤੇ ਇਸ ਟੋਲ ਪਲਾਜ਼ਾ ਉੱਤੇ ਹੇਠ ਲਿਖੇ ਅਨੁਸਾਰ ਰੇਟਾਂ ਤੇ ਉਗਰਾਹੀ ਕੀਤੀ ਜਾ ਰਹੀ ਹੈ :

| ਲੜੀ ਨੰ: | ਵਹੀਕਲ ਦੀ ਕਿਸਮ | ਐਗਰੀਮੈਂਟ ਅਨੁਸਾਰ ਸ਼ੁਰੂਆਤੀ ਰੇਟ | ਮੌਜੂਦਾ ਰੇਟ (ਮਿਤੀ 05.10.09 ਤੋਂ ਲਾਗੂ) | ਵਿਸ਼ੇਸ਼ ਕਥਨ |
|---|---|---|---|---|
| 1. | ਮੋਟਰ ਸਾਈਕਲ, ਸਕੂਟਰ ਆਦਿ | ਨਿਲ | ਨਿਲ | ਟੋਲ ਰੇਟਾਂ ਵਿੱਚ ਵਾਧਾ ਐਗਰੀਮੈਂਟ ਅਨੁਸਾਰ ਹੁੰਦਾ ਹੈ ਅਤੇ ਇਨ੍ਹਾਂ ਰੇਟਾਂ ਦੀ ਨੋਟੀਫਿਕੇਸ਼ਨ ਭਾਰਤ ਸਰਕਾਰ ਵੱਲੋਂ ਕੀਤੀ ਜਾਂਦੀ ਹੈ। |
| 2. | ਕਾਰ/ਜੀਪ ਆਦਿ | 10 | 11 | |
| 3. | ਬੱਸ/ਟਰੱਕ ਆਦਿ | 25 | 28 | |
| 4. | ਕ੍ਰੇਨ, ਡੋਜਰ, ਰੋਡ ਰੋਲਰ ਆਦਿ | 30 | 33 | |

(ਅ) ਇਹ ਠੀਕ ਹੈ ਕਿ ਕੁਰਾਲੀ ਟੋਲ ਪਲਾਜ਼ਾ ਤੋਂ 8 ਕਿਲੋਮੀਟਰ ਅੱਗੇ ਇੱਕ ਹੋਰ ਟੋਲ ਕੁਲੈਕਸ਼ਨ ਸੈਂਟਰ ਚਾਲੂ ਕੀਤਾ ਗਿਆ ਹੈ ਅਤੇ ਕੁਰਾਲੀ ਤੋਂ ਰੋਪੜ ਜਾਣ ਲਈ 16 ਕਿਲੋਮੀਟਰ ਦੇ ਸਫਰ ਵਿੱਚ 2 ਜਗ੍ਹਾ ਤੇ ਟੋਲ ਦੇਣਾ ਪੈਂਦਾ ਹੈ। ਪਿੰਡ ਸੋਲਖੀਆ ਵਿਖੇ ਦੂਸਰਾ ਟੋਲ ਪਲਾਜ਼ਾ, ਨੈਸ਼ਨਲ ਹਾਈਵੇ ਅਥਾਰਟੀ ਆਫ ਇੰਡੀਆ ਵੱਲੋਂ ਕੁਰਾਲੀ-ਰੋਪੜ-ਕੀਰਤਪੁਰ ਸਾਹਿਬ ਸੜਕ (ਕਿ.ਮੀ. 28.600 ਤੋਂ 73.200) ਨੂੰ ਬੀ.ਓ.ਟੀ. ਅਧਾਰ ਤੇ ਚਹੁੰ-ਮਾਰਗੀ ਬਣਾਉਣ ਕਾਰਨ ਲਗਾਇਆ ਗਿਆ ਹੈ। ਰੇਲਵੇ ਓਵਰ ਬ੍ਰਿਜ ਕੁਰਾਲੀ ਵਿਖੇ ਟੋਲ ਪਲਾਜ਼ਾ ਭਾਰਤ ਸਰਕਾਰ ਦੀ ਮਨਿਸਟਰੀ ਆਫ ਰੋਡ ਟਰਾਂਸਪੋਰਟ ਵੱਲੋਂ ਲਗਾਇਆ ਗਿਆ ਹੈ ਅਤੇ ਇਹ ਟੋਲ ਏਜੰਸੀ ਨਾਲ ਹੋਏ ਇਕਰਾਰਨਾਮੇ ਅਨੁਸਾਰ ਮਿਤੀ 18.10.2012 ਤੱਕ ਜਾਰੀ ਰਹੇਗਾ। ਇਸ ਲਈ ਇਸ ਟੋਲ ਪਲਾਜ਼ੇ ਨੂੰ ਬੰਦ ਕਰਨਾ ਪੰਜਾਬ ਸਰਕਾਰ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਅਵਤਾਰ ਸਿੰਘ ਬਰਾੜ ਅਤੇ ਸ਼੍ਰੀ ਸੁਨੀਲ ਕੁਮਾਰ ਜਾਖੜ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਤੇ ਸਦਨ ਵਿੱਚ ਕਾਫੀ ਸ਼ੋਰ ਸੀ।)

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਦੀ ਗੱਲ ਸੁਣੋ। (ਵਿਘਨ) ਤੁਸੀਂ ਆਪ ਹੀ ਨਹੀਂ ਸੁਣਦੇ ਤੇ ਫਿਰ ਮੇਰਾ ਕੀ ਕਸੂਰ ਹੈ। (ਵਿਘਨ) ਮੇਰੀ ਮਜ਼ਬੂਰੀ ਕੁਝ ਨਹੀਂ। ਮੈਂ ਤਾਂ ਪੂਰੀਆਂ ਸਪਲੀਮੈਂਟਰੀਜ਼ ਦੇ ਰਿਹਾ ਹਾਂ। ਤੁਸੀਂ ਬਿਨਾਂ ਵਜ੍ਹਾ ਰੌਲਾ ਪਾ ਰਹੇ ਹੋ। (ਵਿਘਨ)

Original with;
Punjab Vidhan Sabha
Digitized by;
Panjab Digital Library

[ **ਮਾਨਯੋਗ ਸਪੀਕਰ**]

ਬਰਾੜ ਸਾਹਿਬ। ....(ਵਿਘਨ) ਇਨ੍ਹਾਂ ਨੂੰ ਟਾਈਮ ਦੇ ਦਿੱਤਾ ਹੈ। ਇਸ ਤੋਂ ਬਾਅਦ ਹੋਰ ਕਿਸੇ ਨੂੰ ਟਾਈਮ ਨਹੀਂ ਮਿਲਣਾ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਤੁਸੀਂ ਸਦਨ ਵਿੱਚ ਕਈ ਚੰਗੀਆਂ ਰਵਾਇਤਾਂ ਪਾਈਆਂ ਹਨ। ਇੱਕ ਇਹ ਵੀ ਪਾਈ ਕਿ ਜੇ ਆਨਰੇਬਲ ਮੈਂਬਰ ਜਿਸ ਦਾ ਸਵਾਲ ਹੈ, ਉਹ ਸਦਨ ਵਿੱਚ ਨਾ ਹੋਵੇ ਤਾਂ ਦੂਸਰਾ ਜਵਾਬ ਲੈ ਸਕਦਾ ਹੈ। ਅੱਜ ਕੀ ਮਜ਼ਬੂਰੀ ਹੋਈ? ਅੱਜ ਮੈਂਬਰ ਨਹੀਂ ਆਇਆ ਤੇ ਸਵਾਲ ਪੁੱਛਿਆ ਨਹੀਂ ਜਾ ਸਕਦਾ। ਅੱਜ ਮਜ਼ਬੂਰੀ ਕੀ ਹੈ?

**ਮਾਨਯੋਗ ਸਪੀਕਰ :** ਵੇਖੋ, ਗੱਲ ਸੁਣੋ। ਮੇਰੀ ਗੱਲ ਸੁਣੋ। ਮਜ਼ਬੂਰੀ ਕੋਈ ਨਹੀਂ। ਮੈਂ ਕਹਿ ਦਿੱਤਾ ਸੀ ਕਿ ਉਹ ਜਵਾਬ ਦੇਣਗੇ। ਜਵਾਬ ਉਨ੍ਹਾਂ ਨੇ ਦੇ ਦਿੱਤਾ ਹੈ। ਤੁਸੀਂ ਸੁਣਿਆ ਹੀ ਨਹੀਂ, ਫਿਰ ਮੇਰਾ ਕੀ ਕਸੂਰ ਹੈ? (ਵਿਘਨ)(ਸ਼ੋਰ) ਤੁਸੀਂ ਕੀ ਗੱਲ ਕਰੀ ਜਾਂਦੇ ਹੋ? ਤੁਸੀਂ ਸਹੀ ਗੱਲ ਕਰੋ ਜੀ। ਹਾਂ ਜੀ ਸਿੱਧੂ ਸਾਹਿਬ।

**ਸਰਦਾਰ ਬਲਬੀਰ ਸਿੰਘ ਸਿੱਧੂ :** ਸਪੀਕਰ ਸਾਹਿਬ, ਮੰਤਰੀ ਜੀ ਨੇ ਕਿਹਾ ਹੈ ਕਿ 2012 ਤੱਕ ਟੋਲ ਪਲਾਜ਼ਾ ਰਹੇਗਾ। ਇਹ 2007 ਵਿੱਚ ਲੱਗਿਆ ਸੀ। ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਸ ਟੋਲ ਪਲਾਜ਼ਾ ਨੂੰ ਚੈਕ ਕਰਨ ਲਈ ਕੋਈ ਏਜੰਸੀ ਲਗਾਈ ਹੈ ਕਿ ਟ੍ਰੈਫਿਕ ਵਿੱਚ ਕਿੰਨਾ ਵਾਧਾ ਹੋ ਰਿਹਾ ਹੈ? ਹੁਣ ਤੱਕ ਕਿੰਨੀ ਕੁਲੈਕਸ਼ਨ ਕਰ ਚੁੱਕੇ ਹਨ ਤੇ ਕਿੰਨੀ ਕੁਲੈਕਸ਼ਨ ਬਾਕੀ ਹੈ? ਸਰਕਾਰ ਨੇ ਕੋਈ ਏਜੰਸੀ ਨਿਯੁਕਤ ਕੀਤੀ ਹੈ? ਉਥੇ ਹਰ ਸਾਲ ਟ੍ਰੈਫਿਕ ਵਿੱਚ 25 ਤੋਂ 30 ਪ੍ਰਤੀਸ਼ਤ ਵਾਧਾ ਹੋ ਰਿਹਾ ਹੈ। ਇਹ ਪੈਸਾ ਪੰਜ ਸਾਲ ਦੀ ਜਗ੍ਹਾ ਤਿੰਨ ਸਾਲ ਵਿੱਚ ਪੂਰਾ ਹੋ ਜਾਣਾ ਹੈ ਪਰ ਸਰਕਾਰ ਨੇ ਖੁੱਲ੍ਹਾ ਛੱਡਿਆ ਹੋਇਆ ਹੈ ਕਿ ਉਹ ਜਿੰਨਾ ਮਰਜ਼ੀ ਰੇਟ ਲਗਾਈ ਜਾਣ। ਹਾਈ ਕੋਰਟ ਦੇ ਆਰਡਰ ਹਨ ਕਿ ਲੋਕਲ ਬੰਦਿਆਂ ਵਾਸਤੇ ਸਪੈਸ਼ਲ ਰਿਆਇਤ ਦਿੱਤੀ ਜਾਵੇਗੀ। ਉਨ੍ਹਾਂ ਦੀ ਇੰਪਲੀਮੈਂਟੇਸ਼ਨ ਨਹੀਂ ਹੋ ਰਹੀ। ਉਹ ਆਪਣੀ ਮਨ ਮਰਜ਼ੀ ਨਾਲ ਲੋਕਾਂ ਤੋਂ ਪੈਸੇ ਵਸੂਲ ਕਰ ਰਹੇ ਹਨ। ਉਥੇ ਲੋਕ ਭੁੱਖ ਹੜਤਾਲ ਅਤੇ ਮਰਨ ਵਰਤ ਰੱਖਣ ਲਈ ਮਜਬੂਰ ਹੋ ਰਹੇ ਹਨ। ਜਿਹੜਾ ਬੰਦਾ ਆਪਣੇ ਘਰ ਤੋਂ ਦੋ-ਤਿੰਨ ਕਿਲੋਮੀਟਰ ਵੀ ਜਾਂਦਾ ਹੈ, ਉਸ ਨੂੰ ਵੀ ਪੈਸੇ ਦੇਣੇ ਪੈਂਦੇ ਹਨ। ਜਿਹੜੇ ਦੂਸਰੇ ਟੋਲ ਪਲਾਜ਼ੇ ਹਨ, ਉਥੇ ਪਾਸ ਸਿਸਟਮ ਜਾਰੀ ਕੀਤਾ ਗਿਆ ਹੈ। ਜਿਹੜੇ ਖੇਤਾਂ ਵਾਲੇ ਹਨ, ਘਰਾਂ ਵਾਲੇ ਹਨ ਜਾਂ ਜਿਹੜੇ ਦੋ-ਤਿੰਨ ਕਿਲੋਮੀਟਰ ਦੂਰ ਜਾਂਦੇ ਹਨ, ਉਨ੍ਹਾਂ ਵਾਸਤੇ ਪਾਸ ਸਿਸਟਮ ਹੈ ਪਰ ਇਸ ਟੋਲ ਪਲਾਜ਼ੇ ਤੇ ਕੋਈ ਪਾਸ ਸਿਸਟਮ ਹੀ ਨਹੀਂ ਹੈ। ਉਥੇ ਟਰੈਫਿਕ ਦਾ ਇੰਨਾ ਜਾਮ ਲਗਦਾ ਹੈ ਕਿ ਦੋ-ਦੋ ਘੰਟੇ ਜਾਮ ਨਹੀਂ ਖੁਲ੍ਹਦਾ। ਸਪੀਕਰ ਸਾਹਿਬ, ਸਾਨੂੰ ਇਸ ਨੂੰ ਚੈੱਕ ਕਰਨਾ ਚਾਹੀਦਾ ਹੈ.....

**ਮਾਨਯੋਗ ਸਪੀਕਰ :** ਸਵਾਲ ਜਿਹੜਾ ਹੁੰਦਾ ਹੈ, ਉਹ ਭਾਸ਼ਣ ਨਹੀਂ ਹੁੰਦਾ। ਤੁਸੀਂ ਪਤਾ ਨਹੀਂ ਕੀ ਗੱਲ ਕਰ ਰਹੇ ਹੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਬਲਬੀਰ ਸਿੰਘ ਸਿੱਧੂ :** ਮੈਂ ਇਹ ਗੱਲ ਕਰ ਰਿਹਾ ਹਾਂ ਕਿ ਕੀ ਸਰਕਾਰ ਉਥੇ ਚੈਕਿੰਗ ਏਜੰਸੀ ਲਗਾਏਗੀ ਕਿ ਕਿੰਨਾ ਪੈਸਾ ਡੇਅਲੀ ਇਕੱਠਾ ਹੋ ਰਿਹਾ ਹੈ ਅਤੇ ਕਿੰਨਾ ਇਕੱਠਾ ਹੋ ਚੁੱਕਿਆ ਹੈ ਇਸ ਦਾ ਟਾਈਮ ਖਤਮ ਹੋ ਚੁੱਕਿਆ ਹੈ ਪਰ ਫਿਰ ਵੀ ਉਸ ਨੂੰ ਐਕਸਟੈਨਸ਼ਨ ਦਿੱਤੀ ਜਾ ਚੁੱਕੀ ਹੈ।

**ਮੰਤਰੀ :** ਸਪੀਕਰ ਸਾਹਿਬ, ਪਹਿਲੀ ਗੱਲ ਤਾਂ ਮੈਂ ਦੱਸਣਾ ਚਾਹੁੰਦਾ ਹਾਂ ਕਿ ਜੇ ਨੈਸ਼ਨਲ ਹਾਈਵੇਅ ਤੇ ਟੋਲ ਲੱਗਿਆ ਹੋਵੇਗਾ ਤਾਂ ਉਸ ਨੂੰ ਖਤਮ ਕਰਨਾ ਸਾਡੇ ਅਧਿਕਾਰ ਖੇਤਰ ਵਿੱਚ ਨਹੀਂ ਹੈ। ਇਸ ਦਾ ਕੰਟਰੈਕਟ ਐਗਰੀਮੈਂਟ ਪਿਛਲੀ ਕਾਂਗਰਸ ਸਰਕਾਰ ਵੇਲੇ ਹੋਇਆ ਹੈ ਅਤੇ ਉਸ ਕੰਟਰੈਕਟ ਐਗਰੀਮੈਂਟ ਵਿੱਚ ਸਮਾਂ ਨਿਸ਼ਚਿਤ ਕੀਤਾ ਗਿਆ ਹੈ ਕਿ ਇੰਨਾ ਚਿਰ ਟੋਲ ਰਹੇਗਾ। ਉਸ ਵਿੱਚ ਕੁਲੈਕਸ਼ਨ ਦਾ ਕੋਈ ਸਮਾਂ ਨਹੀਂ ਹੈ ਕਿ ਇੰਨਾ ਪੈਸਾ ਇਕੱਠਾ ਹੋਣ ਤੇ ਬੰਦ ਕੀਤਾ ਜਾ ਸਕਦਾ ਹੈ। ਦੂਸਰਾ, ਇਹ ਟਰਾਈਪਾਰਟਾਈਟ ਐਗਰੀਮੈਂਟ ਹੈ, ਜਿਸ ਵਿੱਚ ਗੌਰਮਿੰਟ ਆਫ ਇੰਡੀਆ, ਕਨਸੈਸ਼ਨਰ ਅਤੇ ਪੰਜਾਬ ਗੌਰਮਿੰਟ ਹੈ। ਉਸ ਨੂੰ ਅਸੀਂ ਕੈਂਸਲ ਨਹੀਂ ਕਰ ਸਕਦੇ। ਜੋ ਕੁਝ ਵੀ ਹੋ ਰਿਹਾ ਹੈ, ਉਹ ਪਿਛਲੇ ਐਗਰੀਮੈਂਟ ਦੇ ਮੁਤਾਬਿਕ ਹੋਇਆ ਹੈ। ਇਹ ਮਿਤੀ 18.10.2012 ਨੂੰ ਖਤਮ ਹੋਵੇਗਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਜਿਹੜਾ ਕੁਰਾਲੀ ਪੁਲ ਤੋਂ ਅਗਲਾ ਦੂਸਰਾ ਟੋਲ ਪਲਾਜ਼ਾ ਲੱਗਿਆ ਹੈ, ਉਹ ਅਨੰਦਪੁਰ ਸਾਹਿਬ ਵਾਲੀ ਸੜਕ ਤੇ ਲੱਗਿਆ ਹੈ। ਰੋਪੜ ਤੋਂ ਉਸ ਟੋਲ ਪਲਾਜ਼ਾ ਤੱਕ ਸਫਰ ਸਿਰਫ ਅੱਠ ਕਿਲੋਮੀਟਰ ਹੈ ਜਦ ਕਿ ਅੰਮ੍ਰਿਤਸਰ ਤੋਂ, ਜਲੰਧਰ ਤੋਂ, ਫਗਵਾੜੇ ਤੋਂ, ਬੰਗੇ ਤੋਂ ਜਿਹੜੇ ਮੁਸਾਫਿਰ ਆ ਰਹੇ ਹਨ, ਉਨ੍ਹਾਂ ਨੂੰ ਪੂਰਾ ਟੋਲ ਭਰਨਾ ਪੈਂਦਾ ਹੈ ਜਦ ਕਿ ਉਹ ਸਫਰ ਸਿਰਫ ਅੱਠ ਕਿਲੋਮੀਟਰ ਕਰਦੇ ਹਨ। ਕੀ ਪੀ.ਡਬਲਿਯੂ.ਡੀ. ਮਨਿਸਟਰ ਇਸ ਨੂੰ ਰਿਵਿਊ ਕਰਵਾਉਣਗੇ? ਇਹ ਸੜਕ ਅਨੰਦਪੁਰ ਸਾਹਿਬ ਵਾਸਤੇ ਬਣੀ ਹੈ। ਜਿਹੜੇ ਅਨੰਦਪੁਰ ਸਾਹਿਬ ਨੂੰ ਜਾਂਦੇ ਹਨ, ਉਨ੍ਹਾਂ ਤੋਂ ਪੂਰਾ ਟੋਲ ਚਾਰਜ ਕੀਤਾ ਜਾਵੇ ਅਤੇ ਜਿਹੜੇ ਸਿਰਫ ਅੱਠ ਕਿਲੋਮੀਟਰ ਯੂਜ਼ ਕਰਦੇ ਹਨ, ਉਨ੍ਹਾਂ ਤੋਂ ਵੀ ਅਨੰਦਪੁਰ ਸਾਹਿਬ ਜਿੰਨਾ ਪੂਰਾ ਟੋਲ ਲਿਆ ਜਾਂਦਾ ਹੈ।

**ਮੰਤਰੀ :** ਸਪੀਕਰ ਸਾਹਿਬ, ਮੈਂ ਇਨ੍ਹਾਂ ਨਾਲ ਬਿਲਕੁਲ ਸਹਿਮਤ ਹਾਂ ਕਿ ਲੋਕਾਂ ਤੋਂ ਇਹ ਬਿਲਕੁਲ ਨਜਾਇਜ਼ ਵਸੂਲੀ ਕੀਤੀ ਜਾ ਰਹੀ ਹੈ। ਪੰਜਾਬ ਸਰਕਾਰ ਦਾ ਇਸ ਡਿਸੀਜ਼ਨ ਮੇਕਿੰਗ ਵਿੱਚ ਕੋਈ ਵੀ ਰੋਲ ਨਹੀਂ ਹੈ। ਐਨ.ਐਚ.ਏ.ਆਈ., ਮਨਿਸਟਰੀ ਆਫ ਰੋਡ ਟਰਾਂਸਪੋਰਟ ਅਤੇ ਕਨਸੈਸ਼ਨਰ ਦੇ ਵਿੱਚ ਇਹ ਐਗਰੀਮੈਂਟ ਹੋਇਆ ਹੈ। ਉਨ੍ਹਾਂ ਨੇ ਹੀ ਸਾਰਾ ਫੈਸਲਾ ਕਰਨਾ ਹੈ। ਉਨ੍ਹਾਂ ਦੇ ਨਾਲ ਸਾਡੀਆਂ ਪਿਛੇ ਮੀਟਿੰਗਾਂ ਹੋਈਆਂ ਹਨ। ਉਨ੍ਹਾਂ ਦੇ ਪ੍ਰੋਜੈਕਟ ਡਾਇਰੈਕਟਰ ਦੇ ਧਿਆਨ ਵਿੱਚ ਜ਼ਰੂਰ ਲਿਆ ਦਿੱਤਾ ਸੀ ਕਿ ਲੋਕਲ ਲੋਕਾਂ ਨੂੰ 30 ਕਿਲੋਮੀਟਰ ਟਰੈਵਲ ਕਰਨ ਤੇ 80 ਕਿਲੋਮੀਟਰ ਦਾ ਟੋਲ ਦੇਣਾ ਪੈਂਦਾ ਹੈ, ਇਹ

Original with;
Punjab Vidhan Sabha
Digitized by;
Panjab Digital Library

[ਲੋਕ ਨਿਰਮਾਣ (ਭ ਤੇ ਮ) ਮੰਤਰੀ]

ਨਜਾਇਜ਼ ਵਸੂਲੀ ਕੀਤੀ ਜਾ ਰਹੀ ਹੈ। ਉਨ੍ਹਾਂ ਨੇ ਕਿਹਾ ਹੈ ਕਿ ਇਹ ਗੌਰਮਿੰਟ ਆਫ ਇੰਡੀਆ ਦਾ ਫੈਸਲਾ ਹੈ, ਅਸੀਂ ਇਸ ਵਿੱਚ ਕੁਝ ਨਹੀਂ ਕਰ ਸਕਦੇ, ਇਸ ਕਰਕੇ ਇਹ ਉਸ ਦੇ ਲੈਵਲ ਤੇ ਹੀ ਰਿਵਿਊ ਹੋ ਸਕਦਾ ਹੈ। ਪੰਜਾਬ ਸਰਕਾਰ ਦਾ ਇਸ ਵਿੱਚ ਕੋਈ ਵੀ ਰੋਲ ਨਹੀਂ ਹੈ, ਨਾ ਹੀ ਇਸ ਦਾ ਡਿਸੀਜ਼ਨ ਮੇਕਿੰਗ ਦੇ ਵਿੱਚ ਕੋਈ ਰੋਲ ਹੈ। ਇਹ ਸਾਰੇ ਦਾ ਸਾਰਾ ਕੇਂਦਰ ਸਰਕਾਰ ਵੱਲੋਂ ਲਿਆ ਗਿਆ ਫੈਸਲਾ ਹੈ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2241*

**ਮਾਨਯੋਗ ਸਪੀਕਰ :** ਇਸ ਸਵਾਲ ਦੀ ਐਕਸਟੈਨਸ਼ਨ ਮੰਗੀ ਗਈ ਹੈ ਜੋ ਕਿ ਮੈਂ ਅਲਾਓ ਕਰ ਦਿੱਤੀ ਹੈ।

---

## ਬਿਸਤ ਦੋਆਬ ਨਹਿਰ ਦੀ ਸਫਾਈ

***2227. ਸ਼੍ਰੀ ਲਵ ਕੁਮਾਰ ਗੋਲਡੀ :** ਕੀ ਸਿੰਜਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਬਿਸਤ ਦੋਆਬ ਨਹਿਰ ਦੀ ਸਫਾਈ ਪਿੱਛੇ ਕਿਸ ਮਿਤੀ ਨੂੰ ਕੀਤੀ ਗਈ ਸੀ ਅਤੇ ਕੀ ਭਵਿੱਖ ਵਿੱਚ ਇਸ ਨੂੰ ਸਾਫ ਕਰਨ ਦੀ ਸਰਕਾਰ ਦੀ ਕੋਈ ਤਜਵੀਜ਼ ਹੈ ;

(ਅ) ਕੀ ਇਹ ਠੀਕ ਹੈ ਕਿ ਇਸ ਨਹਿਰ ਤੇ ਬਣੇ ਹੋਏ ਲਾਂਘੇ (ਕਰਾਸਿੰਗ-ਵੇ) ਬੁਰੀ ਤਰ੍ਹਾਂ ਟੁੱਟ-ਭੱਜ ਗਏ ਹਨ; ਜੇਕਰ ਅਜਿਹਾ ਹੋਵੇ ਤਾਂ ਕੀ ਇਨ੍ਹਾਂ ਲਾਂਘਿਆਂ ਦੀ ਮੁਰੰਮਤ ਜਾਂ ਮੁੜ ਬਣਾਉਣ ਲਈ ਸਰਕਾਰ ਕੋਈ ਤਜਵੀਜ਼ ਰੱਖਦੀ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਜੋ ਨਹਿਰ ਜਾਂਦੀ ਹੈ ਉਸ ਨੂੰ ਜਲੰਧਰ ਬ੍ਰਾਂਚ ਕਹਿੰਦੇ ਹਨ। ਇਹ ਨਹਿਰ ਬਿਸਤ ਦੋਆਬ ਕੈਨਾਲ ਦੀ ਬੁਰਜੀ 94195 ਸੱਜਾ ਤੋਂ ਨਿਕਲਦੀ ਹੈ। ਜਲੰਧਰ ਬ੍ਰਾਂਚ ਦੀ ਕੁੱਲ ਲੰਬਾਈ ਬੁਰਜੀ 0 ਤੋਂ 226000 ਤੱਕ 68.90 ਕਿ.ਮੀਟਰ ਹੈ। ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਇਸ ਦੀ ਕੁੱਲ ਲੰਬਾਈ ਬੁਰਜੀ 60000 ਤੋਂ 226000 ਤੱਕ 50.60 ਕਿ.ਮੀਟਰ ਹੈ। ਇਸ ਵਿਚੋਂ ਬੁਰਜੀ 60000 ਤੋਂ 90000 ਤੱਕ 9 ਕਿ:ਮੀਟਰ ਨਹਿਰ ਕੱਚੀ ਹੈ ਅਤੇ 90000 ਤੋਂ 226000 ਤੱਕ 41.60 ਕਿ.ਮੀਟਰ ਤੱਕ ਨਹਿਰ ਪੱਕੀ ਹੈ। ਪੱਕੀ ਨਹਿਰ ਦੀ ਲੋੜੀਂਦੀ 30 ਕਿ.ਮੀਟਰ ਰੀਚਾਂ ਵਿੱਚ ਸਫਾਈ ਜੁਲਾਈ, 2011 ਤੱਕ ਮਨਰੇਗਾ ਅਧੀਨ ਕਰਵਾ ਦਿੱਤੀ ਗਈ ਹੈ।

* For Starred Question No. 2241 and reply thereto, please see Appendix to this Debate

Original with;
Punjab Vidhan Sabha
Digitized by;
Panjab Digital Library

ਕੱਚੀ ਨਹਿਰ ਦੀ ਸਫਾਈ (ਬਰਮ ਕਟਿੰਗ) ਨਵੰਬਰ, 2011 ਵਿੱਚ ਕਰਵਾਉਣ ਦੀ ਤਜਵੀਜ਼ ਹੈ। ਜਲੰਧਰ ਬ੍ਰਾਂਚ ਦੇ ਕਮਾਂਡ ਅਧੀਨ ਪੈਂਦੇ ਏਰੀਆ ਦੀਆਂ ਟੇਲਾਂ ਤੱਕ ਸਮਰੱਥਾ ਮੁਤਾਬਕ ਪਾਣੀ ਇਸ ਸੀਜ਼ਨ ਵਿੱਚ ਪਹੁੰਚਦਾ ਰਿਹਾ ਹੈ।

(ਅ) ਗੜ੍ਹਸ਼ੰਕਰ ਤੋਂ ਆਦਮਪੁਰ ਤੱਕ ਜਲੰਧਰ ਬ੍ਰਾਂਚ ਤੇ ਪੈਂਦੇ ਲਾਂਘਿਆਂ ਦੇ ਰੱਖ-ਰਖਾਵ ਦਾ ਕੰਮ ਸਿੰਚਾਈ ਵਿਭਾਗ ਦੇ ਅਧਿਕਾਰ ਖੇਤਰ ਵਿੱਚ ਨਹੀਂ ਆਉਂਦਾ। ਪਰ ਫਿਰ ਵੀ ਸਬੰਧਿਤ ਪੀ.ਡਬਲਿਯੂ.ਡੀ. (ਬੀ. ਐਂਡ. ਆਰ.) ਵਿਭਾਗ ਤੋਂ ਇਸ ਸਬੰਧੀ ਜਵਾਬ ਪ੍ਰਾਪਤ ਕੀਤਾ ਗਿਆ ਹੈ, ਜੋ ਕਿ ਹੇਠ ਲਿਖੇ ਅਨੁਸਾਰ ਹੈ :-

> ਗੜ੍ਹਸ਼ੰਕਰ ਤੋਂ ਆਦਮਪੁਰ ਤੱਕ, ਜਲੰਧਰ ਬ੍ਰਾਂਚ ਤੇ 37 ਨੰਬਰ ਲਾਂਘੇ (ਕਰਾਸਿੰਗ-ਵੇ) ਪੈਂਦੇ ਹਨ। ਇਨ੍ਹਾਂ ਪੁਲਾਂ ਵਿਚੋਂ ਲੋੜੀਂਦੀ ਕਰਾਸਿੰਗ-ਵੇ ਪੈਰਾਪਿਟ ਦੀ ਮੁਰੰਮਤ ਲਿੰਕ ਸੜਕਾਂ ਦੀ ਮੁਰੰਮਤ ਕਰਵਾਉਣ ਸਮੇਂ ਆਉਣ ਵਾਲੇ ਦਿਨਾਂ ਵਿੱਚ ਕਰਵਾ ਦਿੱਤੀ ਜਾਵੇਗੀ।

**ਸ਼੍ਰੀ ਲਵ ਕੁਮਾਰ ਗੋਲਡੀ :** ਸਪੀਕਰ ਸਾਹਿਬ, ਮੰਤਰੀ ਜੀ ਤੋਂ ਸਭ ਤੋਂ ਪਹਿਲਾਂ ਇਹ ਸਵਾਲ ਪੁੱਛਿਆ ਗਿਆ ਸੀ ਕਿ ਪਿਛਲੀ ਸਫਾਈ ਕਦੋਂ ਕਰਵਾਈ ਗਈ ਸੀ? ਉਸ ਦੇ ਬਾਰੇ ਇਨ੍ਹਾਂ ਨੇ ਕੋਈ ਜਵਾਬ ਨਹੀਂ ਦਿੱਤਾ। ਦੂਜੇ ਨੰਬਰ ਤੇ ਇਨ੍ਹਾਂ ਨੇ ਦੱਸਿਆ ਹੈ ਕਿ ਮਨਰੇਗਾ ਦੇ ਅਧੀਨ ਸਫਾਈ ਕਰਵਾਈ ਜਾ ਰਹੀ ਹੈ। ਮਨਰੇਗਾ ਅਧੀਨ ਜਿਹੜੀ ਸਫਾਈ ਕਰਵਾਈ ਜਾ ਰਹੀ ਹੈ, ਉਸ ਅਧੀਨ ਝਾੜੀਆਂ ਜਾਂ ਬੂਟੀ ਵਗੈਰਾ ਜਾਂ ਕੋਈ ਦਰੱਖਤ ਵਗੈਰਾ ਤਾਂ ਜ਼ਰੂਰ ਨਹਿਰ ਦੇ ਵਿਚੋਂ ਕੱਢ ਰਹੇ ਹਨ ਪਰ ਜਿਹੜੀ ਉਸ ਨਹਿਰ ਵਿੱਚ ਮਿੱਟੀ ਪੈ ਗਈ ਹੈ ਜਾਂ ਨਹਿਰ ਬੰਦ ਹੋਣ ਦੇ ਕਿਨਾਰੇ ਉਤੇ ਹੈ ਇਹ ਇਸ ਦੀ ਕਦੋਂ ਤੱਕ ਸਫਾਈ ਕਰਵਾਉਣਗੇ ਤਾਂ ਕਿ ਲੋਕਾਂ ਨੂੰ ਸਹੀ ਢੰਗ ਦੇ ਨਾਲ ਪਾਣੀ ਪੁੱਜ ਸਕੇ। ਇਨ੍ਹਾਂ ਨੇ ਜੋ ਲਾਂਘਿਆਂ ਬਾਰੇ ਦੱਸਿਆ ਹੈ ਕਿ 37 ਜਿਹੜੇ ਲਾਂਘੇ ਜਾਂ ਪੁਲ ਹਨ ਉਨ੍ਹਾਂ ਦੀ ਹਾਲਤ ਬਹੁਤ ਮਾੜੀ ਹੈ। ਸਪੀਕਰ ਸਾਹਿਬ, ਇਹ 1953 ਦੇ ਬਣੇ ਹੋਏ ਹਨ। ਉਨ੍ਹਾਂ ਦੀ ਹਾਲਤ ਬਹੁਤ ਖਸਤਾ ਹੈ ਅਤੇ ਇਨ੍ਹਾਂ ਕਰਕੇ ਕਿਸੇ ਵੇਲੇ ਵੀ ਕੋਈ ਮਾੜੀ ਘਟਨਾ ਵਾਪਰ ਸਕਦੀ ਹੈ। ਕੀ ਮਾਨਯੋਗ ਮੰਤਰੀ ਜੀ ਇਸ ਸਦਨ ਨੂੰ ਵਿਸ਼ਵਾਸ ਦਿਵਾਉਣਗੇ ਕਿ ਇਹ ਲਾਂਘੇ ਕਦੋਂ ਤੱਕ ਠੀਕ ਕਰਵਾ ਦਿੱਤੇ ਜਾਣਗੇ ਕਿਉਂਕਿ ਉਹ ਆਪਣੇ ਆਪ ਵਿੱਚ ਛੋਟੇ ਵੀ ਬਹੁਤ ਬਣੇ ਹੋਏ ਹਨ ਤੇ ਉਨ੍ਹਾਂ ਵਿੱਚ ਗੱਡੀਆਂ ਨਿਕਲਣੀਆਂ ਵੀ ਬਹੁਤ ਮੁਸ਼ਕਲ ਹਨ। ਇਸੇ ਸਦਨ ਦੇ ਮਾਨਯੋਗ ਮੈਂਬਰ ਸਰਦਾਰ ਸੋਹਣ ਸਿੰਘ ਠੰਡਲ ਹੁਰਾਂ ਦੇ ਕੋਈ ਮਿਸਹੈਪਨਿੰਗ ਹੋ ਗਈ ਸੀ ਤਾਂ ਮੈਂ ਉਨ੍ਹਾਂ ਦੇ ਘਰ ਗਿਆ ਸੀ ਤੇ ਉਨ੍ਹਾਂ ਦੇ ਘਰ ਜਾਣ ਵਾਲੇ ਰਸਤੇ ਦੀ ਹਾਲਤ ਵੀ ਬਹੁਤ ਖਸਤਾ ਸੀ। ਇਸ ਲਈ ਮੰਤਰੀ ਜੀ ਜਾਂ ਪੀ.ਡਬਲਯੂ.ਡੀ. ਮੰਤਰੀ ਜੀ ਕੋਈ ਆਸ਼ਵਾਸਨ ਦਿਵਾਉਣਗੇ ਕਿ ਇਹ ਲਾਂਘੇ ਕਦੋਂ ਤੱਕ ਠੀਕ ਕਰਵਾ ਦਿੱਤੇ ਜਾਣਗੇ?

**ਮੰਤਰੀ :** ਸਪੀਕਰ ਸਾਹਿਬ, ਜਿਥੋਂ ਤੱਕ ਨਹਿਰ ਠੀਕ ਕਰਵਾਉਣ ਦਾ ਸਵਾਲ ਹੈ ਇਸ ਦੀ ਰੀਹੈਬਿਲੀਟੇਸ਼ਨ ਦਾ ਕੇਸ ਭੇਜਿਆ ਸੀ ਅਤੇ ਉਹ 210.90 ਕਰੋੜ ਰੁਪਏ ਦਾ

Original with;
Punjab Vidhan Sabha
Digitized by;
Panjab Digital Library

[ ਸਿੰਚਾਈ ਮੰਤਰੀ ]

ਪਾਸ ਹੋ ਕੇ ਆ ਗਿਆ ਹੈ। ਉਸ ਦਾ ਐਮ.ਓ.ਯੂ. ਸਾਈਨ ਹੋ ਗਿਆ ਹੈ। ਇਸ ਦਾ ਅਸੀਂ ਪਹਿਲਾ 14 ਕਰੋੜ ਰੁਪਏ ਦਾ ਟੈਂਡਰ ਇਕ ਹਫਤੇ ਦੇ ਵਿਚ-ਵਿਚ ਲਗਵਾ ਦਿਆਂਗੇ।

**ਸ਼੍ਰੀ ਲਵ ਕੁਮਾਰ ਗੋਲਡੀ :** ਸਪੀਕਰ ਸਾਹਿਬ, ਇਨ੍ਹਾਂ ਨੇ ਲਾਂਘਿਆਂ ਬਾਰੇ ਤਾਂ ਕੋਈ ਗੱਲ ਨਹੀਂ ਕੀਤੀ।

**ਮਾਨਯੋਗ ਸਪੀਕਰ :** ਲਾਂਘੇ ਵੀ ਵਿਚ ਹੀ ਆ ਜਾਣਗੇ। ਅਗਲਾ ਸਵਾਲ।

---

## ਮਨਰੇਗਾ ਅਧੀਨ ਪ੍ਰਾਪਤ ਫੰਡਾਂ ਦੇ ਵੇਰਵੇ

***2220. ਸ਼੍ਰੀ ਸੁਨੀਲ ਕੁਮਾਰ ਜਾਖੜ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਰਾਜ ਵਿੱਚ ਜ਼ਿਲ੍ਹਾ-ਵਾਰ ਮਨਰੇਗਾ ਤਹਿਤ ਜਾਰੀ ਕੀਤੇ ਗਏ ਜਾਬ ਕਾਰਡਾਂ ਦੀ ਅੱਜ ਤੱਕ ਕੁੱਲ ਗਿਣਤੀ ਕਿੰਨੀ ਹੈ ;

(ਅ) ਸਾਲ 2011-12 ਦੇ ਦੌਰਾਨ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂ ਮਨਰੇਗਾ ਅਧੀਨ ਅੱਜ ਤੱਕ ਕਿੰਨੇ ਫੰਡ ਪ੍ਰਾਪਤ ਕੀਤੇ ਗਏ ਹਨ ਅਤੇ ਇਸ ਵਿੱਚ ਰਾਜ ਸਰਕਾਰ ਨੇ ਕਿੰਨਾ ਹਿੱਸਾ ਪਾਇਆ ;

(ੲ) ਸਾਲ 2011-12 ਲਈ ਰਾਜ ਸਰਕਾਰ ਦੁਆਰਾ ਕੇਂਦਰ ਸਰਕਾਰ ਤੋਂ ਮਨਰੇਗਾ ਅਧੀਨ ਫੰਡ ਪ੍ਰਾਪਤ ਕਰਨ ਲਈ ਕਿੰਨੇ ਕਰੋੜ ਦੀ ਕਿਸ ਮਿਤੀ ਨੂੰ ਪ੍ਰਪੋਜ਼ਲ ਬਣਾ ਕੇ ਭੇਜੀ ਗਈ ਸੀ ;

(ਸ) ਰਾਜ ਵਿੱਚ ਮਨਰੇਗਾ ਨੂੰ ਪੂਰੀ ਤਰ੍ਹਾਂ ਲਾਗੂ ਕਰਨ ਲਈ ਕਿੰਨੇ ਸਟਾਫ ਦੀ ਲੋੜ ਹੈ ਅਤੇ ਇਸ ਸਮੇਂ ਰਾਜ ਵਿੱਚ ਮਨਰੇਗਾ ਤਹਿਤ ਕਿੰਨਾ ਸਟਾਫ ਕੰਮ ਕਰ ਰਿਹਾ ਹੈ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸ਼੍ਰੀਮਾਨ ਜੀ, (ੳ) ਰਾਜ ਦੇ ਵਿੱਚ ਜ਼ਿਲ੍ਹਾ-ਵਾਰ ਮਨਰੇਗਾ ਤਹਿਤ ਜਾਰੀ ਕੀਤੇ ਗਏ ਜਾਬ ਕਾਰਡਾਂ ਦੀ ਅੱਜ ਤੱਕ ਦੀ ਕੁੱਲ ਗਿਣਤੀ ਅੱਠ ਲੱਖ ਸਤਾਈ ਹਜ਼ਾਰ ਤਿੰਨ ਸੌ ਉਨੱਤਰ (8,27,369) ਹੈ, ਇਸ ਦਾ ਜ਼ਿਲ੍ਹਾਵਾਰ ਵੇਰਵਾ ਅਨੁਲੱਗ "ੳ" ਤੇ ਰੱਖਿਆ ਜਾਂਦਾ ਹੈ।

(ਅ) ਸਾਲ 2011-12 ਦੌਰਾਨ ਕੇਂਦਰ ਸਰਕਾਰ ਤੋਂ ਮਨਰੇਗਾ ਅਧੀਨ ਅੱਜ ਤੱਕ ਇੱਕ ਸੌ ਅੱਠ ਕਰੋੜ ਉਨੱਤੀ ਲੱਖ ਛੱਤੀ ਹਜ਼ਾਰ ਰੁਪਏ (1,08,29.36 ਲੱਖ ਰੁਪਏ) ਦੇ ਫੰਡ ਪ੍ਰਾਪਤ ਕੀਤੇ ਗਏ ਹਨ ਅਤੇ ਇਸ ਵਿੱਚ ਰਾਜ ਸਰਕਾਰ ਵੱਲੋਂ ਕੁੱਲ ਬਾਰ੍ਹਾਂ ਕਰੋੜ ਤਿੰਨ ਲੱਖ ਛੱਬੀ ਹਜ਼ਾਰ ਰੁਪਏ (1203.26 ਲੱਖ ਰੁਪਏ) ਦਾ ਹਿੱਸਾ ਬਣਦਾ ਹੈ ਅਤੇ ਇਹ ਰਾਸ਼ੀ

Original with;
Punjab Vidhan Sabha
Digitized by;
Panjab Digital Library

ਜਾਰੀ ਕਰਵਾਉਣ ਲਈ ਕੇਸ ਖਜ਼ਾਨੇ ਅਤੇ ਯੋਜਨਾਬੰਦੀ ਵਿਭਾਗ ਨੂੰ ਭੇਜਿਆ ਗਿਆ ਹੈ।

(ੲ) ਮਨਰੇਗਾ ਅਧੀਨ ਵਿੱਤੀ ਵਰ੍ਹੇ 2011-12 ਦੌਰਾਨ ਮਿਤੀ 15.03.2011 ਨੂੰ ਦੋ ਸੌ ਛਿਆਨਵੇਂ ਕਰੋੜ ਰੁਪਏ (296 ਕਰੋੜ ਰੁਪਏ) ਦੇ ਕੁੱਲ ਬਜਟ ਦੀ ਤਜਵੀਜ਼ ਬਣਾ ਕੇ ਭਾਰਤ ਸਰਕਾਰ ਨੂੰ ਭੇਜੀ ਗਈ ਸੀ।

(ਸ) ਮਨਰੇਗਾ ਸਕੀਮ ਅਧੀਨ ਜ਼ਿਲ੍ਹਿਆਂ ਨੂੰ ਜਾਰੀ ਕੀਤੇ ਗਏ ਫੰਡਜ਼ ਵਿੱਚੋਂ 6% ਹਿੱਸਾ ਕੰਟਨਜੈਂਸੀ ਲਈ ਰੱਖਿਆ ਜਾਂਦਾ ਹੈ ਅਤੇ ਇਸੇ ਵਿੱਚੋਂ ਹੀ ਜ਼ਿਲ੍ਹਿਆਂ ਵਿੱਚ ਲੋੜ ਅਨੁਸਾਰ ਸਟਾਫ ਦੀ ਭਰਤੀ ਕੀਤੀ ਜਾਂਦੀ ਹੈ। ਇਸ ਸਮੇਂ ਰਾਜ ਅਤੇ ਜ਼ਿਲ੍ਹਿਆਂ ਵਿੱਚ ਸਕੀਮ ਅਧੀਨ ਕੁੱਲ 1215 ਅਧਿਕਾਰੀ/ਕਰਮਚਾਰੀ ਕੰਮ ਕਰ ਰਹੇ ਹਨ।

## ਅਨੁਲੱਗ "ੳ" ਭੌਤਿਕ ਰਿਪੋਰਟ

| ਲੜੀ ਨੰ: | ਜ਼ਿਲ੍ਹਿਆਂ ਦਾ ਨਾਂ | ਕੁੱਲ ਜਾਬ ਕਾਰਡ 2005-06 | ਕੁੱਲ ਜਾਬ ਕਾਰਡ 2006-07 | ਕੁੱਲ ਜਾਬ ਕਾਰਡ 2007-08 | ਕੁੱਲ ਜਾਬ ਕਾਰਡ 2008-09 | ਕੁੱਲ ਜਾਬ ਕਾਰਡ 2009-10 | ਕੁੱਲ ਜਾਬ ਕਾਰਡ 2010-11 |
|---|---|---|---|---|---|---|---|
| 1. | ਹੁਸ਼ਿਆਰਪੁਰ | 33375 | 37326 | 43154 | 45135 | 66025 | 70610 |
| 2. | ਅੰਮ੍ਰਿਤਸਰ | 0 | 0 | 24322 | 36163 | 55126 | 66561 |
| 3. | ਜਲੰਧਰ | 0 | 0 | 15585 | 16566 | 29612 | 32792 |
| 4. | ਸ਼ਹੀਦ ਭਗਤ ਸਿੰਘ ਨਗਰ | 0 | 0 | 14831 | 16373 | 20026 | 21054 |
| 5. | ਬਰਨਾਲਾ | 0 | 0 | 0 | 17385 | 19552 | 22465 |
| 6. | ਬਠਿੰਡਾ | 0 | 0 | 0 | 23532 | 36425 | 40203 |
| 7. | ਫਰੀਦਕੋਟ | 0 | 0 | 0 | 11899 | 14731 | 19093 |
| 8. | ਫਤਿਹਗੜ੍ਹ ਸਾਹਿਬ | 0 | 0 | 0 | 15830 | 22208 | 24910 |
| 9. | ਫਿਰੋਜ਼ਪੁਰ | 0 | 0 | 0 | 72543 | 81953 | 97864 |
| 10. | ਗੁਰਦਾਸਪੁਰ | 0 | 0 | 0 | 51378 | 57049 | 60168 |
| 11. | ਕਪੂਰਥਲਾ | 0 | 0 | 0 | 9237 | 13012 | 13782 |
| 12. | ਲੁਧਿਆਣਾ | 0 | 0 | 0 | 11450 | 40390 | 53999 |
| 13. | ਮਾਨਸਾ | 0 | 0 | 0 | 25134 | 40425 | 35074 |

Original with;
Punjab Vidhan Sabha
Digitized by;
Panjab Digital Library

[ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ]

| | | | | | | | |
|---|---|---|---|---|---|---|---|
| 14. | ਮੋਗਾ | 0 | 0 | 0 | 18137 | 26665 | 36872 |
| 15. | ਸ੍ਰੀ ਮੁਕਤਸਰ ਸਾਹਿਬ | 0 | 0 | 0 | 25038 | 40996 | 49467 |
| 16. | ਪਟਿਆਲਾ | 0 | 0 | 0 | 22748 | 29606 | 35752 |
| 17. | ਰੂਪਨਗਰ | 0 | 0 | 0 | 14233 | 16964 | 21710 |
| 18. | ਸੰਗਰੂਰ | 0 | 0 | 0 | 43082 | 33942 | 44641 |
| 19. | ਐਸ.ਏ.ਐਸ. ਨਗਰ | 0 | 0 | 0 | 12101 | 17509 | 25382 |
| 20. | ਤਰਨਤਾਰਨ | 0 | 0 | 0 | 36964 | 44292 | 54970 |
| | ਕੁੱਲ ਜੋੜ | 33375 | 37326 | 97892 | 524928 | 706508 | 827369 |

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮਾਨਯੋਗ ਮੰਤਰੀ ਜੀ ਨੇ ਕਿਹਾ ਹੈ that in the year 2011-12 Rs. 296 crores of Rupees was spent out of the total budget for MNREGA. ਸਪੀਕਰ ਸਾਹਿਬ, ਜਿਹੜਾ ਮੈਂ ਸਿਮੀਲਰ ਕੁਐਸਚਨ ਮਾਰਚ, 2010 ਦੇ ਵਿੱਚ ਪੁੱਛਿਆ ਸੀ ਉਸ ਬਾਰੇ ਇਨ੍ਹਾਂ ਨੇ ਕਿਹਾ ਸੀ, "ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਜਿਹੜੇ 6 ਲੱਖ, ਉਦੋਂ ਸਿਰਫ 6,80,000 ਕਾਰਡ ਸਨ, ਹੁਣ 8 ਲੱਖ ਹੋ ਗਏ ਹਨ। ਉਨ੍ਹਾਂ ਦੇ ਮੁਤਾਬਿਕ ਹੀ 1415 ਕਰੋੜ ਦਾ ਜੋ ਪ੍ਰਵਾਨਿਤ ਬਜਟ ਹੈ ਉਹ ਅਸੀਂ ਸੈਂਟਰ ਗੌਰਮਿੰਟ ਨੂੰ ਭੇਜਿਆ ਹੈ।" ਉਸ ਤੋਂ ਬਾਅਦ ਇਨ੍ਹਾਂ ਦੇ ਡਿਪਾਰਟਮੈਂਟ ਦਾ ਹੈ, ਇਨ੍ਹਾਂ ਨੇ 3 ਮਾਰਚ ਨੂੰ ਮੈਨੂੰ ਦੱਸਿਆ ਸੀ ਕਿ ਇਨ੍ਹਾਂ ਨੇ 6ਵੇਂ ਮਹੀਨੇ ਦੇ ਵਿੱਚ ਹੀ ਟੋਟਲ ਜੋ ਪੈਸਾ ਮੰਗਿਆ ਸੀ ਉਹ 485 ਕਰੋੜ ਰੁਪਿਆ ਮੰਗਿਆ ਸੀ। Is it not a breach of privilege of the House? ਇਨ੍ਹਾਂ ਦੀ ਆਪਣੀ ਅਸੈਂਬਲੀ ਦੀ ਪ੍ਰੋਸੀਡਿੰਗ ਵਿੱਚ 1415 ਕਰੋੜ ਰੁਪਏ ਦਰਜ ਹੈ। ਇਹ ਬਰੀਚ ਆਫ ਪ੍ਰੀਵਿਲੇਜ ਦਾ ਕੇਸ ਬਣਦਾ ਹੈ। ਮਾਨਯੋਗ ਮੰਤਰੀ ਜੀ ਇਸ ਦੀ ਵਜ੍ਹਾ ਦੱਸ ਦੇਣ, ਕਿਉਂਕਿ ਇੱਕ ਪਾਸੇ ਬਾਦਲ ਸਾਹਿਬ ਇਲਜ਼ਾਮ ਲਗਾ ਰਹੇ ਹਨ ਕਿ ਕੇਂਦਰ ਵਾਲੇ ਸਾਨੂੰ ਪੈਸੇ ਨਹੀਂ ਦਿੰਦੇ ਪਰ ਮੰਤਰੀ ਜੀ ਵਿਧਾਨ ਸਭਾ ਵਿੱਚ ਆਸ਼ਵਾਸਨ ਦੇ ਰਹੇ ਹਨ, ਇਹ ਪਰਟੀਕੁਲਰ ਸਪੈਸੇਫਿਕ ਕੁਐਸਚਨ ਤੇ ਆਸ਼ਵਾਸਨ ਦੇ ਰਹੇ ਹਨ ਕਿ ਜਾਖੜ ਸਾਹਿਬ, ਮੈਂ ਐਤਕੀਂ 1415 ਕਰੋੜ ਰੁਪਏ ਸੈਂਟਰ ਸਰਕਾਰ ਤੋਂ ਮੰਗਾਂਗਾ। ਪਰ ਫਿਰ ਇਨ੍ਹਾਂ ਨੇ ਪੈਸੇ ਘੱਟ ਕਿਉਂ ਮੰਗੇ? ਇਹ ਪਲੀਜ਼ ਦੱਸ ਦੇਣ।

**ਮੰਤਰੀ :** ਸਪੀਕਰ ਸਾਹਿਬ, ਜੋ ਪੰਜਾਬ ਦੇ ਵਿੱਚ ਪਹਿਲਾਂ ਪ੍ਰੋਜੈਕਟ ਹਨ, ਉਹ

Original with;
Punjab Vidhan Sabha
Digitized by;
Panjab Digital Library

ਡੀ.ਸੀ. ਸਾਹਿਬਾਨ ਦੀ ਰਹਿਨੁਮਾਈ ਥੱਲੇ ਬਣਾ ਕੇ ਸੈਂਟਰ ਗੌਰਮਿੰਟ ਨੂੰ ਭੇਜਦੇ ਹਾਂ ਅਤੇ ਉਸ ਦੇ ਮੁਤਾਬਕ ਹੀ ਅਸੀਂ ਪੈਸੇ ਮੰਗਦੇ ਹਾਂ ਅਤੇ ਉਸ ਵਿੱਚ ਵੀ ਜਿੰਨਾ ਕੱਟ ਲਗਾ ਕੇ ਉਹ ਦੇ ਸਕਦੇ ਹਨ, ਉਹ ਦਿੰਦੇ ਹਨ। ਇਸ ਵਿੱਚ ਮੈਂ ਕੀ ਦੱਸ ਸਕਦਾ ਹਾਂ ਕਿ ਕਿੰਨੇ ਕੱਟ ਕੇ ਕਿੰਨੇ ਦੇਣਗੇ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਇਨ੍ਹਾਂ ਨੇ ਕਿਹਾ ਹੈ ਕਿ ਇਹ 1415 ਕਰੋੜ ਰੁਪਏ ਦਾ ਪ੍ਰਵਾਨਿਤ ਬਜਟ ਹੈ। **It was not a fictitious figure or a presumption. He is referring to a particular figure.** 1415 ਕਰੋੜ ਰੁਪਏ ਦਾ ਬਜਟ ਮੰਗਿਆ ਗਿਆ ਹੈ, ਇਨ੍ਹਾਂ ਨੇ ਇਹ ਨਹੀਂ ਕਿਹਾ ਕਿ ਮੰਗਾਂਗੇ, ਇਹ ਮੰਗਿਆ ਗਿਆ ਹੈ। ਬਾਦਲ ਸਾਹਿਬ ਨੇ ਬੜਾ ਤਕੜਾ ਐਲੀਗੇਸ਼ਨ ਲਗਾਇਆ ਹੈ ਕਿ ਸੈਂਟਰ ਗੌਰਮਿੰਟ ਪੈਸੇ ਨਹੀਂ ਦਿੰਦੀ ਪਰ ਸੈਂਟਰ ਗੌਰਮਿੰਟ ਤਾਂ ਗੱਫੇ ਖੋਲ੍ਹੀ ਬੈਠੀ ਹੈ ਪਰ ਇਨ੍ਹਾਂ ਕੋਲੋਂ ਲਏ ਨਹੀਂ ਜਾਂਦੇ। ਤੁਸੀਂ ਕਿੰਨੇ ਪੈਸੇ ਹੁਣ ਤੱਕ ਇਸਤੇਮਾਲ ਕੀਤੇ ਹਨ?

**ਮੰਤਰੀ :** ਠੀਕ ਹੈ, ਮੰਗਿਆ ਗਿਆ ਹੈ ਪਰ ਦੇਣਾ ਤਾਂ ਉਨ੍ਹਾਂ ਨੇ ਹੈ। ਜਿੰਨਾ ਦਿੱਤਾ ਹੈ, ਉਹ ਦੱਸ ਦਿੰਦੇ ਹਾਂ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਤੁਸੀਂ ਫਿਰ ਕਹਿੰਦੇ ਹੋ ਕਿ ਉਹ ਦਿੰਦੇ ਨਹੀਂ। ਇਨ੍ਹਾਂ ਨੂੰ ਸਾਲ 2010-11 ਵਿੱਚ 212 ਕਰੋੜ ਰੁਪਏ ਐਲੋਕੇਟ ਹੋਏ ਸੀ ਪਰ ਇਨ੍ਹਾਂ ਨੇ 166 ਕਰੋੜ ਰੁਪਏ ਇਸਤੇਮਾਲ ਕੀਤੇ। ਧੀਮਾਨ ਸਾਹਿਬ ਵੀ ਕਹਿੰਦੇ ਹਨ ਕਿ ਸਾਡੇ ਏਰੀਏ ਵਿੱਚ ਬੰਦਿਆਂ ਨੂੰ ਪੈਸੇ ਨਹੀਂ ਮਿਲਦੇ। ਪਰ ਇਹ ਕਹਿੰਦੇ ਹਨ ਕਿ ਸਾਨੂੰ ਕੇਸ ਬਾਰੇ ਦੱਸੋ। ਮੈਂ ਇਨ੍ਹਾਂ ਨੂੰ ਆਪਣੇ ਅਬੋਹਰ ਏਰੀਏ ਵਿੱਚ ਲੈ ਚੱਲਦਾ ਹਾਂ। ਉਥੇ ਬੰਦਿਆਂ ਨੇ ਕੰਮ ਕੀਤਾ ਹੈ ਪਰ ਉਨ੍ਹਾਂ ਨੂੰ ਦਿਹਾੜੀ ਨਹੀਂ ਮਿਲੀ। ਇਹ ਕਹਿੰਦੇ ਹਨ ਕਿ ਡੀ.ਸੀ. ਪ੍ਰੋਜੈਕਟ ਬਣਾਉਂਦੇ ਹਨ। **I have highest regard for him as he had been a colleague of my father,** ਮੈਂ ਇਨ੍ਹਾਂ ਦਾ ਬਹੁਤ ਸਨਮਾਨ ਕਰਦਾ ਹਾਂ। ਇਹ ਕਹਿੰਦੇ ਹਨ ਕਿ ਪ੍ਰੋਜੈਕਟ ਡੀ.ਸੀ. ਬਣਾ ਕੇ ਭੇਜਦੇ ਹਨ। ਗ੍ਰਾਮ ਸਭਾ ਦੇ ਵਿੱਚ ਫੈਸਲਾ ਹੁੰਦਾ ਹੈ, ਗ੍ਰਾਮ ਸੇਵਕ ਲਗਣੇ ਚਾਹੀਦੇ ਹਨ। ਇਨ੍ਹਾਂ ਨੇ ਆਖਰੀ ਜਵਾਬ ਦਿੱਤਾ ਹੈ ਕਿ 1200 ਕਰਮਚਾਰੀ ਨਰੇਗਾ ਵਿੱਚ ਕੰਮ ਕਰ ਰਿਹਾ ਹੈ। **Would the Hon'ble Minister tell how many are the vacancies?** ਕਿਹੜੀ ਕਰੀਏਟ ਹੋਈ ਹੈ, ਕਿਹੜੀ ਇਨ੍ਹਾਂ ਨੂੰ ਮਨਰੇਗਾ ਵਾਲਿਆਂ ਨੇ ਅਲਾਓ ਕੀਤੀ ਹੈ ਕਿ ਕਿੰਨੇ ਬੰਦੇ ਰੱਖ ਸਕਦੇ ਹੋ? **I will give you the answer** ਕਿਉਂਕਿ ਤੁਸੀਂ ਕਹੋਗੇ ਕਿ ਸਾਡੇ ਕੋਲ ਇਸ ਦੀ ਇਸ ਵੇਲੇ ਤਿਆਰੀ ਨਹੀਂ ਹੈ। ਤੁਸੀਂ 12000 ਗ੍ਰਾਮ ਸੇਵਕ ਰੱਖ ਸਕਦੇ ਸੀ, 2000 ਸੁਪਰਵਾਈਜ਼ਰ ਰੱਖ ਸਕਦੇ ਸੀ। ਪੰਜ ਪਿੰਡਾਂ ਦੇ ਉਪਰ ਇੱਕ ਸੁਪਰਵਾਈਜ਼ਰ ਰੱਖਿਆ ਜਾਂਦਾ ਹੈ। ਇਸ ਨਾਲ 12000 ਬੱਚਿਆਂ ਨੂੰ ਰੁਜ਼ਗਾਰ ਮਿਲ ਸਕਦਾ ਸੀ। ਉਨ੍ਹਾਂ ਦੀ ਤਨਖਾਹ ਤੁਹਾਡੀ ਸਰਕਾਰ ਕੋਲੋਂ ਨਹੀਂ ਆਉਣੀ ਸੀ। ਇਹ ਤਾਂ ਸੈਂਟਰ ਗੌਰਮਿੰਟ ਨੇ ਦੇਣੀ ਸੀ, ਫਿਰ ਬੰਦੇ ਕਿਉਂ ਨਹੀਂ ਰੱਖੇ?

Original with;
Punjab Vidhan Sabha
Digitized by;
Panjab Digital Library

**ਮੰਤਰੀ :** ਸਪੀਕਰ ਸਾਹਿਬ, ਜਿਹੜੇ ਫੰਡ ਸਾਨੂੰ ਆਉਂਦੇ ਹਨ, ਅਸੀਂ ਉਸ ਦਾ 6% ਕੰਟੀਜੈਂਸੀ ਦੇ ਮੁਤਾਬਕ ਹੀ ਰੱਖ ਸਕਦੇ ਹਾਂ। ਇਨ੍ਹਾਂ ਨੂੰ ਕੰਮ ਦੇ ਅਧਾਰ ਤੇ ਰੱਖ ਸਕਦੇ ਹਾਂ। ਇਹ ਪੱਕੇ ਨਹੀਂ ਹੁੰਦੇ, ਜਦੋਂ ਕੰਮ ਹੁੰਦਾ ਹੈ, ਉਦੋਂ ਰੱਖ ਲੈਂਦੇ ਹਾਂ ਅਤੇ ਜਦੋਂ ਕੰਮ ਨਹੀਂ ਹੁੰਦਾ ਤਾਂ ਉਦੋਂ ਛੱਡ ਦਿੰਦੇ ਹਾਂ। ਅਸੀਂ ਸੈਂਟਰ ਗੌਰਮਿੰਟ ਦੀਆਂ ਗਾਈਡਲਾਈਨਜ਼ ਦੇ ਮੁਤਾਬਕ ਹੀ ਕੰਮ ਕਰਦੇ ਹਾਂ। ਅਸੀਂ ਕਿਹੜਾ ਆਪਣੀ ਮਰਜ਼ੀ ਕਰਦੇ ਹਾਂ।

**Shri Sunil Kumar Jakhar :** The Hon'ble Minister has not even understood the Scheme. ਇਹ ਸਕੀਮ ਬਣਾਉਣ ਵਾਸਤੇ ਉਥੇ ਗ੍ਰਾਮ ਸੇਵਕ ਲਗਾਉਗੇ, ਗ੍ਰਾਮ ਸੇਵਕ ਜਿਹੜਾ ਮੌਕੇ ਤੇ ਜਾ ਕੇ ਉਥੇ ਕੰਮ ਆਈਡੈਂਟੀਫਾਈ ਕਰੇਗਾ, ਜਿਹੜਾ ਉਸ ਕੰਮ ਨੂੰ ਵਾਚੇਗਾ, ਵੈਰੀਫਾਈ ਕਰੇਗਾ ਅਤੇ ਉਸ ਦੀ ਮਈਅਰਮੈਂਟ ਕਰੇਗਾ, ਉਨ੍ਹਾਂ ਲੋਕਾਂ ਨੂੰ ਪੈਸੇ ਦੇਵੇਗਾ। ਜਿਹੜੇ ਨਰੇਗਾ ਵਾਲੇ ਇੰਪਲਾਈਜ਼ ਉਥੇ ਧਰਨਾ ਲਗਾਈ ਬੈਠੇ ਹਨ, ਉਹ ਇਸ ਕਰਕੇ ਬੈਠੇ ਹਨ ਕਿ ਤੁਸੀਂ ਕੋਈ ਗ੍ਰਾਮ ਸੇਵਕ ਨਹੀਂ ਲਗਾਏ। ਨਾ ਤਾਂ ਉਨ੍ਹਾਂ ਦੀ ਦਿਹਾੜੀ ਦੇਣ ਵਾਲਾ ਉਥੇ ਕੋਈ ਹੈ, ਨਾ ਕੋਈ ਮਈਅਰਮੈਂਟ ਕਰਨ ਵਾਲਾ ਹੈ ਕਿ ਉਨ੍ਹਾਂ ਨੇ ਕਿੰਨਾ ਕੰਮ ਕੀਤਾ ਹੈ ਅਤੇ ਨਾ ਹੀ ਕੋਈ ਤੁਹਾਨੂੰ ਪਰਪੋਜ਼ਲ ਬਣਾ ਕੇ ਭੇਜਣ ਵਾਲਾ ਹੈ। ਸਪੀਕਰ ਸਾਹਿਬ, ਇਹ ਮੇਰੇ ਕੋਲ ਇਨ੍ਹਾਂ ਦਾ ਸਾਲ 2006-07 ਦਾ ਅਕਾਲੀ ਦਲ ਵਲੋਂ ਰੀਲੀਜ਼ ਕੀਤਾ ਹੋਇਆ ਚੋਣ ਮੈਨੀਫੈਸਟੋ ਹੈ, ਬਾਦਲ ਸਾਹਿਬ ਇਸ ਨੂੰ ਤੁਸੀਂ ਪਹਿਚਾਣਦੇ ਹੋਵੋਗੇ। ਇਨ੍ਹਾਂ ਨੇ ਬੜੇ (ਵਿਘਨ) ਤੁਸੀਂ ਭੁੱਲ ਗਏ ਪਰ ਸਾਡੇ ਕੋਲ ਇਹ ਹੈ।

**ਮਾਨਯੋਗ ਸਪੀਕਰ :** ਇਸ ਤਰ੍ਹਾਂ ਤਾਂ ਕਾਫੀ ਸਵਾਲ ਰਹਿ ਜਾਣੇ ਹਨ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਨੇ ਇਸ ਵਿੱਚ ਕਿਹਾ ਹੈ ਕਿ (ਵਿਘਨ) ਸਾਡੇ ਵਾਲਾ ਮੈਨੀਫੈਸਟੋ ਵੀ ਸਾਡੇ ਕੋਲ ਹੈ, ਉਹ ਵੀ ਦਿਖਾਵਾਂਗੇ। ਇਸ ਵਿੱਚ ਕਿਹਾ ਹੈ ਕਿ SAD is committed (it is a sad story anyway), the SAD is committed for providing employment to the BPL, and other poor families by introducing a Central Scheme of National Rural Employment Guarantee Programme in every Block of the State. ਨਾ ਤਾਂ ਤੁਹਾਡੇ ਕੋਲੋਂ 12000 ਗ੍ਰਾਮ ਸੇਵਕ ਰੱਖੇ ਗਏ, ਨਾ ਤੁਹਾਡੇ ਕੋਲੋਂ ਸੁਪਰਵਾਈਜ਼ਰ ਰੱਖੇ ਗਏ ਅਤੇ ਉਲਾਂਭਾ ਸੈਂਟਰ ਸਰਕਾਰ ਨੂੰ ਦਿੰਦੇ ਹੋ। ਤੁਹਾਨੂੰ 1400 ਕਰੋੜ ਰੁਪਏ ਮਿਲ ਸਕਦੇ ਸੀ। ਕੀ ਚੀਫ ਮਨਿਸਟਰ ਸਾਹਿਬ ਮੈਨੂੰ ਦੱਸ ਸਕਦੇ ਹਨ?

**ਮਾਨਯੋਗ ਸਪੀਕਰ :** ਤੁਸੀਂ ਕਾਫ਼ੀ ਜ਼ਿਆਦਾ ਗੱਲ ਕਰ ਦਿੱਤੀ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਕੋਈ ਅਸਰ ਹੀ ਨਹੀਂ ਹੁੰਦਾ। ਐਗਜ਼ੈਕਟਲੀ, ਅਸੀਂ ਚਾਹੁੰਦੇ ਹਾਂ। ਇਨ੍ਹਾਂ ਨੇ ਮੈਨੂੰ ਕਹਿ ਦਿੱਤਾ, ਮੈਨੂੰ 2010 ਵਿੱਚ ਆਸ਼ਵਾਸਨ ਦੇ ਦਿੱਤਾ

Original with;
Punjab Vidhan Sabha
Digitized by;
Panjab Digital Library

ਕਿ ਜਾਖੜ ਸਾਹਿਬ, ਮੈਂ 1415 ਕਰੋੜ ਰੁਪਏ ਮੰਗਾਂਗਾ। ਫਿਰ ਇਸ ਤੇ ਐਕਸ਼ਨ ਲਉ। If you insist ਕਿ ਮੈਂ ਇੰਨੀ ਵਾਰੀ ਕਰ ਲਿਆ ਹੈ then I will move a Motion of breach of privilege.

**ਮਾਨਯੋਗ ਸਪੀਕਰ :** ਜੇ ਆਪਾਂ ਭਾਸ਼ਣ ਦੇਣ ਨਾਲੋਂ ਸਵਾਲ ਕਰੀਏ ਤਾਂ ਜ਼ਿਆਦਾ ਚੰਗਾ ਰਹੇਗਾ। ਤੁਸੀਂ ਤਾਂ ਲੰਮਾ ਭਾਸ਼ਣ ਕਰਨ ਲੱਗ ਜਾਂਦੇ ਹੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਹ ਜਵਾਬ ਹੀ ਨਹੀਂ ਦਿੰਦੇ। ਸਪੀਕਰ ਸਾਹਿਬ, ਇਹ ਫੈਕਟ ਹੈ (ਸ਼ੋਰ), ਕੋਈ ਸਮਝੇ ਨਹੀਂ, ਮੈਂ ਪੰਜਾਬੀ ਵਿੱਚ ਸਮਝਾ ਦਿੰਦਾ ਹਾਂ।

**ਮੰਤਰੀ :** ਮੈਨੂੰ ਇੱਕ ਮਿੰਟ ਦਿਉ (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਜਵਾਬ ਸੁਣ ਲਉ।

**ਮੰਤਰੀ :** ਸਾਡੇ ਕੋਲ ਜਿੰਨੇ ਪੈਸੇ ਆਉਂਦੇ ਹਨ ਉਸ ਦੇ ਮੁਤਾਬਿਕ ਹੀ ਅਸੀਂ ਅਧਿਕਾਰੀ ਜਾਂ ਕਰਮਚਾਰੀ ਰੱਖਦੇ ਹਾਂ। ਹੁਣ ਵੀ ਉਸ ਦੇ ਮੁਤਾਬਿਕ ਹੀ ਰੱਖੇ ਹਨ। ਅਸੀਂ ਗਲਤ ਕੰਮ ਤਾਂ ਕੁਝ ਵੀ ਨਹੀਂ ਕੀਤਾ। ਜਿਹੜੀਆਂ ਗਾਈਡ ਲਾਈਨਜ਼ ਬਣੀਆਂ ਹਨ ਉਨ੍ਹਾਂ ਗਾਈਡ ਲਾਈਨਜ਼ ਦੇ ਮੁਤਾਬਿਕ ਹੀ ਅਸੀਂ ਕੰਮ ਕਰਦੇ ਹਾਂ।

(ਇਸ ਸਮੇਂ ਸ਼੍ਰੀ ਸੁਨੀਲ ਕੁਮਾਰ ਜਾਖੜ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ :** ਪਹਿਲਾਂ ਮੇਰੀ ਗੱਲ ਸੁਣ ਲਓ, ਸਵਾਲ ਤੇ ਹੀ ਜਵਾਬ ਕਰੋ, ਇਸ ਵਿੱਚ ਡਿਸਕਸ਼ਨ ਕੋਈ ਨਹੀਂ ਹੋਣੀ। ਤੁਸੀਂ ਤਾਂ ਡਿਸਕਸ਼ਨ ਇੰਨੀ ਕਰਦੇ ਹੋ ਜਿਸ ਤਰ੍ਹਾਂ ਕਿਤੇ ਬਹੁਤ ਵੱਡਾ ਭਾਸ਼ਣ ਦੇਣਾ ਹੁੰਦਾ ਹੈ। ਤੁਸੀਂ ਸਿੱਧਾ ਸਵਾਲ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਠੀਕ ਹੈ ਜੀ, ਕੋਈ ਡਿਸਕਸ਼ਨ ਨਹੀਂ। ਮੇਰਾ ਸਵਾਲ ਸਿਰਫ ਇੰਨਾ ਹੈ ਕਿ ਇਨ੍ਹਾਂ ਨੇ 1415 ਕਰੋੜ ਰੁਪਿਆ ਕਿਉਂ ਨਹੀਂ ਮੰਗਿਆ?

**ਮਾਨਯੋਗ ਸਪੀਕਰ :** ਠੀਕ ਹੈ ਜੀ। ਹਾਂ ਜੀ, ਤੁਸੀਂ ਪੈਸੇ ਕਿਉਂ ਨਹੀਂ ਮੰਗੇ?

**ਮੰਤਰੀ :** ਸਾਨੂੰ ਜਿੰਨੇ ਪੈਸਿਆਂ ਦੀ ਲੋੜ ਸੀ ਅਸੀਂ ਉਨੇ ਮੰਗੇ, ਜਿੰਨੇ ਪ੍ਰੋਜੈਕਟ ਥੱਲਿਉਂ ਬਣ ਕੇ ਗਏ ਸੀ....

**ਮਾਨਯੋਗ ਸਪੀਕਰ :** ਅਗਲਾ ਸਵਾਲ ਜੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਜਵਾਬ ਨਹੀਂ ਆਇਆ। ਇਸ ਨੂੰ ੪ ਲੱਖ ਨਾਲ ਤਕਸੀਮ ਕਰਕੇ ਦੇਖ ਲੈਣ। 15300 ਰੁਪਏ ਹਰ ਗਰੀਬ ਦੇ ਘਰ ਆਉਣੇ ਸਨ। (ਵਿਘਨ)

Original with;
Punjab Vidhan Sabha
Digitized by;
Panjab Digital Library

**ਮੰਤਰੀ :** ਅਸੀਂ 300 ਕਰੋੜ ਰੁਪਏ ਦੀ ਮੰਗ ਕੀਤੀ ਅਤੇ ਉਨ੍ਹਾਂ ਨੇ ਸਾਨੂੰ 184 ਕਰੋੜ ਰੁਪਿਆ ਦਿੱਤਾ। ਪੈਸੇ ਤਾਂ ਉਨ੍ਹਾਂ ਨੇ ਦੇਣੇ ਹਨ। ਸਾਨੂੰ 184 ਕਰੋੜ ਰੁਪਿਆ ਦਿੱਤਾ ਜਿਸ ਵਿੱਚੋਂ ਕੇਵਲ 108 ਕਰੋੜ ਰੁਪਿਆ ਮਿਲਿਆ ਹੈ। ਪੈਸੇ ਤਾਂ ਉਨ੍ਹਾਂ ਨੇ ਦੇਣੇ ਹਨ, ਅਸੀਂ ਤਾਂ ਮੰਗ ਹੀ ਕਰ ਸਕਦੇ ਹਾਂ। ਇਸ ਵਿੱਚ ਸਾਡਾ ਕੀ ਹੈ।

**ਉਪ ਮੁੱਖ ਮੰਤਰੀ (ਬੈਠੇ-ਬੈਠੇ) :** ਸ਼ੇਮ-ਸ਼ੇਮ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2222**

**ਮਾਨਯੋਗ ਸਪੀਕਰ :** ਹਾਂ ਜੀ, ਜਾਖੜ ਜੀ। ਅਗਲਾ ਸਵਾਲ ਨੰਬਰ 2222 ਵੀ ਤੁਹਾਡਾ ਹੈ। ਉਹ ਵੀ ਸੁੱਚਾ ਸਿੰਘ ਲੰਗਾਹ ਜੀ ਦੇ ਮਹਿਕਮੇ ਦਾ ਹੈ ਔਰ ਉਹ ਇੱਥੇ ਨਹੀਂ ਹਨ, ਇਸ ਕਰਕੇ ਉਸ ਨੂੰ ਪੋਸਟਪੋਨ ਕੀਤਾ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਐਗਰੀਕਲਚਰ ਦਾ ਮਹਿਕਮਾ ਹੈ ਜੀ, ਡਿਪਟੀ ਚੀਫ ਮਨਿਸਟਰ ਸਾਹਿਬ ਬੈਠੇ ਹਨ.....

**ਮਾਨਯੋਗ ਸਪੀਕਰ :** ਅਗਲਾ ਸਵਾਲ। ਹਾਂ ਜੀ ਗੋਲਡੀ ਜੀ।

---

## ਕੰਡੀ ਕੈਨਾਲ ਫੇਜ਼-II ਦੀ ਉਸਾਰੀ

***2228. ਸ਼੍ਰੀ ਲਵ ਕੁਮਾਰ ਗੋਲਡੀ :** ਕੀ ਸਿੰਚਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਸਰਕਾਰ ਕੰਡੀ ਕੈਨਾਲ ਫੇਜ਼-II ਪ੍ਰੋਜੈਕਟ ਨੂੰ ਕਦੋਂ ਸ਼ੁਰੂ ਕਰਨ ਦੀ ਤਜਵੀਜ਼ ਰੱਖਦੀ ਹੈ;

(ਅ) ਕੀ ਕੰਡੀ ਕੈਨਾਲ ਪ੍ਰੋਜੈਕਟ ਦੇ ਟੁੱਟੇ ਹੋਏ ਹਿੱਸੇ ਨੂੰ ਮੁੜ ਬਣਾਉਣ ਲਈ ਜਾਂ ਉਸਦੇ ਰੱਖ ਰਖਾਵ ਲਈ ਸਰਕਾਰ ਕੋਈ ਕਦਮ ਚੁੱਕਣ ਦੀ ਤਜਵੀਜ਼ ਰੱਖਦੀ ਹੈ?

**ਸਰਦਾਰ ਜਨਮੇਜਾ ਸਿੰਘ ਸੇਖੋਂ :** (ੳ) **ਕੰਢੀ ਨਹਿਰ ਸਟੇਜ II**

ਕੰਡੀ ਨਹਿਰ ਸਟੇਜ-II ਦੀ ਉਸਾਰੀ ਦਾ ਕੰਮ ਅਗਸਤ, 2005 ਵਿੱਚ ਸ਼ੁਰੂ ਕੀਤਾ ਗਿਆ ਸੀ ਅਤੇ ਕੰਮ ਪ੍ਰਗਤੀ ਅਧੀਨ ਹੈ। ਭਾਰਤ ਸਰਕਾਰ ਨਾਲ ਕੀਤੇ ਮੈਮੋਰੰਡਮ ਆਫ ਅੰਡਰਸਟੈਂਡਿੰਗ ਅਨੁਸਾਰ ਇਹ ਪ੍ਰੋਜੈਕਟ ਮਿਤੀ 31.3.2012 ਤੱਕ ਮੁਕੰਮਲ ਕਰਨ ਦਾ

---

****For Starred Question No. 2222 and reply thereto, please see Appendix to this debates.**

Original with;
Punjab Vidhan Sabha
Digitized by;
Panjab Digital Library

ਟੀਚਾ ਹੈ। ਨਹਿਰ ਦੀ ਬੁਰਜੀ 93.702 ਕਿ.ਮੀ. ਤੇ ਰੇਲਵੇ ਪੁਲ ਦੀ ਉਸਾਰੀ ਦਾ ਕੰਮ ਰੇਲਵੇ ਵਿਭਾਗ ਵੱਲੋਂ ਕੀਤਾ ਜਾਣਾ ਹੈ ਜਿਸ ਵਿਚ ਦੇਰੀ ਹੋਣ ਦੀ ਸੰਭਾਵਨਾ ਹੈ ਜਿਸ ਕਰਕੇ ਪ੍ਰੋਜੈਕਟ ਮੁਕੰਮਲ ਕਰਨ ਵਿਚ ਕੁੱਝ ਦੇਰੀ ਹੋ ਸਕਦੀ ਹੈ।

(ਅ) **ਕੰਢੀ ਨਹਿਰ ਸਟੇਜ-I**

ਕੰਢੀ ਨਹਿਰ ਸਟੇਜ-I ਦੇ ਟੁੱਟੇ ਹੋਏ ਹਿੱਸੇ ਵਿਚ ਬੁਰਜੀ 18.300 ਕਿ.ਮੀ. ਤੱਕ ਦੀ ਮੁਰੰਮਤ ਦਾ ਕੰਮ ਸਾਲ 2011-2012 ਦੌਰਾਨ ਕਰਵਾ ਦਿੱਤਾ ਗਿਆ ਹੈ। ਬਾਕੀ ਰਹਿੰਦੇ ਹਿੱਸੇ ਦੀ ਮੁਰੰਮਤ ਲਈ ਮਾਮਲਾ ਸਰਕਾਰ ਦੇ ਵਿਚਾਰ ਅਧੀਨ ਹੈ ਅਤੇ ਫੰਡ ਉਪਲਬਧ ਹੋਣ ਉਪਰੰਤ 6 ਮਹੀਨੇ ਦੇ ਅੰਦਰ ਕਰਵਾ ਦਿੱਤਾ ਜਾਵੇਗਾ।

**ਸ਼੍ਰੀ ਲਵ ਕੁਮਾਰ ਗੋਲਡੀ :** ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਦੀ ਤਰ੍ਹਾਂ ਹੀ ਜਿਹੜਾ (ਅ) ਭਾਗ ਦਾ ਜਵਾਬ ਪੁੱਛਿਆ ਸੀ, ਉਹ ਫੇਜ਼ II ਦਾ ਪੁਛਿਆ ਸੀ, ਇਨ੍ਹਾਂ ਨੇ ਫਿਰ ਫੇਜ਼ I ਦਾ ਜਵਾਬ ਦੇ ਦਿੱਤਾ ਹੈ। ਜਿਹੜਾ ਫੇਜ਼ II ਹੈ ਉਹ ਪਾਣੀ ਛੱਡਣ ਤੋਂ ਪਹਿਲਾਂ ਹੀ ਡਿੱਗ ਚੁੱਕਾ ਹੈ। ਉਹ ਖਤਮ ਹੋਣ ਦੀ ਕਗਾਰ ਤੇ ਹੈ। ਕੀ ਮਾਨਯੋਗ ਮੰਤਰੀ ਜੀ ਆਪਣੀ ਕਿਸੇ ਏਜੰਸੀ ਤੋਂ ਜਾਂ ਮਹਿਕਮੇ ਦੇ ਰਾਹੀਂ ਕੋਈ ਇਨਕੁਆਇਰੀ ਕਰਵਾਉਣਗੇ ਕਿ ਇਹ ਪਾਣੀ ਛੱਡਣ ਤੋਂ ਪਹਿਲਾਂ ਹੀ, ਯੂਜ਼ ਹੋਣ ਤੋਂ ਪਹਿਲਾਂ ਹੀ ਖਤਮ ਹੋ ਚੁੱਕਾ ਹੈ, ਇਸ ਦੀ ਇਨਕੁਆਇਰੀ ਕਰਾਉਣਗੇ ?

**ਮੰਤਰੀ :** ਸਪੀਕਰ ਸਾਹਿਬ, ਜੇਕਰ ਕੋਈ ਅਜਿਹਾ ਮਾਮਲਾ ਇਨ੍ਹਾਂ ਦੀ ਨਜ਼ਰ ਵਿੱਚ ਜਾਂ ਧਿਆਨ ਵਿੱਚ ਹੈ ਤਾਂ ਲਿਖ ਕੇ ਦੇ ਦੇਣ, ਮੈਂ ਇਨਕੁਆਇਰੀ ਕਰਵਾ ਲਵਾਂਗਾ।

**ਮਾਨਯੋਗ ਸਪੀਕਰ :** ਅਗਲਾ ਸਵਾਲ, ਰਿਪਜੀਤ ਬਰਾੜ ਜੀ।

---

## ਬੀ.ਡੀ.ਓਜ਼ ਨੂੰ ਪਿੱਤਰੀ ਜ਼ਿਲ੍ਹਿਆਂ ਵਿਚੋਂ ਬਦਲਣਾ

***2217. ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਕੀ ਕੁਝ ਬੀ.ਡੀ.ਓਜ਼ ਹੁਣ ਵੀ ਆਪਣੇ ਪਿੱਤਰੀ ਜ਼ਿਲ੍ਹਿਆਂ ਵਿੱਚ ਸੇਵਾ ਨਿਭਾ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਉਨ੍ਹਾਂ ਨੂੰ ਦੂਜੇ ਜ਼ਿਲ੍ਹਿਆਂ ਵਿੱਚ ਕਦੋਂ ਤੱਕ ਬਦਲ ਦਿੱਤਾ ਜਾਵੇਗਾ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਹਾਂ ਜੀ। ਭਾਰਤ ਦੇ ਚੋਣ ਕਮਿਸ਼ਨ ਅਤੇ ਪੰਜਾਬ ਸਰਕਾਰ ਵੱਲੋਂ ਸਮੇਂ-ਸਮੇਂ ਸਿਰ ਬਦਲੀਆਂ ਸਬੰਧੀ ਜਾਰੀ ਹਦਾਇਤਾਂ ਦੀ ਪਾਲਣਾ ਕੀਤੀ ਜਾਵੇਗੀ।

**ਸਰਦਾਰ ਰਿਪਜੀਤ ਸਿੰਘ ਬਰਾੜ :** ਸਪੀਕਰ ਸਾਹਿਬ, ਜੋ ਚੋਣ ਕਮਿਸ਼ਨ ਦੀਆਂ ਹਦਾਇਤਾਂ ਸਮੇਂ-ਸਮੇਂ ਸਿਰ ਆਉਂਦੀਆਂ ਹਨ ਇਸ ਬਾਰੇ ਮੈਂ ਮੰਤਰੀ ਸਾਹਿਬ

Original with;
Punjab Vidhan Sabha
Digitized by;
Panjab Digital Library

[ **ਸਰਦਾਰ ਰਿਪਜੀਤ ਸਿੰਘ ਬਰਾੜ** ]

ਨਾਲ ਸਹਿਮਤ ਹਾਂ। ਲੇਕਿਨ ਇਹ ਇੱਕ ਵਿਲੱਖਣ ਗੱਲ ਹੈ ਕਿ ਸਾਡੇ ਹਲਕੇ ਦੇ ਬਲਾਕ ਡਿਵੈਲਪਮੈਂਟ ਅਫਸਰ ਜੋ ਹਨ ਉਹ ਲੰਮੇ ਸਮੇਂ ਤੋਂ ਘਰੇਲੂ ਜ਼ਿਲ੍ਹਾ ਹੋਣ ਦੇ ਬਾਵਜੂਦ, ਇਹ ਉਨ੍ਹਾਂ ਦਾ ਹੋਮ ਡਿਸਟ੍ਰਿਕਟ ਹੈ ਔਰ ਉਹ ਪਿਛਲੇ ਸਾਢੇ ਚਾਰ ਸਾਲਾਂ ਤੋਂ, ਪੌਣੇ ਪੰਜ ਸਾਲਾਂ ਤੋਂ ਉਥੇ ਹੀ ਸੇਵਾ ਨਿਭਾ ਰਹੇ ਹਨ। ਮੈਂ, ਸਪੀਕਰ ਸਾਹਿਬ, ਤੁਹਾਡੇ ਰਾਹੀਂ ਇਹ ਬੇਨਤੀ ਕਰਦਾ ਹਾਂ ਕਿ ਮੁੱਖ ਮੰਤਰੀ ਸਾਹਿਬ ਨੇ ਫੰਡਜ਼ ਦੇ ਰਿਲੀਜ਼ ਹੋਣ ਬਾਰੇ ਗੱਲ ਕੀਤੀ ਹੈ। ਅਸੀਂ ਇਲੈਕਟਿਡ ਐਮ.ਐਲ.ਏ. ਹੋਣ ਦੇ ਨਾਤੇ ਐਕਸ ਆਫਿਸ਼ਿਓ ਮੈਂਬਰ ਹਾਂ। ਮੇਰੀ ਬੇਨਤੀ ਹੈ ਕਿ ਇੱਕ ਵੀ ਪੈਸਾ ਰਿਲੀਜ਼ ਹੋਣ ਵੇਲੇ........

**ਮਾਨਯੋਗ ਸਪੀਕਰ :** ਤੁਸੀਂ ਮੇਰੀ ਗੱਲ ਸੁਣਨ ਦੀ ਕੋਸ਼ਿਸ਼ ਕਰੋ।

**ਸਰਦਾਰ ਰਿਪਜੀਤ ਸਿੰਘ ਬਰਾੜ :** ਇਹ ਆਨਾ ਵੀ ਜਦੋਂ ਇਨ੍ਹਾਂ ਵੱਲੋਂ ਰਿਲੀਜ਼ ਹੋਇਆ.......

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਤੁਸੀਂ ਆਪਣਾ ਸਵਾਲ ਪੜ੍ਹੋ, ਜੋ ਤੁਸੀਂ ਲਿਖ ਕੇ ਦਿੱਤਾ ਹੈ ਉਹ ਪੜ੍ਹ ਕੇ ਦੇਖੋ.........

**ਸਰਦਾਰ ਰਿਪਜੀਤ ਸਿੰਘ ਬਰਾੜ :** ਇਨ੍ਹਾਂ ਨੇ ਆਪਣੇ ਜਵਾਬ ਵਿੱਚ ਲਿਖਿਆ ਹੈ ਕਿ "Yes Sir, transfer instruction, issued from time to time by Election Commission." ਇਹ ਕਹਿ ਦਿੱਤਾ ਹੈ (ਵਿਘਨ)

**ਮੰਤਰੀ :** ਇਹ ਇਲੈਕਸ਼ਨ ਕਮਿਸ਼ਨ ਨਾਲ ਸਬੰਧਿਤ ਗੱਲ ਹੈ।

**ਮਾਨਯੋਗ ਸਪੀਕਰ :** ਬਦਲੀ ਦੀ ਗੱਲ ਹੈ, ਤੁਸੀਂ ਪੈਸਿਆਂ ਦੀ ਗੱਲ ਲੈ ਕੇ ਤੁਰ ਪਏ ਹੋ।

**ਸਰਦਾਰ ਰਿਪਜੀਤ ਸਿੰਘ ਬਰਾੜ :** ਜਿਹੜੀ ਵਾਜਿਬ ਗੱਲ ਹੈ, ਉਹ ਤਾਂ ਸੁਣੋ ਜੀ।

**ਮਾਨਯੋਗ ਸਪੀਕਰ :** ਸੁਣਾਉ।

**ਸਰਦਾਰ ਰਿਪਜੀਤ ਸਿੰਘ ਬਰਾੜ :** ਉਹ ਏਨੇ ਲੰਮੇ ਸਮੇਂ ਤੋਂ ਸਾਡੇ ਵਾਰ-ਵਾਰ ਕਹਿਣ ਦੇ ਬਾਵਜੂਦ ਵੀ ਆਪਣੇ ਹੋਮ ਡਿਸਟ੍ਰਿਕਟ ਤੇ ਤਾਇਨਾਤ ਹੈ। ਕੀ ਕਾਰਨ ਹੈ ਕਿ ਭਾਵੇਂ ਇਸ ਬਾਰੇ ਪੰਜਾਬ ਗੌਰਮਿੰਟ ਦੀਆਂ ਹਦਾਇਤਾਂ ਹਨ, ਪੰਜਾਬ ਗੌਰਮਿੰਟ ਦਾ ਕਾਨੂੰਨ ਹੈ......

**ਮਾਨਯੋਗ ਸਪੀਕਰ :** ਮੰਤਰੀ ਜੀ, ਦੱਸੋ ਕਿ ਉਸ ਨੂੰ ਉਥੋਂ ਕਿਉਂ ਨਹੀਂ ਬਦਲਿਆ ਗਿਆ?

**ਮੰਤਰੀ:** ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੇ ਨੋਟਿਸ ਵਿੱਚ ਹੁਣ ਲਿਆਂਦਾ ਹੈ। ਜਦੋਂ ਚੋਣ ਕਮਿਸ਼ਨ ਦੀਆਂ ਸਾਨੂੰ ਹਦਾਇਤਾਂ ਆਉਣਗੀਆਂ ਕਿ ਜਿਹੜੇ ਹੋਮ ਡਿਸਟ੍ਰਿਕਟ ਵਿੱਚ ਲੱਗੇ ਹੋਏ ਹਨ ਅਤੇ ਜਿਨ੍ਹਾਂ ਦੀ ਓਵਰ ਸਟੇਅ ਹੋ ਚੁੱਕੀ ਹੈ, ਜਦੋਂ ਪੰਜਾਬ ਸਰਕਾਰ ਦੀਆਂ

Original with;
Punjab Vidhan Sabha
Digitized by;
Panjab Digital Library

ਹਦਾਇਤਾਂ ਹੋਣਗੀਆਂ ਉਦੋਂ ਉਨ੍ਹਾਂ ਦੀ ਉਥੋਂ ਬਦਲੀ ਕਰ ਦਿਆਂਗੇ।

**ਸਰਦਾਰ ਰਿਪਜੀਤ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਡੇ ਵੱਲੋਂ after repeated requests, **ਵਾਰ-ਵਾਰ ਕਹਿਣ ਦੇ ਬਾਵਜੂਦ ਵੀ, ਇੱਕ ਵਾਰ ਨਹੀਂ ਕਿਹਾ ਗਿਆ, ਇਹ ਇੱਕ ਆਪਣੇ ਸਿਸਟਮ ਦੇ ਨਾਲ ਚਲਦੇ ਹਨ,ਇਹ ਸਾਡੀ ਰਿਕੁਐਸਟ ਨੂੰ ਵੀ ਇਗਨੋਰ ਕਰਦੇ ਹਨ। ਅਸੀਂ ਲੋਕਾਂ ਦੇ ਇਲੈਕਟਿਡ ਮੈਂਬਰ ਹਾਂ।** ਮੇਰੀ ਬੇਨਤੀ ਹੈ ਕਿ ਜਿਹੜੀ ਸਾਡੀ ਵਾਜਿਬ ਗੱਲ ਹੈ, ਉਹ ਤਾਂ ਮੰਨੀ ਜਾਣੀ ਚਾਹੀਦੀ ਹੈ ਕਿ Why has he been allowed to stay for such a long period of time? ਇਹ ਸਾਡੇ ਨਾਲ ਜ਼ਿਆਦਤੀ ਹੋਈ ਹੈ।

**ਮਾਨਯੋਗ ਸਪੀਕਰ :** ਅਗਲਾ ਸਵਾਲ।

**ਸਰਦਾਰ ਰਿਪਜੀਤ ਸਿੰਘ ਬਰਾੜ:** ਇਸ ਦਾ ਜਵਾਬ ਲੈ ਕੇ ਦਿਉ ਜੀ।

**ਮਾਨਯੋਗ ਸਪੀਕਰ :** ਤੁਹਾਡੇ ਸਵਾਲ ਵਿੱਚ ਮਤਲਬ ਦੀ ਕੋਈ ਗੱਲ ਹੀ ਨਹੀਂ ਹੈ। ਮੈਂ ਜਵਾਬ ਕੀ ਲੈ ਕੇ ਦੇਵਾਂ? ਅਗਲਾ ਸਵਾਲ ਗਾਗੋਵਾਲ ਜੀ।

---

## ਮਾਨਸਾ ਵਿਖੇ ਸੀਵਰੇਜ ਵਿਛਾਉਣਾ

***2214. ਸਰਦਾਰ ਸ਼ੇਰ ਸਿੰਘ ਗਾਗੋਵਾਲ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ.-

(ੳ) ਮਾਨਸਾ ਸ਼ਹਿਰ ਵਿਖੇ ਸੀਵਰੇਜ ਸਿਸਟਮ ਵਿਛਾਉਣ ਦਾ ਕੰਮ ਕਿਸ ਮਿਤੀ ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਇਹ ਕਿਸ ਮਿਤੀ ਨੂੰ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ;

(ਅ) ਉਕਤ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਸ਼੍ਰੀ ਤਿਕਸ਼ਨ ਸੂਦ :** ਸ੍ਰੀਮਾਨ ਜੀ, (ੳ) ਮਾਨਸਾ ਵਿਚ ਸੀਵਰੇਜ ਸਿਸਟਮ ਵਿਛਾਉਣ ਦਾ ਕੰਮ ਮਿਤੀ 5.12.2008 ਨੂੰ ਸ਼ੁਰੂ ਕੀਤਾ ਗਿਆ ਸੀ ਅਤੇ ਇਹ ਕੰਮ 31.12.2011 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ ਜੀ।

(ਅ) ਉਕਤ ਪ੍ਰੋਜੈਕਟ ਅਧੀਨ ਹੇਠ ਲਿਖੇ ਅਨੁਸਾਰ ਕੰਮ ਪੂਰਾ ਕਰ ਦਿੱਤਾ ਹੈ ਜੀ।

| | |
|---|---|
| ਮੇਨ ਸੀਵਰ | 3.31 ਕਿ.ਮੀ |
| ਬਰਾਂਚ ਸੀਵਰ | 59.43 ਕਿ.ਮੀ |
| ਐਮ.ਪੀ.ਐਸ. | 98% |
| ਐਸ.ਟੀ.ਪੀ | 30% |

Original with;
Punjab Vidhan Sabha
Digitized by;
Panjab Digital Library

**ਸਰਦਾਰ ਸ਼ੇਰ ਸਿੰਘ ਗਾਗੋਵਾਲ :** ਸਪੀਕਰ ਸਾਹਿਬ, ਇਹ ਸਾਰਾ ਝੂਠ ਹੀ ਵੱਢੀ ਜਾਂਦੇ ਹਨ। ਮਾਨਯੋਗ ਸਪੀਕਰ ਸਾਹਿਬ, ਹੁਣੇ ਹੁਣੇ ਸੂਦ ਸਾਹਿਬ ਨੇ ਕਿਹਾ ਹੈ ਕਿ ਇਹ ਜਿਹੜਾ ਕੰਮ ਹੈ ਇਹ 5.12.2008 ਨੂੰ ਸ਼ੁਰੂ ਹੋਇਆ ਹੈ, ਜਦੋਂ ਕਿ ਇਹ ਕੰਮ 2006 ਵਿਚ ਸ਼ੁਰੂ ਹੋਇਆ ਹੈ। ਮੈਂ ਉਦੋਂ ਐਮ.ਐਲ.ਏ. ਸੀ। ਉਸ ਵੇਲੇ 10.70 ਕਰੋੜ ਰੁਪਏ ਨਾਲ ਸੀਵਰੇਜ ਸਿਸਟਮ ਸ਼ੁਰੂ ਹੋ ਗਿਆ ਸੀ ਲੇਕਿਨ 2007 ਵਿੱਚ ਸਾਡੀ ਸਰਕਾਰ ਬਦਲ ਗਈ ਅਤੇ ਕੰਮ ਠੱਪ ਹੋ ਗਿਆ। ਪਿਛਲੇ ਸਾਲ 2010-2011 ਦੇ ਸੈਸ਼ਨ ਦਾ ਤੁਸੀਂ ਸਾਰਾ ਰਿਕਾਰਡ ਕੱਢ ਕੇ ਦੇਖ ਲਉ। ਮਾਨਸਾ ਦੇ ਸੀਵਰੇਜ ਬਾਰੇ ਮੇਰਾ ਸਵਾਲ ਸੀ, ਉਦੋਂ ਮੰਤਰੀ ਜੀ ਨੇ, ਕਾਲੀਆ ਸਾਹਿਬ ਨੇ ਸਟੇਟਮੈਂਟ ਦਿੱਤੀ ਸੀ ਕਿ ਜੂਨ, 2011 ਤੱਕ ਇਸ ਨਾਲ ਸਬੰਧਿਤ ਸਾਰਾ ਕੰਮ ਮੁਕੰਮਲ ਹੋ ਜਾਵੇਗਾ। ਹੁਣ 12ਵੇਂ ਮਹੀਨੇ ਤੱਕ ਚਲਿਆ ਗਿਆ ਹੈ। ਉਦੋਂ ਤੱਕ ਇਨ੍ਹਾਂ ਦਾ ਸਮਾਂ ਪੂਰਾ ਹੋ ਜਾਵੇਗਾ। ਇਹ ਕਹਿੰਦੇ ਹਨ ਕਿ 12ਵੇਂ ਮਹੀਨੇ ਤੱਕ ਕੰਮ ਪੂਰਾ ਹੋ ਜਾਵੇਗਾ। ਮੈਨੂੰ ਪਤਾ ਹੈ ਕਿ ਇਨ੍ਹਾਂ ਕੋਲੋਂ ਬਣਨਾ ਨਹੀਂ ਹੈ। ਇਹ ਅਧੂਰਾ ਪਿਆ ਹੈ, ਇਹ ਪੁੱਟਿਆ ਜ਼ਰੂਰ ਹੈ ਲੇਕਿਨ ਬਣਾਇਆ ਨਹੀਂ ਹੈ। ਤੁਸੀਂ ਦੱਸੋ ਕਿ 5.12.2008 ਕਿਹਾ ਗਿਆ ਹੈ, ਇਨ੍ਹਾਂ ਵਲੋਂ ਇਹ ਕਹਿਣ ਤੋਂ ਪਹਿਲਾਂ 2006 ਦੇ ਬਾਰੇ ਰਿਕਾਰਡ ਕਿਉਂ ਨਹੀਂ ਦੇਖਿਆ ਗਿਆ?

**ਉਪ ਮੁੱਖ ਮੰਤਰੀ :** ਗਾਗੋਵਾਲ ਸਾਹਿਬ, ਮਾਨਸਾ ਤਾਂ ਹੁਣ ਪਛਾਣਿਆ ਹੀ ਨਹੀਂ ਜਾਂਦਾ। ਮੇਰਾ ਖਿਆਲ ਹੈ ਕਿ ਤੁਸੀਂ ਉਥੇ ਰਹਿੰਦੇ ਹੀ ਨਹੀਂ ਹੋ। ਤੁਸੀਂ ਉਥੇ ਜਾ ਕੇ ਦੇਖ ਆਉ।

**ਮਾਨਯੋਗ ਸਪੀਕਰ :** ਪ੍ਰਸ਼ਨ ਕਾਲ ਖਤਮ ਹੁੰਦਾ ਹੈ। ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ।

---

## WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

### ਮਾਨਸਾ ਵਿਖੇ ਅੰਡਰ ਬਰਿੱਜ ਦੀ ਮੁਰੰਮਤ

***2215. ਸਰਦਾਰ ਸ਼ੇਰ ਸਿੰਘ ਗਾਗੋਵਾਲ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਮਾਨਸਾ ਵਿਖੇ ਬੱਸ ਸਟੈਂਡ ਤੋਂ ਸ਼ਹਿਰ ਨੂੰ ਜਾਂਦੀ ਸੜਕ ਉਤੇ ਬਣਾਏ ਗਏ ਅੰਡਰ ਬਰਿੱਜ ਦੀ ਤਜਵੀਜ਼ ਸਹੀ ਨਾ ਹੋਣ ਕਰਕੇ ਇਹ ਬਰਿੱਜ ਪੂਰੀ ਤਰ੍ਹਾਂ ਨੁਕਸਾਨਿਆ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਪੁਲ ਦੀ ਮੁਰੰਮਤ ਕਰਨ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਹ ਅੰਡਰ ਬਰਿੱਜ ਦਿੱਲੀ-ਬਠਿੰਡਾ-ਫਿਰੋਜ਼ਪੁਰ ਰੇਲਵੇ ਲਾਈਨ ਨੂੰ ਕਰਾਸ ਕਰਦਾ ਸੀ-206 ਲੈਵਲ ਕਰਾਸਿੰਗ

Original with;
Punjab Vidhan Sabha
Digitized by;
Panjab Digital Library

ਉੱਪਰ ਬਣਿਆ ਹੋਇਆ ਹੈ ਅਤੇ ਸਾਲ ਅਗਸਤ,2010 ਦੌਰਾਨ ਮੁਕੰਮਲ ਹੋਣ ਉਪਰੰਤ ਟਰੈਫਿਕ ਲਈ ਚਾਲੂ ਕਰ ਦਿੱਤਾ ਗਿਆ ਸੀ। ਮਾਨਸਾ ਵਿਖੇ ਬੱਸ ਸਟੈਂਡ ਤੋਂ ਸ਼ਹਿਰ ਨੂੰ ਜਾਂਦੀ ਸੜਕ ਉੱਤੇ ਬਣਾਏ ਗਏ ਅੰਡਰ ਬਰਿੱਜ ਦੀ ਤਜਵੀਜ਼ ਤਕਨੀਕੀ ਤੌਰ ਤੇ ਬਿਲਕੁਲ ਠੀਕ ਹੈ ਅਤੇ ਇਹ ਅੰਡਰ ਬਰਿੱਜ ਪੂਰੀ ਤਰ੍ਹਾਂ ਸੁਰੱਖਿਅਤ ਤੇ ਮਜ਼ਬੂਤ ਹੈ ਅਤੇ ਇਸ ਨੂੰ ਮੁਰੰਮਤ ਕਰਨ ਦੀ ਕੋਈ ਜ਼ਰੂਰਤ ਨਹੀਂ ਹੈ।

———

## ਸ.ਸ.ਸ.ਸਕੂਲ, ਤੰਗੋਰੀ ਵਿਖੇ ਖਾਲੀ ਅਸਾਮੀਆਂ ਭਰਨਾ

***2260. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਸ.ਸ.ਸ. ਸਕੂਲ, ਤੰਗੋਰੀ, ਜ਼ਿਲ੍ਹਾ ਮੋਹਾਲੀ ਵਿੱਚ ਖਾਲੀ ਅਸਾਮੀਆਂ ਦਾ ਵੇਰਵਾ ਕੀ ਹੈ ਅਤੇ ਅਸਾਮੀਆਂ ਕਦੋਂ ਤੱਕ ਭਰ ਦਿੱਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੇਵਾ ਸਿੰਘ ਸੇਖਵਾਂ :** ਜ਼ਿਲ੍ਹਾ ਐਸ.ਏ.ਐਸ. ਨਗਰ ਦੇ ਪਿੰਡ ਤੰਗੋਰੀ ਵਿਖੇ ਕੋਈ ਸਕੂਲ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਨਹੀਂ ਹੈ, ਬਲਕਿ ਤੰਗੋਰੀ ਵਿਖੇ ਸਰਕਾਰੀ ਹਾਈ ਸਕੂਲ ਹੈ, ਜਿਸ ਵਿੱਚ ਖਾਲੀ ਅਸਾਮੀਆਂ ਦਾ ਵੇਰਵਾ ਅਤੇ ਅਸਾਮੀਆਂ ਭਰੇ ਜਾਣ ਦੀ ਸਥਿਤੀ ਅਨੁਲੱਗ "ੳ" ਤੇ ਹੈ ਜੀ।

### ਅਨੁਲੱਗ "ੳ"

### ਸਰਕਾਰੀ ਹਾਈ ਸਕੂਲ ਤੰਗੋਰੀ, ਜ਼ਿਲ੍ਹਾ ਐਸ.ਏ.ਐਸ. ਨਗਰ ਵਿਖੇ ਖਾਲੀ ਅਸਾਮੀਆਂ ਦਾ ਵੇਰਵਾ :

| ਲੜੀ ਨੰ: | ਵਿਸ਼ਾ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਵਿਸ਼ੇਸ਼ ਕਥਨ |
|---|---|---|---|---|---|
| 1. | ਐਸ.ਐਸ. | 01 | 01 | 0 | ਇਸ ਸਕੂਲ ਦਾ ਪੱਧਰ ਮਿਡਲ ਤੋਂ ਹਾਈ ਤੱਕ ਕਰਨ ਤੋਂ ਪਹਿਲਾਂ ਲੜੀ ਨੰ: 1-6 ਤੱਕ ਸਮੂਹ ਅਸਾਮੀਆਂ |
| 2. | ਸਾਇੰਸ | 01 | 01 | 0 | ਸਕੂਲ ਸਿੱਖਿਆ ਵਿਭਾਗ ਪੰਜਾਬ ਵੱਲੋਂ ਮਨਜ਼ੂਰਸ਼ੁਦਾ ਸਨ ਅਤੇ ਇਨ੍ਹਾਂ ਵਿਰੁੱਧ ਕੰਮ ਕਰਦੇ ਅਧਿਆਪਕ ਵਿਭਾਗ ਦੁਆਰਾ ਤਾਇਨਾਤ ਕੀਤੇ ਗਏ ਹਨ। |
| 3. | ਪੰਜਾਬੀ | 01 | 01 | 0 | ਸਾਲ 2010-11 ਵਿੱਚ ਇਸ ਸਕੂਲ ਨੂੰ ਹਾਈ ਪੱਧਰ ਤੱਕ ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ |

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਮੰਤਰੀ ]

| | | | | | |
|---|---|---|---|---|---|
| 4. | ਹਿੰਦੀ | 01 | 01 | 0 | ਅਪਗ੍ਰੇਡ ਕੀਤਾ ਗਿਆ ਹੈ ਅਤੇ ਲੜੀ ਨੰ: 1-8 ਤੱਕ ਦਰਸਾਈਆਂ ਅਸਾਮੀਆਂ ਮਨੁੱਖੀ ਸਰੋਤ ਵਿਕਾਸ ਮੰਤਰਾਲੇ, ਭਾਰਤ ਸਰਕਾਰ ਨਵੀਂ |
| 5. | ਪੀ.ਟੀ.ਆਈ. | 01 | 01 | 0 | ਦਿੱਲੀ ਤੋਂ ਪੂਰਵ ਪ੍ਰਵਾਨਗੀ ਅਧੀਨ ਮਨਜ਼ੂਰ ਕੀਤੀਆਂ ਗਈਆਂ ਹਨ। ਇਨ੍ਹਾਂ ਮਨਜ਼ੂਰਸ਼ੁਦਾ ਅਸਾਮੀਆਂ ਲਈ 5 ਅਧਿਅਪਕ (ਸਾਇੰਸ, ਮੈਥ, |
| 6. | ਆਰਟ ਐਂਡ ਕਰਾਫਟ | 01 | 01 | 0 | ਅੰਗਰੇਜ਼ੀ, ਹਿੰਦੀ ਅੱਤੇ ਪੰਜਾਬੀ) ਹਾਲ ਵਿੱਚ ਹੀ ਨਿਯੁਕਤ ਕਰ ਲਏ ਗਏ ਹਨ ਅਤੇ ਨਿਯੁਕਤੀ ਪੱਤਰ ਜਾਰੀ ਕਰ ਦਿੱਤੇ ਗਏ ਹਨ। ਰਾਸ਼ਟਰੀ ਮਾਧਮਿਕ ਸਿੱਖਿਆ ਅਭਿਆਨ ਤਹਿਤ ਨਿਯੁਕਤ |
| 7. | ਅੰਗਰੇਜ਼ੀ | 01 | 0 | 01 | ਅਧਿਆਪਕ ਜਲਦੀ ਹੀ ਸਕੂਲ ਵਿਖੇ ਹਾਜ਼ਰ ਹੋ ਜਾਣਗੇ। ਇਸ ਉਪਰੰਤ ਵਿਭਾਗ ਦੀਆਂ ਅਸਾਮੀਆਂ ਵਿਰੁੱਧ ਕੰਮ ਕਰਦੇ ਅਧਿਆਪਕ ਸਮੇਤ |
| 8. | ਹਿਸਾਬ | 01 | 0 | 01 | ਅਸਾਮੀ ਲੋੜਵੰਦ ਸਕੂਲਾਂ ਵਿੱਚ ਤਰਕਸੰਗਤ ਸਕੀਮ ਤਹਿਤ ਭੇਜ ਦਿੱਤੇ ਜਾਣਗੇ। |

---

## ਲਿੰਕ ਸੜਕਾਂ ਦੀ ਮੁਰੰਮਤ

***2261. ਸਰਦਾਰ ਬਲਬੀਰ ਸਿੰਘ ਸਿੱਧੂ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਮੋਹਾਲੀ ਜ਼ਿਲ੍ਹੇ ਵਿੱਚ ਮੈਗਾ ਪ੍ਰੋਜੈਕਟ ਆਉਣ ਨਾਲ ਜਿਹੜੀਆਂ ਲਿੰਕ ਸੜਕਾਂ ਟੁੱਟ ਗਈਆਂ ਸਨ ਉਹ ਰੀਲੇ/ਰਿਪੇਅਰ ਕਿਉਂ ਨਹੀਂ ਕੀਤੀਆਂ ਗਈਆਂ ਅੰਤੇ ਇਹ ਕਦੋਂ ਤੱਕ ਰਿਪੇਅਰ ਕਰ ਦਿੱਤੀਆਂ ਜਾਣਗੀਆਂ?

**ਸਰਦਾਰ ਸੁੱਚਾ ਸਿੰਘ ਲੰਗਾਹ :** ਇਹ ਠੀਕ ਹੈ ਕਿ ਮੋਹਾਲੀ ਜ਼ਿਲ੍ਹੇ ਵਿੱਚ ਜੋ ਲਿੰਕ ਸੜਕਾਂ ਟੁੱਟ ਗਈਆਂ ਸਨ ਉਨ੍ਹਾਂ ਦੇ ਟੁੱਟਣ ਦਾ ਇੱਕ ਕਾਰਨ ਇਹ ਵੀ ਹੈ ਕਿ ਮੋਹਾਲੀ ਜ਼ਿਲ੍ਹੇ ਵਿੱਚ ਵੱਖ-ਵੱਖ ਥਾਵਾਂ ਤੇ ਮੈਗਾ ਪ੍ਰੋਜੈਕਟ ਬਣਨ ਕਾਰਨ ਕਾਫੀ ਲਿੰਕ ਸੜਕਾਂ ਤੇ ਚੱਲਣ ਵਾਲੀ ਹੈਵੀ ਟਰੈਫਿਕ ਵਿੱਚ ਬਹੁਤ ਵਾਧਾ ਹੋਇਆ ਹੈ। ਪਰ ਇਹ ਵੀ ਠੀਕ ਹੈ ਕਿ ਇਹ ਸਾਰੀਆਂ ਲਿੰਕ ਸੜਕਾਂ ਦੇ ਟੁੱਟਣ ਦਾ ਇੱਕੋ-ਇੱਕ ਕਾਰਨ ਸਾਰੇ ਮੈਗਾ ਪ੍ਰੋਜੈਕਟ ਹੀ ਨਹੀਂ

Original with;
Punjab Vidhan Sabha
Digitized by;
Panjab Digital Library

ਹੈ। ਮੋਹਾਲੀ ਜ਼ਿਲ੍ਹੇ ਵਿੱਚ ਫੰਡਾਂ ਦੀ ਉਪਲਬਧਤਾ ਨੂੰ ਧਿਆਨ ਵਿੱਚ ਰੱਖਦੇ ਹੋਏ ਹਾਲ ਦੀ ਘੜੀ 241.61 ਲੱਖ ਰੁਪਏ ਨਾਲ ਟੁੱਟੀਆਂ ਹੋਈਆਂ ਲਿੰਕ ਸੜਕਾਂ ਦੀ ਰਿਪੇਅਰ ਵਾਸਤੇ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਪਾਸੋਂ ਪ੍ਰਾਪਤ ਹੋਈ ਪ੍ਰਾਥਮਿਕਤਾ ਸੂਚੀ ਅਨਸਾਰ ਹੀ ਰਿਪੇਅਰ ਦਾ ਕੰਮ ਸ਼ੁਰੂ ਕੀਤਾ ਹੋਇਆ ਹੈ ਜਿਸ ਵਿੱਚ ਮੈਗਾ ਪ੍ਰੋਜੈਕਟਾਂ ਕਾਰਨ ਟੁੱਟੀਆਂ ਹੋਈਆਂ ਜਾਂ ਕਿਸੇ ਹੋਰ ਕਾਰਨ ਟੁੱਟੀਆਂ ਹੋਈਆਂ ਸੜਕਾਂ ਨੂੰ ਜਨ ਹਿੱਤ ਅਨੁਸਾਰ ਪ੍ਰਾਥਮਿਕਤਾ ਦੇ ਅਧਾਰ ਤੇ ਅਤੇ ਫੰਡਾਂ ਦੀ ਉਪਲਬਧਤਾ ਅਨੁਸਾਰ ਸ਼ਾਮਲ ਕੀਤਾ ਹੋਇਆ ਹੈ। ਇਹ ਕੰਮ ਮਿਤੀ 30.11.2011 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

---

## ਨਵੇਂ ਰਜਬਾਹਿਆਂ ਦੀ ਉਸਾਰੀ

***2218. ਸਰਦਾਰ ਰਿਪਜੀਤ ਸਿੰਘ ਬਰਾੜ :** ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਜ਼ਿਲ੍ਹਾ ਫਰੀਦਕੋਟ ਵਿਚ ਨਵੇਂ ਰਜਬਾਹੇ/ ਸੂਏ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਹੈ ਤਾਂ ਇਸ ਕੰਮ ਤੇ ਕਿੰਨਾ ਖਰਚ ਕੀਤਾ ਜਾਵੇਗਾ?

**ਸਰਦਾਰ ਜਨਮੇਜਾ ਸਿੰਘ ਸੇਖੋਂ:** ਨਹੀਂ ਜੀ, ਜ਼ਿਲ੍ਹਾ ਫਰੀਦਕੋਟ ਵਿਚ ਕੋਈ ਨਵਾਂ ਰਜਬਾਹਾ/ਸੂਏ ਬਣਾਉਣ ਦੀ ਕੋਈ ਤਜਵੀਜ਼ ਨਹੀਂ ਹੈ।

---

## ਸ਼ਗਨ ਸਕੀਮ ਅਧੀਨ ਅਦਾਇਗੀ

***2248. ਸਰਦਾਰ ਈਸ਼ਰ ਸਿੰਘ:** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) ਮੌਜੂਦਾ ਸਰਕਾਰ ਦੇ ਸ਼ਾਸਨਕਾਲ ਦੌਰਾਨ ਵਿੱਤੀ ਸਾਲ-ਵਾਰ ਅਤੇ ਉਪ-ਮੰਡਲਵਾਰ ਜ਼ਿਲ੍ਹਾ ਲੁਧਿਆਣਾ ਵਿਚ ਸ਼ਗਨ ਸਕੀਮ ਅਧੀਨ ਕੁੱਲ ਕਿੰਨੀ ਰਕਮ ਵੰਡੀ ਗਈ,

(ਅ) ਕੀ ਮਿਤੀ ਅੰਤ ਜ਼ਿਲ੍ਹਾ ਲੁਧਿਆਣਾ ਵਿਚ ਇਸ ਸਕੀਮ ਅਧੀਨ ਗ੍ਰਾਂਟਾਂ ਵੰਡੀਆਂ ਜਾ ਚੁੱਕੀਆਂ ਹਨ; ਜੇਕਰ ਨਹੀਂ ਤਾਂ ਇਸ ਲਈ ਕੀ ਕਾਰਨ ਹਨ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ:** (ੳ) ਸ਼ਗਨ ਸਕੀਮ ਅਧੀਨ ਜ਼ਿਲ੍ਹਾ ਲੁਧਿਆਣਾ ਵਿਚ ਮੌਜੂਦਾ ਸਰਕਾਰ ਦੇ ਸ਼ਾਸਨਕਾਲ ਦੌਰਾਨ ਸਾਲ-ਵਾਰ ਅਤੇ ਉਪ ਮੰਡਲ ਵਾਰ ਕੁੱਲ ਵੰਡੀ ਗਈ ਰਾਸ਼ੀ ਦੇ ਵੇਰਵੇ ਅਨੁਲੱਗ 'ੳ' ਅਨੁਸਾਰ ਹਨ।

(ਅ) ਸ਼ਗਨ ਸਕੀਮ ਅਧੀਨ ਜ਼ਿਲ੍ਹਾ ਲੁਧਿਆਣਾ ਚੋਂ ਮੌਜੂਦਾ ਸਰਕਾਰ ਦੇ ਸਮੇਂ ਦੌਰਾਨ 21.33 ਕਰੋੜ ਰੁਪਏ ਦੀ ਰਾਸ਼ੀ ਨਾਲ 14,220 ਲਾਭਪਾਤਰੀਆਂ ਨੂੰ ਵਿੱਤੀ

Original with;
Punjab Vidhan Sabha
Digitized by;
Punjab Digital Library

[ਭਲਾਈ ਮੰਤਰੀ]

ਸਹਾਇਤਾ ਦਿੱਤੀ ਗਈ ਹੈ। ਇਸ ਜ਼ਿਲ੍ਹੇ ਨਾਲ ਸਬੰਧਿਤ 6,694/- ਬਿਨੈਕਾਰਾਂ ਦੇ ਕੇਸ ਪੈਂਡਿੰਗ ਹਨ, ਜਿਨ੍ਹਾਂ ਲਈ ਸ਼ਗਨ ਦੀ ਰਾਸ਼ੀ ਜਲਦ ਮੁਹੱਈਆ ਕਰਵਾਈ ਜਾ ਰਹੀ ਹੈ।

## ਅਨੁਲੱਗ "ੳ"

## ਸ਼ਗਨ ਸਕੀਮ ਅਧੀਨ ਜ਼ਿਲ੍ਹਾ ਲੁਧਿਆਣਾ ਵਿੱਚ ਵਿੱਤੀ ਸਾਲ 2007-08 ਤੋਂ 2011-12 ਤੱਕ ਨਿਪਟਾਈਆਂ ਦਰਖਾਸਤਾਂ, ਕੁੱਲ ਕਵਰ ਕੀਤੇ ਟੀਚੇ ਅਤੇ ਕੁੱਲ ਵੰਡੀ ਗਈ ਰਾਸ਼ੀ ਦੇ ਸਬ-ਡਵੀਜ਼ਨ ਵਾਈਜ਼ ਵੇਰਵੇ

(ਰਕਮ ਲੱਖਾਂ ਵਿੱਚ)

| ਲੜੀ ਨੰ: | ਸਾਲ | ਸਬ-ਡਵੀਜ਼ਨ ਵਾਈਜ਼ ਨਿਪਟਾਈਆਂ ਦਰਖਾਸਤਾਂ | | | | ਕੁੱਲ ਕਵਰ ਕੀਤੇ ਟੀਚੇ | ਕੁੱਲ ਵੰਡੀ ਗਈ ਰਾਸ਼ੀ |
|---|---|---|---|---|---|---|---|
| | | ਖੰਨਾ | ਜਗਰਾਉਂ | ਸਮਰਾਲਾ | ਲੁਧਿਆਣਾ | | |
| 1. | 2007-08 | 350 | 483 | 157 | 1056 | 2046 | 306.90 |
| 2. | 2008-09 | 939 | 1218 | 408 | 2007 | 4572 | 685.80 |
| 3. | 2009-10 | 388 | 620 | 214 | 890 | 2112 | 316.80 |
| 4. | 2010-11 | 932 | 1509 | 310 | 1909 | 4660 | 699.00 |
| 5. | 2011-12 | 155 | 102 | 222 | 351 | 830 | 124.50 |
| | ਕੁੱਲ ਜੋੜ | 2764 | 3932 | 1311 | 6213 | 14220 | 2133.00 |

---

## ਕੂੜਾ ਕਰਕਟ ਦੀ ਡੰਪਿੰਗ ਲਈ ਜ਼ਮੀਨ ਦੀ ਖ੍ਰੀਦ

***2249. ਸ਼੍ਰੀ ਹਰਮਿੰਦਰ ਸਿੰਘ ਜੱਸੀ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ-

(ੳ) ਕੀ ਨਗਰ ਨਿਗਮ, ਬਠਿੰਡਾ ਨੇ ਪਿੰਡ ਮੰਡੀ ਕਲਾਣਾ ਵਿੱਚ ਕੂੜਾ-ਕਰਕਟ ਦੀ ਡੰਪਿੰਗ ਵਾਸਤੇ ਜ਼ਮੀਨ ਖਰੀਦੀ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ ;

(ਅ) ਉਕਤ ਜ਼ਮੀਨ ਦੇ ਮਾਲਕ ਦਾ ਨਾਂ ਕੀ ਹੈ ਅਤੇ ਕਿਸ ਕੀਮਤ (ਰੇਟ) ਤੇ ਇਹ ਜ਼ਮੀਨ ਖਰੀਦੀ ਗਈ ਹੈ?

**ਸ਼੍ਰੀ ਤਿਕਸ਼ਨ ਸੂਦ :** (ੳ) ਜੀ ਹਾਂ। ਨਗਰ ਨਿਗਮ, ਬਠਿੰਡਾ ਵੱਲੋਂ ਮੰਡੀ ਖੁਰਦ ਵਿਖੇ ਸੋਲਿਡ ਵੇਸਟ ਲੈਂਡ ਫਿਲ ਸਾਈਟ ਲਈ 294 ਕਨਾਲ 9 ਮਰਲੇ (36.81 ਏਕੜ) ਜਗ੍ਹਾ ਖਰੀਦੀ ਗਈ ਹੈ। ਇਸ ਦੇ ਪੂਰੇ ਵੇਰਵੇ ਨਾਲ ਨੱਥੀ ਅਨੁਲੱਗ- 'ੳ' ਵਿੱਚ ਦਰਜ ਹਨ।

Original with;
Punjab Vidhan Sabha
Digitized by;
Panjab Digital Library

(ਅ) ਉਕਤ ਜ਼ਮੀਨ ਇੱਕ ਮਾਲਕ ਦੀ ਨਹੀਂ ਹੈ। ਐਕਵਾਇਰ ਕੀਤੇ ਗਏ ਰਕਬੇ ਵਿੱਚ ਕੁੱਲ 26 ਖੇਤਾਂ ਵਿਚੋਂ ਰਕਬਾ ਐਕਵਾਇਰ ਕੀਤਾ ਗਿਆ ਹੈ, ਜਿਸ ਦੇ ਵੱਖ-ਵੱਖ ਮਾਲਕ ਹਨ। ਇਸ ਦਾ ਵੇਰਵਾ ਅਨੁਲੱਗ "ੳ" ਵਿੱਚ ਦਿੱਤਾ ਗਿਆ ਹੈ। ਇਹ ਜਗ੍ਹਾ 16.00 ਲੱਖ ਰੁਪਏ ਪ੍ਰਤੀ ਏਕੜ ਦੀ ਕੀਮਤ ਨਾਲ ਖਰੀਦੀ ਗਈ ਹੈ।

## ਅਨੁਲੱਗ "ੳ"

| ਲੜੀ ਨੰ: | ਖਸਰਾ ਨੰ: | ਰਕਬਾ | | ਕਿਸਮ ਜ਼ਮੀਨ | ਮਾਲਕਾਂ ਦਾ ਨਾਮ |
|---|---|---|---|---|---|
| | | ਕਨਾਲ | ਮਰਲੇ | | |
| 1. | 367/1 | 7 | 04 | ਨਹਿਰੀ | ਕਮਲੇਸ਼ ਗਰਗ, ਅਨੂਪ ਕੁਮਾਰ, |
| 2. | 367/2 ਮਿਨ | 0 | 16 | ਨਹਿਰੀ | ਚਰਨਜੀਤ ਕੌਰ |
| 3. | 368/1/2 ਮਿਨ | 1 | 09 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, |
| 4. | 368/2 ਮਿਨ | 0 | 05 | ਨਹਿਰੀ | ਦੀਵਾਨ ਚੰਦ |
| 5. | 369/ਮਿਨ | 1 | 16 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ, ਨੇਕ ਸਿੰਘ |
| 6. | 379 | 26 | 11 | ਨਹਿਰੀ | ਚਰਨਜੀਤ ਕੌਰ |
| 7. | 380/1 | 12 | 10 | ਨਹਿਰੀ | ਚਰਨਜੀਤ ਕੌਰ |
| 8. | 380/2 | 12 | 10 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |
| 9. | 381/1 | 21 | 10 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |
| 10. | 381/2 | 3 | 10 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ, ਨੇਕ ਸਿੰਘ |
| 11. | 391 | 5 | 14 | ਨਹਿਰੀ | ਕਮਲੇਸ਼ ਗਰਗ, ਅਨੂਪ ਕੁਮਾਰ |
| 12. | 392 | 23 | 02 | ਨਹਿਰੀ | ਕਮਲੇਸ਼ ਗਰਗ, ਅਨੂਪ ਕੁਮਾਰ |
| 13. | 393 | 25 | 00 | ਨਹਿਰੀ | ਚਰਨਜੀਤ ਕੌਰ |
| 14. | 394/1 | 12 | 10 | ਨਹਿਰੀ | ਚਰਨਜੀਤ ਕੌਰ |
| 15. | 394/2 | 12 | 10 | ਨਹਿਰੀ | ਜਰਨੈਲ |
| 16. | 404 | 8 | 17 | ਨਹਿਰੀ | ਚਰਨਜੀਤ ਕੌਰ |
| 17. | 405/2 | 24 | 05 | ਨਹਿਰੀ | ਚਰਨਜੀਤ ਕੌਰ, ਕਮਲੇਸ਼ ਗਰਗ, ਅਨੂਪ ਕੁਮਾਰ |
| 18. | 406 | 25 | 00 | ਨਹਿਰੀ | ਚਰਨਜੀਤ ਕੌਰ |

Original with;
Punjab Vidhan Sabha
Digitized by;
Panjab Digital Library

[ ਸਥਾਨਕ ਸਰਕਾਰ ਮੰਤਰੀ ]

| | | | | | |
|---|---|---|---|---|---|
| 19. | 407 | 25 | 00 | ਨਹਿਰੀ | ਚਰਨਜੀਤ ਕੌਰ, ਕਮਲੇਸ਼ ਗਰਗ, ਅਨੂਪ ਕੁਮਾਰ |
| 20. | 408/1 | 12 | 10 | ਨਹਿਰੀ | ਚਰਨਜੀਤ ਕੌਰ, ਕਮਲੇਸ਼ ਗਰਗ, ਅਨੂਪ ਕੁਮਾਰ |
| 21. | 465/1/1 | 5 | 00 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |
| 22. | 465/2/1 | 2 | 00 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |
| 23. | 472/1 | 5 | 00 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |
| 24. | 472/2 | 6 | 16 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗਾਂ, ਅਨੂਪ ਕੁਮਾਰ |
| 25. | 473/2 | 8 | 00 | ਨਹਿਰੀ | ਨਾਜਰ ਸਿੰਘ, ਕਮਲੇਸ਼ ਗਰਗ |
| 26. | 474/2 | 5 | 04 | ਨਹਿਰੀ | ਸਾਧੂ ਸਿੰਘ, ਕਮਲੇਸ਼ ਗਰਗ, ਅਨੂਪ ਕੁਮਾਰ |

---

## UNSTARRED QUESTIONS AND ANSWERS

### ਸ਼ਗਨ ਸਕੀਮ ਦੇ ਪੈਂਡਿੰਗ ਕੇਸਾਂ ਦੀ ਗਿਣਤੀ

**472. ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ-

(ੳ) 1 ਅਪ੍ਰੈਲ, 2007 ਤੋਂ ਹੁਣ ਤੱਕ ਨਕੋਦਰ ਵਿਧਾਨ ਸਭਾ ਚੋਣ ਹਲਕੇ ਵਿੱਚ ਸ਼ਗਨ ਸਕੀਮ ਦੇ ਲਾਭਪਾਤਰਾਂ ਦੀ ਪਿੰਡ-ਵਾਰ ਸੂਚੀ ਕੀ ਹੈ ;

(ਅ) 1 ਅਪ੍ਰੈਲ, 2007 ਤੋਂ ਹੁਣ ਤੱਕ ਨਕੋਦਰ ਵਿਧਾਨ ਸਭਾ ਚੋਣ ਹਲਕੇ ਵਿੱਚ ਸ਼ਗਨ ਸਕੀਮ ਅਧੀਨ ਪੈਂਡਿੰਗ ਪਏ ਕੇਸਾਂ ਦੀ ਪਿੰਡ-ਵਾਰ ਸੂਚੀ ਕੀ ਹੈ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** (ੳ) ਨਕੋਦਰ ਵਿਧਾਨ ਸਭਾ ਹਲਕੇ ਨਾਲ ਸਬੰਧਤ ਪਿੰਡਾਂ ਵਿਚ 1 ਅਪ੍ਰੈਲ, 2007 ਤੋਂ ਹੁਣ ਤੱਕ ਸ਼ਗਨ ਸਕੀਮ ਅਧੀਨ 769 ਲਾਭਪਾਤਰੀ ਕਵਰ ਕੀਤੇ ਗਏ ਹਨ, ਜਿਨ੍ਹਾਂ ਦੀ ਪਿੰਡ-ਵਾਰ ਸੂਚੀ ਅਨੁਲੱਗ 'ੳ'** ਅਨੁਸਾਰ ਹੈ।

(ਅ) ਨਕੋਦਰ ਵਿਧਾਨ ਸਭਾ ਚੋਣ ਹਲਕੇ ਨਾਲ ਸਬੰਧਤ ਪਿੰਡਾਂ ਦੇ 431 ਕੇਸ ਨਿਪਟਾਰੇ ਹਿੱਤ ਪੈਂਡਿੰਗ ਹਨ, ਜਿਨ੍ਹਾਂ ਦੇ ਪਿੰਡ-ਵਾਰ ਵੇਰਵੇ ਅਨੁਲੱਗ 'ਅ'** ਅਨੁਸਾਰ ਹਨ।

---

**Placed in the Revisor Branch.

Original with;
Punjab Vidhan Sabha
Digitized by;
Panjab Digital Library

## ਗਰੀਬਾਂ ਲਈ ਪੱਕੇ ਘਰਾਂ ਦੀ ਉਸਾਰੀ

473. **ਸਰਦਾਰ ਅਜੀਤ ਇੰਦਰ ਸਿੰਘ ਮੋਫਰ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਨੂੰ ਗਰੀਬ ਲੋਕਾਂ ਦੇ ਪੱਕੇ ਘਰਾਂ ਦੀ ਉਸਾਰੀ ਕਰਨ ਲਈ 4 ਕਰੋੜ ਰੁਪਏ ਪ੍ਰਾਪਤ ਹੋਏ ਹਨ; ਜੇਕਰ ਅਜਿਹਾ ਹੋਵੇ ਤਾਂ ਸਰਦੂਲਗੜ੍ਹ ਵਿਧਾਨ ਸਭਾ ਚੋਣ ਹਲਕੇ ਵਿੱਚ ਅਜਿਹੇ ਲਾਭਪਾਤਰਾਂ ਦੀ ਗਿਣਤੀ ਕਿੰਨੀ ਹੈ। ਜਿਨ੍ਹਾਂ ਦੇ ਕੱਚੇ ਘਰਾਂ ਨੂੰ ਉਕਤ ਵਰਣਿਤ ਰਾਸ਼ੀ ਵਿਚੋਂ ਪੱਕੇ ਘਰਾਂ ਵਜੋਂ ਬਣਾਇਆ ਗਿਆ ਹੈ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ:** ਸ਼੍ਰੀਮਾਨ ਜੀ, ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਕੋਲ ਚਾਲੂ ਵਿੱਤੀ ਸਾਲ ਦੌਰਾਨ ਗਰੀਬ ਲੋਕਾਂ ਦੇ ਪੱਕੇ ਘਰਾਂ ਦੀ ਉਸਾਰੀ ਕਰਨ ਲਈ 4 ਕਰੋੜ ਰੁਪਏ ਨਹੀਂ ਸਗੋਂ 851.28 ਲੱਖ ਰੁਪਏ ਉਪਲਬਧ ਸਨ।

ਜ਼ਿਲ੍ਹਾ ਪ੍ਰੀਸ਼ਦ, ਮਾਨਸਾ ਵੱਲੋਂ ਵਿਧਾਨ ਸਭਾ ਹਲਕਾ, ਸਰਦੂਲਗੜ੍ਹ ਲਈ 479.25 ਲੱਖ ਰੁਪਏ ਦੀ ਰਕਮ 1011 ਨਵੇਂ ਘਰ ਬਣਾਉਣ ਲਈ ਅਤੇ 162 ਪੁਰਾਣੇ ਘਰਾਂ ਦੀ ਮੁਰੰਮਤ ਕਰਨ ਲਈ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਨੂੰ ਮਿਤੀ 26.7.2011 ਨੂੰ ਜਾਰੀ ਕੀਤੀ ਗਈ ਸੀ ਪਰੰਤੂ ਚੋਣ ਜ਼ਾਬਤਾ ਲੱਗਣ ਕਾਰਨ ਬਲਾਕ ਵਿਕਾਸ ਅਤੇ ਪੰਚਾਇਤ ਅਫਸਰਾਂ ਵੱਲੋਂ ਅੱਗੇ ਲਾਭਪਾਤਰਾਂ ਨੂੰ ਇਹ ਰਕਮ ਜਾਰੀ ਨਹੀਂ ਕੀਤੀ ਜਾ ਸਕੀ।

**ਮਾਨਯੋਗ ਸਪੀਕਰ:** ਅਗਲੀ ਆਈਟਮ।

---

## ANNOUNCMENT BY THE SPEAKER REG. PANEL OF CHAIRMEN

**ਮਾਨਯੋਗ ਸਪੀਕਰ :** ਮੈਂ ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦੇ ਨਿਯਮ 13 (1), ਅਧੀਨ ਹੇਠ ਲਿਖੇ ਮੈਂਬਰਾਂ ਨੂੰ ਸਭਾਪਤੀ ਨਾਮਾਵਲੀ ਦੇ ਲਈ ਨਾਮਜ਼ਦ ਕਰਦਾ ਹਾਂ:-

1. ਡਾਕਟਰ ਦਲਬੀਰ ਸਿੰਘ
2. ਸ਼੍ਰੀ ਅਨਿਲ ਜੋਸ਼ੀ
3. ਸਰਦਾਰ ਅਵਤਾਰ ਸਿੰਘ ਬਰਾੜ
4. ਸਰਦਾਰ ਸਰਬਜੀਤ ਸਿੰਘ ਮੱਕੜ

---

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਅਗਲੀ ਆਈਟਮ। ਹੁਣ ਸਕੱਤਰ ਜੀ ਅਨਾਊਂਸਮੈਂਟ ਕਰਨਗੇ।

## ANNOUNCMENT BY THE SECRETARY

**ਸ਼੍ਰੀ ਸਕੱਤਰ :** ਮੈਂ 13ਵੀਂ ਪੰਜਾਬ ਵਿਧਾਨ ਸਭਾ ਦੁਆਰਾ ਇਸ ਦੇ ਦਸਵੇਂ/ ਗਿਆਰ੍ਹਵੇਂ ਸਮਾਗਮ ਦੌਰਾਨ ਪਾਸ ਕੀਤੇ ਗਏ ਬਿਲਾਂ, ਜਿਨ੍ਹਾਂ ਤੇ ਰਾਸ਼ਟਰਪਤੀ/ ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਦਾ ਵੇਰਵਾ ਸਦਨ ਦੀ ਮੇਜ਼ ਤੇ ਰੱਖਦਾ ਹਾਂ:-

13ਵੀਂ ਵਿਧਾਨ ਸਭਾ ਦੁਆਰਾ ਇਸ ਦੇ ਦਸਵੇਂ/ਗਿਆਰ੍ਹਵੇਂ ਸਮਾਗਮ ਦੌਰਾਨ ਪਾਸ ਕੀਤੇ ਬਿਲਾਂ ਜਿਨ੍ਹਾਂ ਤੇ ਰਾਸ਼ਟਰਪਤੀ / ਰਾਜਪਾਲ ਜੀ ਨੇ ਆਪਣੀ ਸਹਿਮਤੀ ਦੇ ਦਿੱਤੀ ਹੈ, ਨੂੰ ਦਰਸਾਉਂਦਾ ਵਿਵਰਣ।

1. ਪੰਜਾਬ ਭੌਂ ਪੱਟੇਦਾਰੀ ਸੁਰੱਖਿਆ (ਸੋਧਨਾ) ਬਿਲ, 2010
2. ਪੰਜਾਬ ਕਿਰਤ ਭਲਾਈ ਫੰਡ (ਦੂਜੀ ਸੋਧਨਾ ) ਬਿਲ, 2010
3. ਪੰਜਾਬ ਮੁੱਲ ਆਧਾਰਿਤ ਕਰ (ਸੋਧਨਾ) ਬਿਲ, 2011
4. ਪੰਜਾਬ ਪੰਚਾਇਤੀ ਰਾਜ (ਸੋਧਨਾ) ਬਿਲ, 2011
5. ਪੰਜਾਬ (ਸੰਸਥਾਵਾਂ ਅਤੇ ਦੂਜੀਆਂ ਇਮਾਰਤਾਂ) ਕਰ ਬਿਲ, 2011
6. ਪੰਜਾਬ ਤਕਨੀਕੀ ਯੂਨੀਵਰਸਿਟੀ (ਸੋਧਨਾ) ਬਿਲ,2011
7. ਪੰਜਾਬ ਨਮਿੱਤਣ ਬਿਲ, 2011
8. ਪੰਜਾਬ ਨਮਿੱਤਣ (ਨੰ: 2) ਬਿਲ, 2011
9. ਪੰਜਾਬ ਨਮਿੱਤਣ( ਨੰ: 3) ਬਿਲ, 2011
10. ਪੰਜਾਬ ਰਾਜ ਵਿਧਾਨ ਮੰਡਲ ਦੇ ਵਿਰੋਧੀ ਧਿਰ ਦੇ ਨੇਤਾ ਦੇ ਤਨਖਾਹ ਅਤੇ ਭੱਤੇ (ਸੋਧਨਾ) ਬਿਲ, 2011
11. ਪੰਜਾਬ ਰਾਜ ਵਿਧਾਨ ਮੰਡਲ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਸੋਧਨਾ) ਬਿਲ, 2011
12. ਪੰਜਾਬ ਭੌਂ ਮਾਲੀਆ (ਸੋਧਨਾ) ਬਿਲ, 2011
13. ਪੰਜਾਬ ਮੁੱਲ ਆਧਾਰਿਤ ਕਰ (ਦੂਜੀ ਸੋਧਨਾ) ਬਿਲ, 2011
14. ਪੈਪਸੂ ਪੱਟੇਦਾਰੀ ਅਤੇ ਜ਼ਰਾਇਤੀ ਜ਼ਮੀਨਾਂ (ਸੋਧਨਾ) ਬਿਲ, 2011
15. ਪੰਜਾਬ ਭੌਂ ਪੱਟੇਦਾਰੀ ਸੁਰੱਖਿਆ (ਸੋਧਨਾ) ਬਿਲ, 2011

Original with;
Punjab Vidhan Sabha
Digitized by;
Panjab Digital Library

16. ਪੰਜਾਬ ਜ਼ਰਾਇਤੀ ਪੈਦਾਵਾਰ ਦੀਆਂ ਮੰਡੀਆਂ (ਸੋਧਨਾ ਅਤੇ ਵੈਧਤਾ) ਬਿਲ, 2011
17. ਪੰਜਾਬ ਵਿੱਤੀ ਜ਼ਿੰਮੇਵਾਰੀ ਅਤੇ ਬਜਟ ਪ੍ਰਬੰਧ (ਸੋਧਨਾ) ਬਿਲ, 2011
18. ਪੰਜਾਬ ਮਿਉਂਸਿਪਲ ਬੁਨਿਆਦੀ ਢਾਂਚਾ ਵਿਕਾਸ ਫੰਡ ਬਿਲ, 2011
19. ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਵਿਚ ਸੁਧਾਰ ਕਰਨਾ) ਬਿਲ, 2011
20. ਪੰਜਾਬ ਮੋਟਰ ਗੱਡੀਆਂ ਕਰ (ਸੋਧਨਾ) ਬਿਲ, 2011.
21. ਪੈਪਸੂ ਪੱਟੇਦਾਰੀ ਅਤੇ ਜ਼ਰਾਇਤੀ ਜ਼ਮੀਨਾਂ (ਦੂਜੀ ਸੋਧਨਾ) ਬਿਲ, 2011
22. ਪੰਜਾਬ ਭੌਂ ਪੱਟੇਦਾਰੀ ਸੁਰੱਖਿਆ (ਦੂਜੀ ਸੋਧਨਾ) ਬਿਲ, 2011

---

## MATTERS RAISED DURING ZERO HOUR AND STATEMENT BY THE MINISTER THEREON

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮੈਂ ਇੱਕ ਐਡਜਰਨਮੈਂਟ ਮੋਸ਼ਨ ਦਿੱਤੀ ਸੀ।

**ਮਾਨਯੋਗ ਸਪੀਕਰ :** ਨਹੀਂ ਆਈ।

**SHRI SUNIL KUMAR JAKHAR :** Sir, I gave an adjournment motion on corruption in Public Distribution System. ਉਹ ਤੁਹਾਡੇ ਵੱਲੋਂ ਰਿਜੈਕਟ ਕਰ ਦਿੱਤੀ ਗਈ ਹੈ। The reason for rejection has been stated that," it does not restrict to a specific matter of recent occurrence. Besides, legal remedies are available. Of course, legal remedies are available." I do not understand how much more specific issue do you want it to be? A number of people have given affidavits. What is the definition of specific? ਮੇਰੇ ਕੋਲ ਸਪੈਸੀਫਿਕ ਐਫੀਡੈਵਿਟ ਹਨ। ਮੇਰੇ ਕੋਲ 9000 ਦੇ ਕਰੀਬ ਸਪੈਸੀਫਿਕ ਐਫੀਡੇਵਿਟ ਹਨ ਜਿਨ੍ਹਾਂ ਵਿਚ ਲੋਕਾਂ ਨੇ ਇਹ ਲਿਖਿਆ ਹੈ ਕਿ ਉਨ੍ਹਾਂ ਨੂੰ ਪਿਛਲੇ ਪੰਜ ਸਾਲਾਂ ਵਿਚ ਨਾ ਤਾਂ ਮਿੱਟੀ ਦਾ ਤੇਲ ਮਿਲਿਆ ਹੈ ਅਤੇ ਨਾ ਹੀ ਆਟਾ ਮਿਲਿਆ ਹੈ। ਇਸ ਤੋਂ ਵੱਡੀ ਹੋਰ ਕੀ ਸਪੈਸੀਫਿਕ ਡੈਫੀਨੇਸ਼ਨ ਹੋ ਸਕਦੀ ਹੈ?

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸਪੀਕਰ ਸਾਹਿਬ, ਜਦੋਂ ਤੁਸੀਂ ਐਡਜਰਨਮੈਂਟ ਮੋਸ਼ਨ ਤੇ ਆਪਣਾ ਫੈਸਲਾ ਦੇ ਦਿੱਤਾ ਹੈ ਤਾਂ ਫਿਰ ਉਸ ਤੋਂ ਬਾਅਦ ਬਹਿਸ ਕਿਉਂ ਹੋ ਰਹੀ ਹੈ?

Original with;
Punjab Vidhan Sabha
Digitized by;
Panjab Digital Library

[ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ]

(ਕੁਝ ਅਵਾਜ਼ਾਂ : ਅਸੀਂ ਸਪੀਕਰ ਸਾਹਿਬ ਕੋਲੋਂ ਇਜਾਜ਼ਤ ਲਈ ਹੈ।)

ਮੈਂ ਵੀ ਸਪੀਕਰ ਸਾਹਿਬ ਨਾਲ ਹੀ ਗੱਲ ਕਰ ਰਿਹਾ ਹਾਂ। ਮੇਰੀ ਗੱਲ ਕਰਨ ਦੀ ਡਿਊਟੀ ਬਣਦੀ ਹੈ। ਸਪੀਕਰ ਸਾਹਿਬ, ਤੁਹਾਡੇ ਵੱਲੋਂ ਫੈਸਲਾ ਦਿੱਤੇ ਜਾਣ ਤੋਂ ਬਾਅਦ ਬਹਿਸ ਕਰਨ ਦਾ ਕੋਈ ਮਤਲਬ ਹੀ ਨਹੀਂ ਰਹਿ ਜਾਂਦਾ।(ਵਿਘਨ)

**SHRI SUNIL KUMAR JAKHAR :** What are the specific allegations? What is specific, I will tell you. These are not only statements but personal declarations. The Goverment has done away with the affidavits. Their statements are as good as affidavits. Why are you not willing to take cognizance of that?

**ਟਰਾਂਸਪੋਰਟ ਅਤੇ ਤਕਨੀਕੀ ਸਿੱਖਿਆ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਣੀ) :** ਤਿੰਨ ਮਹੀਨਿਆਂ ਬਾਅਦ ਹੀ ਤੁਹਾਨੂੰ ਪਤਾ ਚਲ ਜਾਵੇਗਾ ਕਿ ਐਫੀਡੈਵਿਟ ਸੱਚੇ ਹਨ ਜਾਂ ਝੂਠੇ ਹਨ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਬੋਲਿਆਂ ਨੂੰ ਸੁਣਾਉਣ ਲਈ ਬੜਾ ਉੱਚਾ ਬੋਲਣਾ ਪੈਂਦਾ ਹੈ। ਇਸ ਲਈ ਉਨ੍ਹਾਂ ਨੇ ਬੰਬ ਚਲਾਇਆ ਸੀ।ਪਰ ਇਥੇ 10 ਹਜ਼ਾਰ ਲੋਕਾਂ ਦੀ ਅਵਾਜ਼ ਜੇਕਰ ਵਿਧਾਨ ਸਭਾ ਵਿਚ ਨਹੀਂ ਸੁਣੀ ਜਾਵੇਗੀ.....

**ਮਾਨਯੋਗ ਸਪੀਕਰ :** ਠੀਕ ਹੈ ਭਰਾਵੋ ਤੁਹਾਡੀ ਗੱਲ। ਹੁਣ ਬੈਠੋ ਜੀ। ਹੁਣ ਅਗਲੀ ਆਈਟਮ। ਹਾਂ ਜੀ ਵਲਟੋਹਾ ਸਾਹਿਬ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਪੰਜਾਬ ਦੀ ਕਿਸਾਨੀ ਦੇ ਨਾਲ ਜਿਹੜਾ ਸਬੰਧਤ ਮਸਲਾ ਹੈ, ਉਸ ਦੇ ਬਾਰੇ ਗੱਲ ਕਰਨੀ ਚਾਹੁੰਦਾ ਹਾਂ..

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ)

**ਮਾਨਯੋਗ ਸਪੀਕਰ :** ਗੱਲ ਇਹੀ ਹੈ ਕਿ ਅੱਜ ਤੁਸੀਂ ਇਹੀ ਕੰਮ ਕਰਨਾ ਹੈ ਜਿਹੜਾ ਤੁਸੀਂ ਕਰ ਰਹੇ ਹੋ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ।)

ਇਹ ਇੱਕ-ਦੋ ਦਿਨ ਦੀ ਗੱਲ ਨਹੀਂ, ਇਹ ਤਾਂ ਜਦੋਂ ਤੋਂ ਆਪਾਂ ਆਏ ਹਾਂ, ਉਦੋਂ ਤੋਂ ਹੀ ਹੁੰਦੀ ਆ ਰਹੀ ਹੈ, ਹੁਣ ਤੁਸੀਂ ਇਹ ਮਸਲਾ, 2-3 ਦਿਨ ਜਦੋਂ ਰਹਿੰਦੇ ਹਨ, ਲੈ ਕੇ ਆਏ ਹੋ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਅੱਜ ਪੰਜਾਬ ਦੀ

Original with;
Punjab Vidhan Sabha
Digitized by;
Panjab Digital Library

ਕਿਸਾਨੀ ਨਾਲ ਸਬੰਧੀ ਮਸਲਾ ਇਸ ਸਦਨ ਵਿੱਚ ਰੱਖਣਾ ਚਾਹੁੰਦਾ ਹਾਂ.....(ਵਿਘਨ) ਮੇਰੀ ਗੱਲ ਤਾਂ ਸੁਣ ਲਓ, ਤੁਸੀਂ ਫੇਰ ਕਰ ਲੈਣਾ। ਤੁਸੀਂ 10000 ਐਫੀਡੈਵਿਟ ਲਈ ਫਿਰਦੇ ਹੋ। ਮੈਂ ਇੱਕ ਕਰੋੜ ਲਈ ਫਿਰਦਾ ਹਾਂ, ਜਾਖੜ ਸਾਹਿਬ। (ਵਿਘਨ)

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਤੁਸੀਂ ਕੀ ਗੱਲ ਕਰਨੀ ਚਾਹੁੰਦੇ ਹੋ? ਇਨ੍ਹਾਂ ਨੂੰ ਬੋਲਣ ਦਿਉ ਪਲੀਜ਼। (ਵਿਘਨ) ਬਰਾੜ ਸਾਹਿਬ ਨੂੰ ਬੋਲਣ ਦਿਓ, ਬਾਕੀ ਸਾਰੇ ਬੈਠ ਜਾਉ। ਹਾਂ ਜੀ, ਬਰਾੜ ਸਾਹਿਬ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੇਰੀ ਬੇਨਤੀ ਇੰਨੀ ਹੈ ਕਿ ਤੁਹਾਡੇ ਸਾਹਮਣੇ ਇੱਕ ਸੀਨੀਅਰ ਲੈਜਿਸਲੇਚਰ, ਜਿਸ ਨੇ ਹਮੇਸ਼ਾ ਹਾਊਸ ਵਿੱਚ ਆਪਣੇ ਕੰਮ ਦੀ ਗੱਲ ਕੀਤੀ ਹੈ ਅਤੇ ਇੱਧਰ-ਉੱਧਰ ਦਾ ਕੋਈ ਸ਼ਬਦ ਕਹਿਣ ਤੋਂ ਗੁਰੇਜ਼ ਕੀਤਾ ਹੈ ਅਤੇ ਜਿਹੜੇ ਕਿ ਆਪਣੇ ਹਲਕੇ ਵਿੱਚ ਵੀ ਦਿਨ ਰਾਤ ਮਿਹਨਤ ਲਈ ਮਸ਼ਹੂਰ ਅਤੇ ਪ੍ਰਸਿੱਧ ਹਨ, ਇੰਨੀ ਮਿਹਨਤ ਕਰਕੇ ਪੰਜਾਬ ਦੇ ਲੋਕਾਂ ਦੀ ਗੱਲ ਕਰਨ ਵਾਸਤੇ ਜੇ ਸਦਨ ਵਿੱਚ ਤੁਸੀਂ ਉਸਨੂੰ 5 ਮਿੰਟ ਨਹੀਂ ਦੇਣੇ ਤਾਂ ਇਹ ਠੀਕ ਨਹੀਂ ਹੈ। ਤੁਸੀਂ ਉਸ ਦਾ ਐਡਜਰਨਮੈਂਟ ਮੋਸ਼ਨ ਰੱਦ ਕਰ ਦਿੱਤਾ ਅਤੇ ਹੁਣ ਲਲਕਾਰੇ ਮਾਰਨੇ ਸ਼ੁਰੂ ਕਰ ਦਿੱਤੇ। ਇਹ ਕੰਮ ਤਾਂ ਆਪੋਜੀਸ਼ਨ ਦਾ ਹੁੰਦਾ ਹੈ। (ਵਿਘਨ) ਮੇਰੀ ਬੇਨਤੀ ਤਾਂ ਪੂਰੀ ਹੋਣ ਦਿਉ। ਬਾਦਲ ਸਾਹਿਬ, ਤੁਹਾਨੂੰ ਕੁਝ ਨਹੀਂ ਕਹਿੰਦੇ। ਇਹ ਐਲੀਗੇਸ਼ਨ ਤਾਂ ਆਪੋਜ਼ੀਸ਼ਨ ਤੇ ਲਗਦੇ ਹੁੰਦੇ ਹਨ ਕਿ ਉਹ ਆਪਣਾ ਬੀਹੇਵੀਅਰ ਜ਼ਿੰਮੇਵਾਰ ਢੰਗ ਨਾਲ ਅਦਾ ਨਹੀਂ ਕਰ ਰਹੇ। ਮੈਂ ਜ਼ਿੰਮੇਵਾਰ ਢੰਗ ਨਾਲ ਫਿਰ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਜਾਖੜ ਸਾਹਿਬ ਨੂੰ ਸੁਣਿਆ ਜਾਵੇ ਅਤੇ ਕੋਈ ਕੌੜੀ ਯਾਦ ਹੁਣ ਸ਼ਾਮਿਲ ਨਾ ਕਰੀਏ ਜਿਸ ਤਰ੍ਹਾਂ ਪਹਿਲਾਂ ਹੋਈਆਂ ਹਨ।(ਵਿਘਨ) ਸਪੀਕਰ ਸਾਹਿਬ, ਇਹ ਜਿਹੜਾ ਹਾਊਸ ਦਾ ਸਮਾਂ ਹੈ, ਇਹ ਬੜਾ ਕੀਮਤੀ ਹੈ। ਆਨਰੇਬਲ ਮੈਂਬਰ ਨੂੰ ਸਮਾਂ ਦਿਉ ਤਾਂ ਕਿ ਲੋਕਾਂ ਦੀ ਆਵਾਜ਼ ਉਹ ਇਥੇ ਕਹਿ ਸਕਣ ਅਤੇ ਸਰਕਾਰ ਉਸਦਾ ਕੋਈ ਹੱਲ ਕਰ ਸਕੇ। ਮੈਂ ਇਹ ਸਨਿਮਰ ਬੇਨਤੀ ਕਰਦਾ ਹਾਂ।

(ਇਸ ਸਮੇਂ ਮਾਨਯੋਗ ਮੈਂਬਰ ਚੌਧਰੀ ਮੋਹਨ ਲਾਲ ਆਪਣੀ ਸੀਟ ਤੇ ਖੜ੍ਹੇ ਸਨ ਅਤੇ ਉੱਚੀ-ਉੱਚੀ ਬੋਲ ਰਹੇ ਸਨ ਜੋ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਉ ਜੀ, ਬੈਠ ਜਾਉ ਜੀ।(ਵਿਘਨ) ਹਾਂ ਜੀ, ਬਰਾੜ ਜੀ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਤੁਹਾਨੂੰ ਬੇਨਤੀ ਕਰਦਾ ਹਾਂ ਕਿ ਤੁਸੀਂ ਰੀ-ਥਿੰਕ (re-think) ਕਰਕੇ ਇਨ੍ਹਾਂ ਨੂੰ ਬੋਲਣ ਦਾ ਮੌਕਾ ਦਿਉ ਤਾਂ ਕਿ ਆਪਣੀ ਗੱਲ ਕਹਿ ਸਕਣ।

**ਮਾਨਯੋਗ ਸਪੀਕਰ :** ਇਨ੍ਹਾਂ ਦੀ ਐਡਜਰਨਮੈਂਟ ਮੋਸ਼ਨ ਅਲਾਓ ਨਹੀਂ ਕੀਤੀ। ਇਹ ਕਿਉਂ ਨਹੀਂ ਕੀਤੀ ਕਿਉਂਕਿ ਇਹ ਕੋਈ ਰੀਸੈਂਟ ਅਕਰੈਂਸ ਨਹੀਂ ਹੈ।ਇਹ ਮਾਮਲਾ ਤਾਂ ਕਈ ਸਾਲਾਂ ਤੋਂ ਤੁਰਿਆ ਆ ਰਿਹਾ ਹੈ। (ਵਿਘਨ) ਤੁਸੀਂ ਗੱਲ ਸੁਣ ਲਉ। ਤੁਸੀਂ ਕਿਉਂ

Original with;
Punjab Vidhan Sabha
Digitized by;
Panjab Digital Library

[ **ਮਾਨਯੋਗ ਸਪੀਕਰ** ]

ਨਹੀਂ ਸੁਣਦੇ? ਕੀ ਮੈਂ ਮਾੜਾ ਕਹਿ ਰਿਹਾ ਹਾਂ?

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਸਾਡਾ ਰਾਈਟ ਹੈ। (ਵਿਘਨ)

**ਮਾਨਯੋਗ ਸਪੀਕਰ :** ਰਾਈਟ ਦਾ ਤਾਂ ਮੈਨੂੰ ਵੀ ਪਤਾ ਹੈ ਜਿਹੜਾ ਹੈ ਫਿਰ ਮੈਂ ਨਹੀਂ ਬੋਲਣ ਦੇਣਾ। ਮੈਂ ਤਾਂ ਉਹ ਰਿਜੈਕਟ ਕਰ ਦਿੱਤੀ ਹੈ। (ਵਿਘਨ) ਤੁਸੀਂ ਬਹੁਤ ਗੱਲਾਂ ਕਰਕੇ ਨੰਬਰ ਬਣਾਉਣ ਦੀ ਕੋਸ਼ਿਸ਼ ਕਰਦੇ ਹੋ। (ਵਿਘਨ) ਬੈਠੋ, ਪਲੀਜ਼।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਗੁਜਰਾਤ ਵਿਚ ਮੋਦੀ ਹੋਰਾਂ ਨੇ ਐਸ.ਐਸ.ਪੀ. ਭੱਟ ਤੇ ਪਰਚਾ ਠੋਕ ਦਿੱਤਾ ਜਿਸ ਨੇ ਗਲਤ ਐਫੀਡੈਵਿਟ ਬਣਾਇਆ ਸੀ। ਮੇਰੇ ਤੇ ਪਰਚਾ ਕਰ ਦਿਉ ਕਿ ਸੁਨੀਲ ਦਸ ਹਜ਼ਾਰ ਗਲਤ ਐਫੀਡੈਵਿਟ ਲੈ ਕੇ ਆਇਆ ਹੈ। ਇਸ ਨੂੰ ਸੀ.ਬੀ.ਆਈ. ਨੂੰ ਮਾਰਕ ਕਰ ਦਿਉ। ਮੈਨੂੰ ਅੰਦਰ ਕਰੋ। ਜੇ ਮੇਰੇ ਐਫੀਡੈਵਿਟ ਗਲਤ ਹਨ ਤਾਂ ਮੇਰੇ ਤੇ ਪਰਚਾ ਕੱਟੋ, ਨਹੀਂ ਤਾਂ ਇਸ ਉਤੇ ਡਿਸਕਸ਼ਨ ਕਰਵਾਉ।

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਨੂੰ ਸਰਕਾਰ ਨੂੰ ਭੇਜ ਦਿਉ। ਸਰਕਾਰ ਨੇ ਜੋ ਦੇਖਣਾ ਹੋਵੇਗਾ, ਦੇਖ ਲਵੇਗੀ (ਵਿਘਨ) (ਸ਼ੋਰ) ਗੱਲ ਇਹ ਹੈ ਕਿ ਇਸ ਟਾਪਿਕ ਤੇ ਨਾਂਹ ਕਰ ਦਿੱਤੀ ਹੈ। ਤੁਸੀਂ ਕੋਈ ਹੋਰ ਟਾਪਿਕ ਸ਼ੁਰੂ ਕਰ ਲਉ। (ਵਿਘਨ) ਜਿਹੜੀ ਮੈਂ ਲਿਖਤੀ ਤੌਰ ਤੇ ਨਾਂਹ ਕਰ ਦਿੱਤੀ ਹੈ, ਉਹ ਫਿਰ ਹਾਂ ਨਹੀਂ ਹੋ ਸਕਦੀ। (ਵਿਘਨ) ਫਿਰ ਤਾਂ ਤੁਹਾਡੀ ਮਰਜ਼ੀ ਹੈ, ਜੋ ਤੁਸੀਂ ਕਰਨਾ ਚਾਹੋ, ਤੁਸੀਂ ਕਰੀ ਜਾਓ। ਜੋ ਮਰਜ਼ੀ ਮੰਗ ਲਓ। ਜੋ ਮਰਜ਼ੀ ਨਾ ਮੰਗੋ।ਇਹ ਕੋਈ ਗੱਲ ਹੈ ਤੁਹਾਡੀ ? ਨਹੀਂ, ਨਹੀਂ, ਨਹੀਂ। (ਵਿਘਨ) ਮੈਂ ਰਿਜੈਕਟ ਕਰ ਦਿੱਤੀ ਹੈ। ਉਹ ਇਨ੍ਹਾਂ ਲਈ ਇੰਪਾਰਟੈਂਟ ਹੋਵੇਗਾ। (ਵਿਘਨ) ਇਨ੍ਹਾਂ ਲਈ ਕੀ ਹੋਇਆ ਜਾਂ ਕਿਸੇ ਲਈ ਕੀ ਹੋਇਆ। (ਵਿਘਨ) (ਸ਼ੋਰ) ਮੈਂ ਰਿਜੈਕਟ ਕਰ ਦਿੱਤੀ ਹੈ। ਹਾਂ ਜੀ ਵਲਟੋਹਾ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਪੰਜਾਬ ਦੀ ਕਿਸਾਨੀ ਨਾਲ ਸੰਬੰਧਿਤ ਮਸਲਾ ਉਠਾਉਣਾ ਚਾਹੁੰਦਾ ਹਾਂ। ਪੰਜਾਬ ਦੀ ਕਿਸਾਨੀ ਸੈਂਟਰ ਸਰਕਾਰ ਦੀਆਂ ਨੀਤੀਆਂ ਕਰਕੇ ਪਹਿਲਾਂ ਹੀ ਤਰਾਹ-ਤਰਾਹ ਕਰ ਰਹੀ ਹੈ। ਉਸ ਨਾਲ ਸੈਂਟਰ ਗੌਰਮਿੰਟ ਵੱਲੋਂ ਬਹੁਤ ਵੱਡਾ ਧੱਕਾ ਕੀਤਾ ਗਿਆ ਹੈ। ਪੰਜਾਬ ਦੇ ਕਿਸਾਨ ਨੇ ਖੇਤਾਂ ਵਿੱਚ ਕਣਕ ਦੀ ਬਿਜਾਈ ਕਰਨੀ ਹੈ ਤੇ ਕੇਂਦਰ ਦੀ ਸਰਕਾਰ ਨੇ ਡੀ.ਏ.ਪੀ. ਤੇ ਜਿਹੜਾ ਕੰਟਰੋਲ ਸੀ, ਉਸ ਵਿਚ ਮੰਤਰੀਆਂ ਨੂੰ ਖੁੱਲ੍ਹੇ ਅਧਿਕਾਰ ਦੇ ਦਿੱਤੇ ਹਨ ਕਿ ਤੁਸੀਂ ਜਿੰਨਾ ਮਰਜ਼ੀ ਰੇਟ ਵਧਾ ਲਓ। ਜਿਹੜੀ ਡੀ.ਏ.ਪੀ. ਦੀ ਬੋਰੀ ਪਹਿਲਾਂ 467/- ਰੁਪਏ ਦੀ ਮਿਲਦੀ ਸੀ, ਉਹ 1035/- ਰੁਪਏ ਦੀ ਕਰ ਦਿੱਤੀ ਹੈ ਤੇ ਸਬਸਿਡੀ ਵਾਪਸ ਲੈ ਲਈ ਹੈ।(ਸ਼ੇਮ-ਸ਼ੇਮ ਦੀਆਂ ਅਵਾਜ਼ਾਂ)

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਸੰਗਤ ਸਿੰਘ ਗਿਲਜੀਆਂ ਵੈੱਲ ਆਫ ਦਿ ਹਾਊਸ ਵਿੱਚ ਆ ਗਏ ਤੇ ਨਾਅਰੇ ** ** ਲਗਾ ਰਹੇ ਸਨ ਤੇ ਸਦਨ ਵਿੱਚ ਬਹੁਤ ਸ਼ੋਰ ਸੀ।)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਮੈਂ ਇਨ੍ਹਾਂ ਵੀਰਾਂ ਨੂੰ ਕਹਿਣਾ ਚਾਹੁੰਦਾ ਹਾਂ, ਜੇ ਇਹ ਪੰਜਾਬ ਦੇ ਲੋਕਾਂ ਦੀ ਅਵਾਜ਼ ਬਣਨਾ ਚਾਹੁੰਦੇ ਹਨ ਕਿ ਪੰਜਾਬ ਦੀ ਕਿਸਾਨੀ ਜਿਹੜੀ ਹੈ, ਇਹ ਹਿੰਦੁਸਤਾਨ ਦੇ ਲੋਕਾਂ ਦਾ ਢਿੱਡ ਭਰਦੀ ਹੈ, ਪੰਜਾਬ ਦੇ ਕਿਸਾਨ ਮਿਹਨਤ ਕਰਦੇ ਹਨ, ਹਿੰਦੁਸਤਾਨ ਨੂੰ ਅਨਾਜ ਦਿੰਦੇ ਹਨ। ਪਰ ਸੈਂਟਰ ਦੀ ਸਰਕਾਰ ਵੱਲੋਂ ਇਨ੍ਹਾਂ ਨਾਲ ਧੱਕਾ ਕੀਤਾ ਜਾ ਰਿਹਾ ਹੈ। ਡੀ.ਏ.ਪੀ ਵਿਚ 568/- ਰੁਪਏ ਦਾ ਪਰ ਬੋਰੀ ਦਾ ਵਾਧਾ ਕੀਤਾ ਗਿਆ ਹੈ। ਮੈਂ ਇਸ ਪਵਿੱਤਰ ਸਦਨ ਵਿਚ ਕਹਿਣਾ ਚਾਹੁੰਦਾ ਹਾਂ ਕਿ ਸਾਡੀ ਸਰਕਾਰ ਹਿੰਦੁਸਤਾਨ ਦੀ ਸਰਕਾਰ ਨੂੰ ਮਤਾ ਪਾਸ ਕਰਕੇ ਭੇਜੇ ਕਿ ਜਿਹੜੀ ਸਬਸਿਡੀ ਵਾਪਸ ਲੈਣ ਦਾ ਫੈਸਲਾ ਕੀਤਾ ਹੈ, ਇਹ ਵਾਪਸ ਹੋਵੇ ਔਰ ਜਿਹੜਾ 568/- ਰੁਪਏ ਦਾ ਵਾਧਾ ਕੀਤਾ ਹੈ, ਉਹ ਵੀ ਵਾਪਸ ਲਿਆ ਜਾਵੇ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਬਹਿ ਜਾਓ, ਗੱਲ ਤਾਂ ਕਾਫੀ ਹੋ ਗਈ।......(ਵਿਘਨ) .....(ਸ਼ੋਰ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਜਿਸ ਨੇ ਬਾਹਰ ਜਾਣਾ ਹੈ, ਉਹ ਬਾਹਰ ਚਲਿਆ ਜਾਵੇ, ਤੁਸੀਂ ਮੈਨੂੰ ਤਾਂ ਗੱਲ ਕਰਨ ਦਿਓ.....(ਸ਼ੋਰ)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਹੀਂ ਕਰਨੇ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਇਹ ਪੰਜਾਬ ਦੀ ਕਿਸਾਨੀ ਦਾ ਮੁੱਦਾ ਨਹੀਂ ਸੁਣਨਾ ਚਾਹੁੰਦੇ .....(ਸ਼ੋਰ)..... ਇਹ ਪੰਜਾਬ ਦੇ ਹਿਤੈਸ਼ੀ ਨਹੀਂ, ਇਹ ਪੰਜਾਬ ਦੇ ਕਿਸਾਨ ਦੇ ਹਿਤੈਸ਼ੀ ਨਹੀਂ।.....(ਸ਼ੋਰ)..... ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੂੰ ਸੀਟਾਂ ਤੇ ਬਿਠਾਓ ਜਾਂ ਬਾਹਰ ਭੇਜੋ ਤਾਂ ਕਿ ਪੰਜਾਬ ਦੇ ਲੋਕਾਂ ਦਾ, ਪੰਜਾਬ ਦੇ ਕਿਸਾਨਾਂ ਦਾ ਭਲਾ ਹੋ ਸਕੇ....(ਸ਼ੋਰ).....

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਸਦਨ ਦੇ ਵੈੱਲ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ :** ਬਹਿ ਜਾਓ, ਤੁਹਾਡੀ ਗੱਲ ਤਾਂ ਹੋ ਗਈ ਹੈ। ਖਬਰ ਤਾਂ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਤੁਹਾਡੀ ਬਣ ਗਈ ਹੈ ਹੁਣ ਬਹਿ ਜਾਓ।....(ਸ਼ੋਰ)....

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਗਰੀਬ ਦੀ ਆਮਦਨ 26 ਰੁਪਏ ਮਿਥਣ ਵਾਲੇ ਲੋਕ ਇਹ ਗੱਲਾਂ ਕਰਦੇ ਹਨ.... (ਸ਼ੋਰ).... ਇਹ ਕਹਿੰਦੇ ਹਨ ਕਿ 26 ਰੁਪਏ ਦਿਹਾੜੀ ਲੈਣ ਵਾਲਾ ਹਿੰਦੁਸਤਾਨ ਵਿੱਚ ਗਰੀਬ ਨਹੀਂ ਹੈ। ਸਪੀਕਰ ਸਾਹਿਬ, ਇਨ੍ਹਾਂ ਲੋਕਾਂ ਨੂੰ ਐਨਕਾਂ ਚੰਗੀਆਂ ਲਗਾ ਕੇ ਦਿਉ....(ਸ਼ੋਰ).....ਮੈਂ ਕਿਸਾਨੀ ਦੀ ਗੱਲ ਕਰਨ ਲੱਗਿਆ ਹਾਂ, ਉਹ ਇਨ੍ਹਾਂ ਨੂੰ ਪਚਦੀ ਨਹੀਂ। ਹਿੰਦੁਸਤਾਨ ਦੇ ਗਰੀਬ ਦੀ ਗੱਲ ਕਰਨ ਲੱਗਿਆ ਹਾਂ, ਉਹ ਇਨ੍ਹਾਂ ਨੂੰ ਪਚਦੀ ਨਹੀਂ। ਸਪੀਕਰ ਸਾਹਿਬ, ਮੇਰੀ ਗੱਲ ਧਿਆਨ ਨਾਲ ਸੁਣੋ ....(ਸ਼ੋਰ).....ਸਪੀਕਰ ਸਾਹਿਬ, ਜੇ ਮੈਂ ਨਾਅਰੇ ਲਗਾਉਣ ਲੱਗ ਗਿਆ ਤਾਂ ਇਨ੍ਹਾਂ ਨੇ ਨਹੀਂ ਸੁਣਨਾ। ਮੈਂ ਵੀ ਨਾਅਰੇ ਲਗਾਉਣ ਲੱਗਿਆ ਹਾਂ......(ਸ਼ੋਰ)

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਸਦਨ ਦੇ ਵੈੱਲ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਅਤੇ ਟਰੈਜਰੀ ਬੈਂਚਾਂ ਵੱਲੋਂ ਵੀ ** ** ਨਾਅਰੇ ਲਗਾਏ ਜਾ ਰਹੇ ਸਨ।)

**ਮਾਨਯੋਗ ਸਪੀਕਰ :** ** ** ਇਹ ਲਿਖਣਾ ਕੁਝ ਵੀ ਨਹੀਂ....(ਸ਼ੋਰ) ਹੁਣ ਤੁਸੀਂ ਬਹਿ ਜਾਓ।...(ਸ਼ੋਰ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, 26 ਰੁਪਏ ਦਿਹਾੜੀ ਲੈਣ ਵਾਲੇ ਨੂੰ ਅਮੀਰ ਦੱਸਣ ਵਾਲੇ ਲੋਕ ਕਿਵੇਂ ਗਰੀਬਾਂ ਦੇ ਹਿਤੈਸ਼ੀ ਹੋ ਸਕਦੇ ਹਨ? ਕਿਸਾਨਾਂ ਤੇ 568/- ਰੁਪਏ ਪਰ ਬੋਰੀ ਬੋਝ ਪਾਉਣ ਵਾਲੇ ਲੋਕ ਕਿਸਾਨਾਂ ਦੇ ਹਿਤੈਸ਼ੀ ਕਿਵੇਂ ਹੋ ਸਕਦੇ ਹਨ? ਇਹ ਲੋਕ ਨਾ ਕਿਸਾਨ ਦੇ ਹਿਤੈਸ਼ੀ ਹਨ, ਨਾ ਗਰੀਬਾਂ ਦੇ ਹਿਤੈਸ਼ੀ ਹਨ। ਇਹ ਕੇਵਲ ਅਖਬਾਰਾਂ ਦੇ ਵਿੱਚ ਨਿਊਜ਼ ਬਣਾਉਣ ਵਾਲੇ ਲੋਕ ਹਨ।.......(ਸ਼ੋਰ).......ਇਨ੍ਹਾਂ ਨੂੰ ਪੰਜਾਬ ਦੇ ਲੋਕਾਂ ਨਾਲ ਕੋਈ ਸਰੋਕਾਰ ਨਹੀਂ ਹੈ।...(ਸ਼ੋਰ)....

**ਮਾਨਯੋਗ ਸਪੀਕਰ :** ਗੱਲ ਇਹ ਹੈ ਕਿ ਜੇ ਜ਼ੀਰੋ ਆਵਰ ਵਿੱਚ ਕਿਸੇ ਨੇ ਬੋਲਣਾ ਹੋਵੇ ਤਾਂ ਬੋਲ ਲਓ, ਨਹੀਂ ਤਾਂ ਮੈਂ ਫਿਰ ਅਗਲੀ ਆਈਟਮ ਵੱਲ ਤੁਰ ਪੈਣਾ ਹੈ .....(ਸ਼ੋਰ)....

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਕਿਸਾਨਾਂ ਦੇ ਵਿਰੋਧੀ ਲੋਕ, ਗਰੀਬਾਂ ਦੇ ਵਿਰੋਧੀ ਲੋਕ, 26 ਰੁਪਏ ਦਿਹਾੜੀ ਲੈਣ ਵਾਲਿਆਂ ਨੂੰ ਇਹ ਅਮੀਰ ਦੱਸਦੇ ਹਨ।....(ਸ਼ੋਰ).....ਮੇਰੀ ਗੱਲ ਨੂੰ ਇਹ ਲੋਕ ਸੁਣਨਾ ਨਹੀਂ ਚਾਹੁੰਦੇ .....(ਸ਼ੋਰ) ..... ਪੰਜਾਬ ਦੇ ਕਿਸਾਨ ਦੀ ਅਵਾਜ਼ ਜੇਕਰ ਇਸ ਹਾਊਸ ਵਿੱਚ ਨਹੀਂ ਉਠੇਗੀ ਤਾਂ ਕਿਥੇ ਉਠੇਗੀ? ....(ਸ਼ੋਰ).....

**ਮਾਨਯੋਗ ਸਪੀਕਰ :** ਨਹੀਂ, ਮੈਂ ਨਹੀਂ ਦੇ ਸਕਦਾ .....(ਸ਼ੋਰ)..... ਬਹੁਤੀ ਗੱਲ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਰਦੇ ਹੋ ਤੁਸੀਂ, ਕਿਉਂ ਦੇ ਦੇਵਾਂ? ਜ਼ੀਰੋ ਆਵਰ ਵਿੱਚ ਮੈਂ ਕਹਿ ਰਿਹਾ ਹਾਂ ਬੋਲ ਲਵੋ, ਹੁਣ ਐਡਜਰਨਮੈਂਟ ਮੋਸ਼ਨ ਨਹੀਂ ਮਿਲੇਗੀ। ....(ਸ਼ੋਰ)....

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਕਿਸਾਨਾਂ ਦਾ ਮਸਲਾ, ਪੰਜਾਬ ਦੇ ਕਿਸਾਨ ਦਾ ਮਸਲਾ ਹੈ। ਇਹ ਲੋਕ ਪੰਜਾਬ ਦੇ ਕਿਸਾਨ ਦੀ ਗੱਲ ਨਹੀਂ ਕਰਨ ਦੇਣਾ ਚਾਹੁੰਦੇ ....(ਸ਼ੋਰ)....

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਓ ਫਿਰ ਜ਼ੀਰੋ ਆਵਰ ਵੀ ਨਿਕਲ ਜਾਣਾ ਹੈ .....(ਸ਼ੋਰ)......

**ਸਰਦਾਰ ਵਿਰਸਾ ਸਿੰਘ ਵਲਟੋਹਾ :** ਇਨ੍ਹਾਂ ਨੇ ਗਰੀਬਾਂ ਨਾਲ ਕੋਝਾ ਮਜ਼ਾਕ ਕੀਤਾ ਹੈ ਅਤੇ ਉਸ ਦੀ ਗੱਲ ਨਹੀਂ ਕਰਨ ਦੇਣਾ ਚਾਹੁੰਦੇ .....(ਸ਼ੋਰ).....ਸਪੀਕਰ ਸਾਹਿਬ, ਇਨ੍ਹਾਂ ਦਾ ਭੋਗ ਪੈ ਗਿਆ ਬੀਬੀ ਜੀ ਅਤੇ ਸਰਦਾਰ ਜੀ ਦੋਨੋਂ ਨਹੀਂ ਆਏ। ਬੀਬੀ ਜੀ ਦੀ ਮਜ਼ਬੂਰੀ ਹੈ ਅਤੇ ਸਰਦਾਰ ਜੀ ਪਤਾ ਨਹੀਂ ਪਹਾੜੀ ਚੜ੍ਹੇ ਹੋਣੇ ਹਨ। ਇਹ ਤਾਂ ਆਪ ਕਹਿੰਦੇ ਹਨ ਕਿ ਸਾਡੀ ਹਾਈ ਕਮਾਂਡ ਸਾਨੂੰ ਲੈ ਕੇ ਬਹਿ ਗਈ ....(ਸ਼ੋਰ)....

(ਇਕ ਆਵਾਜ਼ : ਪਾਕਿਸਤਾਨ ਗਿਆ ਹੈ।)

ਪਾਕਿਸਤਾਨ ਗਿਆ ਹੈ, ਬੀਬੀ ਜੀ ਕੋਲ। ਸਪੀਕਰ ਸਾਹਿਬ, ਇਹ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕਿੰਨੇ ਨਾਨ-ਸੀਰੀਅਸ ਹਨ।(ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਹੁਣ ਬੈਠ ਜਾਉ। ਜ਼ੀਰੋ ਆਵਰ ਦੇ ਵਿਚ ਤੁਸੀਂ ਬੋਲ ਲੈਣਾ। ਐਡਜਰਨਮੈਂਟ ਮੋਸ਼ਨ ਕੋਈ ਨਹੀਂ ਹੈ, ਜ਼ੀਰੋ ਆਵਰ ਤੇ ਜੇ ਬੋਲਣਾ ਹੈ ਤਾਂ ਬੋਲ ਲੈਣਾ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਇਹ ਆਖਰੀ ਸੈਸ਼ਨ ਹੈ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਇਸ ਹਾਊਸ ਵਿਚ ਹਾਜ਼ਰ ਨਹੀਂ ਹੋਏ। ਸਪੀਕਰ ਸਾਹਿਬ, ਇਹ ਮੈਨੂੰ ਇਸ ਗੱਲ ਦਾ ਜਵਾਬ ਦੇ ਦੇਣ ਕਿ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਕਿਹੜੇ ਪਹਾੜ ਦੇ ਉਤੇ ਚੜ੍ਹੇ ਹਨ ਜਾਂ ਉਨ੍ਹਾਂ ਨੇ ਕਿਹੜੇ ਬਾਰਡਰ ਨੂੰ ਕਰਾਸ ਕੀਤਾ ਹੈ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ।)

**ਮਾਨਯੋਗ ਸਪੀਕਰ :** ਨਾਅਰੇ ਰਿਕਾਰਡ ਨਾ ਕੀਤੇ ਜਾਣ। ਇਕ ਮਿੰਟ ਲਈ ਤੁਸੀ ਸੀਟਾਂ ਤੇ ਚਲੇ ਜਾਓ। ਜਿਸ ਨੇ ਬੋਲਣਾ ਹੈ ਉਹ ਜ਼ੀਰੋ ਆਵਰ ਦੇ ਵਿਚ ਬੋਲ ਲੈਣਾ, ਤੁਹਾਨੂੰ ਐਡਜਰਨਮੈਂਟ ਮੋਸ਼ਨ ਨਹੀਂ ਦਿੱਤੀ ਜਾਵੇਗੀ। (ਵਿਘਨ) ਬੋਲ ਲੈਣ ਮੈਨੂੰ ਕੀ ਇਤਰਾਜ਼ ਹੈ?

**Not recorded as ordered by the Chair.

Original with;
Punjab Vidhan Sabha
Digitized by;
Punjab Digital Library

ਬੋਲ ਲਵੋ, ਜ਼ੀਰੋ ਆਵਰ ਦੇ ਵਿਚ ਹਰ ਇਕ ਨੇ ਬੋਲਣਾ ਹੈ, ਗੱਲਾਂ ਕਰੀ ਜਾਂਦੇ ਹਨ। ਤੁਸੀਂ ਆਪਣੀਆਂ ਸੀਟਾਂ ਤੇ ਚਲੇ ਜਾਓ।

(ਇਸ ਸਮੇਂ ਹਾਊਸ ਦੇ ਵਿਚ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ-ਆਪਣੀਆਂ ਸੀਟਾਂ ਤੇ ਵਾਪਸ ਚਲੇ ਗਏ।)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਜਾਖੜ ਸਾਹਿਬ, ਪਹਿਲਾਂ ਮੈਨੂੰ ਬੋਲ ਲੈਣ ਦਿਉ। ਮੈਂ ਪਹਿਲਾਂ ਖੜ੍ਹਾ ਹੋਇਆ ਹਾਂ। (ਵਿਘਨ) ਮੈਂ ਸ਼ੁਰੂ ਕੀਤਾ ਹੋਇਆ ਹੈ, ਸਪੀਕਰ ਸਾਹਿਬ ਨੇ ਮੈਨੂੰ ਸਟਾਰਟ ਕਰਵਾਇਆ ਹੈ। ਇਹ ਟੀ.ਵੀ. ਦੇ ਉਤੇ ਮੇਰੀ ਫੋਟੋ ਵੀ ਆ ਰਹੀ ਹੈ। (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਮੈਂਬਰ ਅਤੇ ਆਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ-ਆਪਣੀਆਂ ਸੀਟਾਂ ਉਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਜੋ ਕਿ ਸ਼ੋਰ ਹੋਣ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਬੈਠ ਜਾਓ, ਤੁਸੀਂ ਫਿਰ ਬੋਲ ਲੈਣਾ। ਪਹਿਲਾਂ ਉਨ੍ਹਾਂ ਨੂੰ ਬੋਲ ਲੈਣ ਦਿਉ। ਤੁਸੀਂ ਹਾਲ ਦੀ ਘੜੀ ਅਰਾਮ ਕਰੋ।

**ਰਾਣਾ ਗੁਰਮੀਤ ਸਿੰਘ ਸੋਢੀ :** ਸਪੀਕਰ ਸਾਹਿਬ, ਪਹਿਲਾਂ ਆਪੋਜ਼ੀਸ਼ਨ ਦਾ ਬੋਲਣ ਦਾ ਰਾਈਟ ਹੁੰਦਾ ਹੈ।ਮੈਂ ਕਹਿਣਾ....(ਵਿਘਨ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਪੰਜਾਬ ਦੀ ਕਿਸਾਨੀ ਦਾ ਮਸਲਾ ਉਠਾਉਣਾ ਹੈ। ਇਨ੍ਹਾਂ ਨੇ ਆਪਣੀ ਗੱਲ ਕਰਕੇ ਬਾਹਰ ਚਲਿਆ ਜਾਣਾ ਹੈ ਪਰ ਇਹ ਪੰਜਾਬ ਦੀ ਕਿਸਾਨੀ ਦੀ ਗੱਲ ਸੁਣ ਕੇ ਜਾਣ। ਜਿਹੜਾ ਇਨ੍ਹਾਂ ਦੇ ਵੱਡਿਆਂ ਨੇ ਚੰਦ ਚਾੜ੍ਹਿਆ ਹੈ, ਸੈਂਟਰ ਵਾਲਿਆਂ ਨੇ ਪੰਜਾਬ ਦੀ ਕਿਸਾਨੀ ਦੀ ਧੌਣ ਉਤੇ ਗੋਡਾ ਧਰਿਆ ਹੈ, ਉਹ ਗੱਲ ਸੁਣ ਕੇ ਜ਼ਰੂਰ ਜਾਣ। (ਵਿਘਨ)

**ਮਾਨਯੋਗ ਸਪੀਕਰ :** ਤੁਸੀਂ ਇਨ੍ਹਾਂ ਤੋਂ ਬਾਅਦ ਦੋ ਮਿੰਟ, ਚਾਰ ਮਿੰਟ ਜਾਂ ਪੰਜ ਮਿੰਟ ਲਈ ਬੋਲ ਲੈਣਾ। ਤੁਸੀਂ ਕੀ ਗੱਲ ਕਰਦੇ ਹੋ? ਜਿਹੜਾ ਬੋਲ ਰਿਹਾ ਹੈ ਮੈਂ ਉਸ ਨੂੰ ਕਿਸ ਤਰ੍ਹਾਂ ਬਿਠਾ ਦੇਵਾਂ?

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਕਿਸਾਨ ਦੀ ਗੱਲ ਕਰਨ ਲੱਗਿਆ ਹਾਂ, ਜਿਹੜੀ ਇਨ੍ਹਾਂ ਨੂੰ ਫਬਦੀ ਨਹੀਂ ਹੈ। ਸਪੀਕਰ ਸਾਹਿਬ, ਇਹ ਇਨ੍ਹਾਂ

Original with;
Punjab Vidhan Sabha
Digitized by;
Panjab Digital Library

ਦਾ ਦੋਹਰਾ ਕਿਰਦਾਰ ਹੈ।(ਵਿਘਨ) ਇਹ ਦੋਹਰੇ ਕਿਰਦਾਰ ਵਾਲੇ ਲੋਕ ਇੱਕ ਪਾਸੇ ਐਫੀਡੈਵਿਟ ਚੁੱਕੀ ਫਿਰਦੇ ਹਨ, ਦੂਜੇ ਪਾਸੇ ਪੰਜਾਬ ਦੇ ਲੋਕਾਂ ਦੀ ਗੱਲ ਸੁਣਦੇ ਨਹੀਂ ਹਨ।(ਵਿਘਨ).....

**ਮਾਨਯੋਗ ਸਪੀਕਰ :** ਜਿਸ ਤਰ੍ਹਾਂ ਤੁਸੀਂ ਚਲਾਉਂਦੇ ਹੋ, ਇਸ ਤਰ੍ਹਾਂ ਕੰਮ ਨਹੀਂ ਚਲਦਾ। (ਵਿਘਨ) ਗੱਲ ਇਹ ਹੈ ਕਿ ਇਨ੍ਹਾਂ ਤੋਂ ਬਾਅਦ ਤੁਸੀਂ ਬੋਲ ਲੈਣਾ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਇਹ ਦੂਹਰੇ-ਚੌਹਰੇ ਚਿਹਰੇ ਵਾਲੇ ਲੋਕ ਬੇਨਕਾਬ ਹੋਣੇ ਚਾਹੀਦੇ ਹਨ। (ਵਿਘਨ)

(ਇਸ ਸਮੇਂ ਸਦਨ ਵਿਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਦੁਬਾਰਾ ਵੈਲ ਆਫ ਦਿ ਹਾਊਸ ਵਿਚ ਆ ਗਏ ਤੇ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਇਨ੍ਹਾਂ ਦੇ ਕਿਰਦਾਰ ਨੰਗੇ ਕਰੋ। ਇਹ ਦੂਹਰੇ-ਚੌਹਰੇ ਨਕਾਬਾਂ ਵਾਲੇ ਲੋਕ ਇਕ ਮੂੰਹੇ ਨਹੀਂ ਹਨ, ਇਹ ਚਾਰ-ਚਾਰ ਮੂੰਹੇ ਹਨ। ਇਹ ਲੋਕਾਂ ਦੇ ਵਿਚ ਹੋਰ ਹਨ, ਦਿੱਲੀ ਹੋਰ ਹਨ ਤੇ ਇਥੇ ਹੋਰ ਹਨ।(ਵਿਘਨ) ਇਨ੍ਹਾਂ ਦੀ ਗੰਦੀ ਨੀਤੀ ਲੋਕਾਂ ਵਿਚ ਨੰਗੀ ਹੋਣੀ ਚਾਹੀਦੀ ਹੈ, ਇਨ੍ਹਾਂ ਦਾ ਕਿਰਦਾਰ ਲੋਕਾਂ ਦੇ ਵਿਚ ਨੰਗਾ ਹੋਣਾ ਚਾਹੀਦਾ ਹੈ, ਇਹ ਬੇਨਕਾਬ ਹੋਣੇ ਚਾਹੀਦੇ ਹਨ। (ਵਿਘਨ) ਸਪੀਕਰ ਸਾਹਿਬ, ਮੈਂ ਪੰਜਾਬ ਦੀ ਕਿਸਾਨੀ ਦੀ ਗੱਲ ਕਰਨੀ ਹੈ। ਜਿਹੜਾ ਬਹੁਤ ਵੱਡਾ ਧੱਕਾ ਸੈਂਟਰ ਦੀ ਸਰਕਾਰ ਨੇ ਪੰਜਾਬ ਦੀ ਕਿਸਾਨੀ ਨਾਲ ਕੀਤਾ ਹੈ, ਉਸ ਬਾਰੇ ਕਹਿਣਾ ਚਾਹੁੰਦਾ ਹਾਂ।

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਵੈਲ ਆਫ ਦਿ ਹਾਊਸ ਵਿਚ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ :** ਹਾਂ ਜੀ, ਹੁਣ ਬੈਠ ਜਾਓ। ਹਾਂ ਜੀ, ਬੋਲੋ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ; ਮੇਰਾ ਕੰਮ ਉਨਾ ਚਿਰ ਸੂਤ ਨਹੀਂ ਬੈਠਣਾ ਜਿੰਨਾ ਚਿਰ ਤੱਕ ਇਹ ਕੰਮ ਸੂਤ ਨਾ ਹੋਇਆ। ਸਪੀਕਰ

**Not recorded as ordered by the Chair.

Original with;
Punjab Vidhan Sabha
Digitized by;
Panjab Digital Library

[ **ਸਰਦਾਰ ਵਿਰਸਾ ਸਿੰਘ ਵਲਟੋਹਾ** ]

ਸਾਹਿਬ, ਮੈਂ ਕਿਸਾਨੀ ਦੀ ਬਹੁਤ ਜ਼ਰੂਰੀ ਗੱਲ ਕਰਨੀ ਹੈ। ਸੈਂਟਰ ਦੀ ਸਰਕਾਰ ਨੇ ਪੰਜਾਬ ਦੀ ਕਿਸਾਨੀ ਦੇ ਨਾਲ ਬਹੁਤ ਵੱਡਾ ਧੱਕਾ ਕੀਤਾ ਹੈ। ਇਨ੍ਹਾਂ ਤੋਂ ਇਸ ਦਾ ਜਵਾਬ ਲੈਣਾ ਹੈ। ਪੰਜਾਬ ਦੇ ਗਰੀਬ ਦੀ ਗੱਲ ਕਰਨੀ ਹੈ। ਜਿਹੜੇ 26 ਰੁਪਏ ਵਿੱਚ ਗੁਜ਼ਾਰਾ ਕਰਨ ਵਾਲੇ ਨੂੰ ਇਹ ਅਮੀਰ ਦੱਸਦੇ ਹਨ, ਇਹ ਜਿਹੜੇ ਐਫੀਡੇਵਿਟ ਚੁੱਕੀ ਫਿਰਦੇ ਹਨ, ਉਸ ਦੀ ਵੀ ਗੱਲ ਕਰਨੀ ਹੈ।(ਵਿਘਨ) ਸਪੀਕਰ ਸਾਹਿਬ, ਮੈਂ ਇਨ੍ਹਾਂ ਤੋਂ ਜਵਾਬ ਲੈਣਾ ਹੈ, ਇਨ੍ਹਾਂ ਨੂੰ ਬਿਠਾਉ।

**ਮਾਨਯੋਗ ਸਪੀਕਰ :** ਚੱਲੋ, ਸਾਰੇ ਬੈਠੋ ਜੀ। ਹੁਣ ਅਗਲੀ ਆਈਟਮ ਵੱਲ ਜਾਂਦੇ ਹਾਂ। ਮਾਸਟਰ ਮੋਹਨ ਲਾਲ ਜੀ, ਅਗਲੀ ਆਈਟਮ ਬਾਰੇ ਬੋਲੋ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੇਰਾ ਕਿਸਾਨੀ ਬਾਰੇ ਮਸਲਾ ਹੈ। ਮੈਂ ਚਾਹੁੰਦਾ ਹਾਂ ਕਿ ਇਸ ਬਾਰੇ ਇਹ ਹਾਊਸ ਮਤਾ ਪਾਸ ਕਰਕੇ ਭੇਜੇ। ਸਪੀਕਰ ਸਾਹਿਬ, ਮੈਂ ਚਾਹੁੰਦਾ ਹਾਂ ਕਿ ਇਹ ਹਾਊਸ ਸੈਂਟਰ ਗੌਰਮਿੰਟ ਨੂੰ ਮਤਾ ਪਾਸ ਕਰਕੇ ਭੇਜੇ ਕਿ ਡੀ.ਏ.ਪੀ ਖਾਦ ਦੀ ਕੀਮਤ ਵਿੱਚ ਕੀਤਾ ਹੋਇਆ ਵਾਧਾ ਵਾਪਸ ਲਿਆ ਜਾਵੇ।(ਵਿਘਨ)(ਸ਼ੋਰ)

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ :** ਤੁਸੀਂ ਬੈਠ ਜਾਉ। ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਮਾਸਟਰ ਮੋਹਨ ਲਾਲ ਜੀ ਗੱਲ ਕਰਨ ਲੱਗੇ ਹਨ। (ਵਿਘਨ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੇਰੀ ਗੱਲ ਸੁਣ ਲਵੋ। ਇਹ ਬਹੁਤ ਹੀ ਅਹਿਮ ਮਸਲਾ ਹੈ ਜੀ। ਮੇਰੀ ਹੱਥ ਬੰਨ੍ਹ ਕੇ ਬੇਨਤੀ ਹੈ ਜੀ। ਇਸ ਬਾਰੇ ਹਾਊਸ ਵਿਚ ਮਤਾ ਪਾਸ ਕਰਵਾਉ।ਇਸ ਨੂੰ ਸੈਂਟਰ ਸਰਕਾਰ ਨੂੰ ਭੇਜੀਏ। ਇਹ ਪੰਜਾਬ ਦੀ ਕਿਸਾਨੀ ਦਾ ਮਸਲਾ ਹੈ ਜੀ। (ਵਿਘਨ)(ਸ਼ੋਰ)

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ।)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਵਲਟੋਹਾ ਜੀ, ਬੋਲੀ ਚੱਲੋ ਜੀ।

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਮਤਾ ਪੇਸ਼ ਕਰਦਾ ਹਾਂ-

"ਕਿ ਪੰਜਾਬ ਵਿਧਾਨ ਸਭਾ ਦਾ ਅੱਜ ਦਾ ਇਜਲਾਸ ਕੇਂਦਰ ਸਰਕਾਰ ਵੱਲੋਂ ਡੀ.ਏ.ਪੀ ਅਤੇ ਹੋਰ ਖਾਦਾਂ ਦੀਆਂ ਕੀਮਤਾਂ ਵਿੱਚ ਕੀਤੇ ਲੱਕ ਤੋੜਵੇਂ ਵਾਧੇ ਨੂੰ ਪਹਿਲਾਂ ਤੋਂ ਹੀ ਤ੍ਰਾਹ-ਤ੍ਰਾਹ ਕਰ ਰਹੀ ਕਿਸਾਨੀ ਵਿਰੁੱਧ ਇੱਕ ਹੋਰ ਘੋਰ ਬੇਇਨਸਾਫੀ ਮੰਨਦਾ ਹੈ। ਕੇਵਲ ਇੱਕ ਸਾਲ ਦੇ ਵਿੱਚ ਹੀ ਡੀ.ਏ.ਪੀ. ਦੀਆਂ ਕੀਮਤਾਂ 467/- ਰੁਪਏ ਪ੍ਰਤੀ ਥੈਲਾ ਤੋਂ ਵੱਧ ਕੇ 1035/-ਰੁਪਏ ਹੋ ਗਈਆਂ ਹਨ ਜਿਸ ਨੇ ਕਿਸਾਨੀ ਦਾ ਲੱਕ ਹੀ ਤੋੜ ਸੁੱਟਿਆ ਹੈ। ਇਸ ਵਾਧੇ ਦਾ ਸਿੱਧਾ-ਸਿੱਧਾ ਕਾਰਨ ਕੇਂਦਰ ਸਰਕਾਰ ਵੱਲੋਂ ਫਰਟੇਲਾਈਜ਼ਰ ਕੰਪਨੀਆਂ ਉਤੋਂ ਕੰਟਰੋਲ ਹਟਾ ਕੇ ਉਨ੍ਹਾਂ ਨੂੰ ਮਨਮਰਜੀ ਦੇ ਰੇਟ ਲਾਉਣ ਦੀ ਖੁੱਲ੍ਹ ਦੇਣਾ ਹੈ। ਪੰਜਾਬ ਵਿੱਚ ਡੀ.ਏ.ਪੀ ਦੀ ਸਭ ਤੋਂ ਵੱਧ ਖਪਤ ਹੁੰਦੀ ਹੈ। ਇੱਕ ਪਾਸੇ ਤਾਂ ਫਰਟੇਲਾਈਜ਼ਰ, ਡੀਜ਼ਲ, ਮਸ਼ੀਨਰੀ ਅਤੇ ਕਿਸਾਨੀ ਲਈ ਲੋੜੀਂਦੀਆਂ ਹੋਰ ਵਸਤਾਂ ਦੇ ਭਾਅ ਵਿੱਚ ਭਾਰੀ ਵਾਧਾ ਹੋਇਆ ਹੈ ਪਰ ਦੂਜੇ ਪਾਸੇ ਕੇਂਦਰ ਸਰਕਾਰ ਘੱਟੋ-ਘੱਟ ਸਮਰਥਨ ਮੁੱਲ ਤੈਅ ਕਰਨ ਵਿੱਚ ਲਗਾਤਾਰ ਬੇਇਨਸਾਫ਼ੀ ਕਰ ਰਹੀ ਹੈ।

ਅੱਜ ਦਾ ਇਹ ਇਜਲਾਸ ਸਰਬ ਸੰਮਤੀ ਨਾਲ ਕੇਂਦਰ ਸਰਕਾਰ ਤੋਂ ਡੀ.ਏ.ਪੀ. ਦੀਆਂ ਕੀਮਤਾਂ ਵਿੱਚ ਕੀਤੇ ਵਾਧੇ ਨੂੰ ਤੁਰੰਤ ਵਾਪਸ ਲੈਣ ਦੀ ਮੰਗ ਕਰਦਾ ਹੈ।"

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਵੈੱਲ ਆਫ਼ ਦਿ ਹਾਊਸ ਵਿੱਚ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ। ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ਼ ਸੁਣਾਈ ਨਹੀਂ ਦੇ ਰਿਹਾ ਸੀ।)

---

## SHORT ADJOURNMENT OF THE HOUSE

**ਮਾਨਯੋਗ ਸਪੀਕਰ :** ਹੁਣ ਸਦਨ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ।

*3.30 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸਦਨ ਅੱਧੇ ਘੰਟੇ ਲਈ ਐਡਜਰਨ ਹੋ ਗਿਆ।)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

*4.00 ਵਜੇ ਸ਼ਾਮ

(*ਇਸ ਸਮੇਂ ਸਦਨ ਮੁੜ ਇੱਕਤਰ ਹੋਇਆ।)

## MATTERS RAISED DURING ZERO HOUR AND STATEMENT BY THE MINISTER THEREON *(RESUMPTION)*

**ਮਾਨਯੋਗ ਸਪੀਕਰ :** ਬੈਠੋ ਜੀ। ਹਾਂ ਜੀ ਲਾਲ ਸਿੰਘ ਜੀ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਸਾਡਾ ਮੁੱਦਾ ਇਹ ਸੀ ਕਿ ਜਿਹੜੀ ਗਰੀਬਾਂ ਵਾਸਤੇ ਆਟਾ-ਦਾਲ ਸਕੀਮ ਹੈ, ਉਸ ਦੇ ਲਈ ਭਾਰਤ ਸਰਕਾਰ ਵੱਲੋਂ 8 ਲੱਖ ਕੁਇੰਟਲ ਹਰ ਮਹੀਨੇ ਕਣਕ ਵੰਡਣ ਲਈ ਆ ਰਹੀ ਹੈ।ਇਹ 200/-ਰੁਪਏ ਕੁਇੰਟਲ 457/- ਰੁਪਏ ਕੁਇੰਟਲ ਅਤੇ 610/- ਰੁਪਏ ਕੁਇੰਟਲ ਦੇ.....

(ਇਸ ਸਮੇਂ ਖੁਰਾਕ ਅਤੇ ਸਿਵਲ ਸਪਲਾਈ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਇੱਕ ਮਿੰਟ ਜੀ। ਉਨ੍ਹਾਂ ਨੂੰ ਗੱਲ ਕਰ ਲੈਣ ਦਿਉ। ਉਨ੍ਹਾਂ ਨੇ ਫਿਰ ਤੁਹਾਡੀ ਗੱਲ ਦਾ ਜਵਾਬ ਵੀ ਦੇਣਾ ਹੋਵੇਗਾ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਪਹਿਲਾਂ ਸਵਾਲ ਤਾਂ ਸੁਣ ਲੈਣ।

**ਖੁਰਾਕ ਅਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ (ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ) :** ਸਪੀਕਰ ਸਾਹਿਬ, ਜਾਖੜ ਸਾਹਿਬ ਜਿਹੜੇ ਐਫੀਡੇਵਿਟ ਲਿਆਏ ਹਨ। ਉਹ ਮੈਨੂੰ ਦੇ ਦੇਣ, ਅਸੀਂ ਐਕਸ਼ਨ ਲੈ ਲਵਾਂਗੇ।

**ਸਰਦਾਰ ਲਾਲ ਸਿੰਘ :** ਇਹ ਅਸੀਂ ਸੀ.ਬੀ.ਆਈ ਨੂੰ ਦਿਆਂਗੇ ਜੀ, ਇਨ੍ਹਾਂ ਤੇ ਸਾਨੂੰ ਭਰੋਸਾ ਨਹੀਂ।

**ਮਾਨਯੋਗ ਸਪੀਕਰ :** ਚਲੋ, ਜਿਸ ਨੂੰ ਮਰਜ਼ੀ ਦੇ ਦਿਉ। ਵੈਸੇ ਸਰਦਾਰ ਲਾਲ ਸਿੰਘ ਇਹ ਜਿਹੜੇ ਐਫੀਡੇਵਿਟ ਤੁਸੀਂ ਚੁੱਕੀ ਫਿਰਦੇ ਹੋ..

**ਸਰਦਾਰ ਲਾਲ ਸਿੰਘ :** ਤੁਹਾਨੂੰ ਇਸ ਦੀ ਕਾਪੀ ਦੇ ਦਿਆਂਗੇ ਜੀ।

**ਮਾਨਯੋਗ ਸਪੀਕਰ :** ਤੁਸੀਂ ਮੇਰੀ ਗੱਲ ਕਿਉਂ ਨਹੀਂ ਸੁਣਦੇ? ਇਹ ਜਿਹੜੇ ਐਫੀਡੇਵਿਟ ਹਨ, ਇਹ ਤੁਸੀਂ ਕਿਸੇ ਡੀ.ਸੀ ਨੂੰ ਜਿਹੜੇ ਉਸ ਜ਼ਿਲ੍ਹੇ ਦੇ ਹਨ, ਐਸ.ਐਸ.ਪੀ ਨੂੰ ਦਿੰਦੇ, ਕਿਸੇ ਆਈ.ਜੀ ਨੂੰ ਦਿੰਦੇ ਤਾਂ ਫਿਰ ਰਾਹ ਤਾਂ ਉਹ ਚੰਗਾ ਸੀ।

Original with;
Punjab Vidhan Sabha
Digitized by;
Panjab Digital Library

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਕਮਾਲ ਹੈ। ਸਾਨੂੰ ਤੁਹਾਡੇ ਤੇ ਭਰੋਸਾ ਹੈ, ਇਨ੍ਹਾਂ ਤੇ ਭਰੋਸਾ ਨਹੀਂ ਹੈ। ਪਹਿਲਾਂ ਸਾਡਾ ਸਵਾਲ ਸੁਣ ਲਉ। ਹਰ ਮਹੀਨੇ 8 ਲੱਖ ਕੁਇੰਟਲ ਕਣਕ ਆ ਰਹੀ ਹੈ। ਇਹ ਲੋਕਾਂ ਨੂੰ ਨਹੀਂ ਮਿਲਦੀ। ਇਹ ਕਿੱਥੇ ਜਾ ਰਹੀ ਹੈ, ਸਵਾਲ ਇਸ ਗੱਲ ਦਾ ਹੈ। ਇਨ੍ਹਾਂ ਨੇ ਇੱਕ ਪ੍ਰਾਈਵੇਟ ਏਜੰਸੀ ਹਾਇਰ ਕੀਤੀ ਹੈ। ਸਪੀਕਰ ਸਾਹਿਬ, ਇਹ ਬਹੁਤ ਵੱਡਾ ਸਕੈਂਡਲ ਹੈ। ਪੰਜਾਬ ਦੇ ਗਰੀਬਾਂ ਦਾ ਜਿਹੜਾ ਰਾਸ਼ਨ ਹੈ, ਉਹ ਖਾਇਆ ਗਿਆ ਹੈ, ਇਹ ਗਰੀਬਾਂ ਤੱਕ ਨਹੀਂ ਪਹੁੰਚਿਆ। ਇਹ ਐਫੀਡੇਵਿਟ ਉਨ੍ਹਾਂ ਲੋਕਾਂ ਦੇ ਹਨ, ਜਿਨ੍ਹਾਂ ਦੇ ਜਾਅਲੀ ਦਸਤਖਤ ਕਰਵਾਕੇ ਖਾਨਾਪੂਰਤੀ ਕੀਤੀ ਗਈ ਹੈ। ਇਹ ਐਫੀਡੇਵਿਟ ਇਸ ਕਰਕੇ ਹਨ ਕਿ ਇਹ ਲੋਕਾਂ ਨੂੰ ਮਿਲ ਨਹੀਂ ਰਿਹਾ। ਇਹ ਸਾਰਾ ਖੁਰਦ ਬੁਰਦ ਹੋ ਰਿਹਾ ਹੈ। ਇਹ ਕਿੱਥੇ ਜਾ ਰਿਹਾ ਹੈ? ਸਪੀਕਰ ਸਾਹਿਬ, 610/- ਰੁਪਏ ਕੁਇੰਟਲ ਦੀ ਕਣਕ ਔਰ 1200/- ਰੁਪਏ ਦਾ ਕੁਇੰਟਲ ਆਟਾ, ਪਹਿਲਾਂ ਤਾਂ ਰੌਲਾ ਇੱਥੇ ਹੀ ਹੈ ਕਿ ਇਸ ਦੀ ਪਿਸਾਈ 590/- ਰੁਪਏ ਕੁਇੰਟਲ ਨਹੀਂ ਹੋ ਸਕਦੀ। ਦੂਜੀ ਗੱਲ, ਜਦੋਂ ਸਰਕਾਰ ਦਾ ਮਹਿਕਮਾ ਹੈ ਤਾਂ ਪੀ.ਡੀ.ਐਸ. ਦਾ ਇਹ ਸਾਰਾ ਕੰਮ ਪ੍ਰਾਈਵੇਟ ਏਜੰਸੀ ਨੂੰ ਕਿਉਂ ਸੰਭਾਲਿਆ ਗਿਆ ਹੈ? ਇਨ੍ਹਾਂ ਨੇ ਜਿਹੜੇ 2 ਅਫ਼ਸਰ ਮਹਿਕਮੇ ਵਿਚ ਰੱਖੇ ਹਨ, ਉਹ ਦੋਨੋਂ ਹੀ ਕਾਂਟਰੈਕਟ ਬੇਸਿਜ਼ ਤੇ ਹਨ, ਉਹ ਪ੍ਰਾਈਵੇਟ ਬੰਦੇ ਹਨ। ਸਪੀਕਰ ਸਾਹਿਬ, ਇਹ ਸਾਰਾ ਕੰਮ ਪ੍ਰਾਈਵੇਟ ਬੇਸਿਜ਼ ਤੇ ਦੇਣਾ ਇਕ ਬਹੁਤ ਵੱਡਾ ਘਪਲਾ ਹੈ ਔਰ ਲੋਕਾਂ ਨਾਲ ਬਹੁਤ ਵੱਡੀ ਠੱਗੀ ਹੈ। 10% ਗਰੀਬ ਲੋਕਾਂ ਨੂੰ ਵੀ ਇਹ ਰਾਸ਼ਨ ਨਹੀਂ ਮਿਲਦਾ ਔਰ ਕਰੋੜਾਂ-ਅਰਬਾਂ ਰੁਪਏ ਦੀ ਕਣਕ ਜਿਹੜੀ ਗਰੀਬਾਂ ਦੇ ਨਾਂ ਤੇ ਆ ਰਹੀ ਹੈ, ਉਹ ਉਨ੍ਹਾਂ ਨੂੰ ਨਹੀਂ ਮਿਲਦੀ ਔਰ ਇਹ ਪੀ.ਡੀ.ਐਸ. ਸਿਸਟਮ ਰਾਹੀਂ 1500-1600/- ਰੁਪਏ ਕਾਸਟ ਕਰਦੀ ਹੈ ਪਰ ਜਿਹੜੀ ਇਸ ਦੀ ਕੀਮਤ ਹੈ ਉਹ 610/- ਰੁਪਏ ਪ੍ਰਤੀ ਕੁਇੰਟਲ ਹੈ। ਇਸ ਤਰ੍ਹਾਂ ਮਾਰਕੀਟ ਦੇ ਰੇਟ ਅਤੇ ਪੀ.ਡੀ.ਐਸ. ਦੇ ਰੇਟ ਵਿੱਚ ਬਹੁਤ ਵੱਡਾ ਗੈਪ ਹੈ ਔਰ ਇਸ ਗੈਪ ਦਾ ਫਾਇਦਾ ਉਠਾਉਣ ਲਈ ਇਸ ਸਾਰੀ ਕਣਕ ਦੀ ਬਾਹਰ ਰੀਸਾਇਕਲਿੰਗ ਹੁੰਦੀ ਹੈ, ਇਹ ਲੋਕਾਂ ਨੂੰ ਨਹੀਂ ਮਿਲਦੀ। ਲੋਕਾਂ ਨੂੰ ਨਾ ਮਿਲਣ ਦਾ ਸਬੂਤ ਇਹ ਹੈ ਕਿ ਸਾਡੇ ਕੋਲ ਇਹ ਲੋਕਾਂ ਦੇ ਐਫੀਡੇਵਿਟ ਹਨ, ਇਸ ਲਈ ਅਸੀਂ ਮੰਗ ਕਰਦੇ ਹਾਂ ਕਿ ਇਸ ਦੀ ਸੀ.ਬੀ.ਆਈ ਤੋਂ ਇਨਕੁਆਰੀ ਕਰਵਾਈ ਜਾਵੇ, ਇਹ ਸਾਡੀ ਘੱਟ ਤੋਂ ਘੱਟ ਮੰਗ ਹੈ ਜੀ। (ਆਪੋਜ਼ੀਸ਼ਨ ਬੈਂਚਿਜ਼ ਵਲੋਂ ਥੰਪਿੰਗ) ਤੁਸੀਂ ਸਾਨੂੰ ਵਿਸ਼ਵਾਸ ਦਿਵਾਓ ਕਿ ਇਸ ਦੀ ਇਨਕੁਆਰੀ ਸੀ.ਬੀ.ਆਈ ਤੋਂ ਕਰਵਾਵਾਂਗੇ ਜਾਂ ਹਾਊਸ ਦੀ ਕਮੇਟੀ ਬਣਾ ਲਓ..

**ਸ਼੍ਰੀ ਸੁਨੀਲ ਕੁਮਾਰ ਜਾਖੜ:** ਨਹੀਂ ਜੀ, ਹਾਊਸ ਦੀ ਕਮੇਟੀ ਤਾਂ ਪਹਿਲਾਂ ਰੁਲੀ ਫਿਰਦੀ ਹੈ।

**ਸਰਦਾਰ ਲਾਲ ਸਿੰਘ :** ਤੁਸੀਂ ਸੀ.ਬੀ.ਆਈ ਇਨਕੁਆਰੀ ਕਰਵਾਓ। ਮੈਂ ਵਿਸ਼ਵਾਸ ਨਾਲ ਕਹਿੰਦਾ ਹਾਂ ਕਿ ਜੇਕਰ ਇਹ ਅਰਬਾਂ ਰੁਪਏ ਦਾ ਸਕੈਂਡਲ ਨਾ ਨਿਕਲੇ ਤਾਂ ਮੈਂ ਸਜ਼ਾ ਭੁਗਤਣ ਲਈ ਤਿਆਰ ਹਾਂ, ਤੁਸੀਂ ਮੈਨੂੰ ਜਿਹੜੀ ਮਰਜ਼ੀ ਸਜ਼ਾ ਦੇ ਦਿਉ, ਇਹ ਮੇਰੇ ਕੋਲ ਰਿਕਾਰਡ ਹੈ।

Original with;
Punjab Vidhan Sabha
Digitized by;
Panjab Digital Library

**Shri Sunil Kumar Jakhar** : The Hon'ble Minister has been very gracious and I have highest regard for him and also for the name that he carries, ਪੰਜਾਬ ਦੀ ਜਿਹੜੀ ਹੋਂਦ ਹੈ ਜੋ ਕਿ ਅਜ਼ਾਦੀ ਦੇ ਬਾਅਦ ਬਣੀ ਤਾਂ ਉਸ ਵਿੱਚ ਸਰਦਾਰ ਪ੍ਰਤਾਪ ਸਿੰਘ ਕੈਰੋਂ ਦਾ ਨਾਂ ਆਉਂਦਾ ਹੈ ਕਿ he was an architect of modern Punjab. But alongwith that he has the privilege and he carries a lot of reponsibility. How can he get up today and say ਮੈਨੂੰ ਦੇ ਦਿਓ 10,000 ਐਫੀਡੇਵਿਟ? He was very gracious. Deputy C.M. also said. ਸਪੀਕਰ ਸਾਹਿਬ, ਤੁਸੀਂ ਤਾਂ ਆਪ ਪਿੰਡਾਂ ਵਿੱਚੋਂ ਆਏ ਹੋ। ਆਪਣੇ ਪਿੰਡਾਂ ਵਿੱਚ ਇੱਕ ਕਹਾਵਤ ਹੈ ਕਿ ਦੁੱਧ ਦੀ ਰਖਵਾਲੀ ਕਦੇ ਬਿੱਲੇ ਛੱਡੇ ਜਾਂਦੇ ਹਨ? ਦੁੱਧ ਦੀ ਰਖਵਾਲੀ ਵਾਸਤੇ ਕਦੇ ਬਿੱਲੇ ਨੂੰ ਬਿਠਾਇਆ ਜਾਂਦਾ ਹੈ? ਜਿਹੜਾ ਅਸੀਂ ਕਹਿ ਰਹੇ ਹਾਂ ਕਿ 10,000 ਹਜ਼ਾਰ ਬੰਦੇ ਹੀ ਹਨ We are alleging that the whole system is corrupt. The system needs to be revamped, to be looked into. It is not a matter of 10,000 people. ਇਹ ਜਿਹੜੀ ਗਲਤ ਧਾਰਨਾ ਬਣੀ ਹੈ ਕਿ ਅਬੋਹਰ ਦੇ ਐਫੀਡੇਵਿਟ ਚੁੱਕੀ ਫਿਰਦਾ ਹੈ ਉਹਦੇ ਵਿੱਚ ਤਾਂ ਇਹ ਤਿੰਨ ਹਜ਼ਾਰ ਹੀ ਸੀ ਬਾਕੀ ਸੱਤ ਹਜ਼ਾਰ ਹੋਰ ਆ ਗਏ ਹਨ। ਜਦੋਂ ਮੈਂ ਤੁਹਾਨੂੰ ਆਪਣਾ ਐਡਜਰਨ ਮੋਸ਼ਨ ਭੇਜਿਆ ਸੀ ਉਦੋਂ ਤੱਕ ਮੇਰੇ ਕੋਲ 9000 ਆਏ ਸੀ......

**ਮਾਨਯੋਗ ਸਪੀਕਰ:** ਜਾਖੜ ਸਾਹਿਬ, ਤੁਸੀਂ ਮੇਰੀ ਗੱਲ ਸੁਣੋ।

**Shri Sunil Kumar Jakhar** : I have definite allegations which I am making. ਜੇਕਰ ਅਸੀਂ ਏਥੇ ਆ ਕੇ ਵੀ ਗਰੀਬਾਂ ਦੀ ਗੱਲ ਨਹੀਂ ਕਰ ਸਕਦੇ ਤਾਂ ਫਿਰ ਅਸੀਂ ਏਥੇ ਕਰਨ ਕੀ ਆਏ ਹਾਂ?

**ਖੁਰਾਕ ਅਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਸਪੀਕਰ ਸਾਹਿਬ, ਅਸੀਂ ਕਹਿ ਸਕਦੇ ਹਾਂ ਕਿ ਪੀ.ਡੀ.ਐਸ. needs ravamp. ਅਸੀਂ ਪਲਾਨਿੰਗ ਕਮਿਸ਼ਨ ਵਿੱਚੋਂ ਹੋ ਕੇ ਆਏ ਹਾਂ। ਉਨ੍ਹਾਂ ਨੂੰ ਮਿਲ ਕੇ ਆਏ ਹਾਂ। ਅਸੀਂ ਆਪ ਫਿਰੋਜ਼ਪੁਰ ਜ਼ਿਲ੍ਹੇ ਵਿੱਚ, ਇਨ੍ਹਾਂ ਦੇ ਜ਼ਿਲ੍ਹੇ ਵਿੱਚ ਅਸੀਂ ਟਰੈਕਿੰਗ ਸਿਸਟਮ ਕਰ ਰਹੇ ਹਾਂ। ਕੈਰੋਸੀਨ ਦੇ ਟੈਂਕਰਾਂ ਤੇ ਪਾਇਲਟ ਚਲਾ ਕੇ ਦੇਖ ਲਿਆ ਹੈ। ਪੂਰੀ ਸਟੇਟ ਵਿੱਚ ਅਸੀਂ ਕੈਰੋਸੀਨ ਦਾ ਟਰੈਕਿੰਗ ਸਿਸਟਮ ਕਰਨ ਲੱਗੇ ਹੋਏ ਹਾਂ। ਅਸੀਂ ਤਾਂ ਆਪ ਸਾਰਾ ਕੁਝ ਕਲੀਅਰ ਕਹਿ ਰਹੇ ਹਾਂ ਕਿ ਇਸ ਵਿੱਚ ਆਹ-ਆਹ ਕੁਝ ਕਰਨ ਦੀ ਲੋੜ ਹੈ। ਪੁਆਇੰਟ ਇਹ ਹੈ ਕਿ ਜੇਕਰ ਕੋਈ ਕੰਪਲੇਂਟ ਹੈ ਤਾਂ ਇਹ ਦੱਸ ਦੇਣ।.....(ਵਿਘਨ).....

**ਮਾਨਯੋਗ ਸਪੀਕਰ :** ਤੁਸੀਂ ਉਨ੍ਹਾਂ ਦੀ ਗੱਲ ਤਾਂ ਸੁਣ ਲਓ।

**ਖੁਰਾਕ ਅਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਅਸੀਂ ਗੌਰਮਿੰਟ ਆਫ ਇੰਡੀਆ ਵਿੱਚ ਵੀ ਜਾ ਕੇ ਮਿਲੇ ਹਾਂ। ਸੁਪਰੀਮ ਕੋਰਟ ਆਫ ਇੰਡੀਆ ਦੇ ਮਾਨਯੋਗ ਜਸਟਿਸ ਸ਼੍ਰੀ ਵਧਵਾ ਜੀ ਨੇ ਜੋ ਚੀਜ਼ਾਂ ਦੱਸੀਆਂ ਹਨ ਅਸੀਂ

Original with;
Punjab Vidhan Sabha
Digitized by;
Panjab Digital Library

ਤਾਂ ਉਹ ਵੀ ਇੰਪਲੀਮੈਂਟ ਕਰੀ ਜਾ ਰਹੇ ਹਾਂ। ਜੋ ਇਹ ਕਹਿੰਦੇ ਹਨ, ਉਹ ਅਸੀਂ ਕਰ ਰਹੇ ਹਾਂ। ਮੈਂ ਤਾਂ ਇਹ ਕਹਿ ਰਿਹਾ ਹਾਂ ਕਿ ਜੇਕਰ ਕੋਈ ਸੁਜੈਸ਼ਨ ਹੈ ਤਾਂ ਦੱਸ ਦਿਉ। That is what I am saying. ਮੈਂ ਕਹਿ ਰਿਹਾ ਹਾਂ ਕਿ ਇਹ ਐਫੀਡੇਵਿਟ ਦੇਣ, ਅਸੀਂ ਐਕਸ਼ਨ ਲੈ ਲੈਂਦੇ ਹਾਂ। ਹੋਰ ਅਸੀਂ ਕੀ ਕਹਿ ਰਹੇ ਹਾਂ? (ਵਿਘਨ), ਮੈਂ ਇਨ੍ਹਾਂ ਕੋਲ ਚਲਾ ਜਾਂਦਾ ਹਾਂ। ਮੈਂ ਤਾਂ ਇਨ੍ਹਾਂ ਨੂੰ ਕਹਿੰਦਾ ਹਾਂ ਕਿ ਜਿਹੜੇ ਕਾਗਜ਼ ਦੇਣੇ ਹਨ ਉਹ ਕਾਗਜ਼ ਦੇ ਦਿਉ, ਅਸੀਂ ਤਾਂ ਐਕਸ਼ਨ ਲੈਣ ਲਈ ਤਿਆਰ ਬੈਠੇ ਹਾਂ।.....(ਵਿਘਨ)..... ਸਪੀਕਰ ਸਾਹਿਬ, ਮੈਂ ਤਾਂ ਆਪ ਇਹੀ ਬੇਨਤੀ ਕਰ ਰਿਹਾ ਹਾਂ। We are saying ਕਿ ਵਿਜ਼ਿਟ ਵੀ ਕਰ ਲੈਂਦੇ ਹਾਂ। (.....ਵਿਘਨ.....) ਡਿਪੂ ਹੋਲਡਰ ਦੇ ਨਾਲ ਵੀ ਗੱਲ ਕਰ ਲੈਂਦੇ ਹਾਂ।

**ਸ਼੍ਰੀ ਸੁਨੀਲ ਕੁਮਾਰ ਜਾਖੜ:** ਡਿਪੂ ਹੋਲਡਰ ਤਾਂ ਸ਼ਿਕਾਇਤ ਕਰਤਾ ਨਹੀਂ ਹੈ। (ਵਿਘਨ)

**ਮਾਨਯੋਗ ਸਪੀਕਰ :** ਇਸ ਤਰ੍ਹਾਂ ਜੇਕਰ ਤੁਸੀਂ ਦੋ ਜਣੇ ਹੋਰ ਖੜ੍ਹੇ ਕਰ ਲਓਗੇ ਤਾਂ ਚੰਗਾ ਰਹੇਗਾ? ਤੁਹਾਡੀ ਗੱਲ ਕਿਹੜੀ ਹੈ? ਮੈਨੂੰ ਤਾਂ ਇਹ ਪਤਾ ਹੀ ਨਹੀਂ ਲਗਦਾ ਕਿ ਤੁਸੀਂ ਗੱਲ ਕੀ ਕਰ ਰਹੇ ਹੋ? ਤੁਸੀਂ, ਐਵੇਂ ਹੀ ਰੌਲਾ ਪਾਈ ਜਾਂਦੇ ਹੋ। (ਵਿਘਨ....)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਰਦਾਰ ਦਰਸ਼ਨ ਸਿੰਘ ਬਰਾੜ, ਸਰਦਾਰ ਲਾਲ ਸਿੰਘ, ਸ਼੍ਰੀ ਸੁਨੀਲ ਕੁਮਾਰ ਜਾਖੜ, ਸਰਦਾਰ ਅਜੀਤ ਇੰਦਰ ਸਿੰਘ ਮੋਫਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ। ** **)

**ਮਾਨਯੋਗ ਸਪੀਕਰ :** ਤੁਸੀਂ ਬੈਠਦੇ ਕਿਉਂ ਨਹੀਂ? ਇਹ ਰਿਕਾਰਡ ਨਾ ਕੀਤਾ ਜਾਵੇ।

**ਸਰਦਾਰ ਲਾਲ ਸਿੰਘ :** ਇਹ ਤਾਂ ਪ੍ਰਾਈਵੇਟ ਏਜੰਸੀ ਨੂੰ ਸੰਭਾਲ ਦਿੱਤਾ ਹੈ। ਸਾਰਾ ਮਾਲ ਬਾਹਰੋਂ ਆਉਂਦਾ ਹੈ ਅਤੇ ਬਾਹਰੋ-ਬਾਹਰ ਹੀ ਵਿਕ ਜਾਂਦਾ ਹੈ। ਨਾ ਡਿਪੂ ਹੋਲਡਰ ਦੇ ਪੱਲੇ ਕੁਝ ਪੈਂਦਾ ਹੈ ਅਤੇ ਨਾ ਹੀ ਸਰਕਾਰ ਦੇ ਪੱਲੇ ਕੁਝ ਪੈਂਦਾ ਹੈ। ਅਸੀਂ ਤਾਂ ਇਸ ਨੂੰ ਬੜਾ ਸ਼ਰੀਫ ਆਦਮੀ ਸਮਝਦੇ ਸੀ। ਇਹ ਤਾਂ ਬਗਲਾ ਭਗਤ ਨਿਕਲਿਆ.....

(ਇਸ ਸਮੇਂ ਖੁਰਾਕ ਤੇ ਸਪਲਾਈ ਮੰਤਰੀ, ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ ਜਵਾਬ ਦੇਣ ਲਈ ਖੜ੍ਹੇ ਹੋਏ।)

**ਮਾਨਯੋਗ ਸਪੀਕਰ :** ਆਦੇਸ਼ ਜੀ, ਤੁਸੀਂ ਬੈਠੋ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਸਕੈਂਡਲ ਤਾਂ ਬੜੇ ਹਨ ਪਰ ਇਸ ਤੋਂ ਵੱਡਾ ਸਕੈਂਡਲ ਹੋਰ ਕੋਈ ਨਹੀਂ ਹੈ। ਇਹ ਤਾਂ ਨਿਰਾ ਬਗਲਾ ਭਗਤ ਹੈ।

(ਇਸ ਸਮੇਂ ਸ਼੍ਰੀ ਜਗਦੀਸ਼ ਸਾਹਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲੱਗ ਪਏ।)

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਸਾਹਨੀ ਸਾਹਿਬ, ਪਲੀਜ਼ ਬੈਠ ਜਾਉ। ਤੁਸੀਂ ਆਪਣੀ ਗੱਲ ਬਾਅਦ ਵਿਚ ਕਰ ਲੈਣਾ। ਹਾਂ ਜੀ ਜਾਖੜ ਸਾਹਿਬ, ਤੁਸੀਂ ਬੋਲੋ।

**ਟਰਾਂਸਪੋਰਟ ਅਤੇ ਤਕਨੀਕੀ ਸਿੱਖਿਆ ਮੰਤਰੀ (ਸ਼੍ਰੀ ਸੁਰਜੀਤ ਕੁਮਾਰ ਜਿਆਨੀ) :** ਜਾਖੜ ਸਾਹਿਬ ਕੀ ਗੱਲ ਕਰਨਗੇ, ਹੁਣ ਤਾਂ ਚਾਰ ਮਹੀਨਿਆਂ ਬਾਅਦ ਲੋਕ ਹੀ ਗੱਲ ਕਰਨਗੇ। (ਹਾਸਾ)

**ਸ਼੍ਰੀ ਸੁਨੀਲ ਕੁਮਾਰ ਜਾਖੜ:** ਸਪੀਕਰ ਸਾਹਿਬ, ਮੈਂ ਡਿਪਟੀ ਮੁੱਖ ਮੰਤਰੀ ਜੀ ਦਾ ਅਤੇ ਆਨਰੇਬਲ ਮੁੱਖ ਮੰਤਰੀ ਜੀ ਦਾ ਬੜਾ ਧੰਨਵਾਦੀ ਹਾਂ। ਇਹ ਕਹਿੰਦੇ ਕਿ ਤੁਸੀਂ ਆਪ ਹੀ ਬਸਤਾ ਜਿਹਾ ਚੁੱਕੀ ਫਿਰਦੇ ਹੋ। ਅਸੀਂ ਤਾਂ ਐਫੀਡੇਵਿਟ ਲੈਣੇ ਬੰਦ ਕਰ ਦਿੱਤੇ ਹਨ। ਚਲੋ, ਐਫੀਡੇਵਿਟ ਨਾ ਸਹੀ, ਘੋਸ਼ਣਾ ਪੱਤਰ ਹੀ ਸਹੀ ਜਾਂ ਸਟੇਟਮੈਂਟ ਹੀ ਸਹੀ। ਜਦੋਂ ਆਉਣ ਸਮੇਂ ਸਾਨੂੰ ਸਕਿਉਰਿਟੀ ਵਾਲੇ ਚੈੱਕ ਕਰ ਰਹੇ ਸਨ ਤਾਂ ਅਸੀਂ ਕਿਹਾ ਕਿ ਇਸ ਵਿਚ ਕੋਈ ਬੰਬ ਨਹੀਂ ਹੈ ਪ੍ਰੰਤੂ ਇਸ ਦਾ ਧਮਾਕਾ ਬੰਬ ਤੋਂ ਵੀ ਵੱਡਾ ਹੋਵੇਗਾ। ਸ਼ਹੀਦ ਭਗਤ ਸਿੰਘ ਨੇ ਕਿਹਾ ਸੀ ਕਿ ਬੋਲਿਆਂ ਨੂੰ ਸੁਣਾਉਣ ਲਈ ਉਚਾ ਬੋਲਣਾ ਪੈਂਦਾ ਹੈ, ਇਸੇ ਲਈ ਉਸ ਨੇ ਬੰਬ ਸੁੱਟਿਆ ਸੀ। ਅਸੀਂ ਬੰਬ ਦੀ ਗੱਲ ਤਾਂ ਨਹੀਂ ਕਰਦੇ ਕਿਉਂਕਿ We are democratically elected representatives of the people. ਅਸੀਂ ਲੋਕਾਂ ਦੀ ਗੱਲ ਸੁਣਾਉਣ ਵਾਸਤੇ ਹੀ ਇਥੇ ਆਉਂਦੇ ਹਾਂ। ਤੁਸੀਂ ਟਰਾਂਸਪੋਰਟ ਪਾਲਿਸੀ ਬਣਾਈ। ਇਸ ਦੇ ਬਾਰੇ ਇਕ ਪੀ.ਆਈ.ਐਲ. ਹਾਈ ਕੋਰਟ ਵਿਚ ਹੋ ਗਈ। ਉਸ ਪੀ.ਆਈ.ਐਲ. ਦੀ ਸੁਣਵਾਈ ਕਰਦਿਆਂ ਜੱਜ ਸਾਹਿਬ ਨੇ ਪੈਟੀਸ਼ਨਰ ਨੂੰ ਪੁੱਛਿਆ ਕਿ, Are you basing your opinion only on newspaper reports or have you done groundwork? Have you obtained the information through RTI ? We will take this issue to the court also. Everybody wants that corruption must end. Sir, the flavour of the season today is anti-corruption wave in the country. ਅੱਜ ਕੱਲ੍ਹ ** ** ਲੋਕਪਾਲ ਦੀ ਗੱਲ ਹੋ ਰਹੀ ਹੈ, ਲੋਕ ਆਯੁਕਤ ਦੀ ਗੱਲ ਹੋ ਰਹੀ ਹੈ। ਬਾਦਲ ਸਾਹਿਬ ਵੀ ਸ਼ਾਇਦ ਉਥੇ ਗਏ ਸਨ......

**ਮਾਨਯੋਗ ਸਪੀਕਰ :** ਜਾਖੜ ਸਾਹਿਬ, .ਤੁਸੀਂ ਆਪਣੀ ਗੱਲ ਕਰੋ।

**Shri Sunil Kumar Jakhar :** Badal Sahib is an embodiment of all virtues. This is a matter of public interest. Everybody talks about corruption. But you have rejected the adjournment motion on the ground that the issue has to be specific. Sir this is a random sample.

**ਮਾਨਯੋਗ ਸਪੀਕਰ :** ** ** ਦਾ ਨਾਂ ਨਾ ਲਿਖਿਆ ਜਾਵੇ।

---

**Expunged as ordered by the Chair.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੁਨੀਲ ਕੁਮਾਰ ਜਾਖੜ:** ਮੈਂ ਤਾਂ ਆਪ ਕਹਿ ਰਿਹਾ ਹਾਂ ਕਿ ਅਸੀਂ ਸਾਰੇ ਚੋਰ ਹਾਂ (ਟਰੈਜ਼ਰੀ ਬੈਂਚਿਜ਼ ਵੱਲੋਂ ਥੰਪਿੰਗ) ਅਤੇ ਇਹ ਸਾਰੇ (ਟਰੈਜ਼ਰੀ ਬੈਂਚਾਂ ਵੱਲ ਇਸ਼ਾਰਾ) ਦੁੱਧ ਧੋਤੇ ਹਨ।

**ਮਾਨਯੋਗ ਸਪੀਕਰ :** ਤੁਸੀਂ ਆਪਣੀ ਗੱਲ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ:** ਸਪੀਕਰ ਸਾਹਿਬ, ਅੱਜ ਕੁਰੱਪਸ਼ਨ ਦੀ ਗੱਲ ਚਲ ਰਹੀ ਹੈ। ਸਾਰੇ ਲੋਕ ਕੁਰੱਪਸ਼ਨ ਦੇ ਖਿਲਾਫ ਹਨ ਅਤੇ ਕਹਿ ਰਹੇ ਹਨ ਕਿ ਅਸੀਂ ਕੁਰੱਪਸ਼ਨ ਨੂੰ ਖਤਮ ਕਰ ਕੇ ਹਟਾਂਗੇ। This is a random sample. it is not the end.

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਜਾਖੜ ਜੀ, Please give these papers to me. We will take action.

**ਸ਼੍ਰੀ ਸੁਨੀਲ ਕੁਮਾਰ ਜਾਖੜ :** ਤੁਹਾਨੂੰ ਦੇ ਕੌਣ ਰਿਹਾ ਹੈ? ਸਪੀਕਰ ਸਾਹਿਬ, ਕੈਰੋਂ ਸਾਹਿਬ ਦੇ during the recess ਐਲੀਗੇਸ਼ਨ ਸੁਣ ਲਉ, 24 ਕਰੋੜ ਲਿਟਰ ਸਾਲ 2010-2011 ਵਿੱਚ, you can correct me, ਸਪੀਕਰ ਸਾਹਿਬ, 22, 20, 98,000 ਲਿਟਰ ਤੇਲ ਸਾਲ 2010-11 ਵਿੱਚ ਸਾਰੇ ਪੰਜਾਬ ਵਿੱਚ ਅੱਪ-ਲਿਫਟ ਹੋਇਆ ਹੈ, ਇਹ ਤੁਹਾਡੇ ਡਿਪਾਰਟਮੈਂਟ ਨੇ ਅਪ-ਲਿਫਟ ਕੀਤਾ ਹੈ। ਸਪੀਕਰ ਸਾਹਿਬ, ਇਨਟਾਈਟਲਮੈਂਟ ਕੀ ਹੈ? ਜਿਸ ਬੰਦੇ ਕੋਲ ਗੈਸ ਦਾ ਕੁਨੈਕਸ਼ਨ ਵੀ ਨਹੀਂ ਹੈ ਉਹ ਬੰਦਾ 10 ਲਿਟਰ ਤੇਲ ਹਰ ਮਹੀਨੇ 15.90 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਲੈ ਰਿਹਾ ਹੈ, ਇਨ੍ਹਾਂ ਨੇ ਰੇਟ ਫਿਕਸ ਕੀਤਾ, you can correct me, ਤੁਸੀਂ ਬਾਅਦ ਵਿੱਚ ਕਰ ਲੈਣਾ, it is subsidised, ਇਹ ਖੁਲ੍ਹਾ 32 ਰੁਪਏ ਵਿਕਦਾ ਰਿਹਾ।

**ਮਾਨਯੋਗ ਸਪੀਕਰ :** ਟਾਈਮ ਥੋੜ੍ਹਾ ਹੈ, ਇਸ ਲਈ ਤੁਸੀਂ ਥੋੜ੍ਹੀ ਗੱਲ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਠੀਕ ਹੈ ਜੀ। ਸਪੀਕਰ ਸਾਹਿਬ, ਏਡੀ ਵੱਡੀ ਗੱਲ ਹੈ, ਇਸੇ ਲਈ ਐਡਜਰਨਮੈਂਟ ਮੋਸ਼ਨ ਦਿਤਾ ਸੀ, ਹੁਣ ਤੁਸੀਂ ਕਹਿ ਦਿਤਾ ਕਿ ਬਰੀਫ ਗੱਲ ਕਰੋ। ਸਪੀਕਰ ਸਾਹਿਬ, 22,20,98,000 ਲਿਟਰ ਤੇਲ ਵਿਚੋਂ ਹਰ ਪਰਿਵਾਰ ਨੂੰ 10 ਲਿਟਰ ਤੇਲ 15.90 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ ਮਿਲਣਾ ਚਾਹੀਦਾ ਹੈ, ਜਿਸਦੇ ਕੋਲ ਗੈਸ ਕੁਨੈਕਸ਼ਨ ਨਹੀਂ। ਇਨ੍ਹਾਂ ਦੇ ਹਿਸਾਬ ਨਾਲ 22,20,98,000 ਲਿਟਰ ਤੇਲ ਦੀ ਸੈਂਟਰ ਗੌਰਮਿੰਟ ਵਲੋਂ ਐਲੋਕੇਸ਼ਨ ਹੋਈ ਅਤੇ 22,20,98,000 ਲਿਟਰ ਤੇਲ ਮਿਲ ਗਿਆ। They have been getting it for the last five years. Correct me, if I am wrong. You can correct me afterwards. ਇਸ ਦੇ ਮੁਤਾਬਿਕ ਮੋਟਾ-ਮੋਟਾ ਹਿਸਾਬ ਲਾਈਏ, 20 ਲੱਖ ਪਰਿਵਾਰਾਂ ਨੂੰ, 20 ਲੱਖ ਪਰਿਵਾਰ, ਇਸ ਦਾ ਮਤਲਬ ਹੋ ਗਿਆ ਕਿ ਹਰ ਸੈਕਿੰਡ ਪਰਿਵਾਰ, ਕਿਉਂਕਿ ਆਪਣੇ ਪੰਜਾਬ ਦੀ ਢਾਈ ਕਰੋੜ ਦੀ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਸੁਨੀਲ ਕੁਮਾਰ ਜਾਖੜ ]

ਆਬਾਦੀ ਹੈ ਅਤੇ ਜੇਕਰ 5 ਮੈਂਬਰਾਂ ਦਾ ਪਰਿਵਾਰ ਮੰਨ ਲਈਏ, ਇਨ੍ਹਾਂ ਵਿਚੋਂ 20 ਲੱਖ ਪਰਿਵਾਰਾਂ ਨੂੰ 10 ਲਿਟਰ ਤੇਲ ਸਬਸੇਡਾਈਜ਼ਡ ਰੇਟ 15.90 ਰੁਪਏ ਪ੍ਰਤੀ ਲਿਟਰ ਦੇ ਹਿਸਾਬ ਨਾਲ, ਤੁਹਾਡੇ ਅੰਕੜਿਆਂ ਦੇ ਹਿਸਾਬ ਨਾਲ ਇਨ੍ਹਾਂ ਲੋਕਾਂ ਨੂੰ ਮਿਲ ਰਿਹਾ ਹੈ। That means every second house is getting it. ਇਹ 10,000 ਐਫੀਡੇਵਿਟ ਹਨ। ਮੇਰੇ ਆਪਣੇ ਪਿੰਡ ਵਿੱਚ, ਮੈਂ ਕਿਹਾ ਕਿ ਸਾਡੇ ਪਿੰਡ ਵਿੱਚ ਜਿੰਨੇ ਰਾਸ਼ਨ ਕਾਰਡ ਹੋਲਡਰ ਹਨ ਉਨ੍ਹਾਂ ਵਿਚੋਂ ਘੱਟੋ-ਘੱਟ ਅੱਧੇ ਪਰਿਵਾਰਾਂ ਨੂੰ ਤਾਂ ਜ਼ਰੂਰ ਤੇਲ ਮਿਲਣਾ ਚਾਹੀਦਾ ਹੈ। But, I have 400 affidavits from my own village alone. I have similar number of affidavits from the border village, next to Ganganagar.

**ਮਾਨਯੋਗ ਸਪੀਕਰ :** ਤੁਸੀਂ ਬਰੀਫ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ:** ਸਪੀਕਰ ਸਾਹਿਬ, ਇਹ ਤਾਂ ਅਜੇ ਲਿਸਟ ਵਿੱਚ ਹਨ, ਇਹ ਉਨ੍ਹਾਂ ਬੰਦਿਆਂ ਦੇ ਐਫੀਡੇਵਿਟ ਹਨ। ਇਸ ਦਾ ਮਤਲਬ ਇਹ ਹੈ ਕਿ ਇੱਕ ਸਾਰਾ ਪਿੰਡ ਖੜ੍ਹਾ ਹੋ ਕੇ ਮੈਨੂੰ ਕਹਿ ਰਿਹਾ ਹੈ ਕਿ ਸਾਨੂੰ ਤੇਲ ਨਹੀਂ ਮਿਲਿਆ। ਜਦ ਕਿ ਇਨ੍ਹਾਂ ਦੇ ਕਾਗਜ਼ਾਂ ਵਿੱਚ ਇਹ ਦਿਖਾਇਆ ਜਾ ਰਿਹਾ ਹੈ ਕਿ ਸਾਰਿਆਂ ਨੂੰ ਤੇਲ ਮਿਲ ਰਿਹਾ ਹੈ। ਇਸ ਤਰ੍ਹਾਂ ਫਿਰ ਕੈਰੋਸੀਨ ਗਿਆ ਕਿੱਥੇ? ਇਹ 5 ਸਾਲ ਦੀ ਕਹਾਣੀ ਹੈ, ਸਾਲ 2007-08, 2008-09, 2009-10, 2010-11 ਦੀ ਅਪਲਿਫਟਿੰਗ ਬਾਰੇ ਸੁਣ ਲਉ। ਸਪੀਕਰ ਸਾਹਿਬ, ਸਾਲ 2007-08 ਵਿੱਚ ਇਨ੍ਹਾਂ ਨੇ 100% ਤੇਲ ਅਪਲਿਫਟ ਕੀਤਾ। 23 ਕਰੋੜ 70 ਲੱਖ ਲਿਟਰ ਸਾਰਾ ਸੈਂਟਰ ਕੋਲੋਂ ਲੈ ਆਏ। ਸਾਲ 2008-09 ਵਿੱਚ 23 ਕਰੋੜ 92 ਲੱਖ ਲਿਟਰ ਵਿਚੋਂ 97% ਤੇਲ ਲੈ ਆਏ, ਸਾਲ 2009-10 ਵਿੱਚ 23 ਕਰੋੜ 39 ਲੱਖ ਲਿਟਰ ਵਿਚੋਂ 98% ਤੇਲ ਚੁੱਕ ਲਿਆਏ। ਸਾਲ 2010-11 ਵਿੱਚ 22,20,98,000 ਸਾਰੇ ਦਾ ਸਾਰਾ ਤੇਲ ਲੈ ਆਏ। ਇਸ ਤਰ੍ਹਾਂ ਸਾਰੇ ਦਾ ਸਾਰਾ ਤੇਲ ਆਇਆ ਅਤੇ ਇਹ ਕਾਗਜ਼ਾਂ ਵਿੱਚ ਸਾਰਿਆਂ ਨੂੰ ਮਿਲ ਗਿਆ ਹੈ।

**ਮਾਨਯੋਗ ਸਪੀਕਰ :** ਤੁਹਾਡਾ ਟਾਈਮ ਖਤਮ ਹੋ ਗਿਆ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਅਹਾਤਿਆਂ ਵਾਲੀ ਗੱਲ ਤਾਂ ਆਈ ਨਹੀਂ।

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਸਪੀਕਰ ਸਾਹਿਬ, ਇਹ ਜੋ ਕਹਿ ਰਹੇ ਹਨ ਉਸ ਸਬੰਧੀ I will also insist to give the reply.

**SHRI SUNIL KUMAR JAKHAR :** If I am wrong, correct me, you can reply afterwards. It is only a random sample. It is not the end.

Original with;
Punjab Vidhan Sabha
Digitized by;
Panjab Digital Library

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਮੈਨੂੰ ਜਿਹੜੀ ਗੱਲ ਹੈ, ਉਹ ਦੱਸ ਲੈਣ ਦਿਉ, ਕੀ ਫਰਕ ਪੈਂਦਾ ਹੈ I have heard you. Have a little patience. Let me rebut.

**ਮਾਨਯੋਗ ਸਪੀਕਰ :** ਮੈਂ ਤੁਹਾਨੂੰ ਉਦੋਂ ਆਖਿਆ ਸੀ ਕਿ ਬੋਲ ਲਉ, ਤੁਸੀਂ ਨਹੀਂ ਬੋਲੇ। ਨਿਬੇੜੋ ਕੰਮ ਹੁਣ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਕੀ ਅਸੀਂ ਨਿਬੇੜਨ ਆਏ ਹਾਂ।

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਸਪੀਕਰ ਸਾਹਿਬ, ਇਹ ਗੌਰਮਿੰਟ ਆਫ ਇੰਡੀਆ ਦਾ ਸਿਸਟਮ ਸੀ ਜਿਸ ਵਿੱਚ ਉਨ੍ਹਾਂ ਨੇ ਬੜੀ ਹੀ ਸਟਰੇਂਜ ਪਾਲਿਸੀ ਬਣਾਈ। ਉਹ ਇਹ ਹੈ ਕਿ ਜਿਸ ਕੋਲ ਸਿੰਗਲ ਸਲੰਡਰ ਹੈ, ਉਸ ਦਾ..... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਸੀਂ ਫਿਰ ਗੱਲ ਕਰ ਲੈਣਾ, ਪਹਿਲਾਂ ਸੁਣ ਲਉ। ਬੈਠੋ, ਪਲੀਜ਼।

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਮੈਨੂੰ ਬੋਲ ਲੈਣ ਦਿਉ। ਕੈਰੋਸੀਨ ਦਾ ਜਿਹੜਾ ਕੋਟਾ ਹੈ, ਉਹ ਫਿਕਸ ਹੈ ਅਤੇ ਇਹ ਗੌਰਮਿੰਟ ਆਫ ਇੰਡੀਆ ਫਿਕਸ ਕਰਦੀ ਹੈ। ਇਸ ਦੀ ਲਾਈਟਿੰਗ ਐਂਡ ਕੁਕਿੰਗ ਕਲਾਜ਼ ਪੜ੍ਹੋ। ਜਿਹੜੇ ਖਪਤਕਾਰਾਂ ਲਈ ਕੋਟੇ ਫਿਕਸ ਹੋਏ ਹਨ, ਮੇਰੇ ਤੋਂ ਪਹਿਲਾਂ ਬੈਠੇ ਹਨ, ਇਨ੍ਹਾਂ ਨੇ ਫਿਕਸ ਕੀਤੇ ਸੀ। ਤਿੰਨ ਲਿਟਰ ਫਿਰ ਸਾਢੇ ਛੇ ਜਾਂ ਸੱਤ ਲਿਟਰ। ਸਿੰਗਲ ਗੈਸ ਸਲੰਡਰ ਦਾ ਇੰਨਾ, ਜੇ ਗੈਸ ਸਲੰਡਰ ਨਹੀਂ ਹੈ ਤਾਂ ਇੰਨਾ। ਅਸੀਂ ਜੋ ਵੇਖਿਆ ਕਿ ਗੈਸ ਸਲੰਡਰ ਤਾਂ ਹਰ ਕਿਸੇ ਨੂੰ ਮਿਲ ਰਹੇ ਹਨ। ਨਵੇਂ ਸਲੰਡਰ ਇਸ਼ੂ ਹੋ ਰਹੇ ਹਨ। ਕੀ ਕਦੀ ਕਿਸੇ ਨੇ ਚੈੱਕ ਕੀਤਾ ਹੈ ਕਿ ਗੈਸ ਸਲੰਡਰ ਮਿਲੇ ਹੋਣ ਤੇ ਫਿਰ ਵੀ ਤੇਲ ਮਿਲ ਰਿਹਾ ਹੋਵੇ? ਹੋਇਆ ਕੀ? ਇਹ ਤਾਂ ਕਦੇ ਪਿਛਲੀ ਸਰਕਾਰ ਨੇ ਕੀਤਾ ਹੀ ਨਹੀਂ। ਕਦੀ ਨੋਟ ਹੀ ਨਹੀਂ ਕਰਵਾਇਆ, ਚੈੱਕ ਹੀ ਨਹੀਂ ਕੀਤਾ। ਭਾਵੇਂ ਤੁਹਾਡੇ ਕੋਲ ਦੋ ਗੈਸ ਸਲੰਡਰ ਹਨ, ਭਾਵੇਂ ਇੱਕ ਹੈ। ਉਨ੍ਹਾਂ ਨੂੰ ਨਵੇਂ ਮਿਲ ਗਏ ਜਾਂ ਨਹੀਂ ਮਿਲੇ, ਪਰ ਇਨ੍ਹਾਂ ਨੇ ਸਾਢੇ ਛੇ ਜਾਂ ਸੱਤ ਲਿਟਰ ਵਾਲਾ ਸਿਸਟਮ ਲਗਾ ਕੇ ਰੱਖਿਆ। ਸੋ, ਅਸੀਂ ਕਿਹਾ ਹੈ, ਤਿੰਨ ਲਿਟਰ ਦੀ ਕੋਈ ਕੈਨੀ ਆਉਂਦੀ ਹੈ, ਕੋਈ ਮਿਣਤੀ ਕਰਨ ਦਾ ਸਿਸਟਮ ਹੈ, ਜੇ ਸਾਢੇ ਛੇ ਜਾਂ ਸੱਤ ਲਿਟਰ ਹੈ ਤਾਂ ਇਸ ਦਾ ਕੋਈ ਸਿਸਟਮ ਹੈ। ਇਹ ਐਨਟਾਈਟਲਮੈਂਟ poorest of the poor ਨੂੰ ਹੋਣੀ ਚਾਹੀਦੀ ਹੈ। ਇਹ ਪੁਆਇੰਟ ਨੰਬਰ ਇੱਕ ਹੈ। ਅਸੀਂ ਚੈੱਕ ਕੀਤਾ। ਮੈਂ ਪਹਿਲਾਂ ਵੀ ਹਾਊਸ ਵਿਚ ਗੱਲ ਕਹਿ ਚੁੱਕਾ ਹਾਂ ਤੇ ਮੈਨੂੰ ਫਿਰ ਸ਼ਰਮ ਨਾਲ ਹਾਊਸ ਵਿਚ ਗੱਲ ਕਹਿਣੀ ਪੈਂਦੀ ਹੈ ਕਿ ਗਰੀਬੀ ਦੀ ਰੇਖਾ ਦਾ ਫਾਰਮੂਲਾ ਪੰਜਾਬ ਵਿਚ ਇਹੋ ਜਿਹਾ ਬਣਾਇਆ ਕਿ ਬਾਕੀ ਸਾਰੇ ਹਿੰਦੁਸਤਾਨ ਦੀ ਗਰੀਬੀ ਰੇਖਾ ਦੀ ਪਾਪੂਲੇਸ਼ਨ 40 ਤੋਂ 45 ਪਰਸੈਂਟ ਤੋਂ ਹੇਠਾਂ ਹੈ ਤੇ ਪੰਜਾਬ ਵਿਚ ਸਿਰਫ ਸਾਢੇ ਅੱਠ ਪਰਸੈਂਟ ਲੋਕ ਅਜਿਹੇ ਹਨ ਜਿਹੜੇ

Original with;
Punjab Vidhan Sabha
Digitized by;
Panjab Digital Library

**[ ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ ]**

ਗਰੀਬੀ ਰੇਖਾ ਤੋਂ ਥੱਲੇ ਹਨ। (ਵਿਘਨ) (ਸ਼ੋਰ) ਪਹਿਲਾਂ ਮੈਨੂੰ ਐਕਸਪਲੇਨ ਕਰ ਲੈਣ ਦਿਉ। ਤੁਸੀਂ ਫਿਰ ਗੱਲ ਕਰਨਾ। ਮੈਂ ਦੱਸ ਰਿਹਾ ਹਾਂ..... (ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਬੈਠੋ ਜੀ, ਬੈਠੋ।

**ਖੁਰਾਕ ਅਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਸਪੀਕਰ ਸਾਹਿਬ, ਫਿਰ ਅਸੀਂ ਗੌਰਮਿੰਟ ਆਫ ਇੰਡੀਆ ਕੋਲ ਗਏ ਕਿ ਜਿਹੜਾ ਗੈਸ ਸਲੰਡਰ ਵਾਲਾ ਕਨੂੰਨ ਹੈ, ਇਹ ਅਸੀਂ ਖਤਮ ਕਰ ਦਿੱਤਾ ਹੈ। ਸ਼ਾਇਦ ਤੁਹਾਡੀ ਸਰਕਾਰ ਨੂੰ ਪਤਾ ਹੀ ਨਾ ਲੱਗਾ ਹੋਵੇ। ਮੇਰੀ ਗੱਲ ਸੁਣੋ। This is meant for rationlization. ਜਿਹੜਾ poorest of the poor ਹੈ, ਉਸ ਵਾਸਤੇ ਕਰ ਲਓ। ਅਸੀਂ ਪਾਲਿਸੀ ਇਹ ਬਣਾਈ ਕਿ ਸਾਰਿਆਂ ਨਾਲੋਂ ਗਰੀਬ ਕੌਣ ਹੈ? ਜਿਹੜੇ ਗਰੀਬ ਹਨ, ਉਹ ਬੀ.ਪੀ. ਐਲ. ਕਾਰਡ ਹੋਲਡਰ ਹਨ। ਉਹ poorest of the poor ਹਨ ਤੇ ਉਨ੍ਹਾਂ ਨੂੰ ਜ਼ਰੂਰ ਕੈਰੋਸੀਨ ਆਇਲ ਮਿਲਣਾ ਚਾਹੀਦਾ ਹੈ। ਉਸ ਤੋਂ ਬਾਅਦ ਨੈਕਸਟ ਕੈਟਾਗਰੀ ਕਿਹੜੀ ਆਉਂਦੀ ਹੈ? ਨੈਕਸਟ ਕੈਟਾਗਰੀ ਉਹ ਹੈ, ਜਿਸ ਨੂੰ ਪਿਛਲੀ ਸਰਕਾਰ, ਜਿਨ੍ਹਾਂ ਦੇ ਹੱਕ, ਰਾਈਟ ਡਿਫੈਂਡ ਨਾ ਕਰ ਸਕੀ, ਜਿਹੜੇ ਬੀ.ਪੀ. ਐਲ. ਵਿਚ ਹੋਣੇ ਚਾਹੀਦੇ ਸੀ, ਜਿਹੜੇ ਬੀ.ਪੀ. ਐਲ. ਵਿਚ ਨਹੀਂ ਪਏ, ਜਿਨ੍ਹਾਂ ਨੂੰ ਅਸੀਂ ਬਲਿਊ ਕਾਰਡ ਕਰਕੇ ਕਰ ਦਿੱਤਾ। ਅਸੀਂ ਇਹ ਕਿਹਾ ਕਿ ਇਨ੍ਹਾਂ ਦਾ ਹੱਕ ਬਣਦਾ ਹੈ, ਇਨ੍ਹਾਂ ਨੂੰ ਮਿਲਣਾ ਚਾਹੀਦਾ ਹੈ। ਫਿਰ ਇਹ ਵੀ ਗੱਲ ਚੱਲੀ ਕਿ ਜਿਨ੍ਹਾਂ ਕੋਲ ਦੋ ਗੈਸ ਸਲੰਡਰ ਹਨ, ਉਨ੍ਹਾਂ ਨੂੰ ਇਹ ਤੇਲ ਨਾ ਮਿਲੇ। ਉਨ੍ਹਾਂ ਕੋਲ ਸਾਰਾ ਕੁਝ ਪਹਿਲਾਂ ਹੀ ਹੈ, ਇਸ ਕਰਕੇ ਉਨ੍ਹਾਂ ਨੂੰ ਇਹ ਤੇਲ ਨਾ ਦਿੱਤਾ ਜਾਵੇ। ਇਸ ਤੋਂ ਬਾਅਦ ਕੀ ਹੋਇਆ? ਜਿਹੜੇ ਟੈਰੋਰਿਸਟ ਅਫੈਕਟਿਡ ਹਨ ਜਾਂ ਰੈਡ ਕਾਰਡ ਹੋਲਡਰ ਹਨ, ਉਨ੍ਹਾਂ ਨੂੰ ਤੇਲ ਦਿੱਤਾ ਜਾਵੇ। (ਵਿਘਨ) (ਸ਼ੋਰ) ਮੈਂ ਐਕਸਪਲੇਨ ਕਰ ਰਿਹਾ ਹਾਂ ਕਿ ਵੰਡ ਕਿਵੇਂ ਹੋਈ ਹੈ। 20 ਲੱਖ ਫੈਮਿਲੀਜ਼ ਕਿਵੇਂ ਹੋਈਆਂ? ਤੁਹਾਨੂੰ ਸਮਝਾ ਰਿਹਾ ਹਾਂ। 4 ਲੱਖ 68 ਹਜ਼ਾਰ ਫੈਮਿਲੀਜ਼ ਬੀ.ਪੀ. ਐਲ ਦੀਆਂ ਹੋ ਗਈਆਂ। ਸਪੀਕਰ ਸਾਹਿਬ, 15 ਲੱਖ ਫੈਮਿਲੀਜ਼ ਲਗਭਗ ਨੀਲੇ ਕਾਰਡ ਹੋਲਡਰਜ਼ ਦੀਆਂ ਹਨ। ਇਸ ਤਰ੍ਹਾਂ ਇਹ ਵੀਹ ਲੱਖ ਹੋ ਗਿਆ। ਬਾਕੀ ਕੁਝ ਟੈਰੋਰਿਸਟ ਅਫੈਕਟਿਡ ਜਾਂ ਜਿਨ੍ਹਾਂ ਦੇ ਲਾਲ ਕਾਰਡ ਹਨ ਜੋ 1984 ਦੇ ਵਿਕਟਮਜ਼ ਹਨ, ਉਹ ਜੋ ਪੰਜਾਬ ਵਿਚ ਆਏ, ਉਨ੍ਹਾਂ ਦੇ ਹੋ ਗਏ। ਉਨ੍ਹਾਂ ਨੂੰ ਹੱਕ ਦਿੱਤਾ ਗਿਆ ਹੈ। (ਵਿਘਨ) (ਸ਼ੋਰ) ਮੈਨੂੰ ਐਕਸਪਲੇਨ ਕਰ ਲੈਣ ਦਿਉ। ਇਸ ਤਰ੍ਹਾਂ ਲਗਭਗ ਵੀਹ ਲੱਖ ਬਣ ਗਏ। ਫਿਰ ਮੈਂ ਗੌਰਮਿੰਟ ਆਫ ਇੰਡੀਆ ਨੂੰ ਇਹ ਰਿਪ੍ਰੇਜ਼ੈਂਟ ਕੀਤਾ ਕਿ ਕੈਰੋਸੀਨ ਦੇਣ ਦਾ ਜਿਹੜਾ ਸਿਸਟਮ ਹੈ, ਇਹ ਪੁਰਾਣਾ ਹੈ। ਸਾਈਕਲ ਤੇ ਕੋਈ ਜਾ ਰਿਹਾ ਹੈ ਤੇ ਉਸ ਨੇ ਤਿੰਨ ਲਿਟਰ ਦੀ ਬੋਤਲ ਲਟਕਾਈ ਹੋਈ ਹੈ, ਕੈਰੋਸੀਨ ਪਾਈ ਹੋਈ ਹੈ। ਤੁਸੀਂ ਕਿਉਂ ਨਹੀਂ ਹੋਰ ਸਿਸਟਮ ਅਡਾਪਟ ਕਰਦੇ। ਪੰਜ ਲਿਟਰ ਦੀਆਂ ਕੈਨੀਆਂ ਪੈਕ ਕਰ ਕੇ ਦੇ ਦਿਓ, ਸੀਲ ਕਰ ਕੇ ਦੇ ਦਿਉ, ਅਸੀਂ ਉਹੀ ਵੰਡ ਦਿਆ ਕਰੀਏ। ਕੁਝ ਇਹ ਸਿਸਟਮ ਕਰ ਲਓ ਜਾਂ ਇਹ ਕਰ ਲਓ ਕਿ

Original with;
Punjab Vidhan Sabha
Digitized by;
Panjab Digital Library

ਬਿਜਲੀ ਜਨਰੇਟ ਕਰ ਕੇ ਉਤਨੀ ਬਿਜਲੀ ਉਸ ਫੈਮਿਲੀ ਨੂੰ ਕੁਕਿੰਗ ਤੇ ਲਾਈਟਿੰਗ ਵਾਸਤੇ ਦੇ ਦੇਈਏ। ਇਹ ਸਿਸਟਮ ਚਲਾ ਲਓ। ਉਹ ਵੇਖ ਲਵੋ ਪਰ ਉਹ ਕਹਿੰਦੇ ਹਨ ਕਿ ਇਹ ਹੀ ਸਿਸਟਮ ਚੱਲੇਗਾ ਫਿਰ ਅਸੀਂ ਰੈਸ਼ਨੇਲਾਈਜੇਸ਼ਨ ਕੀਤੀ ਕਿ ਜਿਨ੍ਹਾਂ ਕੋਲ ਸਿੰਗਲ ਗੈਸ ਸਲੰਡਰ ਹੈ, ਉਨ੍ਹਾਂ ਨੂੰ ਪੰਜ ਲਿਟਰ ਕਰ ਲਉ। ਜਿਨ੍ਹਾਂ ਕੋਲ ਨਹੀਂ ਹੈ, ਉਨ੍ਹਾਂ ਨੂੰ 10 ਲਿਟਰ ਕਰ ਲਉ....(ਵਿਘਨ) .....ਸੁਣਦੇ ਤਾਂ ਹੈ ਨਹੀਂ। ਸਪੀਕਰ ਸਾਹਿਬ, ਉਸ ਤੋਂ ਅੱਗੇ ਹੁਣ ਅਸੀਂ ਇਹ ਵੀ ਕਰ ਦਿੱਤਾ ਹੈ ਕਿ ਫਿਰੋਜ਼ਪੁਰ ਜ਼ਿਲ੍ਹੇ ਵਿੱਚ.....

**ਸਰਦਾਰ ਲਾਲ ਸਿੰਘ :** ਜਿਹੜਾ ਤੇਲ ਆਇਆ, ਉਹ ਕਿਥੇ ਗਿਆ?.....(ਵਿਘਨ).....

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਹੁਣ ਅਸੀਂ ਫਿਰੋਜ਼ਪੁਰ ਜ਼ਿਲ੍ਹੇ ਵਿੱਚ ਪਾਇਲਟ ਕੀਤਾ ਹੈ। ਜਾਖੜ ਸਾਹਿਬ ਦੇ ਆਪਣੇ ਹਲਕੇ ਵਿੱਚ ਪਾਇਲਟ ਕੀਤਾ ਹੈ। ਤੁਸੀਂ ਆ ਜਾਉ, ਮੈਂ ਆ ਜਾਂਦਾ ਹਾਂ ਅਤੇ ਉਹ ਤੁਹਾਨੂੰ ਦਿਖਾ ਦਿੰਦਾ ਹਾਂ। ਟਰੈਕਿੰਗ ਆਫ ਟਰੱਕ ਮੂਵਮੈਂਟ ਦਿਖਾ ਦਿੰਦੇ ਹਾਂ, ਜਿਹੜੀ ਅਸੀਂ ਸ਼ੁਰੂ ਕੀਤੀ ਹੈ। ਸਾਨੂੰ ਟਰੈਕ ਕਰਦਿਆਂ ਨੂੰ ਦੋ ਹਫਤੇ ਹੋ ਗਏ ਹਨ, ਹੁਣ ਅਸੀਂ ਪੂਰੇ ਪੰਜਾਬ ਵਿੱਚ, by 31st October ਸਾਰੀਆਂ ਗੱਡੀਆਂ ਤੇ ਟਰੈਕਿੰਗ ਡਿਵਾਈਸ ਲਗਾਉਣ ਲੱਗੇ ਹਾਂ। ਸਾਰੀਆਂ ਗੱਡੀਆਂ ਤੇ ਰੰਗ ਲਿਖ ਕੇ ਕੰਪਲਸਰੀ ਕਰਨ ਲੱਗੇ ਹਾਂ ਕਿ ਇਹ ਸਪੈਸ਼ਲ ਕਲਰ ਹੈ, ਉਸ ਨਾਲ ਲਿਖਿਆ ਹੋਏਗਾ- kerosene oil for Public Distribution ਤੁਸੀਂ ਕਮਰੇ ਦੇ ਵਿੱਚ ਬੈਠ ਕੇ ਪੰਜ ਮਿੰਟਾਂ ਵਿੱਚ ਮੂਵਮੈਂਟ ਹੁਣ ਦੇਖ ਲਓ।.....(ਵਿਘਨ).....

**ਸਰਦਾਰ ਲਾਲ ਸਿੰਘ :** ਜਿਹੜਾ ਤੇਲ ਪਹਿਲਾਂ ਆਇਆ ਸੀ, ਉਹ ਕਿੱਥੇ ਗਿਆ?.....(ਵਿਘਨ).....

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਜਿੰਨੀ ਕੈਰੋਸਿਨ ਦੀ ਮੂਵਮੈਂਟ ਹੈ, ਉਹ ਚੈੱਕ ਕਰ ਲਉ। We have taken corrective remedies (ਵਿਘਨ)..... ਸਪੀਕਰ ਸਾਹਿਬ, ਅਸੀਂ ਘੱਟੋ-ਘੱਟ ਚਾਰ ਲੱਖ ਬੈਨੀਫਿਸ਼ਰੀਜ਼, ਇਨ੍ਹਾਂ ਦੇ ਬਣਾਏ ਹੋਏ, ਅਸੀਂ ਵਿਚੋਂ ਕੱਟੇ ਹਨ .....(ਵਿਘਨ)..... ਚਾਰ ਲੱਖ ਜਿਹੜੇ ਨਜਾਇਜ਼ ਬਣੇ ਹੋਏ ਸਨ। ਇਹ ਗੱਲ .....(ਵਿਘਨ)..... ਅਸੀਂ ਇਰੈਡੀਕੇਟ ਕੀਤੇ ਹਨ, ਜਿਹੜੇ ਤੁਸੀਂ ਗਲਤ ਬਣਾਏ ਸਨ। ਤੁਸੀਂ ਗਲਤ ਬਣਾਏ ਸੀ। ਤੁਸੀਂ ਮੇਰੇ ਤੋਂ ਲਿਸਟ ਲੈ ਲਓ, ਲੁਧਿਆਣੇ ਦੀ ਲੈ ਲਵੋ, ਪਟਿਆਲੇ ਦੀ ਲਿਸਟ ਲੈ ਲਵੋ। ਮੈਂ ਸਭ ਸ਼ਹਿਰਾਂ ਦੀ ਲਿਸਟ ਦੇ ਦਿੰਦਾ ਹਾਂ । ਉਹ ਲਿਸਟ ਵੀ ਦੇਖ ਲਓ। We have eradicated this all and ਜਿਹੜੇ ਐਗਜ਼ਿਸਟ ਹੀ ਨਹੀਂ ਕਰਦੇ, I will provide that list also.

**ਮਾਨਯੋਗ ਸਪੀਕਰ :** ਕਾਫੀ ਹੋ ਗਿਆ, ਤੁਸੀਂ ਬੈਠੋ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ.....

**ਮਾਨਯੋਗ ਸਪੀਕਰ :** ਇਨ੍ਹਾਂ ਨੂੰ ਗੱਲ ਕਰਨ ਦਿਉ। ਮੈਂ ਦੋ ਮਿੰਟ ਹੀ ਦੇਣੇ ਹਨ, ਤੀਸਰਾ ਮਿੰਟ ਨਹੀਂ ਦੇਣਾ.....(ਵਿਘਨ)..... ਮੋਫਰ ਸਾਹਿਬ, ਤੁਸੀਂ ਬੈਠੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਹ ਉਸ ਗੱਲ ਨੂੰ, ਜਿਵੇਂ ਸਰਦਾਰ ਲਾਲ ਸਿੰਘ ਕਹਿ ਰਹੇ ਸੀ, ਭੰਬਲਭੂਸੇ ਵਿੱਚ ਪਾ ਰਹੇ ਹਨ। My allegation is simple that 22 Crore litre ਤੇਲ ਆਇਆ। You are very clear in your explanation. ਸਾਡਾ ਐਲੀਗੇਸ਼ਨ ਸੁਣ ਲਓ, it is very simple. 22 ਕਰੋੜ ਲਿਟਰ ਤੇਲ ਆਇਆ, ਉਹ ਕਿੱਥੇ ਗਿਆ?

**ਮਾਨਯੋਗ ਸਪੀਕਰ :** ਆਪਾਂ ਕੰਮ ਕਰਨਾ ਹੈ ਕਿ ਨਹੀਂ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਇਸ ਤੋਂ ਵੱਡਾ ਕੰਮ ਕੀ ਹੋ ਸਕਦਾ ਹੈ?

**ਮਾਨਯੋਗ ਸਪੀਕਰ :** ਜਿਹੜੀ ਆਈਟਮ ਪ੍ਰੋਗਰਾਮ ਵਿੱਚ ਨਹੀਂ ਹੈ, ਉਸ ਨੂੰ ਤੁਸੀਂ ਲਈ ਬੈਠੇ ਹੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਇਹ ਕਿੰਨੇ ਕਰੋੜ ਦਾ ਐਲੀਗੇਸ਼ਨ ਬਣਦਾ ਹੈ, ਇਸ ਤੋਂ ਵੱਡਾ ਹੋਰ ਕੀ ਹੋ ਸਕਦਾ ਹੈ? ਸਪੀਕਰ ਸਾਹਿਬ, 22 ਕਰੋੜ ਲਿਟਰ ਤੇਲ ਕਿਥੇ ਗਿਆ? ਇਨ੍ਹਾਂ ਨੇ ਪੰਜ ਲਿਟਰ ਦਿੱਤਾ, ਤਿੰਨ ਲਿਟਰ ਦਿੱਤਾ .....(ਵਿਘਨ).....ਆਟੇ ਵਾਲੀ ਗੱਲ ਵੀ ਸੁਣ ਲਉ.....(ਵਿਘਨ).....ਸੁਣ ਲਉ ਇੱਕ ਮਿੰਟ .....(ਵਿਘਨ).....ਮੇਰਾ ਐਲੀਗੇਸ਼ਨ .....(ਵਿਘਨ).....

**ਖੁਰਾਕ ਤੇ ਸਿਵਲ ਸਪਲਾਈ, ਖਪਤਕਾਰ ਮਾਮਲੇ ਅਤੇ ਸੂਚਨਾ ਤਕਨਾਲੋਜੀ ਮੰਤਰੀ :** ਸਪੀਕਰ ਸਾਹਿਬ, 10 ਲੱਖ ਨਾਮ ਕੱਟੇ ਹਨ। ਜਿਹੜੇ ਰਹਿ ਗਏ ਹਨ, ਉਹ ਵੀ ਮੈਂ ਕਟਵਾ ਦਿੰਦਾ ਹਾਂ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਫਿਰ ਅਸੀਂ ਦਸ ਹਜ਼ਾਰ ਤੇ ਆਈ ਜਾਂਦੇ ਹਾਂ। ਇਹ ਤਾਂ ਰੈਂਡਮ ਸਰਵੇ ਹੈ.....(ਵਿਘਨ)..... 10,000 is only random survey of this. It is only a random indicator and it is not an end. ਮੇਰਾ ਕਹਿਣਾ ਹੈ, ਫਿਰ ਇਹ ਕਹਿਣਗੇ you are giving more indulgence. ਮੇਰੀ ਗੱਲ ਹੈ ਕਿ 22 ਕਰੋੜ ਲਿਟਰ ਤੇਲ ਆਇਆ, ਉਹ ਕਿੱਥੇ ਗਿਆ? ਅਸੀਂ ਇਹੀ ਚਾਹੁੰਦੇ ਹਾਂ ਕਿ ਉਸ ਦੀ ਇਨਕੁਆਇਰੀ ਹੋ ਜਾਵੇ। ਉਹ ਤੇਲ ਕਿੱਥੇ ਗਿਆ? ਜੇ ਇਹ ਕਹਿੰਦੇ ਹਨ ਕਿ ਬੀ.ਪੀ.ਐਲ. ਵਾਲਿਆਂ ਨੂੰ ਗਿਆ ਤਾਂ ਉਹ ਪਤਾ ਲੱਗ ਜਾਵੇਗਾ, ਜੇ ਨੀਲੇ ਕਾਰਡ ਵਾਲਿਆਂ ਨੂੰ ਗਿਆ ਤਾਂ ਨੀਲੇ ਕਾਰਡ ਵਾਲਿਆਂ ਤੋਂ ਪਤਾ ਲੱਗ ਜਾਵੇਗਾ। ਇਹ ਕਹਿ ਰਹੇ ਹਨ ਕਿ 20 ਲੱਖ ਬੰਦਿਆਂ ਨੂੰ ਜਿਨ੍ਹਾਂ ਵਿੱਚ 4 ਲੱਖ 60 ਹਜ਼ਾਰ ਬੀ.ਪੀ.ਐਲ. ਵਾਲੇ ਹਨ, ਬਾਕੀ ਨੀਲੇ ਕਾਰਡ ਵਾਲੇ ਹਨ। ਮੈਂ ਕਹਿੰਦਾ ਹਾਂ ਕਿ ਸਾਰਾ ਮਿਲਾ ਕੇ 13-14 ਲੱਖ..... (ਵਿਘਨ).....

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਚਲੋ ਠੀਕ ਹੈ, ਤੁਹਾਡੀ ਇਨਫਰਮੇਸ਼ਨ ਆ ਗਈ ਹੈ। ਹੁਣ ਅਗਲਾ ਪ੍ਰੋਗਰਾਮ, ਮਾਸਟਰ ਮੋਹਨ ਲਾਲ ਜੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** 16 ਲੱਖ ਬੰਦਿਆਂ ਨੂੰ ਦਸ ਲਿਟਰ ਤੇਲ ਮਿਲਿਆ ਹੋਵੇ.....(ਵਿਘਨ)..... 16 ਲੱਖ ਬੰਦਿਆਂ ਨੂੰ 10 ਲਿਟਰ ਤੇਲ ਕਿੱਥੇ ਮਿਲਿਆ ਹੈ?

**ਮਾਨਯੋਗ ਸਪੀਕਰ :** ਮਾਸਟਰ ਮੋਹਨ ਲਾਲ ਜੀ। ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹੋ।

---

## CALL ATTENTION NOTICES UNDER RULE 66

## (SERIAL NO. 3)

**MASTER MOHAN LAL :** Sir, I beg to draw the attention of the Government towards a matter of urgent public importance, namely, total freeze on recruitment in the privately Managed and Aided schools of Punjab. As a result of which many schools are closed and many more are on the verge of closer. These school have played a vital role in the field of education and such a wrong step to freeze the posts is dangerous and not fair on the part of the Education Department. When this freeze will be lift so that studies process is not stopped in such Privately Managed and Aided Schools of Punjab. Govermment is already giving 95% grant-in-aid to these schools.

Keeping in view the obvious and urgent importance of matter, the Minister concerned may please be asked to make a statement on the floor of the House.

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਚਰਨਜੀਤ ਸਿੰਘ ਚੰਨੀ ਤੇ ਸਰਦਾਰ ਸੰਗਤ ਸਿੰਘ ਗਿਲਜੀਆਂ ਵੈੱਲ ਆਫ ਦਿ ਹਾਊਸ ਵਿਚ ਆ ਗਏ।)

**ਸਿੱਖਿਆ ਤੇ ਭਾਸ਼ਾ ਮੰਤਰੀ (ਸਰਦਾਰ ਸੇਵਾ ਸਿੰਘ ਸੇਖਵਾਂ) :** ਸਪੀਕਰ ਸਾਹਿਬ, 399 ਪ੍ਰਾਈਵੇਟ ਏਡਿਡ ਸਕੂਲਾਂ ਵਿਚੋਂ ਕੇਵਲ 3 ਸਕੂਲ ਕਰਮਚਾਰੀਆਂ ਦੀ ਰਿਟਾਇਰਮੈਂਟ ਕਾਰਨ ਬੰਦ ਹੋ ਗਏ ਹਨ। ਇਨ੍ਹਾਂ ਸਕੂਲਾਂ ਵਿਚ ਖਾਲੀ ਹੋਈਆਂ ਪੋਸਟਾਂ ਨੂੰ ਮਿਤੀ 1.12.1967 ਤੋਂ ਫਰੀਜ਼ ਕਰ ਦਿੱਤਾ ਗਿਆ ਹੈ। ਇਸ ਤੋਂ ਬਾਅਦ ਸਰਕਾਰ ਦੀ ਵਿਸ਼ੇਸ਼ ਆਗਿਆ ਨਾਲ ਕੇਵਲ 444 ਪੋਸਟਾਂ ਭਰੀਆਂ ਗਈਆਂ ਸਨ। ਸਰਕਾਰ ਨੇ

Original with;
Punjab Vidhan Sabha
Digitized by;
Panjab Digital Library

[ **ਸਿੱਖਿਆ ਤੇ ਭਾਸ਼ਾ ਮੰਤਰੀ** ]

ਬਾਅਦ ਵਿਚ ਫਰੀਜ਼ ਕੀਤੀਆਂ ਹੋਈਆਂ ਪੋਸਟਾਂ ਨੂੰ ਸੁਰਜੀਤ ਕਰਨ ਲਈ ਅਸਮਰਥਾ ਪ੍ਰਗਟ ਕੀਤੀ। ਇਸ ਵੇਲੇ ਏਡਿਡ ਸਕੂਲਾਂ ਵਿਚ ਕੁੱਲ ਮਨਜ਼ੂਰ ਸ਼ੁਦਾ 9,468 ਪੋਸਟਾਂ ਉਤੇ 5,460 ਕਰਮਚਾਰੀ ਸੇਵਾ ਨਿਭਾ ਰਹੇ ਹਨ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਚਰਨਜੀਤ ਸਿੰਘ ਚੰਨੀ ਤੇ ਸਰਦਾਰ ਸੰਗਤ ਸਿੰਘ ਗਿਲਜੀਆਂ ਵੈੱਲ ਆਫ ਦਿ ਹਾਊਸ ਵਿਚ ** **ਨਾਅਰੇ ਲਗਾ ਰਹੇ ਸਨ।)

**ਮਾਨਯੋਗ ਸਪੀਕਰ :** ** ** ਨਾਅਰੇ ਰਿਕਾਰਡ ਨਾ ਕੀਤੇ ਜਾਣ। ਤੁਹਾਡੀ ਗੱਲ ਫਬਦੀ ਨਹੀਂ ਹੈ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਜੋ ਮਾਨਯੋਗ ਮਨਿਸਟਰ ਸਾਹਿਬ ਨੇ ਜਵਾਬ ਦਿੱਤਾ ਹੈ ਉਹ ਤਸੱਲੀਬਖਸ਼ ਨਹੀਂ ਹੈ। ਉਨ੍ਹਾਂ ਨੇ ਆਪ ਮੰਨਿਆ ਹੈ ਕਿ 9,000 ਸੈਂਕਸ਼ਨਡ ਪੋਸਟਾਂ ਹਨ ਅਤੇ 4,000 ਪੋਸਟਾਂ ਖਾਲੀ ਰਹਿ ਗਈਆਂ ਹਨ। ਬਾਕੀ ਜਿਹੜੀਆਂ 4,000 ਪੋਸਟਾਂ ਹਨ ਉਹ ਕਦੋਂ ਤੱਕ ਭਰੀਆਂ ਜਾਣਗੀਆਂ। ਇਹ ਪ੍ਰਾਈਵੇਟ ਏਡਿਡ ਸਕੂਲਾਂ ਅਤੇ ਕਾਲਜਾਂ ਦਾ ਹਾਲ ਹੈ, ਸਕੂਲ ਬੰਦ ਕੀਤੇ ਜਾ ਰਹੇ ਹਨ, ਪ੍ਰਾਈਵੇਟਲੀ ਏਡਿਡ ਸਕੂਲ ਬੰਦ ਕੀਤੇ ਜਾ ਰਹੇ ਹਨ, ਜਿਨ੍ਹਾਂ ਨੇ ਦੇਸ਼ ਦੀ ਅਜ਼ਾਦੀ ਤੇ ਐਜੂਕੇਸ਼ਨ ਦੇ ਵਿਚ 80% ਹਿੱਸਾ ਪਾਇਆ ਹੈ। (ਵਿਘਨ) ਮੈਂ ਤੁਹਾਡੇ ਰਾਹੀਂ ਮਾਨਯੋਗ ਸਿੱਖਿਆ ਮੰਤਰੀ ਜੀ ਨੂੰ ਕਹਿਣਾ ਚਾਹੁੰਦਾ ਹਾਂ ਕਿ ਜਿਹੜੀਆਂ ਪੋਸਟਾਂ ਫਰੀਜ਼ ਕੀਤੀਆਂ ਗਈਆਂ ਹਨ ਉਨ੍ਹਾਂ ਦੀ ਫਰੀਜ਼ ਹਟਾਈ ਜਾਵੇ ਤਾਂ ਕਿ ਸਕੂਲ ਠੀਕ ਤਰੀਕੇ ਦੇ ਨਾਲ ਚਲ ਸਕਣ।

---

## WALK-OUT

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਚਰਨਜੀਤ ਸਿੰਘ ਚੰਨੀ ਤੇ ਸਰਦਾਰ ਸੰਗਤ ਸਿੰਘ ਗਿਲਜੀਆਂ ** ** ਨਾਅਰੇ ਲਗਾਉਂਦੇ ਹੋਏ ਸਦਨ ਵਿਚੋਂ ਵਾਕ ਆਊਟ ਕਰ ਗਏ।)

---

## CALL ATTENTION NOTICES UNDER RULE 66
## *(RESUMPTION)*

**ਸਿੱਖਿਆ ਤੇ ਭਾਸ਼ਾ ਮੰਤਰੀ :** ਮਾਸਟਰ ਮੋਹਨ ਲਾਲ ਹੋਰਾਂ ਨੇ ਜੋ ਇਹ ਮੰਗ

****Not recorded as ordered by the Chair.**

Original with;
Punjab Vidhan Sabha
Digitized by;
Panjab Digital Library

ਕੀਤੀ ਹੈ ਕਿ ਜਿਹੜੀਆਂ ਫਰੀਜ਼ ਹੋਈਆਂ ਪੋਸਟਾਂ ਹਨ ਉਨ੍ਹਾਂ ਨੂੰ ਕਦੋਂ ਮੁੜ ਕੇ ਲਾਗੂ ਕੀਤਾ ਜਾਵੇਗਾ। ਮੈਂ ਉਨ੍ਹਾਂ ਦੇ ਖਿਆਲਾਂ ਦੀ ਕਦਰ ਕਰਦਾ ਹਾਂ ਅਤੇ ਉਨ੍ਹਾਂ ਦੇ ਧਿਆਨ ਵਿਚ ਲਿਆਉਣਾ ਚਾਹੁੰਦਾ ਹਾਂ ਕਿ ਜਿਹੜੇ ਪ੍ਰਾਈਵੇਟ ਏਡਿਡ ਸਕੂਲ ਹਨ ਉਨ੍ਹਾਂ ਦਾ ਸਿੱਖਿਆ ਦੇ ਖੇਤਰ ਵਿਚ ਬਹੁਤ ਵੱਡਾ ਯੋਗਦਾਨ ਰਿਹਾ ਹੈ, ਕੁਆਲਿਟੀ ਐਜੂਕੇਸ਼ਨ ਦੇਣ ਦੇ ਵਿਚ ਪ੍ਰਾਈਵੇਟ ਏਡਿਡ ਸਕੂਲਾਂ ਦਾ ਮਹਾਨ ਯੋਗਦਾਨ ਹੈ। ਇਹ ਪੋਸਟਾਂ ਸਾਡੇ ਆਉਣ ਤੋਂ ਪਹਿਲਾਂ ਕਾਂਗਰਸ ਦੀ ਸਰਕਾਰ ਵੇਲੇ ਫਰੀਜ਼ ਕੀਤੀਆਂ ਹੋਈਆਂ ਹਨ। ਮੈਂ ਆਪਣੀ ਸਰਕਾਰ ਨੂੰ ਅਪੀਲ ਕਰਾਂਗਾ ਕਿ ਇਨ੍ਹਾਂ ਸਕੂਲਾਂ ਨੂੰ ਜੀਵਤ ਰੱਖਣ ਵਾਸਤੇ ਇਹ ਜਿਹੜੀਆਂ ਪੋਸਟਾਂ ਫਰੀਜ਼ ਕੀਤੀਆਂ ਗਈਆਂ ਹਨ, ਉਹ ਖੋਲ੍ਹੀਆਂ ਜਾਣ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਸਿੱਖਿਆ ਮੰਤਰੀ ਨੇ ਬੇਨਤੀ ਕੀਤੀ ਹੈ ਕਿ ਸਰਕਾਰ ਫਰੀਜ਼ ਹਟਾਵੇ ਤੇ ਮੁੱਖ ਮੰਤਰੀ ਜੀ ਇਸ ਸਰਕਾਰ ਦੇ ਮਾਲਕ ਹਨ। ਇਸ ਲਈ ਮੁੱਖ ਮੰਤਰੀ ਜੀ ਵੱਲੋਂ ਹਾਊਸ ਨੂੰ ਇਸ ਗੱਲ ਦੀ ਐਸ਼ੋਰੈਂਸ ਦਿੱਤੀ ਜਾਵੇ ਕਿ ਜਿਹੜੀਆਂ ਪ੍ਰਾਈਵੇਟ ਏਡਿਡ ਸਕੂਲਾਂ ਦੀਆਂ ਪੋਸਟਾਂ ਫਰੀਜ਼ ਕੀਤੀਆਂ ਗਈਆਂ ਹਨ ਉਸ ਬਾਰੇ ਚੀਫ ਮਨਿਸਟਰ ਸਾਹਿਬ ਬਿਆਨ ਦੇਣ ਕਿ ਉਨ੍ਹਾਂ ਪੋਸਟਾਂ ਤੋਂ ਫਰੀਜ਼ ਜਲਦੀ ਹਟਾਈ ਜਾਵੇਗੀ। ਇਹ ਮੈਂ, ਚੀਫ ਮਨਿਸਟਰ ਸਹਿਬ ਤੋਂ ਬਿਆਨ ਚਾਹੁੰਦਾ ਹਾਂ ਜੀ। ਚੀਫ ਮਨਿਸਟਰ ਸਾਹਿਬ ਜੀ, ਮੇਰੀ ਬੇਨਤੀ ਸੁਣਿਓ ਜੀ, ਪ੍ਰਾਈਵੇਟ ਏਡਿਡ ਸਕੂਲ ਬੰਦ ਹੋਣ ਦੇ ਕਗਾਰ ਉਤੇ ਹਨ ਔਰ ਸਿੱਖਿਆ ਮੰਤਰੀ ਜੀ ਨੇ ਕਿਹਾ ਹੈ ਕਿ ਫਰੀਜ਼ ਹਟਾਉਣ ਵਾਸਤੇ ਸਰਕਾਰ ਪ੍ਰਬੰਧ ਕਰੇ। ਸੀ.ਐਮ. ਸਾਹਿਬ ਤੁਸੀਂ ਇਸ ਸਰਕਾਰ ਦੇ ਮਾਲਕ ਹੋ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਪ੍ਰਾਈਵੇਟ ਏਡਿਡ ਸਕੂਲ 80% ਸਿੱਖਿਆ ਦਿੰਦੇ ਹਨ, ਇਸ ਨੂੰ ਧਿਆਨ ਵਿਚ ਰੱਖਿਆ ਜਾਵੇ। ਇਸ ਲਈ ਮੈਂ ਬੇਨਤੀ ਕਰਦਾ ਹਾਂ ਕਿ ਇਨ੍ਹਾਂ ਸਕੂਲਾਂ ਦੀ ਰਿਕਰੂਟਮੈਂਟ ਦੇ ਉਤੇ ਲੱਗੀ ਹੋਈ ਫਰੀਜ਼ ਨੂੰ ਹਟਾਇਆ ਜਾਵੇ। ਇਹ ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਔਰ ਮੈਨੂੰ ਇਸ ਦੀ ਐਸ਼ੋਰੈਂਸ਼ ਦਿੱਤੀ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਮਾਸਟਰ ਜੀ ਨੂੰ ਇਹ ਫਖਰ ਨਾਲ ਦੱਸਣਾ ਚਾਹੁੰਦਾ ਹਾਂ ਕਿ ਸਾਲ 2003 ਵਿੱਚ ਜਦੋਂ ਕਾਂਗਰਸ ਦੀ ਸਰਕਾਰ ਸੀ, ਉਸ ਸਰਕਾਰ ਨੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਜਿਹੜੇ ਕਰਮਚਾਰੀ ਸੀ, ਉਨ੍ਹਾਂ ਦੀ ਪੈਨਸ਼ਨ ਬੰਦ ਕਰ ਦਿੱਤੀ ਸੀ ਜਦੋਂ ਕਿ ਮੌਜੂਦਾ ਸਰਕਾਰ ਨੇ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਨੇ ਪ੍ਰਾਈਵੇਟ ਏਡਿਡ ਸਕੂਲਾਂ ਦੇ ਮੁਲਾਜ਼ਮਾਂ ਤੇ ਇਕ ਬਹੁਤ ਵੱਡਾ ਆਇਦ ਕੀਤਾ, ਉਨ੍ਹਾਂ ਤੇ ਬੜੀ ਕਿਰਪਾ ਕੀਤੀ ਹੈ ਕਿ ਸਾਲ 2003 ਤੋਂ ਬੰਦ ਕੀਤੀ ਹੋਈ ਪੈਨਸ਼ਨ ਦੁਬਾਰਾ ਉਨ੍ਹਾਂ ਨੂੰ ਬਹਾਲ ਕਰ ਦਿੱਤੀ ਹੈ। ਇਨ੍ਹਾਂ ਨੇ ਸਾਲ 2003 ਤੋਂ ਲੈ ਕੇ ਅੱਜ ਤੱਕ 287 ਕਰੋੜ ਰੁਪਿਆ ਬਕਾਇਆ ਵੀ ਪੰਜ ਕਿਸ਼ਤਾਂ ਵਿੱਚ ਦੇਣ ਦਾ ਐਲਾਨ ਕੀਤਾ ਹੈ, ਇਸ ਦਾ ਨੋਟੀਫਿਕੇਸ਼ਨ ਜਾਰੀ ਹੋ ਚੁੱਕਿਆ ਹੈ। ਮੈਂ ਮਾਸਟਰ ਜੀ ਨੂੰ ਇਹ ਗੱਲ ਵੀ ਖੁਸ਼ੀ ਨਾਲ ਦੱਸਦਾ ਹਾਂ ਕਿ ਸਾਲ 2003 ਤੋਂ ਪਹਿਲਾਂ ਜਿੰਨੇ ਬਕਾਏ ਪੈਨਸ਼ਨਾਂ ਦੇ ਸਨ, ਉਨ੍ਹਾਂ ਦੀ 40 ਕਰੋੜ ਰੁਪਏ ਦੀ ਪਹਿਲੀ

Original with;
Punjab Vidhan Sabha
Digitized by;
Panjab Digital Library

[ ਸਿੱਖਿਆ ਤੇ ਭਾਸ਼ਾ ਮੰਤਰੀ ]

ਕਿਸ਼ਤ ਰਲੀਜ਼ ਹੋ ਚੁੱਕੀ ਹੈ, ਜਿਹੜੀ ਉਨ੍ਹਾਂ ਮੁਲਾਜ਼ਮਾਂ ਨੂੰ ਮਿਲਣੀ ਹੈ। ਮੈਂ ਸਮਝਦਾ ਹਾਂ ਕਿ ਇਹ ਪ੍ਰਾਈਵੇਟ ਏਡਿਡ ਸਕੂਲਾਂ ਨੂੰ ਬਚਾਉਣ ਵਾਸਤੇ ਸਰਦਾਰ ਪਰਕਾਸ਼ ਸਿੰਘ ਬਾਦਲ ਦੀ ਸਰਕਾਰ ਦੀ ਬਹੁਤ ਵੱਡੀ ਪ੍ਰਾਪਤੀ ਹੈ। (ਥੰਪਿੰਗ)

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਮੇਰੀ ਇਕ ਬੇਨਤੀ ਸੁਣ ਲਵੋ। ਇਹ ਖੁਸ਼ੀ ਦੀ ਗੱਲ ਹੈ ਕਿ ਪ੍ਰਾਈਵੇਟ ਏਡਿਡ ਸਕੂਲਾਂ ਦੇ ਕਰਮਚਾਰੀਆਂ ਦੀ ਪੈਨਸ਼ਨ ਬਹਾਲ ਕਰ ਦਿੱਤੀ ਹੈ। ਦੂਸਰੀ ਮੰਗ ਮੇਰੀ ਇਹ ਹੈ ਕਿ ਜਿਹੜੀ ਤਿੰਨ-ਚਾਰ ਸਾਲਾਂ ਤੋਂ ਫਰੀਜ਼ ਲੱਗੀ ਹੋਈ ਹੈ, ਸਕੂਲ ਬੰਦ ਹੋ ਰਹੇ ਹਨ, ਇਨ੍ਹਾਂ ਪ੍ਰਾਈਵੇਟ ਏਡਿਡ ਸਕੂਲਾਂ ਦਾ ਪੰਜਾਬ ਦੇ ਸਿੱਖਿਆ ਢਾਂਚੇ ਵਿੱਚ 80% ਯੋਗਦਾਨ ਹੈ। ਇਨ੍ਹਾਂ ਵਿਚ ਖਾਲਸਾ ਸਕੂਲ ਵੀ ਹਨ, ਆਰੀਆ ਸਕੂਲ ਵੀ ਹਨ, ਕ੍ਰਿਸ਼ਚੀਅਨ ਸਕੂਲ ਵੀ ਹਨ ਜਿਨ੍ਹਾਂ ਸਕੂਲਾਂ ਦੀਆਂ ਪੋਸਟਾਂ ਫਰੀਜ਼ ਕੀਤੀਆਂ ਹੋਈਆਂ ਹਨ।.....

**ਮਾਨਯੋਗ ਸਪੀਕਰ :** ਸਕੂਲਾਂ ਨੂੰ ਫਰੀਜ਼ ਕਰਨ ਦਾ ਕੀ ਪ੍ਰੋਗਰਾਮ ਹੈ? ਫਰੀਜ਼ਿੰਗ ਪੁਆਇੰਟ ਬਾਰੇ ਕੀ ਗੱਲ ਹੈ?

**ਮੰਤਰੀ :** ਸਪੀਕਰ ਸਾਹਿਬ, ਪਿਛਲੀ ਸਰਕਾਰ ਵੇਲੇ ਸਾਲ 2002 ਵਿੱਚ ਇਕ ਚਿੱਠੀ ਇਸ਼ੂ ਕੀਤੀ ਸੀ ਜਿਸ ਤਹਿਤ ਪੰਜਾਬ ਸਰਕਾਰ ਦੀਆਂ ਸਾਰੀਆਂ ਪੋਸਟਾਂ ਫਰੀਜ਼ ਕਰ ਦਿੱਤੀਆਂ ਸਨ ਅਤੇ ਨਵੀਂ ਭਰਤੀ ਤੇ ਪਾਬੰਦੀ ਲਗਾ ਦਿੱਤੀ ਸੀ। ਲੇਕਿਨ ਪ੍ਰਾਈਵੇਟ ਏਡਿਡ ਸਕੂਲ ਵਾਲਿਆਂ ਨੇ ਉਦੋਂ 444 ਪੋਸਟਾਂ ਭਰ ਲਈਆਂ ਸਨ, ਲੇਕਿਨ ਜਦੋਂ ਉਨ੍ਹਾਂ ਨੇ ਸਰਕਾਰ ਤੋਂ ਪੁੱਛਿਆ ਕਿ ਕੀ ਇਹ ਚਿੱਠੀ ਪ੍ਰਾਈਵੇਟ ਏਡਿਡ ਸਕੂਲਾਂ ਤੇ ਵੀ ਲਾਗੂ ਹੁੰਦੀ ਹੈ ਤਾਂ ਸਰਕਾਰ ਨੇ ਕਹਿ ਦਿੱਤਾ ਕਿ ਹਾਂ, ਇਹ ਉਨ੍ਹਾਂ ਤੇ ਵੀ ਲਾਗੂ ਹੁੰਦੀ ਹੈ। ਉਦੋਂ ਤੋਂ ਇਹ ਪੋਸਟਾਂ ਫਰੀਜ਼ ਹੋਈਆਂ ਹਨ।

**ਮਾਨਯੋਗ ਸਪੀਕਰ :** ਹਾਂ ਜੀ, ਸੁਖਪਾਲ ਸਿੰਘ ਖਹਿਰਾ ਜੀ। (ਵਿਘਨ)

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਮੇਰੀ ਮੰਗ ਹੈ ਅਤੇ ਮੈਂ ਜਾਣਨਾ ਚਾਹੁੰਦਾ ਹਾਂ ਕਿ ਕੀ ਇਨ੍ਹਾਂ ਸਕੂਲਾਂ ਤੋਂ ਜਲਦੀ ਹੀ ਰਿਕਰੂਟਮੈਂਟ ਦੀ ਫਰੀਜ਼ਿੰਗ ਹਟਾਈ ਜਾਵੇਗੀ? ਇਹ 4,000 ਪੋਸਟਾਂ ਹਨ। ਇਨ੍ਹਾਂ 4,000 ਪੋਸਟਾਂ ਵਾਸਤੇ ਚੀਫ ਮਨਿਸਟਰ ਸਾਹਿਬ ਬਿਆਨ ਦੇਣ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਇਸ ਹਾਊਸ ਦਾ ਅਖੀਰਲਾ ਸੈਸ਼ਨ ਹੈ। ਆਪਾਂ ਸਾਰੇ ਬੜੀ ਦੇਰ ਤੋਂ ਬਾਅਦ, ਤਕਰੀਬਨ ਛੇ ਮਹੀਨੇ ਦੇ ਵਕਫ਼ੇ ਤੋਂ ਬਾਅਦ ਇੱਕਠੇ ਹੋਏ ਹਾਂ। ਇਸ ਤੋਂ ਪਹਿਲਾਂ ਕਿ ਮੈਂ ਆਪਣਾ ਕਾਲ ਅਟੈਂਨਸ਼ਨ ਪੜ੍ਹਾਂ ਮੈਂ ਸਿਰਫ ਦੋ ਮਿੰਟ ਦਾ ਟਾਈਮ ਲੈਣਾ ਹੈ ਜੀ। ਕਿਉਂਕਿ ਹੁਣ ਮਾਹੌਲ ਬਿਲਕੁਲ ਸ਼ਾਂਤਮਈ ਹੈ। ਇਸ ਲਈ ਸਿਰਫ ਆਪਣੀ ਪਬਲਿਕ ਇੰਪਾਰਟੈਂਸ ਦੀ ਇੱਕ ਗੱਲ ਕਨਵੇਅ ਕਰਨੀ ਚਾਹੁੰਦਾ ਹਾਂ ਜੀ। ਪਲੀਜ਼, ਹੋਰ ਕੋਈ ਗੱਲ ਨਹੀਂ ਹੈ ਜੀ। ਮੈਂ ਸਿਰਫ ਦੋ ਮਿੰਟ

Original with;
Punjab Vidhan Sabha
Digitized by;
Panjab Digital Library

ਹੀ ਲੈਣੇ ਚਾਹੁੰਦਾ ਹਾਂ ਜੀ। (ਵਿਘਨ)(ਸ਼ੋਰ)

(ਇਸ ਸਮੇਂ ਟਰੈਜਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਬੋਲ ਰਹੇ ਸਨ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਮੇਰੀ ਗੱਲ ਸੁਣੋ। ਜੋ ਏਜੰਡਾ ਚੱਲ ਰਿਹਾ ਹੈ, ਤੁਸੀਂ ਉਸ ਦੀ ਗੱਲ ਕਰੋ। ਤੁਸੀਂ ਹੋਰ ਕੋਈ ਗੱਲ ਨਾ ਕਰੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਸਿਰਫ ਦੋ ਮਿੰਟ ਦੀ ਹੀ ਗੱਲ ਹੈ ਜੀ। ਇਹ ਲਾਸਟ ਸੈਸ਼ਨ ਹੈ।

**ਮਾਨਯੋਗ ਸਪੀਕਰ :** ਨਹੀਂ ਜੀ। ਤੁਸੀਂ ਆਪਣੀ ਕਾਲ ਅਟੈਨਸ਼ਨ ਪੜ੍ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇੰਨਾ ਵੱਡਾ ਘਾਟਾ ਪਬਲਿਕ ਅੰਡਰਟੇਕਿੰਗਜ਼ ਨੂੰ ਪਿਆ ਹੈ ਜੀ.....

**ਮਾਨਯੋਗ ਸਪੀਕਰ :** ਚਲੋ, ਚਾਹੇ ਘਾਟਾ ਪਿਆ ਹੈ ਪਰ ਤੁਸੀਂ ਆਪਣਾ ਏਜੰਡਾ ਪੜ੍ਹੋ ਮੈਂ ਨਹੀਂ ਸਮਝਦਾ ਕਿ ਤੁਸੀਂ ਏਜੰਡੇ ਤੋਂ ਬਾਹਰ ਜਾਓ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਟਰਾਂਸਪੋਰਟ ਖੇਤਰ ਦਾ ਚੀਫ਼ ਮਨਿਸਟਰ ਸਾਹਿਬ ਅਤੇ ਡਿਪਟੀ ਚੀਫ਼ ਮਨਿਸਟਰ ਸਾਹਿਬ ਸਾਰਾ ਲਾਹਾ ਆਪਣੇ ਪਰਿਵਾਰ ਵਿੱਚ ਲੈ ਗਏ ਹਨ ਜੀ।(ਵਿਘਨ)(ਸ਼ੋਰ) 70 ਫੀਸਦੀ ਬੱਸਾਂ ਦੇ ਸਾਰੇ ਟਰੇਡ ਉਤੇ ਕਬਜ਼ਾ ਕਰ ਲਿਆ ਹੈ। ਸਪੀਕਰ ਸਾਹਿਬ, 'ਟ੍ਰਿਬਿਊਨ' ਅਖਬਾਰ ਦੇਖੋ ਜੀ। ਇਕ ਦਿਨ ਦੀ ਨਹੀਂ (ਵਿਘਨ)(ਸ਼ੋਰ) "..... Buses Public losses." (ਵਿਘਨ)(ਸ਼ੋਰ) ਸਪੀਕਰ ਸਾਹਿਬ, ਇਹ ਇਸ ਰੀਜਨ ਦੀ ਸਭ ਤੋਂ ਵੱਡੀ ਅਖਬਾਰ ਹੈ ਜੀ। ਅਗਲੇ ਦਿਨ ਕਹਿੰਦੇ ਹਨ, (ਵਿਘਨ) (ਸ਼ੋਰ) " How Badals hijack Punjab luxury buses business." (ਵਿਘਨ)(ਸ਼ੋਰ)

(ਇਸ ਸਮੇਂ ਟਰੈਜ਼ਰੀ ਬੈਂਚਿਜ਼ ਵੱਲੋਂ ਕਈ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸਮੇਂ ਦੀ ਮੰਗ ਕਰ ਰਹੇ ਸਨ ਅਤੇ ਬੋਲ ਰਹੇ ਸਨ ਜਿਸ ਕਾਰਨ ਸਾਫ ਸੁਣਾਈ ਨਹੀਂ ਦੇ ਰਿਹਾ ਸੀ।) (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਨਹੀਂ ਜੀ। ਤੁਸੀਂ ਕਾਲ ਅਟੈਨਸ਼ਨ ਪੜ੍ਹੋ। (ਵਿਘਨ) (ਸ਼ੋਰ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਅੱਗੇ ਕਹਿੰਦੇ ਹਨ, "How the Transport Policy was manuplated for private profit." ਅੰਤ ਵਿੱਚ ਕਹਿੰਦੇ ਹਨ ਕਿ "public losses private profit."

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਵਿਰਸਾ ਸਿੰਘ ਵਲਟੋਹਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲ ਰਹੇ ਸਨ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਸਾਫ

Original with;
Punjab Vidhan Sabha
Digitized by;
Panjab Digital Library

ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ :** ਤੁਸੀਂ ਏਜੰਡੇ ਦੀ ਗੱਲ ਕਰੋ।(ਵਿਘਨ)(ਸ਼ੋਰ)

**ਸਰਦਾਰ ਵਿਰਸਾ ਸਿੰਘ ਵਲਟੋਹਾ :** ਸਪੀਕਰ ਸਾਹਿਬ, ਮੈਂ ਕਿਸਾਨੀ ਦਾ ਮਸਲਾ ਉਠਾਉਣਾ ਹੈ।(ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਕਿਸਾਨੀ ਦਾ ਮਸਲਾ ਉਠਾ ਲੈਣਾ ਜਿਸ ਵੇਲੇ ਉਠਾਉਣਾ ਹੈ, ਹਾਲੇ ਤੁਸੀਂ ਬੈਠੋ ਜੀ। (ਵਿਘਨ)(ਸ਼ੋਰ)

(ਇਸ ਸਮੇਂ ਟਰਾਂਸਪੋਰਟ ਮੰਤਰੀ, ਸ਼੍ਰੀ ਸੁਰਜੀਤ ਕੁਮਾਰ ਜਿਆਣੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ ਅਤੇ ਅਖਬਾਰ ਵਿਖਾ ਰਹੇ ਸਨ।)

**ਮਾਨਯੋਗ ਸਪੀਕਰ :** ਜਿਆਣੀ ਜੀ, ਬੈਠੋ।(ਵਿਘਨ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਨ੍ਹਾਂ ਨੂੰ ਬਚਾਉਣ ਲਈ ਤੁਸੀਂ ਖਜਾਨੇ ਦਾ ਹੋਰ ਪੈਸਾ ਲੁਟਾ ਰਹੇ ਹੋ। ਚਾਰ ਦਿਨ 'ਟ੍ਰਿਬਿਊਨ' ਅਖਬਾਰ ਵਿੱਚ ਆਉਣ ਤੋਂ ਬਾਅਦ ਚੀਫ਼ ਮਨਿਸਚਰ ਸਾਹਿਬ ਇੱਕ ਲਫਜ਼ ਨਹੀ ਬੋਲੇ। (ਵਿਘਨ,ਸ਼ੋਰ) ਤੁਸੀਂ ਇਹ ਸਰਕਾਰ ਦਾ ਪੈਸਾ ਹੋਰ ਖਰਾਬ ਕਰ ਰਹੇ ਹੋ। ਮੈਂ ਕਹਿਣਾ ਚਾਹੁੰਦਾ ਹਾਂ ਕਿ ਜਿਹੜੀ ਨੀਤੀ ਟਰਾਂਸਪੋਰਟ ਦੀ ਹੈ ਇਹ, ਸਪੀਕਰ ਸਾਹਿਬ, (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਦੇਖੋ, ਜੇ ਏਜੰਡੇ ਤੇ ਬੋਲਣਾ ਹੈ, ਠੀਕ ਹੈ, ਨਹੀਂ ਤਾਂ ਮੈਂ ਤੁਹਾਡੀ ਕਾਲ ਅਟੈਨਸ਼ਨ ਖਤਮ ਕਰ ਦੇਣੀ ਹੈ।(ਵਿਘਨ) (ਸ਼ੋਰ) ਤੁਸੀਂ ਕਿਉਂ ਰੌਲਾ ਪਾਈ ਜਾਂਦੇ ਹੋ? ਹਾਂ ਜੀ, ਬੋਲੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸ਼ੁਕਰੀਆ ਸਪੀਕਰ ਸਾਹਿਬ, ਮੈਂ ਜੋ ਕਹਿਣਾ ਚਾਹੁੰਦਾ ਸੀ ਉਹ ਆਪਣੀ ਗੱਲ ਕਨਵੇਅ ਕੀਤੀ ਹੈ।ਜਿਆਣੀ ਸਾਹਿਬ ਸੱਚ ਤਾਂ ਕੌੜਾ ਲਗਦਾ ਹੀ ਹੈ।

(ਇਸ ਸਮੇਂ ਸਰਦਾਰ ਵਿਰਸਾ ਸਿੰਘ ਵਲਟੋਹਾ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਬੋਲ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਤੂੰ ਘਬਰਾਉਦਾ ਕਿਉਂ ਹੈ? ਉਹ ਤਾਂ ਵਿਰਸਾ ਸਿੰਘ ਲੋਕਾਂ ਨੇ ਵੋਟਾਂ ਪਾਉਣੀਆਂ ਹਨ। ਲੋਕਾਂ ਨੇ ਵੋਟਾਂ ਪਾਉਣੀਆ ਹਨ। ਤੇਰੇ ਕਹਿਣ ਤੇ ਤਾਂ ਨਹੀਂ ਵੋਟ ਪੈਣੀ। 1,09,000 ਵੋਟਰ ਨੇ ਵੋਟ ਪਾਉਣੀ ਹੈ।(ਵਿਘਨ) Who are you? Who are you?

**ਮਾਨਯੋਗ ਸਪੀਕਰ :** ਹਾਂ ਜੀ , ਆਪਣੀ ਗੱਲ ਕਰੋ। ਤੁਸੀਂ ਏਜੰਡੇ ਤੇ ਬੋਲੋ ਸਾਰੇ ਬੈਠੋ ਜੀ ਪਲੀਜ਼ (ਵਿਘਨ)(ਸ਼ੋਰ) ਬੈਠੋ ਮੋਹਨ ਲਾਲ ਜੀ।

(ਇਸ ਸਮੇਂ ਮਾਨਯੋਗ ਮੈਂਬਰ ਸਰਦਾਰ ਬਿਕਰਮ ਸਿੰਘ ਮਜੀਠੀਆ ਆਪਣੀ ਸੀਟ

Original with;
Punjab Vidhan Sabha
Digitized by;
Panjab Digital Library

ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ।)

**ਸਰਦਾਰ ਸੁਖਪਾਲ ਸਿੰਘ ਖਹਿਰਾ :** ** ** (ਵਿਘਨ,ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ** **

**ਮਾਨਯੋਗ ਸਪੀਕਰ :** ਇਹ ** ਲਫਜ਼ ਨਹੀਂ ਲਿਖਣੇ। ਤੁਸੀਂ ਬੈਠ ਜਾਉ, ਪਲੀਜ਼। ਤੁਸੀਂ ਆਪਣੇ ਏਜੰਡੇ ਵੱਲ ਕਿਉਂ ਨਹੀਂ ਚਲਦੇ? (ਵਿਘਨ) (ਸ਼ੋਰ)

**ਸਰਦਾਰ ਅਵਤਾਰ ਸਿੰਘ ਬਰਾੜ :** ਜਿਹੜੇ ਲਫਜ਼ ਇਥੇ ਗਲਤ ਬੋਲੇ ਗਏ ਹਨ, ਤੁਸੀਂ ਕਟਵਾ ਦਿਓ ਜੀ।

**ਮਾਨਯੋਗ ਸਪੀਕਰ :** ਉਹ ਮੈਂ ਰਿਕਾਰਡ ਨਹੀਂ ਹੋਣ ਦਿੱਤੇ। ਜਿਹੜੇ ਇਨ੍ਹਾਂ ਨੇ ਆਪਸ ਵਿੱਚ ਲਫਜ਼ ਬੋਲੇ ਹਨ, ਉਹ ਰਿਕਾਰਡ ਨਹੀਂ ਹੋਣੇ।

---

## (SERIAL NO. 6)

**SARDAR SUKHPAL SINGH KHAIRA :** Sir, I beg to draw the attention of the Government towards a matter of urgent public importance, namely, defacement of national and state highways and other pubilc buildings in the State by putting up hoardings, flex boards, sign boards, illegal advertisements by various political parties,unauthorized companies and individuals. By doing so and putting up huge flex boards and hoardings all across the State including cities and towns, not only our state stands defaced but it becomes a major hazard while travelling on the highways and other roads leading to serious accidents. Even the traffic sign boards are covered with these advertisement on the roads, particularly on highways. There is a great resentment amongst the people of Punjab over this issue.

Keeping in view the obvious and urgent importance of matter, the Minister concerned may please be asked to make a statement on the floor of the House.

**ਲੋਕ ਨਿਰਮਾਣ (ਭ ਤੇ ਮ) ਮੰਤਰੀ (ਸਰਦਾਰ ਪਰਮਿੰਦਰ ਸਿੰਘ ਢੀਂਡਸਾ) :** ਨੈਸ਼ਨਲ ਅਤੇ ਸਟੇਟ ਹਾਈਵੇਜ਼, ਮਿਉਂਸਿਪਲ ਰੋਡਜ਼ ਅਤੇ ਸਰਕਾਰੀ ਇਮਾਰਤਾਂ ਤੇ ਵੱਖ-ਵੱਖ ਰਾਜਨੀਤਿਕ ਪਾਰਟੀਆਂ ਅਤੇ ਵਪਾਰਕ ਸੰਗਠਨਾਂ ਵੱਲੋਂ ਨਜਾਇਜ਼ ਹੋਰਡਿੰਗਜ਼,

**Expunged as ordered by the Chair.

Original with;
Punjab Vidhan Sabha
Digitized by;
Panjab Digital Library

[ ਲੋਕ ਨਿਰਮਾਣ (ਭ ਤੇ ਮ) ਮੰਤਰੀ ]

ਫਲੈਕਸ ਬੋਰਡਜ਼ ਅਤੇ ਇਸ਼ਤਿਹਾਰ ਲਗਾਏ ਗਏ ਸਨ। ਇਸ ਸਬੰਧ ਵਿੱਚ ਇਹ ਸੂਚਿਤ ਕੀਤਾ ਜਾਂਦਾ ਹੈ ਕਿ ਸੀ.ਓ.ਸੀ.ਪੀ. ਨੂੰ 143/2010 ਵਿਕਰਮ ਸ਼ਾਰਦਾ ਬਨਾਮ ਕ੍ਰਿਸ਼ਨ ਮੋਹਨ ਅਤੇ ਹੋਰ ਨਜਾਇਜ਼ ਹੋਰਡਿੰਗਜ਼ ਨੂੰ ਹਟਾਉਣ ਅਤੇ ਹੋਰ ਮਾਮਲਿਆਂ ਸਬੰਧੀ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿਖੇ ਲੰਬਿਤ ਹੈ। ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵੱਲੋਂ ਨੈਸ਼ਨਲ ਹਾਈਵੇਜ਼/ਸਟੇਟ ਹਾਈਵੇਜ਼ ਅਤੇ ਮਿਉਂਸਿਪਲ ਰੋਡਜ਼ ਤੇ ਰਾਈਟ ਆਫ ਵੇਅ ਦੇ ਅੰਦਰ ਨਜਾਇਜ਼ ਹੋਰਡਿੰਗਜ਼ ਨੂੰ ਹਟਾਉਣ ਸਬੰਧੀ ਅਦੇਸ਼ ਦਿੱਤੇ ਗਏ ਸਨ। ਇਸ ਦੇ ਅਨੁਸਾਰ ਹੀ ਮੁੱਖ ਸਕੱਤਰ ਜੀ ਵੱਲੋਂ ਸਮੂਹ ਡਿਪਟੀ ਕਮਿਸ਼ਨਰਾਂ ਅਤੇ ਸਬੰਧਿਤ ਵਿਭਾਗਾਂ ਨੂੰ ਆਦੇਸ਼ ਦਿੱਤੇ ਗਏ ਸਨ ਕਿ ਸੜਕਾਂ ਦੇ ਰਾਈਟ ਆਫ ਵੇਅ ਅੰਦਰ ਨਜਾਇਜ਼ ਕਬਜ਼ਿਆਂ ਨੂੰ ਤੁਰੰਤ ਹਟਾਇਆ ਜਾਵੇ। ਸੰਮੂਹ ਡਿਪਟੀ ਕਮਿਸ਼ਨਰਾਂ ਵੱਲੋਂ ਇਹ ਹਲਫੀਆ ਬਿਆਨ ਪੇਸ਼ ਕੀਤੇ ਗਏ ਹਨ ਕਿ ਰਾਜਨੀਤਿਕ ਪਾਰਟੀਆਂ/ਲੀਡਰਾਂ ਅਤੇ ਵਪਾਰਕ ਸੰਗਠਨਾਂ ਵੱਲੋਂ ਨੈਸ਼ਨਲ ਅਤੇ ਸਟੇਟ ਹਾਈਵੇਜ਼ ਸਮੇਤ ਮਿਉਂਸਿਪਲ ਰੋਡਜ਼ ਤੇ ਲਗਾਏ ਤਕਰੀਬਨ ਸਾਰੇ ਨਜਾਇਜ਼ ਹੋਰਡਿੰਗਜ਼ ਹਟਾ ਦਿੱਤੇ, ਗਏ ਹਨ ਤਾਂ ਜੋ ਹਾਈਵੇਜ਼ ਅਤੇ ਦੂਜੀਆਂ ਸੜਕਾਂ ਤੇ ਸਫਰ ਦੇ ਦੌਰਾਨ ਗੰਭੀਰ ਦੁਰਘਟਨਾਵਾਂ ਤੋਂ ਬਚਿਆ ਜਾ ਸਕੇ । ਸਮੂਹ ਡਿਪਟੀ ਕਮਿਸ਼ਨਰਾਂ ਪਾਸੋਂ ਪ੍ਰਾਪਤ ਸੂਚਨਾ ਦੇ ਅਧਾਰ ਤੇ ਮਾਨਯੋਗ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਵਿੱਚ ਮਿਤੀ 30.9.2011 ਨੂੰ ਇਹ ਸੂਚਿਤ ਕਰਦੇ ਹੋਏ ਹਲਫੀਆ ਬਿਆਨ ਦਾਇਰ ਕਰ ਦਿੱਤਾ ਗਿਆ ਸੀ ਕਿ ਪੰਜਾਬ ਰਾਜ ਦੇ ਸਮੂਹ ਜ਼ਿਲ੍ਹਿਆਂ ਵਿੱਚ 10,372 ਨਜਾਇਜ਼ ਹੋਰਡਿੰਗਜ਼ ਹਟਾ ਦਿੱਤੇ ਗਏ ਹਨ। ਹਟਾਏ ਗਏ ਨਜਾਇਜ਼ ਹੋਰਡਿੰਗਜ਼ ਦਾ ਜ਼ਿਲ੍ਹੇ ਵਾਰ ਵੇਰਵਾ Annexure 'A' ਤੇ ਨੱਥੀ ਕੀਤਾ ਜਾਂਦਾ ਹੈ। ਰਾਜਨੀਤਿਕ ਪਾਰਟੀਆਂ ਅਤੇ ਵਪਾਰਕ ਸੰਗਠਨਾਂ ਵੱਲੋਂ ਲਗਾਏ ਗਏ ਨਜਾਇਜ਼ ਹੋਰਡਿੰਗਜ਼ ਨੂੰ ਹਟਾਉਣ ਦਾ ਕੰਮ ਭਵਿੱਖ ਵਿਚ ਵੀ ਜਾਰੀ ਰਹੇਗਾ।

## ANNEXURE 'A'

| S. No. | Name of Deputy Commissioner | Number and nature of unauthorized hoardings | | | No. of Removed hoardings |
|---|---|---|---|---|---|
| | | Political Hoardings | Commercial Hoardings | Total | |
| 1. | D.C. Amritsar | 1546 | 1091 | 2637 | 2637 |
| 2. | D.C. Bathinda | 84 | 294 | 378 | 378 |
| 3. | D.C. Barnala | 27 | 80 | 107 | 107 |
| 4. | D.C. Faridkot | 56 | 111 | 167 | 167 |
| 5. | D.C. Fatehgarh Sahib | 130 | 252 | 382 | 382 |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 6. | Fazilka | 86 | 139 | 225 | 225 |
| 7. | Ferozepur | 44 | 98 | 142 | 142 |
| 8. | Gurdaspur | 366 | 364 | 730 | 730 |
| 9. | Hoshiarpur | 35 | 283 | 318 | 318 |
| 10. | Jalandhar | 284 | 186 | 470 | 470 |
| 11. | Kapurthala | 373 | 249 | 622 | 622 |
| 12. | Ludhiana | 832 | 161 | 993 | 943 |
| 13. | Mansa | 57 | 77 | 134 | 134 |
| 14. | Moga | 79 | 72 | 151 | 151 |
| 15. | Muktsar | 112 | 141 | 253 | 253 |
| 16. | Patiala | 253 | 216 | 469 | 469 |
| 17. | Pathankot | 47 | 115 | 162 | 162 |
| 18. | Roopnagar | 57 | 91 | 148 | 148 |
| 19. | Sangrur | 158 | 337 | 495 | 495 |
| 20. | Shaheed Bhagat Singh Nagar | 254 | 232 | 486 | 486 |
| 21. | S.A.S. Nagar | 239 | 573 | 812 | 812 |
| 22. | Tarn Taran | 100 | 41 | 141 | 141 |
| | **Total** | **5219** | **5203** | **10422** | **10372** |

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜਿਹੜਾ ਜਵਾਬ ਮਨਿਸਟਰ ਸਾਹਿਬ ਵੱਲੋਂ ਆਇਆ ਹੈ ਇਹ ਬਿਲਕੁਲ ਮੁਕੰਮਲ ਕਾਗਜ਼ੀ ਕਾਰਵਾਈ ਦੀ ਕਲਾਸਿਕ ਐਗਜ਼ਾਂਪਲ ਹੈ ਕਿ ਕਿਸ ਤਰ੍ਹਾਂ ਸਾਡਾ ਸਿਸਟਮ ਕੋਲੈਪਸ ਹੋ ਗਿਆ ਹੈ। ਹਾਈ ਕੋਰਟ ਦੀਆਂ ਹਦਾਇਤਾਂ ਦੇ ਬਾਵਜੂਦ, ਮੁੱਖ ਸਕੱਤਰ ਸਾਹਿਬ ਦੀਆਂ ਹਦਾਇਤਾਂ ਦੇ ਬਾਵਜੂਦ ਭਾਵੇਂ ਕਿ ਉਨ੍ਹਾਂ ਨੇ ਸਟੇਟ ਦੇ ਸਮੂਹ ਡਿਪਟੀ ਕਮਿਸ਼ਨਰਜ਼ ਨੂੰ ਸਖਤ ਹਦਾਇਤਾਂ ਕੀਤੀਆਂ ਹਨ, ਤੁਸੀਂ ਪੰਜਾਬ ਵਿੱਚ ਹਰ ਰੋਜ਼ ਨਿਕਲਦੇ ਹੋ, ਟਰੈਵਲ ਕਰਦੇ ਹੋ, ਹਰ ਸ਼ਹਿਰ ਵਿੱਚ, ਹਰ ਨੈਸ਼ਨਲ ਹਾਈਵੇਅ ਤੇ, ਸਟੇਟ ਹਾਈਵੇਅ ਤੇ, ਪਲਾਨਡ ਰੋਡਜ਼ ਤੇ ਅਤੇ ਲਿੰਕ ਰੋਡਜ਼ ਤੇ ਜਿਹੜੀਆਂ ਕਸਬਿਆਂ ਨੂੰ ਜਾਂਦੀਆਂ ਹਨ, ਉਨ੍ਹਾਂ ਉੱਤੇ ਮੁਕੰਮਲ ਤੌਰ ਤੇ ਪੰਜਾਬ ਨੂੰ ਡੀਫੇਸ ਕੀਤਾ ਹੋਇਆ ਹੈ। ਕੌਂਸਲਰਾਂ ਤੋਂ ਲੈ ਕੇ ਜਿਹੜੇ ਯੂਥ ਵਿੰਗ ਦੇ ਢਾਈ-ਤਿੰਨ ਸੌ ਦੇ ਕਰੀਬ ਮੀਤ ਪ੍ਰਧਾਨਾਂ ਤੋਂ ਲੈ ਕੇ ਹੇਠਾਂ ਤੱਕ ਲਗਾਤਾਰ ਜਿਹੜਾ ਉਠਦਾ ਹੈ ਉਹ .....(ਵਿਘਨ.....) ਇਨ੍ਹਾਂ ਨੂੰ ਤਕਲੀਫ ਕਿਉਂ ਹੁੰਦੀ ਹੈ? ਪਲੀਜ਼ ਸੁਣ ਲਓ ਛੋਟੇ ਵੀਰ, ਮੇਰੀ ਗੱਲ ਸੁਣ ਲਓ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਸੁਣੋ ਜੀ, ਪਲੀਜ਼।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੈਂ ਤੁਹਾਨੂੰ ਆਪਣੀ ਗੱਲ ਸੁਣਾਉਣੀ ਹੈ ਜੀ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਕਾਗਜ਼ਾਂ ਵਿੱਚ ਸਭ ਕੁਝ ਹੋ ਗਿਆ ਹੈ।.....(ਵਿਘਨ.....)

**ਮਾਨਯੋਗ ਸਪੀਕਰ :** ਤੁਹਾਨੂੰ ਕੀ ਕਲੈਰੀਫਿਕੇਸ਼ਨ ਚਾਹੀਦੀ ਹੈ?

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਸ਼ਹਿਰਾਂ ਵਿਚ ਜਿੰਨੇ ਬਿਜਲੀ ਦੇ ਖੰਭੇ ਹਨ ਉਨ੍ਹਾਂ ਸਾਰਿਆਂ ਤੇ ਹੀ ਬੋਰਡ ਲੱਗੇ ਹੋਏ ਹਨ , ਰਾਤ ਨੂੰ ਚਮਕਣ ਵਾਲੇ ਬੋਰਡ ਲੱਗੇ ਹੋਏ ਹਨ। ਉਨ੍ਹਾਂ ਸਾਰਿਆਂ ਉਤੇ ਹੀ ਇਨ੍ਹਾਂ ਨੇ ਉੱਪਰ ਤੋਂ ਲੈ ਕੇ ਹੇਠਾਂ ਤੱਕ ਆਪਣੀਆਂ 10-15 ਫੋਟੋਆਂ ਲਗਾ ਕੇ ਇਨ੍ਹਾਂ ਕਸਬਿਆਂ ਦੀ ਸ਼ਕਲ ਭੱਦੀ ਕਰ ਦਿੱਤੀ ਹੈ। .....(ਵਿਘਨ.....) ਮੈਂ ਇਹ ਸਾਰਿਆਂ ਨੂੰ ਹੀ ਕਹਿੰਦਾ ਹਾਂ। ਸਾਰੀਆਂ ਪਾਰਟੀਆਂ ਦੇ ਲੋਕ ਇਹ ਆਪਣੀ ਇਮਦਾਦ ਕਰਵਾਉਣਾ ਚਾਹੁੰਦੇ ਹੋਣਗੇ, ਮੈਂ ਸਾਰਿਆਂ ਨੂੰ ਕਹਿ ਰਿਹਾ ਹਾਂ ਕਿ ਸਾਰੀਆਂ ਪਾਰਟੀਆਂ, ਵਪਾਰੀ ਲੋਕ, ਜਿਸ ਦਾ ਦਿਲ ਕਰਦਾ ਹੈ ਝੰਡਾ ਗੱਡ ਕੇ ਬੋਰਡ ਲਗਾ ਲੈਂਦੇ ਹਨ। ਇਸ ਦਾ ਸਿੱਟਾ ਇਹ ਹੁੰਦਾ ਹੈ ਕਿ ਟਰੈਫਿਕ ਹੈਜ਼ਰਡ ਹੋ ਜਾਂਦਾ ਹੈ। ਜਿਹੜੇ ਲੋਕ ਬਾਹਰੋਂ ਸਫਰ ਕਰਦੇ ਹਨ, ਆਉਂਦੇ ਹਨ, ਉਨ੍ਹਾਂ ਨੂੰ ਕਿਸ ਤਰ੍ਹਾਂ ਡਾਇਰੈਕਸ਼ਨ ਪਤਾ ਚੱਲੇਗੀ ਕਿ ਕਿਹੜਾ ਪਿੰਡ, ਕਿਹੜੀ ਸੜਕ ਕਿੱਧਰ ਨੂੰ ਜਾਂਦੀ ਹੈ। ਉਸ ਦੇ ਉਤੇ ਵੀ ਇਨ੍ਹਾਂ ਨੇ ਆਪਣੀਆਂ ਹੋਰਡਿੰਗਜ਼ ਲਗਾਈਆਂ ਹੋਈਆਂ ਹਨ। ਇਸ ਦੇ ਨਾਲ ਟਰੈਫਿਕ ਹੈਜ਼ਰਡ ਹੁੰਦਾ ਹੈ ਅਤੇ ਪੰਜਾਬ ਦੀ ਸ਼ਕਲ ਭੱਦੀ ਵੀ ਨਜ਼ਰ ਆਉਂਦੀ ਹੈ। ਇਸ ਦੇ ਨਾਲ ਹੀ ਨਾਲ ਇਹ ਬਹੁਤ ਵੱਡੀ ਐਨਵਾਇਰਨਮੈਂਟਲ ਹੈਜ਼ਰਡ ਵੀ ਹੈ ਕਿਉਂਕਿ ਜਿੰਨੇ ਵੀ ਬੋਰਡ ਪਲਾਸਟਿਕ ਦੇ ਲਗਾਏ ਹਨ, ਜਦੋਂ ਹਨੇਰੀ ਆਉਂਦੀ ਹੈ, ਇਹ ਸਾਰੇ ਡਿੱਗ ਕੇ, ਉਡ ਕੇ ਸੜਕਾਂ ਤੇ ਆ ਜਾਂਦੇ ਹਨ ਅਤੇ ਇਨ੍ਹਾਂ ਦੀਆਂ ਫੋਟੋਆਂ ਜਿਹੜੇ ਆਪਣੇ ਆਪ ਨੂੰ ਬਹੁਤ ਵੱਡੇ ਲੀਡਰ ਅਖਵਾਉਂਦੇ ਹਨ, ਇਹ ਉਨ੍ਹਾਂ ਦੇ ਪੈਰਾਂ ਵਿੱਚ ਰੁਲਦੀਆਂ ਹਨ। ਜਿਹੜਾ ਕੈਮੀਕਲ ਹੈ ਉਹ ਐਨਵਾਇਰਨਮੈਂਟਲ ਹੈਜ਼ਰਡ ਬਣ ਜਾਂਦਾ ਹੈ ਕਿਉਂਕਿ ਇਸ ਨੂੰ ਬਾਇਓਲੋਜੀਕਲੀ ਖ਼ਤਮ ਨਹੀਂ ਕੀਤਾ ਜਾ ਸਕਦਾ। ਇਹ ਪਾਣੀ ਦੇ ਵਿੱਚ ਰਲ ਕੇ ਸਾਰੇ ਪਾਣੀ ਨੂੰ ਪ੍ਰਦੂਸ਼ਤ ਕਰਦਾ ਹੈ। ਸਪੀਕਰ ਸਾਹਿਬ, ਇਹ ਬਹੁਤ ਵੱਡੀ ਚਿੰਤਾ ਦਾ ਵਿਸ਼ਾ ਹੈ। ਦੂਸਰਾ ਮੇਰਾ ਪੁਆਇੰਟ ਇਹ ਹੈ ਕਿ ਨੈਸ਼ਨਲ ਹਾਈਵੇ ਉਤੇ ਕੁਝ ਸਪਾਟ ਹੋਣ ਜਿਹੜੇ ਕਿ ਗੌਰਮਿੰਟ ਨੇ ਵੱਡੀਆਂ-ਵੱਡੀਆਂ ਕੰਪਨੀਆਂ ਲਈ ਤੈਅ ਕੀਤੇ ਹੋਣ ਕਿ ਉਹ ਜੇਕਰ ਉਨ੍ਹਾਂ ਥਾਵਾਂ ਉਤੇ ਬੋਰਡ ਲਗਾਉਣਾ ਚਾਹੁੰਣ ਅਤੇ ਮਸ਼ਹੂਰੀ ਲੈਣਾ ਚਾਹੁੰਣ ਤਾਂ ਉਨ੍ਹਾਂ ਥਾਵਾਂ ਦਾ ਵੱਡਾ ਕਿਰਾਇਆ ਫਿਕਸ ਕੀਤਾ ਜਾਵੇ, ਉਸ ਨਾਲ ਰੈਵੇਨਿਊ ਵੱਧ ਸਕਦਾ ਹੈ ਅਤੇ ਸਾਡੀ ਸਟੇਟ ਨੂੰ ਲਾਭ ਮਿਲ ਸਕਦਾ ਹੈ। ਇਸ ਤਰ੍ਹਾਂ ਦੀ ਪਾਲਿਸੀ ਬਣਨ ਨਾਲ ਸਰਕਾਰੀ ਖਜ਼ਾਨੇ ਵਿਚ ਕਰੋੜਾਂ ਰੁਪਏ ਦੀ ਆਮਦਨ ਪਹੁੰਚ ਸਕਦੀ ਹੈ।

**ਮਾਨਯੋਗ ਸਪੀਕਰ :** ਤੁਸੀਂ ਬਾਦਲ ਸਾਹਿਬ ਦੀ ਗੱਲ ਸੁਣ ਲਓ ਪਲੀਜ਼।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸਪੀਕਰ ਸਾਹਿਬ, ਜੋ ਆਨਰੇਬਲ ਮੈਂਬਰ ਨੇ ਇਹ ਗੱਲ ਕਹੀ ਹੈ, ਮੈਂ ਉਸ ਨਾਲ ਸਹਿਮਤ ਹਾਂ। ਆਪਾਂ ਇੱਕ ਰੈਜੋਲਿਊਸ਼ਨ ਯੂਨੈਨੀਮਸਲੀ ਪਾਸ ਕਰ ਲਈਏ ਕਿ ਘੱਟੋ-ਘੱਟ ਰਾਜ ਵਿਚ ਰਾਜਨੀਤਿਕ ਪਾਰਟੀਆਂ ਵਾਲੇ ਜੋ ਬੋਰਡ ਲਗਾਉਂਦੇ ਹਨ, ਉਹ ਨਾ ਲਗਾਉਣ। ਮੈਂ ਇਹ ਨਹੀਂ ਕਹਿੰਦਾ ਕਿ ਤੁਸੀਂ ਹੀ ਲਗਾਉਂਦੇ ਹੋ, ਆਪਾਂ ਸਾਰੇ ਲਗਾਉਂਦੇ ਹਾਂ। ਗੌਰਮਿੰਟ ਵੱਲੋਂ ਹਦਾਇਤ ਕਰ ਦੇਈਏ ਕਿ ਇੱਕ ਹਫਤੇ ਦੇ ਅੰਦਰ-ਅੰਦਰ ਜਾਂ ਤਾਂ ਸਾਰੇ ਬੋਰਡ ਆਪਣੇ ਆਪ ਲਾਹ ਲੈਣ ਨਹੀਂ ਤਾਂ ਉਨ੍ਹਾਂ ਨੂੰ ਸਰਕਾਰ ਲੁਹਾ ਦੇਵੇ। (ਟਰੈਜ਼ਰੀ ਬੈਂਚਾਂ ਵੱਲੋਂ ਥੰਪਿੰਗ) ਕੀ ਤੁਸੀਂ ਸਾਰੇ ਸਹਿਮਤ ਹੋ? (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ)

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ,.....

**ਮਾਨਯੋਗ ਸਪੀਕਰ :** ਜਾਖੜ ਜੀ, ਤੁਹਾਨੂੰ ਨਹੀਂ ਪਤਾ ਕਿ ਧਿਆਨ ਦਿਵਾਊ ਮਤੇ ਉਤੇ ਹੋਰ ਕਿਸੇ ਨੇ ਨਹੀਂ ਬੋਲਣਾ ਹੁੰਦਾ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਮੈਂ ਇਕ ਕਲੈਰੀਫਿਕੇਸ਼ਨ ਲੈਣ ਲੱਗਾ ਹਾਂ .....

**ਮਾਨਯੋਗ ਸਪੀਕਰ :** ਉਨ੍ਹਾਂ ਨੇ ਕਲੈਰੀਫਿਕੇਸ਼ਨ ਦੇ ਦਿੱਤੀ ਹੈ। ਜੇਕਰ ਬੋਲਣਾ ਹੈ ਤਾਂ ਨੋਟਿਸ ਵਾਲਾ ਹੀ ਬੋਲ ਸਕਦਾ ਹੈ। ਤੁਸੀਂ ਨਹੀਂ ਬੋਲ ਸਕਦੇ।

(ਇਸ ਸਮੇਂ ਮਾਨਯੋਗ ਮੈਂਬਰ ਸ਼੍ਰੀ ਸੁਨੀਲ ਕੁਮਾਰ ਜਾਖੜ ਬਿਨ੍ਹਾਂ ਇਜਾਜ਼ਤ ਬੋਲ ਰਹੇ ਸਨ।)

ਨਹੀਂ ਜੀ, ਨਹੀਂ ਜੀ। No, No. ਤੁਸੀਂ ਨਹੀਂ ਬੋਲਣਾ। ਤੁਸੀਂ ਬੈਠ ਜਾਉ ਪਲੀਜ਼। ਤੁਸੀਂ ਆਪਣੀ ਗੱਲ ਬਾਅਦ ਵਿਚ ਕਰ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜਿਹੜਾ ਸੀ.ਐਮ. ਸਾਹਿਬ ਨੇ ਜਵਾਬ ਦਿੱਤਾ ਹੈ, ਬਿਲਕੁਲ ਇਸੇ ਤਰ੍ਹਾਂ ਦਾ ਜਵਾਬ 6 ਮਹੀਨੇ ਪਹਿਲਾਂ ਵੀ ਇਸੇ ਹਾਊਸ ਵਿਚ ਦਿੱਤਾ ਸੀ।.....(ਸ਼ੋਰ)(ਵਿਘਨ)..... ਮੈਂ ਸਾਰਿਆਂ ਦੀ ਗੱਲ ਕਰਨ ਲੱਗਾ ਹਾਂ। ਜਿਹੜਾ ਜਿਥੇ ਚਾਹੁੰਦਾ ਹੈ, ਉਥੇ ਉਹ ਆਪਣਾ ਬੋਰਡ ਲਗਾ ਲੈਂਦਾ ਹੈ।

**ਮਾਨਯੋਗ ਸਪੀਕਰ :** ਇਸ ਦਾ ਤਾਂ ਜਵਾਬ ਤੁਹਾਨੂੰ ਮਿਲ ਗਿਆ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਨਹੀਂ ਜੀ, ਸੀ.ਐਮ. ਸਾਹਿਬ ਨੇ ਕੇਵਲ ਰਾਜਨੀਤਕ ਪਾਰਟੀਆਂ ਤੱਕ ਇਸ ਗੱਲ ਨੂੰ ਸੀਮਤ ਰੱਖਿਆ ਹੈ। ਇਸ ਤੋਂ ਇਲਾਵਾ ਹੋਰ ਅਜਿਹੇ ਬੜੇ ਲੋਕ ਹਨ ਜਿਹੜੇ ਜਿਥੇ ਮਰਜ਼ੀ ਚਾਹੁੰਣ ਆਪਣਾ ਬੋਰਡ ਗੱਡ ਲੈਂਦੇ ਹਨ। I want to suggest ਕਿ ਜੇਕਰ ਸਰਕਾਰ ਚਾਹੇ ਤਾਂ ਵੱਡੀਆਂ ਕੰਪਨੀਆਂ ਕੋਲੋਂ ਕਰੋੜਾਂ ਰੁਪਿਆ ਸਾਲ ਵਿਚ ਕਮਾ ਸਕਦੀ ਹੈ। ਅੱਜ 1-1 ਲੱਖ ਰੁਪਏ ਦਾ ਬੋਰਡ ਵਿਕਦਾ ਹੈ, ਇਸ ਕੀਮਤ ਤੋਂ ਡਰਦਾ ਕੋਈ ਲਵਾਏਗਾ ਹੀ ਨਹੀਂ। ਪਰ ਮੈਂ ਬੇਨਤੀ ਕਰਦਾ ਹਾਂ.....

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਚਲੋ ਠੀਕ ਹੈ। ਤੁਸੀਂ ਬੈਠੋ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਬਦਕਿਸਮਤੀ ਹੈ ਕਿ ਅੱਜ ਲੀਡਰ ਆਫ ਦਿ ਆਪੋਜ਼ੀਸ਼ਨ ਨਹੀਂ ਹਨ। ਇਨ੍ਹਾਂ ਵੱਲੋਂ ਕੋਈ 'ਹਾਂ' ,'ਨਾਂਹ' ਤਾਂ ਹੈ ਨਹੀਂ। ਤੁਸੀਂ ਦੱਸ ਦਿਉ। ਜੇਕਰ ਤੁਸੀਂ ਸਹਿਮਤ ਹੋ ਤਾਂ ਆਪਾਂ ਸਾਰੇ ਹੀ ਹਟਾ ਲੈਂਦੇ ਹਾਂ।

**ਸਰਦਾਰ ਲਾਲ ਸਿੰਘ :** ਸਪੀਕਰ ਸਾਹਿਬ, ਜਿਹੜੀ ਮੁੱਖ ਮੰਤਰੀ ਜੀ ਨੇ ਗੱਲ ਕੀਤੀ ਹੈ.....

**ਮਾਨਯੋਗ ਸਪੀਕਰ :** ਮੈਨੂੰ ਸਮਝ ਨਹੀਂ ਆਉਂਦੀ ਕਿ ਤੁਸੀਂ ਜਵਾਬ ਕਿਉਂ ਦਿੰਦੇ ਹੋ।ਤੁਸੀਂ ਕੋਈ ਜਵਾਬ ਨਹੀਂ ਦੇਣਾ। ਤੁਸੀਂ ਬੈਠ ਜਾਉ।

**ਸਰਦਾਰ ਲਾਲ ਸਿੰਘ :** ਅੱਜ ਸਰਦਾਰ ਅਵਤਾਰ ਸਿੰਘ ਬਰਾੜ ਸਾਡੇ ਆਫੀਸ਼ੀਅਲੀ ਲੀਡਰ ਹਨ। (ਸ਼ੋਰ)(ਵਿਘਨ)

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) (ਬੈਠੇ-ਬੈਠੇ):** ਉਨ੍ਹਾਂ ਨੂੰ ਮਸਾਂ ਤਾਂ ਕੁਰਸੀ ਮਿਲੀ ਹੈ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ,.....

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਤੁਹਾਡਾ ਕੁਝ ਵੀ ਰਿਕਾਰਡ ਤੇ ਨਹੀਂ ਆਉਣਾ। ਜੋ ਵੀ ਤੁਸੀਂ ਬੋਲਣਾ ਹੈ, ਉਹ ਕੁਝ ਵੀ ਨਹੀਂ ਆਉਣਾ।ਫਿਰ ਐਵੇਂ ਕਿਉਂ ਟਾਈਮ ਜ਼ਾਇਆ ਕਰਦੇ ਹੋ? ਬੈਠੋ ਪਲੀਜ਼।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਤੁਸੀਂ ਇੰਨੇ ਸਖ਼ਤ ਕਿਉਂ ਹੋ? ਮੈਂ ਤਾਂ ਕੇਵਲ ਧੰਨਵਾਦ ਕਰਨ ਲਈ ਹੀ ਖੜ੍ਹਾ ਹੋਇਆਂ ਹਾਂ। ਮੈਂ ਤੁਹਾਡਾ ਮਤਲਬ ਸਮਝ ਗਿਆ ਹਾਂ ਕਿ ਤੁਸੀਂ ਕਿਹੜੀ ਭਾਸ਼ਾ ਸਮਝਦੇ ਹੋ।(ਹਾਸਾ)

**ਮਾਨਯੋਗ ਸਪੀਕਰ :** ਮੈਂ ਤੁਹਾਨੂੰ ਬੇਨਤੀ ਕਰਨ ਲੱਗਾ ਹਾਂ ਕਿ ਇਸ ਇਸ਼ੂ ਉਤੇ ਬੋਲਦਿਆਂ ਤੁਸੀਂ ਡਿਬੇਟ ਨਹੀਂ ਕਰ ਸਕਦੇ।ਤੁਸੀਂ ਜਵਾਬ ਲਵੋ।ਹਾਂ ਜੀ, ਖਹਿਰਾ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪਲੀਮੈਂਟਰੀ ਤਾਂ ਇੱਕ ਹੁੰਦੀ ਹੈ।

**ਮਾਨਯੋਗ ਸਪੀਕਰ :** ਇੱਕ ਸਪਲੀਮੈਂਟਰੀ ਹੋ ਗਈ। ਤੁਸੀਂ ਸਪਲੀਮੈਂਟਰੀ ਥੋੜ੍ਹਾ ਕਰਦੇ ਹੋ, ਸਗੋਂ ਉਸ ਵਿਚ ਤੁਸੀਂ ਰੁੱਝ ਜਾਂਦੇ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜੇ ਕੋਈ ਮਾੜੀ ਗੱਲ ਕੀਤੀ ਹੈ ਤਾਂ ਕੱਟ ਦਿਉ ਜੀ।ਸੀ.ਐਮ. ਸਾਹਿਬ ਨੇ ਮੇਰੀ ਗੱਲ ਮੰਨੀ ਹੈ ਕਿ ਸਾਰੇ ਕਰ ਦਿੰਦੇ ਹਾਂ।

**ਮਾਨਯੋਗ ਸਪੀਕਰ :** ਉਹ ਤਾਂ ਤੁਹਾਡੀ ਗੱਲ ਦਾ ਜਵਾਬ ਦਿੱਤਾ ਹੈ। ਚਲੋ, ਖਹਿਰਾ ਸਾਹਿਬ, ਤੁਸੀਂ ਅਗਲੀ ਕਾਲ ਅਟੈਂਸ਼ਨ ਪੜ੍ਹੋ।

Original with;
Punjab Vidhan Sabha
Digitized by;
Panjab Digital Library

## (SERIAL NO. 8)

**SARDAR SUKHPAL SINGH KHAIRA :** Sir, I beg to draw the attention of the Government towards a matter of urgent public importance, namely, the lackadaisical attiude of the State Government towards the flood protection works located on the river Beas. In July, 2009, the Irrigation and Drainage Department had sent six separate schemes for the flood protection works on river Beas to the Central Water Commission for financial assistance under 'Flood Management Programme'. In return, the Central Water Commission, in July, 2009, requested the state Government to formulate an 'Integrated Project' of all these schemes covering the entire River and to send the same to CWC to avail the central Assistance under FMP.

Unfortunately, till now, the State Government has not responded to the request depriving the state of getting Central Assistance to curb the present spate of floods in the Beas River bed. There is a great resentment and anguish amongst the flood affected people of the area over this issue.

Keeping in view the obvious and urgent importance of the matter, the Minister concerned may please be asked to make a statement on the floor of the House.

**ਸਿੰਜਾਈ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) :** ਸਪੀਕਰ ਸਾਹਿਬ, ਇਹ ਜਿਹੜਾ ਧਿਆਨ ਦਿਵਾਊ ਮਤਾ ਆਨਰੇਬਲ ਮੈਂਬਰ ਸਾਹਿਬ ਨੇ ਲਿਆਂਦਾ ਹੈ, ਮੈਂ ਸਾਰਾ ਹੀ ਪੜ੍ਹ ਦਿੰਦਾ ਹਾਂ। ਇਸ ਦੇ ਵਿੱਚ ਤਾਂ ਇਹ ਆਪ ਹੀ ਫਸਦੇ ਹਨ। ਇਨ੍ਹਾਂ ਨੇ ਅੱਗੇ ਵੀ ਕਿਹਾ ਸੀ। ਭਾਰਤ ਸਰਕਾਰ ਦੇ ਫਲੱਡ ਮੈਨੇਜਮੈਂਟ ਪ੍ਰੋਗਰਾਮ ਅਧੀਨ 75% ਦੀ ਕੇਂਦਰੀ ਸਹਾਇਤਾ ਦਿੱਤੀ ਜਾਂਦੀ ਹੈ। ਇਸ ਸਹਾਇਤਾ ਨੂੰ ਲੈਣ ਵਾਸਤੇ 28 ਨੰਬਰ ਹੜ੍ਹ ਰੋਕੂ ਸਕੀਮਾਂ ਭਾਰਤ ਸਰਕਾਰ ਨੂੰ ਭੇਜੀਆਂ ਗਈਆਂ। ਰਾਜ ਸਰਕਾਰਾਂ ਦੁਆਰਾ ਭੇਜੇ ਪ੍ਰੋਜੈਕਟਾਂ ਨੂੰ ਪਾਸ ਕਰਨ ਵਾਸਤੇ ਫਲੱਡ ਮੈਨੇਜਮੈਂਟ ਪ੍ਰੋਗਰਾਮ ਦੀ ਚੌਥੀ ਹਾਈ ਪਾਵਰਡ ਕਮੇਟੀ ਦੀ ਮੀਟਿੰਗ ਮਿਤੀ 10.07.2009 ਨੂੰ ਹੋਈ ਸੀ। ਇਸ ਮੀਟਿੰਗ ਵਿੱਚ 28 ਨੰਬਰ ਸਕੀਮਾਂ ਵਿਚੋਂ 30.99 ਕਰੋੜ ਦੀਆਂ 3 ਨੰਬਰ ਸਕੀਮਾਂ ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਦੇ ਪੱਤਰ ਨੰਬਰ: 4/43/project/2008/-FMP/742-46 ਮਿਤੀ, 16.7.2009 ਰਾਹੀਂ ਪਾਸ ਕੀਤੀਆਂ ਗਈਆਂ ਅਤੇ ਬਾਕੀ 25 ਨੰਬਰ ਸਕੀਮਾਂ ਦੇ ਦਰਿਆ-ਵਾਈਜ਼ ਪ੍ਰੋਜੈਕਟ ਤਿਆਰ ਕਰਨ ਅਤੇ ਦੁਬਾਰਾ ਪੇਸ਼ ਕਰਨ ਵਾਸਤੇ ਹਦਾਇਤ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

[ ਸਿੰਜਾਈ ਮੰਤਰੀ ]

ਇਸ ਤੋਂ ਅੱਗੇ ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਦਿੱਤੀ ਹਦਾਇਤ ਮੁਤਾਬਿਕ ਦਰਿਆ-ਵਾਈਜ਼ ਪੰਜ ਪ੍ਰੋਜੈਕਟ ਤਿਆਰ ਕੀਤੇ ਗਏ ਅਤੇ ਇਨ੍ਹਾਂ ਵਿਚੋਂ ਬਿਆਸ ਦਰਿਆ ਦਾ Project for construction of flood protection works along left and right side of River-Beas, ਲੰਬਾਈ 120.19 ਕਿਲੋਮੀਟਰ in ਜ਼ਿਲ੍ਹਾ ਗੁਰਦਾਸਪੁਰ, ਹੁਸ਼ਿਆਰਪੁਰ ਅਤੇ ਕਪੂਰਥਲਾ, ਜਿਸ ਦੀ ਕੀਮਤ 41.09 ਕਰੋੜ ਰੁਪਏ ਹੈ, ਸੈਂਟਰਲ ਵਾਟਰ ਕਮਿਸ਼ਨ ਭਾਰਤ ਸਰਕਾਰ, ਨਵੀਂ ਦਿੱਲੀ ਨੂੰ ਮੁੱਖ ਇੰਜੀਨੀਅਰ, ਜਲ ਨਿਕਾਸ ਦੁਆਰਾ ਮਿਤੀ 14.12.2010 ਨੂੰ ਭੇਜਿਆ ਗਿਆ। ਇਸ ਪ੍ਰੋਜੈਕਟ ਉਪਰ ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਉਠਾਏ ਗਏ ਨੁਕਤਿਆਂ ਦੀ ਪਾਲਣਾ ਕਰਨ ਉਪਰੰਤ ਇਹ ਪ੍ਰੋਜੈਕਟ ਮਿਤੀ 4.6.2011 ਅਤੇ ਮਿਤੀ 31.8.2011 ਨੂੰ ਭੇਜਿਆ ਗਿਆ। ਇਹ ਪ੍ਰੋਜੈਕਟ ਡਾਇਰੈਕਟਰ, (ਫਲੱਡ ਮੈਨੇਜਮੈਂਟ-1) ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਤਕਨੀਕੀ ਪੱਖੋਂ ਪਾਸ ਕਰ ਦਿੱਤਾ ਹੈ।

ਡਾਇਰਕੈਟਰ, ਫਲੱਡ ਮੈਨੇਜਮੈਂਟ-1, ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ ਨਵੀਂ ਦਿੱਲੀ ਵੱਲੋਂ ਇਸ ਪ੍ਰੋਜੈਕਟ ਡਾਇਰੈਕਟਰ ਕਾਸਟ ਅਪਰੇਜ਼ਲ ਨੂੰ ਇਸ ਪ੍ਰੋਜੈਕਟ ਦੀ ਕੀਮਤ ਫਾਈਨਲ ਕਰਨ ਲਈ ਭੇਜਿਆ ਗਿਆ।

ਡਾਇਰੈਕਟਰ, ਫਲੱਡ ਮੈਨੇਜਮੈਂਟ-1, ਸੈਂਟਰਲ ਵਾਟਰ ਕਮਿਸ਼ਨ, ਭਾਰਤ ਸਰਕਾਰ, ਨਵੀਂ ਦਿੱਲੀ ਵੱਲੋਂ ਉਠਾਏ ਗਏ ਨੁਕਤਿਆਂ ਦਾ ਜਵਾਬ ਮੁੱਖ ਇੰਜੀਨੀਅਰ/ਜਲ ਨਿਕਾਸ, ਵੱਲੋਂ ਮਿਤੀ 27.9.2011 ਨੂੰ ਭੇਜ ਦਿੱਤਾ ਗਿਆ ਹੈ।

ਉਪਰੋਕਤ ਤੋਂ ਇਹ ਸਪੱਸ਼ਟ ਹੁੰਦਾ ਹੈ ਕਿ ਪੰਜਾਬ ਸਰਕਾਰ, ਭਾਰਤ ਸਰਕਾਰ ਤੋਂ ਫਲੱਡ ਮੈਨੇਜਮੈਂਟ ਪ੍ਰੋਗਰਾਮ ਅਧੀਨ, ਪੰਜਾਬ ਰਾਜ ਨੂੰ ਹੜ੍ਹਾਂ ਦੀ ਮਾਰ ਤੋਂ ਬਚਾਉਣ ਲਈ ਅਤੇ ਫਲੱਡ ਦੇ ਕੰਮਾਂ ਵਾਸਤੇ ਗ੍ਰਾਂਟ ਪ੍ਰਾਪਤ ਕਰਨ ਲਈ ਪੂਰੀ ਤਰ੍ਹਾਂ ਯਤਨਸ਼ੀਲ ਹੈ।

ਸਪੀਕਰ ਸਾਹਿਬ, ਮੈਂ ਇੱਥੇ ਇਹ ਦੱਸਣਾ ਚਾਹੁੰਦਾ ਹਾਂ ਕਿ ਸਾਡੇ ਵੱਲੋਂ ਵਾਰ-ਵਾਰ ਸਾਰੀਆਂ ਤਰੁੱਟੀਆਂ ਦੂਰ ਕਰਨ ਦੇ ਬਾਵਜੂਦ ਕੇਂਦਰ ਸਰਕਾਰ ਵੱਲੋਂ ਕਿਸੇ ਸਟੇਟ ਨੂੰ 1000 ਕਰੋੜ ਰੁਪਿਆ ਕਿਸੇ ਨੂੰ 500 ਕਰੋੜ ਰੁਪਿਆ ਦਿੱਤਾ ਗਿਆ ਹੈ ਪਰੰਤੂ ਸਾਡਾ ਇਹ ਪ੍ਰੋਜੈਕਟ ਅਜੇ ਵੀ ਲਮਕਾ ਕੇ ਰੱਖਿਆ ਹੋਇਆ ਹੈ। ਉਹ ਕਦੇ ਇਹ ਕਹਿ ਦਿੰਦੇ ਹਨ ਕਿ ਕਾਸਟ ਅਪਰੇਜ਼ਲ ਲਈ ਭੇਜਿਆ ਹੋਇਆ ਹੈ ਅਤੇ ਉਹ ਸਾਨੂੰ ਕੁਝ ਦੇ ਨਹੀਂ ਰਹੇ ਅਤੇ ਮਾਨਯੋਗ ਮੈਂਬਰ ਕਹਿ ਰਿਹਾ ਹੈ ਕਿ ਇਹ ਤੁਸੀਂ ਭੇਜੇ ਨਹੀਂ। ਪਰ ਮੈਂ ਮਾਨਯੋਗ ਮੈਂਬਰ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਹ ਭਾਰਤ ਸਰਕਾਰ ਨੇ ਤਾਂ ਸਾਨੂੰ ਕੁਝ ਨਹੀਂ ਦਿੱਤਾ ਪਰ ਪਹਿਲੀ ਵਾਰ ਹੋਇਆ ਹੈ ਕਿ ਬਾਦਲ ਸਾਹਿਬ ਨੇ ਦਰਿਆਵਾਂ ਦੇ ਰੱਖ-ਰਖਾਅ ਲਈ ਸਾਨੂੰ 100 ਕਰੋੜ ਰੁਪਿਆ ਦਿੱਤਾ ਹੈ। (ਥੰਪਿੰਗ)

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਹਰ ਗੱਲ ਨੂੰ ਕੋਈ ਨਾ

Original with;
Punjab Vidhan Sabha
Digitized by;
Panjab Digital Library

ਕੋਈ ਰੰਗਤ ਦੇ ਕੇ ਇਹ ਖਹਿੜਾ ਛੁਡਾਉਣਾ ਚਾਹੁੰਦੇ ਹਨ। ਇਨ੍ਹਾਂ ਨੇ ਮੇਰਾ ਮਤਾ ਪੜ੍ਹਿਆ ਨਹੀਂ। I never alleged ਕਿ ਤੁਸੀਂ ਨਹੀਂ ਭੇਜਿਆ, ਜਿਹੜੀ ਪ੍ਰੋਪੋਜ਼ਲ 2009 ਵਿੱਚ ਵਾਟਰ ਕਮਿਸ਼ਨ ਨੂੰ ਭੇਜੀ ਹੋਈ ਹੈ, ਉਸ ਦਾ ਸਟੇਟਸ ਕੀ ਹੈ ਉਹ ਤੁਸੀਂ ਚੰਗੀ ਤਰ੍ਹਾਂ ਪੜ੍ਹਿਆ ਨਹੀਂ ਹੈ। ਦੂਸਰੀ ਮੇਰੀ ਬੇਨਤੀ ਹੈ ਕਿ ਜਿਹੜਾ ਦਰਿਆ ਬਿਆਸ ਹੈ ਇਸ ਦਾ ਇਸ ਸਾਲ ਜਿਹੜਾ ਪਿੱਛੇ ਪੌਂਗ ਡੈਮ ਤੋਂ excessive water ਰਿਲੀਜ਼ ਹੋਇਆ ਅਤੇ ਉਥੇ ਜਿਹੜੀ ਉਨ੍ਹਾਂ ਨੂੰ ਫਲੱਡ ਦੀ ਥਰੈਟ ਪਰਸੈਪਸ਼ਨ ਸੀ, ਉਸ ਦੇ ਕਾਰਨ ਇਕੱਲੇ ਕਪੂਰਥਲੇ ਵਿੱਚ 50 ਹਜ਼ਾਰ ਏਕੜ ਝੋਨੇ ਦੀ ਖੜ੍ਹੀ ਫਸਲ ਖਰਾਬ ਹੋਈ ਹੈ। ਸਪੀਕਰ ਸਾਹਿਬ, ਇਹ ਇਕ ਸਾਲ ਖਰਾਬ ਨਹੀਂ ਹੋਈ ਸਗੋਂ, ਇਹ ਲਗਾਤਾਰ ਹਰ ਸਾਲ ਹੁੰਦੀ ਹੈ। ਇੱਥੇ ਅਸੈਂਬਲੀ ਵਿੱਚ ਲਗਾਤਾਰ ਕਿਸੇ ਨਾ ਕਿਸੇ ਤਰ੍ਹਾਂ ਦਾ ਸਵਾਲ ਉਠਦਾ ਹੈ, ਕਦੇ ਸਤਲੁਜ ਕਰਕੇ ਉਠਦਾ ਹੈ, ਕਦੇ ਬਿਆਸ ਕਰਕੇ ਉਠਦਾ ਹੈ। ਮੰਤਰੀ ਸਾਹਿਬ, ਇਹ ਜੋ ਲੋਕਾਂ ਦੀ ਜਿਹੜੀ ਜ਼ਮੀਨ ਦਰਿਆ ਬੁਰਦ ਹੋ ਰਹੀ ਹੈ ਅਤੇ ਜੇ ਤੁਹਾਡੀ ਮੰਡ ਵਿਚ ਹੋਈ ਹੁੰਦੀ ਤਾਂ ਤੁਸੀਂ ਰਾਤੋ-ਰਾਤ ਸਭ ਕੁਝ ਇਥੇ ਲਿਆਉਣਾ ਸੀ ਜਾਂ ਸਪੀਕਰ ਸਾਹਿਬ, ਇਨ੍ਹਾਂ ਨੇ ਇਥੋਂ ਹੀ ਜਿਹੜੇ ਪੰਜਾਬ ਸਰਕਾਰ ਦੇ ਫੰਡਜ਼ ਹਨ you could have arranged something. ਸਪੀਕਰ ਸਾਹਿਬ, ਅਨਫਾਰਚੂਨੇਟਲੀ ਭੁਲੱਥ ਦਾ, ਮੇਰਾ ਇਸ਼ੂ ਹੈ, ਇੱਥੇ ਲਗਭਗ 25 ਪਿੰਡ ਹਨ। (ਵਿਘਨ)

**ਮਾਨਯੋਗ ਸਪੀਕਰ :** ਸੇਖੋਂ ਸਾਹਿਬ, ਤੁਸੀਂ ਬਾਅਦ ਵਿਚ ਜਵਾਬ ਦੇ ਲੈਣਾ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਮੇਰਾ ਕਨਸਰਨ ਤਾਂ ਇਹ ਹੈ ਕਿ ਵੈਸੇ ਤਾਂ ਹਰ ਪਾਸੇ ਫਲੱਡ ਆਉਂਦਾ ਹੈ, ਇਹ ਮਾੜੀ ਗੱਲ ਹੈ ਲੇਕਿਨ ਮੇਰੇ ਆਪਣੇ ਹਲਕੇ ਵਿਚ ਬਿਆਸ ਦਰਿਆ ਦੇ ਨਾਲ ਸ਼੍ਰੀ ਹਰਿਗੋਬਿੰਦਪੁਰ ਤੋਂ ਲੈ ਕੇ ਸੁਲਤਾਨਪੁਰ ਤੱਕ, ਸਾਡੇ ਆਨਰੇਬਲ ਮਨਿਸਟਰ ਸਾਹਿਬ ਬੈਠੇ ਹਨ, ਇਨ੍ਹਾਂ ਦੇ ਹਲਕੇ ਤੱਕ ਆ ਜਾਂਦਾ ਹੈ। 100 ਕਿਲੋਮੀਟਰ ਤੱਕ ਬਿਆਸ ਰਿਵਰ ਰਨ ਕਰ ਰਹੀ ਹੈ। ਉਸ ਵਿਚ 25 ਪਿੰਡ ਅਜਿਹੇ ਹਨ ਜਿਨ੍ਹਾਂ ਦੀ ਬਹੁਤ ਸਾਰੀ ਜ਼ਮੀਨ ਅੰਦਰ ਹੈ ਔਰ ਬਹੁਤ ਸਾਰੇ ਮੰਡ ਦੇ ਪਿੰਡ ਅੰਦਰ ਹਨ। ਜਦੋਂ ਦਰਿਆ ਵਿਚ ਪ੍ਰੈਸ਼ਰ ਨਾਲ ਪਾਣੀ ਵੱਧ ਆਉਂਦਾ ਹੈ, ਉਨ੍ਹਾਂ ਜ਼ਿਮੀਦਾਰਾਂ ਦੀ ਜਿਹੜੀ ਜ਼ਮੀਨ ਹੈ, ਉਹ ਦਰਿਆ ਕਰਕੇ ਖਰਾਬ ਹੋਣ ਲੱਗ ਜਾਂਦੀ ਹੈ। ਜਿਹੜੇ ਤੁਹਾਡੇ ਸਟੱਡ ਔਰ ਸਪੱਰ ਦੇ ਪ੍ਰੋਗਰਾਮ ਹੁੰਦੇ ਹਨ, ਉਸ ਦੇ ਲਈ ਮੈਂ ਰਿਪੀਟੀਡਲੀ, ਜਦੋਂ ਦਾ ਮੈਂ ਐਮ.ਐਲ.ਏ. ਬਣਿਆ ਹਾਂ, ਉਦੋਂ ਦਾ ਮੈਂ ਰਿਮਾਈਂਡ ਕਰਵਾਉਂਦਾ ਆ ਰਿਹਾ ਹਾਂ, ਕਦੀ ਕਾਲ ਅਟੈਨਸ਼ਨ ਦੀ ਸ਼ਕਲ ਵਿੱਚ, ਕਦੀ ਕੁਐਸਚਨ ਦੀ ਸ਼ਕਲ ਵਿੱਚ, ਕਦੀ ਜ਼ੀਰੋ ਆਵਰ ਵਿੱਚ।

**ਮਾਨਯੋਗ ਸਪੀਕਰ :** ਤੁਸੀਂ ਸਵਾਲ ਕਰੋ, ਤੁਸੀਂ ਲੰਮੀ ਗੱਲ ਕਰਦੇ ਹੋ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਸ ਤੋਂ ਵੱਧ ਹੋਰ ਆਪਾਂ ਕਰਨਾ ਵੀ ਕੀ ਹੈ? ਬਿਲ ਤਾਂ ਆਪਾਂ ਪੰਜਾਂ ਮਿੰਟਾਂ ਵਿਚ ਪਾਸ ਕਰ ਲੈਣੇ ਹਨ। ਹੋਰ ਕੋਈ ਬਿਜ਼ਨਸ ਹੈ ਤਾਂ ਦੱਸ ਦਿਉ। ਬਿਲ ਤਾਂ ਪੰਜ ਮਿੰਟਾਂ ਵਿੱਚ ਪਾਸ ਕਰਵਾ ਲੈਣੇ ਹਨ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਬਹੁਤ ਹੀ ਸੀਰੀਅਸ ਇਸ਼ੂ ਹੈ। ਇੱਥੇ ਤਾਂ ਆਪਾਂ

Original with;
Punjab Vidhan Sabha
Digitized by;
Panjab Digital Library

[ **ਸਰਦਾਰ ਸੁਖਪਾਲ ਸਿੰਘ ਖਹਿਰਾ** ]

ਟਾਈਮ ਟਪਾ ਦਿੰਦੇ ਹਾਂ। ਫਰਜ਼ ਕਰੋ ਕਿਸੇ ਦੀ ਤਿੰਨ ਏਕੜ ਜ਼ਮੀਨ ਹੈ ਤੇ ਉਸ ਦੀ ਦੋ ਏਕੜ ਜ਼ਮੀਨ ਰੁੜ੍ਹ ਗਈ ਹੈ ਤਾਂ ਤੁਸੀਂ ਉਸ ਦੇ ਹਾਲਾਤ ਜੱਜ ਕਰੋ। ਇਸ ਲਈ ਮੈਂ ਕਹਿਣਾ ਚਾਹੁੰਦਾ ਹਾਂ, ਸਾਡਾ ਜਿਹੜਾ ਜ਼ਿਲ੍ਹਾ ਹੈ, ਪੰਜਾਬ ਦੀ ਤਾਂ ਬਹੁਤ ਲੰਬੀ ਗੱਲ ਹੋ ਜਾਂਦੀ ਹੈ, ਕੀ ਸਾਨੂੰ ਇੱਥੋਂ ਦੇ ਸਟੇਟ ਦੇ ਫਲੱਡ ਪ੍ਰੋਟੈਕਸ਼ਨ ਵਰਕਸ ਦੇ ਜੋ ਪੈਸੇ ਹਨ, ਤੁਹਾਡੇ ਕੋਲ ਇੱਥੇ ਵੀ ਪੈਸੇ ਹਨ, ਬਹੁਤ ਛੋਟੀ ਜਿਹੀ ਅਮਾਊਂਟ ਹੈ, ਤੁਸੀਂ ਸਾਲ 2009 ਵਿਚ ਜਵਾਬ ਦਿੱਤਾ ਸੀ, ਉਸ ਵਿਚ ਪਿੰਡ ਗਿਣਾਏ ਸੀ, ਕੇਵਲ 10 ਕਰੋੜ 24 ਲੱਖ ਦੀ ਪਰਪੋਜ਼ਲ ਹੈ ਔਰ ਹਜ਼ਾਰਾਂ ਏਕੜ ਜ਼ਮੀਨ ਜਿਹੜੀ ਦਰਿਆ ਬੁਰਦ ਹੁੰਦੀ ਹੈ, ਉਹ ਬਚ ਸਕਦੀ ਹੈ। ਕੀ, ਸਪੀਕਰ ਸਾਹਿਬ, ਵਜ਼ੀਰ ਸਾਹਿਬ, ਇਹ ਵਿਸ਼ਵਾਸ ਦਿਵਾਉਣਗੇ ਕਿ ਫਲੱਡ ਪ੍ਰੋਟੈਕਸ਼ਨ ਵਰਕਸ ਜਿਹੜੇ ਹਨ, ਉਸ ਵਿਚ ਮੇਰੀ ਕਾਂਸਟੀਚਿਊਐਂਸੀ ਨੂੰ ਨੰਬਰ ਵੰਨ ਤੇ ਰੱਖਿਆ ਜਾਵੇਗਾ? ਇਹ ਪਹਿਲੀ ਗੱਲ ਹੈ। ਦੂਜੀ ਗੱਲ ਜਿਹੜੀ ਹੈ, ਉਹ ਇਹ ਹੈ ਕਿ ਸਾਰੇ ਕਪੂਰਥਲੇ ਜ਼ਿਲ੍ਹੇ ਨੂੰ ਖਦਸ਼ਾ ਹੈ ਕਿ ਦੋਨੋਂ ਦਰਿਆਵਾਂ ਵਿੱਚ ਜਦੋਂ ਹਰੀਕੇ ਬਰਾਜ ਉਤੇ ਹੈੱਡ ਵਰਕਸ ਉਤੇ ਪਾਣੀ ਇਕੱਠਾ ਹੰਦਾ ਹੈ, ਕਿਉਂਕਿ ਤੁਹਾਡੇ ਵੱਡੇ ਲੋਕਾਂ, ਦੀਆਂ ਜ਼ਮੀਨਾਂ, ਫਾਰਮ, ਪੁਲੀਟੀਕਲ ਆਦਮੀਆਂ ਦੀਆਂ ਜ਼ਮੀਨਾਂ, ਫਿਰੋਜ਼ਪੁਰ, ਜ਼ੀਰੇ ਸਾਰੇ ਜ਼ਿਲ੍ਹਿਆਂ ਵਿਚ ਹਨ, ਲੋਕ ਕਹਿੰਦੇ ਹਨ, ਤੁਸੀਂ ਜਿਹੜੇ ਦਰਵਾਜ਼ੇ ਹਨ, ਹਰੀਕੇ ਹੈਡ ਵਰਕਸ ਦੇ, ਤੁਸੀਂ ਧੱਕੇ ਨਾਲ ਬੰਦ ਰੱਖਦੇ ਹੋ ਜਿਸ ਕਾਰਨ ਕਪੂਰਥਲੇ ਬਹੁਤ ਭਾਰੀ ਫਲੱਡ ਆ ਜਾਂਦੇ ਹਨ। ਤੁਸੀਂ ਆਪਣੀ ਜ਼ਮੀਨ, ਆਪਣੇ ਜ਼ਿਲ੍ਹੇ ਬਚਾ ਕੇ ਲੋਕਾਂ ਦਾ ਨੁਕਸਾਨ ਕਰਦੇ ਹੋ। ਇਹ ਵੀ ਗੱਲ ਕਲੀਅਰ ਕਰੋ।

**ਮੰਤਰੀ :** ਸਪੀਕਰ ਸਾਹਿਬ, ਆਨਰੇਬਲ ਮੈਂਬਰ ਨੇ ਜੋ ਗੱਲ ਕਹੀ ਹੈ, ਉਹ ਸਾਰਾ ਸਫੇਦ ਝੂਠ ਹੈ। ਸਿਰਫ ਕਪੂਰਥਲੇ ਜ਼ਿਲ੍ਹੇ ਵਿਚ 22 ਕਰੋੜ 48 ਲੱਖ ਰੁਪਏ ਦੇ ਕੰਮ ਸ਼ੁਰੂ ਹੋਏ ਪਏ ਹਨ। (ਥੰਪਿੰਗ) ਜਿਹੜੀ ਇਨ੍ਹਾਂ ਨੂੰ ਜ਼ਿਆਦਾ ਚਿੰਤਾ ਹੈ, ਇਨ੍ਹਾਂ ਨੇ ਕਦੀ ਵੀ ਇਹ ਕੰਮ ਨਹੀਂ ਕੀਤੇ।

**ਮਾਨਯੋਗ ਸਪੀਕਰ :** ਤੁਸੀਂ ਗੱਲ ਸੁਣੋ। ਤੁਸੀਂ ਉਠ ਕੇ ਬੋਲੋ, ਪਲੀਜ਼।

**ਮੰਤਰੀ :** ਸਪੀਕਰ ਸਾਹਿਬ, ਇਹ ਝੂਠ ਮਾਰੀ ਜਾਂਦੇ ਹਨ। ਮੈਂ ਤਾਂ ਕਹਿ ਦਿੱਤਾ ਹੈ। ਇਹ ਕਹਿ ਰਹੇ ਹਨ ਕਿ ਵਿਸ਼ਵਾਸ ਦਿਵਾਉ ਪਰ ਮੈਂ ਕਹਿਣਾ ਚਾਹੁੰਦਾ ਹਾਂ ਕਿ 22 ਕਰੋੜ ਰੁਪਏ ਦੇ ਕੰਮ ਸ਼ੁਰੂ ਕੀਤੇ ਹੋਏ ਹਨ। ਇਹ ਉਥੇ ਕਦੀ ਗਏ ਤਾਂ ਹੋਣੇ ਨਹੀਂ। ਇਹ ਤਾਂ ਹਾਊਸ ਵਿਚ ਹੀ ਨੰਬਰ ਵਗੈਰਾ ਬਣਾਉਂਦੇ ਹਨ। ਤੁਸੀਂ ਮੇਰੇ ਕੋਲ ਆ ਜਾਣਾ, ਮੈਂ ਦੱਸ ਵੀ ਦਿਆਂਗਾ ਕਿ ਕਿੱਥੇ-ਕਿੱਥੇ ਕੰਮ ਚੱਲ ਰਹੇ ਹਨ।

**ਮਾਨਯੋਗ ਸਪੀਕਰ :** ਅਗਲੀ ਆਈਟਮ। ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ।

---

Original with;
Punjab Vidhan Sabha
Digitized by;
Panjab Digital Library

## PRESENTATION OF THE FIRST REPORT OF THE BUSINESS ADVISORY COMMITTEE

**ਮਾਨਯੋਗ ਸਪੀਕਰ :** ਮੈਂ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਪੇਸ਼ ਕਰਦਾ ਹਾਂ ਜੋ ਇਸ ਤਰ੍ਹਾਂ ਹੈ :-

ਆਰਜ਼ੀ ਪ੍ਰੋਗਰਾਮ ਤੇ ਵਿਚਾਰ ਤੋਂ ਬਾਅਦ, ਕਮੇਟੀ ਨੇ ਸਿਫ਼ਾਰਸ ਕੀਤੀ ਕਿ ਮਿਤੀ 5.10.2011 ਤੋਂ 8.10.2011 ਤੱਕ ਪੰਜਾਬ ਵਿਧਾਨ ਸਭਾ ਦੀਆਂ ਬੈਠਕਾਂ ਦੌਰਾਨ ਨਿਮਨਲਿਖਤ ਕੰਮ-ਕਾਰ ਕੀਤਾ ਜਾਵੇਗਾ:-

| | |
|---|---|
| ਬੁੱਧਵਾਰ, 5 ਅਕਤੂਬਰ, 2011<br>(2.00 ਵਜੇ ਬਾਅਦ ਦੁਪਹਿਰ) | ਵਿਧਾਨਕ ਕੰਮ-ਕਾਰ :-<br>1. ਪੰਜਾਬ ਸਥਾਨਕ ਖੇਤਰਾਂ ਵਿੱਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ,2011;<br>2. ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ,2011;<br>3. ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011; ਅਤੇ<br>4. ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 |
| ਵੀਰਵਾਰ, 6 ਅਕਤੂਬਰ, 2011 | ਛੁੱਟੀ |
| ਸ਼ੁੱਕਰਵਾਰ, 7 ਅਕਤੂਬਰ, 2011 | ਖਾਲੀ ਦਿਨ |
| ਸ਼ਨਿੱਚਰਵਾਰ, 8 ਅਕਤੂਬਰ, 2011<br>(11.00 ਵਜੇ ਸਵੇਰ ਤੋਂ 2.30 ਵਜੇ ਬਾਅਦ ਦੁਪਹਿਰ ਤੱਕ)<br>(ਸਵੇਰ ਦੀ ਬੈਠਕ) | ਵਿਧਾਨਕ ਕੰਮ-ਕਾਰ :-<br>(i) ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ), ਬਿਲ, 2011 ;<br>(ii) ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011;<br>(iii) ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖਾਹਾਂ ਅਤੇ ਭੱਤੇ ਸੋਧਨਾ, ਬਿਲ, 2011;<br>(iv) ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖਾਹਾਂ (ਦੂਜੀ ਸੋਧਨਾ) ਬਿਲ, 2011; ਅਤੇ<br>(v) ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011; |

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

| | |
|---|---|
| ਸ਼ਨਿੱਚਰਵਾਰ, 8 ਅਕਤੂਬਰ, 2011 | 1. ਵਿਧਾਨਕ ਕੰਮ ਕਾਰ:- |
| (3.00 ਵਜੇ ਬਾਅਦ ਦੁਪਹਿਰ ਤੋਂ 7.30 ਵਜੇ ਸ਼ਾਮ ਤੱਕ) | (i) ਪੰਜਾਬ ਭੋਂ ਮਾਲੀਆ (ਦੂਜੀ ਸੋਧਨਾ) ਬਿਲ,2011; |
| (ਬਾਅਦ ਦੁਪਹਿਰ ਦੀ ਬੈਠਕ) | (ii) ਪੰਜਾਬ ਭੋਂ ਸੁਧਾਰ (ਸੋਧਨਾ) ਬਿਲ, 2011 ; ਅਤੇ |
| | (iii) ਜੇਕਰ ਕੋਈ ਹੋਰ ਬਿਲ ਪ੍ਰਾਪਤ ਹੋਇਆ। |
| | 2. ਸਦਨ ਨੂੰ ਅਣਮਿੱਥੇ ਸਮੇਂ ਲਈ ਸਥਗਿਤ ਕਰਨ ਸਬੰਧੀ ਨਿਯਮ 16 ਅਧੀਨ ਪ੍ਰਸਤਾਵ। |

ਕਮੇਟੀ ਨੇ ਇਹ ਵੀ ਸਿਫਾਰਸ਼ ਕੀਤੀ ਕਿ ਜੇਕਰ, ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਵਲੀ ਦਾ/ਦੇ ਕੋਈ ਨਿਯਮ ਉਕਤ ਸਿਫਾਰਸ਼ ਨਾਲ ਅਸੰਗਤ ਹੋਵੇ/ਹੋਣ, ਤਾਂ ਉਹ ਨਿਯਮ ਉਸ ਹੱਦ ਤੱਕ ਮੁਅੱਤਲ ਰਹੇਗਾ/ਰਹਿਣਗੇ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮੇਰੀ ਸਬਮਿਸ਼ਨ ਸੀ, ਕੀ ਸ਼ਨਿੱਚਰਵਾਰ ਨੂੰ 11.00 ਵਜੇ ਤੋਂ ਲੈ ਕੇ 1.00 ਵਜੇ ਤੱਕ ਸੈਸ਼ਨ ਕਰਨਾ ਹੈ?

**ਮਾਨਯੋਗ ਸਪੀਕਰ :** ਨਹੀਂ ਜੀ, 11.00 ਵਜੇ ਤੋਂ 2.30 ਵਜੇ ਤੱਕ। ਉਸ ਤੋਂ ਬਾਅਦ ਅੱਧਾ ਘੰਟਾ ਖਾਣਾ ਅਤੇ ਉਸ ਤੋਂ ਬਾਅਦ ਫਿਰ ਇਥੇ ਆਵਾਂਗੇ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੇਰੀ ਤਾਂ ਇੰਨੀ ਗੁਜ਼ਾਰਿਸ਼ ਹੈ ਕਿ ਕਈ ਬਰਨਿੰਗ ਇਸ਼ੂਜ਼ ਹਨ, ਜਿਵੇਂ ਹੁਣੇ ਰਿਵਰ ਬਿਆਸ ਦੀ ਫਲੱਡ ਵਾਲੀ ਗੱਲ ਕੀਤੀ ਹੈ।

**ਮਾਨਯੋਗ ਸਪੀਕਰ :** ਚਲੋ ਕੋਈ ਨਹੀਂ, ਇੱਕ ਦਿਨ ਵਿੱਚ ਕੀ ਫਰਕ ਪੈਂਦਾ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਾਨੂੰ ਬੋਲਣ ਵਾਸਤੇ ਟਾਈਮ ਦੇ ਦਿਉ, ਮੈਂ ਤਾਂ ਇੰਨੀ ਰਿਕੁਐਸਟ ਕਰਨ ਲੱਗਿਆ ਹਾਂ। ਚਾਹੇ ਸਵੇਰ ਵਾਲੇ ਵਿੱਚ ਦੇ ਦਿਉ, ਚਾਹੇ ਸ਼ਾਮ ਵਾਲੇ ਵਿੱਚ ਦੇ ਦਿਉ।ਇਸ ਵਾਸਤੇ ਅਸੀਂ ਵਾਰ-ਵਾਰ ਰਿਕੁਐਸਟ ਕਰਦੇ ਹਾਂ, ਮਸਾਂ ਜੁੜੇ ਹਾਂ। ਤੁਸੀਂ ਟਾਈਮ ਵਧਾ ਕੇ ਸਮਾਂ ਦਿਉ।

**ਮਾਨਯੋਗ ਸਪੀਕਰ :** ਮਸਾਂ ਜੁੜੇ ਹਾਂ, ਧੰਨਵਾਦ ਤੁਹਾਡਾ ਸਾਰਿਆਂ ਦਾ।ਹੁਣ ਆਪਾਂ ਅਗਲੀ ਆਈਟਮ ਵੱਲ ਚੱਲੀਏ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਜਿਵੇਂ ਖਹਿਰਾ ਸਾਹਿਬ ਨੇ ਕਿਹਾ ਸੀ, ਬਿਲ ਤਾਂ ਪੰਜ ਮਿੰਟ ਵਿੱਚ ਨਿਬੇੜ ਲਵਾਂਗੇ। ਜੇਕਰ ਅੱਜ ਹੀ ਟਾਈਮ ਹੈ ਤਾਂ ਅੱਜ ਹੀ ਡਿਸਕਸ ਕਰ ਲੈਂਦੇ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਅੱਠ ਤਰੀਕ ਨੂੰ ਦੋ ਸਿਟਿੰਗਜ਼ ਹਨ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੈਂ ਇਹੀ ਕਹਿ ਰਿਹਾ ਹਾਂ ਕਿ there are burning issues and we should discuss those.

**ਮਾਨਯੋਗ ਸਪੀਕਰ :** ਤੁਹਾਨੂੰ ਟਾਈਮ ਦਿਆਂਗੇ, ਚਿੰਤਾ ਨਾ ਕਰੋ। ਹੁਣ ਸੰਸਦੀ ਮਾਮਲਿਆਂ ਦੇ ਮੰਤਰੀ ਪ੍ਰਸਤਾਵ ਪੇਸ਼ ਕਰਨ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

> ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿੱਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

ਬਹਿਸ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਮਾਨਯੋਗ ਸਪੀਕਰ ਸਾਹਿਬ, ਆਪ ਜੀ ਨੇ ਜੋ ਵਿਧਾਨ ਸਭਾ ਦਾ ਸਮਾਂ ਨਿਰਧਾਰਿਤ ਕੀਤਾ ਹੈ, ਜੋ ਕਾਰਜ ਸਲਾਹਕਾਰ ਕਮੇਟੀ ਦੀ ਰਿਪੋਰਟ ਹੈ, ਉਸ ਦੇ ਵਿੱਚ ਮੈਂ ਕੁਝ ਗੱਲਾਂ ਕਰਨੀਆਂ ਚਾਹੁੰਦਾ ਹਾਂ। ਸਪੀਕਰ ਸਾਹਿਬ, 6 ਮਹੀਨੇ ਬਾਅਦ ਸਾਡੇ 117 ਐਮ.ਐਲ.ਏ. ਸਾਹਿਬਾਨ ਨੂੰ ਅੱਜ ਬੈਠਣ ਦਾ, ਪੰਜਾਬ ਦੇ ਹਿਤਾਂ ਦੀ ਗੱਲ ਕਰਨ ਦਾ ਮੌਕਾ ਮਿਲਿਆ ਹੈ। 6 ਮਹੀਨੇ ਬਾਅਦ ਵੀ ਜੇ 117 ਐਮ.ਐਲ.ਏਜ਼. ਨੂੰ 2-2 ਮਿੰਟ ਦੇਈਏ ਤਾਂ ਸਾਰਾ ਮਸਲਾ ਹੱਲ ਹੋ ਜਾਂਦਾ ਹੈ ਅਤੇ ਕੋਈ ਗੱਲ ਪਿੱਛੇ ਨਹੀਂ ਰਹਿ ਜਾਂਦੀ ਕਿ ਤੁਹਾਡਾ ਟਾਈਮ ਖਤਮ ਹੋ ਜਾਣਾ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਹ ਜਿਹੜਾ ਸੈਸ਼ਨ ਦਾ ਟਾਈਮ ਹੈ, ਇਸ ਨੂੰ ਵਧਾਇਆ ਜਾਵੇ ਕਿਉਂਕਿ ਪੰਜਾਬ ਦੇ ਬਹੁਤ ਮਸਲੇ ਅਜਿਹੇ ਹਨ, ਜਿਹੜੇ ਕਿ ਅੱਜ ਵਿਚਾਰਨ ਯੋਗ ਹਨ। ਅੱਜ ਪੰਜਾਬ ਦੇ ਵਿੱਚ ਪੰਜਾਬ ਦਾ ਜਿੰਨਾ ਵੀ ਬਿਜ਼ਨਿਸ ਹੈ, ਉਸ ਤੇ ਇੱਕ ਪਰਿਵਾਰ ਕਾਬਜ਼ ਹੋ ਰਿਹਾ ਹੈ। ਅੱਜ ਟਰਾਂਸਪੋਰਟ ਦਾ ਸਾਰਾ ਬਿਜ਼ਨਿਸ ਬਾਦਲ ਪਰਿਵਾਰ ਨੇ ਸਾਂਭ ਲਿਆ ਹੈ। ਅੱਜ ਜਿੰਨੇ ਚੈਨਲ ਹਨ, ਉਹ ਸਾਰੇ (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** ਚਲੋ ਬੈਠੋ, ਮੈਂ ਗੱਲ ਕਰਦਾ ਹਾਂ। ਤੁਸੀਂ ਇਸ ਦੇ ਨਾਲ ਰੈਲੇਵੈਂਟ ਹੀ ਗੱਲ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮਜੀਠੀਆ ਸਾਹਿਬ

Original with;
Punjab Vidhan Sabha
Digitized by;
Panjab Digital Library

[ਸਰਦਾਰ ਚਰਨਜੀਤ ਸਿੰਘ ਚੰਨੀ]

ਨਰਾਜ਼ ਹੁੰਦੇ ਹਨ। ਮੈਂ ਪੀ.ਟੀ.ਸੀ.ਚੈਨਲ ਦੀ ਗੱਲ ਨਹੀਂ ਕਰਦਾ ਕਿ ਇਸ ਦੇ ਉਤੇ ਇਨ੍ਹਾਂ ਦੀ ਮਲਕੀਅਤ ਹੈ। ਮੈਂ ਕਣਕ ਦੇ ਘੁਟਾਲੇ ਦੀ ਗੱਲ ਨਹੀਂ ਕਰਦਾ, ਮੈਂ ਰੇਤੇ ਦੇ ਘੁਟਾਲੇ ਦੀ ਗੱਲ ਨਹੀਂ ਕਰਦਾ। (ਵਿਘਨ) ਮੈਂ ਕਿਸੇ ਘੁਟਾਲੇ ਦੀ ਗੱਲ ਨਹੀਂ ਕਰਦਾ।

**ਮਾਨਯੋਗ ਸਪੀਕਰ :** ਇਹ ਗੱਲ ਕਿਥੋਂ ਆ ਗਈ? (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਨ੍ਹਾਂ ਨੇ ਦੇਸ਼ ਦੀ ਹਵਾ ਵੇਚ ਦਿੱਤੀ ਸੀ, ਉਸ ਦੇ ਵਿਚ 75000 ਕਰੋੜ ਰੁਪਏ ਦੀ ਠੱਗੀ ਮਾਰ ਲਈ ..... (ਵਿਘਨ).....

**ਮਾਨਯੋਗ ਸਪੀਕਰ :** ਤੁਸੀਂ ਬੈਠੋ ਪਲੀਜ਼। (ਵਿਘਨ) ਤੁਸੀਂ ਦੋ ਮਿੰਟ ਲਈ ਬੋਲੋ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪੰਜਾਬ ਸਰਕਾਰ ਜਿੰਨੀ ਵੀ ਕੁਰੱਪਸ਼ਨ ਕਰ ਰਹੀ ਹੈ ਮੈਂ ਉਸ ਦੇ ਉਤੇ ਨਹੀਂ ਬੋਲਦਾ, (ਵਿਘਨ) ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਸਮਾਂ ਨਿਰਾਧਰਤ ਕੀਤਾ ਹੈ ਉਸ ਦੇ ਵਿਚ ਸਾਰੇ ਬਿੱਲ ਵੀ ਆਉਣੇ ਹਨ....

**ਮਾਨਯੋਗ ਸਪੀਕਰ :** ਉਹ ਆਉਣੇ ਹਨ, ਤੁਸੀਂ ਅੱਗੇ ਗੱਲ ਕਰੋ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਗੱਲ ਇਹ ਹੈ ਕਿ ਅੱਜ ਪੰਜਾਬ ਵਿਚ ਨਸ਼ੇ ਦੀ ਗੱਲ ਹੋ ਰਹੀ ਹੈ। ਸਰਕਾਰ ਨੇ ਸਾਡੇ ਐਮ.ਪੀ. ਸਰਦਾਰ ਰਵਨੀਤ ਸਿੰਘ ਬਿੱਟੂ ਜੀ ਨੂੰ ਜਦੋਂ ਧਰਨੇ ਦੇ ਉਤੇ ਬੈਠੇ ਸਨ ਤਾਂ ਵਾਇਦਾ ਕੀਤਾ ਸੀ, (ਵਿਘਨ) ਵਾਇਦਾ ਕੀਤਾ ਸੀ ਕਿ ਅਸੀਂ ਨਸ਼ਿਆਂ ਦੇ ਖਿਲਾਫ ਬਿਲ ਲੈ ਕੇ ਆਵਾਂਗੇ। (ਵਿਘਨ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ -

ਕਿ ਇਹ ਸਦਨ ਕਾਰਜ ਸਲਾਹਕਾਰ ਕਮੇਟੀ ਦੀ ਪਹਿਲੀ ਰਿਪੋਰਟ ਵਿਚ ਦਰਜ ਸਿਫਾਰਸ਼ਾਂ ਨਾਲ ਸਹਿਮਤ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

---

**ਮਾਨਯੋਗ ਸਪੀਕਰ :** ਅਗਲੀ ਆਈਟਮ, ਮੇਜ਼ ਤੇ ਰੱਖੇ ਗਏ ਕਾਗਜ਼ ਪੱਤਰ। ਹਾਂ ਜੀ ਤਿਕਸ਼ਨ ਸੂਦ ਜੀ।

## PAPERS LAID ON THE TABLE OF THE HOUSE

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸਪੀਕਰ ਸਾਹਿਬ, ਮੈਂ ਹੇਠ ਲਿਖੇ ਕਾਗਜ਼ ਪੱਤਰ ਸਦਨ ਦੀ

Original with;
Punjab Vidhan Sabha
Digitized by;
Panjab Digital Library

ਮੇਜ਼ ਤੇ ਰੱਖਦਾ ਹਾਂ:

1. (i) ਪੰਜਾਬ ਸੇਵਾ ਦਾ ਅਧਿਕਾਰ ਆਰਡੀਨੈਂਸ,2010 (2011 ਦਾ ਪੰਜਾਬ ਆਰਡੀਨੈਂਸ ਨੰ:7)

(ii) ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ ) ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ ਨੰ:9);

(iii) ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ ਨੰ:10); ਅਤੇ

(iv) ਪੰਜਾਬ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ ਨੰ: 13);

ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ।

2. ਸਾਲ 2011-2012 ਲਈ ਪੰਜਾਬ ਰਾਜ ਪਾਵਰ ਕਾਰਪੋਰੇਸ਼ਨ ਲਿਮਟਿਡ ਦੇ ਸਾਲਾਨਾ ਵਿੱਤੀ ਵਿਵਰਣ , ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

3. ਸਾਲ 2009-10 ਲਈ ਪੰਜਾਬ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਦੀ ਸਲਾਨਾ ਰਿਪੋਰਟ ਜਿਵੇਂ ਕਿ ਪੰਜਾਬ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ ਐਕਟ, 1992 ਦੀ ਧਾਰਾ 28 (4) ਅਧੀਨ ਲੋੜੀਂਦਾ ਹੈ।

4. ਸਾਲ 2008-09 ਲਈ ਵਿੱਤ ਵਿਭਾਗ ਦੀ ਸਥਾਨਕ ਆਡਿਟ ਦੀ ਸਾਲਾਨਾ ਪ੍ਰਬੰਧਕੀ ਰਿਪੋਰਟ।

5. ਸਾਲ 2007 ਅਤੇ 2008 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ ਚੰਡੀਗੜ੍ਹ ਦੀਆਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਐਕਟ, 2005 ਦੀ ਧਾਰਾ 25 (4) ਅਧੀਨ ਲੋੜੀਂਦਾ ਹੈ।

6. ਸਾਲ 2007-08 ਲਈ ਪੰਜਾਬ ਰਾਜ ਬਸ ਸਟੈਂਡ ਮੈਨੇਜਮੈਂਟ ਕੰਪਨੀ ਲਿਮਟਿਡ (ਪਨਬਸ) ਦੀ 13ਵੀਂ ਸਾਲਾਨਾ ਰਿਪੋਰਟਾਂ, ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

7. ਸਾਲ 2008-09 ਲਈ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਦੀ 26ਵੀਂ ਸਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਖਾਦੀ ਅਤੇ ਪੇਂਡੂ ਉਦਯੋਗ ਬੋਰਡ ਐਕਟ, 1955 ਦੀ ਧਾਰਾ 28 ਅਧੀਨ ਲੋੜੀਂਦਾ ਹੈ।

8. ਸਾਲ 2009-10 ਲਈ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ, ਚੰਡੀਗੜ੍ਹ ਦੀ

Original with;
Punjab Vidhan Sabha
Digitized by;
Panjab Digital Library

**[ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ]**

ਸਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਪੰਜਾਬ ਸਾਬਕਾ ਫੌਜੀਆਂ ਕਾਰਪੋਰੇਸ਼ਨ (ਪੈਸਕੋ) ਐਕਟ, 1978 ਦੀ ਧਾਰਾ 23 (6) ਅਧੀਨ ਲੋੜੀਂਦਾ ਹੈ।

9. ਸਾਲ 2008-09 ਲਈ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੀ ਪ੍ਰਬੰਧਕੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਅਨੁਸੂਚਿਤ ਜਾਤੀਆਂ ਭੌਂ ਵਿਕਾਸ ਅਤੇ ਵਿੱਤ ਕਾਰਪੋਰੇਸ਼ਨ ਐਕਟ, 1970 ਦੀ ਧਾਰਾ 27 (6) ਅਧੀਨ ਲੋੜੀਂਦਾ ਹੈ।

10. ਸਾਲ 2009-10 ਲਈ ਗਰੇਟਰ ਲੁਧਿਆਣਾ ਖੇਤਰ ਵਿਕਾਸ ਅਥਾਰਟੀ ਲੁਧਿਆਣਾ ਦੀ ਸਲਾਨਾ ਪ੍ਰਬੰਧਕੀ ਰਿਪੋਰਟ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 54 (2) ਅਧੀਨ ਲੋੜੀਂਦਾ ਹੈ।

11. ਸਾਲ 2006-07 ਲਈ ਪੰਜਾਬ ਜਲ ਸੰਸਾਧਨ ਮੈਨੇਜਮੈਂਟ ਅਤੇ ਵਿਕਾਸ ਕਾਰਪੋਰੇਸ਼ਨ ਲਿਮਟਿਡ ਦੀ 36ਵੀਂ ਸਲਾਨਾ ਰਿਪੋਰਟ, ਜਿਵੇਂ ਕਿ ਕੰਪਨੀਜ਼ ਐਕਟ, 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ।

12. 1 ਅਪ੍ਰੈਲ, 2008 ਤੋਂ 31 ਮਾਰਚ, 2009 ਲਈ ਪੰਜਾਬ ਲੋਕ ਸੇਵਾ ਕਮਿਸ਼ਨ ਦੀ ਸਲਾਨਾ ਰਿਪੋਰਟ, ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 323 (2) ਅਧੀਨ ਲੋੜੀਂਦਾ ਹੈ।

13. ਸਾਲ 2008-09 ਲਈ ਗਰੇਟਰ ਮੁਹਾਲੀ ਖੇਤਰ ਵਿਕਾਸ ਅਥਾਰਟੀ (ਗਮਾਡਾ) ਦੇ ਲੇਖਿਆਂ ਦੇ ਸਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (5) ਅਧੀਨ ਲੋੜੀਂਦਾ ਹੈ।

14. ਸਾਲ 2009-10 ਲਈ ਪੰਜਾਬ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਅਥਾਰਟੀ ਦੇ ਲੇਖਿਆਂ ਦੇ ਸਲਾਨਾ ਵਿਵਰਣ, ਜਿਵੇਂ ਕਿ ਪੰਜਾਬ ਖੇਤਰੀ ਅਤੇ ਸ਼ਹਿਰੀ ਯੋਜਨਾਬੰਦੀ ਅਤੇ ਵਿਕਾਸ ਐਕਟ, 1995 ਦੀ ਧਾਰਾ 53 (1) ਅਧੀਨ ਲੋੜੀਂਦਾ ਹੈ।

15. ਸਾਲ 2009-10 ਲਈ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਦੀ ਸਾਲਾਨਾ ਰਿਪੋਰਟ, ਜਿਵੇਂ ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ ਐਕਟ, 1996 ਦੀ ਧਾਰਾ 21 (4) ਅਧੀਨ ਲੋੜੀਂਦਾ ਹੈ।

16. 31 ਮਾਰਚ, 2010 ਨੂੰ ਖਤਮ ਹੋਣ ਵਾਲੇ ਸਾਲ ਲਈ ਪੰਜਾਬ ਵਿੱਤ ਕਾਰਪੋਰੇਸ਼ਨ, ਚੰਡੀਗੜ੍ਹ ਦੇ ਲੇਖਿਆਂ ਤੇ ਆਡਿਟ ਰਿਪੋਰਟ, ਜਿਵੇਂ ਕਿ ਰਾਜ ਵਿੱਤ ਕਾਰਪੋਰੇਸ਼ਨ ਐਕਟ, 1951 ਦੀ ਧਾਰਾ 37 (6) ਅਧੀਨ ਲੋੜੀਂਦਾ ਹੈ।

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁੱਲਥ) :** ਸਪੀਕਰ ਸਾਹਿਬ, ਜਿਹੜੇ ਇਨ੍ਹਾਂ ਨੇ ਪੇਪਰਜ਼ ਲੇਅ ਕੀਤੇ ਹਨ ਉਸ ਦੇ ਵਿਚ ਰਿਪੋਰਟਾਂ ਹਨ। ਉਸ ਵਿਚ ਮੈਂ ਜਿਹੜੀ 6 ਨੰਬਰ ਰਿਪੋਰਟ ਹੈ that pertains to 13th Annual Report of Punjab State

Original with;
Punjab Vidhan Sabha
Digitized by;
Panjab Digital Library

Bus stand Companies Ltd. PUNBUS. ਸਪੀਕਰ ਸਾਹਿਬ, ਪਿਛਲੇ ਕੁਝ ਸਮੇਂ ਤੋਂ ਜਿਹੜੀਆਂ ਸਰਕਾਰੀ ਬੱਸਾਂ ਹਨ ਉਹ ਚਾਹੇ ਪੀ.ਆਰ.ਟੀ.ਸੀ. ਹੈ, ਚਾਹੇ ਉਹ ਪੰਜਾਬ ਰੋਡਵੇਜ਼ ਹੈ, ਸਪੀਕਰ ਸਾਹਿਬ, ਕੈਗ ਨੇ...

**ਮਾਨਯੋਗ ਸਪੀਕਰ :** ਤੁਸੀਂ ਮੇਰੀ ਗੱਲ ਸੁਣੋ। ਇਹ ਤੁਸੀਂ ਲਿਖ ਕੇ ਦੇ ਸਕਦੇ ਹੋ। ਇਥੇ ਇਸ ਤੇ ਕੋਈ ਬਹਿਸ ਨਹੀਂ ਹੋ ਸਕਦੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇਸ ਉੱਤੇ ਬਹਿਸ ਕਿਉਂ ਨਹੀਂ ਹੋ ਸਕਦੀ, ਫਿਰ ਆਪਾਂ ਆਏ ਕਾਹਦੇ ਲਈ ਹਾਂ?

**ਮਾਨਯੋਗ ਸਪੀਕਰ :** ਤੁਸੀਂ ਇਸ ਬਾਰੇ ਲਿਖ ਕੇ ਦੇ ਦਿਉ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਜਿਹੜਾ ਤੁਹਾਨੂੰ ਰੂਲ 77 ਦੇ ਤਹਿਤ ਲਿਖ ਕੇ ਭੇਜਿਆ ਹੈ ਉਹ ਤੁਸੀਂ ਰਿਜੈਕਟ ਕਰ ਦਿੱਤਾ, ਜਿਹੜਾ ਸੁਨੀਲ ਜੀ ਨੇ ਐਡਜਰਨਮੈਂਟ ਮੋਸ਼ਨ ਭੇਜਿਆ ਉਹ ਤੁਸੀਂ ਰਿਜੈਕਟ ਕਰ ਦਿੱਤਾ। ਸਪੀਕਰ ਸਾਹਿਬ, 1500 ਸਵਾਲਾਂ ਦੇ ਵਿਚੋਂ ਤੁਸੀਂ ਕੋਈ ਸਾਡਾ ਸਵਾਲ ਨਹੀਂ ਲਗਾਇਆ। (ਵਿਘਨ) ਮੈਨੂੰ ਇੱਕ ਮਿੰਟ ਲਈ ਬੋਲ ਤਾਂ ਲੈਣ ਦਿਉ ਜੀ।

**ਮਾਨਯੋਗ ਸਪੀਕਰ :** ਨਹੀਂ ਜੀ, ਤੁਸੀਂ ਬੈਠੋ। ਹੁਣ ਅਗਲੀ ਆਈਟਮ ਲੈਂਦੇ ਹਾਂ।

---

## LEGISLATIVE BUSINESS

### 1. THE PUNJAB TAX ON ENTRY OF GOODS INTO LOCAL AREAS (AMENDMENT) BILL, 2011

**ਮਾਨਯੋਗ ਸਪੀਕਰ :** ਹਾਂ ਜੀ, ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਸਥਾਨਕ ਖੇਤਰਾਂ ਵਿਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪੰਜਾਬ ਸਥਾਨਕ ਖੇਤਰਾਂ ਵਿੱਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਤੇ ਤੁਰੰਤ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਸਥਾਨਕ ਖੇਤਰਾਂ ਵਿੱਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**[ ਮਾਨਯੋਗ ਸਪੀਕਰ ]**

(ਬਹਿਸ) ਹਾਂ ਜੀ, ਚੰਨੀ ਜੀ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ.) :** ਸਪੀਕਰ ਸਾਹਿਬ, ਇਹ ਜਿਹੜਾ ਬਿਲ ਹੈ...

**ਮਾਨਯੋਗ ਸਪੀਕਰ :** ਤੁਸੀਂ ਬਿਲ ਦੇ ਸਬੰਧ ਵਿੱਚ ਹੀ ਬੋਲਣਾ, ਇਸ ਨਾਲ ਰਿਲੇਟਡ ਗੱਲ ਹੀ ਕਰਨੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਮੈਂ ਬਿਲ ਦੇ ਸਬੰਧ ਵਿੱਚ ਹੀ ਬੋਲਾਂਗਾ। ਸਪੀਕਰ ਸਾਹਿਬ, ਗੱਲ ਇਹ ਹੈ ਕਿ ਇਸ ਦੇ ਨਾਲ ਕੁਝ ਨੱਥੀ ਨਹੀਂ ਕੀਤਾ ਗਿਆ ਕਿ ਕਿਹੜੀਆਂ-ਕਿਹੜੀਆਂ ਚੀਜ਼ਾਂ ਤੇ ਕਿੰਨਾ-ਕਿੰਨਾ ਟੈਕਸ ਲਗਾ ਰਹੇ ਹਨ। ਇਸ ਕਰਕੇ ਪਹਿਲਾਂ ਇਸ ਗੱਲ ਦੀ ਕਲੈਰਿਟੀ ਦਿੱਤੀ ਜਾਵੇ ਕਿ ਸਥਾਨਕ ਸਰਕਾਰ ਵਿਭਾਗ ਸ਼ਹਿਰਾਂ ਤੇ ਕਿਹੜਾ-ਕਿਹੜਾ ਟੈਕਸ ਲਗਾ ਰਹੇ ਹਨ। ਇਸ ਬਾਰੇ ਮਾਨਯੋਗ ਮੈਂਬਰਾਂ ਨੂੰ ਪਹਿਲਾਂ ਦੱਸਿਆ ਜਾਵੇ ਤਾਂ ਹੀ ਉਹ ਪਾਸ ਕਰਨਗੇ। ਪਹਿਲਾਂ ਤਾਂ ਇਨ੍ਹਾਂ ਨੇ ਚੂੰਗੀ ਬੰਦ ਕਰ ਦਿੱਤੀ। ਹੁਣ ਇਹ ਫਿਰ ਸ਼ਹਿਰਾਂ ਤੇ ਹੋਰ ਭਾਰ ਪਾ ਰਹੇ ਹਨ।(ਵਿਘਨ)

**(ਕੁਝ ਅਵਾਜ਼ਾਂ :** ਇਨ੍ਹਾਂ ਨੇ ਐਕਟ ਨੂੰ ਪੜ੍ਹਿਆ ਨਹੀਂ ਲਗਦਾ। ਇਹ ਪਹਿਲਾਂ ਇਸ ਨੂੰ ਪੜ੍ਹ ਲੈਣ, ਇਨ੍ਹਾਂ ਨੂੰ ਆਪੇ ਸਭ ਕੁਝ ਸਪੱਸ਼ਟ ਹੋ ਜਾਵੇਗਾ।)

**ਮਾਨਯੋਗ ਸਪੀਕਰ :** ਗੱਲ ਇਹ ਹੈ ਕਿ ਇਹ ਪ੍ਰਿੰਸੀਪਲ ਐਕਟ ਦੀ ਅਮੈਂਡਮੈਂਟ ਹੈ। (ਵਿਘਨ)

**ਸਰਦਾਰ ਬਲਬੀਰ ਸਿੰਘ ਸਿੱਧੂ (ਖਰੜ) :** ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਚੰਡੀਗੜ੍ਹ ਤੋਂ ਮੋਹਾਲੀ ਦਾ ਕੋਈ ਜ਼ਿਆਦਾ ਫਰਕ ਨਹੀਂ ਹੈ। ਪਰ ਰੇਟ ਆਫ ਟੈਕਸ ਵਿੱਚ ਜ਼ਮੀਨ ਅਸਮਾਨ ਦਾ ਫਰਕ ਹੈ। ਲੋਕ ਸਾਰੀ ਪਰਚੇਜਿੰਗ ਚੰਡੀਗੜ੍ਹ ਤੋਂ ਕਰਨ ਲੱਗ ਪਏ ਹਨ। ਮੋਹਾਲੀ ਦੀਆਂ ਮਾਰਕੀਟਾਂ, ਖਰੜ ਦੀਆਂ ਮਾਰਕੀਟਾਂ ਜਾਂ ਬਨੂੜ ਦੀਆਂ ਮਾਰਕੀਟਾਂ ਦਾ ਰੇਟ ਚੰਡੀਗੜ੍ਹ ਦੇ ਪੈਟਰਨ ਤੇ ਜ਼ਰੂਰ ਫਿਕਸ ਹੋਵੇ। ਅਜਿਹਾ ਬਿਲ ਵਿੱਚ ਸ਼ਾਮਲ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

> ਕਿ ਪੰਜਾਬ ਸਥਾਨਕ ਖੇਤਰਾਂ ਵਿਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

Original with;
Punjab Vidhan Sabha
Digitized by;
Panjab Digital Library

## ਕਲਾਜ਼ 1 ਦੀ ਸਬ-ਕਲਾਜ਼ (2)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

**ਪ੍ਰਸਤਾਵ ਪ੍ਰਵਾਨ ਹੋਇਆ।**

## ਕਲਾਜ਼ਾਂ 2 ਤੋਂ 5

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 5 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 5 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

## ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

## ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸਥਾਨਕ ਖੇਤਰਾਂ ਵਿਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸਥਾਨਕ ਖੇਤਰਾਂ ਵਿਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸਥਾਨਕ ਖੇਤਰਾਂ ਵਿਚ ਵਸਤਾਂ ਦੇ ਪ੍ਰਵੇਸ਼ ਤੇ ਕਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**2. THE PUNJAB VALUE ADDED TAX (THIRD AMENDMENT) BILL 2011 *(REPLACING ORDINANCE)***

**ਮਾਨਯੋਗ ਸਪੀਕਰ :** ਮੁੱਖ ਮੰਤਰੀ ਜੀ। ਬਿਲ ਪੇਸ਼ ਕਰਨਗੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ। ਹਾਂ ਜੀ, ਮੋਫਰ ਜੀ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ (ਸਰਦੂਲਗੜ੍ਹ) :** ਸਪੀਕਰ ਸਾਹਿਬ, ਜਿਹੜੀ ਕਲਾਜ਼ 5 ਹੈ ਉਸ ਵਿਚ ਇਨ੍ਹਾਂ ਨੇ ਲਿਖਿਆ ਹੈ ਕਿ ਇਸ ਵਿਚ ਮੂਲ ਐਕਟ ਵਿੱਚ ਧਾਰਾ 62 ਵਿੱਚ ਉਪ ਧਾਰਾ (5) ਲਈ ਹੇਠ ਲਿਖੀ ਉਪ ਧਾਰਾ ਰੱਖ ਦਿੱਤੀ ਜਾਵੇਗੀ। ਕੋਈ ਅਪੀਲ ਸਵੀਕਾਰ ਨਹੀਂ ਕੀਤੀ ਜਾਵੇਗੀ, ਜਦ ਤਕ ਕਿ ਅਜਿਹੀ ਅਪੀਲ ਨਾਲ ਜੁਰਮਾਨੇ ਤੇ ਵਿਆਜ ਦੀ ਵਾਧੂ ਮੰਗ ਦੀ ਕੁੱਲ ਰਕਮ ਜੇਕਰ 25% ਦੀ ਘੱਟੋ-ਘੱਟ ਅਗੇਤੀ ਅਦਾਇਗੀ ਦਾ ਤਸੱਲੀਬਖਸ਼ ਸਬੂਤ ਨਾ ਹੋਵੇ। ਇਸ ਬਾਰੇ ਮੈਂ ਚਾਹੁੰਦਾ ਹਾਂ ਕਿ ਜਿਹੜੀ ਇਹ ਅਮੈਂਡਮੈਂਟ ਹੋ ਰਹੀ ਹੈ, ਜਿਹੜਾ ਇਨ੍ਹਾਂ ਨੇ ਇਹ 25% ਲਾਇਆ ਹੈ, ਕੀ ਉਹ 10% ਨਹੀਂ ਹੋ ਸਕਦਾ। ਕਈ ਵਾਰ ਅਜਿਹਾ ਹੁੰਦਾ ਹੈ ਕਿ ਵਪਾਰੀ ਇਕ ਦਮ ਪੈਸੇ

Original with;
Punjab Vidhan Sabha
Digitized by;
Punjab Digital Library

ਨਹੀਂ ਦੇ ਸਕਦਾ। ਕਈ ਵਾਰ ਗੁੱਡਜ ਜਿਹੜੀਆਂ ਹਨ ਉਨ੍ਹਾਂ ਨੂੰ ਇੰਪਾਊਂਡ ਕਰਦੇ ਹਾਂ ਤਾਂ ਉਹ ਖਰਾਬ ਹੋ ਜਾਂਦੀਆਂ ਹਨ ਜਿਵੇਂ ਫਰੂਟਸ ਹਨ, ਵੈਜੀਟੇਬਲਜ਼ ਹਨ। ਕੀ ਇਹ ਇਸ ਨੂੰ 10% ਕਰ ਸਕਣਗੇ?

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਸਪੀਕਰ ਸਾਹਿਬ, ਪਿਛਲੇ ਕੁਝ ਸਮੇਂ ਤੋਂ ਦੇਸ਼ ਵਿੱਚ ਪੈਟਰੋਲ ਦੀਆਂ ਕੀਮਤਾਂ ਇੰਟਰਨੈਸ਼ਨਲ ਲੈਵਲ ਦੀਆਂ ਪ੍ਰਾਇਸਸ ਨੂੰ ਮੱਦੇਨਜ਼ਰ ਰੱਖਦੇ ਹੋਏ ਕਈ ਵਾਰ ਵਧਾਈਆ ਗਈਆਂ। ਜਿਹੜਾ ਪੈਟਰੋਲ ਹੈ ਉਸ ਵਿੱਚ ਪੰਜਾਬ ਵਿੱਚ unexpectedly high V A T charge ਹੋ ਰਿਹਾ ਹੈ। ਸਾਰੇ ਹਿੰਦੁਸਤਾਨ ਤੋਂ ਵੱਧ ਪਰਸੈਂਟੇਜ ਪੰਜਾਬ ਵਿੱਚ ਹੈ। ਨਤੀਜਾ ਇਹ ਹੈ ਕਿ ਜਿਹੜੇ ਸਾਡੇ ਗੁਆਂਢੀ ਸੂਬੇ ਹਨ ਜਿਵੇਂ ਯੂ.ਪੀ., ਹਰਿਆਣਾ, ਰਾਜਸਥਾਨ, ਹਿਮਾਚਲ ਇਨ੍ਹਾਂ ਨਾਲੋਂ ਪੰਜਾਬ ਵਿੱਚ ਮੇਰੇ ਖਿਆਲ ਨਾਲ 5 ਤੋਂ 6 ਰੁਪਏ ਪੈਟਰੋਲ ਮਹਿੰਗਾ ਹੈ।

**ਸਰਦਾਰ ਬਿਕਰਮ ਸਿੰਘ ਮਜੀਠੀਆ (ਬੈਠੇ-ਬੈਠੇ) :** ਔਰ ਡੀਜ਼ਲ?

**ਸਰਦਾਰ ਸੁਖਪਾਲ ਸਿੰਘ ਖਹਿਰਾ :** ਇੱਕ ਮਿੰਟ ਜੀ ਪਲੀਜ਼। ਜਦੋਂ ਇਹ ਵੈਟ ਬਾਰੇ ਲਾਸਟ ਇਨਕਰੀਜ਼ ਹੋਈ all Chief Ministers of India including Mamta Banerjee and including the Ministers of BJP, ਉਨ੍ਹਾਂ ਸਾਰਿਆਂ ਨੇ ਪੈਟਰੋਲ ਦੇ ਉੱਤੇ ਵੈਟ ਦੀ ਛੋਟ ਦਿੱਤੀ ਜਿੰਨੀ-ਜਿੰਨੀ ਉਨ੍ਹਾਂ ਕੋਲ ਸਮਰੱਥਾ ਸੀ। ਇਹ 6-6 ਰੁਪਏ ਪ੍ਰਤੀ ਲਿਟਰ ਮਹਿੰਗਾ ਹੋਣ ਦਾ ਇਹ ਕਾਰਨ ਹੈ ਕਿ ਜਿਨ੍ਹਾਂ ਪੈਰੀਫੇਰੀ ਦੇ ਉੱਤੇ ਟਰੇਡ ਹੈ, ਬਾਰਡਰ ਸਟੇਟਸ ਦੇ ਨਾਲ-ਨਾਲ, ਉਹ ਗੰਗਾਨਗਰ ਤੋਂ ਤੁਰ ਕੇ ਤੇ ਇੱਥੇ ਹਿਮਾਚਲ, ਪਠਾਨਕੋਟ ਤੱਕ ਘੁੰਮ ਕੇ ਇੱਕ ਤਾਂ ਸਾਰੇ ਉਸ ਵਿੱਚ ਲਾਸਿਜ ਸਫਰ ਹੋ ਰਹੇ ਹਨ, ਇੱਕ ਤਾਂ 6 ਰੁਪਏ ਮਹਿੰਗਾ ਲੋਕਾਂ ਨੂੰ ਪੈਟਰੋਲ ਮਿਲ ਰਿਹਾ ਹੈ ਜਿਹੜੇ ਸਕੂਟਰ, ਮੋਟਰਸਾਈਕਲ ਵਾਲੇ ਹਨ, ਸਟੂਡੈਂਟਸ ਹਨ, ਇੰਪਲਾਈਜ਼ ਹਨ ਔਰ ਤੇਲ ਸਸਤਾ ਖਰੀਦਣ ਲਈ ਪੰਜਾਬ ਦੇ ਲੋਕ ਬਾਹਰਲੇ ਸੂਬਿਆਂ ਵਿੱਚ ਜਾ ਕੇ ਤੇਲ ਭਰਵਾਉਂਦੇ ਹਨ।

**ਸਰਦਾਰ ਬਿਕਰਮ ਸਿੰਘ ਮਜੀਠੀਆ :** ਕਿਸਾਨਾਂ ਦੇ ਡੀ.ਏ.ਪੀ ਦੇ ਭਾਅ ਦੁਗਣੇ ਕਰ ਦਿੱਤੇ ਹਨ, ਇੱਥੇ ਐਵੇਂ ਡਰਾਮੇਬਾਜ਼ੀ ਨਾ ਕੀਤੀ ਜਾਵੇ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਸਪੀਕਰ ਸਾਹਿਬ, ਇਹ ਲੋਕਾਂ ਦੀਆਂ ਗੱਲਾਂ ਨੂੰ ਡਰਾਮੇਬਾਜ਼ੀ ਕਹਿੰਦੇ ਹਨ, ਇਨ੍ਹਾਂ ਦੀ ਆਵਾਜ਼ ਸੁਣੋ ਜ਼ਰਾ ਜੀ। ਸਪੀਕਰ ਸਾਹਿਬ, ਮੈਂ ਕਹਿ ਰਿਹਾ ਸੀ ਕਿ ਬਹੁਤ ਸਾਰੇ ਲੋਕ ਬਾਹਰਲੇ ਸੂਬਿਆਂ ਵਿੱਚ ਜਾ ਕੇ ਤੇਲ ਭਰਵਾ ਕੇ ਆਉਂਦੇ ਹਨ।

**ਮਾਨਯੋਗ ਸਪੀਕਰ :** ਚਲੋ ਜੀ।

**ਸਰਦਾਰ ਸੁਖਪਾਲ ਸਿੰਘ ਖਹਿਰਾ :** ਚਲੋ ਕਿਉਂ ਜੀ? ਇਹ ਆਪਣੇ ਹੱਥ ਵਿੱਚ

Original with;
Punjab Vidhan Sabha
Digitized by;
Panjab Digital Library

**[ ਸਰਦਾਰ ਸੁਖਪਾਲ ਸਿੰਘ ਖਹਿਰਾ ]**

ਹੈ। ਚੀਫ ਮਨਿਸਟਰ ਸਾਹਿਬ ਉਠ ਕੇ ਕਹਿਣ, ਲੋਕਾਂ ਨੂੰ ਭਰੋਸਾ ਦਿਵਾਉਣ ਕਿ 6-7 ਰੁਪਏ ਤੇਲ ਕਿਉਂ ਮਹਿੰਗਾ ਹੈ। ਠੀਕ ਹੈ ਕਿ ਆਪਾਂ ਕਮਾਈ ਕਰਨੀ ਚਾਹੁੰਦੇ ਹਾਂ ਲੇਕਿਨ not at the cost of the people. It is in a way direct tax on them. ਤੁਸੀਂ ਵੈਟ ਦੀ ਸ਼ਕਲ ਵਿੱਚ ਟੈਕਸ ਹੀ ਲੋਕਾਂ ਦੇ ਉੱਤੇ ਲਗਾ ਲਿਆ ਹੈ। ਸਪੀਕਰ ਸਾਹਿਬ, ਮੈਂ ਬੇਨਤੀ ਕਰਾਂਗਾ ਕਿ ਇਹ ਜਾਇਜ਼ ਮੰਗ ਹੈ, ਸਦਨ ਦੀ ਲਾਸਟ ਮੀਟਿੰਗ ਹੈ, 2-3 ਰੁਪਏ ਹੀ ਘਟਾ ਦਿਉ, ਲੋਕਾਂ ਨੂੰ ਮਾੜੀ ਮੋਟੀ ਰਾਹਤ ਤਾਂ ਦੇਣ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ (ਸ੍ਰੀ ਤਿਕਸ਼ਨ ਸੂਦ) :** ਸਪੀਕਰ ਸਾਹਿਬ, ਮੈਂਬਰ ਸਾਹਿਬ ਨੂੰ ਪਤਾ ਨਹੀਂ ਇੱਕ ਪਾਸੇ ਦੀ ਹੀ ਗੱਲ ਸਮਝ ਆਉਂਦੀ ਹੈ। ਇਹ ਜਿਹੜਾ ਪੈਟਰੋਲ ਤੇ ਵੈਟ ਹੈ, ਇਹ ਪਹਿਲਾਂ ਇਨ੍ਹਾਂ ਦੀ ਸਰਕਾਰ ਵੇਲੇ ਤੋਂ ਹੀ ਵੱਧ ਹੈ, ਅਸੀਂ ਕੋਈ ਵਧਾਇਆ ਨਹੀਂ। ਪਰ ਜਿੰਨੀ ਵਾਰ ਵੀ ਸੈਂਟਰ ਦੀ ਸਰਕਾਰ ਨੇ ਰੇਟ ਵਧਾਏ ਹਨ, ਇੱਕ ਤਾਂ ਕੰਪਨੀਆਂ ਨੂੰ ਖੁਲ੍ਹ ਦੇ ਦਿੱਤੀ ਕਿ ਤੁਸੀਂ ਜਿੰਨੇ ਮਰਜ਼ੀ ਪੈਸੇ ਵਧਾਈ ਜਾਵੋ। ਦੂਸਰਾ, ਸਪੀਕਰ ਸਾਹਿਬ, ਕੀ ਸੈਂਟਰ ਵੱਲੋਂ ਕਦੇ ਕੋਈ ਟੈਕਸ ਘਟਾਇਆ ਗਿਆ ਹੈ? ਸਪੀਕਰ ਸਾਹਿਬ, ਇਨ੍ਹਾਂ ਨੇ (ਕਾਂਗਰਸ ਪਾਰਟੀ ਵੱਲ ਇਸ਼ਾਰਾ) ਤਾਂ ਸਗੋਂ ਸਬਸਿਡੀਆਂ ਘਟਾ ਦਿੱਤੀਆਂ ਹਨ ਜਿਸ ਕਾਰਨ ਗਰੀਬ ਬੰਦੇ ਨੂੰ ਜਿਊਣਾ ਮੁਸ਼ਕਲ ਹੋ ਗਿਆ ਹੈ। (ਵਿਘਨ)

**ਮਾਨਯੋਗ ਸਪੀਕਰ :** ਹੁਣ ਤੁਸੀਂ ਸੁਣੋ। ਸੁਣਦੇ ਕਿਉਂ ਨਹੀਂ?

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਅਤੇ ਵਪਾਰ ਮੰਤਰੀ :** ਤੀਸਰਾ ਇਨ੍ਹਾਂ ਨੂੰ ਸ਼ਾਇਦ ਪਤਾ ਨਹੀਂ ਕਿ ਜਿੰਨੀ ਵਾਰੀ ਪੈਟਰੋਲ ਦੀਆਂ ਕੀਮਤਾਂ ਵਧੀਆਂ ਹਨ ਉਸ ਦੀ ਹਰ ਐਡੀਸ਼ਨਲ ਇਨਕਰੀਜ਼ ਤੇ ਟੈਕਸ ਮੁਆਫ ਕੀਤਾ ਹੈ। (ਵਿਘਨ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਹ ਬਾਦਲ ਸਾਹਿਬ ਨੂੰ ਹਰ ਰੋਜ਼ ਐਡਵਾਈਜ਼ ਦਿੰਦੇ ਹਨ। ਭਾਵੇਂ ਕੋਈ ਇੱਕ ਲੱਖ 75 ਹਜ਼ਾਰ ਕਰੋੜ ਰੁਪਏ ਦੀ ਠੱਗੀ ਮਾਰੀ ਜਾਵੇ, ਕੀ ਇਨ੍ਹਾਂ ਨੇ ਕਦੇ ਸ਼੍ਰੀਮਤੀ ਸੋਨੀਆ ਗਾਂਧੀ ਨੂੰ ਕਿਹਾ ਹੈ। ਉਸ ਨੂੰ ਤਾਂ ਹਮੇਸ਼ਾ ਇਹੀ ਕਹਿੰਦੇ ਹਨ, Yes madam, yes madam...... (ਵਿਘਨ)..... ਤੁਸੀਂ ਉਹ ਗੱਲ ਕਿਉਂ ਨਹੀਂ ਕਰਦੇ?

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

Original with;
Punjab Vidhan Sabha
Digitized by;
Panjab Digital Library

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 6**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 6 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 6 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮੁੱਲ ਅਧਾਰਿਤ ਕਰ (ਤੀਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

---

**3. THE PUNJAB VALUE ADDED TAX (FOURTH AMENDMENT) BILL, 2011 *(REPLACING ORDINACE)***

**ਮਾਨਯੋਗ ਸਪੀਕਰ :** ਹਾਂ ਜੀ, ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ-

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ? (ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

Original with;
Punjab Vidhan Sabha
Digitized by;
Panjab Digital Library

## ਕਲਾਜ਼ 1 ਦੀ ਸਬ-ਕਲਾਜ਼ (2)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

## ਕਲਾਜ਼ਾਂ 2 ਅਤੇ 3

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇੱਕਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਆਵਾਜ਼ਾਂ: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

## ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

## ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਮੁੱਖ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

*Original with;*
Punjab Vidhan Sabha
*Digitized by;*
Panjab Digital Library

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਮੁੱਲ ਅਧਾਰਿਤ ਕਰ (ਚੌਥੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

**4. THE PUNJAB RIGHT TO SERVICE BILL, 2011 *(REPLACING ORDINANCE)***

**ਮਾਨਯੋਗ ਸਪੀਕਰ :** ਹਾਂ ਜੀ, ਉਪ ਮੁੱਖ ਮੰਤਰੀ ਜੀ ਬਿਲ ਪੇਸ਼ ਕਰਨਗੇ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

(ਬਹਿਸ।) ਹਾਂ ਜੀ, ਬਰਾੜ ਜੀ

**ਸਰਦਾਰ ਰਿਪਜੀਤ ਸਿੰਘ ਬਰਾੜ (ਕੋਟਕਪੂਰਾ) :** ਸਪੀਕਰ ਸਾਹਿਬ, ਪੰਜਾਬ ਰਾਈਟ ਟੂ ਸਰਵਿਸ ਬਿਲ ਬਾਰੇ ਲੱਖਾਂ-ਕਰੋੜਾਂ ਰੁਪਏ ਖਰਚ ਕਰਨ ਉਪਰੰਤ ਸਾਰੀਆਂ ਹੀ ਅਖਬਾਰਾਂ ਵਿਚ ਅਤੇ ਸਾਰੇ ਹੀ ਮੀਡੀਏ ਵਿਚ ਬਹੁਤ ਵੱਡੀ ਪੱਧਰ ਤੇ ਇਸ ਗੱਲ ਨੂੰ ਉਭਾਰਿਆ ਜਾ ਰਿਹਾ ਹੈ ਕਿ ਪੰਜਾਬ ਵਿਚ ਸਰਕਾਰ ਇੱਕ ਬਹੁਤ ਵੱਡਾ ਇਨਕਲਾਬ ਲੈ ਕੇ ਆ ਰਹੀ ਹੈ। ਸਪੀਕਰ ਸਾਹਿਬ, ਮੈਂ ਤੁਹਾਡਾ ਇੱਕ ਮਿੰਟ ਹੀ ਲਵਾਂਗਾ। ਇਹ ਇੱਕ ਚੰਗੀ ਗੱਲ ਹੈ ਕਿ ਲੋਕਾਂ ਨੂੰ ਦਫਤਰਾਂ ਵਿਚ ਇਨਸਾਫ ਮਿਲੇ। ਲੋਕਾਂ ਨੂੰ ਆਪਣੇ ਕੰਮ-ਧੰਦੇ ਕਰਾਉਣ ਲਈ ਬਿਊਰੋਕਰੇਸੀ ਦੀ ਘੁਟਣ ਵਿਚੋਂ ਬਾਹਰ ਨਿਕਲਣ ਦਾ ਮੌਕਾ ਮਿਲਿਆ ਹੈ।

Original with;
Punjab Vidhan Sabha
Digitized by;
Panjab Digital Library

ਇਹ ਇੱਕ ਬਹੁਤ ਚੰਗਾ ਉਪਰਾਲਾ ਹੈ। (ਥੰਪਿੰਗ) ਲੇਕਿਨ, ਸਪੀਕਰ ਸਾਹਿਬ, ਮੈਂ ਤੁਹਾਡੇ ਜ਼ਰੀਏ ਸਦਨ ਨੂੰ ਇਹ ਦੱਸਣਾ ਚਾਹੁੰਦਾ ਹਾਂ ਕਿ ਮੇਰੇ ਜ਼ਿਲ੍ਹੇ ਅੰਦਰ ਇਕ ਪੀ.ਸੀ.ਐਸ. ਅਫਸਰ ਹੈ ਜਿਨ੍ਹਾਂ ਕੋਲ ਤਿੰਨ-ਤਿੰਨ ਅਹੁਦਿਆਂ ਦਾ ਚਾਰਜ ਹੈ। ਉਹ ਡੀ.ਟੀ.ਓ. ਵੀ ਹਨ, ਐਸ.ਡੀ.ਐਮ. ਵੀ ਹਨ, ਜੀ.ਏ. ਵੀ ਹਨ, ਇਕ ਦੂਰ-ਦੁਰਾਡੇ ਦੀ ਸਬ-ਡਵੀਜ਼ਨ ਦੇ ਐਸ.ਡੀ.ਐਮ. ਵੀ ਹਨ। ਸਪੀਕਰ ਸਾਹਿਬ, ਉਹ ਅਫਸਰ ਲੋਕਾਂ ਨੂੰ ਕਿਸ ਤਰ੍ਹਾਂ ਇਨਸਾਫ ਦੇ ਸਕਣਗੇ? ਜਿਹੜਾ ਲੈਂਡ ਦੇ ਰਿਕਾਰਡ ਦਾ ਕੰਪਿਊਟਰਾਈਜ਼ੇਸ਼ਨ ਸਰਕਾਰ ਨੇ ਕੀਤਾ ਹੈ, ਉਹ ਅਜੇ ਮੁਕੰਮਲ ਨਹੀਂ ਹੋਇਆ।ਇਸ ਦੇ ਵਿੱਚ ਕੁਝ ਪ੍ਰਾਵਧਾਨ ਕੀਤੇ ਜਾਣ ਕਿਉਂਕਿ ਲੋਕਾਂ ਨੂੰ ਸੁੱਖ ਦੇਣ ਵਾਸਤੇ ਇਹ ਬਿਲ ਲਿਆਂਦਾ ਗਿਆ ਹੈ। ਇਹ ਵੀ ਕਿਹਾ ਗਿਆ ਕਿ ਪੰਜਾਬ ਇਕ ਨਿਵੇਕਲਾ ਸੂਬਾ ਹੈ ਅਤੇ ਪੰਜਾਬ ਨੇ ਬਹੁਤ ਸੂਬਿਆਂ ਤੋਂ ਅੱਗੇ ਕਦਮ ਚੁੱਕੇ ਹਨ। ਜੇਕਰ ਇਸ ਤਰ੍ਹਾਂ ਦੇ ਕਦਮ ਚੁੱਕੇ ਹਨ ਤਾਂ ਆਪਾਂ ਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਜੋ ਕੁਝ ਪ੍ਰੋਪੇਗੇਟ ਕੀਤਾ ਜਾ ਰਿਹਾ ਹੈ ਅਤੇ ਜੋ ਲੱਖਾਂ ਕਰੋੜਾਂ ਰੁਪਏ ਖਰਚੇ ਜਾ ਰਹੇ ਹਨ, ਇਕ ਪਾਸੇ ਪੰਜਾਬ ਦੇ ਲੋਕਾਂ ਦੀ ਤਰਾਸਦੀ ਹੈ ਅਤੇ ਖਜ਼ਾਨਾ ਖਾਲੀ ਹੈ ਫਿਰ ਵੀ ਦੂਜੇ ਪਾਸੇ ਅੰਨੇਵਾਹ ਕਰੋੜਾਂ ਰੁਪਏ ਦਾ ਖਰਚਾ ਕੀਤਾ ਜਾ ਰਿਹਾ ਹੈ। ਜੇਕਰ ਕੀਤਾ ਜਾ ਰਿਹਾ ਹੈ ਤਾਂ ਲੋਕਾਂ ਨੂੰ ਉਸਦਾ ਬਣਦਾ ਸੁੱਖ ਮਿਲੇ ਔਰ ਜੋ ਵੀ ਰਾਈਟ ਟੂ ਸਰਵਿਸ ਐਕਟ ਦੇ ਅਧੀਨ ਜਾਣਕਾਰੀ ਲੈਣ ਜਾਵੇ, ਉਸ ਨੂੰ ਬਣਦਾ ਹੱਕ ਟਾਈਮਲੀ ਮਿਲੇ ਇਹ ਯਕੀਨੀ ਬਣਾਉਣਾ ਜ਼ਰੂਰੀ ਹੈ। ਲੇਕਿਨ ਇਸਦੇ ਵਿੱਚ ਕੁਝ ਖਾਮੀਆਂ ਹਨ। ਉਹ ਜਾਣਦੇ ਹਨ ਕਿ ਜਿਹੜੀ ਚੰਗੀ ਗੱਲ ਹੈ, ਉਸ ਨੂੰ ਹੱਸ ਕੇ ਟਾਲ ਦਿੰਦੇ ਹਨ। ਮੈਂ, ਸਪੀਕਰ ਸਾਹਿਬ, ਮੈਂ ਸਵੇਰ ਦਾ ਹੀ ਦੇਖ ਰਿਹਾ ਹਾਂ ਕਿ ਕੋਈ ਵੀ ਸੰਜੀਦਾ ਗੱਲ ਹੁੰਦੀ ਹੈ ਉਸ ਨੂੰ ਮਖੌਲ ਨਾਲ, ਹਾਸੇ ਨਾਲ ਟਾਲ ਦਿੰਦੇ ਹਨ, ਮੈਂ ਬੇਨਤੀ ਕਰਦਾ ਹਾਂ ਕਿ ਤੁਸੀਂ ਇੰਨੇ-ਇੰਨੇ ਲਾਇਕ ਵਿਅਕਤੀ ਹੋ ਤੁਹਾਨੂੰ ਪੰਜਾਬ ਲਈ ਸੰਜੀਦਾ ਹੋਣਾ ਚਾਹੀਦਾ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ (ਚਮਕੌਰ ਸਾਹਿਬ, ਐਸ.ਸੀ ) :** ਸਪੀਕਰ ਸਾਹਿਬ, ਮੈਂ ਆਪ ਜੀ ਦਾ ਧੰਨਵਾਦੀ ਹਾਂ। ਸਪੀਕਰ ਸਾਹਿਬ, ਇਕ ਤਾਂ ਇਨ੍ਹਾਂ ਮਾਈਕਾਂ ਨੂੰ ਉਚਾ ਕਰਵਾ ਦਿਉ, ਇਸਦੇ ਨਾਲ ਸਾਹਮਣੇ ਗੱਲ ਹੋ ਜਾਂਦੀ ਹੈ।ਸਪੀਕਰ ਸਾਹਿਬ, ਮਾਨਯੋਗ ਉਪ ਮੁੱਖ ਮੰਤਰੀ ਜੀ ਜਿਹੜੇ ਇਹ ਬਿਲ ਲੈ ਕੇ ਆਏ ਹਨ, ਮੈਂ ਉਪ ਮੁੱਖ ਮੰਤਰੀ ਜੀ ਦਾ ਧੰਨਵਾਦੀ ਹਾਂ ਅਤੇ ਮੈਂ ਪਾਜੇਟਿਵ ਗੱਲ ਕਰਨੀ ਚਾਹੁੰਦਾ ਹਾਂ। ਮੈਂ ਕਦੇ ਵੀ ਵਿਰੋਧ ਵਾਸਤੇ ਵਿਰੋਧ ਨਹੀਂ ਕਰਦਾ, ਜਿਹੜੀ ਜਾਇਜ਼ ਗੱਲ ਹੈ, ਜਾਇਜ਼ ਕਰਾਂਗਾ। ਮੈਂ ਇਸ ਬਿਲ ਦੇ ਵਿੱਚ ਕੁਝ ਸੁਜੈਸ਼ਨ ਦੇਣਾ ਚਾਹੁੰਦਾ ਹਾਂ ਤਾਂ ਕਿ ਜਿਹੜਾ ਇਹ ਉਪਰਾਲਾ ਕੀਤਾ ਜਾ ਰਿਹਾ ਹੈ, ਸਫਲ ਹੋਵੇ। ਜਿਹੜੀ ਸਾਡੀ ਅਫਸਰਸ਼ਾਹੀ ਹੈ ਉਸ ਨੂੰ ਕਾਬੂ ਕੀਤਾ ਜਾਵੇ, ਲੋਕਾਂ ਲਈ ਜਵਾਬਦੇਹ ਬਣਾਇਆ ਜਾਵੇ। ਮੈਂ ਉਸ ਦੇ ਵਾਸਤੇ ਕੁਝ ਸੁਝਾਅ ਦੇਣਾ ਚਾਹੁੰਦਾ ਹਾਂ ਕਿ ਮੈਜਾਰਟੀ ਦੇ ਨਾਲ ਬਿਲ ਪਾਸ ਹੋ ਜਾਂਦੇ ਹਨ, ਫਟਾਫਟ ਬਿਲ ਪਾਸ ਹੋ ਜਾਂਦੇ ਹਨ। ਮੈਂ ਕਹਿਣਾ ਚਾਹਾਂਗਾ ਕਿ ਜੇ ਇਨ੍ਹਾਂ ਨੂੰ ਚੰਗੇ ਲਗਣ ਤਾਂ ਸੁਝਾਅ ਵਿੱਚ ਪਾ ਲੈਣ। ਦੂਸਰਾ, ਮੈਂ ਬੇਨਤੀ ਕਰਾਂਗਾ ਕਿ ਬਿਲ ਲਿਆਉਣ ਦੀ ਲੋੜ ਕਿਉਂ ਪਈ? ਸਾਢੇ ਚਾਰ ਸਾਲ ਤੋਂ ਸਾਡੀ

Original with;
Punjab Vidhan Sabha
Digitized by;
Panjab Digital Library

[ **ਸਰਦਾਰ ਚਰਨਜੀਤ ਸਿੰਘ ਚੰਨੀ** ]

ਸਰਕਾਰ ਕੰਮ ਕਰ ਰਹੀ ਹੈ। ਸੀ.ਐਮ. ਸਾਹਿਬ ਵੀ ਕਾਬਿਲ ਹਨ ਅਤੇ ਸਾਰੇ ਹੀ ਕਾਬਿਲ ਹਨ। ਲੇਕਿਨ, ਸਪੀਕਰ ਸਾਹਿਬ, ਇਸ ਬਿਲ ਦੇ ਵਿੱਚ ਇਹ ਇੱਕ ਰਿਕੁਮੈਂਡੇਟਰੀ ਬਾਡੀ ਹੈ ਇਸ ਤੋਂ ਇਲਾਵਾ ਕੁਝ ਨਹੀਂ ਹੈ। ਜੇ ਕਿਸੇ ਨੇ ਕੰਪਲੇਂਟ ਕੀਤੀ ਤਾਂ ਕਮਿਸ਼ਨ ਨੇ ਸੁਣ ਕੇ ਸਰਕਾਰ ਨੂੰ ਰਿਕੁਮੈਂਡ ਕਰ ਦੇਣਾ ਹੈ ਕਿ ਇਹ ਕੰਪਲੇਂਟ ਆਈ ਹੈ ਅਤੇ ਤੁਸੀਂ ਇਸ ਤੇ ਐਕਸ਼ਨ ਲਓ ਜਾਂ ਐਕਸ਼ਨ ਦੱਸ ਦੇਣਾ ਕਿ ਇਹ ਐਕਸ਼ਨ ਕਰੋ, ਇਸ ਤੋਂ ਇਲਾਵਾ ਹੋਰ ਕੁਝ ਨਹੀਂ ਹੈ। ਦੂਸਰਾ ਜਿਹੜਾ ਇਸਦਾ ਚੀਫ ਕਮਿਸ਼ਨਰ ਲਗਾਉਣਾ ਹੈ ਉਹ ਜਾਂ ਤਾਂ ਇੱਥੋਂ ਦਾ ਜਿਹੜਾ ਚੀਫ ਸੈਕਟਰੀ ਰਿਟਾਇਰ ਹੋਇਆ ਹੋਵੇਗਾ ਜਾਂ ਸੈਂਟਰ ਗੌਰਮਿੰਟ ਦਾ ਚੀਫ ਸੈਕਟਰੀ ਲੈਵਲ ਦਾ ਰਿਟਾਇਰ ਹੋਇਆ ਅਫਸਰ ਹੋਵੇਗਾ, ਉਸ ਨੂੰ ਲਗਾਉਣਾ ਹੈ। ਇਨ੍ਹਾਂ ਅਫਸਰਾਂ ਨੂੰ ਤਾਂ ਪਹਿਲਾਂ ਹੀ ਸੀ.ਐਮ. ਦੀ ਗੱਲ ਮੰਨਣ ਦੀ ਆਦਤ ਪਈ ਹੁੰਦੀ ਹੈ ਅਤੇ ਇਹ ਅਫਸਰ ਕਦੇ ਵੀ ਜੁਡੀਸ਼ੀਅਲ ਗੱਲ ਨਹੀਂ ਕਰ ਸਕਦੇ। ਜੋ ਸੀ.ਐਮ. ਸਾਹਿਬ ਨੇ ਕਹਿ ਦਿੱਤਾ, ਅਫਸਰਾਂ ਨੇ ਤਾਂ ਉਹ ਕਰਨਾ ਹੈ। ਇਸ ਲਈ ਇਹ ਜਿਹੜਾ ਕਮਿਸ਼ਨ ਬਣਾ ਰਹੇ ਹਨ ਇਸ ਤੋਂ ਕੋਈ ਇਨਸਾਫ ਦੀ ਆਸ ਨਹੀਂ ਰੱਖੀ ਜਾ ਸਕਦੀ।

**ਮਾਨਯੋਗ ਸਪੀਕਰ :** ਹਾਂ ਜੀ, ਠੀਕ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਮੈਨੂੰ ਆਪਣੀ ਗੱਲ ਪੂਰੀ ਕਰ ਲੈਣ ਦਿਉ, ਇਹ ਮੇਰੇ ਸੁਝਾਅ ਹਨ। ਮੈਂ ਕੋਈ ਗਲਤ ਨਹੀਂ ਬੋਲ ਰਿਹਾ ਅਤੇ ਨਾ ਹੀ ਇਨ੍ਹਾਂ ਦੇ ਖਿਲਾਫ ਬੋਲ ਰਿਹਾ ਹਾਂ। ਇਸ ਤੋਂ ਇਲਾਵਾ ਵੀ ਪਹਿਲਾਂ ਪੰਜਾਬੀ ਭਾਸ਼ਾ ਲਾਗੂ ਕਰਨ ਵਾਸਤੇ ਬੋਰਡ ਬਣਿਆ ਅਤੇ ਮੈਨੂੰ ਪੰਜਾਬੀ ਭਾਸ਼ਾ ਨੂੰ ਲਾਗੂ ਕਰਨ ਵਾਸਤੇ ਰੋਪੜ ਜ਼ਿਲ੍ਹੇ ਦਾ ਪ੍ਰਧਾਨ ਬਣਾਇਆ ਗਿਆ, ਪਰ ਹਾਲੇ ਤੱਕ ਵੀ ਉਸ ਦੀ ਕੋਈ ਮੀਟਿੰਗ ਨਹੀਂ ਹੋਈ ਅਤੇ ਨਾ ਹੀ ਉਸ ਦੀਆਂ ਰਿਕੁਮੈਂਡੇਸ਼ਨਜ਼ ਤੇ ਕੋਈ ਅਮਲ ਹੋਇਆ ਹੈ। ਇਸੇ ਤਰ੍ਹਾਂ ਦਾ ਅੱਜ ਇਹ ਕਮਿਸ਼ਨ ਬਣਾਇਆ ਜਾ ਰਿਹਾ ਹੈ ਜਿਸ ਦਾ ਪੰਜਾਬ ਨੂੰ ਕੋਈ ਵੀ ਫਾਇਦਾ ਹੋਣ ਵਾਲਾ ਨਹੀਂ ਹੈ, ਜਦੋਂ ਤੱਕ ਇਸ ਨੂੰ ਸਹੀ ਤਰੀਕੇ ਨਾਲ ਲਿਆ ਕੇ ਲਾਗੂ ਨਹੀਂ ਕੀਤਾ ਜਾਂਦਾ। ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਇਸ ਦੀ ਲੋੜ ਕਿਉਂ ਪਈ? ਜੇ ਸਰਕਾਰ ਦੇ ਮੰਤਰੀ, ਸਰਕਾਰ ਦੇ ਅਫਸਰ ਸਾਢੇ ਚਾਰ ਸਾਲ ਤੋਂ ਸਹੀ ਕੰਮ ਕਰ ਰਹੇ ਹੁੰਦੇ ਤਾਂ ਕਲਰਕਾਂ ਨੇ ਸਹੀ ਕੰਮ ਕਰਨਾ ਸੀ। ਜਿਹੜਾ ਕਲਰਕਾਂ ਦੇ ਕੋਲ, ਪਟਵਾਰੀ ਦੇ ਕੋਲ, ਤਹਿਸੀਲਦਾਰ ਦੇ ਕੋਲ ਬੰਦਾ ਜਾਂਦਾ, ਉਸ ਸਮੇਂ ਵਿੱਚ ਉਸ ਦਾ ਕੰਮ ਕਰਕੇ ਮੋੜਨਾ ਸੀ। ਲੇਕਿਨ ਇਹ ਬਿਲ ਇਸ ਕਰਕੇ ਆਇਆ ਹੈ ਕਿ ਸਾਢੇ ਚਾਰ ਸਾਲ ਵਿਚ ਸ਼੍ਰੋਮਣੀ ਅਕਾਲੀ ਦਲ ਅਤੇ ਬੀ.ਜੇ.ਪੀ. ਦੀ ਸਰਕਾਰ ਅਫਸਰਾਂ ਨੂੰ ਕਾਬੂ ਕਰਨ ਵਿਚ ਫੇਲ੍ਹ ਹੋਈ ਹੈ।ਉਸ ਦੇ ਨਤੀਜਾ ਵਜੋਂ ਇਹ ਬਿਲ ਆਇਆ ਹੈ ਕਿਉਂਕਿ ਜੇਕਰ ਅਸੀਂ ਤਹਿਸੀਲਦਾਰ ਕੋਲ ਜਾਂ ਪਟਵਾਰੀ ਕੋਲ ਫਰਦ ਲੈਣ ਜਾਂਦੇ ਹਾਂ, ਜੇ ਪਟਵਾਰੀ ਉਸੇ ਸਮੇਂ ਫਰਦ ਦੇ ਦੇਵੇ ਤਾਂ ਕਿਸੇ ਨੂੰ ਕੀ ਤਕਲੀਫ ਹੈ? ਤਹਿਸੀਲਦਾਰ ਨੂੰ, ਪਟਵਾਰੀ ਨੂੰ ਹਦਾਇਤਾਂ ਹੋਣ ਕਿ ਤੁਸੀਂ ਉਸੇ ਸਮੇਂ ਫਰਦ ਦਿਉ ਨਹੀਂ ਤਾਂ ਸਸਪੈਂਡ ਕਰ ਦਿੱਤੇ ਜਾਵੋਗੇ। ਸਪੀਕਰ ਸਾਹਿਬ, ਇਹ ਜਿਹੜਾ

Original with;
Punjab Vidhan Sabha
Digitized by;
Panjab Digital Library

ਬਿਲ ਲਿਆਂਦਾ ਗਿਆ ਹੈ, ਇਹ ਬਿਲਕੁਲ ਬੇਸਲੈਸ ਡਾਕੂਮੈਂਟ ਹੈ। ਇਸ ਦੇ ਨਾਲ ਪੰਜਾਬ ਦਾ ਕੋਈ ਫਾਇਦਾ ਨਹੀਂ ਹੋਵੇਗਾ। ਇਹ ਪਾਵਰਾਂ ਆਲਰੇਡੀ ਮੰਤਰੀਆਂ ਕੋਲ ਐਗਜਿਸਟ ਕਰ ਰਹੀਆਂ ਹਨ, ਇਨ੍ਹਾਂ ਨੂੰ ਦਿੱਤੀਆਂ ਹੋਈਆਂ ਹਨ। ਇਸ ਬਿਲ ਰਾਹੀਂ ਤਾਂ ਇਹ ਪਾਵਰਾਂ ਘੁੰਮ ਕੇ ਸਰਕਾਰ ਕੋਲ ਹੀ ਆਉਣੀਆਂ ਹਨ, ਉਪ ਮੁੱਖ ਮੰਤਰੀ ਕੋਲ ਜਾਂ ਮੁੱਖ ਮੰਤਰੀ ਜੀ ਕੋਲ ਆਉਣੀਆਂ ਹਨ, ਇਸ ਕਰਕੇ ਕਿਉਂ ਨਹੀਂ ਇਸ ਨੂੰ ਸਹੀ ਤਰੀਕੇ ਨਾਲ ਲਾਗੂ ਕਰਦੇ? ਇਹ ਇੰਡੀਪੀਡੈਂਟ ਬਾਡੀ ਬਣਾਉਣੀ ਚਾਹੀਦੀ ਹੈ। ਐਸੀ ਇੰਡੀਪੀਡੈਂਟ ਬਾਡੀ ਹੋਵੇ ਜਿਸ ਤੇ ਸਰਕਾਰ ਦਾ ਕੋਈ ਕੰਟਰੋਲ ਨਾ ਹੋਵੇ। ਗੱਲ ਤਾਂ ਇਹ ਹੈ ਕਿ ਪੰਜਾਬ ਵਿਚੋਂ ਕੁਰੱਪਸ਼ਨ ਖਤਮ ਕਰਨੀ ਹੈ ਲੇਕਿਨ ਇਸ ਨਾਲ ਪੰਜਾਬ ਵਿਚ ਕਿਸੇ ਤਰ੍ਹਾਂ ਦੀ ਕੁਰੱਪਸ਼ਨ ਖਤਮ ਨਹੀਂ ਹੋਣੀ । ਸੋ, ਸਪੀਕਰ ਸਾਹਿਬ, ਮੈਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਜੋ ਕੁਝ ਇਸ ਵਿਚ ਕੀਤਾ ਹੈ, ਉਹ ਸਾਰਾ ਕੁਝ ਸਰਕਾਰ ਦੇ ਅੰਡਰ ਹੀ ਰਹਿਣਾ ਹੈ। ਜਿਹੜਾ ਤੁਸੀਂ ਕਮਿਸ਼ਨਰ ਲਗਾਉਣਾ ਹੈ ਜਾਂ ਹੋਰ ਜੋ ਕੁਝ ਕਰਨਾ ਹੈ....(ਵਿਘਨ) (ਸ਼ੋਰ) ਜੇ ਮੈਂ ਇਹ ਕਹਾਂਗਾ ਕਿ ਚਾਰ ਸਾਲ ਚੂਹੇ ਖਾ ਕੇ ਬਿੱਲੀ ਹੱਜ ਨੂੰ ਚੱਲੀ, ਫਿਰ ਇਨ੍ਹਾਂ ਨੂੰ ਗੁੱਸਾ ਆ ਜਾਣਾ ਹੈ। ਮੈਂ ਬੇਨਤੀ ਕਰਨੀ ਚਾਹੁੰਦਾ ਹਾਂ...... (ਵਿਘਨ)

**ਮਾਨਯੋਗ ਸਪੀਕਰ :** ਚੰਨੀ ਜੀ ਤੁਸੀਂ ਬੈਠੋ ਹਾਂ ਜੀ, ਜਾਖੜ ਜੀ, ਤੁਸੀਂ ਬੋਲੋ।

**ਸ਼੍ਰੀ ਸੁਨੀਲ ਕੁਮਾਰ ਜਾਖੜ (ਅਬਹੋਰ) :** ਸਪੀਕਰ ਸਾਹਿਬ, ਮੈਂ ਤੁਹਾਡਾ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਬਿਲ ਤੇ ਬੋਲਣ ਦਾ ਮੌਕਾ ਦਿੱਤਾ ਹੈ। ਸਭ ਤੋਂ ਪਹਿਲਾਂ ਮੈਂ ਬਾਦਲ ਸਾਹਿਬ, because he has been the architect of this Act, ਮੈਂ ਉਨ੍ਹਾਂ ਨੂੰ ਵਧਾਈ ਦੇਣੀ ਚਾਹਾਂਗਾ। He has moved this Bill. This is a very good step ਪਰ (ਵਿਘਨ) ਕੋਈ ਮਾੜੀ ਮੋਟੀ ਗੱਲ ਸੁਣ ਲਿਆ ਕਰੋ। ਸਿਰਫ ਚੰਗੀ ਹੀ ਨਹੀਂ ਸੁਣਨੀ ਚਾਹੀਦੀ। ਜਿਹੜੀ ਕੁਨੀਨ ਹੈ, We have to coat it with sugar.

ਬਹੁਤ ਦੇਰ ਕਰ ਦੀ ਸਨਮ ਆਤੇ ਆਤੇ।

ਇਨ੍ਹਾਂ ਨੇ ਇੱਕ ਕਮਿਸ਼ਨ ਬਣਾਇਆ ਸੀ। ਪ੍ਰਮੋਦ ਕੁਮਾਰ ਜੀ ਨੂੰ ਬਿਠਾ ਕੇ ਐਡਮਨਿਸਟਰੇਟਿਵ ਰਿਫਾਰਮਜ਼ ਸਾਰਾ ਕੀਤਾ। I wish they had taken these steps much ahead in time and that would have had some results for you to see. Everybody knows that ਤੁਸੀਂ ਵੀ ਘਰ ਜਾਣ ਦੀ ਕਾਹਲ ਵਿਚ ਹੋ, ਸਾਥੀ ਵੀ ਸਾਡੇ ਜਾਣ ਦੀ ਕਾਹਲ ਵਿਚ ਹਨ, ਹੁਣ ਬੇਤਾਬ ਹੋ ਰਹੇ ਹਨ। ਮੈਂ, ਸਪੀਕਰ ਸਾਹਿਬ, ਜਿਸ ਵਾਸਤੇ ਖੜ੍ਹਾ ਹਾਂ, the basic purpose of this Commission is to make this bureaucracy accountable and answerable for their actions. ਸਪੀਕਰ ਸਾਹਿਬ, ਕੋਈ ਵੀ ਮੂਵਮੈਂਟ ਚਲਦੀ ਹੈ, ਕੋਈ ਵੀ ਕ੍ਰਿਟਿਕ ਖੜ੍ਹਾ ਹੁੰਦਾ ਹੈ, ਪੁਲੀਟੀਕਲ ਸਿਸਟਮ ਦਾ, ਹਰ ਕੋਈ ਖੜ੍ਹਾ ਹੋ ਕੇ ਕਹਿੰਦਾ ਹੈ ਕਿ ਲੀਡਰ ਮਾੜੇ ਹਨ। Of course, ਸਾਡੇ ਵਿੱਚੋਂ ਕੋਈ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਸੁਨੀਲ ਕੁਮਾਰ ਜਾਖੜ ]

ਹਨ, We are part of this. We have reason for this situation that has arisen. ਜੇ ਅੰਨਾ ਹਜ਼ਾਰੇ ਜੀ ਖੜ੍ਹੇ ਹੁੰਦੇ ਹਨ, ਉਹ ਤਾਂ ਲੀਡਰਾਂ ਦੇ ਮਗਰ ਪੈ ਜਾਂਦੇ ਹਨ। Nobody is looking at the bureaucracy. Why? ਕੀ ਵਜ੍ਹਾ ਹੈ ਕਿ ਬਿਊਰੋਕਰੇਸੀ ਨੂੰ ਅਕਾਊਂਟੇਬਲ ਨਹੀਂ ਕੀਤਾ ਜਾ ਰਿਹਾ। How can you make them accountable? ਜਾਂ ਤਾਂ ਅਕਾਊਂਟੇਬਲ ਜਿਵੇਂ ਲੁਧਿਆਣੇ ਦੇ ਤਹਿਸੀਲਦਾਰ ਨੂੰ ਕੀਤਾ, ਇਨ੍ਹਾਂ ਦੇ ਬੰਦਿਆਂ ਨੇ ਢਾਹ ਕੇ ਛਿੱਤਰਾਂ ਨਾਲ ਕੁਟਿਆ, then he is accountable, otherwise ਤੁਹਾਡਾ ਕੋਈ ਜਾਣ ਪਛਾਣ ਵਾਲਾ ਹੈ, ਤੁਸੀਂ ਮੰਤਰੀ ਜੀ ਨੂੰ you are some kind of a vote bank, ਜਾ ਕੇ ਕਹੋ ਕਿ ਟਰਾਂਸਫਰ ਕਰ ਦਿਉ। ਸਪੀਕਰ ਸਾਹਿਬ, Is transfer a mode of punishment? ਕਿਹਾ ਜਾਂਦਾ ਹੈ ਕਿ ਜਿਹੜਾ ਲਾਹੌਰ ਬੁੱਧੂ, ਉਹ ਪਿਸ਼ੌਰ ਵੀ ਬੁੱਧੂ। ਇੱਥੋਂ ਚੁੱਕ ਕੇ ਉਧਰ ਬਿਠਾ ਦਿੰਦੇ ਹਨ। I would like to ask the Deputy Chief Minister at least to clarify as I don't know and I have not seen what are the implications? ਉਨ੍ਹਾਂ ਨੇ ਕਿਹਾ ਕਿ it is basically a time frame ਕਿ ਇੰਨੇ ਸਮੇਂ ਵਿੱਚ ਲੋਕਾਂ ਨੂੰ ਸਰਵਿਸਿਜ਼ ਪ੍ਰੋਵਾਈਡ ਹੋਣਗੀਆਂ। ਬਹੁਤ ਅੱਛਾ। ਬਿਲਕੁਲ ਹੋਣੀਆਂ ਚਾਹੀਦੀਆਂ ਹਨ। ਜਿਸ ਦਿਨ ਇਹ ਸਰਵਿਸਿਜ਼ ਇੰਪਲੀਮੈਂਟ ਹੋ ਗਈਆਂ, this goes against the very nature, ਜਾਂ ਤਾਂ ਸੁਖਬੀਰ ਜੀ ਨੇ ਗੱਲ ਕਰਕੇ ਵੱਡੇ ਬਾਦਲ ਸਾਹਿਬ ਨੂੰ ਮਨਾ ਲਿਆ ਔਰ may be Badal Sahib has not looked at it very seriously. ਉਨ੍ਹਾਂ ਨੇ ਕਿਹਾ ਹੋਣਾ ਹੈ ਕਿ ਜੋ ਸੁਖਬੀਰ ਕਹਿ ਰਿਹਾ ਹੈ, ਕਰ ਲੈਣ ਦਿਉ। This would undercut the very philosophy of this government or at least Badal Sahib because I still remember ਜਿਸ ਦਿਨ ਪਹਿਲੇ ਦਿਨ ਅਸੈਂਬਲੀ ਜੁੜੀ ਸੀ, ਬਾਦਲ ਸਾਹਿਬ ਨੇ ਸਦਨ ਵਿੱਚ ਖੜ੍ਹੇ ਹੋ ਕੇ ਕਿਹਾ ਸੀ ਕਿ ਤੁਹਾਡੇ ਵਾਲਾ ਮੁੱਖ ਮੰਤਰੀ ਲੋਕਾਂ ਨੂੰ ਨਹੀਂ ਮਿਲਦਾ ਸੀ। ਉਹ ਐਮ.ਐਲ.ਏਜ਼. ਨੂੰ, ਮੰਤਰੀਆਂ ਨੂੰ ਨਹੀਂ ਮਿਲਦਾ ਸੀ। ਮੈਂ ਸੰਗਤ ਦਰਸ਼ਨ ਕਰ ਕੇ ਆਇਆ ਹਾਂ। ਪੰਜ ਹਜ਼ਾਰ ਬੰਦੇ ਉਥੇ ਇਕੱਠੇ ਸੀ। ਮੇਰਾ ਸਵਾਲ ਉਸ ਦਿਨ ਵੀ, ਸਪੀਕਰ ਸਾਹਿਬ, ਇਹੀ ਸੀ, does that show your Government in good light?

**ਮਾਨਯੋਗ ਸਪੀਕਰ :** ਤੁਸੀਂ ਇਸ ਬਿਲ ਤੇ ਗੱਲ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, we are discussing a Bill. These are the services, ਜਿਹੜੀ ਸਰਵਿਸ ਪਟਵਾਰੀ ਕੋਲੋਂ ਮਿਲਣੀ ਚਾਹੀਦੀ ਸੀ, ਜਿਹੜੀ ਤਹਿਸੀਲਦਾਰ ਕੋਲੋਂ ਮਿਲਣੀ ਚਾਹੀਦੀ ਸੀ, ਜਿਹੜੀ ਡੀ.ਸੀ. ਕੋਲੋਂ ਮਿਲਣੀ ਚਾਹੀਦੀ ਸੀ, ਹਰ ਇੱਕ ਬੰਦਾ ਜਾ ਕੇ ਬਾਦਲ ਸਾਹਿਬ ਕੋਲ, ਚੀਫ ਮਨਿਸਟਰ ਕੋਲ ਪੇਸ਼ ਹੋ ਗਿਆ because he was not getting the services which dought to have been given to him at that very point. He is still not getting it. ਰਾਈਟ ਟੂ ਐਜੂਕੇਸ਼ਨ, Right

Original with;
Punjab Vidhan Sabha
Digitized by;
Panjab Digital Library

to Food i.e Food Security Bill ਵੀ ਅਸੀਂ ਸੈਂਟਰ ਵਿੱਚ ਪਾਸ ਕਰ ਦਿੱਤਾ। ਫੂਡ ਸਕਿਉਰਿਟੀ ਦਾ ਵੀ ਲਿਆਈ ਜਾਂਦੇ ਹਾਂ। Does that mean everybody would get the right? Where is the fundamental flaw? You are trying to cure the symptoms but what are you doing for the main cause? I am not here to criticize the entire bureaucracy. ਸਪੀਕਰ ਸਾਹਿਬ, ਮੈਂ ਇੱਕ ਐਗਜ਼ਾਂਪਲ ਦੇਵਾਂਗਾ, you must have patience in this. ਸਾਲ 2002 ਦੇ ਵਿੱਚ ਮੈਂ ਪਹਿਲੀ.ਵਾਰੀ ਐਮ.ਐਲ.ਏ. ਬਣਿਆ। ਸਭ ਤੋਂ ਵੱਡੀ ਸਾਡੇ ਏਰੀਏ ਦੇ ਵਿੱਚ ਪਰਾਬਲਮ ਇਹ ਸੀ ਕਿ ਲਾਇਸੰਸ ਬਣਾਉਣ ਵਾਲੇ ਜਾਂਦੇ ਸੀ, ਰਿਨਿਊ ਕਰਵਾਉਣ ਜਾਂਦੇ ਸੀ। 1997 ਵਿੱਚ ਤੁਹਾਡੀ ਸਰਕਾਰ ਵੇਲੇ ਸੀ.ਬੀ.ਆਈ. ਦੀ ਇਨਕੁਆਇਰੀ ਹੋ ਗਈ ਸੀ। All the weapon licences which were made in Ferozepur, ਸੀ.ਬੀ.ਆਈ. ਵਾਲੇ ਫਾਈਲਾਂ ਚੁੱਕ ਕੇ ਲੈ ਗਏ ਸੀ। ਸਾਡੇ ਕੋਲ ਬੰਦੇ ਆ ਕੇ ਕਹਿੰਦੇ ਸੀ ਕਿ ਸਾਡੇ ਲਾਇਸੰਸ ਉਸ ਵਕਤ ਦੇ ਨਹੀਂ ਹਨ, ਸਾਡੇ ਤਾਂ ਰਿਨਿਊ ਕਰਵਾ ਦਿਉ। ਅਸੀਂ as politicians, ਅਸੀਂ ਜਦੋਂ ਕੋਈ ਸਾਡੇ ਕੋਲ ਆਉਂਦਾ ਹੈ ਤਾਂ ਅਸੀਂ ਏ.ਡੀ.ਸੀ. ਕੋਲ ਸਿਫਾਰਸ਼ ਕਰਦੇ ਸੀ। ਸਾਡੇ ਉਥੇ ਇੱਕ good officer came, Mr. Tiwari. I appreciate that atleast he could appreciate a fellow. I must compliment him.ਇਨ੍ਹਾਂ ਨੇ ਉਸ ਨੂੰ ਚੁੱਕ ਕੇ ਬਠਿੰਡੇ ਲਗਾ ਦਿੱਤਾ। ਜਿਸ ਦਿਨ ਆ ਕੇ ਲੱਗਿਆ, ਦੋ ਮਹੀਨੇ ਬਾਅਦ ਮੈਂ ਫੋਨ ਕੀਤਾ ਤਾਂ ਉਸ ਨੇ ਕਿਹਾ, ਜਾਖੜ ਸਾਹਿਬ, give me two months, I will computerize the entire system I will make a list and publish the list, ਤੁਹਾਨੂੰ ਫੋਨ ਕਰਨ ਦੀ ਲੋੜ ਨਹੀਂ ਪੈਣੀ। ਹਰ ਮਹੀਨੇ ਦੇ ਵਿੱਚ ਮੈਂ 700 ਲਾਇਸੰਸ ਰਿਨਿਊ ਕਰ ਦੇਵਾਂਗਾ, give me six months, ਮੈਂ ਸਾਰੇ ਰਿਨਿਊ ਕਰਕੇ ਭੇਜ ਦੇਵਾਂਗਾ and to be honest, ਉਸ ਤੋਂ ਬਾਅਦ ਕੋਈ ਬੰਦਾ ਸਾਡੇ ਕੋਲ ਸਿਫਾਰਸ਼ ਕਰਵਾਉਣ ਨਹੀਂ ਆਇਆ। ਸਾਡੇ ਕੋਲ ਲੋਕ ਆਉਂਦੇ ਕਿਉਂ ਹਨ? ਸੰਗਤ ਦਰਸ਼ਨ ਲਗਦੇ ਕਿਉਂ ਹਨ? ਬਾਦਲ ਸਾਹਿਬ, ਜਿੰਨੀ ਕੁ ਮੇਰੀ ਉਮਰ ਹੈ, ਉਨੀ ਤੁਹਾਡੀ ਉਮਰ ਪਾਲਿਟਿਕਸ ਵਿੱਚ ਹੋ ਗਈ ਹੈ। You have been in politics, you have seen it. ਲੋਕ ਆਪਣੇ ਕੋਲ ਭੱਜ ਕੇ ਤਾਂ ਆਉਂਦੇ ਹਨ ਕਿਉਂਕਿ ਥੱਲੇ ਲੈਵਲ ਤੇ ਉਨ੍ਹਾਂ ਦੇ ਕੰਮ ਨਹੀਂ ਹੁੰਦੇ। ਅਫਸਰ ਜਾਂ ਤਾਂ ਕੁਝ ਮੰਗਦਾ ਹੈ ਜਾਂ ਫਿਰ ਗਰੀਬ ਬੰਦੇ ਨੂੰ ਜ਼ਲੀਲ ਕਰਦਾ ਹੈ। The only difference between a politician and an administrator is that an administrator is not to seek votes after five years. This is the problem, Sir. But, if they are good officers, then it is fine. ਉਸ ਨੇ ਪੰਜ ਸਾਲਾਂ ਬਾਅਦ ਲੋਕਾਂ ਕੋਲ ਨਹੀਂ ਜਾਣਾ। ਜੇਕਰ ਆਪਾਂ ਮੂੰਹ ਮੋੜ ਲਈਏ ਤਾਂ ਉਸ ਨੇ ਘਰ ਗਏ ਨੂੰ ਕਹਿਣਾ ਹੈ ਉਸ ਦਿਨ ਤਾਂ ਮੂੰਹ ਮੋੜ ਲਿਆ ਸੀ।

**ਮਾਨਯੋਗ ਸਪੀਕਰ :** ਤੁਸੀਂ ਥੋੜ੍ਹਾ ਬਰੀਫ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਪਲੀਜ਼ ਕਹੋ ਤਾਂ ਮੈਂ ਸਾਰਿਆਂ ਨੂੰ ਡਿਨਰ ਤੇ ਇਨਵਾਈਟ ਕਰ ਲੈਂਦਾ ਹਾਂ ਕਾਹਲ ਕਾਹਦੀ ਹੈ? This is the problem

Original with;
Punjab Vidhan Sabha
Digitized by;
Punjab Digital Library

[ ਸ਼੍ਰੀ ਸੁਨੀਲ ਕੁਮਾਰ ਜਾਖੜ ]

Sir. ਜਿਹੜੀ ਮੈਂ ਗੱਲ ਕਹਿਣਾ ਚਾਹੁੰਦਾ ਹਾਂ, ਸਪੀਕਰ ਸਾਹਿਬ, as long as they are good officers, then it is fine, ਜੇ ਕੋਈ ਮੇਰੇ ਵਰਗਾ ਮਾੜਾ ਬੰਦਾ ਆ ਕੇ ਬਹਿ ਗਿਆ, bacause there is so mush subjective discretion for it, ਜਦੋਂ ਉਸ ਦੀ ਮਰਜ਼ੀ ਹੈ, ਉਹ ਕਰ ਦੇਵੇਗਾ। It has to be objective, there has to be a system. ਮੈਂ ਕਹਿੰਦਾ ਹਾਂ ਕਿ ਸਾਡੀ ਸਰਕਾਰ ਦੇ ਪੰਜ ਸਾਲਾਂ ਦਾ ਸਭ ਤੋਂ ਵੱਡਾ ਕਰੈਡਿਟ goes to Captain Amarinder Singh, ਜਦੋਂ ਟੀਚਰਾਂ ਦੀ ਭਰਤੀ ਹੋਈ, he made it so categorically clear that ਕੋਈ ਇੰਟਰਵਿਊ ਨਹੀਂ, ਐਗਜ਼ਾਮ ਦੀ ਮੈਰਿਟ ਦੇ ਹਿਸਾਬ ਨਾਲ ਲੱਗ ਗਏ। ਵਰਕਰ ਵੀ ਬੜੇ ਨਰਾਜ਼ ਹੋਏ।ਵੱਡੇ ਜਾਖੜ ਸਾਹਿਬ ਦੇ ਮਗਰ ਲੱਗੇ ਸੀ।

**ਸਿੰਜਾਈ ਮੰਤਰੀ (ਸਰਦਾਰ ਜਨਮੇਜਾ ਸਿੰਘ ਸੇਖੋਂ) (ਬੈਠੇ-ਬੈਠੇ) :** ਭਰਤੀ ਤਾਂ ਹੋਈ ਨਹੀਂ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਭਰਤੀ ਹੋਈ ਹੈ, ਉਸੇ ਕਰਕੇ ਜਿੱਤੇ ਹਾਂ। 16,000 ਭਰਤੀ ਹੋਈ ਸੀ। ਮਸਲਾ ਹੈ ਕਿ ਸਿਫਾਰਸ਼ ਕਦੋਂ ਖਤਮ ਹੋਵੇਗੀ। ਇਹ ਉਦੋਂ ਖਤਮ ਹੋਵੇਗੀ when you frame the laws in such a way that very little or no subjective discretion left to these bureaucrats or make these bureaucrats accountable. ਇਨ੍ਹਾਂ ਦੀ ਕੋਈ ਏ.ਸੀ.ਆਰ. ਲਿਖਣ ਵਾਲਾ ਲਗਾਉ। I do'nt know. I am asking Deputy Chief Minisiter what does it mean? ਇਹ ਕਹਿੰਦੇ ਹਨ ਕਿ ਅਸੀਂ ਫਾਈਨ ਕਰ ਦੇਵਾਂਗੇ। ਇਸ ਗੱਲ ਦਾ ਕੀ ਪਰਮੋਸ਼ਨ ਤੇ ਫਰਕ ਪਵੇਗਾ? ਕੀ ਫਾਈਨ ਹੋਣ ਦੇ ਨਾਲ ਉਹ ਟਰਮੀਨੇਟ ਹੋਵੇਗਾ? ਕੋਈ ਨਹੀਂ ਹੁੰਦਾ। ਕਿੰਨੇ ਇਲਜ਼ਾਮ ਲਗਾ ਲਉ, ਕਿੰਨਾ ਕਰ ਲਉ। ਜੇਕਰ ਕੋਈ ਸਿਪਾਹੀ ਹੋਵੇਗਾ ਤਾਂ ਉਸ ਨੂੰ ਚੁੱਕ ਕੇ ਲਾਈਨ ਹਾਜ਼ਰ ਕਰ ਦਿਉਗੇ। ਉਹ ਦੋ ਮਹੀਨੇ ਬਾਅਦ ਸਿਫਾਰਸ਼ ਪਾ ਕੇ ਕਿਤੇ ਹੋਰ ਲੱਗ ਜਾਂਦਾ ਹੈ। ਕਿਸੇ ਅਫ਼ਸਰ ਨੂੰ ਟਰਾਂਸਫਰ ਕਰ ਦਿਉ, ਇਥੋਂ ਚੁੱਕ ਕੇ ਫਲਾਣੀ ਥਾਂ ਲਗਾ ਦੇਣਗੇ ਪਰ ਉਹ ਫਿਰ ਮੁੜ-ਘਿੜ ਕੇ ਵਾਪਸ ਆ ਜਾਂਦਾ ਹੈ। He has to be held accountable for all the minus points that he incurs and on top of that I will also convince my colleagues also.

**ਮਾਨਯੋਗ ਸਪੀਕਰ :** ਇਹ ਜਿਹੜਾ ਐਕਟ ਹੈ, ਇਸ ਦੇ ਵਿੱਚ ਇਹ ਸਾਰਾ ਕੁਝ ਹੈ ਜੋ ਤੁਸੀਂ ਬੋਲ ਰਹੇ ਹੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਫਿਰ ਇਸ ਨੂੰ ਪਾਸ ਕਰ ਦਿਉ, ਸਾਨੂੰ ਬੁਲਾਉਣ ਦੀ ਲੋੜ ਹੀ ਨਹੀਂ ਹੈ। ਸਰ, ਮੈਂ ਤਾਂ ਵਧਾਈ ਦੇ ਰਿਹਾ ਹਾਂ ਤੁਸੀਂ ਵਧਾਈ ਤਾਂ ਸੁਣ ਲਵੋ। He has done very good job. I have said it is a very good step but taken too late. ਇੱਕ ਮਿੰਟ ਸੁਣ ਲਵੋ। ਕੱਲ੍ਹ ਨੂੰ ਤੁਸੀਂ ਇੱਧਰ ਬੈਠੇ ਹੋਵੋਗੇ ਤਾਂ ਫਿਰ ਝਾਕੋਗੇ। Today we have to fight for our right to speak. I have the right to

Original with;
Punjab Vidhan Sabha
Digitized by;
Panjab Digital Library

speak here. I have the right to voice the concern of the people of my constituency of Punjab. ਉਸ ਦੇ ਵਾਸਤੇ ਮੈਨੂੰ ਤੁਹਾਡੇ ਨਾਲ ਝਗੜਾ ਕਰਨਾ ਪੈਂਦਾ ਹੈ। ਮੈਂ ਡਿਪਟੀ ਸੀ.ਐਮ.ਸਾਹਿਬ ਨੂੰ ਰਿਕੁਐਸਟ ਕਰਾਂਗਾ ਕਿ ਉਹ ਇਸ ਦੇ ਉਤੇ ਇੱਕ ਮਿੰਟ ਲਈ ਗੌਰ ਕਰ ਲੈਣ। ਉਸ ਦੀ ਏ.ਸੀ.ਆਰ. ਜਿਸ ਦਿਨ ਲਿਖੋ, there should be a committee at District level, Block level or whichever level, ਜਿਸ ਦੇ ਵਿਚ ਕੋਈ ਇਲੈਕਟਿਡ ਬੰਦੇ, ਜਿਸ ਨੂੰ ਸਿਵਲ ਸੁਸਾਇਟੀ ਕਹਿੰਦੇ ਹਨ, these days there is something called Civil Society, as if we are uncivil. ਸਿਵਲ ਸੁਸਾਇਟੀ ਵਾਲੇ ਕਿਸੇ ਨੂੰ ਪਾ ਦਿਉ, ਸਿਆਣੇ ਬੰਦੇ ਜਿਹੜੇ cutting across party lines ਉਸ ਦੀ ਏ.ਸੀ.ਆਰ. ਲਿਖਣ। ਉਸ ਤੋਂ ਬਾਅਦ ਉਸਦੀ ਦੂਜੀ ਵਾਰੀ ਟਰਾਂਸਫਰ ਕਰਨ ਦੀ ਨੌਬਤ ਹੀ ਨਾ ਆਵੇ। He should be terminated, ਇਸ ਤਰ੍ਹਾਂ ਦੀ ਇਸ ਦੇ ਵਿਚ ਪ੍ਰੋਵੀਜ਼ਨ ਪਾਉ, then these services will be made sure. ਇਹ ਠੀਕ ਤਰੀਕੇ ਨਾਲ ਲਾਗੂ ਹੋਣਗੀਆਂ। ਇਸ ਗੱਲ ਨੂੰ ਮਜ਼ਾਕ ਦੇ ਵਿਚ ਨਾ ਉਡਾਉਣਾ। Till the time ਬਿਊਰੋਕਰੇਸੀ ਦੇ ਉਤੇ ਲਗਾਮ ਨਹੀਂ ਪਾਉਣੀ ਉਦੋਂ ਤੱਕ ਤੁਹਾਡੇ ਸਾਰੇ ਦੇ ਸਾਰੇ ਇਹ ਕਾਨੂੰਨ ਹਨ, ਇਹ ਕਾਨੂੰਨ ਹੀ ਬਣੇ ਰਹਿ ਜਾਣਗੇ ਇਸ ਤੋਂ ਬਿਨਾਂ ਹੋਰ ਵੀ ਬਥੇਰੇ ਕਾਨੂੰਨ ਹਨ, ਇੱਕ Right to Service ਕਾਨੂੰਨ ਵੀ ਜੋੜ ਦਿਉ। Thank you.

**ਸਰਦਾਰ ਸੁਖਪਾਲ ਸਿੰਘ ਖਹਿਰਾ (ਭੁਲੱਥ) :** ਸਪੀਕਰ ਸਾਹਿਬ, ਇਹ ਜਿਹੜਾ ਰਾਈਟ ਟੂ ਸਰਵਿਸ ਐਕਟ ਬਣਾਇਆ ਹੈ, ਇਹ ਸ਼ਲਾਘਾਯੋਗ ਕਦਮ ਹੈ, ਇਹ ਅੱਛਾ attempt ਹੈ। ਇਸ ਦੇ ਨਤੀਜੇ ਹੁਣ accrue ਹੋਣਗੇ, ਇਸ ਬਾਰੇ ਦੋ, ਚਾਰ, ਦਸ ਮਹੀਨਿਆਂ ਤੋਂ ਬਾਅਦ ਲੋਕਾਂ ਨੂੰ ਪਤਾ ਲੱਗੇਗਾ ਕਿ ਕਿੰਨਾ ਕੁ ਇਨਸਾਫ ਮਿਲ ਰਿਹਾ ਹੈ। ਜਿਹੜੇ ਲੋਕਾਂ ਨੂੰ ਬੇਇਨਸਾਫ਼ੀ ਮਿਲ ਰਹੀ ਹੈ, ਉਨ੍ਹਾਂ ਲੋਕਾਂ ਨੂੰ ਉਤੇ ਆ ਕੇ ਕਿਸ ਤਰ੍ਹਾਂ ਇਨਸਾਫ਼ ਮਿਲੇਗਾ। It is a good beginning. ਸਪੀਕਰ ਸਾਹਿਬ, ਇਸ ਦੇ ਵਿਚ, ਕਿਉਂਕਿ ਡਿਪਟੀ ਸੀ.ਐਮ. ਸਾਹਿਬ ਦਾ ਆਪਣਾ ਮਹਿਕਮਾ ਹੈ, ਤੁਸੀਂ ਪੁਲਿਸ ਨੂੰ ਇਸ ਦੇ ਪਰਵਿਊ ਵਿਚ ਘੱਟ ਲਿਆਂਦਾ ਹੈ ਤੁਸੀਂ ਉਨ੍ਹਾਂ ਵੱਲੋਂ ਵੈਰੀਫਿਕੇਸ਼ਨਾਂ ਵਗੈਰਾ ਤਾਂ ਇਸ ਵਿਚ ਲੈ ਆਉਂਦੇ। ਉਹ ਤਾਂ ਸਾਧਾਰਨ ਹਨ ਅਤੇ ਉਹ ਤਾਂ ਹੋ ਹੀ ਜਾਂਦੀਆਂ ਹਨ। ਜੇ ਉਸ ਤਰ੍ਹਾਂ ਨਹੀਂ ਹੁੰਦੀਆਂ ਤਾਂ ਪੰਜ ਸੌ ਰੁਪਏ ਦੇ ਨਾਲ ਹੋ ਜਾਂਦੀਆਂ ਹਨ। ਇਸ ਦੇ ਵਿਚ ਇੰਪਾਰਟੈਂਟ ਕਰਨ ਵਾਲੀ ਗੱਲ ਇਹ ਹੈ ਕਿ ਜਿਹੜੀਆਂ ਫਰਿਆਦੀ ਲੋਕ ਐਪਲੀਕੇਸ਼ਨਜ਼ ਦਿੰਦੇ ਹਨ, make that also time bound, make disposal of that applications time bound. Whether that is accepted or rejected, whatever is done it has to be time bound. ਕਈ ਵਾਰੀ ਅਰਜ਼ੀ ਚਲੀ ਜਾਂਦੀ ਹੈ ਤੇ ਦੋ-ਦੋ ਮਹੀਨੇ ਬਾਅਦ ਵਿਚਾਰੀਆਂ ਵਿਧਵਾ ਔਰਤਾਂ, ਗਰੀਬ ਤੁਰੇ ਰਹਿੰਦੇ ਹਨ, ਇੱਕ ਤਾਂ ਇਹ ਜ਼ਰੂਰ ਕਰਿਉ। ਦੂਜਾ ਇਹ ਹੈ ਕਿ ਕੋਈ ਕੇਸ ਰਜਿਸਟਰ ਹੋ ਜਾਂਦਾ ਹੈ ਤਾਂ ਲੋਕ ਜ਼ਿਲ੍ਹਾ ਲੈਵਲ ਦੇ ਉਤੇ ਜਾ ਕੇ ਐਸ.ਐਸ.ਪੀ. ਕੋਲ ਫਰਿਆਦੀ ਇਨਕੁਆਰੀ ਮੰਗਦੇ ਹਨ। ਇਸੇ ਤਰ੍ਹਾਂ ਸੀਰੀਅਸ

Original with;
Punjab Vidhan Sabha
Digitized by;
Panjab Digital Library

[ਸਰਦਾਰ ਸੁਖਪਾਲ ਸਿੰਘ ਖਹਿਰਾ]

ਕੇਸਿਜ ਆਫ ਓਫੈਂਸ, ਜਿਸ ਤਰ੍ਹਾਂ ਧਾਰਾ 307 ਜਾਂ 452 ਦਾ ਜੋ ਅੱਜਕੁਲ ਹੋ ਰਿਹਾ ਹੈ, ਉਨ੍ਹਾਂ ਇਨਕੁਆਇਰੀਆਂ ਨੂੰ ਵੀ ਟਾਈਮ ਬਾਊਂਡ ਬਣਾਉ ਜੀ। ਉਹ ਅਫ਼ਸਰ ਆਪਣੇ ਕੋਲ ਫਾਈਲ ਭਾਵੇਂ ਡੇਢ ਸਾਲ ਵੀ ਰੱਖ ਸਕਦਾ ਹੈ, ਇਸ ਵਾਸਤੇ ਕਾਨੂੰਨ ਨਹੀਂ ਹੈ ਕਿ ਉਸ ਦੇ ਕੋਲੋਂ ਫਾਈਲ ਮੰਗਵਾਈ ਜਾ ਸਕੇ, ਕੋਈ ਮਿਸਲ ਮੰਗਵਾਈ ਜਾ ਸਕੇ। ਕਿਸੇ ਕੇਸ ਦਾ ਚਲਾਨ ਪੇਸ਼ ਹੋਣਾ ਹੈ ਕਿ ਨਹੀਂ ਹੋਣਾ, nobody is concerned. ਮੈਂ ਤਾਂ ਇਹ ਪੁਲਿਸ ਡਿਪਾਰਟਮੈਂਟ ਬਾਰੇ ਦੋ ਸੁਜੈਸ਼ਨਾਂ ਦੇ ਸਕਿਆ ਹਾਂ। ਇਸ ਨਾਲੋਂ ਵੱਧ ਤਾਂ ਤੁਹਾਨੂੰ ਆਪਣੇ ਅਫ਼ਸਰ ਦੇ ਦੇਣਗੇ ਕਿ ਪੁਲਿਸ ਨੂੰ more ਅਕਾਊਂਟੇਬਲ ਕਿਸ ਤਰ੍ਹਾਂ ਬਣਾਇਆ ਜਾ ਸਕਦਾ ਹੈ ਕਿਉਂਕਿ ਜਿਹੜੀ ਪੁਲਿਸ ਹੈ this is one of the biggest department which indulges in public dealings. ਸਪੀਕਰ ਸਾਹਿਬ, ਸਭ ਤੋਂ ਵੱਧ ਜਿਹੜੀ ਪੰਜਾਬ ਵਿਚ ਲੋਕਾਂ ਦੇ ਨਾਲ ਡੀਲਿੰਗ ਹੈ ਉਹ ਜ਼ਾਹਰਾ ਤੌਰ ਤੇ, ਦਿਨ ਰਾਤ, 24 ਘੰਟੇ, ਪੁਲਿਸ ਦੇ ਨਾਲ ਹੈ। ਦੂਜਾ, ਮੈ ਸਪੀਕਰ ਸਾਹਿਬ, ਡਿਪਟੀ ਚੀਫ ਮਨਿਸਟਰ ਸਾਹਿਬ ਨੂੰ ਤੁਹਾਡੇ ਜ਼ਰੀਏ ਕਹਿਣਾ ਚਾਹੁੰਦਾ ਹਾਂ ਕਿ ਇਕ ਮੂਵਮੈਂਟ ਰਜਿਸਟਰ ਦਫ਼ਤਰਾਂ ਦੇ ਵਿੱਚ ਲਗਾਇਆ ਜਾਵੇ, Which starts from the lowest officer. For example from Patwari right till the Chief Secretary ਤੁਸੀਂ ਜਦੋਂ ਕਿਸੇ ਨੂੰ ਫੋਨ ਕਰੋਗੇ ਤਾਂ ਉਹ ਕਹਿੰਦਾ ਹੈ ਕਿ ਮੀਟਿੰਗ ਦੇ ਵਿੱਚ ਗਿਆ ਹੈ। ਉਹ ਕਿਹੜੀ ਮੀਟਿੰਗ ਦੇ ਵਿੱਚ ਗਏ ਹਨ ਉਸ ਬਾਰੇ ਕਿਸੇ ਨੂੰ ਕੁਝ ਨਹੀਂ ਪਤਾ ਹੁੰਦਾ। ਤੁਸੀਂ ਕਿਸੇ ਨੂੰ ਵੀ ਲੱਭ ਕੇ ਦੇਖ ਲਵੋ। ਨਾਰਮਲੀ, ਆਪੋਜ਼ੀਸ਼ਨ ਵਿਚ ਰਹਿੰਦਿਆਂ ਸਾਨੂੰ ਐਮ.ਐਲ.ਏਜ਼ ਨੂੰ ਇਹ ਜਵਾਬ ਮਿਲਦਾ ਹੈ। ਇਸ ਤਰ੍ਹਾਂ ਜੇ ਇਹ ਜਵਾਬ ਸਾਨੂੰ ਐਮ.ਐਲ.ਏਜ਼ ਨੂੰ ਮਿਲਦਾ ਹੈ ਤਾਂ ਲੋਕਾਂ ਦੇ ਬਾਰੇ ਤੁਸੀਂ ਅੰਦਾਜ਼ਾ ਲਗਾ ਸਕਦੇ ਹੋ। ਉਹ ਆਪਣੇ ਕੰਮ ਵੀ ਚਲੇ ਜਾਂਦੇ ਹਨ ਜਾਂ ਕਿਤੇ ਪੈੱਗ ਸ਼ੈੱਗ ਲਗਾਉਣ ਲਈ ਵੀ ਚਲੇ ਜਾਂਦੇ ਹਨ ਜਾਂ ਕੋਈ ਗੋਲਫ ਖੇਡਣ ਚਲੇ ਜਾਂਦੇ ਹਨ, but nobody is accountable there. ਇਸ ਨੂੰ ਰੋਕਣ ਲਈ ਇੱਕ ਮੂਵਮੈਂਟ ਰਜਿਸਟਰ ਲਗਵਾਉ। ਜਿਹੜਾ ਅਫ਼ਸਰ ਉਥੋਂ ਨਿਕਲੇ he must note the time of departure from his office alongwith the purpose of his visit, where he is going alongwith his cell phone ਕਿ ਜੇ ਮੇਰੇ ਸੈਲਫੋਨ ਦੀ ਕੋਈ ਬੈਟਰੀ ਖਰਾਬ ਜਾਂ ਡਾਊਨ ਹੋ ਗਈ ਤਾਂ ਮੈਂ ਬੀ.ਈ.ਓ. ਦਫਤਰ ਵਿਖੇ ਚੱਲਿਆ ਹਾਂ ਜੇਕਰ ਕਿਸੇ ਨੂੰ ਮੇਰੀ ਲੋੜ ਪਵੇ ਤਾਂ ਬੀ.ਈ.ਓ. ਦਫਤਰ ਦੇ ਵਿਚ ਸੰਪਰਕ ਕਰੋ। ਮੈਂ ਇੰਨੇ ਵਜੇ ਤੋਂ ਇੰਨੇ ਵਜੇ ਤੱਕ ਉਥੇ ਹੋਵਾਂਗਾ, ਇੰਨਾ ਆਉਣ ਜਾਣ ਦਾ ਸਮਾਂ ਅਤੇ ਉਹ ਵਾਪਸ ਆ ਕੇ ਫਿਰ ਐਂਟਰੀ ਕਰੇ। This movement register will further make the officers more accountable to the problems.

ਡਿਪਟੀ ਸੀ.ਐਮ. ਸਾਹਿਬ ਇਕ ਤੁਹਾਡੇ ਮਹਿਕਮੇ ਦੀ ਗੱਲ ਹੈ। ਬਹੁਤ ਸਾਰੇ ਲੋਕ ਹਨ ਜਿਨ੍ਹਾਂ ਨੂੰ ਤੁਸੀਂ ਪ੍ਰਮੋਸ਼ਨਾਂ ਦਿੱਤੀਆਂ ਹਨ। ਤੁਸੀਂ ਇਨ੍ਹਾਂ ਨੂੰ ਦੁਬਾਰਾ ਚੈੱਕ ਕਰਵਾਉ। ਇਹ ਕੋਈ ਇਲਜ਼ਾਮ ਨਹੀਂ ਹੈ। ਜਿਹੜੀਆਂ ਏ.ਐਸ.ਆਈ. ਪੱਧਰ ਤੇ ਪ੍ਰੋਮੋਸ਼ਨਾਂ ਹੋਈਆਂ ਹਨ, ਇਹ ਬਹੁਤ ਵੱਡੇ ਪੈਮਾਨੇ ਤੇ ਹੋਈਆਂ ਹਨ ਅਤੇ ਇਹ ਸਡਨਲੀ ਹੋਈਆਂ ਹਨ।

Original with;
Punjab Vidhan Sabha
Digitized by;
Panjab Digital Library

There are definitely rules and regulations which could not have been followed in such a short manner. ਉਸ ਦੇ ਵਿੱਚ ਪੈਸੇ ਚੱਲੇ ਹਨ। ਇਹ ਤਕਰੀਬਨ ਡੇਢ-ਦੋ ਲੱਖ ਰੁਪਿਆ ਏ.ਐਸ.ਆਈ. ਦੀ ਪ੍ਰਮੋਸ਼ਨ ਤੱਕ ਅਤੇ ਇਸ ਤੋਂ ਥੋੜ੍ਹਾ ਵੱਧ ਉਤਲੇ ਕਦਮ ਵਾਲੇ ਤੱਕ ਚੱਲਿਆ ਹੈ। ਫਰਜ਼ ਕਰੋ ਕਿ ਜੇ 500-700 ਬੰਦਿਆਂ ਤੋਂ ਵੀ ਪੈਸੇ ਲਏ ਜਾਣ it amounts to huge amount of money. Kindly look into that also because this is your department. Thank you very much.

**ਮਾਨਯੋਗ ਸਪੀਕਰ :** ਹਾਂ ਜੀ, ਸੂਦ ਜੀ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਮਾਨਯੋਗ ਸਪੀਕਰ ਸਾਹਿਬ, ਮੈਂ ਧੰਨਵਾਦੀ ਹਾਂ ਕਿ ਤੁਸੀਂ ਮੈਨੂੰ ਇਸ ਇੰਪਾਰਟੈਂਟ ਬਿਲ ਤੇ ਬੋਲਣ ਲਈ ਦੋ ਮਿੰਟ ਦਿੱਤੇ ਹਨ। ਮਾਨਯੋਗ ਸਪੀਕਰ ਸਾਹਿਬ, ਮੈਂ ਆਪੋਜ਼ੀਸ਼ਨ ਬੈਂਚਿਜ਼ ਦਾ ਵੀ ਬੜਾ ਧੰਨਵਾਦੀ ਹਾਂ ਕਿ ਉਨ੍ਹਾਂ ਨੇ ਮੁੱਢਲੇ ਤੌਰ ਤੇ ਇਸ ਐਕਟ ਦੇ ਆਉਣ ਦੀ ਸਰਾਹਣਾ ਕੀਤੀ ਹੈ ਅਤੇ ਕਿਹਾ ਹੈ ਕਿ ਇਹ ਬੜੀ ਦੇਰ ਬਾਅਦ ਆਇਆ। ਮੈਂ ਦੱਸਣਾ ਚਾਹੁੰਦਾ ਹਾਂ ਕਿ ਇਸ ਵਾਸਤੇ ਬੜੀ ਲੰਬੀ ਐਕਸਰਸਾਈਜ਼ ਕਰਨੀ ਪਈ। ਮੈਂ ਕਹਾਂਗਾ ਕਿ ਇਹ ਮਾਨਯੋਗ ਮੁੱਖ ਮੰਤਰੀ, ਸਰਦਾਰ ਪਰਕਾਸ਼ ਸਿੰਘ ਬਾਦਲ ਜੀ ਔਰ ਉਪ ਮੁੱਖ ਮੰਤਰੀ ਸਰਦਾਰ ਸੁਖਬੀਰ ਸਿੰਘ ਬਾਦਲ ਜੀ ਦੀ ਲੋਕਾਂ ਪ੍ਰਤੀ ਜੋ ਸੋਚ ਹੈ, ਉਸ ਕਰਕੇ ਇਹ ਐਕਟ ਬਣਿਆ ਔਰ ਇਹ ਵਧੀਆ ਢੰਗ ਦੇ ਨਾਲ ਪੇਸ਼ ਕੀਤਾ ਗਿਆ। ਮੈਨੂੰ ਸਮਝ ਨਹੀਂ ਆਉਂਦਾ ਕਿ ਚੀਜ਼ ਚੰਗੀ ਹੈ ਪਰ ਫਿਰ ਵੀ ਨੁਕਤਾਚੀਨੀ ਅਤੇ ਮੀਨ-ਮੇਖ ਕੱਢੀ ਜਾਣਾ, ਇਹ ਠੀਕ ਨਹੀਂ ਹੈ। ਬਹੁਤੇ ਮੈਂਬਰ ਸਾਹਿਬਾਨ ਤਾਂ ਕੁਝ ਅਜਿਹੀਆਂ ਗੱਲਾਂ ਬੋਲ ਗਏ, ਕਿਉਂਕਿ ਉਨ੍ਹਾਂ ਨੇ ਐਕਟ ਪੜ੍ਹਿਆ ਹੀ ਨਹੀਂ ਹੈ। ਕਿਸੇ ਨੇ ਕਹਿ ਦਿੱਤਾ ਕਿ ਇਨਫੋਰਸਮੈਂਟ ਕਿਸ ਤਰ੍ਹਾਂ ਹੋਵੇਗੀ, ਕਿਸੇ ਨੇ ਕੁਝ ਹੋਰ ਕਹਿ ਦਿੱਤਾ। ਜੇਕਰ ਆਪਾਂ ਐਕਟ ਸਾਰਾ ਪੜ੍ਹ ਲਈਏ ਤਾਂ ਅੱਧੇ ਤਾਂ ਕੀ ਤਕਰੀਬਨ ਸਾਰੇ ਡਾਊਟਸ ਹੀ ਕਲੀਅਰ ਹੋ ਜਾਣੇ ਹਨ। ਇਸ ਕਰਕੇ ਡਾਊਟ ਸਾਰੇ ਦੂਰ ਹੋ ਜਾਣਗੇ, ਇਹ ਇੱਕ ਵਾਰੀ ਇਸ ਨੂੰ ਪੜ੍ਹ ਲੈਣ। (ਵਿਘਨ) (ਸ਼ੋਰ)

(ਇਸ ਸਮੇਂ ਵਿਰੋਧੀ ਧਿਰ ਦੇ ਕੁਝ ਮੈਂਬਰ ਪੁਆਇੰਟ ਆਫ ਆਰਡਰ ਦੀ ਮੰਗ ਕਰ ਰਹੇ ਸਨ।)

**ਮਾਨਯੋਗ ਸਪੀਕਰ :** ਇਕ ਮਿੰਟ ਰੁਕ ਜਾਓ। ਕੀ ਪੁਆਇੰਟ ਆਫ ਆਰਡਰ ਕਹੀ ਜਾਂਦੇ ਹੋ?

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ :** ਸਪੀਕਰ ਸਾਹਿਬ, ਮੇਨ ਜੋ ਇਸ਼ੂ ਹੈ, ਉਹ ਕੁਰੱਪਸ਼ਨ ਦਾ ਇਸ਼ੂ ਹੈ। ਅੱਜ ਬਾਬਾ ਰਾਮਦੇਵ ਜੀ ਨੇ ਕਾਲਾ ਧਨ ਬਾਹਰ ਲਿਆਉਣ ਦੀ ਗੱਲ ਕੀਤੀ ਹੈ, ਉਸ ਦੀ ਵੀ ਇਨ੍ਹਾਂ

Original with;
Punjab Vidhan Sabha
Digitized by;
Panjab Digital Library

**[ ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ ]**

ਨੂੰ ਤਕਲੀਫ ਹੈ ਜਦੋਂ ਕਿ ਸਾਰੇ ਲੋਕ ਉਨ੍ਹਾਂ ਨਾਲ ਹਨ। ਕਾਲਾ ਧਨ ਜੋ ਹੈ, ਉਹ ਕੁਰੱਪਸ਼ਨ ਦਾ ਪੈਸਾ ਹੈ। (ਵਿਘਨ) (ਸ਼ੋਰ) ਅੰਨਾ ਹਜ਼ਾਰੇ ਨੇ ਜੇ ਅੱਜ ਕੁਰੱਪਸ਼ਨ ਦੀ ਗੱਲ ਕੀਤੀ ਹੈ ਤਾਂ ਉਸ ਤੋਂ ਵੀ ਇਨ੍ਹਾਂ ਨੂੰ ਤਕਲੀਫ ਹੈ, ਫਿਰ ਕਾਹਦੀਆਂ ਗੱਲਾਂ ਹੋਈਆਂ? ਸਪੀਕਰ ਸਾਹਿਬ, ਮੈਂ ਕਹਿਣਾ ਚਾਹੁੰਦਾ ਹਾਂ ਕਿ ਇਹ ਜਿਹੜਾ ਐਕਟ ਬਣਿਆ ਹੈ, ਜੇਕਰ ਕੁਰੱਪਸ਼ਨ ਹੋ ਜਾਵੇ ਤਾਂ ਸਬੰਧਤ ਦੋਸ਼ੀ ਨੂੰ ਸਜ਼ਾ ਦੇਣ ਦੀਆਂ ਗੱਲਾਂ ਹਨ। ਕੁਰੱਪਸ਼ਨ ਨੂੰ ਮੁੱਢ ਤੋਂ ਫੜ੍ਹਿਆ ਹੈ, ਅਸੀਂ ਜੜ੍ਹ ਤੋਂ ਫੜ੍ਹਿਆ ਹੈ। ਇਹ ਪੱਤਿਆਂ ਤੇ ਫੁੱਲਾਂ ਨੂੰ ਪਾਣੀ ਦੇਣ ਦੀ ਗੱਲ ਨਹੀਂ ਹੈ। ਇਹ ਜੜ੍ਹ ਨੂੰ ਫੜ੍ਹਿਆ ਹੈ ਕਿ ਕੁਰੱਪਸ਼ਨ ਹੋਵੇ ਹੀ ਨਾ। ਕੁਰੱਪਸ਼ਨ ਕਿਸ ਤਰ੍ਹਾਂ ਸ਼ੁਰੂ ਹੁੰਦੀ ਹੈ? ਕਿਸੇ ਨਾ ਕਿਸੇ ਤਰ੍ਹਾਂ ਬੰਦੇ ਦੇ ਚੱਕਰ ਲਗਵਾਏ ਜਾਣ ਉਸ ਨੂੰ ਤਸੱਲੀਬਖਸ਼ ਜਵਾਬ ਨਾ ਦਿੱਤਾ ਜਾਵੇ ਤਾਂ ਫਿਰ ਕੁਰੱਪਸ਼ਨ ਸ਼ੁਰੂ ਹੁੰਦੀ ਹੈ।. ਇਸ ਸਬੰਧੀ ਬੜੇ ਖੁਲ੍ਹੇ ਦਿਲ ਨਾਲ ਆਪਣੀ ਸਰਕਾਰ ਨੇ ਐਕਟ ਬਣਾ ਕੇ ਪੇਸ਼ ਕੀਤਾ ਹੈ ਕਿ ਛੋਟੇ ਤੋਂ ਛੋਟਾ ਬੰਦਾ, ਜਿਸ ਦੀ ਕੋਈ ਅਪਰੋਚ ਨਹੀਂ ਹੈ, ਔਰ ਜਿਸ ਨੂੰ ਚੱਕਰ ਲਗਾਉਣ ਨਾਲ ਪੈਸੇ ਖਰਾਬ ਕਰਨ ਦੀ ਨੌਬਤ ਆਉਂਦੀ ਹੈ, ਜੋ ਵੀ ਪ੍ਰਾਬਲਮ ਆਉਂਦੀ ਹੈ, ਉਹ ਦੂਰ ਹੋ ਜਾਵੇ। ਮੈਨੂੰ ਇਹ ਸਮਝ ਨਹੀਂ ਆਉਂਦੀ ਕਿ ਇਨ੍ਹਾਂ ਨੂੰ ਇਸ ਐਕਟ ਤੋਂ ਪ੍ਰਾਬਲਮ ਕੀ ਹੈ? ਮੈਂ ਬੇਨਤੀ ਕਰਾਂਗਾ ਕਿ ਸਰਕਾਰ ਨੇ ਇਹ ਇੱਕ ਐਸਾ ਇਤਿਹਾਸਕ ਐਕਟ ਲਿਆਂਦਾ ਹੈ, ਭਾਵੇਂ ਸਰਕਾਰ ਨੇ ਬਹੁਤ ਵਧੀਆ-ਵਧੀਆ ਕੰਮ ਕੀਤੇ ਹਨ ਪਰ ਉਨ੍ਹਾਂ ਵਿਚੋਂ ਜੋ ਖਾਸ ਕੰਮ ਹੈ, ਉਹ ਇਹ ਵੀ ਹੈ। ਇਹ ਯਾਦ ਰੱਖਿਆ ਜਾਵੇਗਾ ਕਿ ਇਕ ਵਿਸ਼ੇਸ਼ ਐਕਟ ਜੋ ਕਿ ਰਾਈਟ ਟੂ ਸਰਵਿਸ ਐਕਟ ਹੈ, ਇਹ ਅਕਾਲੀ- ਬੀ.ਜੇ.ਪੀ. ਦੀ ਸਰਕਾਰ ਨੇ ਕੀਤਾ ਹੈ।

**ਮਾਨਯੋਗ ਸਪੀਕਰ :** ਠੀਕ ਹੈ ਜੀ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸਪੀਕਰ ਸਾਹਿਬ, ਮੈਂ ਇੱਕ ਜਵਾਬ ਦੇਣਾ ਹੈ। ਸਪੀਕਰ ਸਾਹਿਬ, ਇਹ ਜਿਹੜਾ ਐਕਟ ਹੈ, ਇਹ ਬੜਾ ਹਿਸਟੋਰਿਕ ਐਕਟ ਹੈ। (ਥੰਪਿੰਗ) ਇਥੇ ਜ਼ਿਕਰ ਕੀਤਾ ਗਿਆ ਸੀ ਕਿ ਇਹ ਚਾਰ ਸਾਲ ਪਹਿਲਾਂ ਕਿਉਂ ਨਹੀਂ ਆਇਆ? ਮੈਂ ਤਾਂ ਕਹਿਣਾ ਚਾਹੁੰਦਾ ਹਾਂ ਕਿ ਜਦੋਂ ਸਾਨੂੰ ਅਜ਼ਾਦੀ ਮਿਲੀ ਅਤੇ ਪਹਿਲੀ ਕਾਂਸਟੀਚਿਊਸ਼ਨ ਬਣੀ, ਇਹ ਬਿਲ ਉਦੋਂ ਆਉਣਾ ਚਾਹੀਦਾ ਸੀ। ਚਲੋ, ਲੇਟ ਹੋ ਗਏ। ਮੈਂ ਨਹੀਂ ਕਹਿੰਦਾ ਕਿ ਲੇਟ ਹੋਏ? ਜਿਹੜਾ ਬਿਲ ਬਣਿਆ, ਇਸ ਨੂੰ ਬੜਾ ਟਾਈਮ ਲਗਾ ਕੇ ਬਣਾਇਆ ਹੈ। ਇਹ ਇੰਨਾ ਸੌਖਾ ਨਹੀਂ ਸੀ ਕਿ ਆਪਾਂ ਇਕਦਮ ਹੀ ਸਾਰਾ ਕੁਝ ਕਰ ਦਿੰਦੇ। ਇਸ ਵਿੱਚ ਕਈ ਲੀਗਲ ਪ੍ਰਾਬਲਮਜ਼ ਸੀ, ਕਈ ਡਿਸਕਸ਼ਨਜ਼ ਹੋਈਆਂ। ਇਸ ਵਿੱਚ ਤਕਰੀਬਨ ਸਾਲ ਡੇਢ ਸਾਲ ਦਾ ਸਮਾਂ ਲੱਗਿਆ ਹੈ। ਜੋ ਇਕੱਲਾ ਬਿਲ ਹੈ, ਇਹ ਸਕਸੈਸਫੁੱਲ ਉਦੋਂ ਹੁੰਦਾ ਹੈ, ਜਦੋਂ ਇਹ ਰਿਫਾਰਮਜ਼ ਦੀ ਤੇ ਬਿਲ ਦੀ ਕੰਬੀਨੇਸ਼ਨ ਹੋਵੇ। ਜਿਵੇਂ ਕਈ ਸਰਵਿਸਿਜ਼ ਹਨ, ਮੈਨੂੰ ਪਤਾ ਹੈ ਕਿ ਇਹ ਸਾਰਿਆਂ ਦਾ ਰਾਈਟ ਹੈ, ਸਰਕਾਰ ਦੀ ਅਤੇ ਜੋ ਸਰਵਿਸਿਜ਼ ਹਨ ਇਹ ਲੈਣਾ ਹਰ ਸਿਟੀਜ਼ਨ ਦਾ ਰਾਈਟ ਹੈ, ਪਰ ਸਿਟੀਜ਼ਨ ਨੂੰ ਰਾਈਟ ਕਿਤੇ ਮਿਲਿਆ ਨਹੀਂ ਹੈ ਕਿਉਂਕਿ ਕਿਸੇ ਦੀ answerability

Original with;
Punjab Vidhan Sabha
Digitized by;
Panjab Digital Library

and accountability ਨਹੀਂ ਸੀ। ਜਿਵੇਂ ਕਿਸੇ ਨੇ ਲਾਇਸੈਂਸ ਲੈਣਾ ਹੋਵੇ, ਨੋ ਆਬਜੈਕਸ਼ਨ ਸਰਟੀਫਿਕੇਟ ਲੈਣਾ ਹੋਵੇ, ਇਸ ਵਿੱਚ ਕਿਤੇ ਮਹੀਨਾ ਲੱਗ ਜਾਂਦਾ ਸੀ, ਕਿਤੇ ਦੋ ਮਹੀਨੇ ਲੱਗ ਜਾਂਦੇ ਸਨ। ਅਸੀਂ ਸੋਚਿਆ ਕਿ ਇਨ੍ਹਾਂ ਸਰਵਿਸਿਜ਼ ਨੂੰ ਟਾਈਮ ਬਾਊਂਡ ਕਰ ਦੇਈਏ, ਇੱਕ ਸਿਸਟਮ ਬਣਾ ਦੇਈਏ। ਜਿਵੇਂ ਆਰ.ਟੀ.ਆਈ. ਬਣਿਆ ਹੈ। ਕਿਸੇ ਨੂੰ ਪਹਿਲਾਂ ਉਮੀਦ ਹੀ ਨਹੀਂ ਸੀ ਹੁੰਦੀ ਕਿ ਕਿਸੇ ਮਹਿਕਮੇ ਤੋਂ ਇਨਫਰਮੇਸ਼ਨ ਮਿਲੇਗੀ ਪਰ ਹੌਲੀ-ਹੌਲੀ ਸਿਸਟਮ ਬਣ ਗਿਆ ਅਤੇ ਇਹ ਇਨ ਪਲੇਸ ਹੋ ਗਿਆ। ਇਸੇ ਤਰ੍ਹਾਂ ਹੀ ਇਹ ਰਾਈਟ ਟੂ ਸਰਵਿਸ ਐਕਟ ਹੈ। ਮੈਂ ਨਹੀਂ ਕਹਿੰਦਾ ਕਿ ਪਹਿਲੇ ਦਿਨ ਹੀ ਤੁਹਾਨੂੰ ਸਾਰਾ ਕੁਝ ਹੀ ਨਵੀਂ ਗੱਡੀ ਵਾਂਗ ਸਟਾਰਟ ਮਿਲ ਜਾਵੇਗਾ। ਇਹ ਇੱਕ ਪ੍ਰੋਸੈਸ ਹੈ। ਮੈਨੂੰ ਪਤਾ ਹੈ ਜਿਹੜੀਆਂ teething problems ਆਉਣੀਆਂ ਹਨ ਉਨ੍ਹਾਂ ਦਾ ਸਲਿਊਸ਼ਨ ਵੀ ਨਾਲ ਦੇ ਨਾਲ ਲੱਭਦੇ ਰਹਾਂਗੇ। ਇਹ ਤਾਂ ਅਸੀਂ ਇੱਕ ਰਿਫਾਰਮਜ਼ ਪ੍ਰੋਸੈਸ ਸ਼ੁਰੂ ਕੀਤਾ ਹੈ। ਜਿਵੇਂ ਕਹਿੰਦੇ ਸੀ ਕਿ ਆਪਣੇ ਇੰਪਲਾਈਜ਼ ਘੱਟ ਹਨ, ਹੋਰ ਪ੍ਰਾਬਲਮਜ਼ ਹਨ। ਹਾਂ ਘੱਟ ਹਨ ਠੀਕ ਹੈ ਪਰ ਅਸੀਂ ਇਹ ਸਿਸਟਮ ਬਣਾਇਆ ਹੈ। ਜਿਵੇਂ ਕੰਪਿਊਟਰਾਈਜੇਸ਼ਨ ਹੋ ਗਈ। ਜਿੱਥੇ ਪਹਿਲਾਂ ਹੱਥ ਨਾਲ ਕੰਮ ਕਰਦੇ ਹੁੰਦੇ ਸੀ। ਜਿੱਥੇ ਪਹਿਲਾਂ ਪੰਜ ਬੰਦਿਆਂ ਦੀ ਲੋੜ ਪੈਂਦੀ ਸੀ, ਹੁਣ ਇੱਕ ਬੰਦੇ ਦੀ ਲੋੜ ਪੈਂਦੀ ਹੈ। ਅਸੀਂ ਜਿਹੜਾ ਲੈਂਡ ਰਿਕਾਰਡ ਦਾ ਕਰ ਰਹੇ ਹਾਂ, ਮੈਂ ਕਹਿੰਦਾ ਹਾਂ ਕਿ ਬੜਾ ਔਖਾ ਕੰਮ ਕੀਤਾ ਹੈ। ਇਸ ਵਿੱਚ ਸਾਡੇ ਡਿਪਾਰਟਮੈਂਟ ਨੂੰ 3-4 ਸਾਲ ਲੱਗੇ ਔਰ ਹੁਣ 12-13 ਹਜ਼ਾਰ ਪਿੰਡਾਂ ਵਿੱਚੋਂ ਥੋੜ੍ਹੇ ਜਿਹੇ 700-800 ਪਿੰਡ ਰਹਿ ਗਏ ਹੋਣਗੇ।

ਕਈ ਜ਼ਿਲ੍ਹਿਆਂ ਵਿੱਚ ਬਾਕੀ ਲੈਂਡ ਰਿਕਾਰਡ ਕੰਪਿਊਟਰਾਈਜ਼ਡ ਹੋ ਗਿਆ। ਮੈਂ ਕੱਲ੍ਹ ਹੀ ਡਿਸਕਸ ਕਰ ਰਿਹਾ ਸੀ, ਅਸੀਂ ਇੱਕ-ਦੋ ਜ਼ਿਲ੍ਹਿਆਂ ਬਾਰੇ ਪਿੰਡ ਦਾ ਨਾਂ ਪਾ ਕੇ ਤੇ ਹੋਰ ਡਿਟੇਲਜ਼ ਪਾ ਕੇ ਚੰਡੀਗੜ੍ਹ ਬੈਠ ਕੇ ਟੈਸਟ ਕੀਤਾ ਸੀ ਅਤੇ ਸਾਨੂੰ ਚੰਡੀਗੜ੍ਹ ਬੈਠੇ ਹੀ ਉਸ ਦੀ ਕਾਪੀ ਮਿਲ ਰਹੀ ਸੀ। ਮੈਂ ਨਹੀਂ ਕਹਿੰਦਾ ਕਿ ਸਾਰਾ ਹੀ ਹੋ ਗਿਆ ਲੇਕਿਨ 90% ਤੱਕ ਇਹ ਪਹੁੰਚ ਗਿਆ ਹੈ। ਅਸੀਂ ਕਈ ਰਿਫਾਰਮਜ਼ ਪ੍ਰੋਸੈਸ ਪਿਛਲੇ ਦੋ-ਢਾਈ ਸਾਲਾਂ ਵਿੱਚ ਲਿਆਂਦੇ ਹਨ। ਜਿਵੇਂ ਮੈਂ ਜ਼ਿਕਰ ਕਰਦਾ ਹਾਂ ਕਿ ਪਹਿਲਾਂ ਆਰ.ਸੀ. ਲੈਣ ਵਾਸਤੇ ਪ੍ਰਾਬਲਮ ਆਉਂਦੀ ਸੀ।ਡੀਲਰਸ਼ਿਪ ਤੋਂ ਨਵੀਂ ਗੱਡੀ ਲੈਂਦੇ ਸੀ ਅਤੇ ਰਜਿਸਟ੍ਰੇਸ਼ਨ ਲਈ ਸਾਨੂੰ ਡੀ.ਟੀ.ਓ ਅਤੇ ਆਰ.ਟੀ.ਓ ਦਫ਼ਤਰ ਜਾਣਾ ਪੈਂਦਾ ਸੀ। ਹੁਣ ਅਸੀਂ ਸਿਸਟਮ ਬਦਲ ਰਹੇ ਹਾਂ। ਹੁਣ ਕੀ ਹੈ ਕਿ ਤੁਸੀਂ ਜਿਹੜੇ ਡੀਲਰ ਕੋਲ ਜਾਵੋਗੇ ਉਹ ਨਾਲ ਹੀ ਤੁਹਾਨੂੰ ਉਸ ਦੀ ਆਰ.ਸੀ. ਦੇਵੇਗਾ ਔਰ ਨਾਲ ਹੀ ਉਸ ਦੀ ਰਜਿਸਟ੍ਰੇਸ਼ਨ ਦੇਵੇਗਾ। ਸਾਡੀ ਕੋਸ਼ਿਸ਼ ਹੈ ਕਿ ਆਮ ਆਦਮੀ ਦਾ ਇੰਟਰੈਕਸ਼ਨ ਪਬਲਿਕ ਅਫ਼ਸਰਜ਼ ਨਾਲ ਜਿੰਨਾਂ ਘੱਟ ਸਕੇ, ਘਟਣਾ ਚਾਹੀਦਾ ਹੈ, ਕਿਉਂਕਿ ਜਿੰਨਾ ਇੰਟਰੈਕਸ਼ਨ ਘਟੇਗਾ ਉਨੀ ਕੁਰੱਪਸ਼ਨ ਘਟੇਗੀ, ਉਨੀ ਹੀ ਡਿਸਕ੍ਰਿਸ਼ਨ ਘਟੇਗੀ। ਸਾਡਾ ਪਰਪਜ਼ ਸੀ ਕਿ ਡਿਸਕ੍ਰਿਸ਼ਨ ਘਟਾਈ ਜਾਵੇ। ਜਿਵੇਂ ਕੁਝ ਮੈਂਬਰ ਸਾਹਿਬ ਨੇ ਕਿਹਾ ਕਿ ਉਹੀ ਅਫਸਰ ਹੈ, ਉਹੀ ਮਨਿਸਟਰ ਹੈ। ਪਹਿਲੀ ਗੱਲ ਤਾਂ ਇਹ ਕੀਤੀ ਹੈ ਕਿ ਕਮਿਸ਼ਨ ਬਣਾਇਆ ਹੈ। ਉਹ ਇੱਕ ਇੰਡੀਪੈਂਡੈਂਟ ਅਥਾਰਿਟੀ ਹੈ। ਜਿਵੇਂ ਬਾਕੀ ਕਮਿਸ਼ਨਜ਼ ਦੀ ਇੰਡੀਪੈਂਡੈਂਟ ਜੁਰਿਸਡਿਕਸ਼ਨ ਹੈ, ਉਵੇਂ ਹੀ ਇਸ ਦੀ ਹੈ।

Original with;
Punjab Vidhan Sabha
Digitized by;
Panjab Digital Library

[ ਉਪ ਮੁੱਖ ਮੰਤਰੀ ]

ਇਸ ਦਾ ਜਿਹੜਾ ਚੇਅਰਮੈਨ ਚੁਣਿਆ ਜਾਵੇਗਾ ਉਹ ਲੀਡਰ ਆਫ ਦਿ ਆਪੋਜੀਸ਼ਨ ਦੀ ਕੰਸਲਟੇਸ਼ਨ ਨਾਲ ਚੁਣਿਆ ਜਾਵੇਗਾ। ਐਵੇਂ ਨਹੀਂ ਕਿ ਸਰਕਾਰ ਉਸ ਨੂੰ ਲਾਹ ਸਕਦੀ ਹੈ। ਜਿਹੜਾ ਕਮਿਸ਼ਨ ਦਾ ਚੇਅਰਮੈਨ ਹੈ, ਉਸ ਕੋਲ ਪਾਵਰ ਹੈ ਕਿ direct action suo moto ਵੀ ਲੈ ਸਕਦਾ ਹੈ ਜੇ ਕਿਸੇ ਨੂੰ ਪ੍ਰਾਬਲਮ ਆ ਗਈ ਜਾਂ ਉਸ ਨੇ ਅਖਬਾਰ ਵਿੱਚ ਪੜ੍ਹ ਲਿਆ ਜਾਂ ਕਿਸੇ ਨੇ ਉਸ ਨੂੰ ਅਪਰੋਚ ਕਰ ਲਿਆ। ਅਸੀਂ ਸੋਚ ਰਹੇ ਹਾਂ ਕਿ ਹੈਲਪਲਾਈਨ ਵੀ ਆਊਟ ਸੋਰਸ ਕਰਕੇ, ਜਿਵੇਂ ਕਾਲ ਸੈਂਟਰਜ਼ ਹੁੰਦੇ ਹਨ, ਉਵੇਂ ਕਮਿਸ਼ਨ ਨਾਲ ਅਟੈਚ ਕਰੀਏ ਜੇਕਰ ਕਿਸੇ ਨੂੰ ਕੋਈ ਪ੍ਰਾਬਲਮ ਆ ਜਾਵੇ ਔਰ ਉਹ ਐਪੀਲੈਟ ਅਥਾਰਿਟੀ ਕੋਲ ਨਾ ਜਾ ਸਕੇ ਤਾਂ ਸਿੱਧਾ ਕਮਿਸ਼ਨ ਕੋਲ ਆ ਸਕੇ and the Commissioner and the Members have the powers to directily get the work done. ਸੋ, ਇਸ ਤਰ੍ਹਾਂ ਦਾ ਅਸੀਂ ਐਪੀਲੈਟ ਅਥਾਰਿਟੀਜ਼ ਦਾ ਸਿਸਟਮ ਬਣਾਇਆ ਹੈ। ਜੇਕਰ ਤੁਸੀਂ ਐਕਟ ਪੜ੍ਹੋ, ਇਸ ਵਿੱਚ 67 ਸਰਵਿਸਿਜ਼ ਹਨ। ਸਾਨੂੰ ਮੁੱਖ ਮੰਤਰੀ ਜੀ ਨੂੰ ਵਧਾਈ ਦੇਣੀ ਚਾਹੀਦੀ ਹੈ ਕਿਉਂਕਿ ਹਿੰਦੁਸਤਾਨ ਦੇ ਵਿੱਚ ਆਪਣਾ ਸੂਬਾ ਪਹਿਲਾ ਹੈ (ਰੂਲਿੰਗ ਪਾਰਟੀ ਵੱਲੋਂ ਥੰਪਿੰਗ) ਜਿਸ ਨੇ ਇੰਨਾ ਕੰਪਰੀਹੈਂਸਿਵ ਐਕਟ ਬਣਾਇਆ ਹੈ। ਕਿਉਂਕਿ ਕੋਈ ਹਾਲੇ ਸੋਚ ਰਿਹਾ ਹੈ, ਕੋਈ ਕਰ ਰਿਹਾ ਹੈ। ਕਿਤੇ 5 ਸਰਵਿਸਿਜ਼ ਹਨ, ਕਿਤੇ 7 ਸਰਵਿਸਿਜ਼ ਹਨ ਪਰ ਇੱਥੇ ਆਪਣੇ 67 ਸਰਵਿਸਿਜ਼ ਹਨ। ਇਸ ਦੇ ਵਿੱਚ ਪੁਲਿਸ ਦੀਆਂ ਅਲੱਗ ਹਨ, ਸਿਵਲ ਦੀਆਂ ਅਲੱਗ ਹਨ ਅਤੇ ਦੂਸਰੇ ਮਹਿਕਮਿਆਂ ਦੀਆਂ ਅਲੱਗ ਹਨ। ਇਸ ਵਿੱਚ ਅਸੀਂ ਐਪੀਲੈਟ ਅਥਾਰਿਟੀ ਬਣਾਈਆਂ ਹਨ। ਜੇਕਰ ਤੁਸੀਂ ਐਕਟ ਪੜ੍ਹੋ ਉਸ ਵਿਚੋਂ ਕਲੀਅਰ ਹੋ ਜਾਂਦਾ ਹੈ। ਪਹਿਲਾਂ ਤਾਂ ਡੈਜ਼ੀਗਨੇਟਿਡ ਅਫ਼ਸਰ ਨੂੰ ਅਪਲਾਈ ਕਰਨਾ ਹੈ। ਤੁਸੀਂ ਸੁਵਿਧਾ ਸੈਂਟਰ ਜਾਉ। ਤੁਹਾਨੂੰ ਸਲਿਪ ਨੰਬਰ ਮਿਲ ਜਾਵੇਗਾ। ਜੇਕਰ within time ਉਨ੍ਹਾਂ ਨੇ ਤੁਹਾਨੂੰ ਕੰਮ ਨਹੀਂ ਦਿੱਤਾ ਤਾਂ ਫਿਰ ਅੱਗੇ ਐਪੀਲੈਟ ਅਥਾਰਿਟੀ ਐਸ.ਡੀ.ਐਮ. ਜਾਂ ਡੀ.ਐਸ.ਪੀ ਹਨ। ਜੇਕਰ ਉਥੇ ਵੀ ਨਹੀਂ ਹੁੰਦਾ ਤਾ ਸੈਕਿੰਡ ਐਪੀਲੈਟ ਅਥਾਰਟੀ ਡੀ.ਸੀ ਅਤੇ ਐਸ.ਐਸ.ਪੀ ਹਨ। ਕਿਤੇ ਕਮਿਸ਼ਨਰ ਹੈ। ਇਹ ਸਾਰਾ ਐਕਟ ਵਿੱਚ ਲਿਖਿਆ ਹੋਇਆ ਹੈ ਅਤੇ ਕਲੀਅਰ ਹੈ। Appellate Authority has the power. ਜਿਵੇਂ ਕਿਸੇ ਕੰਮ ਲਈ 5 ਦਿਨ ਕਿਹਾ ਹੈ ਜਾਂ 7 ਦਿਨ ਕਿਹਾ ਹੈ ਤਾਂ ਜਿਸ ਇੰਪਲਾਈ ਨੇ ਕੰਮ ਨਹੀਂ ਕੀਤਾ ਐਪੀਲੈਟ ਅਥਾਰਿਟੀ ਉਸ ਨੂੰ ਫਾਈਨ ਲਾ ਸਕਦੀ ਹੈ। ਇਸ ਵਿਚ 250/- ਰੁਪਏ ਪਹਿਲਾ ਫਾਈਨ ਹੈ ਔਰ ਜਿੰਨੇ ਦਿਨ ਲੇਟ ਕੀਤਾ ਹੈ ਜਿਵੇਂ 5 ਦਿਨ ਲੇਟ ਕੀਤਾ ਹੈ ਤਾਂ 1200/- ਰੁਪਿਆ ਉਸ ਇੰਪਲਾਈ ਦੀ ਸੈਲਰੀ ਵਿੱਚੋਂ ਕੱਟਿਆ ਜਾਵੇਗਾ। ਉਸ ਤੇ ਡਿਪਾਰਟਮੈਂਟਲ ਐਕਸ਼ਨ ਵੀ ਉਹ ਲੈ ਸਕਦਾ ਹੈ।ਉਸੇ ਤਰ੍ਹਾਂ ਹੀ ਕਮਿਸ਼ਨਰ, ਜਿਹੜਾ ਹੈੱਡ ਹੈ, ਉਹ ਵੀ ਐਕਸ਼ਨ ਲੈ ਸਕਦਾ ਹੈ। ਖਹਿਰਾ ਸਾਹਿਬ ਨੇ ਦੋ-ਤਿੰਨ ਗੱਲਾਂ ਦਾ ਜ਼ਿਕਰ ਕੀਤਾ ਹੈ ਜਿਵੇਂ ਟਾਈਮ ਬਾਊਂਡ ਐਪਲੀਕੇਸ਼ਨ ਦੀ ਗੱਲ ਹੈ, ਇਹ ਉਨ੍ਹਾਂ ਦਾ ਸੁਝਾਅ ਬਹੁਤ ਵਧੀਆ ਹੈ। ਅਸੀਂ ਇਸ ਨੂੰ ਇਸ ਦੇ ਵਿੱਚ ਇਨਕਾਰਪੋਰੇਟ ਕਰਾਂਗੇ।

ਇਸ ਤੋਂ ਇਲਾਵਾ ਮੈਂ, ਇਹ ਦੱਸਣਾ ਚਾਹੁੰਦਾ ਹਾਂ ਕਿ ਜਿਹੜਾ ਅਸੀਂ ਸਾਂਝ-ਸੈਂਟਰ

Original with;
Punjab Vidhan Sabha
Digitized by;
Panjab Digital Library

ਬਣਾਇਆ ਹੈ, ਜਿਸ ਦਾ ਅਸੀਂ ਕੁਝ ਦਿਨਾਂ ਦੇ ਵਿੱਚ ਹੀ ਉਦਘਾਟਨ ਕਰਨ ਲੱਗੇ ਹਾਂ, ਅਸੀਂ ਇਹ ਜਾਣ ਬੁੱਝ ਕੇ ਪੁਲਿਸ ਸਟੇਸ਼ਨ ਤੋਂ ਬਾਹਰ ਕੱਢ ਲਏ ਹਨ। ਇਸ ਦਾ ਮਤਲਬ ਹੈ ਕਿ ਇਹ ਪੁਲਿਸ ਥਾਣੇ ਤੋਂ ਬਾਹਰ ਹੋਣਗੇ। ਇਸ ਦਾ ਪਰਪਜ ਇਹ ਹੈ ਕਿ ਅੰਦਰ ਦੀ ਪੁਲਿਸ ਨਾਲੋਂ ਇਸ ਨੂੰ ਡੀਲਿੰਕ ਕਰੀਏ। ਇਸ ਨੂੰ ਅਸੀਂ ਬਹੁਤ ਜਲਦੀ ਇਸ ਮਹੀਨੇ ਦੇ ਅੰਦਰ-ਅੰਦਰ ਇਨਆਗੁਰੇਟ ਕਰ ਦੇਵਾਂਗੇ। ਉਸ ਸਾਂਝ-ਸੈਂਟਰ ਵਿੱਚ ਜੇਕਰ ਤੁਹਾਡੇ ਕੋਲ ਕੰਪਿਊਟਰ ਹੈ ਤਾਂ ਤੁਸੀਂ ਘਰ ਬੈਠੇ ਵੀ ਐਪਲੀਕੇਸ਼ਨ ਦੇ ਸਕਦੇ ਹੋ। ਉਸ ਤੇ ਤੁਹਾਨੂੰ ਰਸੀਟ ਨੰਬਰ ਵਗੈਰਾ ਮਿਲ ਜਾਵੇਗਾ। ਉਸ ਤੋਂ ਬਾਅਦ ਇਨਕੁਆਰੀ ਹੋਵੇਗੀ। ਤੁਸੀਂ ਆਪਣੇ ਕੇਸ ਬਾਰੇ ਮੋਨੀਟਰ ਵੀ ਕਰ ਸਕੋਗੇ ਕਿ ਤੁਹਾਡੇ ਕੇਸ ਦਾ ਸਟੇਟਸ ਕੀ ਹੈ। ਜੋ ਟਾਈਮ ਬਾਊਂਡ ਦੀ ਗੱਲ ਕੀਤੀ ਹੈ, ਮੈਂ ਇਸ ਤੇ ਵੀ ਵਿਚਾਰ ਕੀਤਾ ਹੈ ਕਿ ਜਿਹੜੀਆਂ ਛੋਟੀਆਂ-ਛੋਟੀਆਂ ਐਪਲੀਕੇਸ਼ਨਜ਼ ਹਨ ਇਨ੍ਹਾਂ ਨੂੰ ਟਾਈਮ ਬਾਊਂਡ ਕਰ ਦਿੱਤਾ ਜਾਵੇ। ਇਹ ਬਹੁਤ ਹੀ ਵਧੀਆ ਸੁਝਾਅ ਹੈ। ਇਸ ਤੋਂ ਇਲਾਵਾ ਜਿਹੜੇ ਧਾਰਾ 307 ਵਗੈਰਾ ਦੇ ਕੇਸ ਹਨ, ਉਹ ਵੀ ਮੈਂ ਚਾਹੁੰਦਾ ਹਾਂ ਕਿ ਟਾਈਮ ਬਾਊਂਡ ਕਰ ਦੇਈਏ ਤਾਂ ਕਿ ਕਾਮਨ ਮੈਨ ਨੂੰ ਇਨਸਾਫ ਮਿਲੇ। ਇਸ ਐਕਟ ਦਾ ਮਤਲਬ ਹੀ ਇਹ ਹੈ ਕਿ ਆਮ ਆਦਮੀ ਨੂੰ ਐਮ.ਐਲ.ਏ. ਕੋਲ ਜਾਂ ਮੰਤਰੀ ਕੋਲ ਜਾਂ ਡੀ.ਸੀ. ਕੋਲ ਜਾਣ ਦੀ ਲੋੜ ਨਾ ਪਵੇ। ਜਿਵੇਂ ਬਾਹਰਲੇ ਦੇਸ਼ਾਂ ਵਿੱਚ ਹੁੰਦਾ ਹੈ, ਉਨ੍ਹਾਂ ਨੂੰ ਉਪਰ ਨਹੀਂ ਜਾਣਾ ਪੈਂਦਾ। ਆਪਾਂ ਨੂੰ ਇਸ ਕੰਮ ਲਈ ਸੀ.ਐਮ. ਸਾਹਿਬ ਨੂੰ ਵਧਾਈ ਦੇਣੀ ਚਾਹੀਦੀ ਹੈ। ਹਰਿਆਣਾ ਅਤੇ ਹੋਰ ਸਟੇਟਾਂ ਨੇ ਵੀ ਸਾਨੂੰ ਕਿਹਾ ਹੈ ਕਿ ਇਹ ਜਿਹੜਾ ਤੁਸੀਂ ਐਕਟ ਬਣਾਇਆ ਹੈ, ਜਿਹੜਾ ਇਹ ਸਿਸਟਮ ਲਾਗੂ ਕੀਤਾ ਹੈ, ਇਸ ਬਾਰੇ ਸਾਨੂੰ ਵੀ ਦੱਸਿਆ ਜਾਵੇ। ਇਸ ਤੋਂ ਇਲਾਵਾ ਜੋ ਅਸੀਂ ਹਰ ਇੱਕ ਡਿਪਾਰਟਮੈਂਟ ਵਿੱਚ ਰਿਫਾਰਮਜ਼ ਲੈ ਕੇ ਆਏ ਹਾਂ, ਅਸਲੀ ਗੱਲ ਤਾਂ ਉਹ ਹੈ। ਉਸ ਦੇ ਨਾਲ ਤੁਸੀਂ ਦੋ-ਤਿੰਨ ਮਹੀਨਿਆਂ ਦੇ ਅੰਦਰ ਬਹੁਤ ਅੱਛੇ ਰਿਜ਼ਲਟ ਦੇਖੋਗੇ। ਅਸੀਂ ਇਸ ਨੂੰ 17 ਤਰੀਕ ਨੂੰ ਲਾਂਚ ਕਰਾਂਗੇ। ਇਸ ਤੋਂ ਇਲਾਵਾ ਇਹ open to suggestion ਹੈ। ਮੈਂ ਨਹੀਂ ਕਹਿੰਦਾ ਕਿ ਇਸ ਦੇ ਬਾਅਦ ਇਹ ਫਾਈਨਲ ਹੈ। ਜੇ ਤੁਹਾਡੇ ਕੋਲ ਕੋਈ ਅੱਛਾ ਸੁਜੈਸ਼ਨ ਹੋਵੇ, ਅਗਰ ਤੁਸੀਂ ਰਾਈਟ ਟੂ ਸਰਵਿਸ ਐਕਟ ਨੂੰ ਵਰਤੋਗੇ ਤਾਂ ਪਲੀਜ਼ ਸਾਨੂੰ ਇਸ ਬਾਰੇ ਫੀਡ ਬੈਕ ਵੀ ਦੇਣਾ, we are there to rectify. ਕਿਉਂਕਿ ਅਸੀਂ ਇੱਕ ਨਵਾਂ ਤਜਰਬਾ ਕਰਨ ਲੱਗੇ ਹਾਂ, ਇਸ ਲਈ ਸਾਨੂੰ ਸਪੋਰਟ ਦੀ ਵੀ ਲੋੜ ਹੈ। ਮੈਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਇਸ ਵਾਸਤੇ ਸਾਰਾ ਹਾਊਸ ਯੂਨਾਨੀਮਸ ਹੈ। ਸਭ ਤੋਂ ਵੱਡਾ ਉਪਰਾਲਾ ਜੋ ਪੰਜਾਬ ਨੇ ਕੀਤਾ ਹੈ, ਕਿਸਾਨ ਨੇ ਕੀਤਾ ਹੈ, ਮੈਂ ਰਿਫਾਰਮਜ਼ ਕਮਿਸ਼ਨ ਦੇ ਚੇਅਰਮੈਨ ਡਾਕਟਰ ਪਰਮੋਦ ਕੁਮਾਰ ਦਾ ਧੰਨਵਾਦੀ ਹਾਂ ਕਿ ਜਿਨ੍ਹਾਂ ਨੇ ਦਿਨ ਰਾਤ ਇਸ ਤੇ ਮਿਹਨਤ ਕੀਤੀ। ਇਸ ਤੋਂ ਇਲਾਵਾ ਸਾਡੇ ਸਾਰੇ ਐਡਮਨਿਸਟ੍ਰੇਟਿਵ ਸੈਕਟਰੀਜ਼ ਨੇ ਅਤੇ ਚੀਫ ਸੈਕਟਰੀ ਸਾਹਿਬ ਨੇ ਬਹੁਤ ਮਿਹਨਤ ਕੀਤੀ ਹੈ। ਇਨ੍ਹਾਂ ਨੇ ਇੱਕ ਮਿਸ਼ਨ ਬਣਾ ਕੇ ਇਸ ਐਕਟ ਨੂੰ ਸਕਸੈੱਸ ਬਣਾਉਣ ਲਈ ਬਹੁਤ ਸਖਤ ਮਿਹਨਤ ਕੀਤੀ ਹੈ। ਭਾਵੇਂ ਕਿ ਸਾਨੂੰ ਇਸ ਕੰਮ ਵਿੱਚ ਥੋਹੜੀਆਂ ਬਹੁਤ ਅੜਚਨਾਂ ਵੀ ਆਉਂਦੀਆਂ ਰਹੀਆਂ ਹਨ ਲੇਕਿਨ ਅਸੀਂ

Original with;
Punjab Vidhan Sabha
Digitized by;
Panjab Digital Library

[ ਉਪ ਮੁੱਖ ਮੰਤਰੀ ]

ਇਨ੍ਹਾਂ ਸਭ ਉਪਰ ਡਿਸਕਸ਼ਨ ਕਰਦੇ-ਕਰਦੇ ਸਕਸੈਸੱਫੁਲੀ ਇਹ ਐਕਟ ਬਣਾ ਸਕੇ ਹਾਂ। ਮੈਨੂੰ ਪੂਰੀ ਉਮੀਦ ਹੈ ਕਿ ਇਹ ਇੱਕ ਸਕਸੈੱਸ ਹੋਵੇਗਾ। ਜੇਕਰ ਕੋਈ ਚਲਦੇ ਟਾਈਮ ਵਿੱਚ ਸਮੱਸਿਆ ਆਵੇਗੀ ਤਾਂ ਉਸ ਨੂੰ ਅਸੀਂ ਨਾਲ ਦੀ ਨਾਲ ਰੈਕਟੀਫਾਈ ਕਰ ਦੇਵਾਂਗੇ। ਬਹੁਤ-ਬਹੁਤ ਧੰਨਵਾਦ। (ਥੰਪਿੰਗ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ਾਂ 2 ਤੋਂ 23**

**ਮਾਨਯੋਗ ਸਪੀਕਰ :** ਕਿਉਂਕਿ ਕਲਾਜ਼ਾਂ 2 ਤੋਂ 23 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ: ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 23 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

Original with;
Punjab Vidhan Sabha
Digitized by;
Panjab Digital Library

### ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਉਪ ਮੁੱਖ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸੇਵਾ ਦਾ ਅਧਿਕਾਰ ਬਿਲ, 2011 ਪਾਸ ਕੀਤਾ ਜਾਵੇ।

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

---

**ਮਾਨਯੋਗ ਸਪੀਕਰ :** ਹੁਣ ਮੈਂ ਸਾਰੇ ਹਾਊਸ ਨੂੰ ਇੱਕ ਬੇਨਤੀ ਕਰਨੀ ਹੈ। ਮੇਰੀ ਸਾਰਿਆਂ ਨੂੰ ਹੱਥ ਜੋੜ ਕੇ ਬੇਨਤੀ ਹੈ ਕਿ 8 ਤਰੀਕ ਨੂੰ ਸੈਸ਼ਨ ਦਾ ਅਖੀਰਲਾ ਦਿਨ ਹੈ। ਉਸ ਦਿਨ ਇਥੇ ਖਾਣਾ-ਪੀਣਾ ਵੀ ਰੱਖਿਆ ਹੈ। ਤੁਸੀਂ ਉਸ ਦਿਨ ਬੜੇ ਅਰਾਮ ਨਾਲ ਗੱਲਾਂ ਕਰਨੀਆਂ ਹਨ। ਤੁਹਾਡਾ ਸਾਰਿਆਂ ਦਾ ਧੰਨਵਾਦ। ਮੈਂ ਉਸ ਦਿਨ ਅਖੀਰ ਵਿੱਚ ਵੀ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਾਂਗਾ।

ਹੁਣ ਸਦਨ ਮਿਤੀ 8.10.2011 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ।

*6.11 ਵਜੇ ਸ਼ਾਮ

(ਇਸ* ਉਪ੍ਰੰਤ ਸਦਨ ਮਿਤੀ 8.10.2011 ਦੇ 11.00 ਵਜੇ ਪੂਰਵ ਦੁਪਹਿਰ ਤੱਕ ਸਥੱਗਿਤ ਹੋ ਗਿਆ।)

---

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

# APPENDIX
# TO
# PUNJAB VIDHAN SABHA DEBATES

Wednesday, the 5th October, 2011

Vol. XIII-- No.2

## STARRED QUESTION AND ANSWER

### ਕ੍ਰਿਸ਼ੀ ਵਿਕਾਸ ਸਕੀਮ ਅਧੀਨ ਪ੍ਰਾਪਤ ਫੰਡਾਂ ਦੇ ਵੇਰਵੇ

***2222 ਸ੍ਰੀ ਸੁਨੀਲ ਕੁਮਾਰ ਜਾਖੜ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਾਲ 2008-09, 2009-10,2010-11 ਅਤੇ 2011-12 ਦੇ ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਸਕੀਮ ਅਤੇ ਆਤਮਾ ਸਕੀਮ ਅਧੀਨ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਕੀ ਇਹ ਸਾਰੇ ਫੰਡ ਵਰਤ ਲਏ ਗਏ ਹਨ; ਜੇਕਰ ਨਹੀਂ ਤਾਂ ਅਣਵਰਤੇ ਫੰਡਾਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ (ੳ) ਵਿਚ ਵਰਣਿਤ ਫੰਡਾਂ ਦੀ ਵਰਤੋਂ ਦਾ ਮੱਦ-ਵਾਰ ਵੇਰਵਾ ਕੀ ਹੈ;

(ੲ) ਕੀ ਰਾਜ ਸਰਕਾਰ ਨੇ ਉਕਤ ਸਾਲਾਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮਾਂ ਵਿਚ ਆਪਣਾ ਹਿੱਸਾ ਪਾਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਸੁੱਚਾ ਸਿੰਘ ਲੰਗਾਹ :** ਜਵਾਬ ਸਟੇਟਮੈਂਟ ਦੇ ਤੌਰ ਤੇ ਸਦਨ ਦੀ ਮੇਜ਼ ਤੇ ਰੱਖਣ ਲਈ ਅਨੁਲੱਗ (ੳ) ਨੱਥੀ ਹੈ।

### ਅਨੁਲੱਗ 'ੳ'

(ੳ) ਸਾਲ 2009-09, 2009-10, 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਆਤਮਾ ਸਕੀਮ ਅਧੀਨ ਜਾਰੀ ਰਾਸ਼ੀ ਅਤੇ ਅਣਵਰਤੀ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:-

**ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ**

(ਲੱਖ ਰੁਪਏ)

| ਸਾਲ | ਪਿਛਲਾ ਬਕਾਇਆ | ਰੀਲੀਜ਼ ਕੀਤੀ ਰਕਮ | ਖਰਚ ਕੀਤੀ ਰਕਮ | ਅਣਵਰਤੀ ਰਕਮ |
|---|---|---|---|---|
| 2008-09 | - | 8752.00 | 8752.00 | - |
| 2009-10 | - | 4323.00 | 4323.00 | - |
| 2010-11 | - | 17912.00 | 9345.00 | 8567.00 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 2011-12 | 8567.00 | 6944.00 | 6066.24 | 9444.76 (15/9/11 ਤੱਕ) |
| ਆਤਮਾ ਸਕੀਮ | | | ਲੱਖ ਰੁਪਏ | |
| 2008-09 | 281.21 | 637.86 | 372.71 | 546.36 |
| 2009-10 | 546.36 | 211.42 | 595.67 | 162.11 |
| 2010-11 | 162.11 | 463.73 | 416.48 | 209.36 |
| 2011-12 | 209.36 | - | 208.16 | 1.20 (31.8.11 ਤੱਕ) |

(ਅ) ਸਾਲ 2008-09, 2009-10, 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਅਤੇ ਆਤਮਾ ਸਕੀਮ ਅਧੀਨ ਮੱਦਵਾਰ ਵਰਤੇ ਗਏ ਫੰਡਜ਼ ਦਾ ਵੇਰਵਾ ਹੇਠ ਅਨੁਸਾਰ ਹੈ:-

**ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾਂ**

| **ਲੜੀ ਨੰ: ਮੱਦ** | **ਖਰਚਾ (ਲੱਖ ਰੁਪਏ)** | | | |
|---|---|---|---|---|
| | **2008-09** | **2009-10** | **2010-11** | **2011-12** |
| (ੳ) ਵਸਲਾਂ ਦੀ ਪੈਦਾਵਾਰ ਵਧਾਉਣ ਬਾਰੇ | 1341.00 | 1061.50 | 3706.18 | 1045.87 |
| (ਅ) ਖੇਤੀਬਾੜੀ ਸਬੰਧੀ ਮੰਡੀਕਰਨ | 1112.00 | - | 76.00 | - |
| (ੲ) ਰਾਜ ਵਿੱਚ ਬਾਗਬਾਨੀ ਨੂੰ ਲਾਹੇਵੰਦ ਕਰਨ ਬਾਰੇ | 2094.00 | 460.00 | 799.00 | 1166.19 |
| (ਸ) ਭੂਮੀ ਅਤੇ ਜਲ ਸੰਭਾਲ ਬਾਰੇ | 1186.00 | 900.00 | 1787.00 | 2185.00 |
| (ਹ) ਪਸ਼ੂਆਂ ਦੀ ਨਸਲ ਸੁਧਾਰਨ ਅਤੇ ਨਰੋਈ | 332.00 | 380.75 | 501.46 | 788.88 |
| (ਖ) ਮੱਛੀ-ਪਾਲਣ ਧੰਦੇ ਨੂੰ ਉਤਸ਼ਾਹਿਤ ਕਰਨ ਬਾਰੇ | 50.00 | 120.00 | 30.00 | 164.66 |
| (ਗ) ਖੇਤੀਬਾੜੀ ਅਤੇ ਪਸ਼ੂ ਨਾਲ ਸੰਬਧਤ ਖੋਜ ਬਾਰੇ | 1200.00 | 600.00 | 1900.00 | 100.00 |
| ਕੁੱਲ | 8752.00 | 4323.00 | 9345.00 | 6066.24 |

Original with;
Punjab Vidhan Sabha
Digitized by;
Panjab Digital Library

**ਆਤਮਾ ਸਕੀਮ**

(ਰੁਪਏ ਲੱਖਾਂ ਵਿਚ)

| ਲੜੀ ਨੰ: | ਗਤੀਵੀਧੀ/ਮੱਦਵਾਰ | 2008-09 | 2009-10 | 2010-11 | 2011-12 (31.8.11 ਤੱਕ) |
|---|---|---|---|---|---|
| 1. | ਸਟੇਟ ਐਮ.ਐਂਡ.ਈ ਯੂਨਿਟ, ਛਿਮਾਹੀ ਵਰਕਸ਼ਾਪ ਅਤੇ ਆਈ.ਡੀ.ਡਬਲਿਊ ਜੀ | 4.65 | 2.85 | 4.66 | 2.55 |
| 2 | (ਥਰਡ ਪਾਰਟੀ) ਐਮ. ਐਂਡ.ਈ. | 8.74 | 8.90 | 8.98 | 5.62 |
| 3 | ਟ੍ਰੇਨਿੰਗ ਕੋਰਸ | – | – | 12.16 | 0.43 |
| 4 | ਐਕਸਪੋਜਰ ਵਿਜਿਟ | – | 0.07 | 0.04 | 0.76 |
| 5 | ਰਾਜ ਪੱਧਰੀ ਪ੍ਰਦਰਸ਼ਨੀ/ਕਿਸਾਨ ਮੇਲੇ | – | – | 3.37 | – |
| 6 | ਕ੍ਰਿਸ਼ੀ ਐਕਸਪੋ | – | – | – | – |
| 7 | ਐਵਾਰਡ ਆਤਾ ਜਿਲ੍ਹਾ | – | – | – | – |
| 8 | ਫਾਰਮਰ ਐਵਾਰਡ | – | 9.75 | 2.50 | – |
| 9 | ਅਪਗਰੇਡਿੰਗ ਐਂਡ ਰੀਸਟਰਕਚਰਿੰਗ ਪਮੀਤੀ | 20.34 | 23.52 | 18.35 | 10.62 |
| 10 | ਐਸ.ਆਰ.ਈ.ਪੀ | 14.87 | – | – | – |
| 11 | ਟ੍ਰੇਨਿੰਗ ਅੰਤਰਾਜੀ | 2.16 | 8.50 | 3.39 | – |
| | ਰਾਜ ਵਿੱਚ ਟ੍ਰੇਨਿੰਗ | 7.85 | – | 6.61 | 1.40 |
| | ਜਿਲ੍ਹੇ ਵਿੱਚ ਟ੍ਰੇਨਿੰਗ | 26.80 | 12.83 | 25.87 | 15.10 |
| | | – | 37.79 | – | – |

*Original with;*
Punjab Vidhan Sabha
*Digitized by;*
Punjab Digital Library

| | | | | |
|---|---|---|---|---|
| 12 ਖੇਤੀ ਪ੍ਰਦਰਸ਼ਨੀਆਂ | 57.41 | 125.16 | 43.67 | 19.10 |
| ਅਲਾਈਡ ਪ੍ਰਦਰਸ਼ਨੀਆਂ | 35.62 | 61.87 | 19.89 | 8.04 |
| ਫਾਰਮਰ ਟੂ ਫਾਰਮਰ | 3.73 | 2.26 | 3.49 | - |
| ਡਿਸੈਮੀਨੇਸ਼ਨ | - | - | - | - |
| 13 ਐਕਸਪੋਜਰ ਵਿਜਿਟ | 11.17 | 28.30 | 9.50 | - |
| ਅੰਤਰਾਜੀ | 23.67 | 23.50 | 10.58 | 2.00 |
| ਰਾਜ ਵਿੱਚ | 8.95 | 8.73 | 5.92 | 3.16 |
| ਜ਼ਿਲ੍ਹੇ ਵਿੱਚ | - | - | - | - |
| 14 ਕੈਪਸਟੀ ਬਿਲਡਿੰਗ | | | | |
| ਫਾਰਮਰ ਗਰੁੱਪ | 2.68 | 2.08 | 2.10 | - |
| ਸੀਡ ਮਨੀ | 1.58 | 0.90 | 0.70 | - |
| 15 ਰੀਵਾਰਡ ਇਨਸੈਟਿਵ ਗਰੁੱਪ | - | 1.40 | 0.10 | - |
| 16 ਫਾਰਮਰ ਐਵਾਰਡ | - | 8.00 | 1.34 | - |
| 17 ਜਿਲ੍ਹਾ ਪੱਧਰੀ ਪ੍ਰਦਰਸ਼ਨੀ/ ਕਿਸਾਨ ਮੇਲਾ | 57.65 | 23.42 | 36.97 | 16.48 |
| 18 ਲਿਟਰੇਚਰ/ਇਸ਼ਤਿਹਾਰ ਆਦਿ | 21.93 | 36.74 | 27.90 | 25.26 |
| 19 ਟੈਕਨੋਲਜੀ ਪੈਕੇਜ | 0.39 | 1.02 | 1.01 | - |
| 20 ਫਾਰਮਰ ਸਾਇੰਸਟਿਸਟ ਇੰਟਰੈਕਸ਼ਨ | 2.47 | 4.91 | 7.83 | 2.10 |
| 21 ਫੀਲਡ ਡੇਅਜ ਕਿਸਾਨ ਗੋਸ਼ਟੀ | 11.16 | 13.64 | 27.12 | 12.26 |
| 22 ਅਸੈਸਮੈਂਟ, ਰਿਫਾਇਨਮੈਂਟ, ਕੇ.ਵੀ.ਕੇ | 0.53 | 9.26 | 1.04 | - |
| 23 ਰੈਕਰਿੰਗ, ਨਾਨ-ਰੈਕਰਿੰਗ ਖਰਚੇ | 79.68 | 105.94 | 59.82 | 44.62 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 24 ਫਾਰਮਰ ਇਨਫਰਮੇਸ਼ਨ ਐਡਵਾਈਜ਼ਰੀ ਸੈਂਟਰ | 1.93 | – | – | – |
| 25 ਫਾਰਮ ਸਕੂਲ | 13.78 | 48.80 | 35.38 | 17.16 |
| 26 ਐਗਰੀਕਲਚਰ ਇੰਟਰਪ੍ਰੇਨਿਊਰ ਅੰਡਰ ਐਗਰੀ ਕਲੀਨਿਕ | 0.82 | 3.18 | – | – |
| 27 ਪੀ.ਜੀ.ਡਿਪਲੋਮਾ, ਏ.ਈ.ਐਮ | – | – | – | – |
| 28 ਸਪੋਰਟ ਟੂ ਡਿਸਟ੍ਰਿਕ ਲੈਵਲ ਟ੍ਰੇਨਿੰਗ ਇੰਸਟੀਚਿਊਟ | 9.10 | 12.26 | 11.61 | 5.62 |
| 29 ਸੈਟਿੰਗ ਅੱਪ ਸੀ.ਆਰ.ਐਸ | – | – | – | – |
| 30 ਇਨੋਵੇਟਿਵ ਐਕਟੀਵਿਟੀ ਰਾਜ ਪੱਧਰੀ | 0.07 | 3.33 | 11.26 | 6.54 |
| 31 ਇਨੋਵੇਟਿਵ ਐਕਟੀਵਿਟੀ ਜ਼ਿਲ੍ਹਾ ਪੱਧਰੀ | 4.08 | 15.27 | 5.59 | 3.16 |
| 32 ਫਾਰਮਰ ਫਰੈਂਡ | – | – | 7.73 | 6.18 |
| ਕੁੱਲ | 372.71 | 595.67 | 416.48 | 208.16 |

(ੲ) ਰਾਸ਼ਟਰੀ ਕ੍ਰਿਸ਼ੀ ਵਿਕਾਸ ਸਕੀਮ ਇੱਕ ਸਟੇਟ ਪਲੈਨ ਸਕੀਮ ਹੈ ਜਿਸ ਵਿੱਚ ਭਾਰਤ ਸਰਕਾਰ 100% ਗਰਾਂਟ-ਇਨ-ਏਡ ਦਿੰਦੀ ਹੈ। ਇਸ ਲਈ ਇਸ ਸਕੀਮ ਵਿੱਚ ਰਾਜ ਸਰਕਾਰ ਦਾ ਹਿੱਸਾ ਨਹੀਂ ਪੈਂਦਾ।

ਆਤਮਾ ਇੱਕ ਕੇਂਦਰੀ ਪ੍ਰੋਯੋਜਿਤ ਸਕੀਮ ਹੈ ਜੋ ਕਿ 90:10 ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿਚਕਾਰ ਸ਼ੇਅਰਿੰਗ ਬੇਸਿਸ ਤੇ ਚਲਾਈ ਜਾ ਰਹੀ ਹੈ। ਰਾਜ ਸਰਕਾਰ ਵੱਲੋਂ ਸਾਲਵਾਰ ਇਸ ਸਕੀਮ ਅਧੀਨ ਜਾਰੀ ਫੰਡਜ਼ ਦਾ ਵੇਰਵਾ ਹੇਠ ਅਨੁਸਾਰ ਹੈ:

| **ਸਾਲ** | **ਰਾਜ ਸਰਕਾਰ ਵੱਲੋਂ ਜਾਰੀ 10% ਫੰਡਜ਼ (ਲੱਖ ਰੁਪਏ)** |
|---|---|
| 2008-09 | 6.21 |
| 2009-10 | 40.00 |
| 2010-11 | 110.91 |
| 2011-12 | – |

———

Original with;
Punjab Vidhan Sabha
Digitized by;
Panjab Digital Library

## ਬਾਰਸ਼ਾਂ ਕਾਰਨ ਹੋਏ ਨੁਕਸਾਨ ਦਾ ਮੁਆਵਜਾ

***2241 ਸ਼੍ਰੀ ਨਰੇਸ਼ ਕੁਮਾਰ ਕਟਾਰੀਆ :** ਕੀ ਮਾਲ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :

(ੳ) ਹਾਲ ਹੀ ਵਿੱਚ ਭਾਰੀ ਬਾਰਸ਼ਾਂ ਅਤੇ ਹੜ੍ਹਾਂ ਕਾਰਨ ਪੰਜਾਬ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਸਬ-ਡਵੀਜ਼ਨ-ਵਾਰ ਵੇਰਵੇ ਕੀ ਹਨ;

(ਅ) ਕੀ ਉਪਰੋਕਤ ਭਾਗ (ੳ) ਵਿੱਚ ਦਰਸਾਏ ਗਏ ਨੁਕਸਾਨ ਦਾ ਮੁਆਵਜਾ ਸੰਬਧਤ ਧਿਰਾਂ ਨੂੰ ਦੇ ਦਿੱਤਾ ਗਿਆ ਹੈ; ਜੇਕਰ ਅਜਿਹਾ ਹੋਵੇ ਤਾਂ ਕਿਸ ਦਰ ਨਾਲ?

**ਸਰਦਾਰ ਬਿਕਰਮ ਸਿੰਘ ਮਜੀਠੀਆਂ :**

(ੳ) ਸਾਲ 2011 ਵਿੱਚ ਭਾਰੀ ਬਾਰਸ਼ਾਂ ਅਤੇ ਹੜ੍ਹਾਂ ਕਾਰਨ ਪੰਜਾਬ ਵਿੱਚ ਹੋਏ ਜਾਨੀ ਅਤੇ ਮਾਲੀ ਨੁਕਸਾਨ ਦੇ ਸਬ-ਡਵੀਜ਼ਨ-ਵਾਰ ਵੇਰਵੇ ਅਨੁਲੱਗ "ੳ" ਤੇ ਨਾਲ ਨੱਥੀ ਹਨ ਜੀ।

(ਅ) ਉਪਰੋਕਤ ਭਾਗ (ੳ) ਵਿੱਚ ਦਰਸਾਏ ਗਏ ਨੁਸਾਨ ਦੀ ਰਾਹਤ ਜਿਲ੍ਹਾ ਸੰਗਰੂਰ, ਮਾਨਸਾ ਅਤੇ ਪਠਾਨਕੋਟ ਤੋਂ ਇਲਾਵਾ ਸੰਬਧਤ ਧਿਰਾਂ ਨੂੰ ਵੰਡ ਦਿੱਤੀ ਗਈ ਹੈ ਜ਼ਿਲ੍ਹਾ ਸੰਗਰੂਰ ਅਤੇ ਮਾਨਸਾ ਵਿੱਚ ਰਾਹਤ ਵੰਡੀ ਜਾ ਰਹੀ ਹੈ ਅਤੇ ਡੀ.ਸੀ. ਪਠਾਨਕੋਟ ਨੂੰ ਰਾਹਤ ਵੰਡਣ ਲਈ 15,69,600/- ਰੁਪਏ ਦੀ ਮੰਨ੍ਜੂਰੀ ਮਿਤੀ 13.06.20013 ਨੂੰ ਜਾਰੀ ਕੀਤੀ ਗਈ ਹੈ। ਜ਼ਿਲ੍ਹਾ-ਵਾਰ ਵੰਡੀ ਗਈ ਰਾਹਤ ਅਨੁਲੱਗ "ਅ" ਤੇ ਨੱਥੀ ਹੈ। ਰਾਹਤ ਦੇਣ ਦੀਆਂ ਦਰਾਂ ਅਨੁਲੱਗ "ੲ" ਤੇ ਨੱਥੀ ਹਨ।

### ਅਨੁਲੱਗ "ੳ"

### ਬਾਰਸ਼ਾਂ/ਹੜ੍ਹਾਂ ਕਾਰਨ ਹੋਏ ਨੁਕਸਾਨ ਦੇ ਜ਼ਿਲ੍ਹਾਂ/ਸਬ ਡਵੀਜ਼ਨ ਵਾਰ ਵੇਰਵੇ।

**1. ਜ਼ਿਲ੍ਹਾ ਅੰਮ੍ਰਿਤਸਰ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਅਮ੍ਰਿੰਤਸਰ-1 | 5 ਮੌਤਾਂ 8 ਜਖਮੀ | 15 | - | 141.08 ਕਿ.ਮਿ ਸੜਕਾਂ ਡਰੇਨਾਂ ਨਾਲਿਆਂ ਅਤੇ ਬੈਂਕਾਂ ਵਿਚ ਜੰਗਲੀ ਬੂਟੀ ਕੱਢੀ ਗਈ | 567 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 2. | ਅੰਮ੍ਰਿਤਸਰ-2 | 1 ਮੌਤ<br>4 ਜਖਮੀ | 40 | – | – | – |
| 3. | ਅਜਨਾਲਾ | – | 3 | – | – | – |
| 4. | ਬਾਬਾ ਬਕਾਲਾ | – | – | – | – | – |
| | **ਕੁੱਲ** | **6 ਮੌਤਾਂ,** | **58** | **–** | **–** | **567** |

**2. ਜ਼ਿਲ੍ਹਾ ਬਠਿੰਡਾ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਬਠਿੰਡਾ | 4 ਜਖਮੀ | 671 | 2 | ਪਾਵਰ ਕਾਮ ਦਾ ਨੁਕਸਾਨ | 159 |
| 2. | ਤਲਵੰਡੀ ਸਾਬੋ | – | 1 | – | – | – |
| 3. | ਰਾਮਪੁਰਾ | 1 | – | – | – | – |
| | **ਕੂੱਲ** | **1 ਮੌਤ<br>4 ਜਖਮੀ** | **672** | **2** | **–** | **159** |

**3. ਜ਼ਿਲ੍ਹਾ ਬਰਨਾਲਾ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਬਰਨਾਲਾ | – | 2 | – | – | – |
| 2. | ਤਪਾ | – | – | 8 | – | – |
| | **ਕੂੱਲ** | **–** | **31** | **8** | **–** | **–** |

**4. ਜ਼ਿਲ੍ਹਾ ਫਰੀਦਕੋਟ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਫਰੀਦਕੋਟ | – | 29 | – | – | – |
| 2. | ਜੈਤੋਂ | – | 2 | – | – | – |
| | **ਕੂੱਲ** | **–** | **31** | **–** | **–** | **–** |

Original with;
Punjab Vidhan Sabha
Digitized by;
Panjab Digital Library

### 5. ਜ਼ਿਲ੍ਹਾ ਫਿਰੋਜ਼ਪੁਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਫਿਰੋਜਪੁਰ | 2 | 686 | 29 | ਰੈਸਟੋਰੇਸਨ ਆਫ ਸਪੁਰ ਚੋਆਂ ਅਤੇ ਦਰਿਆਵਾਂ ਬਿਲਡਿੰਗਾਂ ਦੀ ਮੁਰੰਮਤ ਲਈ 1125.21 ਲੱਖ | 23910 |
| 2. | ਜ਼ੀਰਾ | - | 1 | - | | 9395 |
| 3. | ਗੁਰੂਹਰਸਾਹਏ | 2 | 1669 | 29 | - | 38631 |

### 6. ਜ਼ਿਲ੍ਹਾ ਫਤਿਹਗੜ੍ਹ ਸਾਹਿਬ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਫਤਿਹਗੜ੍ਹ ਸਾਹਿਬ | 2 | - | - | - | - |
| 2. | ਅਮਲੋਹ | - | 1 | 5 | - | - |
| 3. | ਬੱਸੀ ਪਠਾਣਾ | - | - | - | - | - |
| 4. | ਖਮਾਣੋਂ | - | 20 | - | - | - |
| | **ਕੁੱਲ** | **2** | **21** | **5** | **-** | **-** |

### 7. ਜ਼ਿਲ੍ਹਾ ਫਾਜ਼ਿਲਕਾ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਫਾਜ਼ਿਲਕਾ | 1 | 6695 | 6 | ਸੜਕਾਂ ਅਤੇ ਬੰਧਾਂ ਦੀ ਮੁਰੰਮਤ ਲਈ 1085.03 ਲੱਖ | 19316 |

*Original with;*
Punjab Vidhan Sabha
*Digitized by;*
Panjab Digital Library

| | | | | | | |
|---|---|---|---|---|---|---|
| 2. | ਅਬੋਹਰ | 4 | 21510 | 8 | – 21ਮ | 22314 ਏ 14 ਕ |
| 3. | ਜ਼ਲਾਲਾਬਾ | – | 4942 | – | – | 2852-11-23 |
| | **ਕੁੱਲ** | **5** | **21510** | **8** | **–** | **44482ਏ 25ਕ 44ਮ** |

**8. ਜ਼ਿਲ੍ਹਾ ਗੁਰਦਾਸਪੁਰ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਗੁਰਦਾਸਪੁਰ | – | 13 | 1 | ਸੜਕਾਂ ਬਿਲਡਿੰਗਾਂ, ਡਰੇਨਾਂ, ਚੋਆਂ ਦੀ ਮੁਰੰਮਤ ਲਈ 5805.50 ਲੱਖ | – |
| 2. | ਬਟਾਲਾ | – | 12 | – | – | 2081 |
| 3. | ਡੇਰਾ ਬਾਬਾ ਨਾਨਕ | – | – | – | – | 121 |
| **4.** | **ਕੁੱਲ** | **–** | **25** | **1** | **–** | **2202** |

**9. ਜ਼ਿਲ੍ਹਾ ਹੁਸ਼ਿਆਰਪੁਰ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| ਹੁਸ਼ਿਆਰਪੁਰ | | 1 | 6 | – | 13 ਆਰ ਡੀ.ਕੰਡੀ ਕਨਾਲ 61 ਸੜਕਾਂ | – |
| 2. | ਦਸੂਹਾ | 1 | 5 | – | 5 ਆਰ.ਡੀ. ਕਨਾਲ 56 ਸੜਕਾਂ | 3020 |
| 3. | ਮੁਕੇਰੀਆਂ | 2 | 4 | – | 5 ਆਰ.ਡੀ. ਕਨਾਲ 100 ਸੜਕਾਂ | – |

Original with;
Punjab Vidhan Sabha
Digitized by;
Punjab Digital Library

| | | | | | | |
|---|---|---|---|---|---|---|
| 4. | ਗੜ੍ਹਸ਼ੰਕਰ | 1 | 17 | 1 | 7.ਆਰ.ਡੀ. ਕਨਾਲ 77 ਸੜਕਾਂ | – |
| | **ਕੁੱਲ** | **5** | **32** | **1** | **30 ਆਰ.ਡੀ ਕੰਡੀ ਕਨਾਲ 294 ਸੜਕਾਂ** | **4508** |

## 10. ਜ਼ਿਲ੍ਹਾ ਜਲੰਧਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਜਲੰਧਰ-1 | – | 1 | – | ਪੰਜਾਬ ਮੰਡੀ ਬੋਰਡ ਜਲੰਧਰ ਦੀ 215.24 ਕੇ.ਐਮ ਸੜਕ ਖਰਾਬ ਹੈ | – |
| 2. | ਜਲੰਧਰ-2 | – | – | – | – | – |
| 3. | ਫਿਲੌਰ | 5- | 1191 | 62 | – | – |
| 4. | ਨਕੋਦਰ | – | 114 | – | – | – |
| 5. | ਸ਼ਾਹਕੋਟ | * | 38 | – | – | 5097 |
| | **ਕੁੱਲ** | **6** | **1344** | **52** | **–** | **6997** |

## 11 ਜ਼ਿਲ੍ਹਾ ਕਿਪੂਰਥਲਾ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਕਪੂਰਥਲਾ | – | – | – | ਸੜਕਾਂ ਅਤੇ ਬੰਧਾ ਦੀ ਮਜਬੂਤੀ ਲਈ 294.30 ਲੱਖ | 7609 |

Original with;
Punjab Vidhan Sabha
Digitized by;
Panjab Digital Library

| | | | | | | |
|---|---|---|---|---|---|---|
| 2. | ਸੁਲਤਾਨਪੁਰ ਲੋਧੀ | 2 | 26 | 5 | – | 22366 |
| 3. | ਭਲੱਥ | – | 1 | – | – | 2682 |
| 4. | ਫਗਵਾੜਾ | – | – | – | – | – |
| | **ਕੁੱਲ** | **2** | **27** | **5** | **–** | **32657** |

**12. ਜ਼ਿਲ੍ਹਾ ਲੁਧਿਆਣਾ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਲੁਧਿਆਣਾ (ਇਸਟ) | 6 ਮੌਤਾਂ | | – | ਰੈਸਟੋਰੇਸਨ ਆਫ ਵਰਕਸ/ਸੜਕਾਂ ਬਿਲਡਿੰਗਾਂ ਅਤੇ ਪਾਵਰਕਾਮ ਦਾ ਨੁਕਸਾਨ | – |
| 2. | ਲੁਧਿਆਣਾ (ਵੈਸਟ) | 3 | 410 | 12 | – | 254 |
| 3. | ਸਮਰਾਲਾ | – | – | – | – | – |
| 4. | ਜਗਰਾਉਂ | – | – | – | – | – |
| 5. | ਖੰਨਾ | – | – | – | – | – |
| 6. | ਰਾਏਕੋਟ | – | – | – | – | – |
| 7. | ਪਾਇਲ | – | – | – | – | – |
| | **ਕੁੱਲ** | **9** | **410** | **12** | **–** | **254** |

**13. ਜ਼ਿਲ੍ਹਾ ਮਾਨਸਾ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਮਾਨਸਾ | – | 658 | – | – | – |
| 2. | ਸਰਦੂਲਗੜ੍ਹ | 1 | 98 | – | – | – |
| 3. | ਬੁਢਲਾਡਾ | – | 198 | – | – | – |
| | **ਕੁੱਲ** | **1** | **954** | **–** | **–** | **–** |

Original with;
Punjab Vidhan Sabha
Digitized by;
Panjab Digital Library

## 14. ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਸ੍ਰੀ ਮਕਤਸਰ ਸਾਹਿਬ | 1 | 1645 | - | ਹੜ੍ਹਾਂ ਦੇ ਪਾਣੀ ਦੀ ਨਿਕਾਸੀ | 20341 |
| 2. | ਮਲੋਟ | - | 14001 | - | - | 126345 |
| | ਗਿਦੜਬਾਹਾ | 2 | 1938 | 5 | - | 9249 |
| | **ਕੁੱਲ** | **3** | **17584** | **9** | **-** | **155935** |

## 15. ਜ਼ਿਲ੍ਹਾ ਮੋਗਾ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਮੋਗਾ | - | 5 | - | - | - |
| 2. | ਬਾਘਾ ਪੁਰਾਣਾ | - | 5 | 1 | - | - |
| 3. | ਨਿਹਾਲ ਸਿੰਘ ਵਾਲਾ | - | 2 | - | - | - |
| 4. | ਧਰਮਕੋਟ | - | - | - | - | 5017 |
| | **ਕੁੱਲ** | **-** | **12** | **1** | **-** | **5017** |

## 16. ਜ਼ਿਲ੍ਹਾ ਪਟਿਆਲਾ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਪਟਿਆਲਾ | - | | - | ਸੜਕਾਂ ਦਾ ਨੁਕਸਾਨ 64.68 ਲੱਖ | - |
| 2. | ਸਮਾਣਾ | 2 | 34 | - | - | 813 |
| 3. | ਨਾਭਾ | - | - | - | - | 4828 ਏ. 5 ਕ. |
| 4. | ਰਾਜਪੁਰਾ | - | - | - | - | 140 |

*Original with;*
Punjab Vidhan Sabha
*Digitized by;*
Panjab Digital Library

| | | | | | | |
|---|---|---|---|---|---|---|
| 5. | ਪਾਤੜਾਂ | 1 | 1 | - | - | - |
| | **ਕੁੱਲ** | **3** | **35** | **-** | **-** | **5781 ਏ. 5 ਕ.** |

## 17. ਜ਼ਿਲ੍ਹਾ ਪਠਾਨਕੋਟ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਮੀਰਥਲ | - | - | - | - | 5 |
| 2. | ਅਬਾਦਗੜ੍ਹ | - | - | - | - | 42 |
| 3. | ਬੇਲਾ ਮਸਤਗੜ੍ਹ | - | - | - | - | 95 |
| 4. | ਨੰਗਲ | - | 24 | - | - | - |
| 5. | ਨਰੋਟ ਮਹਿਰਾ | - | 1 | - | - | - |
| 6. | ਪਠਾਨਕੋਟ | - | 1 | - | - | - |
| 7. | ਅਨਿਆਲ | - | 1 | - | - | - |
| 8. | ਘੰਡਰਾ | - | 3 | - | - | - |
| | **ਕੁੱਲ** | **-** | **30** | **-** | **-** | **142** |

## 18. ਜ਼ਿਲ੍ਹਾ ਰੂਪਨਗਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਰੂਪਨਗਰ | - | 2 | - | ਸੜਕਾ ਦਾ ਨੁਕਸਾਨ 392.80 ਲੱਖ | - |
| 2. | ਅਨੰਦਪੁਰ ਸਾਹਿਬ | 2 | - | 1 | - | 2057 ਏਕੜ |
| 3. | ਨੰਗਲ | - | - | - | - | 83 ਏਕੜ |
| 4. | ਚਮਕੌਰ ਸਾਹਿਬ | - | - | - | - | 415ਏ 5ਕ 14 ਮ |
| | **ਕੁੱਲ** | **2** | **2** | **1** | **-** | **2555 ਏ 5ਕ 14 ਮ** |

Original with;
Punjab Vidhan Sabha
Digitized by;
Panjab Digital Library

## 19. ਜ਼ਿਲ੍ਹਾ ਐਸ.ਬੀ.ਐਸ.ਨਗਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਨਵਾਂ ਸ਼ਹਿਰ | 2 | 611 ਮਕਾਨ ਅਤੇ 65 ਪ੍ਰੀਵਾਰਾਂ ਦਾ ਘਰੈਲੂ ਸਮਾਨ | 15 ਪਸ਼ੂ ਅਤੇ 5 ਪ੍ਰੀਵੀਾਰਾਂ ਦੀਆਂ ਮੁਰਗੀਆਂ | 60 ਸੜਕਾਂ ਦੇ ਨੁਕਸਾਨ ਰਿਪੋਰਟ ਪ੍ਰਾਪਤ ਹੋਈ ਹੈ | – |
| 2. | ਬਲਾਚੌਰ | – | 25 | 2 | – | – |
| | **ਕੁੱਲ** | **2** | **636** | **17 ਪਸ਼ੂ 5 ਪ੍ਰੀਵਾਰਾਂ ਦੀਆਂ ਮੁਰਗੀਆਂ** | **–** | **–** |

## 20. ਜ਼ਿਲ੍ਹਾ ਐਸ.ਏ.ਐਸ.ਨਗਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਐਸ.ਏ.ਐਸ. ਨਗਰ | – | – | – | – | – |
| 2. | ਖਰੜ | – | – | – | – | – |
| 3. | ਡੇਰਾ ਬਸੀ | 1 | – | – | – | – |
| | **ਕੁੱਲ** | **1** | **–** | **–** | **–** | **–** |

## 20. ਜ਼ਿਲ੍ਹਾ ਸੰਗਰੂਰ

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਸੰਗਰੂਰ | – | 4 | – | ਘੱਗਰ ਦਰਿਆ ਦੀ ਬੁਰਜੀਆਂ ਨੂੰ ਬਜਬੂਤ ਕਰਨਾਂ 10.14 | 2819 |

*Original with;*
Punjab Vidhan Sabha
*Digitized by;*
Panjab Digital Library

| | | | | | | |
|---|---|---|---|---|---|---|
| 2. | ਸੁਨਾਮ | – | – | – | – | – |
| 3. | ਲਹਿਰਾ | – | 1 | 1 | – | – |
| | **ਕੁੱਲ** | **–** | **5** | **1** | **–** | **2819** |

**20. ਜ਼ਿਲ੍ਹਾ ਤਰਨਤਾਰਨ**

| ਲੜੀ ਨੰ: | ਸਬ ਡਵੀਜ਼ਨ | ਜਾਨੀ ਨੁਕਸਾਨ | ਕੱਚੇ/ਪੱਕੇ ਮਕਾਨ | ਪਸ਼ੂ ਧਨ | ਸਰਕਾਰੀ ਸੰਪਤੀ | ਫਸਲ (ਏਕੜਾਂ ਵਿੱਚ) |
|---|---|---|---|---|---|---|
| 1. | ਤਰਨਤਾਰਨ | 2 | 898 | 4 | 416.8f ਕ.ਮੀ. ਸੜਕਾਂ ਦਾ ਨੁਕਸਾਨ 2759.09 ਲੱਖ ਅਤੇ ਪੁੱਲਾਂ ਦਾ ਨੁਕਸਾਨ 10.00 | 5721 |
| 2. | ਪੱਟੀ | 1 | 627 | 11 | – | 12816 |
| 3. | ਖਡੂਲ ਸਾਹਿਬ | 1 | – | – | – | 1333 |
| | **ਕੁੱਲ** | **4** | **1525** | **15** | **–** | **29870** |

Original with;
Punjab Vidhan Sabha
Digitized by;
Panjab Digital Library

## ਅਨੁਲੱਗ "ਅ"

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਜਾਨੀ ਨੁਕਸਾਨ | ਦਿੱਤਾ ਮੁਆਵਜਾ (ਲੱਖਾ ਵਿਚ) | ਕੱਚੇ/ਪੱਕੇ ਮਕਾਨ | ਦਿੱਤਾ ਮੁਆਵਜਾ (ਲੱਖਾ ਵਿਚ) | ਪਸ਼ੂ ਧਨ | ਦਿੱਤਾ ਮੁਆਵਜਾ (ਲੱਖਾ ਵਿਚ) | ਸਰਕਾਰੀ ਸੰਪਤੀ | ਫਸਲ (ਏਕੜਾਂ ਵਿਚ) | ਦਿੱਤਾ ਮੁਆਵਜਾ (ਲੱਖਾ ਵਿਚ) | ਕੁੱਲ ਦਿੱਤਾ ਮੁਆਵਜਾ (ਲੱਖਾ ਵਿਚ) |
|---|---|---|---|---|---|---|---|---|---|---|---|
| 1. | ਅੰਮ੍ਰਿਤਸਰ | 6 (12 ਜਖਮੀ) | 6.20 | 58 | 7.64 | -- | -- | 31.25 | 567 | 28.45 | 73.54 |
| 2. | ਬਠਿੰਡਾ | 1 (4 ਜਖਮੀ) | 1.15 | 672 | 16.19 | 2 | 0.02 | 228.17 | 159 | 4.18 | 249.71 |
| 3. | ਬਰਨਾਲਾ | -- | -- | 2 | 0.04 | 8 | 2.60 | -- | -- | -- | 2.67 |
| 4. | ਫਰੀਦਕੋਟ | -- | -- | 31 | 04.16 | -- | -- | -- | -- | -- | 4.16 |
| 5. | ਫਿਰੋਜਪੁਰ | 2 | 2.00 | 1669 | 70.30 | 29 | 2.90 | 1125.21 | 38631 | 1786.49 | 29869.11 |
| 6. | ਫਹਿਗੜ੍ਹ ਸਾਹਿਬ | 2 | 2.00 | 21 | 0.97 | 4 | 0.04 | -- | -- | -- | 3.01 |
| 7. | ਫਾਜਿਲਕਾ | 5 | 5.00 | 21510 | 1343.54 | 8 | 0.15 | 575.00 | 44482ਏ 25ਕ 44ਮ | 1891.67 | 38153.66 |
| 8. | ਗੁਰਦਾਸਪੁਰ | -- | -- | 25 | 02.99 | 1 | 0.10 | 53.91 | 2202 | 104.94 | 161.94 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਜਾਨੀ ਨੁਕਸਾਨ | ਦਿੱਤਾ ਮੁਆਵਜ਼ਾ (ਲੱਖਾ ਵਿਚ) | ਕੱਚੇ/ਪੱਕੇ ਮਕਾਨ | ਦਿੱਤਾ ਮੁਆਵਜ਼ਾ (ਲੱਖਾ ਵਿਚ) | ਪਸ਼ੂ ਧਨ | ਦਿੱਤਾ ਮੁਆਵਜ਼ਾ (ਲੱਖਾ ਵਿਚ) | ਸਰਕਾਰੀ ਸੰਪਤੀ | ਫਸਲ (ਏਕੜਾਂ ਵਿਚ) | ਦਿੱਤਾ ਮੁਆਵਜ਼ਾ (ਲੱਖਾ ਵਿਚ) | ਕੁੱਲ ਦਿੱਤਾ ਮੁਆਵਜ਼ਾ (ਲੱਖਾ ਵਿਚ) |
|---|---|---|---|---|---|---|---|---|---|---|---|
| 9. | ਹੁਸ਼ਿਆਰਪੁਰ | 5 | 4.00 | 32 | 03.90 | 1 | 0.10 | -- | 4508 | 152.03 | 160 |
| 10. | ਜਲੰਧਰ | 6 | 4.00 (2 ਸਰਕਾਰੀ ਮੁਲਾਜਮ ਹੋਣ ਕਰਕੇ ਨਹੀਂ ਦਿੱਤਾ ਜਾ ਸਕਦਾ | 1344 | 74.92 | 52 | 1.70 | 738 | 6997 | 339.57 | 1158.19 |
| 11. | ਕਪੂਰਥਲਾ | 2 | 2.00 | 27 | 2.19 | 5 | 0.50 | 234.30 | 32657 | 1608.06 | 1610.57 |
| 12. | ਲੁਧਿਆਣਾ | 9 | 7.00 | 410 | 59.99 | 12 | 1.20 | 315.90 | 254 | 12.70 | 396.5 |
| 13. | ਮਾਨਸਾ | 1 | 1.00 | 954 | 52.23 | -- | -- | -- | -- | -- | 52.23 (ਰਾਹਤ ਵੰਡੀ ਜਾ ਰਹੀ ਹੈ) |
| 14. | ਮੁਕਤਸਰ | 3 | 3.00 | 17584 | 1780.26 | 9 | .13 | 300.00 | 155937 | 6939.20 | 9022.59 |
| 15. | ਮੋਗਾ | -- | -- | 12 | 0.64 | 1 | 0.10 | -- | 5017 | 250.85 | 251.59 |
| 16. | ਪਟਿਆਲਾ | 3 | 3.00 | 35 | 3.82 | -- | -- | -- | 5718 ਏ. 5 ਕਨਾਲ | 40.65 | 112.15 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਜ਼ਿਲ੍ਹੇ ਦਾ ਨਾਮ | ਜਾਨੀ ਨੁਕਸਾਨ | ਦਿੱਤਾ ਮੁਆਵਜਾ (ਲੱਖਾ ਵਿਚ) | ਕੱਚੇ/ਪੱਕੇ ਮਕਾਨ | ਦਿੱਤਾ ਮੁਆਵਜਾ (ਲੱਖਾਂ ਵਿਚ) | ਪਸ਼ੂ ਧਨ | ਦਿੱਤਾ ਮੁਆਵਜਾ (ਲੱਖਾ ਵਿਚ) | ਸਰਕਾਰੀ ਸੰਪਤੀ | ਫਸਲ (ਏਕੜਾਂ ਵਿਚ) | ਦਿੱਤਾ ਮੁਆਵਜਾ (ਲੱਖਾ ਵਿਚ) | ਕੁੱਲ ਦਿੱਤਾ ਮੁਆਵਜਾ (ਲੱਖਾ ਵਿਚ) |
|---|---|---|---|---|---|---|---|---|---|---|---|
| 17 | ਪਠਾਨਕੋਟ | -- | -- | 30 | 8.49 | -- | -- | -- | 142 | 7.10 | 15.69 (ਸੈਕਸ਼ਨ ਅੱਜ ਮਿਤੀ 13.06.2013 ਨੂੰ ਜਾਰੀ ਕਰ ਦਿੱਤੀ ਗਈ।) |
| 18 | ਰੂਪਨਗਰ | 2 | 2.00 | 2 | 0.05 | 1 | 0.10 | 380.35 | 2555 ਏ 5 ਕ 14 ਮਰਲੇ | 130.48 | 513.18 |
| 19. | ਐਸ.ਬੀ.ਐਸ. ਨਗਰ | 2 | 2.00 | 636 | 19.38 | 17 | 1.66 | 116.41 | -- | -- | 23.05 |
| 20 | ਐਸ.ਏ.ਐਸ. ਨਗਰ | 1 | 1.00 | -- | -- | -- | -- | -- | -- | -- | 1.00 |
| 21. | ਸੰਗਰੂਰ | -- | -- | 6 | 1.75 | 1 | 0.10 | 10.14 | 2819 | 140 | 152.38 (ਰਾਹਤ ਵੰਡੀ ਜਾ ਰਹੀ ਹੈ) |
| 22. | ਤਰਨਤਾਰਨ | 4 | 4.00 | 1525 | 209.38 | 15 | | 10.00 | 29870 | 123 | 1459.48 |

Original with;
Punjab Vidhan Sabha
Digitized by;
Punjab Digital Library

## ਅਨੁਲੱਗ "ੲ"

## ਭਾਰਤ ਸਰਕਾਰ ਅਤੇ ਰਾਜ ਸਰਕਾਰ ਦੀਆਂ ਰਾਹਤ ਦੀਆਂ ਦਰਾਂ

| ਫਸਲਾਂ ਦੀ ਪ੍ਰਤੀਸ਼ਤ ਅਨੁਸਾਰਵਿਚੋਂ ਦੇਣ ਯੋਗ Corps | ਐਸ.ਡੀ.ਆਰ.ਐਫ ਵਿਚੋਂ ਦੇਣ ਯੋਗ ਰਕਮ | ਸਟੇਟ ਬਜਟ ਯੋਗ ਰਾਹਤ ਰਕਮ | ਕੁਲ ਮਿਲਣ (Damage of |
|---|---|---|---|
| 26×50% | -- | 2000 | 2000 |
| 51-75% | 1600 | 1400 | 3000 |
| 76-100% | 1600 | 3400 | 5000 |
| ਸਦਾ ਬਹਾਰ ਫਸਲਾਂ (Prenniel Corps) | 2400 | 2600 | 5000 |
| ਪੱਕੇ ਮਕਾਨ ਪੂਰੀ ਤਰ੍ਹਾਂ ਨੁਕਸਾਨੇ (Fully Damage house) | 35,000 | -- | 35,000 |
| ਬੁਰੀ ਤਰ੍ਹਾ ਨੁਕਸਾਨੇ ਪੱਕੇ (Severely Damage) | 10,000 | -- | 10,000ਘ ਰ |
| ਬੁਰੀ ਤਰ੍ਹਾਂ ਨੁਕਸਾਨੇ ਕੱਚੇ ਘਰ (Severely Damage) | 2500 | -- | 2500 |
| ਅੰਸ਼ਿਕ ਤੌਰ ਤੇ ਨੁਕਸਾਨੇ ਕੱਚ/ਪੱਕ (Partially damaged) | 1500 | 100 | 1600 |
| ਝੁੱਗੀਆਂ (Huts) | 2000 | - | 2000 |
| ਮਨੁੱਖੀ ਜਾਂਨਾ (Human lives) | 1,00,000 | -- | 1,00,000 |
| ਜਖਮੀ ਵਿਅਕਤੀ 40 ਤੋਂ 75% ਨਕਾਰਾਪਨ ਹੋਣ ਤੇ | 35,000 | -- | 35,000 |
| 75% ਤੋਂ ਵੱਧ ਨਕਾਰਾਪਨ ਹੋਣ ਤੇ | 50,000 | -- | 50,000 |

riginal with;
unjab Vidhan Sabha
igitized by;
anjab Digital Library

| | | | |
|---|---|---|---|
| ਗੰਭੀਰ ਸੱਟਾਂ ਲੱਗਣ ਤੇ (ਹਫਤੇ ਤੋਂ ਵੱਧ ਹਸਪਤਾਲ ਦਾਖਲੇ ਤੇ) | 7500 | -- | 7500 |
| (ਹਫਤੇ ਤੋਂ ਘੱਟ ਦਾਖਲੇ ਤੇ) | 2500 | -- | 2500 |
| ਪਸ਼ੂ ਧਨ (ਮੱਝ) (Live Stock) | 10,000 | - | 10,000 |
| ਭੇਡ-ਬੱਕੀ (Sheep/Goat) | 1000 | - | 1000 |
| ਡਰੌਟ ਏਨੀਮਲ Drought Animals ਊਠ, ਘੋੜਾ,ਬਲਦ) | 10,000 | - | 10,000 |
| ਵੱਛਾ, ਖੋਤਾ ਅਤੇ ਖਚਰ | 5000 | -- | 5000 |

## ਗੋਬਿੰਦਪੁਰਾ ਥਰਮਲ ਪਲਾਂਟ ਲਈ ਭੌਂ ਪ੍ਰਾਪਤੀ

***2246 ਸੀ ਮੰਗਤ ਰਾਏ ਬਾਂਸਲ :** ਕੀ ਮੁੱਖ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ:-

(ੳ) ਰਾਜ ਸਰਕਾਰ ਦੁਆਰਾ ਅਕਤੂਬਰ, 2010, ਵਿਚ ਭੌਂ ਪ੍ਰਾਪਤੀ ਐਕਟ ਦੀ ਧਾਰਾ 4 ਅਧੀਨ ਗੋਬਿੰਦਪੁਰਾ (ਮਾਨਸਾ) ਵਿਖੇ ਥਰਮਲ ਵਾਪਰ ਪਲਾਂਟ ਲਈ ਅਧਿਸੂਚਿਤ ਕੀਤੀ ਜ਼ਰਾਇਤੀ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ।

(ਅ) ਜਨਵਰੀ, 2011, ਵਿਚ ਐਕਟ ਦੀ ਧਾਰਾ 6 ਅਧੀਨਤ ਅਧਿਸੂਚਿਤ ਉਪਰੋਕਤ ਭਾਗ (ੳ) ਵਿਚ ਵਰਧਿਤ ਜ਼ਮੀਨ ਦਾ ਕੁੱਲ ਰਕਬਾ ਕਿੰਨਾ ਹੈ ਅਤੇ ਕੀ ਧਾਰਾ 4 ਅਧੀਨ ਪੈਂਦੀ ਉਪਰੋਕਤ ਭਾਗ (ੳ) ਵਿੱਚ ਵਰਣਿਤ ਜ਼ਮੀਨ ਦਾ ਕੁਝ ਰਕਬਾ ਛੱਡ ਦਿੱਤਾ ਗਿਆ ਸੀ, ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਅਤੇ ਕਾਰਣ ਕੀ ਹਨ?

**ਸਰਦਾਰ ਪਰਕਾਸ਼ ਸਿੰਘ ਬਾਦਲ :** ਸ੍ਰੀਮਾਨ ਜੀ,

(ੳ) ਰਾਜ ਸਰਕਾਰ ਦੁਆਰਾ ਅਕਤੂਬਰ, 2010, ਵਿਚ ਭੌਂ ਪ੍ਰਾਪਤੀ ਐਕਟ ਦੀ ਧਾਰਾ ਅਧੀਨ ਗੋਬਿੰਦਪੁਰਾ (ਮਾਨਸਾ) ਵਿਖੇ ਥਰਮਲ ਪਾਵਰ ਪਲਾਂਟ ਲਈ ਅਧਿਸੂਚਿਤ ਕੀਤੀ ਜ਼ਰਾਇਤੀ ਜ਼ੀਨ ਦਾ ਕੁਲ ਰਕਬਾ 1237 ਏਕੜ 02 ਕਨਾਲ 04 ਮਰਲੇ ਭੌਂ ਅਧਿਗ੍ਰਹਿਣ ਕਰਨ ਲਈ ਭੌਂ ਪ੍ਰਾਪਤੀ ਐਕਟ, 1894 ਦੀ ਧਾਰਾ 4 ਅਧੀਨ ਅਧਿਸੂਚਨਾ ਜਾਰੀ ਕੀਤੀ ਗਈ।

Original with;
Punjab Vidhan Sabha
Digitized by;
Panjab Digital Library

(ਅ) ਜਨਵਰੀ, 2011 ਵਿਚ ਭੋਂ ਪ੍ਰਾਪਤੀ ਐਕਟ 1894 ਦੀ ਧਾਰਾ 6 ਅਧੀਨ ਕੁਲ 881 ਏਕੜ 0 ਕਨਾਲ 10 ਮਰਲੇ ਦਾ ਰਕਬਾ ਹੀ ਅਧਿਸੂਚਿਤ ਕੀਤਾ ਗਿਆ। ਇਸ ਤਰ੍ਹਾਂ ਭੋਂ ਪ੍ਰਾਪਤੀ ਐਕਟ 1894 ਦੀ ਧਾਰਾ 4 ਅਧੀਨ ਜ਼ਾਰੀ ਅਧਿਸੂਚਨਾ ਰਹਿਤ ਭਾਗ (ੳ) ਵਿਚ ਵਰਣਿਤ ਭੋਂ ਵਿਚੋਂ ਕੁਝ ਰਕਬਾ ਭੋਂ ਮਾਲਕਾਂ ਦੀ ਭੋ ਅਧਿਗ੍ਰਹਿਣ ਲਈ ਸਹਿਮਤੀ ਨਾ ਹੋਣ ਕਰਕੇ ਰਕਬਾ ਛੱਡ ਦਿੱਤਾ ਗਿਆ ਸੀ।

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

©2012

Published under the authority of the Punjab Vidhan Sabha and typesetting & printed by the Controller, Printing & Stationery, Punjab at Punjab Govt. Press, S.A.S. Nagar.

PGP, Mohali/7519/01-2012 (1)

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Saturday, the 8th October, 2011*
(Morning Sitting)

**Vol. XIII-No. 3**

OFFICIAL REPORT

CONTENTS


| | | Page(s) |
|---|---|---|
| Starred Questions & Answers | .. | (3) 1 |
| Written Answers to Starred Questions Laid on the Table of the House under Rule 38 | .. | (3) 45 |
| Demand for Zero Hour by the Opposition | .. | (3) 55 |
| Short Adjournment of the House | .. | (3) 58 |
| Demand for Zero Hour by the Opposition *(Resumption)* | .. | (3) 58 |
| Short Adjournment of the House | .. | (3) 60 |
| Demand for Zero Hour by the Opposition *(Resumption)* | .. | (3) 61 |
| Call Attention Notice under Rule 66 | .. | (3) 64 |
| Papers laid on the Table of the House | .. | (3) 65 |
| Presentation of the Report of the Committee of the House constituted to investigate the causes of the loss of Human Life and Property due to road accidents in the State | .. | (3) 66 |



**Punjab Vidhan Sabha Secretariat, Chandigarh.**

**Price : Rs.________**



*Original with;*
Punjab Vidhan Sabha
*Digitized by;*
Panjab Digital Library

**Legislative Business :**


1. The Punjab Special Security Group Bill, 2010 .. (3) 66
2. The Punjab (Prevention of Damage to Public and Private Property) Bill, 2010 .. (3) 67
3. The Punjab Prohibition of Cow Slaughter (Amendment) Bill, 2011 .. (3) 67
4. The Punjab State Commission for Non-Resident Indians Bill, 2011 .. (3) 69
5. The Punjab Legislative Assembly (Salaries and Allowances of Members) Amendment Bill, 2011 .. (3) 71
6. The Punjab Legislative Assembly Speaker's and Deputy Speaker's Salaries (Second Amendment) Bill, 2011 .. (3) 74
7. The Punjab State Board of Technical Education and Industrial Training (Amendment) Bill, 2011 *(Replacing Ordinance)* .. (3) 76
8. Appendix .. (3) i



Original with;
Punjab Vidhan Sabha
Digitized by;
Panjab Digital Library

## PUNJAB VIDHAN SABHA

*Saturday, the 8th October, 2011*

(Morning Sitting)

*The Vidhan Sabha met in the Punjab Vidhan Sabha Hall, Vidhan Bhavan, Sector 1, Chandigarh at 11.00 A.M. Mr. Speaker (Sardar Nirmal Singh Kahlon) in the Chair.*

---

## STARRED QUESTIONS AND ANSWERS

### ਦਿੜ੍ਹਬਾ ਨੂੰ ਬਲਾਕ ਦਾ ਦਰਜਾ ਦੇਣਾ

*2232.**ਸਰਦਾਰ ਸੁਰਜੀਤ ਸਿੰਘ ਧੀਮਾਨ** : ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਿੜ੍ਹਬਾ ਨੂੰ ਵਿਕਾਸ ਬਲਾਕ ਦਾ ਦਰਜਾ ਦੇਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਹਾਂ ਜੀ । ਜ਼ਿਲ੍ਹਾ ਸੰਗਰੂਰ ਦੇ ਕਸਬਾ ਦਿੜ੍ਹਬਾ ਨੂੰ ਨਵੇਂ ਵਿਕਾਸ ਬਲਾਕ ਦਾ ਦਰਜਾ ਦੇਣ ਦੀ ਤਜਵੀਜ਼ ਨੂੰ ਮੰਤਰੀ ਪ੍ਰੀਸ਼ਦ ਵੱਲੋਂ ਮਿਤੀ 3. 10. 2011 ਦੀ ਮੰਤਰੀ ਪ੍ਰੀਸ਼ਦ ਦੀ ਬੈਠਕ ਵਿੱਚ ਪ੍ਰਵਾਨਗੀ ਦਿੱਤੀ ਗਈ ਹੈ ।

**ਸਰਦਾਰ ਸੁਰਜੀਤ ਸਿੰਘ ਧੀਮਾਨ** : ਮਾਨਯੋਗ ਸਪੀਕਰ ਸਾਹਿਬ, ਤੁਹਾਡੇ ਰਾਹੀਂ ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਨ੍ਹਾਂ ਨੇ ਕਹਿ ਦਿੱਤਾ ਹੈ ਕਿ ਪ੍ਰਵਾਨਗੀ ਦੇ ਦਿੱਤੀ ਹੈ। ਮੈਂ ਇਸਦੇ ਨਾਲ ਸਹਿਮਤ ਹਾਂ ਕਿ ਪ੍ਰਵਾਨਗੀ ਦੇ ਦਿੱਤੀ ਹੈ ਪਰ ਮਸਲਾ ਇਹ ਹੈ ਕਿ ਪ੍ਰਵਾਨਗੀ ਤਾਂ ਇਨ੍ਹਾਂ ਦੁਆਰਾ ਮੈਟਰੋ ਨੂੰ ਵੀ ਦਿੱਤੀ ਨੂੰ 6 ਮਹੀਨੇ ਹੋ ਗਏ ਹਨ, ਕੀ ਉਸ ਦਾ ਕੰਮ ਸ਼ੁਰੂ ਹੋ ਗਿਆ ? ਕੀ ਇਕੱਲੀ ਪ੍ਰਵਾਨਗੀ ਨਾਲ ਸਰ ਸਕਦਾ ਹੈ ? ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਇਸ ਦੀ ਨੋਟੀਫਿਕੇਸ਼ਨ ਕਦੋਂ ਤੱਕ ਜਾਰੀ ਹੋ ਜਾਵੇਗੀ ਅਤੇ ਇਸ ਨੂੰ ਅਮਲੀ ਜਾਮਾ ਕਦੋਂ ਤੱਕ ਪਹਿਨਾਇਆ ਜਾਵੇਗਾ, ਇਸ ਨੂੰ ਟਾਈਮ ਬਾਊਂਡ ਕੀਤਾ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਅਸੀਂ ਪ੍ਰਵਾਨਗੀ ਦੇ ਦਿੱਤੀ ਹੈ, ਨੋਟੀਫਿਕੇਸ਼ਨ ਵੀ ਹੋ ਜਾਵੇਗੀ, ਪੋਸਟਾਂ ਵੀ ਸੈਂਕਸ਼ਨ ਕਰ ਦਿੱਤੀਆਂ ਹਨ, ਮੁਕੰਮਲ ਕੰਮ ਕਰ ਦਿੱਤਾ ਹੈ, ਢਿੱਲਾ ਨਹੀਂ ਕੀਤਾ ।

**ਸਰਦਾਰ ਸੁਰਜੀਤ ਸਿੰਘ ਧੀਮਾਨ** : ਸਪੀਕਰ ਸਾਹਿਬ, ਇਹ ਟਾਈਮ ਬਾਊਂਡ ਕਰਨ ਕਿ ਕਦੋਂ ਤੱਕ ਕੰਮ ਸ਼ੁਰੂ ਹੋ ਜਾਵੇਗਾ ? ਇਹ ਟਾਈਮ ਬਾਊਂਡ ਕਰਨ ਜੀ ।

**ਮਾਨਯੋਗ ਸਪੀਕਰ** : ਤੁਸੀਂ ਮੇਰੀ ਗੱਲ ਸੁਣੋ । (ਵਿਘਨ) ਤੁਸੀਂ ਮੇਰੀ ਗੱਲ ਸੁਣਨ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ ? ਮੈਂ ਤੁਹਾਨੂੰ ਦੱਸਦਾ ਹਾਂ ਕਿ ਨੋਟੀਫਿਕੇਸ਼ਨ ਹੋ ਗਈ ਹੈ, ਤੁਹਾਡੀ ਗੱਲ ਪੂਰੀ ਹੋ ਗਈ । ਉਨ੍ਹਾਂ ਨੇ ਜਿਹੜਾ ਸਟਾਫ ਲਗਾਉਣਾ ਹੈ, ਇੰਪਲੀਮੈਂਟ ਕਰ ਦਿੱਤਾ ਹੈ, ਫਿਰ ਤੁਹਾਡੀ ਕਿਹੜੀ ਗੱਲ ਰਹਿ ਗਈ ? ਅਗਲਾ ਸਵਾਲ ।

---

Original with;
Punjab Vidhan Sabha
Digitized by;
Panjab Digital Library

## ਦਰੱਖ਼ਤਾਂ ਦੀ ਕਟਾਈ

*2265. **ਮਾਸਟਰ ਮੋਹਨ ਲਾਲ** : ਕੀ ਜੰਗਲਾਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਪਠਾਨਕੋਟ ਤੋਂ ਅੰਮ੍ਰਿਤਸਰ ਅਤੇ ਪਠਾਨਕੋਟ ਤੋਂ ਜਲੰਧਰ ਸੜਕਾਂ ਨੂੰ ਚਹੁੰ-ਮਾਰਗੀ ਬਣਾਉਣ ਕਰਕੇ ਇਨ੍ਹਾਂ ਦੇ ਦੋਵੇਂ ਪਾਸੇ ਜ਼ਿਆਦਾ ਗਿਣਤੀ ਵਿੱਚ ਦਰੱਖ਼ਤਾਂ ਨੂੰ ਕੱਟਣ ਨਾਲ ਜੀਵ ਜੰਤੂਆਂ ਅਤੇ ਵਨਸਪਤੀ ਨੂੰ ਨੁਕਸਾਨ ਹੋਣ ਕਰਕੇ ਕੁਦਰਤੀ ਵਾਤਾਵਰਣ ਪ੍ਰਭਾਵਿਤ ਹੋਇਆ ਹੈ ਅਤੇ ਅਜਿਹੇ ਮੌਕੇ ਤੇ ਦਰੱਖ਼ਤਾਂ ਨੂੰ ਕੱਟੇ ਜਾਣ ਲਈ ਅਪਣਾਈ ਜਾਣ ਵਾਲੀ ਨੀਤੀ ਕੀ ਹੈ ;

(ਅ) ਕੀ ਅਜਿਹੇ ਕੱਟੇ ਗਏ ਦਰੱਖ਼ਤਾਂ ਦਾ ਕੋਈ ਰਿਕਾਰਡ ਰੱਖਿਆ ਗਿਆ ਹੈ ;

(ੲ) ਕੀ ਵਾਤਾਵਰਣ ਨੂੰ ਸੰਤੁਲਿਤ ਬਣਾਏ ਰੱਖਣ ਲਈ ਹੋਰ ਦਰੱਖ਼ਤ ਲਗਾਉਣ ਲਈ ਸਰਕਾਰ ਦੁਆਰਾ ਕੋਈ ਨੀਤੀ ਬਣਾਈ ਗਈ ਹੈ;

(ਸ) ਕੀ ਪੰਜਾਬ ਸਰਕਾਰ ਕੇਂਦਰ ਸਰਕਾਰ ਤੋਂ ਪ੍ਰਾਪਤ ਹੋਈ ਰਾਸ਼ੀ ਨੂੰ ਹੋਰ ਦਰੱਖ਼ਤ ਲਗਾਉਣ ਲਈ ਖ਼ਰਚ ਕਰ ਰਹੀ ਹੈ ?

**ਸ਼੍ਰੀ ਅਰੁਨੇਸ਼ ਸ਼ਾਕਰ** : (ੳ) ਪੰਜਾਬ ਰਾਜ ਵਿੱਚ ਸਟੇਟ ਅਤੇ ਨੈਸ਼ਨਲ ਹਾਈਵੇਜ਼ ਦੇ ਨਾਲ ਲਗਦੀਆਂ ਪਟੜੀਆਂ ਜੋ ਕਿ ਸੁਰੱਖਿਅਤ ਵਣ ਘੋਸ਼ਿਤ ਕੀਤੀਆਂ ਗਈਆਂ ਹਨ, ਨੂੰ ਜੇਕਰ ਸਬੰਧਤ ਸਟੇਟ ਅਤੇ ਨੈਸ਼ਨਲ ਹਾਈਵੇਜ਼ ਵੱਲੋਂ ਚੌੜਾ ਕਰਨ ਲਈ ਵਰਤਿਆ ਜਾਂਦਾ ਹੈ ਤਾਂ ਉਨ੍ਹਾਂ ਅਧੀਨ ਡਾਈਵਰਟ ਹੋਣ ਵਾਲੇ ਵਣ ਰਕਬੇ ਦੀ ਅਤੇ ਇਸ ਵਿਚੋਂ ਕੱਟੇ ਜਾਣ ਵਾਲੇ ਦਰੱਖ਼ਤਾਂ ਦੀ ਕਟਾਈ ਦੀ ਅਗੇਤੀ ਪ੍ਰਵਾਨਗੀ ਵਣ (ਸੁਰੱਖਿਆ) ਐਕਟ, 1980 ਤਹਿਤ ਭਾਰਤ ਸਰਕਾਰ, ਪਰਿਆਵਰਣ ਅਤੇ ਵਣ ਮੰਤਰਾਲੇ ਪਾਸੋਂ ਲੈਣੀ ਜ਼ਰੂਰੀ ਹੈ । ਉਪਰੋਕਤ ਨੀਤੀ ਅਨੁਸਾਰ ਪਠਾਨਕੋਟ ਤੋਂ ਅੰਮ੍ਰਿਤਸਰ ਅਤੇ ਪਠਾਨਕੋਟ ਤੋਂ ਜਲੰਧਰ ਸੜਕਾਂ ਨੂੰ ਚਹੁੰ-ਮਾਰਗੀ ਬਣਾਉਣ ਲਈ ਵੀ ਵਣ (ਸੁਰੱਖਿਆ) ਐਕਟ, 1980 ਤਹਿਤ ਭਾਰਤ ਸਰਕਾਰ ਦੀ ਅਗੇਤੀ ਪ੍ਰਵਾਨਗੀ ਰਾਜ ਸਰਕਾਰ ਵੱਲੋਂ ਲਈ ਗਈ ਹੈ । ਜਿਥੋਂ ਤੱਕ ਪਠਾਨਕੋਟ ਤੋਂ ਅੰਮ੍ਰਿਤਸਰ ਅਤੇ ਪਠਾਨਕੋਟ ਤੋਂ ਜਲੰਧਰ ਸੜਕ ਨੂੰ ਚੌੜਾ ਕਰਨ ਲਈ ਕੱਟੇ ਗਏ ਰੁੱਖਾਂ ਕਾਰਨ ਜੀਵ ਜੰਤੂਆਂ, ਵਨਸਪਤੀ ਅਤੇ ਕੁਦਰਤੀ ਵਾਤਾਵਰਣ ਦੇ ਪ੍ਰਭਾਵਿਤ ਹੋਣ ਦਾ ਸਵਾਲ ਹੈ, ਕੋਈ ਵੀ ਵਿਕਾਸ ਤੋਂ ਸਬੰਧਤ ਪ੍ਰਪੋਜ਼ਲ ਜਿਸ ਵਿੱਚ ਵਣਾਂ ਅਧੀਨ ਰਕਬੇ ਦਾ ਗ਼ੈਰ ਵਾਨਿਕੀ ਮੰਤਵ ਲਈ ਡਾਈਵਰਸ਼ਨ ਹੁੰਦਾ ਹੈ ਅਤੇ ਰੁੱਖਾਂ ਦੀ ਕਟਾਈ ਜੁੜੀ ਹੋਈ ਹੁੰਦੀ ਹੈ, ਉਸਦਾ ਕੁਦਰਤੀ ਵਾਤਾਵਰਣ ਤੇ ਕੁਝ ਨਾ ਕੁਝ ਪ੍ਰਭਾਵ ਪੈਣਾ ਸੰਭਵ ਹੈ । ਭਾਰਤ ਸਰਕਾਰ, ਪਰਿਆਵਰਣ ਅਤੇ ਵਣ ਮੰਤਰਾਲੇ ਵੱਲੋਂ ਬਣਾਈ ਗਈ ਗਾਈਡਲਾਈਨਜ਼ ਅਨੁਸਾਰ ਇਸ ਤਰ੍ਹਾਂ ਦੀਆਂ ਪ੍ਰਪੋਜ਼ਲਾਂ ਵਿੱਚ ਦਰਖ਼ਤਾਂ ਦੀ ਕਟਾਈ ਅਤੇ ਵਣ ਰਕਬੇ ਦੇ ਡਾਈਵਰਸ਼ਨ ਦੇ ਕਾਰਨ ਵਾਤਾਵਰਣ ਤੇ ਹੋਣ ਵਾਲੇ ਸੰਭਾਵਿਤ ਪ੍ਰਭਾਵਾਂ ਨੂੰ ਮੁੱਖ ਰਖਦੇ ਹੋਏ ਵੱਖ-ਵੱਖ ਮਿਟੀਗੇਸ਼ਨ ਮਈਅਰਜ਼ (Mitigation Measures) ਲੈਣ ਦੀਆਂ ਸ਼ਰਤਾਂ ਲਗਾਈਆਂ ਜਾਂਦੀਆਂ ਹਨ ਜਿਸ ਵਿੱਚ ਮੁੱਖ ਤੌਰ ਤੇ ਕੰਪਨਸੇਟਰੀ ਅਫਾਰਸਟੇਸ਼ਨ ਦੀ ਸ਼ਰਤ ਹੈ । ਭਾਰਤ ਸਰਕਾਰ, ਪਰਿਆਵਰਣ ਅਤੇ ਵਣ ਮੰਤਰਾਲੇ ਵੱਲੋਂ ਪਠਾਨਕੋਟ ਤੋਂ ਅੰਮ੍ਰਿਤਸਰ ਅਤੇ

Original with;
Punjab Vidhan Sabha
Digitized by;
Panjab Digital Library

ਪਠਾਨਕੋਟ ਤੋਂ ਜਲੰਧਰ ਸੜਕਾਂ ਨੂੰ ਚੌੜਾ ਕਰਨ ਲਈ ਪ੍ਰਵਾਨਗੀ ਦਿੰਦੇ ਸਮੇਂ ਇਨ੍ਹਾਂ ਪ੍ਰੋਪੋਜ਼ਲਾਂ ਅਧੀਨ ਡਾਈਵਰਟ ਹੋਣ ਵਾਲੇ ਵਣ ਰਕਬੇ ਦੇ ਬਦਲੇ ਦੁਗਣੇ ਡੀਗ੍ਰੇਡਿਡ ਵਣ ਰਕਬੇ ਤੇ ਕੰਪਨਸੇਟਰੀ ਅਫਾਰਸਟੇਸ਼ਨ ਕਰਵਾਉਣ ਦੀ ਸ਼ਰਤ ਲਗਾਈ ਗਈ ਹੈ, ਜਿਸਦੀ ਪਾਲਣਾ ਵਣ ਵਿਭਾਗ ਵੱਲੋਂ ਕੀਤੀ ਜਾ ਰਹੀ ਹੈ ।

(ਅ) ਹਾਂ ਜੀ । ਵਣ ਵਿਭਾਗ ਵੱਲੋਂ ਕੱਟੇ ਜਾਣ ਵਾਲੇ ਰੁੱਖ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਤਬਦੀਲ ਕੀਤੇ ਜਾਂਦੇ ਹਨ ਅਤੇ ਇਨ੍ਹਾਂ ਦੀ ਡਿਸਪੋਜ਼ਲ ਪੰਜਾਬ ਰਾਜ ਵਣ ਵਿਕਾਸ ਨਿਗਮ ਵੱਲੋਂ ਹੀ ਕੀਤੀ ਜਾਂਦੀ ਹੈ। ਕਟਾਈ ਲਈ ਜੋ ਰੁੱਖ ਪੰਜਾਬ ਰਾਜ ਵਣ ਵਿਕਾਸ ਨਿਗਮ ਨੂੰ ਸੌਂਪੇ ਗਏ ਹਨ, ਉਨ੍ਹਾਂ ਦਾ ਰਿਕਾਰਡ ਸਬੰਧਤ ਵਣ ਮੰਡਲ ਪੱਧਰ ਤੇ ਰੱਖਿਆ ਗਿਆ ਹੈ । ਇਸ ਤੋਂ ਇਲਾਵਾ ਤਬਦੀਲੀ ਤੋਂ ਬਾਅਦ ਡਿਸਪੋਜ਼ਲ ਤੱਕ ਪੂਰਾ ਰਿਕਾਰਡ ਪੰਜਾਬ ਰਾਜ ਵਣ ਵਿਕਾਸ ਨਿਗਮ ਵੱਲੋਂ ਰੱਖਿਆ ਗਿਆ ਹੈ ।

(ੲ) ਹਾਂ ਜੀ । ਭਾਰਤ ਸਰਕਾਰ, ਪਰਿਆਵਰਣ ਅਤੇ ਵਣ ਮੰਤਰਾਲੇ ਵੱਲੋਂ ਜਾਰੀ ਗਾਈਡਲਾਈਨਾਂ ਅਨੁਸਾਰ ਉਪਰੋਕਤ ਤਰ੍ਹਾਂ ਦੇ ਕੇਸਾਂ ਵਿੱਚ ਡਾਈਵਰਟ ਹੋਣ ਵਾਲੇ ਵਣ ਰਕਬੇ ਦੇ ਬਦਲੇ ਦੁਗਣੇ ਡਿਗ੍ਰੇਡ ਵਣ ਰਕਬੇ ਤੇ ਕੰਪਨਸੇਟਰੀ ਅਫਾਰਸਟੇਸ਼ਨ ਕਰਵਾਉਣ ਦੀ ਸ਼ਰਤ ਲਗਾਈ ਜਾਂਦੀ ਹੈ। ਇਸ ਤੋਂ ਇਲਾਵਾ ਪੰਜਾਬ ਸਰਕਾਰ ਵੱਲੋਂ ਵਣਾਂ ਦੇ ਰਕਬਿਆਂ ਨੂੰ ਵਿਕਾਸ ਦੇ ਕੰਮਾਂ ਲਈ ਵਰਤੇ ਜਾਣ ਕਾਰਣ ਵਣਾਂ ਅਧੀਨ ਰਕਬਿਆਂ ਨੂੰ ਘੱਟਣ ਤੋਂ ਬਚਾਉਣ ਲਈ ਇੱਕ ਪਾਲਿਸੀ ਮਿਤੀ 12.11.2010 ਨੂੰ ਜਾਰੀ ਕੀਤੀ ਗਈ ਹੈ ਜਿਸ ਅਨੁਸਾਰ ਹਰੇਕ ਯੂਜ਼ਰ ਏਜੰਸੀ ਜੋ ਵਣ ਰਕਬੇ ਦਾ ਗ਼ੈਰ-ਵਾਨਿਕੀ ਮੰਤਵ ਲਈ ਇਸਤੇਮਾਲ ਕਰਦੀ ਹੈ, ਉਸਨੂੰ ਵਣ ਵਿਭਾਗ ਨੂੰ ਬਰਾਬਰ ਗ਼ੈਰ-ਵਣ ਰਕਬਾ (ਜਾਂ ਫਿਰ ਗ਼ੈਰ-ਵਣ ਰਕਬੇ ਦੀ ਕੀਮਤ) ਅਤੇ ਉਸ ਤੇ ਕਰਵਾਈ ਜਾਣ ਵਾਲੀ ਕੰਪਨਸੇਟਰੀ ਅਫਾਰਸਟੇਸ਼ਨ ਦਾ ਖ਼ਰਚਾ ਦੇਣਾ ਜ਼ਰੂਰੀ ਹੈ ।

(ਸ) ਹਾਂ ਜੀ। ਰਾਜ ਸਰਕਾਰ ਵੱਲੋਂ ਭਾਰਤ ਸਰਕਾਰ ਦੀ ਐਡਹਾਕ ਕੰਪਨਸੇਟਰੀ ਅਫਾਰਸਟੇਸ਼ਨ ਫੰਡਜ਼ ਮੈਨੇਜਮੈਂਟ ਐਂਡ ਪਲਾਨਿੰਗ ਅਥਾਰਟੀ ਤੋਂ ਪ੍ਰਾਪਤ ਹੋਏ ਫੰਡਜ਼ ਨੂੰ ਕੰਪਨਸੇਟਰੀ ਅਫਾਰਸਟੇਸ਼ਨ ਅਤੇ ਪਲਾਂਟੇਸ਼ਨ ਅਤੇ ਵਣਾਂ ਦੇ ਰੱਖ ਰਖਾਓ ਆਦਿ ਦੇ ਕੰਮਾਂ ਤੇ ਖ਼ਰਚ ਕੀਤਾ ਜਾ ਰਿਹਾ ਹੈ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਅੰਮ੍ਰਿਤਸਰ ਤੋਂ ਪਠਾਨਕੋਟ ਜਿਹੜੀ ਸੜਕ ਚੌੜੀ ਕੀਤੀ ਜਾ ਰਹੀ ਹੈ, ਉਸ ਦੇ ਸਾਰੇ ਹੀ ਦਰੱਖ਼ਤ ਕੱਟ ਦਿੱਤੇ ਗਏ ਹਨ ਔਰ ਸੜਕ ਦਾ ਇੰਨਾ ਬੁਰਾ ਹਾਲ ਹੈ ਕਿ ਉਥੇ ਰੋਜ਼ ਕੋਈ ਨਾ ਕੋਈ ਐਕਸੀਡੈਂਟ ਹੋ ਰਿਹਾ ਹੈ । ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਜਦੋਂ ਸੜਕਾਂ ਚੌੜੀਆਂ ਕੀਤੀਆਂ ਜਾਂਦੀਆਂ ਹਨ, ਫੋਰ-ਲੇਨਿੰਗ ਬਣਦੀਆਂ ਹਨ, ਸਿਕਸ-ਲੇਨਿੰਗ ਬਣਦੀਆਂ ਹਨ ਔਰ ਇਸ ਬਾਰੇ ਦਸ ਸਾਲ ਪਹਿਲਾਂ ਪਾਲਿਸੀ ਬਣਨੀ ਸ਼ੁਰੂ ਹੋ ਜਾਂਦੀ ਹੈ ਔਰ ਕੀ ਫਾਰੈਸਟ ਮਹਿਕਮਾ ਪਹਿਲਾਂ ਜਿੰਨੇ ਦਰੱਖ਼ਤ ਕੱਟੇ ਜਾਂਦੇ ਹਨ, ਉਸੇ ਗਿਣਤੀ ਵਿੱਚ ਉਹ ਦਰੱਖ਼ਤ ਕਿਸੇ ਹੋਰ ਜਗ੍ਹਾ ਤੇ ਲਗਾਉਣ ਦੀ ਪਰਪੋਜ਼ਲ

Original with;
Punjab Vidhan Sabha
Digitized by;
Panjab Digital Library

[ਮਾਸਟਰ ਮੋਹਨ ਲਾਲ]

ਬਣਾ ਕੇ ਔਰ ਵਾਤਾਵਰਣ ਨੂੰ ਪ੍ਰਦੂਸ਼ਣ ਰਹਿਤ ਬਣਾਉਣ ਦੀ ਕੋਈ ਯੋਜਨਾ ਨਹੀਂ ਬਣਾ ਸਕਦਾ ? ਦਸ ਸਾਲ ਪਹਿਲਾਂ ਜਦੋਂ ਸੜਕਾਂ ਬਣਾਉਣ ਦੀ ਪਰਪੋਜ਼ਲ ਬਣੀ, ਉਸੇ ਸਮੇਂ ਹੀ ਦਰੱਖ਼ਤ ਲਗਾਉਣ ਦੀ ਨੀਤੀ ਬਣਾਈ ਜਾਂਦੀ ਤਾਂ ਜ਼ਿਆਦਾ ਫਾਇਦਾ ਹੁੰਦਾ । ਹੁਣ ਪਤਾ ਨਹੀਂ ਦਰੱਖ਼ਤ ਲਗਣੇ ਹਨ ਜਾਂ ਨਹੀਂ ? ਇਸ ਬਾਰੇ ਮੰਤਰੀ ਸਾਹਿਬ ਦੱਸਣ ਕਿ ਇਹੋ ਜਿਹੀ ਕੋਈ ਨੀਤੀ ਹੈ ਕਿ ਜਿਹੜੀਆਂ ਇਹੋ ਜਿਹੀ ਇਵੈਂਚੂਐਲਟੀਜ਼ ਹਨ, ਅਸੀਂ ਦਰੱਖ਼ਤ ਲਗਾਉਣ ਦੀ ਪਾਲਿਸੀ ਵੱਲ ਪਹਿਲਾਂ ਹੀ ਤਿਆਰ ਹੋਈਏ ਤਾਂ ਕਿ ਵਾਤਾਵਰਣ ਦੂਸ਼ਿਤ ਨਾ ਹੋਵੇ ।

**ਮੰਤਰੀ** : ਸਪੀਕਰ ਸਾਹਿਬ, ਮਾਸਟਰ ਜੀ ਵੀ ਪਹਿਲਾਂ ਮੰਤਰੀ ਰਹੇ ਹਨ । ਪਾਲਿਸੀ ਤਾਂ ਇਨ੍ਹਾਂ ਨੇ ਬਣਾਈ ਹੋਈ ਹੈ । ਮੈਂ ਤਾਂ ਹੁਣ ਮੰਤਰੀ ਬਣਿਆ ਹਾਂ ਪਰ ਜਿਹੜੀ ਪਾਲਿਸੀ ਮਾਸਟਰ ਜੀ ਨੇ ਬਣਾਈ ਹੈ, ਉਸ ਨੂੰ ਲਾਗੂ ਕੀਤਾ ਜਾ ਰਿਹਾ ਹੈ । ਮੈਂ ਦੱਸਣਾ ਚਾਹੁੰਦਾ ਹਾਂ ਕਿ ਅਸੀਂ 125 ਹੈਕਟੇਅਰ ਵਿੱਚ ਦਰੱਖ਼ਤ ਲਗਾ ਦਿੱਤੇ ਹਨ ਤੇ ਬਾਕੀ ਲਗਾ ਦੇਵਾਂਗੇ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਇਹ ਸਵਾਲ ਦਾ ਜਵਾਬ ਦੇਣ ਦੀ ਜਗ੍ਹਾ ਮੇਰੇ ਤੇ ਹੀ ਇਲਜ਼ਾਮ ਲਗਾ ਰਹੇ ਹਨ । ਸਪੀਕਰ ਸਾਹਿਬ, ਮੈਂ ਇਹ ਕਿਹਾ ਸੀ ਕਿ ਜਦੋਂ ਇਹੋ ਜਿਹੀਆਂ ਇਵੈਂਚੂਐਲਟੀਜ਼ ਆਉਂਦੀਆਂ ਹਨ, ਜਿਹੜੇ ਦਰੱਖ਼ਤ ਵੱਖ-ਵੱਖ ਜਗ੍ਹਾ ਤੇ ਕੱਟੇ ਗਏ ਹਨ, ਜਲੰਧਰ ਤੋਂ ਪਠਾਨਕੋਟ, ਅੰਮ੍ਰਿਤਸਰ ਤੋਂ ਪਠਾਨਕੋਟ...................

**ਮਾਨਯੋਗ ਸਪੀਕਰ** : ਪਹਿਲਾਂ ਉਨ੍ਹਾਂ ਨੂੰ ਗੱਲ ਤਾਂ ਕਰ ਲੈਣ ਦਿਉ । ਉਨ੍ਹਾਂ ਨੇ ਕੀ ਗੱਲ ਕਰਨੀ ਸੀ, ਉਨ੍ਹਾਂ ਦਾ ਜਵਾਬ ਤਾਂ ਸੁਣ ਲਓ । ਬੈਠੋ, ਪਲੀਜ਼ ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਪਾਲਿਸੀ ਬਣੀ ਹੈ, ਜਿਹੜੀ ਜੰਗਲਾਤ ਦੀ ਜ਼ਮੀਨ ਕੱਟੀ ਗਈ ਹੈ, ਉਸ ਦੇ ਸਾਨੂੰ ਪੈਸੇ ਮਿਲਦੇ ਹਨ ਜਾਂ ਡਬਲ ਜ਼ਮੀਨ ਦੇਣੀ ਪੈਂਦੀ ਹੈ । ਇਸ ਲਈ ਜਿਹੜੀ ਜਲੰਧਰ ਤੋਂ ਪਠਾਨਕੋਟ ਰੋਡ ਹੈ, ਉਸ ਦੀ 103 ਏਕੜ ਜ਼ਮੀਨ ਹੈ, ਉਸ ਪੂਰੀ ਦੀ ਪੂਰੀ ਜ਼ਮੀਨ ਤੇ ਦਰੱਖ਼ਤ ਲਗਾ ਦਿੱਤੇ ਹਨ । ਜਿਹੜੀ ਅੰਮ੍ਰਿਤਸਰ ਤੋਂ ਪਠਾਨਕੋਟ ਤੱਕ ਜ਼ਮੀਨ ਹੈ, ਉਹ 238 ਏਕੜ ਜ਼ਮੀਨ ਹੈ ਤੇ ਅਸੀਂ 125 ਏਕੜ ਜ਼ਮੀਨ ਤੇ ਦਰੱਖ਼ਤ ਲਗਾ ਦਿੱਤੇ ਹਨ ਤੇ ਬਾਕੀ ਜ਼ਮੀਨ ਤੇ ਲਗਾ ਰਹੇ ਹਾਂ । ਅਸੀਂ ਕੋਈ ਨਵੀਂ ਪਾਲਿਸੀ ਨਹੀਂ ਬਣਾਈ । ਪੁਰਾਣੀ ਪਾਲਿਸੀ ਮੁਤਾਬਕ ਹੀ ਲਗਾ ਰਹੇ ਹਾਂ । ਉਹੋ ਹੀ ਲਾਗੂ ਹੋਣੀ ਹੈ ।

**ਮਾਸਟਰ ਮੋਹਨ ਲਾਲ** : ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਦਰੱਖ਼ਤ ਕਿੰਨੇ ਹੈਕਟੇਅਰ ਵਿੱਚ ਲੱਗੇ ਹਨ ਅਤੇ ਕਿਹੜੀ-ਕਿਹੜੀ ਜਗ੍ਹਾ ਤੇ ਲੱਗੇ ਹਨ ?

**ਮੰਤਰੀ** : ਸਪੀਕਰ ਸਾਹਿਬ, ਸਬੰਧਤ ਵੇਰਵਾ ਸਦਨ ਦੀ ਮੇਜ਼ ਤੇ ਰੱਖ ਦਿੱਤਾ ਹੈ । ਇਹ ਪੜ੍ਹ ਲੈਣ । ਇਕੱਲੇ-ਇਕੱਲੇ ਪਿੰਡ ਦਾ ਦੱਸਿਆ ਹੈ । ਇਕੱਲੀ-ਇਕੱਲੀ ਧੁੱਸੀ ਦਾ ਦੱਸਿਆ ਹੋਇਆ ਹੈ, ਜਿੱਥੇ ਬੂਟਾ ਲੱਗਿਆ ਹੈ । ਇਨ੍ਹਾਂ ਨੇ ਲੱਗਦਾ ਹੈ ਕਿ ਪੜ੍ਹਿਆ ਨਹੀਂ । (ਵਿਘਨ) (ਸ਼ੋਰ)

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਵਜ਼ੀਰ ਸਾਹਿਬ ਨੇ ਕਿਹਾ ਹੈ ਕਿ ਜਿਹੜੀਆਂ ਪਾਲਿਸੀਆਂ ਮਾਸਟਰ ਜੀ ਨੇ ਬਣਾਈਆਂ ਹਨ, ਨੀਤੀਆਂ ਬਣਾਈਆਂ ਹਨ, ਉਨ੍ਹਾਂ ਤੇ ਅਮਲ ਕਰ ਰਹੇ ਹਾਂ । ਜੇ ਇਨ੍ਹਾਂ ਦੀਆਂ ਨੀਤੀਆਂ ਤੇ ਹੀ ਅਮਲ ਕਰਨਾ ਹੈ ਤਾਂ ਫਿਰ ਇਨ੍ਹਾਂ ਨੂੰ ਇੱਥੋਂ ਤੋਂ ਉਥੇ ਭੇਜਣ ਦੀ ਕੀ ਜ਼ਰੂਰਤ ਸੀ ਤੇ ਉਨ੍ਹਾਂ ਨੂੰ ਇੱਥੇ ਭੇਜਣ ਦੀ ਕੀ ਜ਼ਰੂਰਤ ਸੀ ? ਇੱਕ ਵਿਅਕਤੀ ਇਸੇ ਕਰਕੇ ਇੱਥੋਂ ਕੱਢ ਕੇ ਉਥੇ ਬਿਠਾਇਆ ਗਿਆ ਕਿ ਉਹ ਯੋਗ

Original with;
Punjab Vidhan Sabha
Digitized by;
Punjab Digital Library

ਨਹੀਂ, ਇਸ ਦੀਆਂ ਨੀਤੀਆਂ ਠੀਕ ਨਹੀਂ । ਵੈਸੇ ਮੈਂ ਜ਼ਾਤੀ ਤੌਰ ਤੇ ਇਸ ਨਾਲ ਸਹਿਮਤ ਨਹੀਂ।

**ਮਾਨਯੋਗ ਸਪੀਕਰ** : ਚਲੋ, ਠੀਕ ਹੈ ਜੀ । ਅਗਲਾ ਸਵਾਲ ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਲੱਗਦਾ ਹੈ ਕਿ ਅੱਜ ਤੁਹਾਡਾ ਮੂਡ ਠੀਕ ਨਹੀਂ ।

---------

## ਰਾਸ਼ਨ ਕਾਰਡਾਂ ਸਬੰਧੀ ਪ੍ਰਣਾਲੀ

*2258. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਖੁਰਾਕ ਅਤੇ ਸਿਵਲ ਸਪਲਾਈਜ਼ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਰਾਜ ਵਿੱਚ ਨਵੇਂ ਰਾਸ਼ਨ ਕਾਰਡ ਜਾਰੀ ਕਰਨ ਲਈ ਪ੍ਰਣਾਲੀ ਕੀ ਹੈ ;

(ਅ) ਰਾਜ ਵਿੱਚ ਪਿਛਲੀ ਵਾਰ ਨਵੇਂ ਰਾਸ਼ਨ ਕਾਰਡ ਕਦੋਂ ਬਣਾਏ ਗਏ ਸਨ ਅਤੇ ਕੀ ਹੁਣ ਨਵੇਂ ਰਾਸ਼ਨ ਕਾਰਡ ਜਾਰੀ ਕਰਨ ਲਈ ਸਰਕਾਰ ਦੀ ਕੋਈ ਤਜਵੀਜ਼ ਹੈ ?

**ਸਰਦਾਰ ਆਦੇਸ਼ ਪ੍ਰਤਾਪ ਸਿੰਘ ਕੈਰੋਂ** : (ੳ) ਪੰਜਾਬ ਰਾਜ ਵਿੱਚ ਰਾਸ਼ਨ ਕਾਰਡ ਜਾਰੀ ਕਰਨ ਲਈ ਮੀਮੋ ਨੰਬਰ 1/26/96-1ਖਵ2/3041 ਮਿਤੀ 9.6.1998 ਰਾਹੀਂ ਹਦਾਇਤਾਂ ਜਾਰੀ ਕੀਤੀਆਂ ਹੋਈਆਂ ਹਨ ।

(ਅ) ਪੰਜਾਬ ਰਾਜ ਵਿੱਚ, ਨਵੇਂ ਰਾਸ਼ਨ ਕਾਰਡ ਆਮ ਹੀ ਬਣਦੇ ਰਹਿੰਦੇ ਹਨ । ਜਦੋਂ ਕੋਈ ਵਿਅਕਤੀ ਸਬੰਧਤ ਜ਼ਿਲ੍ਹਾ ਦਫ਼ਤਰ ਵਿੱਚ ਰਾਸ਼ਨ ਕਾਰਡ ਲਈ ਬਿਨੈ-ਪੱਤਰ (ਲੋੜੀਂਦੇ ਦਸਤਾਵੇਜ਼ਾਂ ਸਮੇਤ) ਦਿੰਦਾ ਹੈ ਤਾਂ ਉਸਨੂੰ ਹਦਾਇਤਾਂ ਅਨੁਸਾਰ ਰਾਸ਼ਨ ਕਾਰਡ ਜਾਰੀ ਕਰ ਦਿੱਤਾ ਜਾਂਦਾ ਹੈ ।

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਜਵਾਬ ਦਿੱਤਾ ਹੈ ਕਿ ਰਾਸ਼ਨ ਕਾਰਡ 9 ਜੂਨ, 1998 ਦੀਆਂ ਹਦਾਇਤਾਂ ਨਾਲ ਜਾਰੀ ਕਰਦੇ ਹਾਂ । ਇੱਕ ਤਾਂ ਮੈਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਉਹ ਹਦਾਇਤਾਂ ਕੀ ਹਨ ? ਇੱਕ ਇਹ ਵੀ ਦੱਸਿਆ ਜਾਵੇ ਕਿ ਨਕੋਦਰ ਬਲਾਕ ਵਿੱਚ 1 ਅਪ੍ਰੈਲ, 2007 ਤੋਂ ਹੁਣ ਤੱਕ ਕਿੰਨੇ ਰਾਸ਼ਨ ਕਾਰਡ ਬਣੇ ਹਨ ?

**ਮੰਤਰੀ** : ਸਪੀਕਰ ਸਾਹਿਬ, ਸਾਡੇ ਬਹੁਤ ਸਤਿਕਾਰਯੋਗ ਸਮਰਾ ਸਾਹਿਬ ਜੇ ਮਾਈਂਡ ਨਾ ਕਰਨ ਤਾਂ ਮੈਂ ਨਕੋਦਰ ਦਾ ਵੇਰਵਾ ਤਾਂ ਨਹੀਂ ਦੇ ਸਕਦਾ, ਪੂਰੇ ਪੰਜਾਬ ਦਾ ਦੱਸ ਦਿੰਦਾ ਹਾਂ ਅਤੇ ਮੈਂ ਸਾਲ 2002 ਤੋਂ 2007 ਦਾ ਵੀ ਦੱਸ ਦਿੰਦਾ ਹਾਂ । ਸਾਡੇ ਵੇਲੇ ਲਗਭਗ 35-40 ਲੱਖ ਨਵਾਂ ਰਾਸ਼ਨ ਕਾਰਡ ਇਸ਼ੂ ਹੋਇਆ ਹੈ । ਪਿਛਲੀ ਸਰਕਾਰ ਵੇਲੇ 40 ਲੱਖ ਰਾਸ਼ਨ ਕਾਰਡਾਂ ਦਾ ਆਰਡਰ ਦਿੱਤਾ ਸੀ ਪਰ ਡਲਿਵਰੀ ਨਹੀਂ ਹੋਈ । ਡਲਿਵਰੀ ਅਸੀਂ ਆ ਕੇ ਦਿੱਤੀ ਹੈ । ਟੈਕਨੀਕਲੀ ਇਨ੍ਹਾਂ ਨੇ ਪੰਜ ਸਾਲ ਕੋਈ ਰਾਸ਼ਨ ਕਾਰਡ ਇਸ਼ੂ ਹੀ ਨਹੀਂ ਕੀਤਾ ।

Original with;
Punjab Vidhan Sabha
Digitized by;
Punjab Digital Library

**ਸਰਦਾਰ ਅਮਰਜੀਤ ਸਿੰਘ ਸਮਰਾ** : ਸਪੀਕਰ ਸਾਹਿਬ, ਇਹ ਬੜੇ ਹੀ ਸਤਿਕਾਰਯੋਗ ਮੰਤਰੀ ਹਨ । ਇਨ੍ਹਾਂ ਕੋਲ ਤਾਂ ਰਾਸ਼ਨ ਕਾਰਡ ਬਣਾਉਣ ਦੀ ਸਟੇਸ਼ਨਰੀ ਹੀ ਨਹੀਂ ਹੈ । ਪਹਿਲਾਂ ਇਹ ਹਦਾਇਤ ਸੀ ਕਿ ਜਿਹੜਾ ਕੋਈ ਐਡਵਰਟਾਈਜ਼ਮੈਂਟ ਕਰਨ ਲਈ ਪੈਸੇ ਖ਼ਰਚਦਾ ਸੀ, ਉਸ ਨੂੰ ਰਾਸ਼ਨ ਕਾਰਡ ਇਸ਼ੂ ਕਰ ਦਿੰਦੇ ਸੀ ਅਤੇ ਉਹ ਬਣ ਜਾਂਦੇ ਸੀ । ਹੁਣ ਤਾਂ ਮੈਂ ਸਿਰਫ ਇੱਕ ਛੋਟਾ ਜਿਹਾ ਹੀ ਸਵਾਲ ਪੁੱਛਿਆ ਸੀ ਕਿ ਨਕੋਦਰ ਛੋਟਾ ਜਿਹਾ ਬਲਾਕ ਹੈ, ਸਾਰੇ ਪੰਜਾਬ ਦਾ ਮੈਨੂੰ ਕੋਈ ਫਾਇਦਾ ਨਹੀਂ, ਸਾਡੀ ਬਹੁਤ ਵੱਡੀ ਪਰਾਬਲਮ ਹੈ ਕਿਉਂਕਿ ਹੁਣ ਵੋਟਾਂ ਵੀ ਰਾਸ਼ਨ ਕਾਰਡ ਬਣਨ ਨਾਲ ਬਣਦੀਆਂ ਹਨ । ਇਸ ਕਰਕੇ, ਮੰਤਰੀ ਸਾਹਿਬ, ਇਸ ਦਾ ਕੋਈ ਉਪਰਾਲਾ ਜ਼ਰੂਰ ਕੀਤਾ ਜਾਵੇ ।

**ਮੰਤਰੀ** : ਸਪੀਕਰ ਸਾਹਿਬ, ਮੈਂ ਤਾਂ ਇਹ ਦੱਸਿਆ ਹੈ ਕਿ ਅਸੀਂ 25 ਲੱਖ ਨਵਾਂ ਰਾਸ਼ਨ ਕਾਰਡ ਪ੍ਰਿੰਟ ਕਰਵਾ ਕੇ ਦਿੱਤਾ ਹੈ ਅਤੇ ਦਿੱਤੇ ਜਾ ਰਹੇ ਹਾਂ । ਅਸੀਂ 40 ਲੱਖ ਰਾਸ਼ਨ ਕਾਰਡ ਡਿਸਟ੍ਰੀਬਿਊਸ਼ਨ ਵਾਸਤੇ ਰੱਖੇ ਹਨ ਅਤੇ 25 ਲੱਖ ਦੀ ਇਨਵੈਂਟਰੀ ਰੱਖੀ ਹੋਈ ਹੈ । ਮੈਂ ਫਿਰ ਰਿਪੀਟ ਕਰਦਾ ਹਾਂ ਕਿ ਜਿਹੜਾ ਪਿਛਲੀ ਸਰਕਾਰ ਵੇਲੇ ਆਰਡਰ ਰੱਖਿਆ ਸੀ, ਸਾਬਕਾ ਸਤਿਕਾਰਯੋਗ ਮੰਤਰੀ ਇਸ ਵੇਲੇ ਇੱਥੇ ਹੈ ਨਹੀਂ, ਉਹ ਡਲਿਵਰੀ ਵੀ ਨਹੀਂ ਹੋਈ, ਇਹ ਇਸ਼ੂ ਤਾਂ ਕੀ ਕਰਨੇ ਸੀ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਨ੍ਹਾਂ ਨੇ ਬਿਲਕੁਲ ਠੀਕ ਕਿਹਾ ਹੈ ਕਿ 40 ਲੱਖ ਰਾਸ਼ਨ ਕਾਰਡ ਤਿਆਰ ਕਰੀ ਬੈਠੇ ਹਨ, ਕੁਝ ਵੰਡੇ ਹਨ ਅਤੇ ਕੁਝ ਵੰਡ ਰਹੇ ਹਨ । ਮੇਰੀ ਹੰਬਲ ਸਬਮਿਸ਼ਨ ਹੈ ਕਿ ਜੋ ਅਮਲ ਨਹੀਂ ਹੋਇਆ, ਜਿਸ ਗੱਲ ਤੇ ਕੱਲ੍ਹ ਵੀ ਬਹੁਤ ਬਹਿਸ ਹੋਈ, ਉਸ ਗੱਲ ਤੇ ਜ਼ੀਰੋ ਆਵਰ ਤੋਂ ਬਾਅਦ ਅੱਧਾ ਘੰਟਾ ਲਗਾ ਕੇ ਡਿਸਕਸ਼ਨ ਕਰਵਾ ਲੈਣ So that we are able to take that issue to a logical conclusion. ਉਸ ਦਿਨ ਅਸੀਂ ਇਲਜ਼ਾਮ ਲਗਾ ਦਿੱਤੇ ਅਤੇ ਇਨ੍ਹਾਂ ਨੇ ਅੱਜ ਟਾਈਮਜ਼ ਆਫ ਇੰਡੀਆ ਵਿੱਚ ਕਾਊਂਟਰ ਆਰਗੂਮੈਂਟ ਦਿੱਤੇ ਹਨ, my request to you that specific time should be given to debate on this issue. Either we are wrong on this issue or you are wrong. ਕਿਸੇ ਨੂੰ ਆਟਾ ਨਹੀਂ ਮਿਲ ਰਿਹਾ ਹੈ, ਚਾਹੇ ਇਹ ਕਹਿੰਦੇ ਹਨ ਕਿ ਅਸੀਂ ਇੰਨੇ ਰਾਸ਼ਨ ਕਾਰਡ ਦੇ ਦਿੱਤੇ ਹਨ, then what is the purpose of these ration cards ?

**ਮਾਨਯੋਗ ਸਪੀਕਰ** : ਉਸ ਦਿਨ ਕਾਫੀ ਡਿਬੇਟ ਹੋ ਗਈ ਸੀ । ਹਾਂ ਜੀ , ਆਦੇਸ਼ ਪ੍ਰਤਾਪ ਜੀ।

**ਮੰਤਰੀ** : ਸਪੀਕਰ ਸਾਹਿਬ, ਜੇਕਰ ਇਨ੍ਹਾਂ ਨੇ ਨਕੋਦਰ ਦੀ ਡਿਟੇਲ ਲੈਣੀ ਹੈ ਤਾਂ ਮੈਂ ਇਨ੍ਹਾਂ ਨੂੰ ਨਕੋਦਰ ਦੀ ਵੀ ਡਿਟੇਲ ਦੇ ਦੇਵਾਂਗਾ । ਮੈਨੂੰ ਦੋ ਦਿਨ ਦਾ ਨੋਟਿਸ ਦੇ ਦੇਣ, ਮੈਂ ਦੇ ਦੇਵਾਂਗਾ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਰੌਲਾ ਨਕੋਦਰ ਦਾ ਨਹੀਂ, ਸਮਾਨ ਨਹੀਂ ਮਿਲ ਰਿਹਾ।

**ਮੰਤਰੀ** : ਮੈਂ ਤੁਹਾਨੂੰ ਡਿਟੇਲ ਦੱਸਣ ਨੂੰ ਤਿਆਰ ਹਾਂ, ਤੁਸੀਂ ਡਿਟੇਲ ਲੈ ਲਵੋ । ਜਿਹੜੇ ਏਰੀਏ ਦੀ ਕਹੋਗੇ, ਡਿਟੇਲ ਲੈ ਲਵੋ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਨੂੰ ਰਿਕੁਐਸਟ ਕਰਨੀ ਚਾਹੁੰਦਾ ਹਾਂ ਕਿ ਕੁਝ ਦਿਨਾਂ ਤੋਂ ਬਾਜ਼ਾਰ ਵਿੱਚ ਹਵਾ ਬੜੀ

Original with;
Punjab Vidhan Sabha
Digitized by;
Punjab Digital Library

ਗਰਮ ਹੈ ਕਿ ਜਿਹੜੀਆਂ ਵੋਟਾਂ ਬਣਦੀਆਂ ਹਨ, ਉਨ੍ਹਾਂ ਵੋਟਾਂ ਵਾਸਤੇ ਰਾਸ਼ਨ ਕਾਰਡ ਅਤੇ ਫ਼ਾਰਮ ਵੀ ਆਪਣੇ ਚਹੇਤਿਆਂ ਨੂੰ ਬਹੁਤ ਵੱਡੇ ਥੋਕ ਵਿੱਚ ਵੰਡੇ ਜਾ ਰਹੇ ਹਨ । ਤਕਰੀਬਨ ਹਰ ਬੂਥ ਤੇ 200-200 ਫ਼ਾਰਮ ਵੰਡੇ ਜਾ ਰਹੇ ਹਨ ਕਿ ਤੁਸੀਂ 200-200 ਵੋਟ ਤਾਂ ਜ਼ਰੂਰ ਬਣਾਉਣੀਆਂ ਹਨ। ਉਹ ਰਾਸ਼ਨ ਕਾਰਡ ਕਿਥੋਂ ਆਉਂਦੇ ਹਨ ਅਤੇ ਬਾਕੀ ਲੋਕਾਂ ਨੂੰ ਕਿਉਂ ਨਹੀਂ ਮਿਲਦੇ ?

**ਮੰਤਰੀ** : ਸਪੀਕਰ ਸਾਹਿਬ, ਸ਼ੁਕਰ ਹੈ ਕਿ ਇਹ ਤਾਂ ਮੰਨਦੇ ਹਨ ਕਿ ਰਾਸ਼ਨ ਕਾਰਡ ਜਾ ਰਹੇ ਹਨ । ਰਾਈਟ ਟੂ ਸਰਵਿਸ ਐਕਟ ਵਿੱਚ ਸੱਤ ਦਿਨ ਮੈਨਡੇਟਰੀ ਕਰ ਦਿੱਤਾ ਹੈ ਕਿ ਸੱਤ ਦਿਨ ਦੇ ਵਿੱਚ-ਵਿੱਚ ਰਾਸ਼ਨ ਕਾਰਡ ਮਿਲੇਗਾ । ਇਹ ਐਕਟ ਦੇ ਵਿੱਚ ਮੈਨਡੇਟਰੀ ਕਰ ਦਿੱਤਾ ਹੈ, ਜਿਹੜੀ ਉਸ ਦਿਨ ਡਿਪਟੀ ਸੀ.ਐਮ. ਸਾਹਿਬ ਨੇ ਸਾਰੀ ਗੱਲ ਦੱਸੀ ਹੈ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਵਿਤਕਰਾ ਇਹ ਹੈ ਕਿ ਸਾਡਿਆਂ ਨੂੰ ਨਹੀਂ ਮਿਲਦੇ ।

**ਮਾਨਯੋਗ ਸਪੀਕਰ** : ਅਗਲਾ ਸਵਾਲ । ਬਲਬੀਰ ਸਿੰਘ ਸਿੱਧੂ ਜੀ, ਤੁਸੀਂ ਆਪਣਾ ਸਵਾਲ ਬੋਲੋ ।

---------

## ਸਿਵਲ ਡਿਸਪੈਂਸਰੀ, ਤੰਗੋਰੀ ਦੀ ਇਮਾਰਤ ਦੀ ਮੁਰੰਮਤ

*2263. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਸਿਹਤ ਅਤੇ ਪਰਿਵਾਰ ਭਲਾਈ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਸਿਵਲ ਡਿਸਪੈਂਸਰੀ, ਤੰਗੋਰੀ ਦੀ ਬਿਲਡਿੰਗ ਕਿੰਨੀ ਪੁਰਾਣੀ ਹੈ ਅਤੇ ਇਸ ਨੂੰ ਕਦੋਂ ਰਿਪੇਅਰ ਕਰਵਾਇਆ ਗਿਆ ਸੀ ;

(ਅ) ਕੀ ਸਰਕਾਰ ਦੀ ਇਸ ਨੂੰ ਦੁਬਾਰਾ ਬਣਾਉਣ ਜਾਂ ਰਿਪੇਅਰ ਕਰਵਾਉਣ ਦੀ ਕੋਈ ਤਜਵੀਜ਼ ਹੈ ; ਜੇਕਰ ਹੈ ਤਾਂ ਕਦੋਂ ਤੱਕ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ (ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ)** : ਸ਼੍ਰੀਮਾਨ ਜੀ (ੳ) ਸਿਵਲ ਡਿਸਪੈਂਸਰੀ, ਤੰਗੋਰੀ ਦੀ ਬਿਲਡਿੰਗ 35 ਸਾਲ ਪੁਰਾਣੀ ਹੈ । ਸਿਵਲ ਡਿਸਪੈਂਸਰੀ ਦੀ ਰਿਪੇਅਰ ਜਨਵਰੀ, 2009 ਵਿੱਚ ਕਰਵਾਈ ਗਈ ਸੀ ।

(ਅ) ਹਾਂ ਜੀ, ਸਿਵਲ ਡਿਸਪੈਂਸਰੀ ਦੀ ਰਿਪੇਅਰ ਜਲਦੀ ਕਰਵਾ ਦਿੱਤੀ ਜਾਵੇਗੀ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਪੁੱਛਣਾ ਚਾਹੁੰਦਾ ਹਾਂ ਕਿ ਸਾਲ 2009 ਦੇ ਵਿੱਚ 25,000/- ਰੁਪਿਆ ਰਿਪੇਅਰ ਵਾਸਤੇ ਜਾਰੀ ਕੀਤਾ ਸੀ । ਜੇਕਰ ਉਸ ਬਿਲਡਿੰਗ ਦਾ ਏਰੀਆ ਵੇਖ ਲਈਏ ਤਾਂ ਘੱਟੋ-ਘੱਟ ਜ਼ਿਆਦਾ ਨਹੀਂ ਤਾਂ 50 × 50 ਫੁੱਟ ਦੀ ਬਿਲਡਿੰਗ ਹੈ । ਕੀ ਉਸ ਬਿਲਡਿੰਗ ਦੀ 25,000/- ਰੁਪਏ ਨਾਲ ਰਿਪੇਅਰ ਹੋ ਸਕਦੀ ਹੈ ? ਸਪੀਕਰ ਸਾਹਿਬ, ਦੂਜੀ ਗੱਲ ਇਹ ਹੈ ਕਿ ਮੈਂ ਕੁਦਰਤੀ ਇੱਕ ਦਿਨ ਉਥੇ ਗਿਆ ਸੀ ਤੇ ਜਿਥੇ ਡਾਕਟਰ ਹੀ ਸੇਫ ਨਹੀਂ ਹਨ ਤਾਂ ਉਥੇ ਆਮ ਲੋਕਾਂ ਦੀ ਕਿਸ ਤਰ੍ਹਾਂ ਸੇਫਟੀ ਹੋਵੇਗੀ ਜੀ ? ਉਸ ਦਿਨ ਸਾਡੇ ਸਾਹਮਣੇ ਬੈਠੇ-ਬੈਠੇ ਲੈਂਟਰ ਦੇ

Original with;
Punjab Vidhan Sabha
Digitized by;
Panjab Digital Library

[ਸਰਦਾਰ ਬਲਬੀਰ ਸਿੰਘ ਸਿੱਧੂ]

ਵਿਚੋਂ ਕਾਫੀ ਵੱਡਾ ਪੱਥਰ ਗਿਰ ਗਿਆ, ਉਹ ਤਾਂ ਕੁਦਰਤੀ ਕਿਸੇ ਦੇ ਸਿਰ ਵਿੱਚ ਨਹੀਂ ਵੱਜਿਆ ਨਹੀਂ ਤਾਂ ਜੇਕਰ ਉਹ ਪੱਥਰ ਕਿਸੇ ਡਾਕਟਰ ਜਾਂ ਕਿਸੇ ਹੋਰ ਉਤੇ ਡਿੱਗ ਜਾਂਦਾ ਤਾਂ ਵਿਅਕਤੀ ਨੇ ਬੇਹੋਸ਼ ਹੋ ਜਾਣਾ ਸੀ । ਉਸ ਬਿਲਡਿੰਗ ਦੀ ਹਾਲਤ ਬਹੁਤ ਖਸਤਾ ਹੈ, ਉਹ ਦੁਬਾਰਾ ਬਣਾਉਣ ਵਾਲੀ ਬਿਲਡਿੰਗ ਹੈ, ਇਸ ਲਈ ਅਸੀਂ ਚਾਹੁੰਦੇ ਹਾਂ ਕਿ ਕਿਰਪਾ ਕਰਕੇ ਉਸ ਨੂੰ ਦੁਬਾਰਾ ਬਣਵਾਇਆ ਜਾਵੇ । ਸਰਕਾਰ ਵੱਲੋਂ ਇਸ ਤਰ੍ਹਾਂ ਦੀ ਕੋਈ ਪ੍ਰੋਵੀਜ਼ਨ ਹੋਣੀ ਚਾਹੀਦੀ ਹੈ ਨਾ ਕਿ ਦੁਬਾਰਾ-ਦੁਬਾਰਾ ਰਿਪੇਅਰ ਦੇ ਐਸਟੀਮੇਟ ਬਣਾਏ ਜਾਣ । ਉਹ 35 ਸਾਲ ਪੁਰਾਣੀ ਬਿਲਡਿੰਗ ਹੈ ।

**ਮਾਨਯੋਗ ਸਪੀਕਰ** : 2009 ਕਿੰਨਾ ਕੁ ਪੁਰਾਣਾ ਹੋ ਗਿਆ ਹੈ । ਉਸ ਦੀ ਰਿਪੇਅਰ ਸਾਲ 2009 ਦੇ ਵਿੱਚ ਹੋ ਗਈ ਇਹ ਅਜੇ ਕੱਲ੍ਹ ਦੀ ਤਾਂ ਗੱਲ ਹੈ ।

**ਸਰਦਾਰ ਬਲਬੀਰ ਸਿੰਘ ਸਿੱਧੂ** : ਸਪੀਕਰ ਸਾਹਿਬ, 25,000/- ਰੁਪਏ ਦੇ ਨਾਲ ਵ੍ਹਾਈਟ ਵਾਸ਼ ਤਾਂ ਹੋ ਸਕਦੀ ਹੈ, ਉਸ ਬਿਲਡਿੰਗ ਦੀ ਰਿਪੇਅਰ ਨਹੀਂ ਹੋ ਸਕਦੀ। 25,000/- ਰੁਪਿਆ ਬਹੁਤ ਘੱਟ ਅਮਾਊਂਟ ਹੈ, ਉਸ ਦੇ ਉਤੇ ਘੱਟੋ-ਘੱਟ 10 ਲੱਖ ਰੁਪਿਆ ਲੱਗਣ ਵਾਲਾ ਹੈ ।

**ਮਾਨਯੋਗ ਸਪੀਕਰ** : ਤੁਸੀਂ ਇਨ੍ਹਾਂ ਨੂੰ ਹੋਰ ਪੈਸੇ ਦਿਉ ਜੀ ।

**ਮੰਤਰੀ** : ਇਸ ਬਾਰੇ ਵਿਚਾਰ ਕਰ ਲਵਾਂਗੇ ਤੇ ਪੈਸੇ ਦਿਆਂਗੇ । ਸਾਡੇ ਕੋਲ ਪੈਸੇ ਆਏ ਹੋਏ ਹਨ ਤੇ ਉਨ੍ਹਾਂ ਨੂੰ ਹੋਰ ਪੈਸੇ ਦੇ ਕੇ ਉਸ ਦੀ ਰਿਪੇਅਰ ਛੇਤੀ ਤੋਂ ਛੇਤੀ ਕਰਵਾ ਦਿਆਂਗੇ ।

-----------

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2243

(ਸਬੰਧਤ ਮਾਨਯੋਗ ਮੈਂਬਰ ਦੇ ਸਦਨ ਵਿੱਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

-----------

## ਦਾਲਾਂ ਦੀ ਖੇਤੀ ਹੇਠ ਰਕਬਾ ਵਧਾਉਣਾ

*2223. **ਸ਼੍ਰੀ ਸੁਨੀਲ ਕੁਮਾਰ ਜਾਖੜ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ -

(ੳ) ਸਾਲ 2007-08, 2008-09, 2009-10, 2010-11 ਅਤੇ 2011-12 ਦੌਰਾਨ ਨੈਸ਼ਨਲ ਫੂਡ ਸਿਕਿਉਰਿਟੀ ਮਿਸ਼ਨ ਅਤੇ ISOPOM ਅਧੀਨ ਕੇਂਦਰ ਸਰਕਾਰ ਦੁਆਰਾ ਕੁੱਲ ਕਿੰਨੀ ਰਕਮ ਦੇ ਫੰਡ ਜਾਰੀ ਕੀਤੇ ਗਏ ਅਤੇ ਰਾਜ ਸਰਕਾਰ ਦੁਆਰਾ ਇਸ ਦੀ ਵਰਤੋਂ ਦੇ ਵੇਰਵੇ ਕੀ ਹਨ,

Original with;
Punjab Vidhan Sabha
Digitized by;
Panjab Digital Library

(ਅ) ਉਪਰੋਕਤ ਵਰਣਿਤ ਸਾਲਾਂ ਦੇ ਦੌਰਾਨ ਰਾਜ ਵਿੱਚ ਦਾਲਾਂ ਅਤੇ ਤੇਲ ਬੀਜਾਂ ਹੇਠ ਕਿੰਨਾ-ਕਿੰਨਾ ਰਕਬਾ ਲਿਆਂਦਾ ਗਿਆ ਅਤੇ ਇਨ੍ਹਾਂ ਸਾਲਾਂ ਦੌਰਾਨ ਕਿੰਨੀ-ਕਿੰਨੀ ਪੈਦਾਵਾਰ ਹੋਈ,

(ੲ) ਰਾਜ ਵਿੱਚ ਦਾਲਾਂ ਦੀ ਖੇਤੀ ਹੇਠ ਰਕਬਾ ਜਾਂ ਝਾੜ ਵਧਾਉਣ ਲਈ ਕੀ-ਕੀ ਉਪਰਾਲੇ ਕੀਤੇ ਗਏ ?

**ਸਰਦਾਰ ਸੁੱਚਾ ਸਿੰਘ ਲੰਗਾਹ** : (ੳ) ਸਾਲ 2007-08 ਤੋਂ 2011-12 ਦੌਰਾਨ ਕੌਮੀ ਅੰਨ ਸੁਰੱਖਿਆ ਮਿਸ਼ਨ (ਦਾਲਾਂ) ਅਤੇ ਆਈਸੋਪਾਮ ਸਕੀਮਾਂ ਅਧੀਨ ਕੇਂਦਰ ਸਰਕਾਰ ਦੁਆਰਾ ਕੁੱਲ 2777.16 ਲੱਖ ਰੁਪਏ ਦੇ ਫੰਡ ਜਾਰੀ ਕੀਤੇ ਗਏ ਸਨ ਜਿਸ ਵਿਚੋਂ ਅਗਸਤ, 2011 ਤੱਕ 2168.02 ਲੱਖ ਰੁ: ਖ਼ਰਚੇ ਜਾ ਚੁੱਕੇ ਹਨ ।

(ਅ) ਇਨ੍ਹਾਂ ਸਾਲਾਂ ਦੌਰਾਨ ਰਾਜ ਵਿੱਚ ਦਾਲਾਂ ਅਤੇ ਤੇਲ ਬੀਜ ਫ਼ਸਲਾਂ ਅਧੀਨ ਸਾਲਵਾਰ ਰਕਬੇ ਅਤੇ ਪੈਦਾਵਾਰ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| ਸਾਲ | ਦਾਲਾਂ | | ਤੇਲ ਬੀਜ ਫ਼ਸਲਾਂ | |
|---|---|---|---|---|
| | ਰਕਬਾ (000) ਹੈਕ. | ਪੈਦਾਵਾਰ (000) ਮਿ. ਟਨ | ਰਕਬਾ (000) ਹੈਕ. | ਪੈਦਾਵਾਰ (000) ਮਿ:ਟਨ |
| 2007-08 | 35 | 29 | 59 | 77 |
| 2008-09 | 48 | 42 | 62 | 79 |
| 2009-10 | 60 | 52 | 62 | 84 |
| 2010-11 | 98 | 80 | 54 | 72 |

(ੲ) ਰਾਜ ਵਿੱਚ ਦਾਲਾਂ ਹੇਠ ਰਕਬਾ ਅਤੇ ਝਾੜ ਵਧਾਉਣ ਲਈ ਕਿਸਾਨਾਂ ਨੂੰ ਸੁਧਰੇ ਬੀਜ ਅਤੇ ਇਨਪੁਟਸ ਦੀ ਸਪਲਾਈ ਸਬਸਿਡੀ ਤੇ ਮੁਹੱਈਆ ਕੀਤੀ ਜਾ ਰਹੀ ਹੈ । ਕਿਸਾਨਾਂ ਨੂੰ ਲੋੜੀਂਦੀ ਟ੍ਰੇਨਿੰਗ ਵੀ ਦਿੱਤੀ ਜਾ ਰਹੀ ਹੈ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਨ੍ਹਾਂ ਨੇ ਪ੍ਰਸ਼ਨ ਦੇ ਦੂਜੇ ਭਾਗ ਦਾ ਜਵਾਬ ਦਿੱਤਾ ਹੈ, ਬੋਲਿਆ ਤਾਂ ਨਹੀਂ ਹੈ ਪਰ he has given answer. ਜਿਹੜੇ ਪੈਸੇ ਕੇਂਦਰ ਸਰਕਾਰ ਦੇ ਕੋਲੋਂ ਐਗਰੀਕਲਚਰ ਪ੍ਰੋਡਕਟੀਵਿਟੀ ਵਧਾਉਣ ਵਾਸਤੇ ਆਉਂਦੇ ਹਨ, ਸੀਡਜ਼ ਵਾਸਤੇ, ਪਲਸਿਜ਼ ਵਾਸਤੇ ਜਾਂ ਆਇਲ ਸੀਡਜ਼ ਦੇ ਵਾਸਤੇ ਆਈਸੋਪਾਮ ਦੇ ਤਹਿਤ ਆ ਰਹੇ ਹਨ, ਸਪੀਕਰ ਸਾਹਿਬ, ਇਹ ਰਿਟਨ ਰਿਪਲਾਈ ਵਿੱਚ ਕਹਿ ਰਹੇ ਹਨ ਕਿ area of production has increased under pules. ਸਾਲ 2007-08 ਦੇ ਵਿੱਚ 35,000 ਹੈਕਟੇਅਰ, 2008-09 ਦੇ ਵਿੱਚ 48,000 ਹੈਕਟੇਅਰ, 2009-10 ਦੇ ਅੰਦਰ 60,000 ਹੈਕਟੇਅਰ ਅਤੇ 2010-11 ਦੇ ਵਿੱਚ 98,000 ਹੈਕਟੇਅਰ ਰਕਬਾ ਹੈ, ਇਹ ਤਾਂ ਅੱਜ ਦਾ ਜਵਾਬ ਹੈ ਜੀ । ਇਨ੍ਹਾਂ ਦੇ ਡਾਇਰੈਕਟਰ ਸਾਹਿਬ ਅਤੇ ਜੁਆਇੰਟ ਡਾਇਰੈਕਟਰ ਸਾਹਿਬ, ਨੇ ਮੈਨੂੰ ਪੁਰਾਣੇ ਸਾਲਾਂ ਦੀ ਡਿਟੇਲ ਪਿਛਲੇ ਸਾਲ ਦਿੱਤੀ ਸੀ, ਸਰ, ਇਸ ਨੂੰ ਕੰਪੇਅਰ ਕਰਨਾ ਜੀ। This is also a departmental answer and this is also coming from the

Original with;
Punjab Vidhan Sabha
Digitized by;
Punjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

Minister himself. ਉਸ ਵੇਰਵੇ ਮੁਤਾਬਿਕ ਜਿਹੜੇ ਮੈਨੂੰ ਅੰਕੜੇ ਭੇਜੇ ਗਏ ਸਨ, ਉਹ ਹਨ ਸਾਲ 2007-08 ਵਿੱਚ 30,000 ਹੈਕਟੇਅਰ, ਇਹ ਕਹਿ ਰਹੇ ਹਨ 35,000 ਹੈਕਟੇਅਰ ਰਕਬਾ । ਇਸੇ ਤਰ੍ਹਾਂ ਸਾਲ 2008-09 ਦੇ ਵਿੱਚ ਜਿਹੜੇ ਅੰਕੜੇ ਮੈਨੂੰ ਭੇਜੇ ਹਨ, ਉਹ ਹਨ 24,000 ਹੈਕਟੇਅਰ ਅਤੇ ਇਹ ਕਹਿ ਰਹੇ ਹਨ 48,000 ਹੈਕਟੇਅਰ, He has doubled that figure. ਫਿਰ 2009-10 ਦਾ ਲਵੋ, ਇਹ ਕਹਿੰਦੇ ਹਨ 60,000 ਹੈਕਟੇਅਰ ਪਰ ਜੋ ਉਨ੍ਹਾਂ ਨੇ ਮੈਨੂੰ 2009-10 ਦਾ ਵੇਰਵਾ ਭੇਜਿਆ ਹੈ, ਉਸ ਦੇ ਵਿੱਚ 21,000 ਹੈਕਟੇਅਰ ਰਕਬਾ ਦੱਸਿਆ ਗਿਆ ਹੈ । ਇਹ ਇਕੱਲੇ ਮੈਨੂੰ ਹੀ ਨਹੀਂ ਭੇਜੇ ਕਿਉਂਕਿ ਇੰਨੀ ਵੱਡੀ ਗਲਤੀ ਹੋ ਨਹੀਂ ਸਕਦੀ, ਕਿਉਂਕਿ ਮੇਰੇ ਕੋਲ ਸਾਰੀਆਂ ਰਿਪੋਰਟਾਂ ਹਨ, ਜੋ ਚਾਹੁਣ ਤਾਂ ਇਹ ਦੇਖ ਸਕਦੇ ਹਨ । This is what they are. ਬਾਦਲ ਸਾਹਿਬ, ਹਮੇਸ਼ਾ ਕੇਂਦਰ ਸਰਕਾਰ ਦੇ ਉਤੇ ਇਲਜ਼ਾਮ ਲਗਾਉਂਦੇ ਰਹਿੰਦੇ ਹਨ ਕਿ ਕੇਂਦਰ ਵਾਲੇ ਸਾਨੂੰ ਪੈਸੇ ਨਹੀਂ ਦਿੰਦੇ, ਪੰਜਾਬ ਨਾਲ ਬੜਾ ਵਿਤਕਰਾ ਹੋ ਰਿਹਾ ਹੈ । ਸਪੀਕਰ ਸਾਹਿਬ, ਇਹ ਰਿਪੋਰਟ ਕੇਂਦਰ ਸਰਕਾਰ ਨੂੰ ਦੇ ਕੇ ਆਏ ਹਨ । ਮੈਂ ਮੰਤਰੀ ਸਾਹਿਬ ਦੇ ਸਾਹਮਣੇ ਕਹਿੰਦਾ ਹਾਂ ਕਿ ਮੇਰੇ ਕੋਲ National Conference on Agriculture for Rabi and Kharief Campaign ਨਾਲ ਸਬੰਧਤ ਡਾਕੂਮੈਂਟ ਪਏ ਹਨ ਜਿਸ ਵਿੱਚ ਖਰੀਫ ਦੀ ਫ਼ਸਲ ਅਤੇ ਰਬੀ ਦੀ ਫ਼ਸਲ ਦੇ ਪ੍ਰੋਡਕਸ਼ਨ ਐਸਟੀਮੇਟਸ ਦਰਸਾਏ ਗਏ ਹਨ । ਇਹ ਡਾਕੂਮੈਂਟਸ ਮੈਂ ਇਸ ਟੇਬਲ ਦੇ ਉਤੇ ਰੱਖ ਦਿੰਦਾ ਹਾਂ, by the time we meet again in the afternoon, let us finalize this thing. ਇਹ ਗਲਤ ਬਿਆਨ ਕਰ ਰਹੇ ਹਨ ।

**ਮਾਨਯੋਗ ਸਪੀਕਰ** : ਤੁਸੀਂ ਮੇਰੀ ਗੱਲ ਸੁਣੋ । ਮੰਤਰੀ ਜੀ, ਇਹ ਡਿਫਰੈਂਸ ਕਿਉਂ ਹੈ? ਇਸ ਦਾ ਪਤਾ ਕਰੋ ।

**ਮੰਤਰੀ** : ਸਪੀਕਰ ਸਾਹਿਬ, ਜਿਹੜੀ ਅਸੀਂ ਕਣਕ ਵੱਢ ਕੇ ਮੂੰਗੀ ਬੀਜਦੇ ਹਾਂ, ਉਸ ਦੀ ਗਿਰਦਾਵਰੀ ਕੋਈ ਨਹੀਂ ਹੁੰਦੀ । ਅਸੀਂ ਜ਼ਿਆਦਾ ਉਸ ਨੂੰ ਪ੍ਰਫੁਲਿਤ ਕਰ ਰਹੇ ਹਾਂ, ਉਸ ਦੇ ਉਤੇ ਸਬਸਿਡੀ ਦੇ ਰਹੇ ਹਾਂ, ਉਸ ਦੀ ਮੱਦਦ ਕਰ ਰਹੇ ਹਾਂ । ਉਹ ਗਿਰਦਾਵਰੀ ਵਿੱਚ ਬਿਲਕੁਲ ਨਹੀਂ ਆਉਂਦੀ । ਇਸ ਕਰਕੇ ਇਸ ਦਾ ਫਰਕ ਹੈ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਹ ਬਿਲਕੁਲ ਗਲਤ ਬਿਆਨਬਾਜ਼ੀ ਹੈ । ਇਨ੍ਹਾਂ ਨੇ ਜਾ ਕੇ ਕੇਂਦਰ ਸਰਕਾਰ ਵਿੱਚ ਰਿਪੋਰਟ ਸਬਮਿਟ ਕੀਤੀ ਹੈ । ਜਿਹੜੀ ਰਿਪੋਰਟ ਸਬਮਿਟ ਕੀਤੀ ਹੈ, ਉਸ ਦੇ ਵਿੱਚ ਇਨ੍ਹਾਂ ਨੇ ਕਿਤੇ ਨਹੀਂ ਕਿਹਾ ਕਿ ਇਸ ਤੋਂ ਇਲਾਵਾ ਵੀ ਕਿਤੇ ਬਿਨਾਂ ਗਿਰਦਾਵਰੀ ਕੀਤਿਆਂ ਸਬਸਿਡੀ ਦੇ ਰਹੇ ਹਾਂ । ਜਿਹੜੀ ਸਬਸਿਡੀ ਦਿੰਦੇ ਹਨ, ਰੌਲਾ ਹੀ ਇਹੀ ਪਿਆ ਹੋਇਆ ਹੈ । ਪਹਿਲਾਂ ਬੀਜ ਵਾਲੀ ਸਬਸਿਡੀ ਦਾ ਰੌਲਾ ਸੀ, ਉਹ ਤਾਂ ਚਲੋ it is still being reviewed by us. ਸਪੀਕਰ ਸਾਹਿਬ, ਮੈਂ ਸਾਲ 2009-10 ਵਿੱਚ ਇਲਜ਼ਾਮ ਲਾਇਆ ਸੀ ਕਿ ਜਿਹੜੀ ਬੀਜ ਦੇ ਉਤੇ ਕੇਂਦਰ ਸਰਕਾਰ ਤੋਂ 700 ਰੁਪਏ ਸਬਸਿਡੀ ਆ ਰਹੀ ਹੈ, ਉਹ ਕਿਸਾਨਾਂ ਨੂੰ ਘੱਟ ਦਿੱਤੀ ਜਾਂਦੀ ਹੈ । ਇਥੇ ਬਾਦਲ ਸਾਹਿਬ ਵੀ ਬੈਠੇ ਹਨ, ਜਦੋਂ ਇਨ੍ਹਾਂ ਨੂੰ ਪੁੱਛਿਆ ਕਿ ਤੁਸੀਂ ਕਿੰਨੀ ਸਬਸਿਡੀ ਕਿਸਾਨਾਂ ਨੂੰ ਦਿੰਦੇ ਹੋ ਤਾਂ ਇਹ ਕਹਿੰਦੇ ਕਿ ਅਸੀਂ 500 ਰੁਪਏ ਦਿੰਦੇ ਹਾਂ । ਫਿਰ ਵੀ ਕਹਿੰਦੇ ਹਨ ਕਿ ਕੇਂਦਰ

Original with;
Punjab Vidhan Sabha
Digitized by;
Panjab Digital Library

ਸਰਕਾਰ ਮਾੜੀ ਹੈ । ਹੁਣ ਕਹਿੰਦੇ ਹਨ ਕਿ ਜੋ ਸਬਸਿਡੀ ਹੈ, ਉਸ ਦਾ ਰਿਕਾਰਡ ਸਾਡੇ ਕੋਲ ਨਹੀਂ ਹੈ, ਉਹ ਵੰਡ ਦਿੱਤੀ ਹੈ। ਫਿਰ ਕਹਿ ਦਿਓ ਕਿ ਛਕ ਗਏ ।

**ਮੰਤਰੀ** : ਸਪੀਕਰ ਸਾਹਿਬ, ਜਦੋਂ ਗਿਰਦਾਵਰੀ ਹੀ ਨਹੀਂ ਹੁੰਦੀ, ਜਾਂ ਤਾਂ ਇਹ ਦੱਸ ਦੇਣ ਕਿ ਕੀ ਗਿਰਦਾਵਰੀ ਹੁੰਦੀ ਹੈ ? ਸਾਲ ਵਿੱਚ ਤਿੰਨ ਗਿਰਦਾਵਰੀਆਂ ਹੁੰਦੀਆਂ ਹਨ । (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਜੇ ਗਿਰਦਾਵਰੀ ਨਹੀਂ ਹੁੰਦੀ ਤਾਂ ਫਿਰ ਮੈਨੂੰ ਜਵਾਬ ਕਿਵੇਂ ਦੇ ਦਿੱਤਾ ਜੀ ? ਇਸ ਦੇ ਵਿੱਚ ਕਿਥੋਂ ਗਿਰਦਾਵਰੀ ਆ ਗਈ ? ਇਨ੍ਹਾਂ ਦੇ ਮਹਿਕਮੇ ਨੇ ਫਿਰ ਕਿਹੜੀ ਗਿਰਦਾਵਰੀ ਚੁੱਕ ਕੇ ਜਵਾਬ ਬਣਾਇਆ ਹੈ ? ਇਹ ਵੀ ਮੰਤਰੀ ਜੀ ਤੁਹਾਡੇ ਮਹਿਕਮੇ ਦਾ ਹੀ ਜਵਾਬ ਹੈ । ਇਹ ਵੀ ਤਾਂ ਗਿਰਦਾਵਰੀ ਤੇ ਬੇਸਡ ਹੀ ਬਣਾਇਆ ਹੋਣਾ ਹੈ । ਫਿਰ ਇਹ ਅੰਕੜੇ ਕਿਥੋਂ ਆ ਗਏ ? (ਵਿਘਨ) ਮੇਰਾ ਖਿਆਲ ਹੈ ਕਿ ਚੀਫ਼ ਮਨਿਸਟਰ ਸਾਹਿਬ ਇਸ ਗੱਲ ਦਾ ਜਵਾਬ ਦੇਣ । ਹੁਣ ਵਲਟੋਹਾ ਸਾਹਿਬ ਕਿੱਥੇ ਗਏ ? ਉਸ ਦਿਨ ਸਾਡੇ ਤੇ ਵਰ੍ਹ ਰਹੇ ਸਨ । (ਵਿਘਨ) (ਸ਼ੋਰ)

**ਮੰਤਰੀ** : ਜਾਖੜ ਸਾਹਿਬ, ਜੇ ਤਾਂ ਤੁਸੀਂ ਮਨਿਸਟਰ ਕੋਲੋਂ ਕੁਝ ਪੁੱਛ ਰਹੇ ਹੋ ਤਾਂ ਤੇ ਜੋ ਮੈਂ ਕਹਿ ਰਿਹਾ ਹਾਂ, ਇਹ ਸੱਚ ਹੈ । (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਰ, ਐਗਜ਼ਾਮਿਨ ਕਰਵਾ ਲਓ ਕਿ ਇਨ੍ਹਾਂ ਦੀ ਗੱਲ ਸੱਚ ਹੈ ਜਾਂ ਮੇਰੀ ਸੱਚ ਹੈ । ਜੇ ਮੇਰਾ ਸੱਚ ਨਹੀਂ ਹੈ ਤਾਂ ਮੇਰੇ ਖਿਲਾਫ਼ ਦੁਪਹਿਰ ਦੀ ਸਿਟਿੰਗ ਵਿੱਚ ਐਕਸ਼ਨ ਲੈ ਲੈਣਾ । (ਵਿਘਨ) (ਸ਼ੋਰ)

(ਆਪੋਜੀਸ਼ਨ ਬੈਂਚਿਜ ਵੱਲੋਂ ਕੁਝ ਅਵਾਜ਼ਾਂ : ਮੰਤਰੀ ਜੀ ਝੂਠ ਕਹਿ ਰਹੇ ਹਨ ।)

**ਮੰਤਰੀ** : ਝੂਠ ਤੇ ਤੁਸੀਂ ਬੋਲਦੇ ਹੋ । ਪਿੱਛੇ ਜਿਹੇ ਇਨ੍ਹਾਂ ਨੇ ਇੱਕ ਸੜਕ ਨਾ ਬਣਨ ਬਾਰੇ ਵੀ ਇਲਜ਼ਾਮ ਲਾਇਆ ਸੀ ਪਰ ਜਦੋਂ ਇਹ ਸੜਕ ਵੇਖਣ ਗਏ ਤਾਂ ਸੜਕ ਬਣੀ ਹੋਈ ਸੀ। ਫਿਰ ਅਗਲੇ ਦਿਨ ਤੁਸੀਂ ਚੁੱਪ ਕਰ ਗਏ ਸੀ । ਜਦੋਂ ਮੈਂ ਮੌਕੇ ਤੇ ਵੀ ਆਪ ਜਾ ਕੇ ਵੇਖਿਆ ਸੀ ............(ਵਿਘਨ) ਝੂਠ ਤਾਂ ਤੁਸੀਂ ਮਾਰਦੇ ਹੋ । ਮੈਂ ਖੁਦ ਵੇਖਿਆ ਕਿ ਸੜਕ ਬਣੀ ਹੋਈ ਸੀ । ਹਰ ਗੱਲ ਤੁਸੀਂ ਝੂਠ ਨਾਲ ਜੋੜ ਦਿੰਦੇ ਹੋ । (ਵਿਘਨ) (ਸ਼ੋਰ)

(ਇਸ ਵੇਲੇ ਵਿਰੋਧੀ ਧਿਰ ਦੇ ਕਈ ਮਾਨਯੋਗ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਗੱਲ ਇਹ ਹੈ ਕਿ ਸਾਰੇ ਕਿਉਂ ਖੜ੍ਹੇ ਹੋ ? ਵੇਖੋ, ਇਹ ਕੁਐਸਚਨ ਆਵਰ ਹੈ, ਇਸ ਵਿੱਚ ਸਾਰਿਆਂ ਦਾ ਖੜ੍ਹੇ ਹੋਣ ਦਾ ਮਤਲਬ ਨਹੀਂ ਹੈ । (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਹ ਬਹੁਤ ਸਿੰਪਲ ਗੱਲ ਹੈ । ਇਸ ਦੇ ਵਿੱਚ ਕੋਈ ਰਾਕੇਟ ਸਾਇੰਸ ਦੀ ਗੱਲ ਨਹੀਂ ਹੈ । ਮੈਨੂੰ ਜੋ ਜਵਾਬ ਦਿੱਤਾ ਹੈ, ਉਸ ਵਿੱਚ ਗਿਰਦਾਵਰੀ ਦਾ ਵੇਰਵਾ ਆ ਗਿਆ । ਜੋ ਸੈਂਟਰ ਗੌਰਮਿੰਟ ਨੂੰ ਜਵਾਬ ਦਿੱਤਾ ਹੈ, ਉਸ ਦੇ ਵਿੱਚ ਇਨ੍ਹਾਂ ਕੋਲ ਗਿਰਦਾਵਰੀ ਨਹੀਂ ਹੈ । ਜਦੋਂ ਸਬਸਿਡੀ ਵੰਡਦੇ ਹਨ, ਉਦੋਂ ਗਿਰਦਾਵਰੀ

Original with;
Punjab Vidhan Sabha
Digitized by;
Panjab Digital Library

[ਸ਼੍ਰੀ ਸੁਨੀਲ ਕੁਮਾਰ ਜਾਖੜ]

ਨਹੀਂ ਹੈ, ਕੋਈ ਰਿਕਾਰਡ ਨਹੀਂ ਹੈ । ਇਸ ਗੱਲ ਦਾ ਫੈਸਲਾ ਕਿਵੇਂ ਕਰੋਗੇ ? Speaker Sahib, we are not here just to discuss these things ਕਿ ਉਨ੍ਹਾਂ ਨੇ ਕੋਈ ਜਵਾਬ ਦੇ ਦਿੱਤਾ ਅਤੇ ਮੈਂ ਐਲੀਗੇਸ਼ਨ ਲਗਾ ਦਿੱਤਾ ਅਤੇ ਗੱਲ ਨਿਬੜ ਗਈ । ਇਸ ਦਾ ਕੋਈ ਨਤੀਜਾ ਤਾਂ ਨਿਕਲਣਾ ਚਾਹੀਦਾ ਹੈ । ਪਹਿਲੀ ਇਨਕੁਆਇਰੀ ਹੋਈ ਸੀ ਤਾਂ ਦੋ ਅਫ਼ਸਰ ਇਸ ਵਿੱਚ indict ਕੀਤੇ ਸੀ । ਮੁੱਖ ਮੰਤਰੀ ਸਾਹਿਬ ਇਥੇ ਬੈਠੇ ਹਨ । ਲੰਗਾਹ ਸਾਹਿਬ ਨੇ ਖ਼ੁਦ ਇਨ੍ਹਾਂ ਨੂੰ ਕਿਹਾ ਸੀ । ਅਖ਼ਬਾਰ ਵਿੱਚ ਬਿਆਨ ਆਇਆ ਸੀ ਕਿ ਮੈਂ ਤਾਂ ਕਹਿੰਦਾ ਹਾਂ ਕਿ ਡੀ.ਆਈ.ਜੀ. ਦੀ ਇਨਕੁਆਇਰੀ ਕਰਵਾਓ । ਕਿਉਂ ਡੀ.ਆਈ.ਜੀ. ਦੀ ਇਨਕੁਆਇਰੀ ਕਰਵਾਈ ਜਾਵੇ ? (ਵਿਘਨ) (ਸ਼ੋਰ)

**ਮੰਤਰੀ** : ਮੈਂ ਕਹਿੰਦਾ ਹਾਂ ਕਿ ਜੇ ਤਾਂ ਤੁਸੀਂ ਜੱਟ ਹੋ ਤਾਂ ਤੁਹਾਨੂੰ ਪਤਾ ਹੋਵੇਗਾ ਕਿ ਜਿਹੜੀ ਮੂੰਗੀ ਕਣਕ ਵੱਢਣ ਤੋਂ ਮਗਰੋਂ ਬੀਜਦੇ ਹੋ, ਕੀ ਉਸ ਦੀ ਗਿਰਦਾਵਰੀ ਹੁੰਦੀ ਹੈ ? ਜੇ ਤੁਸੀਂ ਜ਼ਿਮੀਦਾਰ ਨਹੀਂ ਹੋ ਤਾਂ ਜਿਸ ਤਰ੍ਹਾਂ ਮਰਜ਼ੀ ਤੁਸੀਂ ਕਹੀ ਜਾਵੋ । (ਵਿਘਨ) (ਸ਼ੋਰ)

(ਇਸ ਵੇਲੇ ਵਿਰੋਧੀ ਧਿਰ ਦੇ ਕਈ ਮਾਨਯੋਗ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਫਿਰ ਰਿਕਾਰਡ ਤੇ ਕਿਵੇਂ ਆ ਗਿਆ ? (ਵਿਘਨ)

**ਮਾਨਯੋਗ ਸਪੀਕਰ** : ਬੈਠੋ ਜੀ, ਤੁਸੀਂ ਕਿਉਂ ਬੋਲਦੇ ਹੋ ? ਪਲੀਜ਼, ਬੈਠੋ । (ਵਿਘਨ)

**ਮੰਤਰੀ** : ਅਸੀਂ ਪੰਜਾਂ ਸਾਲਾਂ ਵਿੱਚ 63 ਲੱਖ ਰੁਪਿਆ..........(ਵਿਘਨ) (ਸ਼ੋਰ) ਇਹ ਗੱਲ ਤਾਂ ਇਸ ਤਰ੍ਹਾਂ ਕਰਦੇ ਹਨ ਜਿਵੇਂ ਜੰਗਲ ਵਿੱਚ ਰਹਿੰਦੇ ਹੋਣ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਫਿਰ ਜਿਹੜਾ ਮੈਨੂੰ ਰਿਕਾਰਡ ਭੇਜਿਆ ਹੈ, ਇਸ ਵਿੱਚ ਕਿਥੋਂ ਆ ਗਿਆ, "ਬਿਨਾਂ ਗਿਰਦਾਵਰੀ ਦੇ ?" ਜਾਂ ਤਾਂ ਕਹਿ ਦੇਣ ਕਿ ਅੰਦਾਜ਼ੇ ਨਾਲ ਪਾਇਆ ਹੈ, ਜਾਂ ਤਾਂ ਕਹਿ ਦੇਣ ਕਿ ਇਹ ਅਪਰੌਕਸੀਮੇਟ ਹੈ । ਮੇਰਾ ਸਿੰਪਲ ਸਵਾਲ ਹੈ ਕਿ ਜਿਹੜੇ ਦੋ ਅਫ਼ਸਰਾਂ ਦੇ ਬਾਰੇ ਤੁਹਾਡਾ ਬਿਆਨ ਆਇਆ ਸੀ ਕਿ ਮੈਂ ਮਾਨਯੋਗ ਮੁੱਖ ਮੰਤਰੀ ਨੂੰ ਲਿਖ ਕੇ ਦਿੱਤਾ ਹੈ ਕਿ ਇਨ੍ਹਾਂ ਦੇ ਖਿਲਾਫ ਇਨਕੁਆਇਰੀ ਕਰਕੇ ਪੁਲਿਸ ਦੀ ਕਾਰਵਾਈ ਕੀਤੀ ਜਾਵੇ । ਫਿਰ ਕੀ ਹੋਇਆ ਜੀ ? ਉਹ ਦੋਨੋਂ ਅਫ਼ਸਰ ਅੱਜ ਵੀ ਉਸੇ ਪੋਸਟ ਤੇ ਬੈਠੇ ਹਨ। ਉਨ੍ਹਾਂ ਨੇ ਪਿਛਲੇ ਸਾਲ ਵੀ ਉਹੀ ਕਾਰਵਾਈ ਕੀਤੀ । ਉਸੇ ਤਰ੍ਹਾਂ ਪੈਸਾ ਖ਼ੁਰਦ-ਬੁਰਦ ਹੋਇਆ। ਉਸ ਦੀ ਇਨਕੁਆਇਰੀ ਵਲਟੋਹਾ ਸਾਹਿਬ ਅਤੇ ਮੈਂ ਕਰ ਰਹੇ ਹਾਂ, ਉਸ ਦੀ ਰਿਪੋਰਟ ਵੀ ਮਹੀਨੇ ਵਿੱਚ ਆ ਜਾਵੇਗੀ । ਉਹ ਕਿਸ ਨੂੰ ਪਤ੍ਰਾਵਾਂਗੇ ? ਅੱਜ ਤਾਂ ਆਪਾਂ ਹਾਊਸ ਵਿੱਚ ਮਿਲੇ ਹਾਂ, ਐਗਰੀਕਲਚਰ ਵਾਸਤੇ ਹਮੇਸ਼ਾ ਬਾਦਲ ਸਾਹਿਬ ਕਹਿੰਦੇ ਹਨ ਕਿ ਅਸੀਂ ਕਿਸਾਨੀ ਵਾਸਤੇ ਲੜ ਰਹੇ ਹਾਂ । ਇਸ ਤੋਂ ਵੱਡਾ ਕਿਸਾਨੀ ਨਾਲ ਮਜ਼ਾਕ ਕੀ ਹੋਵੇਗਾ ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਜਿਹੜੀ ਤੁਹਾਡੀ ਗੱਲ ਹੈ, ਚਲੋ, ਇਹ ਵੀ ਵੇਖ ਲੈਂਦੇ ਹਾਂ । ਬਾਦਲ ਸਾਹਿਬ ਤਾਂ ਕਿਸਾਨੀ ਵਾਸਤੇ ਲੜਦੇ ਹੀ ਲੜਦੇ ਹਨ, ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹਨ । ਉਨ੍ਹਾਂ ਦਾ ਆਪਾਂ ਘੜੀ-ਮੁੜੀ ਜ਼ਿਕਰ ਕਿਉਂ ਕਰੀ ਜਾਂਦੇ ਹਾਂ ? ਗੱਲ ਇਹ ਨਹੀਂ ਹੈ ।

Original with;
Punjab Vidhan Sabha
Digitized by;
Panjab Digital Library

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਫਿਰ ਇਹ ਇਸ ਗੱਲ ਦਾ ਜਵਾਬ ਦੇਣ ।

**ਮਾਨਯੋਗ ਸਪੀਕਰ** : ਜਵਾਬ ਦੇਣ ਦੀ ਗੱਲ ਦਾ ਤਾਂ ਮਤਲਬ ਹੈ (ਵਿਘਨ) ਜੇਕਰ ਇੱਕ ਮਨਿਸਟਰ ਨੂੰ ਪੂਰਾ ਪਤਾ ਨਹੀਂ ਹੋਵੇਗਾ ਤਾਂ ਉਸ ਨੇ ਲਿਖ ਦਿੱਤਾ ਹੋਵੇਗਾ.....(ਵਿਘਨ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਮੈਂ ਇਨਕੁਆਇਰੀ ਬਾਰੇ ਕਹਿ ਰਿਹਾ ਹਾਂ । ਇਨਕੁਆਇਰੀ ਇਨ੍ਹਾਂ ਨੂੰ ਮਾਰਕ ਹੋਈ ਹੈ । ਹੋਮ ਮਨਿਸਟਰ ਸਾਹਿਬ ਬੈਠੇ ਹਨ । ਡਿਪਟੀ ਸੀ. ਐਮ. ਸਾਹਿਬ ਇੱਥੇ ਬੈਠੇ ਹਨ । ਫਿਰ ਉਨ੍ਹਾਂ ਦੀ ਇਨਕੁਆਇਰੀ ਕਰ ਦਿਉ.......(ਵਿਘਨ)

**ਮੰਤਰੀ** : ਤੁਸੀਂ ਹੋਮ ਮਨਿਸਟਰ ਵੱਲ ਕਿਉਂ ਜਾਂਦੇ ਹੋ ? ਮੈਂ ਇਹ ਕਿਹਾ ਹੈ ਕਿ ਮੈਂ ਇਨਕੁਆਇਰੀ ਕਰਵਾਉਣ ਨੂੰ ਤਿਆਰ ਹਾਂ । ਤੁਸੀਂ ਮੇਰੇ ਨਾਲ ਗੱਲ ਕਰੋ । (ਵਿਘਨ) ਜਦੋਂ ਮੈਂ ਤੁਹਾਨੂੰ ਕਹਿ ਰਿਹਾ ਹਾਂ ਕਿ 63 ਲੱਖ ਰੁਪਿਆ ਪੰਜਾਂ ਸਾਲਾਂ ਵਿੱਚ ਸਬਸਿਡੀ ਦਿੱਤੀ ਹੈ, ਗੱਲ ਤਾਂ ਇਹ ਹੈ । ਤੁਸੀਂ ਐਵੇਂ ਉਤਾਂਹ ਨੂੰ ਤੁਰੀ ਜਾਂਦੇ ਹੋ ? ਜੇ ਮੇਰੇ ਤੋਂ ਵੀ ਤਸੱਲੀ ਨਹੀਂ ਹੈ ਤਾਂ ਇਸ ਦਾ ਕੀ ਮਤਲਬ ਹੈ ? ਮੈਂ ਤੁਹਾਨੂੰ ਕਹਿ ਦਿੱਤਾ ਹੈ..........(ਵਿਘਨ) (ਸ਼ੋਰ).......ਮੈਂ ਤੁਹਾਨੂੰ ਕਿਹਾ ਹੈ ਕਿ ਅਸੀਂ ਪੰਜਾਂ ਸਾਲਾਂ ਵਿੱਚ 63 ਲੱਖ ਰੁਪਿਆ ਸਬਸਿਡੀ ਦਿੱਤੀ ਹੈ ਜੋ ਕਿ ਮੂੰਗੀ ਤੇ ਦਿੱਤੀ ਹੈ, ਹੋਰ ਕਿਸੇ ਚੀਜ਼ ਤੇ ਨਹੀਂ ਦਿੱਤੀ । ਜੇ ਮੂੰਗੀ ਸਾਰਿਆਂ ਨੇ ਨਹੀਂ ਲਾਈ..........(ਵਿਘਨ) (ਸ਼ੋਰ)

(ਇਸ ਵੇਲੇ ਵਿਰੋਧੀ ਧਿਰ ਦੇ ਕਈ ਮਾਨਯੋਗ ਮੈਂਬਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਆਗਿਆ ਤੋਂ ਬੋਲ ਰਹੇ ਸਨ ਅਤੇ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ਗੱਲ ਇਹ ਹੈ.........(ਵਿਘਨ) ਲੰਗਾਹ ਸਾਹਿਬ, ਬੈਠੋ ਪਲੀਜ਼ । (ਵਿਘਨ)

**ਮੰਤਰੀ** : (ਵਿਘਨ) ਮੇਰੀ ਗੱਲ ਤਾਂ ਤੁਸੀਂ ਮੰਨਣ ਨੂੰ ਤਿਆਰ ਨਹੀਂ ਹੋ । ਤੁਸੀਂ ਥੱਲੇ ਪਤਾ ਨਹੀਂ ਕਿਸ ਤੋਂ ਪਤਾ ਕਰਕੇ ਆ ਜਾਂਦੇ ਹੋ ?

**ਸ਼੍ਰੀ ਸੁਨੀਲ ਕੁਮਾਰ ਜਾਖੜ** : ਇਹ ਤੁਹਾਡਾ ਆਪਣਾ ਡਿਪਾਰਟਮੈਂਟ ਕਹਿ ਰਿਹਾ ਹੈ.........(ਵਿਘਨ)

**ਮੰਤਰੀ** : ਫਿਰ ਮੈਨੂੰ ਕਿਉਂ ਪੁੱਛਦੇ ਹੋ ਜਦੋਂ ਤੁਹਾਨੂੰ ਥੱਲੇ ਵਾਲਿਆਂ ਤੇ ਹੀ ਇੰਨਾ ਯਕੀਨ ਹੈ ? (ਵਿਘਨ) (ਸ਼ੋਰ) ਐਵੇਂ ਬਾਹਾਂ ਮਾਰੀ ਜਾਂਦੇ ਹੋ ? (ਵਿਘਨ) ਇਸਦਾ ਕੀ ਫਾਇਦਾ ਹੈ ? (ਵਿਘਨ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਐਵੇਂ ਵਾਦ-ਵਿਵਾਦ ਕਰੀ ਜਾਂਦੇ ਹੋ....... (ਵਿਘਨ) (ਸ਼ੋਰ) ਐਵੇਂ ਉੱਚਾ ਨਾ ਬੋਲੋ .............

**ਮਾਨਯੋਗ ਸਪੀਕਰ** : ਜਾਖੜ ਸਾਹਿਬ, ਬੈਠੋ । ਮੰਤਰੀ ਜੀ, ਬੈਠੋ ।

**ਮੰਤਰੀ** : ਮੇਰੀ ਗੱਲ ਸੁਣੋ...........ਵੇਖੋ.............(ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਮੁੱਚੇ ਹਾਊਸ ਲਈ ਤੁਸੀਂ ਸਤਿਕਾਰਯੋਗ ਹੋ......... (ਵਿਘਨ) ............. ਤੁਸੀਂ ਆਪਣੇ ਦਾਇਰੇ ਵਿੱਚ ਰਹੋ......................

**ਮੰਤਰੀ** : ਤੁਸੀਂ ਸੈਸ਼ਨ ਦਾ ਕੀ ਕੀਤਾ ਹੈ ? ............. (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਗੱਲ ਸੁਣੋ । ਲੰਗਾਹ ਸਾਹਿਬ, ਬੈਠੋ । ਬਈ, ਤੁਸੀਂ ਬੈਠਣ ਦੀ ਕੋਸ਼ਿਸ਼ ਕਿਉਂ ਨਹੀਂ ਕਰਦੇ ? (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸ਼ਾਮ ਨੂੰ ਇਸ ਦਾ ਨਿਚੋੜ ਕਢਵਾਓ ਜੀ । ਸਪੀਕਰ ਸਾਹਿਬ, ਇਸ ਦੀ ਇਨਕੁਆਇਰੀ ਕਰਵਾਓ ਜੀ ।

**ਮੰਤਰੀ** : ਕੀ ਇਨਕੁਆਇਰੀਆਂ ਇਸ ਤਰ੍ਹਾਂ ਮਾਰਕ ਹੋ ਜਾਂਦੀਆਂ ਹਨ ? ਇਹ ਕੀ ਹੈ ? ਜਿਹੜਾ ਜਿਸ ਦਾ ਜੀਅ ਕੀਤਾ ਜੋ ਮਰਜ਼ੀ ਕਰਵਾ ਲਿਆ । (ਵਿਘਨ, ਸ਼ੋਰ) ਕੋਈ ਸਿਸਟਮ ਨਹੀਂ, ਕੋਈ ਗੱਲ ਨਹੀਂ, ਕੋਈ ਬਾਤ ਨਹੀਂ, ਕੋਈ ਮੰਨਣ ਨੂੰ ਤਿਆਰ ਹੀ ਨਹੀਂ । (ਵਿਘਨ, ਸ਼ੋਰ)

**ਮਾਨਯੋਗ ਸਪੀਕਰ** : ਲੰਗਾਹ ਸਾਹਿਬ, ਬੈਠੋ ਪਲੀਜ਼ । (ਵਿਘਨ) (ਸ਼ੋਰ) । ਬੈਠੋ ਜੀ ਸਾਰੇ, ਪਲੀਜ਼ । ਹਾਂ ਜੀ, ਬਰਾੜ ਜੀ ।

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੀ ਬੇਨਤੀ ਸਿਰਫ ਇੰਨੀ ਹੈ ਕਿ ਸਦਨ ਵਿੱਚ ਇਹ ਕਿਹੜਾ ਢੰਗ-ਤਰੀਕਾ ਹੈ ਜੀ ? ਜਿਹੜਾ ਅਸੀਂ ਰੋਜ਼ ਕਹਿੰਦੇ ਹਾਂ ਕਿ ਸਦਨ ਦੀ ਪਵਿੱਤਰਤਾ ਹੈ, ਪਵਿੱਤਰਤਾ ਹੈ, ਕੀ ਇਹੀ ਪਵਿੱਤਰਤਾ ਹੈ ? ਮੇਰੀ ਇੱਕ ਸਬਮਿਸ਼ਨ ਹੈ, ਜੇ ਤੁਸੀਂ ਠੀਕ ਉੱਤਰ ਨਹੀਂ ਦਿਵਾ ਸਕਦੇ, ਇਸ ਦੀ ਜਾਂਚ ਹਾਊਸ ਤੋਂ ਨਹੀਂ ਕਰਵਾ ਸਕਦੇ ਤਾਂ ਕ੍ਰਿਪਾ ਕਰਕੇ, ਕਿਉਂਕਿ ਤੁਸੀਂ ਹਾਊਸ ਦੇ ਕਸਟੋਡੀਅਨ ਹੋ , ਹਦਾਇਤਾਂ ਕਰ ਦਿਉ ਕਿ ਫਿਰ ਬੋਲਦੇ ਹੋਏ ਇਸ ਨੂੰ ਪਵਿੱਤਰ ਸਦਨ ਕੋਈ ਨਾ ਕਹੇ । ਕੋਈ ਮਰਿਆਦਾ ਤਾਂ ਰੱਖੋ ਸਦਨ ਦੀ । ਕੋਈ ਸੱਚ ਵਾਲੀ ਗੱਲ ਤਾਂ ਹੋਵੇ । ਉੱਚੀ ਰੌਲਾ ਪਾ ਕੇ, ਸ਼ੋਰ ਪਾ ਕੇ .........

(ਇਸ ਸਮੇਂ ਸ਼੍ਰੀ ਹਰਮਿੰਦਰ ਸਿੰਘ ਜੱਸੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਗ਼ੈਰ ਇਜਾਜ਼ਤ ਬੋਲ ਰਹੇ ਸਨ।)

**ਮਾਨਯੋਗ ਸਪੀਕਰ** : ਬੈਠੋ ਪਲੀਜ਼, ਪਲੀਜ਼ ਬੈਠੋ । ਉਨ੍ਹਾਂ ਨੂੰ ਬੋਲਣ ਦਿਉ ।

**ਸਰਦਾਰ ਅਵਤਾਰ ਸਿੰਘ ਬਰਾੜ** : ਉੱਚੀ ਅਸੀਂ ਵੀ ਬੋਲ ਸਕਦੇ ਹਾਂ । ਬਦਤਮੀਜ਼ ਸ਼ਬਦ ਸਾਡੇ ਕੋਲ ਵੀ ਹੋ ਸਕਦੇ ਹਨ । ਪਰ ਪਲੀਜ਼, ਇਸ ਹਾਊਸ ਦੀ ਮਰਿਆਦਾ ਨੂੰ ਜ਼ਰੂਰ ਕਾਇਮ ਰੱਖੋ । ਤੁਸੀਂ ਜਵਾਬ ਦਿਵਾਓ । ਸਰਕਾਰ ਦੇ ਅੰਕੜਿਆਂ ਵਿੱਚ ਤੇ ਵਜ਼ੀਰ ਦੇ ਅੰਕੜਿਆਂ ਵਿੱਚ ਡਿਫਰੈਂਸ ਹੈ । ਇਸ ਨੂੰ ਚੈੱਕ ਕਰਵਾ ਲਓ ਜਾਂ ਫਿਰ ਕਹੋ ਕਿ ਜੋ ਮਰਜ਼ੀ ਵਜ਼ੀਰ ਬੋਲ ਦੇਵੇ, ਜੋ ਮਰਜ਼ੀ ਜਵਾਬ ਦੇ ਦੇਵੇ, ਉਹ ਠੀਕ ਹੈ ।

**ਮਾਨਯੋਗ ਸਪੀਕਰ** : ਚਲੋ, ਚੈੱਕ ਕਰਵਾ ਲੈਂਦੇ ਹਾਂ ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਇਸ ਨੂੰ ਟਾਈਮ ਬਾਊਂਡ ਕਰਵਾਓ ਜੀ । ਸ਼ਾਮ ਤੱਕ ਚੈੱਕ ਕਰਵਾ ਦਿਉ ।

**ਮਾਨਯੋਗ ਸਪੀਕਰ** : ਨਹੀਂ, ਸ਼ਾਮ ਤੱਕ ਤਾਂ ਚੈੱਕ ਨਹੀਂ ਹੋ ਸਕਦਾ । (ਵਿਘਨ, ਸ਼ੋਰ)

**ਸ਼੍ਰੀ ਸੁਨੀਲ ਕੁਮਾਰ ਜਾਖੜ** : ਫਿਰ ਵਾਕ-ਆਊਟ ਕਰ ਲਈਏ ? ਫਿਰ ਅਸੀਂ ਕਿਉਂ ਟਾਈਮ ਖਰਾਬ ਕਰੀ ਜਾਂਦੇ ਹਾਂ । (ਵਿਘਨ, ਸ਼ੋਰ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਨਹੀਂ ਜੀ, ਨਹੀਂ । ਆਹ ਨਹੀਂ ਗੱਲ । ਗੱਲ ਜਿਹੜੀ ਤੁਸੀਂ ਕੀਤੀ ਹੈ, ਇਸ ਨੂੰ ਚੈੱਕ ਕਰਵਾ ਦਿੰਦੇ ਹਾਂ । (ਵਿਘਨ, ਸ਼ੋਰ) । ਹਾਂ ਜੀ, ਬੀਬੀ ਜੀ । (ਵਿਘਨ, ਸ਼ੋਰ) ਹਾਂ ਜੀ, ਪਲੀਜ਼ ਗੱਲ ਸੁਣੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਇਹ ਰਿਸਪਾਂਸੀਬਲ ਮੈਂਬਰ ਹਨ ਅਤੇ ਉਹ ਰਿਸਪਾਂਸੀਬਲ ਮਨਿਸਟਰ ਸਾਹਿਬ ਹਨ । ਪਰ ਹਾਊਸ ਦੇ ਵਿੱਚ ਇੱਕ ਗੱਲ ਆਈ ਹੈ । ਇਨ੍ਹਾਂ ਦੇ ਅੰਕੜਿਆਂ ਵਿੱਚ ਡਿਫਰੈਂਸਜ਼ ਹੈ । ਮੈਂ ਸਮਝਦੀ ਹਾਂ ਕਿ ਇਹ ਬੜੀ ਵੱਡੀ ਗੱਲ ਹੈ, ਛੋਟੀ ਗੱਲ ਨਹੀਂ ਹੈ । ਇਨ੍ਹਾਂ ਕੋਲ ਅੰਕੜੇ ਕੁਝ ਹੋਰ ਹਨ, ਸਾਡੇ ਮੈਂਬਰ ਕੋਲ ਕੁਝ ਹੋਰ ਹਨ । ਇਨ੍ਹਾਂ ਦੇ ਥੱਲੇ ਵਾਲੇ ਅਫ਼ਸਰ ਕੀ ਕਹਿੰਦੇ ਹਨ, ਮੰਤਰੀ ਜੀ ਕੀ ਕਹਿੰਦੇ ਹਨ ਔਰ ਸਾਡੇ ਮੈਂਬਰ ਦੇ ਅੰਕੜੇ ਕੀ ਕਹਿੰਦੇ ਹਨ, ਇਸ ਬਾਰੇ ਤੁਸੀਂ ਵਿਚਕਾਰ ਕਿਸੇ ਸਮੇਂ ਬਰੇਕ ਕਰਕੇ ਆਪਣੇ ਚੈਂਬਰ ਵਿੱਚ ਬੁਲਾ ਲਓ ਤੇ ਸ਼ਾਮ ਵਾਲੇ ਸੈਸ਼ਨ ਵਿੱਚ ਇਸ ਦਾ ਜਵਾਬ ਦਿਵਾ ਦਿਓ ।

**ਮਾਨਯੋਗ ਸਪੀਕਰ** : ਨਹੀਂ ਜੀ , ਸ਼ਾਮ ਵਾਲੇ ਸੈਸ਼ਨ ਵਿੱਚ ਨਹੀਂ ਹੋ ਸਕਦਾ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਸ ਵਿੱਚ ਤਾਂ ਗੱਲ ਹੀ ਕੁਝ ਨਹੀਂ ਹੈ ਜੀ । ਤੁਸੀਂ ਦੋ ਅਫ਼ਸਰ ਬੁਲਾ ਕੇ ਅੰਕੜੇ ਹੀ ਪੁੱਛਣੇ ਹਨ । ਲੰਮੀ ਚੌੜੀ ਤਾਂ ਗੱਲ ਨਹੀਂ । ਕੋਈ ਇਨਕੁਆਇਰੀ ਨਹੀਂ ਕਰਨੀ ।

(ਇਸ ਸਮੇਂ ਸ਼੍ਰੀ ਹਰਮਿੰਦਰ ਸਿੰਘ ਜੱਸੀ ਆਪਣੀ ਸੀਟ ਤੇ ਖੜ੍ਹੇ ਸੀ) (ਵਿਘਨ)

**ਮਾਨਯੋਗ ਸਪੀਕਰ** : ਇਨ੍ਹਾਂ ਨੂੰ ਬੋਲਣ ਦਿਉ । ਤੁਸੀਂ ਬੈਠੋ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਇਸ ਵਿੱਚ ਲੰਮੀ ਚੌੜੀ ਤਾਂ ਕੋਈ ਗੱਲ ਨਹੀਂ । ਦੋ ਅਫ਼ਸਰ ਉਹ ਬੁਲਾ ਲਓ ਅਤੇ ਮੰਤਰੀ ਜੀ ਆ ਜਾਣ । ਸਾਡੇ ਮੈਂਬਰ ਵੀ ਆ ਜਾਣਗੇ ।

**ਮਾਨਯੋਗ ਸਪੀਕਰ** : ਵੇਖੋ ਜੀ, ਸਾਡੇ ਕੋਲ ਅੱਜ ਤਾਂ ਟਾਈਮ ਨਹੀਂ ਹੈ, ਕਿਉਂਕਿ ਅੱਧਾ ਘੰਟਾ ਹੈ ਔਰ ਉਸ ਵਿੱਚ ਖਾਣਾ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਵਿੱਚੋਂ ਡਿਪਟੀ ਸਪੀਕਰ ਸਾਹਿਬ ਬਹਿ ਜਾਣਗੇ, ਤੁਸੀਂ ਵਿੱਚੋਂ ਉਠ ਕੇ ਥੋੜ੍ਹੀ ਦੇਰ ਚਲੇ ਜਾਇਓ । ਇਸ ਤਰ੍ਹਾਂ ਤਾਂ ਅਸੀਂ ਕੁਝ ਟਾਈਮ ਜਾਂ ਅੱਧੇ ਘੰਟੇ ਵਾਸਤੇ ਜਾ ਸਕਦੇ ਹਾਂ ।

**ਮਾਨਯੋਗ ਸਪੀਕਰ** : ਡਿਪਟੀ ਸਪੀਕਰ ਤਾਂ ਤੁਹਾਡੇ ਲਾਗੇ ਹੈ ਹੀ ਨਹੀਂ । (ਵਿਘਨ, ਸ਼ੋਰ) ਚਲੋ, ਮੈਂ ਚੈੱਕ ਕਰਵਾ ਲਵਾਂਗਾ ਜੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਜਾਂ ਸਾਡੇ ਮੈਂਬਰ ਸਾਹਿਬ ਠੀਕ ਕਹਿੰਦੇ ਹਨ ਜਾਂ............

**ਮਾਨਯੋਗ ਸਪੀਕਰ** : ਚਲੋਂ, ਬੀਬੀ ਜੀ, ਚੈੱਕ ਕਰਵਾ ਲਵਾਂਗੇ । ਅਗਲਾ ਸਵਾਲ ਜੀ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਲੇਕਿਨ ਮੈਂ ਸਮਝਦੀ ਹਾਂ ਕਿ ਅੱਜ ਲਾਸਟ ਡੇਅ ਹੈ । ਸ਼ਾਮ ਨੂੰ ਇਸ ਬਾਰੇ ਜ਼ਰੂਰ ਦੱਸਿਆ ਜਾਵੇ ।

**ਮਾਨਯੋਗ ਸਪੀਕਰ** : ਅਗਲਾ ਸਵਾਲ ਜੀ ।

-----------

Original with;
Punjab Vidhan Sabha
Digitized by;
Panjab Digital Library

## ਅਧਿਆਪਕਾਂ ਦੀ ਘਾਟ

*2237. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਸਿੱਖਿਆ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ ਘਨੌਰ ਹਲਕੇ ਵਿੱਚ ਸਕੂਲਵਾਰ ਅਤੇ ਵਿਸ਼ਾਵਾਰ ਅਧਿਆਪਕਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ ਕੀ ਹਨ ਅਤੇ ਇਹ ਖਾਲੀ ਅਸਾਮੀਆਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ ?

**ਸਰਦਾਰ ਸੇਵਾ ਸਿੰਘ ਸੇਖਵਾਂ** : ਹਲਕਾ ਘਨੌਰ ਵਿਖੇ ਸਮੂਹ 117 ਸਰਕਾਰੀ ਸਕੂਲਾਂ (13 ਸੀਨੀਅਰ ਸੈਕੰਡਰੀ, 14 ਹਾਈ, 20 ਮਿਡਲ ਅਤੇ 70 ਪ੍ਰਾਇਮਰੀ) ਵਿੱਚ ਵੱਖ-ਵੱਖ ਅਸਾਮੀਆਂ ਲਈ ਸਕੂਲਵਾਰ ਅਤੇ ਵਿਸ਼ੇਵਾਰ ਵੇਰਵੇ ਕ੍ਰਮਵਾਰ ਅਨੁਲੱਗ-"ੳ", ਅਨੁਲੱਗ "ਅ" ਅਤੇ ਅਨੁਲੱਗ "ੲ" ਤੇ ਹਨ ਜੀ ।

ਸਿੱਧੀ ਭਰਤੀ ਲਈ ਮਿਤੀ 7-5-2011 ਨੂੰ ਵੱਖ-ਵੱਖ ਅਖ਼ਬਾਰਾਂ ਵਿੱਚ ਵਿਗਿਆਪਨ ਦਿੱਤਾ ਗਿਆ ਹੈ ਅਤੇ ਨਿਯੁਕਤੀ ਹਿੱਤ ਇੱਕ ਚੋਣ ਕਮੇਟੀ ਦਾ ਗਠਨ ਵੀ ਕੀਤਾ ਜਾ ਚੁੱਕਾ ਹੈ । ਇਸ ਤਰ੍ਹਾਂ ਇਹ ਖਾਲੀ ਅਸਾਮੀਆਂ ਜਲਦੀ ਹੀ ਭਰ ਦਿੱਤੀਆਂ ਜਾਣਗੀਆਂ ਅਤੇ ਪ੍ਰਾਇਮਰੀ ਸਕੂਲਾਂ ਵਿੱਚ ਵੀ ਜੇ.ਬੀ.ਟੀ. ਦੀਆਂ ਖਾਲੀ ਅਸਾਮੀਆਂ ਰੈਸ਼ਨੇਲਾਈਜ਼ੇਸ਼ਨ ਅਤੇ ਪੰਚਾਇਤੀ ਰਾਜ ਸੰਸਥਾ, ਪੰਜਾਬ ਵੱਲੋਂ ਸਿੱਖਿਆ ਵਿਭਾਗ ਲਈ ਕੀਤੀਆਂ ਗਈਆਂ ਨਿਯੁਕਤੀਆਂ ਅਨੁਸਾਰ ਛੇਤੀ ਹੀ ਭਰ ਦਿੱਤੀਆਂ ਜਾਣਗੀਆਂ । ਸੈਂਟਰ ਹੈੱਡ ਟੀਚਰ ਅਤੇ ਹੈੱਡ ਟੀਚਰਾਂ ਦੀਆਂ ਖਾਲੀ ਅਸਾਮੀਆਂ ਵੀ ਪ੍ਰਮੋਸ਼ਨ ਰਾਹੀਂ ਛੇਤੀ ਪੁਰ ਕਰ ਦਿੱਤੀਆਂ ਜਾਣਗੀਆਂ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-"ੳ"

ਘਨੌਰ ਹਲਕੇ ਵਿੱਚ ਲੈਕਚਰਾਰ ਕਾਡਰ ਦੀਆਂ ਸਕੂਲ ਵਾਰ ਅਤੇ ਵਿਸ਼ਾਵਾਰ ਕੁਲ ਬਾਰਾਂ (12) ਖਾਲੀ ਅਸਾਮੀਆਂ ਦਾ ਵੇਰਵਾ

| ਲੜੀ ਨੰ: | ਸਕੂਲ ਦਾ ਨਾਮ (ਸੀਨੀ. ਸੈਕੰ.) | ਪੰਜਾਬੀ | ਅੰਗਰੇਜ਼ੀ | ਹਿੰਦੀ | ਪੋਲ. ਸਾਇੰਸ | ਇਕਨਾਮਿਕਸ | ਹਿਸਟਰੀ | ਫਿਜ਼ਿਕਸ | ਕੈਮਿਸਟਰੀ | ਬਾਇਓ | ਫਿਜ਼ੀ: ਐਜੂ: | ਕਾਮਰਸ | ਮੈਥ. |
|---|---|---|---|---|---|---|---|---|---|---|---|---|---|
| 1. | ਮੋਹੀ ਖੁਰਦ | 0 | 0 | 0 | 1 | 0 | 0 | 0 | 0 | 0 | 0 | 0 | 0 |
| 2. | ਤੇਪਲਾ | 1 | 0 | 0 | 0 | 0 | 0 | 0 | 0 | 0 | 0 | 0 | 0 |
| 3. | ਅਜਰਾਵਰ | 1 | 0 | 0 | 0 | 0 | 0 | 0 | 0 | 0 | 0 | 0 | 0 |
| 4. | ਹਰਪਾਲਪੁਰ | 0 | 0 | 0 | 0 | 0 | 1 | 0 | 0 | 0 | 0 | 0 | 0 |
| 5. | ਮਰਦਾਂਪੁਰ | 0 | 0 | 0 | 0 | 0 | 1 | 0 | 0 | 0 | 0 | 0 | 0 |
| 6. | ਘਨੌਰ | 1 | 0 | 0 | 0 | 0 | 0 | 0 | 0 | 0 | 0 | 1 | 0 |
| 7. | ਕਪੂਰੀ | 0 | 0 | 0 | 0 | 0 | 1 | 0 | 0 | 0 | 0 | 0 | 0 |
| 8. | ਉਲਾਣਾ | 0 | 0 | 0 | 1 | 0 | 1 | 0 | 0 | 0 | 0 | 0 | 0 |
| | ਜੋੜ | 3 | 0 | 0 | 2 | 2 | 4 | 0 | 0 | 0 | 0 | 1 | 0 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

ਘਨੌਰ ਹਲਕੇ ਵਿੱਚ ਮਾਸਟਰ ਕਾਡਰ ਦੀਆਂ ਸਕੂਲਵਾਰ ਅਤੇ ਵਿਸ਼ਾਵਾਰ ਕੁੱਲ ਬਾਈ (22) ਖਾਲੀ ਅਸਾਮੀਆਂ ਦਾ ਵੇਰਵਾ

| ਲੜੀ ਨੰ: | ਸਕੂਲ ਦਾ ਨਾਮ | ਪੰਜਾਬੀ | ਹਿੰਦੀ | ਸਸ | ਸਾਇੰਸ | ਮੈਥ | ਡੀਪੀਈ | ਡਰਾਇੰਗ | ਪੀਟੀਆਈ |
|---|---|---|---|---|---|---|---|---|---|
| 1. | ਸਮਸਰਾ ਭੇਡਵਾਲ | 0 | 0 | 0 | 0 | 0 | 0 | 0 | 0 |
| 2. | ਪੱਬਰੀ | 0 | 0 | 0 | 0 | 0 | 0 | 0 | 0 |
| 3. | ਮੋਹੀ ਖੁਰਦ | 0 | 0 | 0 | 0 | 0 | 0 | 0 | 0 |
| 4. | ਤੇਪਲਾ | 0 | 0 | 0 | 0 | 0 | 0 | 0 | 0 |
| 5. | ਸ਼ੰਭੂ ਕਲਾਂ | 0 | 0 | 0 | 0 | 0 | 1 | 0 | 0 |
| 6. | ਨਗਾਵਾਂ | 0 | 0 | 0 | 0 | 0 | 0 | 0 | 0 |
| 7. | ਅਜਰਾਵਰ | 0 | 0 | 0 | 0 | 0 | 0 | 0 | 0 |
| 8. | ਹਰਪਾਲਪੁਰ | 0 | 0 | 0 | 0 | 1 | 0 | 0 | 1 |
| 9. | ਮਰਦਾਂਪੁਰ | 0 | 0 | 0 | 0 | 0 | 1 | 0 | 0 |
| 10. | ਘਨੌਰ | 0 | 0 | 0 | 0 | 0 | 1 | 0 | 0 |
| 11. | ਕਪੂਰੀ | 0 | 0 | 0 | 1 | 0 | 0 | 0 | 0 |
| 12. | ਉਲਾਣਾ | 0 | 0 | 0 | 0 | 0 | 1 | 0 | 0 |
| 13. | ਜੋਗੀਪੁਰ | 0 | 0 | 0 | 0 | 0 | 0 | 0 | 0 |
| 14. | ਸਹਸ ਸੇਹਰਾ | 0 | 0 | 0 | 0 | 0 | 0 | 0 | 0 |
| 15. | ਮਦਨਪੁਰ ਚਲਹੇੜੀ | 0 | 0 | 1 | 0 | 0 | 0 | 0 | 0 |
| 16. | ਬਠੌਣੀਆਂ | 0 | 0 | 0 | 0 | 0 | 1 | 0 | 0 |
| 17. | ਘੱਗਰ ਸਰਾਏ | 0 | 0 | 0 | 0 | 0 | 0 | 0 | 0 |
| 18. | ਖੈਰਪੁਰ ਜੱਟਾਂ | 0 | 0 | 0 | 0 | 0 | 0 | 0 | 0 |
| 19. | ਨਰੜੂ | 0 | 0 | 0 | 0 | 0 | 0 | 0 | 0 |
| 20. | ਮੰਡੋਲੀ | 0 | 0 | 0 | 0 | 0 | 1 | 0 | 0 |
| 21. | ਗਦਾਪੁਰ | 0 | 0 | 0 | 0 | 0 | 0 | 0 | 1 |
| 22. | ਲੋਹਸਿੰਬਲੀ | 0 | 1 | 0 | 0 | 1 | 1 | 0 | 0 |
| 23. | ਜੰਡ ਮੰਗੋਲੀ | 0 | 0 | 0 | 0 | 0 | 0 | 0 | 0 |
| 24. | ਲਾਛੜ ਕਲਾਂ | 0 | 0 | 0 | 0 | 0 | 0 | 0 | 0 |
| 25. | ਅਲਾਮਦੀਪੁਰ | 0 | 0 | 0 | 0 | 0 | 0 | 0 | 0 |
| 26. | ਚੱਪੜ | 0 | 0 | 0 | 0 | 0 | 0 | 0 | 0 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸਕੂਲ ਦਾ ਨਾਮ | ਪੰਜਾਬੀ | ਹਿੰਦੀ | ਸਸ | ਸਾਇੰਸ | ਮੈਥ | ਡੀਪੀਈ | ਡਰਾਇੰਗ | ਪੀਟੀਆਈ |
|---|---|---|---|---|---|---|---|---|---|
| 27. | ਬੂਹਾ | 0 | 0 | 0 | 0 | 0 | 0 | 0 | 0 |
| 28. | ਸਮਿਸ ਜੇ ਨਗਰ | 0 | 0 | 0 | 0 | 0 | 0 | 0 | 0 |
| 29. | ਗੋਪਾਲਪੁਰ | 0 | 0 | 0 | 0 | 0 | 0 | 0 | 1 |
| 30. | ਖੇੜੀ ਗੰਢੀਆਂ | 0 | 0 | 0 | 0 | 0 | 0 | 0 | 1 |
| 31. | ਸਰ | 0 | 0 | 0 | 1 | 0 | 0 | 0 | 0 |
| 32. | ਖਾਨਪੁਰ ਬੜਿੰਗ | 0 | 0 | 0 | 0 | 0 | 0 | 0 | 0 |
| 33. | ਚਮਾਰੂ | 0 | 0 | 0 | 0 | 0 | 0 | 0 | 0 |
| 34. | ਢਕਾਨਸੂ | 0 | 0 | 0 | 0 | 0 | 0 | 0 | 0 |
| 35. | ਜਨਸੂਹਾ | 0 | 0 | 0 | 0 | 0 | 0 | 0 | 0 |
| 36. | ਖੇੜੀ ਗੁਰਨਾ | 0 | 0 | 0 | 0 | 0 | 0 | 0 | 1 |
| 37. | ਬਾਸਮਾ | 0 | 0 | 0 | 0 | 0 | 0 | 0 | 0 |
| 38. | ਮਾੜੀਆ | 0 | 0 | 0 | 0 | 0 | 0 | 0 | 0 |
| 39. | ਸਾਹਲ | 0 | 0 | 0 | 0 | 0 | 0 | 0 | 0 |
| 40. | ਕਾਮੀ ਕਲਾਂ | 0 | 0 | 0 | 0 | 0 | 0 | 0 | 0 |
| 41. | ਕਬੂਲਪੁਰ | 0 | 0 | 0 | 0 | 0 | 0 | 0 | 1 |
| 42. | ਸੰਧਾਰਸੀ | 0 | 0 | 0 | 1 | 0 | 0 | 0 | 0 |
| 43. | ਬਘੌਰਾ | 0 | 0 | 0 | 0 | 0 | 0 | 0 | 0 |
| 44. | ਰੁੜਕਾ | 0 | 0 | 0 | 0 | 0 | 0 | 1 | 0 |
| 45. | ਸਲੇਮਪੁਰ ਜੱਟਾਂ | 0 | 0 | 0 | 0 | 0 | 0 | 1 | 0 |
| 46. | ਸਰਾਲਾ ਖੁਰਦ | 0 | 0 | 0 | 0 | 0 | 0 | 0 | 0 |
| 47. | ਮੰਜੋਲੀ | 0 | 0 | 0 | 0 | 0 | 0 | 0 | 0 |
| | ਜੋੜ | 0 | 1 | 1 | 3 | 2 | 7 | 2 | 6 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

## ਅਨੁਲੱਗ "ਅ"

ਹਲਕਾ ਘਨੌਰ ਵਿਖੇ ਵਿਸ਼ੇਵਾਰ ਅਸਾਮੀਆਂ ਦੇ ਵੇਰਵੇ :-

1) **ਸਕੂਲ ਲੈਕਚਰਾਰ ਕਾਡਰ (ਕੇਵਲ 13 ਸੀਨੀਅਰ ਸੈਕੰਡਰੀ ਸਕੂਲਾਂ ਵਿੱਚ)**

| ਲੜੀ ਨੰ: | ਵਿਸ਼ਾ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
|---|---|---|---|---|
| 1. | ਪੰਜਾਬੀ | 13 | 10 | 03 |
| 2. | ਅੰਗਰੇਜ਼ੀ | 13 | 13 | 00 |
| 3. | ਹਿੰਦੀ | 01 | 01 | 00 |
| 4. | ਪੋਲਿਟੀਕਲ ਸਾਇੰਸ | 13 | 11 | 02 |
| 5. | ਇਕਨਾਮਿਕਸ | 11 | 09 | 02 |
| 6. | ਹਿਸਟਰੀ | 06 | 02 | 04 |
| 7. | ਫਿਜ਼ਿਕਸ | 02 | 02 | 00 |
| 8. | ਕੈਮਿਸਟਰੀ | 02 | 02 | 00 |
| 9. | ਬਾਇਓਲੋਜੀ | 01 | 01 | 00 |
| 10. | ਫਿਜ਼ੀਕਲ ਐਜੂਕੇਸ਼ਨ | 05 | 05 | 00 |
| 11. | ਕਮਰਸ | 04 | 03 | 01 |
| 12. | ਮੈਥ | 03 | 03 | 00 |
| | ਕੁੱਲ ਜੋੜ | 74 | 62 | 12 |

Original with;
Punjab Vidhan Sabha
Digitized by;
Panjab Digital Library

2) ਮਾਸਟਰ ਕਾਡਰ (ਸਮੂਹ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਵਿੱਚ)

| ਲੜੀ ਨੰ: | ਵਿਸ਼ਾ | 13 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ | | | 14 ਸਰਕਾਰੀ ਹਾਈ ਸਕੂਲ | | | 20 ਸਰਕਾਰੀ ਮਿਡਲ ਸਕੂਲ | | | ਕੁੱਲ 47 ਸਕੂਲਾਂ ਵਿੱਚ | | |
|---|---|---|---|---|---|---|---|---|---|---|---|---|---|
| | | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 1. | ਪੰਜਾਬੀ | 17 | 17 | 00 | 18 | 18 | 00 | 20 | 20 | 00 | 55 | 55 | 00 |
| 2. | ਹਿੰਦੀ | 18 | 18 | 00 | 15 | 14 | 01 | 20 | 20 | 00 | 53 | 52 | 01 |
| 3. | ਐਸ.ਐਸ. | 53 | 53 | 00 | 56 | 55 | 01 | 20 | 20 | 00 | 129 | 128 | 01 |
| 4. | ਸਾਇੰਸ | 30 | 29 | 01 | 30 | 30 | 00 | 20 | 18 | 02 | 80 | 77 | 03 |
| 5. | ਮੈਥ | 23 | 22 | 01 | 14 | 13 | 01 | 00 | 00 | 00 | 37 | 35 | 02 |
| 6. | ਡੀ.ਪੀ.ਈ. | 13 | 09 | 04 | 14 | 11 | 03 | 00 | 00 | 00 | 27 | 20 | 07 |
| ਕੁੱਲ ਜੋੜ | | 154 | 148 | 06 | 147 | 141 | 06 | 80 | 78 | 02 | 381 | 367 | 14 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

3) ਸੀ. ਐਂਡ ਵੀ. ਕਾਡਰ (ਸਮੂਹ ਸੀਨੀਅਰ ਸੈਕੰਡਰੀ, ਹਾਈ ਅਤੇ ਮਿਡਲ ਸਕੂਲਾਂ ਵਿੱਚ)

| ਲੜੀ ਨੰ: | ਵਿਸ਼ਾ | 13 ਸਰਕਾਰੀ ਸੀਨੀਅਰ ਸੈਕੰਡਰੀ ਸਕੂਲ | | | 14 ਸਰਕਾਰੀ ਹਾਈ ਸਕੂਲ | | | 20 ਸਰਕਾਰੀ ਮਿਡਲ ਸਕੂਲ | | | ਕੁੱਲ 47 ਸਕੂਲਾਂ ਵਿੱਚ | | |
|---|---|---|---|---|---|---|---|---|---|---|---|---|---|
| | | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ |
| 1. | ਡਰਾਇੰਗ | 13 | 13 | 00 | 14 | 14 | 00 | 20 | 18 | 02 | 47 | 45 | 02 |
| 2. | ਪੀ.ਟੀ.ਆਈ. | 01 | 00 | 01 | 01 | 00 | 01 | 19 | 15 | 04 | 21 | 15 | 06 |
| ਕੁੱਲ ਜੋੜ | | 14 | 13 | 01 | 15 | 14 | 01 | 39 | 33 | 06 | 68 | 60 | 08 |

Original with;
Punjab Vidhan Sabha
Digitized by;
Panjab Digital Library

## ਅਨੁਲੱਗ "ੲ"

### ਹਲਕਾ ਘਨੌਰ ਵਿਖੇ ਪ੍ਰਾਇਮਰੀ ਸਕੂਲਾਂ ਅਧੀਨ ਖਾਲੀ ਅਸਾਮੀਆਂ ਦੇ ਵੇਰਵੇ

i) ਕੈਟਾਗਰੀ ਵਾਈਜ਼ ਮਨਜ਼ੂਰ, ਭਰੀਆਂ ਅਤੇ ਖਾਲੀ ਅਸਾਮੀਆਂ ਦੀ ਸੂਚਨਾ

| ਲੜੀ ਨੰ: | ਅਸਾਮੀ ਦਾ ਨਾਂ | ਮਨਜ਼ੂਰਸ਼ੁਦਾ ਅਸਾਮੀਆਂ | ਭਰੀਆਂ ਅਸਾਮੀਆਂ | ਖਾਲੀ ਅਸਾਮੀਆਂ | ਵਿਸ਼ੇਸ਼ ਕਥਨ |
|---|---|---|---|---|---|
| 1. | ਸੈਂਟਰ ਹੈੱਡ ਟੀਚਰ | 15 | 13 | 02 | ਡਿਟੇਲ ਹੇਠ ਅਨੁਸਾਰ ਲੜੀ ਨੰ: ii |
| 2. | ਹੈੱਡ ਟੀਚਰ | 47 | 29 | 18 | ਡਿਟੇਲ ਹੇਠ ਅਨੁਸਾਰ ਲੜੀ ਨੰ: iii |
| 3. | ਜੇ.ਬੀ.ਟੀ. | 201 | 164 | 37 | ਡਿਟੇਲ ਹੇਠ ਅਨੁਸਾਰ ਲੜੀ ਨੰ: iv |
| ਕੁੱਲ ਜੋੜ | | 263 | 206 | 57 | - |

ii) ਪ੍ਰਾਇਮਰੀ ਸਕੂਲਾਂ ਵਿੱਚ ਸੈਂਟਰ ਹੈੱਡ ਟੀਚਰਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

| ਲੜੀ ਨੰ: | ਸਕੂਲ ਦਾ ਨਾਂ | ਖਾਲੀ ਅਸਾਮੀਆਂ |
|---|---|---|
| 1. | ਜਨਸੂਆ | 01 |
| 2. | ਘੱਗਰ ਸਰਾਏ | 01 |
| ਕੁੱਲ ਜੋੜ | | 02 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

**iii) ਪ੍ਰਾਇਮਰੀ ਸਕੂਲਾਂ ਵਿੱਚ ਹੈੱਡ ਟੀਚਰਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ**

| ਲੜੀ ਨੰ: | ਸਕੂਲ ਦਾ ਨਾਂ | ਖਾਲੀ ਅਸਾਮੀਆਂ |
|---|---|---|
| 1. | ਨਰੜੂ | 01 |
| 2. | ਗੋਪਾਲਪੁਰ | 01 |
| 3. | ਥੂਹਾ | 01 |
| 4. | ਨੇਪਰਾ | 01 |
| 5. | ਬਠੌਣੀਆਂ | 01 |
| 6. | ਚਲਹੇੜੀ | 01 |
| 7. | ਨੌਸ਼ਹਿਰਾ | 01 |
| 8. | ਜਮੀਤਗੜ੍ਹ | 01 |
| 9. | ਮੋਹੀ ਕਲਾਂ | 01 |
| 10. | ਅਲੰਮਦੀਪੁਰ | 01 |
| 11. | ਭੱਟਮਾਜਰਾ | 01 |
| 12. | ਚਮਾਰੂ | 01 |
| 13. | ਚੱਪੜ | 01 |
| 14. | ਘਨੌਰ | 01 |
| 15. | ਕਬੂਲਪੁਰ | 01 |
| 16. | ਮੰਡੌਲੀ | 01 |
| 17. | ਸ਼ੇਖੂਪੁਰਾ | 01 |
| 18. | ਸੌਂਟਾਂ | 01 |
| | ਕੁੱਲ ਜੋੜ | 18 |

Original with;
Punjab Vidhan Sabha
Digitized by:
Panjab Digital Library

iv) ਸਕੂਲਵਾਰ ਜੇ.ਬੀ.ਟੀ. ਟੀਚਰਾਂ ਦੀਆਂ ਖਾਲੀ ਅਸਾਮੀਆਂ ਦੇ ਵੇਰਵੇ

| ਲੜੀ ਨੰ: | ਸਕੂਲ ਦਾ ਨਾਂ | ਖਾਲੀ ਅਸਾਮੀਆਂ |
|---|---|---|
| 1. | ਆਕੜ | 01 |
| 2. | ਬੂਹਾ | 01 |
| 3. | ਜਨਸੂਆ | 02 |
| 4. | ਢਕਾਨਸੂ ਕਲਾਂ | 02 |
| 5. | ਮਿਰਜ਼ਾਪੁਰ | 02 |
| 6. | ਘੱਗਰ ਸਰਾਏ | 01 |
| 7. | ਸਰਾਏ ਮੁਗਲ | 01 |
| 8. | ਮਰਦਾਂਪੁਰ | 02 |
| 9. | ਬਪਰੌਰ | 01 |
| 10. | ਜਮੀਤਗੜ੍ਹ | 02 |
| 11. | ਸੈਦਖੇੜੀ | 02 |
| 12. | ਦੜ੍ਹਬਾ | 01 |
| 13. | ਸ਼ੰਭੂ ਕਲਾਂ | 01 |
| 14. | ਰਾਮ ਨਗਰ ਸੈਣੀਆਂ | 02 |
| 15. | ਸੁਰੋਂ | 02 |
| 16. | ਘਨੌਰੀ ਖੇੜਾ | 01 |
| 17. | ਘਨੌਰ | 01 |
| 18. | ਕਾਮੀ ਕਲਾਂ | 01 |
| 19. | ਲੋਹ ਸਿੰਬਲੀ | 02 |
| 20. | ਮਹਿਦੂਦਾਂ | 01 |
| 21. | ਨੱਥੂ ਮਾਜਰਾ | 02 |
| 22. | ਰਾਮਪੁਰ | 01 |
| 23. | ਸਰਾਲਾ ਕਲਾਂ | 01 |
| 24. | ਸੀਲ | 01 |
| 25. | ਸ਼ੇਖੂਪੁਰ | 01 |
| 26. | ਸੇਰਾ | 01 |
| 27. | ਉਲਾਣਾ | 01 |
| | ਕੁੱਲ | 37 |

Original with;
Punjab Vidhan Sabha
Digitized by;
Panjab Digital Library

**ਸ਼੍ਰੀ ਮਦਨ ਲਾਲ ਠੇਕੇਦਾਰ** : ਸਪੀਕਰ ਸਾਹਿਬ, ਜੋ ਇਨਫਰਮੇਸ਼ਨ ਮਨਿਸਟਰ ਸਾਹਿਬ ਨੇ ਦਿੱਤੀ ਹੈ, ਇਹ ਅਧੂਰੀ ਹੈ। ਘਨੌਰ ਸ਼ਹਿਰ ਵਿੱਚ ਸੀਨੀਅਰ ਸੈਕੰਡਰੀ ਸਕੂਲ ਵਿੱਚ 4 ਵੋਕੇਸ਼ਨਲ ਟੀਚਰਾਂ ਦੀਆਂ ਅਸਾਮੀਆਂ ਹਨ ਅਤੇ 4 ਹੀ ਖਾਲੀ ਪਈਆਂ ਹਨ। ਉਥੇ ਦੂਜਾ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਵਿੱਚ ਹਿਸਟਰੀ ਦਾ ਪ੍ਰੋਫੈਸਰ ਪਿਛਲੇ ਲੰਮੇ ਸਮੇਂ ਤੋਂ ਛੁੱਟੀ ਤੇ ਗਿਆ ਹੋਇਆ ਹੈ ਜਿਸ ਕਰਕੇ ਉਹ ਵੀ ਖਾਲੀ ਪਈ ਹੈ। ਇਕਨਾਮਿਕਸ ਦਾ ਪ੍ਰੋਫੈਸਰ ਵੀ ਉਥੇ ਨਹੀਂ ਹੈ। ਇਸ ਤਰ੍ਹਾਂ ਇਨ੍ਹਾਂ ਨੇ ਅਧੂਰਾ ਜਵਾਬ ਦਿੱਤਾ ਹੈ। ਇਸ ਵਿਭਾਗ ਦੇ ਜਿਨ੍ਹਾਂ ਅਫ਼ਸਰਾਂ ਨੇ ਹਾਊਸ ਵਿੱਚ ਅਧੂਰਾ ਜਵਾਬ ਭੇਜਿਆ ਹੈ, ਗਲਤ ਜਵਾਬ ਦਿੱਤਾ ਹੈ, ਇਸ ਦੇ ਬਾਰੇ ਮੈਂ ਮੰਤਰੀ ਜੀ ਨੂੰ ਇਹ ਬੇਨਤੀ ਕਰਾਂਗਾ ਕਿ ਉਨ੍ਹਾਂ ਅਫ਼ਸਰਾਂ ਦੀ ਜ਼ਿੰਮੇਵਾਰੀ ਫਿਕਸ ਕਰਨ ਅਤੇ ਇਸ ਗੱਲ ਦਾ ਵੀ ਹਾਊਸ ਵਿੱਚ ਵਿਸ਼ਵਾਸ ਦਿਵਾਉਣ ਕਿ ਇਹ ਪੋਸਟਾਂ ਕਦੋਂ ਤੱਕ ਭਰ ਦਿੱਤੀਆਂ ਜਾਣਗੀਆਂ।

**ਮੰਤਰੀ** : ਸਪੀਕਰ ਸਾਹਿਬ, ਹਲਕੇ ਵਿੱਚ ਵੱਖ-ਵੱਖ ਵਿਸ਼ਿਆਂ ਨਾਲ ਸਬੰਧਿਤ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਵਿੱਚ ਲੈਕਚਰਾਰਜ਼ ਦੀਆਂ 12 ਅਸਾਮੀਆਂ ਖਾਲੀ ਹਨ ਜਿਸ ਵਿੱਚੋਂ ਪੰਜਾਬੀ ਦੀਆਂ ਤਿੰਨ, ਪੁਲੀਟੀਕਲ ਸਾਇੰਸ ਦੀਆਂ ਦੋ, ਇਕਨਾਮਿਕਸ ਦੀਆਂ 2, ਹਿਸਟਰੀ ਦੀਆਂ ਚਾਰ ਅਤੇ ਕਮਰਸ ਦੀ ਇੱਕ ਅਸਾਮੀ ਖਾਲੀ ਪਈ ਹੈ। ਇਸ ਹਲਕੇ ਦੇ ਦੋ ਵੱਖ-ਵੱਖ ਸਰਕਾਰੀ ਸਕੂਲਾਂ ਵਿੱਚ ਮਾਸਟਰ ਕਾਡਰ ਦੀਆਂ 14 ਅਸਾਮੀਆਂ ਖਾਲੀ ਪਈਆਂ ਹਨ, ਜਿਨ੍ਹਾਂ ਵਿੱਚੋਂ ਹਿੰਦੀ ਦੀ ਇੱਕ, ਐਸ.ਐਸ. ਦੀ ਇੱਕ, ਸਾਇੰਸ ਦੀਆਂ ਤਿੰਨ, ਮੈਥ ਦੀਆਂ ਦੋ ਅਤੇ ਡੀ.ਪੀ.ਆਈ. ਦੀਆਂ 7 ਅਸਾਮੀਆਂ ਖਾਲੀ ਪਈਆਂ ਹਨ। ਉਪਰੋਕਤ ਤੋਂ ਇਲਾਵਾ ਇਨ੍ਹਾਂ ਸਕੂਲਾਂ ਵਿੱਚ ਸੀ. ਐਂਡ ਵੀ. ਕਾਡਰ ਦੀਆਂ 8 ਅਸਾਮੀਆਂ ਖਾਲੀ ਹਨ ਜਿਨ੍ਹਾਂ ਵਿੱਚ ਡਰਾਇੰਗ ਦੀਆਂ ਦੋ ਅਤੇ ਪੀ.ਟੀ.ਆਈ ਦੀਆਂ 6 ਹਨ। ਧਿਆਨ ਹਿੱਤ ਦੱਸਿਆ ਜਾਂਦਾ ਹੈ ਕਿ ਵਿਭਾਗ ਵੱਲੋਂ ਰਾਜ ਦੇ ਸਮੂਹ ਸਰਕਾਰੀ ਸਕੂਲਾਂ ਵਿੱਚ ਖਾਲੀ ਅਸਾਮੀਆਂ ਭਰਨ ਹਿੱਤ ਪਹਿਲਾਂ ਹੀ ਨਵੀਂ ਭਰਤੀ ਅਤੇ ਤਰੱਕੀ ਰਾਹੀਂ ਕਾਰਵਾਈ ਕੀਤੀ ਜਾ ਰਹੀ ਹੈ। ਵੱਖ-ਵੱਖ ਵਿਸ਼ਿਆਂ ਅਧੀਨ ਮਾਸਟਰ ਕਾਡਰ ਦੀਆਂ 4,155, ਸੀ. ਐਂਡ ਵੀ. ਦੀਆਂ 646 ਅਤੇ ਲੈਕਚਰਾਰਜ਼ ਦੀਆਂ 25 ਅਸਾਮੀਆਂ ਦੀ ਸਿੱਧੀ ਭਰਤੀ ਹਿਤ ਮਿਤੀ 7.5.2011 ਨੂੰ ਵੱਖ-ਵੱਖ ਅਖ਼ਬਾਰਾਂ ਵਿੱਚ ਵਿਗਿਆਪਨ ਦਿੱਤਾ ਗਿਆ ਹੈ ਅਤੇ ਨਿਯੁਕਤੀ ਕਰਨ ਲਈ ਇੱਕ ਚੋਣ ਕਮੇਟੀ ਦਾ ਗਠਨ ਵੀ ਕੀਤਾ ਗਿਆ ਹੈ। ਇਸੇ ਤਰ੍ਹਾਂ ਜੇ.ਬੀ.ਟੀ., ਸੀ. ਐਂਡ ਵੀ., ਈ.ਟੀ.ਟੀ. ਆਦਿ ਹੇਠਲੇ ਕਾਡਰਾਂ ਤੋਂ ਬਤੌਰ ਮਾਸਟਰ ਤਰੱਕੀ ਹਿਤ ਕੇਸਾਂ ਤੇ ਕਾਰਵਾਈ ਕੀਤੀ ਜਾ ਰਹੀ ਹੈ। ਪ੍ਰਾਇਮਰੀ ਸਿੱਖਿਆ ਅਧੀਨ ਹਲਕੇ ਦੇ ਸਰਕਾਰੀ ਪ੍ਰਾਇਮਰੀ ਸਕੂਲਾਂ ਵਿੱਚ ਕੁੱਲ 57 ਅਸਾਮੀਆਂ ਖਾਲੀ ਹਨ ਜਿਨ੍ਹਾਂ ਵਿੱਚ ਸੈਂਟਰ ਹੈੱਡ ਟੀਚਰ ਦੀਆਂ ਦੋ, ਹੈੱਡ ਟੀਚਰਾਂ ਦੀਆਂ 18 ਅਤੇ ਜੇ.ਬੀ.ਟੀ. ਦੀਆਂ 37 ਅਸਾਮੀਆਂ ਖਾਲੀ ਹਨ। ਇਨ੍ਹਾਂ ਸਬੰਧੀ ਸਕੂਲ-ਵਾਰ ਵੇਰਵੇ ਅਨੁਲੱਗ "ੲ" ਵਿੱਚ ਦਿੱਤੇ ਗਏ ਹਨ। ਉਕਤ ਅਨੁਸਾਰ ਤਰੱਕੀ, ਭਰਤੀ ਅਤੇ ਰੈਸ਼ਨੇਲਾਈਜ਼ੇਸ਼ਨ ਰਾਹੀਂ ਅਧਿਆਪਕਾਂ ਦੀਆਂ ਅਸਾਮੀਆਂ ਭਰਨ ਸਮੇਂ ਘਨੌਰ ਹਲਕੇ ਨੂੰ ਤਰਜੀਹ ਅਨੁਸਾਰ ਵਿਚਾਰਿਆ ਜਾਵੇਗਾ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੇਰੀ ਬੇਨਤੀ ਇਹ ਹੈ ਕਿ ਗਰੀਬ ਆਦਮੀ ਜਿਹੜਾ ਹੈ, ਉਸਦੇ ਬੱਚੇ ਨੂੰ ਪੜ੍ਹਾਉਣ ਦਾ ਇੱਕੋ ਇੱਕ ਸਾਧਨ ਸਰਕਾਰੀ

Original with;
Punjab Vidhan Sabha
Digitized by;
Panjab Digital Library

ਸਕੂਲ ਹੈ ਪਰੰਤੂ ਸਰਕਾਰੀ ਸਕੂਲਾਂ ਦੇ ਵਿੱਚ ਅਧਿਆਪਕਾਂ ਦੀਆਂ 1/4 ਅਸਾਮੀਆਂ ਖਾਲੀ ਪਈਆਂ ਹਨ । ਮੈਂ ਮੰਤਰੀ ਜੀ ਕੋਲੋਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਸਰਕਾਰ ਦਾ ਸਮਾਂ ਖਤਮ ਹੋ ਗਿਆ ਹੈ, ਕੀ ਕਾਰਨ ਹੈ ਕਿ ਸਾਢੇ ਚਾਰ ਸਾਲਾਂ ਦੇ ਸਮੇਂ ਵਿੱਚ, ਪੰਜ ਸਾਲਾਂ ਵਿੱਚ ਇਹ ਸਕੂਲਾਂ ਵਿੱਚ ਪੂਰੇ ਟੀਚਰ ਪ੍ਰੋਵਾਈਡ ਨਹੀਂ ਕਰਵਾ ਸਕੇ ?

**ਮਾਨਯੋਗ ਸਪੀਕਰ** : ਸੈਸ਼ਨ ਹੀ ਖਤਮ ਹੋਇਆ ਹੈ, ਸਰਕਾਰ ਤਾਂ ਹਾਲੇ ਚੱਲਣੀ ਹੈ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਤੁਹਾਡੇ ਕੋਲੋਂ ਉਮੀਦ ਰੱਖਦਾ ਹਾਂ ਕਿ ਸਪੀਕਰ ਦੇ ਅਹੁਦੇ ਤੇ ਹੁੰਦੇ ਹੋਏ ਤੁਸੀਂ ਇਨ੍ਹਾਂ ਵੱਲੋਂ ਜਵਾਬ ਨਾ ਦਿਉ ਜੀ । ਇਨ੍ਹਾਂ ਨੂੰ ਦੱਸ ਲੈਣ ਦਿਉ ਜੀ ਕਿ ਪੰਜ ਸਾਲਾਂ ਦੇ ਸਮੇਂ ਵਿੱਚ ਇਹ ਗਰੀਬਾਂ ਦੇ ਬੱਚਿਆਂ ਨੂੰ ਪੜ੍ਹਾਉਣ ਵਾਸਤੇ ਸਕੂਲਾਂ ਵਿੱਚ ਟੀਚਰ ਕਿਉਂ ਪ੍ਰੋਵਾਈਡ ਨਹੀਂ ਕਰ ਸਕੇ ? ਅੱਜ ਸਰਕਾਰੀ ਸਕੂਲਾਂ ਦਾ ਰਿਜ਼ਲਟ 25% ਆ ਰਿਹਾ ਹੈ ਅਤੇ ਅਮੀਰ ਆਦਮੀ ਦਾ ਬੱਚਾ 80-90% ਨੰਬਰ ਲੈ ਰਿਹਾ ਹੈ ਅਤੇ ਗਰੀਬ ਦਾ ਬੱਚਾ ਫੇਲ੍ਹ ਹੋ ਰਿਹਾ ਹੈ, ਸਿਰਫ ਇਸ ਕਰਕੇ ਕਿ ਜਿਹੜੀ ਪੰਜਾਬ ਸਰਕਾਰ ਹੈ, ਉਹ ਸਕੂਲਾਂ ਵਿੱਚ ਟੀਚਰ ਨਹੀਂ ਭੇਜ ਸਕੀ । ਮੇਰੇ ਹਲਕੇ ਵਿੱਚ 10 ਸਕੂਲ ਟੀਚਰਲੈੱਸ ਚੱਲ ਰਹੇ ਹਨ । ਹਰ ਰੋਜ਼ ਬੱਚੇ ਆਉਂਦੇ ਹਨ, ਸਰਕਾਰ ਨੂੰ ਸਤਿ ਸ੍ਰੀ ਅਕਾਲ ਕਰਕੇ, ਜਿਹੜੀਆਂ ਉਥੇ ਫੋਟੋਆਂ ਲੱਗੀਆਂ ਹੋਈਆਂ ਹਨ, ਉਨ੍ਹਾਂ ਨੂੰ ਦੇਖ ਕੇ ਵਾਪਸ ਚਲੇ ਜਾਂਦੇ ਹਨ। ਮੈਂ ਬੇਨਤੀ ਕਰਦਾ ਹਾਂ ਕਿ ਮੰਤਰੀ ਜੀ ਦੱਸਣ ਕਿ ਗਰੀਬਾਂ ਨੂੰ ਸਕੂਲਾਂ ਦੇ ਵਿੱਚ ਕਿਉਂ ਰੋਲਿਆ ਗਿਆ ਅਤੇ ਅੱਜ ਤੱਕ ਸਕੂਲਾਂ ਵਿੱਚ ਟੀਚਰ ਕਿਉਂ ਨਹੀਂ ਪ੍ਰੋਵਾਈਡ ਕਰਵਾਏ ਗਏ?

**ਮਾਨਯੋਗ ਸਪੀਕਰ** : ਮੈਂ ਤੁਹਾਡੇ ਨਾਲ ਗੱਲ ਕਰਦਾ ਹਾਂ ਕਿ ਕੀ ਇਹ ਪੋਸਟਾਂ ਸਾਰੀਆਂ ਹੁਣੇ ਹੀ ਖਾਲੀ ਹੋਈਆਂ ਹਨ ? (ਵਿਘਨ) ਪਲੀਜ਼ ਤੁਸੀਂ ਬੈਠੋ, ਮੇਰੀ ਗੱਲ ਦਾ ਜਵਾਬ ਦਿਉ । (ਵਿਘਨ) ਮੇਰੀ ਗੱਲ ਸੁਣਨ ਦੀ ਕੋਸ਼ਿਸ਼ ਕਿਉਂ ਨਹੀਂ ਕਰ ਰਹੇ ? ਤੁਸੀਂ ਬੈਠੋ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਕੋਈ ਪਹਿਲੀ ਵਾਰ ਸਵਾਲ ਨਹੀਂ ਕੀਤਾ । ਮੈਂ ਜਦੋਂ ਤੋਂ ਐਮ. ਐਲ. ਏ. ਚੁਣ ਕੇ ਆਇਆ ਹਾਂ ਉਦੋਂ ਤੋਂ ਹੀ ਮੈਂ ਗਰੀਬਾਂ ਦੇ ਬੱਚਿਆਂ ਦੀ ਗੱਲ ਕਰਦਾ ਆ ਰਿਹਾ ਹਾਂ ।

**ਮਾਨਯੋਗ ਸਪੀਕਰ** : ਚਲੋ, ਤੁਹਾਡਾ ਧੰਨਵਾਦ, ਤੁਸੀਂ ਪਹਿਲਾਂ ਮੇਰੀ ਗੱਲ ਸੁਣੋ । (ਵਿਘਨ) ਤੁਸੀਂ ਗੱਲ ਕਿਉਂ ਨਹੀਂ ਸੁਣਦੇ ? ਹੁਣ ਤੱਕ 54,000 ਟੀਚਰ ਭਰਤੀ ਹੋ ਚੁੱਕੇ ਹਨ । ਇਹ ਪਿਛਲੇ ਪੰਜ ਸਾਲਾਂ ਵਿਚ ਭਰਤੀ ਕੀਤੇ ਗਏ ਹਨ ਜਿਹੜੇ ਕਿ ਵੱਖ-ਵੱਖ ਸਕੂਲਾਂ ਵਿਚ ਚਲੇ ਗਏ ਹਨ । ਸਾਡੇ ਇਲਾਕੇ ਵਿੱਚ ਤਾਂ ਪਹਿਲਾਂ ਸਾਰੀਆਂ ਹੀ ਪੋਸਟਾਂ ਖਾਲੀ ਪਈਆਂ ਸਨ । ਇਸ ਕਰਕੇ ਸਰਕਾਰ ਨੇ ਕਾਫੀ ਸਪੀਡ ਨਾਲ ਭਰਤੀ ਕੀਤੀ ਹੈ । ਜਿਥੇ ਪੋਸਟਾਂ ਅਜੇ ਰਹਿ ਗਈਆਂ ਹਨ, ਉਹ ਵੀ ਭਰੀਆਂ ਜਾਣਗੀਆਂ ।

---------

Original with;
Punjab Vidhan Sabha
Digitized by;
Panjab Digital Library

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2252**

**ਮਾਨਯੋਗ ਸਪੀਕਰ** : ਇਸ ਪ੍ਰਸ਼ਨ ਦੀ ਐਕਸਟੈਂਸ਼ਨ ਮੰਗੀ ਗਈ ਹੈ, ਜਿਹੜੀ ਕਿ ਮੈਂ ਅਲਾਓ ਕਰ ਦਿੱਤੀ ਹੈ ।

(ਇਸ ਸਮੇਂ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬਿਨਾ ਇਜਾਜ਼ਤ ਬੋਲ ਰਹੇ ਸਨ।)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਸਾਡੇ ਮੈਂਬਰ ਹਿਸਟੌਰਿਕ ਅਤੇ ਰੀਲੀਜਸ ਸਥਾਨ ਚਮਕੌਰ ਸਾਹਿਬ ਦੀ ਗੱਲ ਕਰ ਰਹੇ ਹਨ । ਸਾਨੂੰ ਇਸ ਗੱਲ ਦੀ ਖੁਸ਼ੀ ਹੈ ਕਿ ਭਾਰਤ ਸਰਕਾਰ ਵੱਲੋਂ ਬਹੁਤ ਸਾਰਾ ਪੈਸਾ ਆ ਰਿਹਾ ਹੈ । ਫਿਰ ਕੀ ਕਾਰਨ ਹੈ ਕਿ ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਗਈ ਹੈ ਕਿਉਂਕਿ ਇਸ ਤੋਂ ਬਾਅਦ ਹੁਣ ਸੈਸ਼ਨ ਤਾਂ ਹੋਰ ਆਉਣਾ ਨਹੀਂ.......

**ਮਾਨਯੋਗ ਸਪੀਕਰ** : ਮੇਰੀ ਗੱਲ ਸੁਣੋ, ਮੇਰੇ ਕੋਲ ਜਿਹੜਾ ਜਵਾਬ ਆਇਆ ਹੈ, ਮੈਂ ਉਸ ਦੀ ਗੱਲ ਕਰ ਰਿਹਾ ਹਾਂ । ਉਨ੍ਹਾਂ ਨੇ ਐਕਸਟੈਂਸ਼ਨ ਮੰਗੀ ਹੈ ਅਤੇ ਮੈਂ ਉਹ ਐਕਸਟੈਂਸ਼ਨ ਦੇ ਦਿੱਤੀ ਹੈ ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਐਕਸਟੈਂਸ਼ਨ ਦੇ ਦਿੱਤੀ ਹੈ, ਤੁਹਾਡੇ ਕੋਲ ਸਾਰੀ ਪਾਵਰ ਹੈ ਪਰ ਮੇਰੀ ਬੇਨਤੀ ਹੈ ਕਿ ਬੜਾ ਸਿੰਪਲ ਜਿਹਾ ਸਵਾਲ ਹੈ ਕਿ ਭਾਰਤ ਸਰਕਾਰ ਤੋਂ ਪੈਸਾ ਆ ਰਿਹਾ ਹੈ, ਇਹ ਇੰਨੀ ਨਾ-ਅਹਿਲ ਸਰਕਾਰ ਹੈ ਕਿ ਉਸ ਨੂੰ ਖ਼ਰਚ ਵੀ ਨਹੀਂ ਕਰ ਸਕੀ । ਮੈਂ ਸਮਝਦੀ ਹਾਂ ਕਿ ਇਸ ਗੱਲ ਤੇ ਮੁਆਫੀ ਮੰਗਣੀ ਚਾਹੀਦੀ ਹੈ ਕਿ ਜਿਨ੍ਹਾਂ ਨੇ ਇਸ ਸਵਾਲ ਦੀ ਐਕਸਟੈਂਸ਼ਨ ਮੰਗੀ ਹੈ ।

(ਇਸ ਦਾ ਕੋਈ ਜਵਾਬ ਨਹੀਂ ਆਇਆ ।)

----------

## ਚੇਅਰਮੈਨ, ਇੰਪਰੂਵਮੈਂਟ ਟਰੱਸਟ, ਕੋਟਕਪੂਰਾ ਦੇ ਦਫ਼ਤਰ ਦਾ ਖ਼ਰਚਾ

*2219. **ਸਰਦਾਰ ਰਿਪਜੀਤ ਸਿੰਘ ਬਰਾੜ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ –

(ੳ) ਜ਼ਿਲ੍ਹਾ ਫਰੀਦਕੋਟ ਵਿੱਚ ਕੋਟਕਪੂਰਾ ਸ਼ਹਿਰ ਵਿਖੇ ਇੰਪਰੂਵਮੈਂਟ ਟਰੱਸਟ ਦੇ ਚੇਅਰਮੈਨ ਦੀ ਨਵੀਂ ਸਿਰਜਿਤ ਕੀਤੀ ਗਈ ਅਸਾਮੀ ਲਈ ਕਿੰਨਾ ਬਜਟ ਮਖ਼ਸੂਸ ਕੀਤਾ ਗਿਆ ਹੈ ਅਤੇ ਉਕਤ ਚੇਅਰਮੈਨ ਨੂੰ ਕਿੰਨੀ ਤਨਖ਼ਾਹ ਦਿੱਤੀ ਜਾਵੇਗੀ ;

(ਅ) ਉਨ੍ਹਾਂ ਦੇ ਦਫ਼ਤਰ ਨੂੰ ਹੋਰ ਕਿੰਨਾ ਖ਼ਰਚਾ ਕੀਤੇ ਜਾਣ ਦੀ ਆਗਿਆ ਹੋਵੇਗੀ ਅਤੇ ਉਨ੍ਹਾਂ ਦੇ ਦਫ਼ਤਰ ਵਿੱਚ ਕਿੰਨੇ ਕਰਮਚਾਰੀ ਲਗਾਏ ਜਾਣਗੇ?

---

** For Starred Question No. 2252 and reply thereto please see Appendix to this Debate.

Original with;
Punjab Vidhan Sabha
Digitized by;
Panjab Digital Library

**ਸ਼੍ਰੀ ਤਿਕਸ਼ਨ ਸੂਦ** : (ੳ) ਕੋਟਕਪੂਰਾ ਸ਼ਹਿਰ ਵਿਖੇ ਨਗਰ ਸੁਧਾਰ ਟਰੱਸਟ ਦੇ ਚੇਅਰਮੈਨ ਦੀ ਨਵੀਂ ਸਿਰਜਿਤ ਹੋਈ ਅਸਾਮੀ ਲਈ ਅਜੇ ਕੋਈ ਬਜਟ ਨਿਸ਼ਚਿਤ ਨਹੀਂ ਕੀਤਾ ਗਿਆ । ਜਿਥੋਂ ਤੱਕ ਚੇਅਰਮੈਨ ਦੀ ਤਨਖ਼ਾਹ ਦਾ ਸਬੰਧ ਹੈ, ਕਲਾਸ-3 ਨਗਰ ਸੁਧਾਰ ਟਰੱਸਟਾਂ ਦੇ ਚੇਅਰਮੈਨਾਂ ਨੂੰ ਕੇਵਲ 5,000/- ਰੁਪਏ ਪ੍ਰਤੀ ਮਹੀਨਾ ਮਾਨ ਭੇਟਾ ਦਿੱਤਾ ਜਾਂਦਾ ਹੈ ।

(ਅ) ਦਫ਼ਤਰ ਦੇ ਖਰਚਿਆਂ ਅਤੇ ਸਟਾਫ ਦੇਣ ਸਬੰਧੀ ਮਾਮਲਾ ਵਿਚਾਰ ਅਧੀਨ ਹੈ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਸਰਕਾਰ ਨੇ ਇੱਕ ਨਵੀਂ ਨਿਯੁਕਤੀ ਕਰਕੇ ਸ਼ਹਿਰ ਦੇ ਇੰਪਰੂਵਮੈਂਟ ਟਰੱਸਟ ਦਾ ਚੇਅਰਮੈਨ ਲਗਾਇਆ ਹੈ । ਇਹ ਜਵਾਬ ਦੇ ਰਹੇ ਹਨ : "No budget has been sanctioned for the post as yet." ਫਿਰ ਮੈਂ ਬੇਨਤੀ ਕੀਤੀ ਕਿ ਕੀ ਉਥੇ ਕੋਈ ਸਟਾਫ ਮੁਹੱਈਆ ਕੀਤਾ ਗਿਆ ਹੈ ਤਾਂ ਜੋ ਸ਼ਹਿਰ ਦੇ ਇੰਪਰੂਵਮੈਂਟ ਟਰੱਸਟ ਨੂੰ ਬਿਹਤਰ ਢੰਗ ਨਾਲ਼ ਚਲਾਇਆ ਜਾ ਸਕੇ । ਇਨ੍ਹਾਂ ਨੇ ਕਿਹਾ ਕਿ ਕੋਈ ਵੀ ਸਟਾਫ ਅਜੇ ਤੱਕ ਉਥੇ ਨਹੀਂ ਲਗਾਇਆ ਗਿਆ, ਨਾ ਕੋਈ ਐਕਸਪੈਂਡੀਚਰ ਕੀਤਾ ਹੈ ਅਤੇ ਨਾ ਹੀ ਕੋਈ ਬਜਟ ਇਸ ਲਈ ਰਾਖਵਾਂ ਰੱਖਿਆ ਹੈ । ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਕੇਵਲ ਪੋਲੀਟੀਕਲੀ ਪੈਟਰੋਨਾਈਜ਼ ਕਰਨ ਵਾਸਤੇ ਕਿਸੇ ਵਿਅਕਤੀ ਨੂੰ ਚੇਅਰਮੈਨ ਲਗਾਇਆ ਜਾ ਸਕਦਾ ਹੈ ਪ੍ਰੰਤੂ ਉਸ ਟਰੱਸਟ ਨੂੰ ਚਲਾਉਣ ਵਾਸਤੇ ਕੋਈ ਫੰਡ ਨਹੀਂ, ਕੋਈ ਸਟਾਫ ਨਹੀਂ ਦਿੱਤਾ ਗਿਆ..........

**ਮਾਨਯੋਗ ਸਪੀਕਰ** : ਤੁਸੀਂ ਸਵਾਲ ਕਰੋ । ਤੁਸੀਂ ਤਾਂ ਬਹਿਸ ਵਿੱਚ ਪੈ ਗਏ ਹੋ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਸਰ, ਮੈਂ ਸਵਾਲ ਹੀ ਕਰ ਰਿਹਾ ਹਾਂ । ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਚੇਅਰਮੈਨ ਸ਼ਹਿਰ ਦੇ ਵਿਕਾਸ ਲਈ ਕੀ ਕਰਨਗੇ, ਜਦੋਂ ਕਿ ਤੁਸੀਂ ਉਸ ਲਈ ਕੁਝ ਵੀ ਰਾਖਵਾਂ ਨਹੀਂ ਰੱਖਿਆ ।

**ਮੰਤਰੀ** : ਸਪੀਕਰ ਸਾਹਿਬ, ਰਾਜ ਸਰਕਾਰ ਵੱਲੋਂ ਨਗਰ ਸੁਧਾਰ ਟਰੱਸਟ, ਕੋਟਕਪੂਰਾ, ਜੋ ਨਗਰ ਕੌਂਸਲ, ਕੋਟਕਪੂਰਾ ਵਿੱਚ ਮਰਜ ਕੀਤਾ ਸੀ, ਨੂੰ ਹੁਣ ਨੋਟੀਫਿਕੇਸ਼ਨ ਨੰ: 10/96/10-1ਸਸ2/ਮਿਤੀ 6.6.2011 ਨੂੰ ਬਹਾਲ ਕੀਤਾ ਗਿਆ ਹੈ ਜਿਸ ਦਾ ਸ਼੍ਰੀ ਰਾਮ ਪ੍ਰਕਾਸ਼ ਚੋਪੜਾ, ਵਾਸੀ ਕੋਟਕਪੂਰਾ ਨੂੰ ਦੋ ਸਾਲ ਲਈ ਚੇਅਰਮੈਨ ਲਗਾਇਆ ਗਿਆ ਹੈ ।

ਨਗਰ ਸੁਧਾਰ ਟਰੱਸਟ, ਕੋਟਕਪੂਰਾ ਲਈ ਬਜਟ ਆਦਿ ਉਪਬੰਧ ਕਰਾਉਣ ਲਈ ਮਾਮਲਾ ਵਿਚਾਰ ਅਧੀਨ ਹੈ । (ਇਹ ਕੇਸ ਵਿੱਤ ਵਿਭਾਗ ਨੂੰ ਗਿਆ ਸੀ ਜਿਨ੍ਹਾਂ ਨੇ ਸੋਧੇ ਅਨੁਮਾਨਾਂ ਨੂੰ ਪੇਸ਼ ਕਰਨ ਲਈ ਕਿਹਾ ਹੈ) ਕਿਉਂਜੋ ਉਨ੍ਹਾਂ ਪਾਸ ਆਪਣਾ ਕੋਈ ਦਫ਼ਤਰ ਨਹੀਂ ਸੀ ਇਸ ਕਰਕੇ ਉਨ੍ਹਾਂ ਨੂੰ ਨਗਰ ਕੌਂਸਲ, ਕੋਟਕਪੂਰਾ ਵੱਲੋ. ਸੈਂਟਰਲ ਬੈਰੀਅਰ (ਕੇਂਦਰੀ ਚੂੰਗੀ ਵਾਲੀ ਜਗ੍ਹਾ) ਜੋ ਨਗਰ ਕੌਂਸਲ ਦੀ ਹੈ, ਦਫ਼ਤਰੀ ਕੰਮ-ਕਾਜ ਚਲਾਉਣ ਲਈ ਦਿੱਤੀ ਹੋਈ ਹੈ। ਇਸ ਸਮੇਂ ਨਗਰ ਸੁਧਾਰ ਟਰੱਸਟ, ਕੋਟਕਪੂਰਾ ਵਿਖੇ ਨਿਯਮਤ ਤੌਰ ਤੇ ਕਾਰਜ ਸਾਧਕ ਅਫ਼ਸਰ, ਇੱਕ ਸਫਾਈ ਸੇਵਕ-ਕਮ-ਚੌਕੀਦਾਰ ਅਤੇ ਇੱਕ ਬੇਲਦਾਰ ਕੰਮ ਕਰ ਰਿਹਾ ਹੈ, ਜਦੋਂ ਕਿ ਨਗਰ ਸੁਧਾਰ ਟਰੱਸਟ, ਕੋਟਕਪੂਰਾ ਦਾ ਕੰਮ-ਕਾਜ ਚਲਾਉਣ ਲਈ ਸਹਾਇਕ ਟਰੱਸਟ ਇੰਜੀਨੀਅਰ ਅਤੇ ਸੀਨੀਅਰ ਸਹਾਇਕ ਨੂੰ ਵਾਧੂ ਚਾਰਜ ਦਿੱਤਾ ਹੋਇਆ ਹੈ ।

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

ਨਗਰ ਸੁਧਾਰ ਟਰੱਸਟ, ਕੋਟਕਪੂਰਾ ਵਿਖੇ ਬਜਟ ਉਪਬੰਧ ਹੋਣ ਉਪਰੰਤ ਜੂਨੀਅਰ ਇੰਜੀਨੀਅਰ, ਲੇਖਾਕਾਰ, ਡਰਾਫਟਸਮੈਨ, ਕਲਰਕ, ਪਟਵਾਰੀ, ਕੰਪਿਊਟਰ ਓਪਰੇਟਰ ਅਤੇ ਡਰਾਈਵਰ ਆਦਿ ਦੀ ਨਿਯਮਾਂ/ਹਦਾਇਤਾਂ ਅਨੁਸਾਰ ਤਾਇਨਾਤੀ ਕਰਨ ਲਈ ਮਾਮਲਾ ਵਿਚਾਰਿਆ ਜਾਵੇਗਾ । ਸਪੀਕਰ ਸਾਹਿਬ, ਇਹ ਐਕਚੂਅਲੀ ਜਿਹੜਾ ਬਜਟ ਦਾ ਪ੍ਰਬੰਧ ਕਰਨਾ ਹੈ, ਇਹ ਟਰੱਸਟ ਨੇ ਕਰਨਾ ਹੁੰਦਾ ਹੈ ਅਤੇ ਟਰੱਸਟ ਨੇ ਰੈਜ਼ੋਲਿਊਸ਼ਨ ਅਜੇ ਭੇਜਿਆ ਨਹੀਂ ਹੈ । ਅਸੀਂ ਸਰਕਾਰ ਵੱਲੋਂ 25 ਲੱਖ ਰੁਪਿਆ ਦੂਜੇ ਟਰੱਸਟਾਂ ਤੋਂ ਲੋਨ ਲੈਣ ਵਾਸਤੇ ਕਿਹਾ ਸੀ ਅਤੇ ਉਹ ਮਾਮਲਾ ਅਸੀਂ ਐਫ.ਡੀ. ਕੋਲ ਭੇਜਿਆ ਹੈ ਅਤੇ ਉਹ ਪੈਸੇ ਛੇਤੀ ਰਿਲੀਜ਼ ਹੋ ਜਾਣਗੇ ਅਤੇ ਇਨ੍ਹਾਂ ਦਾ ਕੰਮ ਸ਼ੁਰੂ ਕਰ ਦਿੱਤਾ ਜਾਵੇਗਾ । ਕਿਉਂਕਿ ਇਹ ਟਰੱਸਟ ਨਵਾਂ ਸਿਰਜਿਆ ਗਿਆ ਹੈ, ਇਸ ਕਰਕੇ ਟਰੱਸਟ ਨੇ ਆਪਣੀ ਆਮਦਨ ਨੂੰ ਜਨਰੇਟ ਕਰਕੇ ਹੀ ਇਹ ਸਾਰਾ ਕੰਮ-ਕਾਰ ਕਰਨਾ ਹੁੰਦਾ ਹੈ ਅਤੇ ਬਹੁਤ ਛੇਤੀ ਹੀ ਇਹ ਕੰਮ ਹੋ ਜਾਵੇਗਾ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਇੱਕ ਤਾਂ ਜੂਨ ਮਹੀਨੇ ਵਿੱਚ ਉਸ ਦੀ ਨਿਯੁਕਤੀ ਕੀਤੀ ਗਈ । ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਕੇਵਲ ਇੱਕ ਬੇਨਤੀ ਕਰਦਾ ਹਾਂ ਕਿ ਸ਼ਹਿਰ ਦਾ ਉਹ ਸਭ ਤੋਂ ਬਿਜ਼ੀ (Busy) ਏਰੀਆ ਹੈ ਜਿੱਥੇ ਚੇਅਰਮੈਨ, ਇੰਪਰੂਵਮੈਂਟ ਟਰੱਸਟ ਨੇ ਆਪਣਾ ਦਫ਼ਤਰ ਕਾਇਮ ਕੀਤਾ ਹੈ ਅਤੇ ਇਹ ਸਭ ਤੋਂ ਜ਼ਿਆਦਾ ਬਿਜ਼ੀ ਰੋਡ ਹੈ । ਉਨ੍ਹਾਂ ਨੇ ਸਰਕਾਰੀ ਜਗ੍ਹਾ ਤੇ ਜਿੱਥੇ ਆਵਾਜਾਈ ਨੂੰ ਵਿਘਨ ਪੈਂਦਾ ਹੈ, ਉਥੇ ਆਪਣਾ ਦਫ਼ਤਰ ਬਣਾ ਲਿਆ ।

**ਮਾਨਯੋਗ ਸਪੀਕਰ** : ਉਹ ਤਾਂ ਬਣ ਗਿਆ, ਉਸ ਤੇ ਤੁਹਾਨੂੰ ਕੀ ਡਿਫੀਕਲਟੀ ਹੈ ?

**ਸਰਦਾਰ ਰਿਪਜੀਤ ਸਿੰਘ ਬਰਾੜ** : ਸਪੀਕਰ ਸਾਹਿਬ, ਉਥੇ ਹਾਹਾਕਾਰ ਮੱਚੀ ਹੋਈ ਹੈ ਜੀ । ਲੋਕ ਤੰਗ ਹਨ ।

**ਮਾਨਯੋਗ ਸਪੀਕਰ** : ਤੁਸੀਂ ਗੱਲ ਮਤਲਬ ਦੀ ਕਰੋ । ਤੁਸੀਂ ਹਮੇਸ਼ਾ ਲੰਮਾ ਭਾਸ਼ਣ ਕਰਦੇ ਹੋ ਅਤੇ ਸਵਾਲ ਰਹਿ ਜਾਂਦੇ ਹਨ ।

**ਸਰਦਾਰ ਰਿਪਜੀਤ ਸਿੰਘ ਬਰਾੜ** : ਇਹ ਗੱਲ ਕੋਈ ਵਜ਼ਨਦਾਰ ਨਹੀਂ ਜੀ ? ਮੈਂ ਤੁਹਾਡੇ ਰਾਹੀਂ ਬੇਨਤੀ ਕਰਦਾ ਹਾਂ ਕਿ ਜਿੱਥੇ ਦਫ਼ਤਰ ਬਣਾ ਲਿਆ ਗਿਆ ਹੈ, ਉਹ ਉਚਿਤ ਜਗ੍ਹਾ ਨਹੀਂ ਹੈ ਅਤੇ ਲੋਕਾਂ ਨੂੰ ਬੜੀ ਪ੍ਰੇਸ਼ਾਨੀ ਹੈ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਨੂੰ ਲਗਦਾ ਹੈ ਕਿ ਇਹ ਸਵਾਲ ਤਾਂ ਸਵਾਲ ਕਰਨ ਲਈ ਕੀਤਾ ਗਿਆ ਹੈ । ਤੁਸੀਂ ਅੰਦਾਜ਼ਾ ਲਗਾਓ ਕਿ ਜਿੱਥੇ ਕੇਂਦਰੀ ਚੁੰਗੀ ਰਹੀ ਹੋਵੇਗੀ ਉਥੇ ਪਤਾ ਨਹੀਂ ਕਿੰਨੇ-ਕਿੰਨੇ ਵਹੀਕਲ ਫੜ ਕੇ ਲਿਆਂਦੇ ਹੋਣਗੇ । ਇਹ ਇੱਕ ਦਫ਼ਤਰ ਜਿਹੜਾ ਇਹ ਆਪ ਹੀ ਕਹਿੰਦੇ ਹਨ ਕਿ ਜਿੱਥੇ ਸਟਾਫ ਵੀ ਪੂਰਾ ਨਹੀਂ, ਆਪਾਂ ਅੰਦਾਜ਼ਾ ਲਗਾ ਸਕਦੇ ਹਾਂ ਕਿ ਉਥੇ ਕਿਸ ਤਰ੍ਹਾਂ ਲੋਕਾਂ ਨੂੰ ਤੰਗੀ ਆ ਰਹੀ ਹੋਵੇਗੀ । ਬਾਕੀ ਇਹ ਆਪ ਸੁਝਾਓ ਦੇ ਦੇਣ, ਜੇ ਇਨ੍ਹਾਂ ਦੀ ਨਜ਼ਰ ਵਿੱਚ ਕੋਈ ਵਧੀਆ ਖੁਲ੍ਹੀ ਜਗ੍ਹਾ ਹੈ, ਅਸੀਂ ਫਿਲਹਾਲ ਉਥੇ ਐਡਹਾਕ ਪ੍ਰਬੰਧ ਕੀਤਾ ਹੈ, ਜਦੋਂ ਟਰੱਸਟ ਰੈਗੂਲਰ ਚੱਲੇਗਾ ਤਾਂ ਅਸੀਂ ਸਭ ਕੁਝ ਕਰਾਂਗੇ । ਸਪੀਕਰ ਸਾਹਿਬ, ਅਜੇ ਜੂਨ ਵਿੱਚ ਤਾਂ ਇਹ ਸ਼ੁਰੂ ਹੋਇਆ ਹੈ ।

----------

Original with;
Punjab Vidhan Sabha
Digitized by;
Panjab Digital Library

## ਸਰਬ ਸੰਮਤੀ ਨਾਲ ਚੁਣੀਆਂ ਗਈਆਂ ਪੰਚਾਇਤਾਂ ਲਈ ਗਰਾਂਟ

*2253. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਪਿਛਲੀਆਂ ਪੰਚਾਇਤ ਚੋਣਾਂ ਦੌਰਾਨ ਰਾਜ ਵਿੱਚ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਗਰਾਮ ਪੰਚਾਇਤਾਂ ਦੀ ਗਿਣਤੀ ਕਿੰਨੀ ਹੈ ਅਤੇ ਅਜਿਹੀਆਂ ਕਿੰਨੀਆਂ ਗਰਾਮ ਪੰਚਾਇਤਾਂ ਨੂੰ ਕਿੰਨੀ ਗਰਾਂਟ ਦਿੱਤੀ ਗਈ ਹੈ ?

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ** : ਸ਼੍ਰੀਮਾਨ ਜੀ, ਆਮ ਚੋਣਾਂ ਸਾਲ 2008 ਵਿੱਚ ਕਰਵਾਈਆਂ ਗਈਆਂ ਸਨ । ਇਨ੍ਹਾਂ ਚੋਣਾਂ ਦੌਰਾਨ 2,806 ਗਰਾਮ ਪੰਚਾਇਤਾਂ ਸਰਬ-ਸੰਮਤੀ ਨਾਲ ਚੁਣੀਆਂ ਗਈਆਂ ਸਨ । ਜਿਥੋਂ ਤੱਕ ਕਿੰਨੀਆਂ ਗਰਾਮ ਪੰਚਾਇਤਾਂ ਨੂੰ ਅਜਿਹੀਆਂ ਗਰਾਂਟਾਂ ਦੇਣ ਦਾ ਸਬੰਧ ਹੈ, ਅਜਿਹੀ ਕਿਸੇ ਪੰਚਾਇਤ ਨੂੰ ਕੋਈ ਗਰਾਂਟ ਨਹੀਂ ਦਿੱਤੀ ਗਈ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਮਾਨਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਢੇ ਤਿੰਨ ਸਾਲ ਪਹਿਲਾਂ ਪੰਚਾਇਤ ਚੋਣਾਂ ਹੋਈਆਂ ਸਨ ਅਤੇ ਚੋਣਾਂ ਸ਼ੁਰੂ ਹੋਣ ਤੋਂ ਪਹਿਲਾਂ ਸਦਨ ਦੇ ਵਿੱਚ ਮਾਨਯੋਗ ਮੁੱਖ ਮੰਤਰੀ ਜੀ ਨੇ ਐਲਾਨ ਕੀਤਾ ਸੀ ਅਤੇ ਪੰਜਾਬ ਦੇ ਲੋਕਾਂ ਨੂੰ ਅਪੀਲ ਕੀਤੀ ਸੀ ਕਿ ਤੁਸੀਂ ਸਰਬ-ਸੰਮਤੀ ਨਾਲ ਪੰਚਾਇਤਾਂ ਚੁਣੋ ਤੇ ਜਿਹੜਾ ਪਿੰਡ ਸਰਬ-ਸੰਮਤੀ ਨਾਲ ਪੰਚਾਇਤ ਚੁਣੇਗਾ ਅਸੀਂ ਉਸ ਨੂੰ 3 ਲੱਖ ਰੁਪਏ ਗਰਾਂਟ ਦੇਵਾਂਗੇ ਅਤੇ ਲੋਕਾਂ ਨੇ ਮੁੱਖ ਮੰਤਰੀ ਜੀ ਦੀ ਸੱਚੀ-ਸੁੱਚੀ ਅਪੀਲ ਸਮਝ ਕੇ 2,806 ਪੰਚਾਇਤਾਂ ਸਰਬ-ਸੰਮਤੀ ਨਾਲ ਚੁਣ ਲਈਆਂ । ਸਪੀਕਰ ਸਾਹਿਬ, ਜੇ ਤਾਂ ਇਹ ਕਿਸੇ ਆਮ ਆਦਮੀ ਨਾਲ ਵਾਅਦਾ ਕੀਤਾ ਹੁੰਦਾ ਜਾਂ ਇਲੈਕਸ਼ਨ ਰੈਲੀ ਵਿੱਚ ਕੀਤਾ ਹੁੰਦਾ ਤਾਂ ਤੇ ਖਾਸ ਗੱਲ ਨਹੀਂ ਕਿਉਂਕਿ ਇਸ ਤਰ੍ਹਾਂ ਦੇ ਵਾਅਦੇ ਪਹਿਲਾਂ ਵੀ ਸਾਡੇ ਹਲਕੇ ਵਿੱਚ ਕਾਲਜ ਬਣਾਉਣ ਅਤੇ ਥੀਮ ਪਾਰਕ ਬਣਾਉਣ ਬਾਰੇ ਅੱਗੇ ਹੋਏ ਹਨ ਲੇਕਿਨ ਸਿਰੇ ਨਹੀਂ ਚੜ੍ਹੇ । ਲੇਕਿਨ ਇਹ ਵਾਅਦਾ ਪੰਜਾਬ ਦੇ ਸਮੁੱਚੇ ਪਿੰਡਾਂ ਦੇ ਨਾਲ ਕੀਤਾ ਗਿਆ, ਇਹ ਵਾਅਦਾ ਪੰਜਾਬ ਦੇ ਨੁਮਾਇੰਦਿਆਂ ਨੂੰ ਚੁਣਨ ਲਈ ਕੀਤਾ ਗਿਆ ਕਿ ਤੁਸੀਂ ਚੁਣ ਕੇ ਆਵੋ ਅਸੀਂ ਤਿੰਨ ਲੱਖ ਰੁਪਿਆ ਹਰ ਪੰਚਾਇਤ ਨੂੰ ਦੇਵਾਂਗੇ। ਅੱਜ ਤਿੰਨ-ਸਾਢੇ ਤਿੰਨ ਸਾਲ ਹੋ ਗਏ ਪਰ ਇੱਕ ਵੀ ਪੈਸਾ ਨਹੀਂ ਦਿੱਤਾ ।

**ਮਾਨਯੋਗ ਸਪੀਕਰ** : ਇਹ ਗੱਲ ਤਾਂ ਤੁਹਾਡੀ ਸਵਾਲ ਵਿੱਚ ਆ ਗਈ ਹੈ ।

**ਸਰਦਾਰ ਚਰਨਜੀਤ ਸਿੰਘ ਚੰਨੀ** : ਸਪੀਕਰ ਸਾਹਿਬ, ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਕੀ ਤੁਸੀਂ ਦੇਵੋਗੇ ? ਜੇ ਨਹੀਂ ਦੇ ਸਕਦੇ ਅਤੇ ਅਰਥ-ਵਿਵਸਥਾ ਤੁਹਾਡੇ ਸਰਕਾਰ ਚਲਾਉਣ ਨਾਲ ਬਹੁਤ ਖਰਾਬ ਹੋ ਗਈ ਹੈ ਅਤੇ 100 ਕਰੋੜ ਰੁਪਏ ਤੁਸੀਂ ਨਹੀਂ ਦੇ ਸਕਦੇ, 88 ਕਰੋੜ ਰੁਪਿਆ ਬਣਦਾ ਹੈ ਫਿਰ ਜਾਂ ਤਾਂ ਤੁਸੀਂ ਪੰਜਾਬ ਦੇ ਲੋਕਾਂ ਤੋਂ ਮੁਆਫ਼ੀ ਮੰਗ ਲਓ ਕਿ ਸਾਡੇ ਹੱਥ ਖੜ੍ਹੇ ਹਨ ਜਾਂ ਤੁਸੀਂ ਇਹ ਕਹਿ ਦਿਓ ਕਿ ਸਾਡੇ ਦੋ ਮਹੀਨੇ ਰਹਿੰਦੇ ਹਨ ਅਤੇ ਅਸੀਂ ਦੇ ਦੇਵਾਂਗੇ, ਦੋਵਾਂ ਵਿੱਚੋਂ ਇੱਕ ਗੱਲ ਕਰ ਲਓ ।

**ਮਾਨਯੋਗ ਸਪੀਕਰ** : ਹਾਂ ਜੀ, ਬ੍ਰਹਮਪੁਰਾ ਸਾਹਿਬ । ਮੈਂ ਤੁਹਾਡਾ ਜਵਾਬ ਪੜ੍ਹਿਆ ਹੈ। ਹਾਂ ਜੀ, ਕੁਝ ਦੇਣ ਦਾ ਇਰਾਦਾ ਹੈ ਜਾਂ ਨਹੀਂ ?

Original with;
Punjab Vidhan Sabha
Digitized by;
Panjab Digital Library

**ਮੰਤਰੀ** : ਸਪੀਕਰ ਸਾਹਿਬ, ਸਾਡਾ ਇਰਾਦਾ ਹੈ । ਇਰਾਦਾ ਕਿਉਂ ਨਹੀਂ ? ਵਿੱਤ ਵਿਭਾਗ ਨੂੰ ਲਿਖਿਆ ਹੈ । ਜਦੋਂ ਯੋਜਨਾਬੰਦੀ ਵਾਲੇ ਪੈਸੇ ਦੇ ਦੇਣਗੇ, ਉਦੋਂ ਦੇ ਦੇਵਾਂਗੇ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਅਗਲਾ ਸਵਾਲ ।

----------

## ਦਿੜ੍ਹਬਾ ਵਿਖੇ ਮਾਰਕੀਟ ਕਮੇਟੀ ਦੀ ਸਥਾਪਨਾ

*2233. **ਸਰਦਾਰ ਸੁਰਜੀਤ ਸਿੰਘ ਧੀਮਾਨ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਦਿੜ੍ਹਬਾ ਵਿਖੇ ਨਵੀਂ ਮਾਰਕੀਟ ਕਮੇਟੀ ਬਣਾਉਣ ਦੀ ਕੋਈ ਤਜਵੀਜ਼ ਹੈ; ਜੇਕਰ ਅਜਿਹਾ ਹੋਵੇ ਤਾਂ ਕਦੋਂ ਤੱਕ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਜੀ ਹਾਂ । ਮਾਰਕੀਟ ਕਮੇਟੀ ਦਿੜ੍ਹਬਾ ਦੀ ਸਥਾਪਨਾ ਕਰਨ ਲਈ ਤਜਵੀਜ਼ ਵਿਚਾਰ ਅਧੀਨ ਹੈ ਜਿਸ ਤੇ ਛੇਤੀ ਹੀ ਸਰਕਾਰ ਵੱਲੋਂ ਫੈਸਲਾ ਲੈ ਲਿਆ ਜਾਵੇਗਾ ।

ਸਪੀਕਰ ਸਾਹਿਬ, ਹੁਣ ਮੈਂ ਇਹ ਵੀ ਦੱਸਣਾ ਚਾਹੁੰਦਾ ਹਾਂ ਕਿ ਦਿੜ੍ਹਬਾ ਮਾਰਕੀਟ ਕਮੇਟੀ ਬਣਾ ਦਿੱਤੀ ਗਈ ਹੈ ।

**ਸਰਦਾਰ ਸੁਰਜੀਤ ਸਿੰਘ ਧੀਮਾਨ** : ਸਪੀਕਰ ਸਾਹਿਬ, ਇਨ੍ਹਾਂ ਨੇ ਆਪਣੇ ਜਵਾਬ ਵਿੱਚ ਦੱਸਿਆ ਹੈ ਕਿ ਦਿੜ੍ਹਬਾ ਮਾਰਕੀਟ ਕਮੇਟੀ ਸਥਾਪਨਾ ਕਰਨ ਲਈ ਤਜਵੀਜ਼ ਵਿਚਾਰ ਅਧੀਨ ਹੈ । ਇਹ ਵਿਚਾਰ ਅਧੀਨ ਜਿਹੜਾ ਹੈ ਇਹ ਮਿਤੀ 20.8.2010 ਨੂੰ ਵੀ ਵਿਚਾਰ ਅਧੀਨ ਸੀ ਔਰ ਅੱਜ ਤੋਂ ਛੇ ਮਹੀਨੇ ਪਹਿਲਾਂ ਵੀ ਇਹ ਵਿਚਾਰ ਅਧੀਨ ਸੀ ਤੇ ਅੱਜ ਵੀ ਇਹ ਵਿਚਾਰ ਅਧੀਨ ਹੈ । ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਜੇ ਮਾਰਕੀਟ ਕਮੇਟੀ ਦਿੜ੍ਹਬਾ ਵਿਖੇ ਬਣਾਉਣੀ ਹੈ ਤਾਂ ਇਸ ਨੂੰ ਕਦੋਂ ਤੱਕ ਚਾਲੂ ਕਰੋਗੇ ? ਜੇ ਤੁਹਾਡੇ ਕੋਲੋਂ ਨਹੀਂ ਬਣਦੀ ਤੇ ਫਿਰ ਅਸੀਂ ਬਣਾ ਲਵਾਂਗੇ ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਮੇਰੀ ਗੱਲ ਸੁਣੀ ਨਹੀਂ । ਦਿੜ੍ਹਬਾ ਮਾਰਕੀਟ ਕਮੇਟੀ ਬਣਾ ਦਿੱਤੀ ਹੈ ।

**ਮਾਨਯੋਗ ਸਪੀਕਰ** : ਅਗਲਾ ਸਵਾਲ ।

----------

## ਗਰੀਬ ਵਿਦਿਆਰਥੀਆਂ ਨੂੰ ਵਜ਼ੀਫੇ ਦੀ ਅਦਾਇਗੀ

*2254. **ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਰਾਜ ਵਿੱਚ ਚਾਲੂ ਵਿੱਤੀ ਸਾਲ ਦੌਰਾਨ ਗਰੀਬ ਪਰਿਵਾਰਾਂ ਦੇ ਉਨ੍ਹਾਂ ਬੱਚਿਆਂ ਦੀ ਗਿਣਤੀ ਕਿੰਨੀ ਹੈ ਜਿਨ੍ਹਾਂ ਨੂੰ ਕੇਂਦਰ ਸਰਕਾਰ ਦੁਆਰਾ ਚਲਾਈ ਜਾ ਰਹੀ ਵਜ਼ੀਫਾ ਸਕੀਮ ਅਧੀਨ 5,500/- ਰੁਪਏ ਪ੍ਰਤੀ ਵਿਦਿਆਰਥੀ ਸਲਾਨਾ ਵਜ਼ੀਫਾ ਪ੍ਰਾਪਤ ਹੋ ਰਿਹਾ ਹੈ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੇਵਾ ਸਿੰਘ ਸੇਖਵਾਂ** : ਕੇਂਦਰ ਸਰਕਾਰ ਦੁਆਰਾ ਅਜਿਹੀ ਕੋਈ ਵਜ਼ੀਫਾ ਸਕੀਮ ਨਹੀਂ ਚਲਾਈ ਜਾ ਰਹੀ ਜਿਸ ਅਧੀਨ 5,500/- ਰੁਪਏ ਪ੍ਰਤੀ ਵਿਦਿਆਰਥੀ ਸਲਾਨਾ ਵਜ਼ੀਫਾ ਦਿੱਤਾ ਜਾ ਰਿਹਾ ਹੋਵੇ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਸੈਂਟਰ ਦੀ ਸਕੀਮ "ਪ੍ਰੀ-ਮੈਟ੍ਰਿਕ ਸਕਾਲਰਸ਼ਿਪ ਫਾਰ ਮਾਈਨਾਰਟੀਜ਼" ਹੈ ਔਰ ਮੈਂ ਮੰਤਰੀ ਜੀ ਨੂੰ ਪਿਛਲੇ ਕੁਝ ਦਿਨ ਪਹਿਲਾਂ ਮਿਲ ਕੇ ਦੱਸਿਆ ਵੀ ਸੀ ਕਿ ਤੁਹਾਡੇ ਜਿਹੜੇ ਡੀ.ਈ.ਓਜ਼ ਹਨ, ਉਨ੍ਹਾਂ ਨੂੰ ਹਦਾਇਤ ਕਰੋ ਕਿਉਂਕਿ ਵਿਦਿਆਰਥੀਆਂ ਦੇ ਫ਼ਾਰਮ ਨਹੀਂ ਜਾ ਰਹੇ । ਕਈ ਜਗ੍ਹਾ ਤੇ ਭਾਵੇਂ ਗਏ ਹਨ । ਇੰਨੀ ਵੱਡੀ ਖ਼ਬਰ ਵੀ ਆਈ ਹੈ, ਐਚ.ਟੀ. ਅਖ਼ਬਾਰ ਵਿੱਚ ਕਿ "Year on, Scholarships evade Minority Students." ਇਹ ਸਿੱਧਾ ਹੀ ਮੁਕਰੀ ਜਾ ਰਹੇ ਹਨ ਕਿ ਕੋਈ ਪੈਸਾ ਹੀ ਨਹੀਂ ਆਇਆ । ਸੈਂਟਰ ਤੋਂ 500 ਕਰੋੜ ਰੁਪਿਆ ਆਇਆ ਹੈ । ਇਹ ਸਕੀਮ ਸਾਲ 2008 ਦੀ ਚੱਲ ਰਹੀ ਹੈ । ਤੁਸੀਂ ਹਾਊਸ ਨੂੰ ਮਿਸ ਲੀਡ ਕਰ ਰਹੇ ਹੋ ਕਿ ਹੈ ਹੀ ਕੁਝ ਨਹੀਂ। ਇਸ ਦਾ ਜਵਾਬ ਦਿਓ ।

**ਮੰਤਰੀ** : ਸਪੀਕਰ ਸਾਹਿਬ, ਸਵਾਲ ਪੜ੍ਹੋ ਜੀ । ਕੀ ਕਿਤੇ ਕਿਸੇ ਸਕੀਮ ਦਾ ਜ਼ਿਕਰ ਕੀਤਾ ਹੈ ਕਿ ਮਾਈਨਾਰਟੀਜ਼ ਦੇ ਜਿਹੜੇ ਬੱਚੇ ਹਨ, ਉਨ੍ਹਾਂ ਦੇ ਵਜ਼ੀਫੇ ਦੀ ਗੱਲ ਕੀਤੀ ਹੈ । ਇਨ੍ਹਾਂ ਨੇ 5,500/- ਰੁ: ਦੀ ਗੱਲ ਕੀਤੀ ਹੈ । ਇਹ ਗਰੀਬ ਵਿਦਿਆਰਥੀਆਂ ਲਈ ਹੈ । ਇਨ੍ਹਾਂ ਨੇ ਜੋ ਸਵਾਲ ਕੀਤਾ ਹੈ, ਉਸ ਦਾ ਜਵਾਬ ਮੈਂ ਦੇ ਦਿੱਤਾ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਸਪੀਕਰ ਸਾਹਿਬ, ਸਵਾਲ ਪੜ੍ਹ ਲਓ । ਗਰੀਬ ਬੱਚਿਆਂ ਵਾਸਤੇ ਸੈਂਟਰ ਦੀ ਸਕੀਮ ਆਈ ਹੈ । ਮੈਂ ਕਿਹਾ ਸੀ ਕਿ 5,500/- ਰੁਪਿਆ ਆਇਆ ਹੈ । ਫ਼ਾਰਮ ਜਾ ਰਹੇ ਹਨ ਤੇ ਤੁਸੀਂ ਹਾਊਸ ਨੂੰ ਕਹਿ ਰਹੇ ਹੋ ਕਿ ਹੈ ਹੀ ਕੁਝ ਨਹੀਂ । ਤੁਹਾਨੂੰ ਸਾਰੀ ਚੀਜ਼ ਦੀ ਨਾਲੇਜ ਹੈ । ਤੁਸੀਂ ਪੈਸਾ ਵੰਡ ਨਹੀਂ ਸਕਦੇ । ਤੁਹਾਡੇ ਤੋਂ ਕਲੈਰਿਟੀ ਨਹੀਂ ਹੋ ਰਹੀ । ਤੁਸੀਂ ਹਾਊਸ ਨੂੰ ਕਹਿ ਰਹੇ ਹੋ ਕਿ ਕੋਈ ਗੱਲ ਹੀ ਨਹੀਂ ਹੈ ।

**ਮੰਤਰੀ** : ਸਪੀਕਰ ਸਾਹਿਬ, ਇਨ੍ਹਾਂ ਨੇ ਜੋ ਸਵਾਲ ਕੀਤਾ ਹੈ, ਮੈਂ ਉਸ ਦਾ ਜਵਾਬ ਦੇਣਾ ਹੈ । ਤੁਸੀਂ ਅਖ਼ਬਾਰ ਤੋਂ ਪੜ੍ਹ ਕੇ ਕੋਈ ਗੱਲ ਕਰੋਗੇ ਤੇ ਉਸ ਦਾ ਜਵਾਬ ਮੈਂ ਉਸੇ ਸਮੇਂ ਨਹੀਂ ਦੇ ਸਕਦਾ । ਤੁਸੀਂ ਆਪਣਾ ਸਵਾਲ ਪੜ੍ਹੋ । ਕੀ ਆਪਣੇ ਸਵਾਲ ਵਿੱਚ ਤੁਸੀਂ ਕਿਤੇ ਕਿਸੇ ਸਕੀਮ ਦਾ ਜ਼ਿਕਰ ਕੀਤਾ ਹੈ ? ਕੀ ਤੁਸੀਂ ਮਾਈਨਾਰਟੀਜ਼ ਦਾ ਲਫਜ਼ ਕਿਤੇ ਵਰਤਿਆ ਹੈ? ਤੁਸੀਂ ਕੇਵਲ 5,500/- ਰੁ: ਦੀ ਗੱਲ ਕੀਤੀ ਹੈ ।

**ਸਰਦਾਰ ਅਜੀਤ ਇੰਦਰ ਸਿੰਘ ਮੋਫਰ** : ਤੁਸੀਂ ਹਾਊਸ ਨੂੰ ਇੰਨਾ ਹੀ ਦੱਸ ਦਿਓ ਕਿ ਸੈਂਟਰ ਤੋਂ ਕੋਈ ਸਕੀਮ ਨਹੀਂ ਆਈ, ਹੁਣ ਤੱਕ ਕੋਈ ਪੈਸਾ ਨਹੀਂ ਆਇਆ ।

**ਮੰਤਰੀ** : ਜੇ ਤੁਸੀਂ ਸਕੀਮਾਂ ਚਾਹੁੰਦੇ ਹੋ ਤਾਂ ਮੈਂ ਸਾਰੀਆਂ ਪੜ੍ਹ ਕੇ ਦੱਸ ਦਿੰਦਾ ਹਾਂ । ਲੇਕਿਨ ਮੈਂ ਤੁਹਾਡੇ ਸਵਾਲ ਦਾ ਜਵਾਬ ਦਿੱਤਾ ਹੈ । ਜੇ ਸਕੀਮਾਂ ਚਾਹੀਦੀਆਂ ਹਨ ਤਾਂ ਮੈਂ ਪੜ੍ਹ ਦਿੰਦਾ ਹਾਂ ।

**ਮਾਨਯੋਗ ਸਪੀਕਰ** : ਬੈਠੋ ਪਲੀਜ਼ । ਅਗਲਾ ਸਵਾਲ ।

----------

Original with;
Punjab Vidhan Sabha
Digitized by;
Panjab Digital Library

## ਅਬੋਹਰ ਸ਼ਹਿਰ ਦੇ ਵਿਕਾਸ ਲਈ ਜਾਰੀ ਫੰਡਾਂ ਦੇ ਵੇਰਵੇ

*2224. **ਸ੍ਰੀ ਸੁਨੀਲ ਜਾਖੜ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਕੀ ਸੀਵਰੇਜ ਬੋਰਡ ਨੇ ਅਬੋਹਰ ਸ਼ਹਿਰ ਦੇ ਗੰਦੇ ਪਾਣੀ ਦੀ ਨਿਕਾਸੀ ਅਤੇ ਸੀਵਰੇਜ ਸਿਸਟਮ ਨੂੰ ਸੁਧਾਰਨ ਲਈ ਸਾਲ 2010 ਦੌਰਾਨ ਟੈਂਡਰ ਲਗਾਏ ਸਨ; ਜੇਕਰ ਅਜਿਹਾ ਹੋਵੇ ਤਾਂ ਇਹ ਕੰਮ ਕਦੋਂ ਸ਼ੁਰੂ ਹੋਣਗੇ ;

(ਅ) ਸਾਲ 2007 ਤੋਂ ਅੱਜ ਤੱਕ ਅਬੋਹਰ ਸ਼ਹਿਰ ਦੇ ਵਿਕਾਸ ਲਈ ਸਰਕਾਰ ਨੇ ਕਿੰਨਾ ਫੰਡ ਜਾਰੀ ਕੀਤਾ ਅਤੇ ਉਹ ਕਿਹੜੇ-ਕਿਹੜੇ ਕੰਮਾਂ ਤੇ ਲੱਗਿਆ ?

**ਸ੍ਰੀ ਤਿਕਸ਼ਨ ਸੂਦ** : (ੳ) ਅਬੋਹਰ ਸ਼ਹਿਰ ਦੇ ਸੀਵਰੇਜ ਲਈ ਸਾਲ 2010 ਦੌਰਾਨ ਸੀਵਰੇਜ ਬੋਰਡ ਦੁਆਰਾ ਟੈਂਡਰ ਲਗਾਏ ਗਏ ਸਨ ਪ੍ਰੰਤੂ ਫੰਡਾਂ ਦੀ ਉਪਲਬਧਤਾ ਨਾ ਹੋਣ ਕਾਰਨ ਟੈਂਡਰ ਪ੍ਰੋਸੈੱਸ ਨਹੀਂ ਕੀਤੇ ਗਏ ।

(ਅ) ਸਾਲ 2007 ਤੋਂ ਅੱਜ ਤੱਕ ਰਾਜ ਸਰਕਾਰ ਵੱਲੋਂ ਅਬੋਹਰ ਸ਼ਹਿਰ ਦੇ ਵਾਟਰ ਸਪਲਾਈ ਅਤੇ ਸੀਵਰੇਜ ਲਈ ਕਰਮਵਾਰ 163.91/- ਲੱਖ ਰੁਪਏ ਅਤੇ 45.26/- ਲੱਖ ਰੁਪਏ ਜਾਰੀ ਕੀਤੇ ਗਏ ਹਨ । ਇਨ੍ਹਾਂ ਫੰਡਾਂ ਨਾਲ 2.924 ਕਿਲੋਮੀਟਰ ਵਾਟਰ ਸਪਲਾਈ ਲਾਈਨਾਂ, ਦੋ ਸਟੋਰੇਜ ਅਤੇ ਸੈਡੀਮੈਨਟੇਸ਼ਨ ਟੈਂਕ ਅਤੇ 0.345 ਮੇਨ ਪਾਈਪ ਸੀਵਰ ਲਗਾਇਆ ਗਿਆ ਹੈ ।

ਉਕਤ ਤੋਂ ਇਲਾਵਾ ਸਾਲ 2007 ਤੋਂ ਅੱਜ ਤੱਕ ਨਗਰ ਕੌਂਸਲ, ਅਬੋਹਰ ਨੂੰ 949.06/- ਲੱਖ ਰੁਪਏ ਸ਼ਹਿਰ ਦੇ ਵਿਕਾਸ ਆਦਿ ਦੇ ਕੰਮਾਂ ਲਈ ਜਾਰੀ ਕੀਤੇ ਗਏ ਹਨ ਅਤੇ ਇਹ ਫੰਡ **ਅਨੁਲੱਗ-"ੳ"** ਵਿੱਚ ਦਰਸਾਏ ਵੇਰਵੇ ਅਨੁਸਾਰ ਨਗਰ ਕੌਂਸਲ, ਅਬੋਹਰ ਵੱਲੋਂ ਆਪਣੇ ਵੱਖ-ਵੱਖ ਕੰਮਾਂ ਤੇ ਖ਼ਰਚੇ ਗਏ ਹਨ । ਇਸ ਤੋਂ ਇਲਾਵਾ 6.90 ਕਰੋੜ ਰੁਪਏ ਵਿਕਾਸ ਲਈ ਹੋਰ ਦਿੱਤੇ ਜਾ ਰਹੇ ਹਨ ।

Original with;
Punjab Vidhan Sabha
Digitized by;
Panjab Digital Library

## ਅਨੁਲੱਗ-"ਉ"

| 12ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2007-08 ਵਿੱਚ ਜਾਰੀ ਕੀਤੇ 54.28 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਬਿਜਲੀ ਦੇ ਬਿਲ ਦੀ ਅਦਾਇਗੀ | 6.72 |
| 2. | ਕੰਪਿਊਟਰ ਅਤੇ ਪ੍ਰਿੰਟਰ ਦੀ ਖਰੀਦ | 1.62 |
| 3. | ਸਫਾਈ ਠੇਕੇ ਦੀ ਅਦਾਇਗੀ | 3.66 |
| 4. | ਰਿਟਾਇਰਡ ਕਰਮਚਾਰੀਆਂ ਦੇ ਬਕਾਇਆਂ ਦੀ ਅਦਾਇਗੀ | 30.43 |
| 5. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਪੁਰਾਣੇ ਕੰਮਾਂ ਦੀ ਅਦਾਇਗੀ | 11.85 |
| | **ਜੋੜ** | 54.28 |

| 12ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2008-09 ਵਿੱਚ ਜਾਰੀ ਕੀਤੇ 81.53 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਵਿਕਾਸ ਦੇ ਕੰਮਾਂ ਦੀ ਠੇਕੇਦਾਰਾਂ ਦੇ ਬਿਲਾਂ ਵਿੱਚੋਂ ਕੱਟੇ ਵੈਟ ਦੀ ਅਦਾਇਗੀ ਸਾਲ 2006-07 | 5.00 |
| 2. | ਪੰਜਾਬ ਪ੍ਰਦੂਸ਼ਣ ਕੰਟਰੋਲ ਬੋਰਡ ਨੂੰ ਅਦਾਇਗੀ | 1.00 |
| 3. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਕੀਤੀ ਅਦਾਇਗੀ | 29.28 |
| 4. | ਸਫਾਈ ਠੇਕੇਦਾਰ ਨੂੰ ਅਦਾਇਗੀ | 1.22 |
| 5. | ਫਟਕੜੀ ਦੀ ਖਰੀਦ | 0.50 |
| 6. | ਵਾਟਰ ਟੈਂਕਰ ਟਰਾਲੀ ਦੀ ਖਰੀਦ | 1.85 |
| 7. | ਸਫਾਈ ਲਈ ਟਰੈਕਟਰ ਦੀ ਖਰੀਦ | 2.32 |
| 8. | ਹੱਥ ਰੇਹੜੀਆਂ ਦੀ ਖਰੀਦ | 6.82 |
| 9. | ਸਫਾਈ ਲਈ ਟੈਂਪੂਆਂ ਦੀ ਖਰੀਦ | 5.96 |
| 10. | ਬਿਜਲੀ ਦੇ ਸਮਾਨ ਦੀ ਖਰੀਦ | 4.78 |
| 11. | ਰਿਟਾਇਰਡ ਕਰਮਚਾਰੀਆਂ ਨੂੰ ਕੀਤੀ ਅਦਾਇਗੀ | 22.80 |
| | **ਜੋੜ** | **81.53** |

Original with;
Punjab Vidhan Sabha
Digitized by;
Punjab Digital Library

[ਸਥਾਨਕ ਸਰਕਾਰ ਮੰਤਰੀ]

| 12ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2009-10 ਵਿੱਚ ਜਾਰੀ ਕੀਤੇ 26.98 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਸਫਾਈ ਠੇਕੇ ਦੀ ਅਦਾਇਗੀ | 2.62 |
| 2. | ਹੱਥ ਰੇਹੜੀਆਂ ਦੀ ਖਰੀਦ | 2.64 |
| 3. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਪੁਰਾਣੇ ਕੰਮਾਂ ਦੀ ਅਦਾਇਗੀ | 21.72 |
| | ਜੋੜ | 26.98 |

| 12ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2010-11 ਵਿੱਚ ਜਾਰੀ ਕੀਤੇ 26.98 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਸਫਾਈ ਠੇਕੇਦਾਰ ਨੂੰ ਅਦਾਇਗੀ | 4.17 |
| 2. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਅਦਾਇਗੀ/ਪੁਰਾਣੀਆਂ ਦੇਣਦਾਰੀਆਂ | 22.81 |
| | ਜੋੜ | 26.98 |

| 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2010-11 ਵਿੱਚ ਜਾਰੀ ਕੀਤੇ 45.93 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਸਫਾਈ ਠੇਕੇਦਾਰ ਨੂੰ ਅਦਾਇਗੀ | 9.27 |
| 2. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਅਦਾਇਗੀ/ਪੁਰਾਣੀਆਂ ਅਦਾਇਗੀਆਂ | 36.66 |
| | ਜੋੜ | 45.93 |

| 13ਵੇਂ ਵਿੱਤ ਕਮਿਸ਼ਨ ਦੀਆਂ ਸਿਫਾਰਸ਼ਾਂ ਅਨੁਸਾਰ ਸਾਲ 2011-12 ਵਿੱਚ ਜਾਰੀ ਕੀਤੇ 44.72 ਲੱਖ ਰੁਪਏ ਤੋਂ ਕੀਤੇ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਸੜਕਾਂ ਅਤੇ ਨਾਲੀਆਂ ਦੀ ਬਣਤਰ ਲਈ ਵੱਖ-ਵੱਖ ਠੇਕੇਦਾਰਾਂ ਨੂੰ ਕੀਤੀ ਗਈ ਅਦਾਇਗੀ | 44.72 |
| | ਜੋੜ | 44.72 |

Original with;
Punjab Vidhan Sabha
Digitized by;
Panjab Digital Library

| ਮਿਉਂਸਿਪਲ ਡਿਵੈਲਪਮੈਂਟ ਫੰਡ ਸਕੀਮ ਅਧੀਨ ਸਾਲ 2008-09 ਵਿੱਚ ਮਿਲੇ 300.00 ਲੱਖ ਰੁਪਏ ਵਿੱਚੋਂ ਕੀਤੇ ਗਏ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਅਬੋਹਰ ਦੇ ਵਾਟਰ ਵਰਕਸ ਵਾਰਡ ਨੰ: 16 ਵਿੱਚ ਨਵਾਂ ਟਿਊਬਵੈੱਲ ਲਗਵਾਉਣਾ | 9.95 |
| 2. | ਸੁਨੀਲ ਸਿਨੇਮਾ ਤੋਂ ਲੈ ਕੇ ਸੇਠੀ ਪੈਲੇਸ ਤੱਕ ਵਾਰਡ ਨੰ: 11 ਵਿੱਚ ਪੀ.ਸੀ. ਕਰਨਾ | 4.74 |
| 3. | ਪੁਰਾਣੀ ਮਾਰਕੀਟ ਕਮੇਟੀ, ਵਾਰਡ ਨੰ: 11 ਅੱਗੇ ਪੀ.ਸੀ. ਰੋਡ ਬਣਾਉਣਾ | 0.53 |
| 4. | ਅਮਰਿਤ ਮਾਡਲ ਸਕੂਲ ਵਾਲੀ ਗਲੀ, ਵਾਰਡ ਨੰ: 4 ਨੂੰ ਪੀ.ਸੀ. ਕਰਨਾ | 4.80 |
| 5. | ਵਰਿਆਮ ਨਗਰ ਪ੍ਰਧਾਨ ਪ੍ਰੀਤਮ ਸਿੰਘ ਫੌਜੀ ਵਾਲੀਆਂ ਗਲੀਆਂ ਵਾਰਡ ਨੰ: 7 ਵਿੱਚ ਡੀ.ਬੀ. ਪੇਵਿੰਗ ਕਰਨਾ ਅਤੇ ਨਾਲੀਆਂ ਬਣਾਉਣਾ | 4.02 |
| 6. | ਨਿਊ ਬਸੰਤ ਨਗਰ, ਵਾਰਡ ਨੰ: 3, ਗਲੀ ਵਿਕਾਸ ਮਾਡਲ ਸਕੂਲ ਦੇ ਨਾਲ ਵਾਲੀ ਗਲੀ ਵਿੱਚ ਡੀ.ਬੀ. ਪੇਵਿੰਗ ਕਰਨਾ | 2.66 |
| 7. | ਧੋਬੀ ਘਾਟ, ਵਾਰਡ ਨੰ: 5 ਦੇ ਪੂਰਬ ਅਤੇ ਪੱਛਮ ਸਾਈਡਾਂ ਨੂੰ ਸੀ.ਸੀ. ਕਰਨਾ | 2.06 |
| 8. | ਧਰਮ ਨਗਰੀ ਵਾਰਡ ਨੰ: 3, ਗਲੀ ਨੰਬਰ 7 ਨੂੰ ਸੀ.ਸੀ. ਕਰਨਾ | 6.56 |
| 9. | ਸਿੱਧੂ ਨਗਰੀ ਦੀ ਗਲੀ ਨੰ: 4 ਅਤੇ 5, ਵਾਰਡ ਨੰ: 17 ਨੂੰ ਸੀ.ਸੀ. ਕਰਨਾ | 4.19 |
| 10. | ਗਊਸ਼ਾਲਾ ਰੋਡ ਤੇ ਗਲੀ ਨੰਬਰ 16 ਅਤੇ ਗਲੀ ਨੰਬਰ 15, ਵਾਰਡ ਨੰ: 30 ਵਿੱਚ ਸੀ.ਸੀ. ਫਲੋਰਿੰਗ ਕਰਨਾ | 4.22 |
| 11. | ਇੰਦਰਾ ਨਗਰੀ ਦੀ ਗਲੀ ਨੰਬਰ 6, ਵਾਰਡ ਨੰ: 11 ਨੂੰ ਸੀ.ਸੀ. ਕਰਨਾ | 11.37 |
| 12. | ਹਨੂੰਮਾਨਗੜ੍ਹ ਰੋਡ ਤੇ ਪੀ.ਐਸ.ਟੀ.ਸੀ. ਗਰਾਊਂਡ ਵਾਰਡ ਨੰ: 7 ਦੇ ਆਲੇ ਦੁਆਲੇ ਸੀ.ਸੀ. ਕਰਨਾ | 2.96 |
| 13. | ਸਿੱਧੂ ਨਗਰੀ ਦੀ ਸੁਭਾਸ਼ ਗਗਨੇਜਾ ਵਾਲੀ ਗਲੀ, ਵਾਰਡ ਨੰ: 17 ਨੂੰ ਸੀ.ਸੀ. ਕਰਨਾ | 0.86 |
| 14. | ਨਵੀਂ ਅਬਾਦੀ ਦੀਆਂ ਗਲੀਆਂ ਨੂੰ ਸੀ.ਸੀ. ਕਰਨਾ (ਗਲੀ ਨੰ: 8 ਅਤੇ 9) ਵਾਰਡ ਨੰ: 22 | 22.76 |
| 15. | ਨਵੀਂ ਅਬਾਦੀ ਦੀ ਗਲੀ ਨੰ: 13-14, ਵਾਰਡ ਨੰ: 22 ਦੇ ਵਿਚਲੇ ਹਿੱਸੇ (ਰੋਹਿਤ ਵਾਲੀ ਗਲੀ) ਨੂੰ ਸੀ.ਸੀ. ਕਰਨਾ | 5.31 |

Original with;
Punjab Vidhan Sabha
Digitized by;
Panjab Digital Library

[ਸਥਾਨਕ ਸਰਕਾਰ ਮੰਤਰੀ]

| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
|---|---|---|
| 16. | ਨਵੀਂ ਅਬਾਦੀ ਦੀ ਗਲੀ ਨੰਬਰ 1 ਤੋਂ 13 ਤੱਕ, ਵਾਰਡ ਨੰ: 22, 24 ਨੂੰ ਸੀ.ਸੀ. ਕਰਨਾ | 9.87 |
| 17. | ਨਵੀਂ ਅਬਾਦੀ ਦੀ ਗਲੀ ਨੰ: 11 ਤੋਂ ਲੈ ਕੇ ਸੋਹਣ ਬਿਜਲੀ ਵਾਲੇ ਦੇ ਘਰ ਤੱਕ ਵਾਰਡ ਨੰ: 19 ਸੀ.ਸੀ. ਕਰਨਾ | 3.44 |
| 18. | ਸੰਤ ਨਗਰ, ਵਾਲਮੀਕੀ ਮੰਦਰ ਅਤੇ ਇਸ ਦੇ ਨਾਲ ਲਗਦੀਆਂ ਗਲੀਆਂ ਵਾਰਡ ਨੰ: 12 ਨੂੰ ਸੀ.ਸੀ. ਕਰਨਾ | 4.35 |
| 19. | ਬਸੰਤ ਨਗਰ ਦੀ ਗਲੀ ਨੰ: 1 ਤੇ 3 ਵਾਰਡ ਨੰ: 4 ਨੂੰ ਸੀ.ਸੀ. ਕਰਨਾ | 6.48 |
| 20. | ਵਾਰਡ ਨੰ: 27 ਬੀ.ਐਲ. ਵੈਦਿਕ ਸਕੂਲ ਦੇ ਬੈਕ ਸਾਈਡ ਅਤੇ ਮਹਿੰਦਰ ਸਿੰਘ ਵਾਲੀਆ ਗਲੀਆਂ ਵਾਰਡ ਨੰ: 27 ਨੂੰ ਸੀ.ਸੀ. ਕਰਨਾ | 1.40 |
| 21. | ਸ਼ਹਿਰ ਦੀ ਗਲੀ ਨੰ: 7 ਵਾਰਡ ਨੰ: 25 ਨੂੰ ਸੀ.ਸੀ. ਕਰਨਾ | 13.06 |
| 22. | ਪੋਸਟ ਆਫਿਸ ਵਾਲੀ ਗਲੀ ਨੂੰ, ਵਾਰਡ ਨੰ: 30 ਸੀ.ਸੀ. ਕਰਨਾ | 3.10 |
| 23. | ਸਾਊਥ ਐਵੇਨਿਊ ਦੀ ਗਲੀ ਨੰ: 10 ਅਤੇ 11, ਵਾਰਡ ਨੰ: 7 ਨੂੰ ਸੀ.ਸੀ. ਕਰਨਾ | 8.07 |
| 24. | ਵਾਰਡ ਨੰ: 16 ਲਾਜਪਤ ਨਗਰੀ ਦੀ ਗਲੀ ਨੰ: 1 ਅਤੇ 2, ਵਾਰਡ ਨੰ: 16 ਨੂੰ ਸੀ.ਸੀ. ਕਰਨਾ | 10.42 |
| 25. | ਸ਼ਹਿਰ ਦੀ ਗਲੀ ਨੰ: 8, ਵਾਰਡ ਨੰ: 25 ਨੂੰ ਸੀ.ਸੀ. ਕਰਨਾ | 6.59 |
| 26. | ਵਰਿਆਮ ਨਗਰ ਡਾ. ਮਨਜੀਤ ਸਿੰਘ ਵਾਲੀ ਗਲੀ ਅਤੇ ਨਾਲ ਲਗਦੀਆਂ ਗਲੀਆਂ ਵਾਰਡ ਨੰ: 7 ਨੂੰ ਸੀ.ਸੀ. ਕਰਨਾ | 4.80 |
| 27. | ਵਾਰਡ ਨੰ: 31 ਆਰਿਆ ਨਗਰ ਦੀਆਂ ਗਲੀਆਂ ਵਾਰਡ ਨੰ: 31 ਨੂੰ ਸੀ.ਸੀ. ਕਰਨਾ | 10.62 |
| 28. | ਵਾਰਡ ਨੰ: 21 ਵਿੱਚ ਵੰਸ ਦਾਸ ਟੰਡਣ ਅਤੇ ਉਮ ਪੁਜਾਰੇ ਵਾਲੀ ਗਲੀ ਵਾਰਡ ਨੰ : 21 ਨੂੰ ਸੀ.ਸੀ. ਕਰਨਾ | 7.12 |
| 29. | ਵਾਰਡ ਨੰ: 14 ਗੋਬਿੰਦ ਨਗਰੀ ਵਿੱਚ ਗੁਰੂਦੁਆਰਾ ਸਾਹਿਬ ਦੇ ਬੈਕ ਸਾਈਡ ਵਾਲੀ ਗਲੀ ਨੂੰ ਸੀ.ਸੀ. ਕਰਨਾ | 4.64 |
| 30. | ਵਾਰਡ ਨੰ: 9 ਚੰਡੀਗੜ੍ਹ ਮੁਹੱਲੇ ਦੀਆਂ ਗਲੀਆਂ ਨੂੰ ਸੀ.ਸੀ. ਕਰਨਾ | 4.91 |
| 31. | ਸਟਰੀਟ ਲਾਈਟ ਦੀ ਮੈਨਟੀਨੈਂਸ ਦਾ ਸਮਾਨ ਖਰੀਦਣ ਲਈ | 23.79 |
| 32. | ਵਾਰਡ ਨੰ: 21 ਵਿੱਚ ਕੰਧਵਾਲਾ ਰੋਡ ਤੇ ਸੀਵਰ ਲਾਈਨ ਪਾਉਣਾ | 2.42 |
| 33. | ਸਰਕਾਰ ਦੀਆਂ ਹਦਾਇਤਾਂ ਮੁਤਾਬਿਕ ਮੁਲਾਜ਼ਮਾਂ ਨੂੰ ਕੀਤੀ ਗਈ ਅਦਾਇਗੀ | 87.93 |
| | ਜੋੜ | 300.00 |

Original with;
Punjab Vidhan Sabha
Digitized by;
Panjab Digital Library

| ਅਨ-ਟਾਇਡ ਫੰਡ ਸਕੀਮ ਤਹਿਤ ਸਾਲ 2008-09 ਦੌਰਾਨ ਮਿਲੇ 5.00 ਲੱਖ ਰੁਪਏ ਵਿੱਚੋਂ ਕੀਤੇ ਗਏ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਵਾਰਡ ਨੰ: 25 ਦੀਆਂ ਗਲੀਆਂ ਅਤੇ ਨਾਲੀਆਂ ਤਾਮੀਰ ਅਤੇ ਲਾਈਟਾਂ ਦੀ ਵਿਵਸਥਾ ਕਰਨਾ | 5.00 |

| ਐਮ.ਪੀ. ਲੈਂਡ ਸਕੀਮ ਤਹਿਤ ਸਾਲ 2008-09 ਦੌਰਾਨ ਮਿਲੇ 30.69 ਲੱਖ ਰੁਪਏ ਵਿੱਚੋਂ ਕੀਤੇ ਗਏ ਕੰਮਾਂ ਦਾ ਵੇਰਵਾ | | |
|---|---|---|
| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
| 1. | ਨਾਮਦੇਵ ਚੌਂਕ ਦੀ ਉਸਾਰੀ | 2.00 |
| 2. | ਕੋਠੀ ਫੈਜ ਗਲੀ ਡਿਟੀ ਵਾਲੀ ਦੀ ਉਸਾਰੀ | 2.00 |
| 3. | ਗਲੀ ਨੰਬਰ 2, ਸੰਤ ਨਗਰ ਵਿੱਚ ਗਲੀਆਂ ਤੇ ਨਾਲੀ ਦੀ ਉਸਾਰੀ | 2.00 |
| 4. | ਵਾਰਡ ਨੰਬਰ 7 ਵਿੱਚ ਕਮਿਊਨਿਟੀ ਹਾਲ ਦੀ ਉਸਾਰੀ ਕਰਨਾ | 1.00 |
| 5. | ਵਾਰਡ ਨੰਬਰ 7 ਸੁਭਾਸ਼ ਨਗਰ ਵਿਖੇ ਸੜਕਾਂ ਤੇ ਨਾਲੀਆਂ ਦੀ ਉਸਾਰੀ ਕਰਨਾ | 1.00 |
| 6. | ਨਹਿਰੂ ਪਾਰਕ ਦੇ ਸਾਹਮਣੇ ਕਮਿਊਨਿਟੀ ਹਾਲ ਦੀ ਉਸਾਰੀ, ਅਰੋੜ-ਬੰਸ ਧਰਮਸ਼ਾਲਾ ਦੀ ਉਸਾਰੀ | 3.60 |
| 7. | ਐਸ.ਡੀ. ਜਨਰਲ ਹਸਪਤਾਲ ਦੀ ਉਸਾਰੀ ਕਰਨਾ | 4.09 |
| 8. | ਗਲੀ ਨੰਬਰ 1-2, ਜੰਮੂ ਬਸਤੀ ਵਿਖੇ ਗਲੀਆਂ ਤੇ ਨਾਲੀਆਂ ਦੀ ਉਸਾਰੀ | 2.00 |
| 9. | ਸ਼ਹਿਰੀ ਖੇਤਰ ਵਿੱਚ ਸ਼ਮਸ਼ਾਨ-ਘਾਟ ਦੀ ਉਸਾਰੀ ਕਰਨਾ | 2.00 |
| 10. | ਵਾਰਡ ਨੰਬਰ 19, ਗਲੀ ਨੰਬਰ 10 ਤੇ 18 ਵਿੱਚ ਸੜਕ ਤੇ ਨਾਲੀ ਦੀ ਉਸਾਰੀ ਕਰਨਾ | 2.00 |
| 11. | ਵਾਰਡ ਨੰਬਰ 30, ਗਊਸ਼ਾਲਾ ਰੋਡ, ਗਲੀ ਨੰਬਰ 23 ਦੀ ਉਸਾਰੀ | 1.00 |
| 12. | ਵਾਰਡ ਨੰਬਰ 13 ਵਿੱਚ ਗਲੀ ਨੰਬਰ 11 ਦੀ ਉਸਾਰੀ ਕਰਨਾ | 1.00 |
| 13. | ਵਾਰਡ ਨੰਬਰ 29, ਗਲੀ ਨੰਬਰ 11 ਆਨੰਦ ਨਗਰ ਦੀ ਉਸਾਰੀ ਕਰਨਾ | 1.00 |
| 14. | ਅਜੀਮਗੜ੍ਹ ਵਿਖੇ ਕਮਿਊਨਿਟੀ ਹਾਲ ਦੀ ਉਸਾਰੀ ਕਰਨਾ | 2.00 |
| 15. | ਵਾਰਡ ਨੰਬਰ 17 ਵਿੱਚ ਸੜਕਾਂ ਤੇ ਨਾਲੀਆਂ ਦੀ ਉਸਾਰੀ ਕਰਨਾ | 2.00 |
| 16. | ਵਾਰਡ ਨੰਬਰ 5 ਵਿਖੇ ਸੜਕਾਂ ਤੇ ਨਾਲੀਆਂ ਦੀ ਉਸਾਰੀ ਕਰਨਾ | 2.00 |
| | ਜੋੜ | 30.69 |

Original with;
Punjab Vidhan Sabha
Digitized by;
Punjab Digital Library

[ਸਥਾਨਕ ਸਰਕਾਰ ਮੰਤਰੀ]

**ਸਾਲ 2007-08 ਤੋਂ 2010-11 ਤੱਕ ਆਬਕਾਰੀ ਡਿਊਟੀ ਅਤੇ ਆਕਸ਼ਨ ਮਨੀ ਦੇ ਹਿੱਸੇ ਵਜੋਂ ਨਗਰ ਕੌਂਸਲ, ਅਬੋਹਰ ਨੂੰ 231.70 ਲੱਖ ਰੁਪਏ ਪ੍ਰਾਪਤ ਹੋਏ ਹਨ, ਜੋ ਕਿ ਹੇਠ ਦਿੱਤੇ ਵੇਰਵੇ ਅਨੁਸਾਰ ਖ਼ਰਚੇ ਗਏ ਹਨ**

| ਲੜੀ ਨੰ: | ਕੰਮ ਦਾ ਨਾਮ ਅਤੇ ਵੇਰਵਾ | ਰਕਮ (ਰੁ. ਲੱਖਾਂ ਵਿੱਚ) |
|---|---|---|
| 1. | ਕਰਮਚਾਰੀਆਂ ਦੇ ਪੈਨਸ਼ਨ ਕੰਟਰੀਬਿਊਸ਼ਨ ਦੀ ਅਦਾਇਗੀ | 64.50 |
| 2. | ਆਡਿਟ ਫੀਸ ਦੀ ਅਦਾਇਗੀ | 49.09 |
| 3. | ਡਾਇਰੈਕਟੋਰੇਟ ਤੇ ਇਲੈਕਸ਼ਨ ਚਾਰਜਿਜ਼ ਦੀ ਅਦਾਇਗੀ | 7.51 |
| 4. | ਕਰਮਚਾਰੀਆਂ ਦੇ ਪ੍ਰੋਵੀਡੈਂਟ ਫੰਡ ਦੀ ਅਦਾਇਗੀ | 10.81 |
| 5. | ਬਿਜਲੀ ਦੇ ਬਿਲਾਂ ਦੀ ਅਦਾਇਗੀ ਵਾਸਤੇ | 10.00 |
| 6. | ਸ਼ਹਿਰ ਵਿਖੇ ਕਰਵਾਏ ਗਏ ਵੱਖ-ਵੱਖ ਵਿਕਾਸ ਦੇ ਕੰਮਾਂ ਲਈ | 72.07 |
| 7. | ਰਿਟਾਇਰਡ ਕਰਮਚਾਰੀਆਂ ਦੇ ਡਿਊਜ਼ ਦੀ ਅਦਾਇਗੀ | 4.00 |
| 8. | ਕਰਮਚਾਰੀਆਂ ਦੀ ਤਨਖ਼ਾਹ ਦੀ ਅਦਾਇਗੀ ਲਈ | 1.28 |
| 9. | ਸਟੇਸ਼ਨਰੀ ਦੇ ਬਿਲਾਂ ਲਈ | 1.50 |
| 10. | ਹੋਰ ਫੁਟਕਲ ਕੰਮਾਂ ਲਈ | 10.94 |
| | **ਜੋੜ** | 231.70 |

**ਮੌਜੂਦਾ ਵਿੱਤੀ ਸਾਲ 2011-12 ਦੌਰਾਨ ਨਗਰ ਕੌਂਸਲ, ਅਬੋਹਰ ਨੂੰ ਐਮ.ਪੀ. ਲੈਂਡ ਸਕੀਮ ਤਹਿਤ 1.25 ਲੱਖ ਰੁਪਏ ਪ੍ਰਾਪਤ ਹੋਏ ਹਨ ਅਤੇ ਬਠਿੰਡਾ ਡਿਵੈਲਪਮੈਂਟ ਅਥਾਰਟੀ ਤੋਂ 1.00 ਕਰੋੜ ਰੁਪਏ ਪ੍ਰਾਪਤ ਹੋਏ ਹਨ, ਜੋ ਅਜੇ ਖ਼ਰਚੇ ਜਾਣੇ ਬਾਕੀ ਹਨ**

**ਸ਼੍ਰੀ ਸੁਨੀਲ ਜਾਖੜ** : ਸਰ, ਮੈਂ ਸੀਰੀਅਲ ਵਾਈਜ਼ ਲਵਾਂਗਾ। He replied to the first query that tenders for laying sewerage in Abohar Town were invited during 2010 by the Sewerage Board but due to non availability of funds, the tenders could not be processed. My specific point is that it is not true. I have the proceedings of this House. ਪਿਛਲਾ ਜਿਹੜਾ ਮਿਤੀ 11.3.2011 ਦਾ ਪ੍ਰੋਸੈਸ ਸੀ and I am not even quoting the Minister concerned, ਮਨਿਸਟਰ ਕਨਸਰਨਡ ਨੇ ਐਸ਼ੋਰੈਂਸ ਦਿੱਤੀ ਸੀ । ਉਸ ਤੋਂ ਬਾਅਦ Hon'ble Chief Minister himself got up. He intervened suo moto and I will just read what he had said. "ਉਨ੍ਹਾਂ ਨੇ ਕਿਹਾ, ਮੈਂ ਸਮਝਦਾ ਹਾਂ ਕਿ ਚੌਧਰੀ ਸਾਹਿਬ, ਸ਼੍ਰੀ ਸੁਨੀਲ ਕੁਮਾਰ ਜਾਖੜ ਦੀ ਗੱਲ ਵਿੱਚ ਬਹੁਤ ਵਜ਼ਨ ਹੈ । ਚੌਧਰੀ ਸਾਹਿਬ, ਮੈਂ ਉਸ ਗੱਲ ਦਾ ਹੱਲ ਕਰਨਾ ਚਾਹੁੰਦਾ ਹਾਂ । ਤੁਸੀਂ ਮੈਨੂੰ ਸਮਝਾਓ ਕਿ ਉਸ ਗੰਦੇ ਪਾਣੀ ਦਾ ਨਿਕਾਸ ਕਿਵੇਂ ਕੀਤਾ ਜਾਵੇਗਾ ?" ਫਿਰ ਕਹਿੰਦੇ, "ਪੰਜ ਕਰੋੜ ਲੱਗੇ, ਦੱਸ ਕਰੋੜ ਲੱਗਣ, ਪੈਸੇ ਦੀ ਕੋਈ ਗੱਲ ਨਹੀਂ । ਜਿਹੜੀ ਜੈਨੂਅਨ ਤਕਲੀਫ਼ ਹੈ, ਉਸ ਨੂੰ ਅਸੀਂ ਹੱਲ ਕਰ ਦੇਵਾਂਗੇ । ਤੁਸੀਂ ਜਦੋਂ ਵੀ ਮੇਰੇ ਕੋਲ ਆਉਣਾ

Original with;
Punjab Vidhan Sabha
Digitized by;
Panjab Digital Library

ਹੋਵੇ ਆ ਜਾਓ, ਮੇਰੇ ਕੋਲ ਆ ਜਾਣਾ ।" ਜਦੋਂ ਮੈਂ ਕਿਹਾ ਕਿ ਤੁਹਾਡੇ ਕੋਲ ਆਉਣ ਦੀ ਲੋੜ ਨਹੀਂ, then what he said is on the record of the House. No one can deny this thing. ਜਦੋਂ ਮੈਂ ਕਿਹਾ ਕਿ ਮੈਂ ਡਿਪਟੀ ਸੀ.ਐਮ. ਸਾਹਿਬ ਨੂੰ ਜਾਂ ਜਿਹੜੇ ਆਪਣੇ ਪਹਿਲੇ ਮੰਤਰੀ ਸਨ, ਉਨ੍ਹਾਂ ਨੂੰ ਮਿਲ ਲਵਾਂਗਾ ਤਾਂ ਇਨ੍ਹਾਂ ਨੇ ਕਿਹਾ ਕਿ, "ਮੈਂ ਤੁਹਾਨੂੰ ਗੱਲ ਦੱਸਾਂ । ਇਹ ਨਾ ਤਾਂ ਡਿਪਟੀ ਸੀ.ਐਮ. ਤੋਂ ਹੋਣਾ ਹੈ ਅਤੇ ਨਾ ਹੀ ਕਾਲੀਆ ਸਾਹਿਬ ਤੋਂ ਹੋਣਾ ਹੈ । ਕਰਨਾ ਤਾਂ ਮੈਂ ਹੈ । ਜੇਕਰ ਤੁਸੀਂ ਕੰਮ ਕਰਵਾਉਣਾ ਹੈ ਤਾਂ ਮੇਰੇ ਕੋਲ ਆ ਜਾਵੋ ।" But nothing happened after that assurance. ਬਾਦਲ ਸਾਹਿਬ ਅਬੋਹਰ ਆਏ । ਇਹ ਆਏ ਤਾਂ ਬੱਲੂਆਣੇ ਸੀ। He was very gracious. ਇਨ੍ਹਾਂ ਦਾ ਸੰਗਤ ਦਰਸ਼ਨ ਸੀ and I felt very bad ਕਿ ਮਈ ਦੇ ਮਹੀਨੇ ਦੀ ਕੜਕਦੀ ਧੁੱਪ ਵਿੱਚ ਡੇਢ ਘੰਟੇ ਸਾਡੇ ਬੰਦਿਆਂ ਨੂੰ ਖੜ੍ਹਾ ਕੇ ਗੱਲ ਕੀਤੀ । ਇਹ ਕਹਿੰਦੇ, "ਬਿਲਕੁਲ ਸੁਨੀਲ ਤੁਹਾਡੀ ਗੱਲ ਠੀਕ ਹੈ, I will sort it out." ਮੈਂ ਉਸ ਦਿਨ ਹੀ ਸਮਝ ਗਿਆ ਸੀ । ਇਨ੍ਹਾਂ ਨੇ ਡੀ.ਸੀ. ਨੂੰ ਆਰਡਰ ਦੇ ਦਿੱਤੇ। ਚਾਰ ਦਿਨ ਪਹਿਲਾਂ ਦੀ ਹਿੰਦੁਸਤਾਨ ਟਾਈਮਜ਼ ਅਖ਼ਬਾਰ ਵਿੱਚ ਖ਼ਬਰ ਹੈ - "Sewerage repelled from fields floods Abohar."

**ਮਾਨਯੋਗ ਸਪੀਕਰ** : ਉਸ ਨਾਲ ਕੀ ਗੱਲ ਕਰਨੀ ਹੈ ।

**ਸ਼੍ਰੀ ਸੁਨੀਲ ਜਾਖੜ** : ਕਮਾਲ ਕਰੀ ਜਾਂਦੇ ਹੋ । It is an assurance by the Chief Minister in the House.

**ਮਾਨਯੋਗ ਸਪੀਕਰ** : ਤੁਸੀਂ ਬਹਿਸ ਵਿੱਚ ਜ਼ਿਆਦਾ ਪੈ ਜਾਂਦੇ ਹੋ । ਤੁਸੀਂ ਸਵਾਲ ਕਰੋ ।

**ਸ਼੍ਰੀ ਸੁਨੀਲ ਜਾਖੜ** : ਸਰ, ਇਨ੍ਹਾਂ ਨੇ ਕਿਹਾ ਸੀ ਕਿ ਜਿੰਨਾ ਪੈਸਾ ਲੱਗੇਗਾ, ਦੇ ਦੇਵਾਂਗੇ । ਹੁਣ ਮੰਤਰੀ ਜੀ ਕਹਿ ਰਹੇ ਹਨ ਕਿ ਸਾਡੇ ਕੋਲ ਪੈਸਾ ਹੈ ਨਹੀਂ ਇਸ ਕਰਕੇ ਸੀਵਰੇਜ਼ ਦਾ ਮਸਲਾ ਖਤਮ ਕਰ ਦਿੱਤਾ ਹੈ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਸ ਵੇਲੇ ਮੈਂ (ਅ) ਭਾਗ ਦਾ ਜਵਾਬ ਦਿੱਤਾ ਤਾਂ ਮੈਂ ਕੁਝ ਕੰਮ ਜਿਹੜੇ 2007 ਤੋਂ ਬਾਅਦ ਹੋਏ ਹਨ, ਉਨ੍ਹਾਂ ਦਾ ਜ਼ਿਕਰ ਕੀਤਾ ਹੈ । ਉਹ ਲਿਖਾ ਦਿੱਤੇ ਹਨ । ਇਹ 5-10 ਕਰੋੜ ਰੁਪਏ ਦੇ ਕੰਮ ਨਹੀਂ ਸੀ ਕਿਉਂਕਿ ਅਬੋਹਰ ਦੇ ਵਿੱਚ ਲਗਭਗ 92 ਪ੍ਰਤੀਸ਼ਤ ਅਬਾਦੀ ਨੂੰ ਵਾਟਰ ਟਰੀਟਮੈਂਟ ਰਾਹੀਂ ਨਹਿਰੀ ਪਾਣੀ ਸੋਧ ਕੇ ਪਾਈਪਾਂ ਰਾਹੀਂ ਸਹੂਲਤ ਦਿੱਤੀ ਜਾ ਰਹੀ ਹੈ ਅਤੇ 76 ਪ੍ਰਤੀਸ਼ਤ ਅਬਾਦੀ ਜਿਹੜੀ ਹੈ, ਉਹ 86.50 ਕਿਲੋਮੀਟਰ ਦੀਆਂ ਲਾਈਨਾਂ ਰਾਹੀਂ ਕਵਰਡ ਹੈ । ਇਸ ਨੂੰ ਸੌ ਪ੍ਰਤੀਸ਼ਤ ਬਣਾਉਣ ਲਈ, ਮਾਨਯੋਗ ਸਪੀਕਰ ਸਾਹਿਬ, ਸਾਨੂੰ 87 ਕਰੋੜ 30 ਲੱਖ ਰੁਪਏ ਚਾਹੀਦੇ ਹਨ । ਇਹ 5-10 ਕਰੋੜ ਰੁਪਏ ਦੀ ਗੱਲ ਨਹੀਂ । ਜਿਹੜਾ ਬਾਦਲ ਸਾਹਿਬ ਨੇ ਕਿਹਾ ਹੈ, ਉਹ ਥੋੜ੍ਹੇ ਬਹੁਤੇ ਕੰਮ ਹੋਏ ਹਨ ।

**ਮਾਨਯੋਗ ਸਪੀਕਰ** : 87.30 ਕਰੋੜ ?

**ਮੰਤਰੀ** : 87 ਕਰੋੜ 30 ਲੱਖ ਰੁਪਏ 100 ਪ੍ਰਤੀਸ਼ਤ ਕੰਮ ਕਰਨ ਲਈ ਚਾਹੀਦੇ ਹਨ। ਐਬਸੋਲਿਊਟ ਟਰਮ ਵਿੱਚ ਜੇ ਚਾਹੁੰਦੇ ਹਨ ਤਾਂ ਇੰਨਾ ਪੈਸਾ ਲੱਗਣਾ ਹੈ । ਅਸੀਂ ਪੰਜਾਬ ਦੇ ਵਿੱਚ ਐਤਕੀਂ ਰਿਵਰ ਕਲੀਨਿੰਗ ਪ੍ਰੋਗਰਾਮ ਹੇਠ ਸਤਲੁਜ, ਬਿਆਸ, ਘੱਗਰ-ਸਾਰਿਆਂ ਦੇ ਪ੍ਰੋਜੈਕਟ ਪਾਸ ਕਰਵਾਏ ਹਨ ਅਤੇ ਉਨ੍ਹਾਂ ਤੇ ਕੰਮ ਵੀ ਹੋ ਰਿਹਾ ਹੈ । ਕਾਫੀ ਕਰੋੜਾਂ ਰੁਪਏ ਲੱਗੇ

Original with;
Punjab Vidhan Sabha
Digitized by;
Punjab Digital Library

[ਸਥਾਨਕ ਸਰਕਾਰ ਮੰਤਰੀ]

ਹਨ । ਜੇਕਰ ਇਹ ਕਹਿੰਦੇ ਹਨ ਤਾਂ ਮੈਂ ਡਿਟੇਲ ਦੇ ਦਿੰਦਾ ਹਾਂ ਪਰ ਇਸ ਤੇ ਕਾਫੀ ਲੰਬਾ ਸਮਾਂ ਲੱਗੇਗਾ । ਇਹ ਜਿਹੜਾ 87.30 ਕਰੋੜ ਰੁਪਿਆ ਹੈ, ਇਸ ਨਾਲ ਹੀ 100 ਪ੍ਰਤੀਸ਼ਤ ਕੰਮ ਹੋਣਾ ਹੈ, ਜਿਸ ਦਾ ਪ੍ਰਬੰਧ ਕਰਨ ਦੀ ਕੋਸ਼ਿਸ਼ ਕਰਾਂਗੇ । ਇਹ 5-10 ਕਰੋੜ ਰੁਪਏ ਦੀ ਐਸ਼ੋਰੈਂਸ ਸੀ ਪਰ ਇਹ 5-10 ਕਰੋੜ ਰੁਪਏ ਦਾ ਕੰਮ ਨਹੀਂ ਹੈ ।

**ਸ਼੍ਰੀ ਸੁਨੀਲ ਜਾਖੜ** : ਸਪੀਕਰ ਸਾਹਿਬ, ਸੀਵਰੇਜ ਨਾਲ ਰਿਲੇਟਿਡ ਜਿਹੜੀ ਮੇਨ ਗੱਲ ਸੀ, ਸੀਵਰੇਜ ਟਰੀਟਮੈਂਟ ਪਲਾਂਟ ਬਾਰੇ ਇਨ੍ਹਾਂ ਨੇ ਕਿਹਾ ਹੈ ਕਿ ਪੈਸਾ ਸਾਡੀ ਗੌਰਮਿੰਟ ਨੇ ਰਿਲੀਜ਼ ਕੀਤਾ ਸੀ, but they withdraw it. ਕਾਲੀਆ ਸਾਹਿਬ ਨੇ ਕਿਹਾ ਸੀ ਕਿ ਅਸੀਂ ਮੀਡੀਅਮ ਐਂਡ ਸਮਾਲ ਟਾਊਨ ਸਕੀਮ ਜਿਹੜੀ ਜਵਾਹਰ ਲਾਲ ਨਹਿਰੂ ਅਰਬਨ ਰਿਨਿਊਲ ਮਿਸ਼ਨ ਦੇ ਤਹਿਤ ਅਬੋਹਰ ਲਈ ਦੇਵਾਂਗੇ, they withdrew it. ਬਾਦਲ ਸਾਹਿਬ ਨੇ ਵੀ ਐਸ਼ੋਰੈਂਸ ਦਿੱਤੀ ਸੀ ਕਿ ਇਹ ਜਿਹੜਾ ਸਾਰੇ ਸ਼ਹਿਰ ਦੇ 90 ਫੀਸਦੀ ਨੂੰ ਨਹਿਰੀ ਪਾਣੀ ਪੀਣ ਦਾ ਮਿਲਦਾ ਹੈ, ਉਸ ਗੰਦੇ ਪਾਣੀ ਦੀ ਨਿਕਾਸੀ ਖੇਤਾਂ ਵਿੱਚ ਜਾਂਦੀ ਹੈ ਅਤੇ 700 ਏਕੜ ਸਾਡੇ ਉਥੇ ਅਬੋਹਰ ਨਾਲ ਲਗਦੀ ਚਿਰਾਗ ਢਾਣੀ ਦਾ ਰਕਬਾ ਖਰਾਬ ਹੋ ਗਿਆ ਹੈ । ਉਸ ਦਾ ਕੰਪਨਸੇਸ਼ਨ ਕੌਣ ਦੇਵੇਗਾ ? ਜਦੋਂ ਸਾਰਿਆਂ ਨੇ ਇਕੱਠੇ ਹੋ ਕੇ ਰੌਲਾ ਪਾਇਆ ਤਾਂ ਡੀ.ਸੀ. ਨੇ ਕੋਈ ਕੰਮ ਚਾਲੂ ਕਰਵਾਇਆ ਹੈ । Who knows whether it is just an eye-wash or it will be continued ? ਹੁਣ ਇਨ੍ਹਾਂ ਨੇ ਕਿਹਾ ਹੈ ਕਿ ਅਸੀਂ ਅਬੋਹਰ ਵਾਸਤੇ ਰਲੀਜ਼ ਕੀਤਾ ਹੈ। ਮੈਂ ਸਪੈਸੇਫਿਕ ਜਾਣਨਾ ਚਾਹੁੰਦਾ ਹਾਂ। This is not only a question, it is charge in the form of a question. ਇਨ੍ਹਾਂ ਨੇ ਪੈਸਾ ਦਿੱਤਾ ਹੈ, let us ask the question. What is the meaning of e-tendering ? E-tendering means that anybody who comes for bidding for a project he would not be coerced into it and nor there would be any pulling of these contract. ਇਨ੍ਹਾਂ ਨੇ ਕਿਹਾ ਹੈ ਕਿ ਹੁਣ ਅਸੀਂ ਅਬੋਹਰ ਵਾਸਤੇ ਪੈਸਾ ਰਿਲੀਜ਼ ਕੀਤਾ ਹੈ, ਇਨ੍ਹਾਂ ਨੇ ਪੈਸਾ ਦਿੱਤਾ ਹੈ । ਕੀ ਕੋਈ ਸਾਰਾ ਇੰਡੀਪੈਂਡੇਂਟ ਤਰੀਕੇ ਦੇ ਨਾਲ ਘਰੇ ਬੈਠ ਕੇ ਈ-ਟੈਂਡਰਿੰਗ ਪਾਵੇ ? ਸਪੀਕਰ ਸਾਹਿਬ, ਇਨ੍ਹਾਂ ਨੇ 7 ਕਰੋੜ ਦੀ ਈ-ਟੈਂਡਰਿੰਗ ਕੀਤੀ ਹੈ । ਜਿਨ੍ਹਾਂ ਵੱਖ-ਵੱਖ ਕੰਮਾਂ ਦੇ ਵਾਸਤੇ ਮੈਂ ਕਾਲੀਆ ਸਾਹਿਬ ਨੂੰ ਕਿਹਾ ਸੀ, ਤੁਹਾਡੇ ਕੋਲ ਡਿਟੇਲਡ ਡਿਵੈਲਪਮੈਂਟ ਪਲਾਨ ਹੈ...........

**ਮਾਨਯੋਗ ਸਪੀਕਰ** : ਤੁਸੀਂ ਤਾਂ ਸਾਰੇ ਹਾਊਸ ਦਾ ਜ਼ਿਆਦਾ ਟਾਈਮ ਭਾਸ਼ਣ ਦੇ ਵਿੱਚ ਹੀ ਜਾਇਆ ਕਰਦੇ ਹੋ । ਤੁਸੀਂ ਸਵਾਲ ਸਿੱਧਾ ਪੁੱਛੋ ।

**ਸ਼੍ਰੀ ਸੁਨੀਲ ਜਾਖੜ** : ਸਰ, ਈ-ਟੈਂਡਰਿੰਗ ਦੀ ਕੈਪੇਬਿਲਟੀ ਕਿਸ ਦੀ ਹੈ, ਜੇ.ਈ. ਨੇ ਉਥੇ 'ਏ' ਕਲਾਸ ਦੇ ਸਰਟੀਫਿਕੇਟ ਦਿੱਤੇ ਹਨ.........

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਜਿਹੜੀ ਗੱਲ ਮੈਂਬਰ ਸਾਹਿਬ ਕਰ ਰਹੇ ਹਨ, ਉਸ ਬਾਰੇ ਮੈਂ ਦੋ ਟੁੱਕ ਹੀ ਗੱਲ ਕਰਦੀ ਹਾਂ । ਪੈਸਾ ਕਿੰਨਾ ਚਾਹੀਦਾ ਹੈ, ਕਿੰਨਾ ਵੱਧ ਜਾਂ ਘੱਟ ਮਿਲਿਆ ਹੈ ? ਇਹ ਤਾਂ ਇਕ ਸਟੋਰੀ ਹੈ । ਮੇਰਾ ਸਵਾਲ ਇਹ ਹੈ ਕਿ ਕੋਈ ਮੰਤਰੀ ਆਨ ਦੀ ਫਲੋਰ ਆਫ ਦਿ ਹਾਊਸ ਕੁਮਿੱਟਮੈਂਟ ਕਰਦਾ ਹੈ ਤਾਂ ਉਹ ਐਸ਼ੋਰੈਂਸ਼ ਸਮਝੀ ਜਾਂਦੀ ਹੈ । ਸਪੀਕਰ ਸਾਹਿਬ, ਚੀਫ ਮਨਿਸਟਰ ਸਾਹਿਬ ਨੇ ਐਸ਼ੋਰੈਂਸ਼ ਦਿੱਤੀ ਸੀ । ਇਹ ਸਾਰਿਆਂ ਤੋਂ ਸੀਨੀਅਰ ਹਨ ਅਤੇ ਸਰਕਾਰ ਦੇ ਹੈੱਡ ਹਨ । ਇਨ੍ਹਾਂ ਨੇ ਕਿਹਾ ਕਿ ਮੈਂ ਪੈਸਾ ਦੇਣਾ

Original with;
Punjab Vidhan Sabha
Digitized by;
Panjab Digital Library

ਹੈ, ਡਿਪਟੀ ਸੀ.ਐਮ. ਨੇ ਨਹੀਂ ਦੇਣਾ । ਫਿਰ ਇਹ ਉਥੇ ਗਏ ਤੇ ਵਾਅਦਾ ਕਰਕੇ ਆਏ ਸੀ ਕਿ ਅਸੀਂ ਪੈਸਾ ਦੇਣਾ ਹੈ । ਅੱਜ ਉਹ ਸਾਰਾ ਕੁਝ ਹਾਊਸ ਦੇ ਵਿੱਚ ਕੀਤਾ ਹੋਇਆ ਵਾਅਦਾ, ਜਿਸ ਦੀ ਕਾਰਵਾਈ ਦੇ ਮੁਤਾਬਿਕ ਇਹ ਵੇਖ ਕੇ ਆਏ ਸੀ ਤੇ ਉਸ ਅਨੁਸਾਰ ਪੈਸਾ ਦੇਣਾ ਸੀ, ਲੇਕਿਨ ਉਹ ਪੈਸਾ ਨਹੀਂ ਦਿੱਤਾ ਗਿਆ । ਕੀ ਇਹ ਸੀ.ਐਮ. ਸਾਹਿਬ ਦੇ ਅਗੇਂਸਟ ਪ੍ਰਿਵਲਿਜ਼ ਨਹੀਂ ਬਣਦਾ ਕਿਉਂਕਿ ਉਨ੍ਹਾਂ ਨੇ ਅਨਾਊਂਸ ਕਰਕੇ ਮੁੜ ਕੇ ਪੈਸਾ ਨਹੀਂ ਦਿੱਤਾ? ਕੀ ਇਨ੍ਹਾਂ ਦੇ ਟਰੱਸਟ ਦੇ ਨਾਲ ਇਸ ਹਾਊਸ ਦਾ ਟਰੱਸਟ (trust) ਬ੍ਰੀਚ ਨਹੀਂ ਕੀਤਾ ਗਿਆ, ਕਿਉਂਕਿ ਮੁੱਖ ਮੰਤਰੀ ਜੀ ਨੇ ਫਲੋਰ ਆਫ ਦਿ ਹਾਊਸ ਦੇ ਵਿੱਚ ਕਿਹਾ ਸੀ । ਜੇਕਰ ਸੀ.ਐਮ. ਦਾ ਇਹ ਹਾਲ ਹੈ ਤਾਂ ਬਾਕੀ ਸਰਕਾਰ ਤੋਂ ਅਸੀਂ ਕੀ ਆਸ ਰੱਖਦੇ ਹਾਂ ? ਇਸ ਦੇ ਵਾਸਤੇ ਸੀ.ਐਮ. ਮੁਆਫੀ ਮੰਗਣ ।

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਮੈਂ ਪਹਿਲਾਂ ਈ-ਟੈਂਡਰਿੰਗ ਦੀ ਗੱਲ ਨਹੀਂ ਕਰਦਾ, ਕੁਮਿੱਟਮੈਂਟ ਦੀ ਗੱਲ ਕਰਦਾ ਹਾਂ । ਜੋ ਮਾਨਯੋਗ ਲੀਡਰ ਆਫ ਦਿ ਆਪੋਜ਼ੀਸ਼ਨ ਨੇ ਕਿਹਾ ਹੈ .......(ਵਿਘਨ)

**ਮਾਨਯੋਗ ਸਪੀਕਰ** : ਉਹ ਇਨ੍ਹਾਂ ਦੀ ਗੱਲ ਦਾ ਜਵਾਬ ਦੇ ਰਹੇ ਹਨ, ਤੁਸੀਂ ਵਿੱਚ ਗੱਲ ਕਿਉਂ ਕਰੀ ਜਾਂਦੇ ਹੋ ?

**ਮੰਤਰੀ** : ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ 5-10 ਕਰੋੜ ਰੁਪਏ ਦੀ ਗੱਲ ਕੀਤੀ ਸੀ ਅਤੇ ਅਸੀਂ 6 ਕਰੋੜ 90 ਲੱਖ ਰੁਪਿਆ ਬੜੀ ਜਲਦੀ ਹੀ ਭੇਜ ਰਹੇ ਹਾਂ, ਅਗਲੇ ਹਫਤੇ ਹੀ ਭੇਜ ਰਹੇ ਹਾਂ । (ਵਿਘਨ) ਈ-ਟੈਂਡਰਿੰਗ ਦੀ ਗੱਲ ਬਾਅਦ ਵਿੱਚ ਕਰਦੇ ਹਾਂ, ਤੁਸੀਂ ਕਿਹਾ ਹੈ ਕਿ ਹਾਊਸ ਦੀ ਫਲੋਰ ਦੇ ਉਤੇ ਕੁਮਿੱਟਮੈਂਟ ਕੀਤੀ ਗਈ ਸੀ । ਬਾਕੀ ਇਨ੍ਹਾਂ ਦੇ ਵਿਕਾਸ ਦੇ ਕੰਮਾਂ ਦੇ ਲਈ ਅੱਗੇ ਕੁੱਲ 11 ਕਰੋੜ 58 ਲੱਖ ਰੁਪਏ ਅਬੋਹਰ ਦੇ ਵਿੱਚ ਲੱਗ ਚੁੱਕੇ ਹਨ । (ਵਿਘਨ)

**Shri Sunil Jakhar :** I am alleging as a responsible Member of this House. I think that Director of the Local Bodies is involved in this ਅਦਰਵਾਈਜ਼ ਈ-ਟੈਂਡਰਿੰਗ ਦੇ ਵਿੱਚ ਇਹ ਕਲਾਜ਼ ਪਾ ਹੀ ਨਹੀਂ ਸਕਦੇ। Why you have put a clause that anybody who wants to have these tenders has to come to Abohar ? ਉਸ ਨੂੰ ਉਥੋਂ ਭਜਾ ਦਿੰਦੇ ਹਨ । Is it not violation of e-tendering ?

**ਮੰਤਰੀ** : ਮਾਨਯੋਗ ਸਪੀਕਰ ਸਾਹਿਬ, ਜਿਹੜਾ ਕੋਈ ਕੰਟਰੈਕਟਰ ਕਿਸੇ ਵੀ ਅਦਾਰੇ ਨਾਲ ਰਜਿਸਟਰਡ ਨਹੀਂ ਹੋਵੇਗਾ ਤਾਂ ਉਹ ਈ-ਟੈਂਡਰਿੰਗ ਕਿਸ ਤਰ੍ਹਾਂ ਪਾਵੇਗਾ ? ਉਸ ਦੀ ਕੀ ਸਕਿਉਰਿਟੀ ਹੋਵੇਗੀ, ਉਸ ਨੂੰ ਕਿਥੋਂ ਫੜਨਾ ਹੈ ਅਤੇ ਉਸ ਦਾ ਕੀ ਕਾਂਸਟੀਚਿਊਸ਼ਨ ਲੱਭਣਾ ਹੈ । ਸਭ ਤੋਂ ਪਹਿਲਾਂ ਇਹ ਹੁੰਦਾ ਹੈ ਕਿ ਕਿਸੇ ਵੀ ਇੰਸਟੀਚਿਊਟ, ਕਿਸੇ ਵੀ ਅਦਾਰੇ ਦਾ ਕੰਮ ਜਿਸ ਨੂੰ ਦੇਣਾ ਹੈ, ਉਹ ਉਸ ਦੇ ਨਾਲ ਲਿਸਟਿਡ ਹੋਣਾ ਚਾਹੀਦਾ ਹੈ । ਉਹ ਜਾਂ ਤਾਂ ਲਿਸਟਿਡ ਹੋਵੇ ਜਾਂ ਰਜਿਸਟਰਡ ਹੋਵੇ (ਵਿਘਨ)

**ਮਾਨਯੋਗ ਸਪੀਕਰ** : ਤੁਸੀਂ ਆਪਣੀ ਹੀ ਗੱਲ ਕਰੀ ਜਾਵੋਗੇ ਜਾਂ ਮੇਰੀ ਗੱਲ ਵੀ ਸੁਣੋਗੇ ? ਉਹ ਸਵਾਲ ਦਾ ਜਵਾਬ ਦੇ ਰਹੇ ਹਨ, ਤੁਸੀਂ ਉਨ੍ਹਾਂ ਨੂੰ ਸੁਣ ਲਵੋ ।

Original with;
Punjab Vidhan Sabha
Digitized by;
Punjab Digital Library

**ਮੰਤਰੀ** : ਇਹ ਤਾਂ ਮਿਊਂਸਿਪੈਲਿਟੀ ਦਾ ਪ੍ਰੋਸੀਜ਼ਰ ਆਪਣਾ ਬਣਾਉਣਾ ਚਾਹੁੰਦੇ ਹਨ (ਵਿਘਨ) ਸਪੀਕਰ ਸਾਹਿਬ, ਲੋਕਲ ਬਾਡੀਜ਼ ਦਾ ਪ੍ਰੋਸੀਜ਼ਰ ਇਨ੍ਹਾਂ ਨੇ ਥੋੜ੍ਹਾ ਬਣਾਉਣਾ ਹੈ ਕਿ ਜਿਹੜਾ ਮਰਜ਼ੀ ਦੇ ਦੇਵੇ ਤੇ ਉਸ ਦਾ ਕੋਈ ਪਤਾ ਵੀ ਨਾ ਹੋਵੇ । ਉਹ ਤਾਂ ਸਾਰੇ ਸਿਸਟਮ ਨੂੰ ਖਰਾਬ ਕਰ ਦੇਵੇਗਾ । (ਵਿਘਨ) ਮੈਂ ਤੁਹਾਡੀ ਈ-ਟੈਂਡਰਿੰਗ ਦਾ ਜਵਾਬ ਦੇ ਰਿਹਾ ਹਾਂ । ਤੁਹਾਡਾ ਸਵਾਲ ਇਹ ਹੈ ਕਿ ਈ-ਟੈਂਡਰਿੰਗ ਜਿਥੇ ਮਰਜ਼ੀ ਬੈਠਾ ਬੰਦਾ ਪਾ ਲਵੇ ਪਰ ਉਹ ਬੰਦਾ ਲੋਕਲ ਬਾਡੀਜ਼ ਦੇ ਵਿੱਚ ਰਜਿਸਟਰਡ ਹੋਵੇਗਾ ਅਤੇ ਰਜਿਸਟਰ ਹੋ ਕੇ ਈ-ਟੈਂਡਰਿੰਗ ਜਿਥੇ ਮਰਜ਼ੀ ਪਾਈ ਜਾਵੇ । (ਵਿਘਨ) ਰਜਿਸਟਰ ਤਾਂ ਅਬੋਹਰ ਹੀ ਹੋਵੇਗਾ ।

**ਸ਼੍ਰੀ ਸੁਨੀਲ ਜਾਖੜ** : ਉਹ ਅਬੋਹਰ ਜਾ ਕੇ ਕਿਉਂ ਰਜਿਸਟਰਡ ਹੋਵੇਗਾ, ਤੁਸੀਂ ਇਸ ਦੀ ਇਨਕੁਆਇਰੀ ਕਰਵਾ ਲਵੋ । They are registered contractors, he has not even bothered to answer my call.

**ਮੰਤਰੀ** : ਹਰ ਮਿਊਂਸਿਪੈਲਿਟੀ ਦੇ ਵਿੱਚ ਜਿਹੜਾ ਬੰਦਾ ਰਜਿਸਟਰਡ ਹੋਵੇਗਾ, ਉਹ ਹੀ ਈ-ਟੈਂਡਰਿੰਗ ਕਰ ਸਕਦਾ ਹੈ ।

**Shri Sunil Jakhar :** If this is the process of e-tendering, then I withdraw my allegation. ਸੂਦ ਸਾਹਿਬ, ਮੈਂ ਸਰਕਾਰ ਦੇ ਪ੍ਰੋਸੈਸ ਦੀ ਗੱਲ ਕਰ ਰਿਹਾ ਹਾਂ.........(ਵਿਘਨ) ਤੁਸੀਂ ਇਸ ਦੀ ਇਨਕੁਆਇਰੀ ਕਰਵਾ ਦਿਉ । ਇਸ ਦੇ ਵਿੱਚ ਸਿੱਧੇ ਤੌਰ ਤੇ ਪੰਜਾਬ ਦਾ 7 ਕਰੋੜ ਰੁਪਿਆ ਖਾਧਾ ਜਾ ਰਿਹਾ ਹੈ, ਤੁਸੀਂ ਇਸ ਦੀ ਇਨਕੁਆਇਰੀ ਕਰਵਾ ਦਿਉ । (ਵਿਘਨ)

**ਮੰਤਰੀ** : ਹਰ ਨਗਰ ਪ੍ਰੀਸ਼ਦ ਜਿਹੜੀ ਹੁੰਦੀ ਹੈ, ਉਹ ਆਪਣੀ ਕਾਂਸਟੀਚਿਊਸ਼ਨ ਦੇ ਨਾਲ ਇੰਡੀਪੈਂਡੈਂਟਲੀ ਰੰਨ (run) ਕਰਦੀ ਹੈ । ਜੇਕਰ ਕਾਂਸਟੀਚਿਊਸ਼ਨ ਦੇ ਵਿੱਚ ਅਮੈਂਡਮੈਂਟ ਹੋਵੇਗੀ ਤਾਂ ਹਰ ਲੋਕਲ ਬਾਡੀਜ਼ ਨੇ ਇੰਡੀਪੈਂਡੈਂਟ ਤੌਰ ਤੇ ਕੰਮ ਕਰਨਾ ਹੈ । ਅਸੀਂ ਦੇਖ ਲੈਂਦੇ ਹਾਂ, ਜੇਕਰ ਕੋਈ ਵਾਇਓਲੇਸ਼ਨ ਹੋਈ ਤਾਂ ਕਾਰਵਾਈ ਕਰਾਂਗੇ । ਜੇ ਈ-ਟੈਂਡਰਿੰਗ ਦੀ ਵਾਇਓਲੇਸ਼ਨ ਹੋਈ ਤਾਂ ਮੈਂ ਕਾਰਵਾਈ ਕਰਵਾਵਾਂਗਾ । (ਵਿਘਨ) (ਸ਼ੋਰ)

**ਸ਼੍ਰੀ ਸੁਨੀਲ ਜਾਖੜ** : ਸਪੀਕਰ ਸਾਹਿਬ, 7 ਕਰੋੜ ਰੁਪਏ.....(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੈਠੋ, ਪਲੀਜ਼ । ਟਾਈਮ ਹੋ ਗਿਆ ਹੈ । ਹੁਣ ਬਾਦਲ ਸਾਹਿਬ ਕੋਈ ਗੱਲ ਕਰਨੀ ਚਾਹੁੰਦੇ ਹਨ ।

**ਮੁੱਖ ਮੰਤਰੀ** : ਸਤਿਕਾਰਯੋਗ..................

**ਮਾਨਯੋਗ ਸਪੀਕਰ** : ਸੀ.ਐਮ. ਸਾਹਿਬ । ਇੱਕ ਮਿੰਟ ਜੀ । ਮੈਂ ਅਜੇ ਥੋੜ੍ਹੀ ਜਿਹੀ ਗੱਲ ਕਰਨੀ ਹੈ ।

**ਮਾਨਯੋਗ ਸਪੀਕਰ** : ਪ੍ਰਸ਼ਨ ਕਾਲ ਖ਼ਤਮ ਹੁੰਦਾ ਹੈ । ਬਾਕੀ ਰਹਿੰਦੇ ਪ੍ਰਸ਼ਨ ਪੰਜਾਬ ਵਿਧਾਨ ਸਭਾ ਦੀ ਕਾਰਜਵਿਧੀ ਅਤੇ ਕਾਰਜ ਸੰਚਾਲਨ ਨਿਯਮਾਵਲੀ ਦੇ ਨਿਯਮ 38 ਅਧੀਨ ਉੱਤਰ ਦਿੱਤੇ ਗਏ ਸਮਝੇ ਜਾਣ ।

------------

Original with;
Punjab Vidhan Sabha
Digitized by;
Panjab Digital Library

WRITTEN ANSWERS TO STARRED QUESTIONS LAID ON THE TABLE OF THE HOUSE UNDER RULE 38

**ਨਿਸ਼ਾਨ ਵਾਲਾ ਪ੍ਰਸ਼ਨ ਨੰਬਰ 2259****

(ਇਸ ਪ੍ਰਸ਼ਨ ਦੀ ਐਕਸਟੈਨਸ਼ਨ ਮੰਗੀ ਗਈ ਹੈ ।)

----------

**ਘਨੌਰ ਹਲਕੇ ਵਿੱਚ ਲਿੰਕ ਸੜਕਾਂ ਦੀ ਮੁਰੰਮਤ**

*2236. **ਸ਼੍ਰੀ ਮਦਨ ਲਾਲ ਠੇਕੇਦਾਰ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਘਨੌਰ ਹਲਕੇ ਵਿਖੇ ਪੈਂਦੀਆਂ ਉਨ੍ਹਾਂ ਸੜਕਾਂ ਦੇ ਵੇਰਵੇ ਕੀ ਹਨ ਜੋ ਸੜਕਾਂ ਰਿਪੇਅਰ/ਨਵੀਨੀਕਰਨ ਵਾਸਤੇ ਡਿਊ ਹਨ ਅਤੇ ਇਨ੍ਹਾਂ ਤੇ ਕਦੋਂ ਤੱਕ ਕੰਮ ਚਾਲੂ ਕਰਵਾ ਦਿੱਤਾ ਜਾਵੇਗਾ ?

**ਸਰਦਾਰ ਸੁੱਚਾ ਸਿੰਘ ਲੰਗਾਹ** : ਵਿਧਾਨ ਸਭਾ ਹਲਕਾ ਘਨੌਰ ਅਧੀਨ ਜਿਹੜੀਆਂ ਲਿੰਕ ਸੜਕਾਂ ਰਿਪੇਅਰ ਲਈ ਡਿਊ ਹਨ, ਉਨ੍ਹਾਂ ਦਾ ਵੇਰਵਾ **ਅਨੁਲੱਗ "ੳ"** ਤੇ ਹੈ । ਇਨ੍ਹਾਂ ਵਿੱਚੋਂ 17.90 ਕਿ: ਮੀ: ਲੰਬਾਈ ਦੀਆਂ ਸੜਕਾਂ ਦੀ ਰਿਪੇਅਰ ਕੀਤੀ ਜਾ ਰਹੀ ਹੈ । ਹਾਲ ਦੀ ਘੜੀ ਬਕਾਇਆ ਲਿੰਕ ਸੜਕਾਂ ਦੀ ਰਿਪੇਅਰ ਕਰਨ ਦੀ ਕੋਈ ਤਜਵੀਜ਼ ਵਿਚਾਰ ਅਧੀਨ ਨਹੀਂ ਹੈ ।

**ਅਨੁਲੱਗ "ੳ"**

**ਵਿਧਾਨ ਸਭਾ ਹਲਕਾ ਘਨੌਰ ਅਧੀਨ ਰਿਪੇਅਰ ਲਈ ਡਿਊ ਸੜਕਾਂ ਦਾ ਵੇਰਵਾ**

| ਲੜੀ ਨੰ: | ਸੜਕ ਦਾ ਨਾਂ | ਪਿਛਲੀ ਰਿਪੇਅਰ ਦੀ ਮਿਤੀ | ਲੰਬਾਈ (ਕਿ:ਮੀ:) |
|---|---|---|---|
| 1. | ਦੜਵਾ ਤੋਂ ਲਾਰਸਾ | 01/2001 | 0.83 |
| 2. | ਫਿਰਨੀ ਪਿੰਡ ਨੌਗਾਵਾ | 09/2001 | 1.00 |
| 3. | ਲੋਹ ਸਿੰਬਲੀ ਤੋਂ ਹਰਿਆਣਾ ਬਾਰਡਰ | 12/2002 | 1.46 |
| 4. | ਜੀ.ਟੀ. ਰੋਡ ਤੋਂ ਚਲਹੇਰੀ ਵਾ: ਮਦਨਪੁਰ | 10/2002 | 3.00 |
| 5. | ਫਿਰਨੀ ਪਿੰਡ ਰਾਮਨਗਰ ਸੈਣੀਆਂ | 04/2002 | 0.57 |
| 6. | ਫਿਰਨੀ ਪਿੰਡ ਸਾਰਲਾ ਕਲਾਂ | 04/2002 | 0.62 |
| 7. | ਹਰਪਾਲਾ ਪਹਿਲੀ ਜੋੜ ਤੋਂ ਗੁਰਦਵਾਰਾ | 04/2002 | 0.23 |

---

**For Starred Question No. 2259 and reply thereto, Please see_______

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਸੜਕ ਦਾ ਨਾਂ | ਪਿਛਲੀ ਰਿਪੇਅਰ ਦੀ ਮਿਤੀ | ਲੰਬਾਈ (ਕਿ:ਮੀ:) |
|---|---|---|---|
| 8. | ਰਾਜਪੁਰਾ ਤੋਂ ਕਾਮੀਕਲਾਂ ਵਾ: ਹਰਪਾਲਪੁਰ (12 ਫੁੱਟ) | 03/2003 | 5.00 |
| 9. | ਫਿਰਨੀ ਪਿੰਡ ਕਪੂਰੀ | 04/2002 | 0.90 |
| 10. | ਫਿਰਨੀ ਪਿੰਡ ਸੰਤਾਂ | 04/2002 | 0.40 |
| 11. | ਫਿਰਨੀ ਪਿੰਡ ਜਮੀਤਗੜ੍ਹ ਵਾ: ਪੀਰ ਬਾਬਾ ਮੰਦਿਰ ਅਤੇ ਧਰਮਸ਼ਾਲਾ | 11/2002 | 0.43 |
| 12. | ਬੋਗਲਾਂ ਤੋਂ ਝੰਡੋਲੀ | 04/2002 | 1.20 |
| 13. | ਫਿਰਨੀ ਪਿੰਡ ਸ਼ੇਖਪੁਰਾ ਰਾਜਪੂਤਾਨਾਂ | 04/2002 | 0.48 |
| 14. | ਫਿਰਨੀ ਪਿੰਡ ਭੱਟਮਾਜਰਾ | 11/2002 | 0.34 |
| 15. | ਫਿਰਨੀ ਪਿੰਡ ਰਾਮਪੁਰ | 04/2002 | 0.80 |
| 16. | ਬੈਦਵਾਲ ਤੋਂ ਝੰਗੀਆਂ | 10/2002 | 0.64 |
| 17. | ਸਿਰਕਪੜਾ ਤੋਂ ਮਾੜੂਪੁਰ (ਪੀਰਨਿਉਲਾ ਰੋਡ) | 03/2001 | 4.17 |
| 18. | ਲੋਹਸਿੰਬਲੀ ਤੋਂ ਗੁਰਦੁਆਰਾ | 01/2001 | 0.58 |
| 19. | ਮਿੱਠੂ ਮਾਜਰਾ ਤੋਂ ਖੇੜੀ ਮੰਡਲਾਂ | 08/2001 | 0.94 |
| 20. | ਸ਼ੰਭੂ ਨਨਹੇੜਾ ਰੋਡ ਤੋਂ ਗੁਰਦੁਆਰਾ | 08/2001 | 1.04 |
| 21. | ਸ਼ਾਹਪੁਰ ਅਫਗਾਨਾ ਤੋਂ ਪੰਡਿਤਾਂ | 08/2001 | 0.82 |
| 22. | ਘਨੌਰ-ਸ਼ੰਭੂ ਸੜਕ ਤੋਂ ਫਿਰਨੀ ਪਿੰਡ ਲਾਛਾਂ | 04/2001 | 0.15 |
| 23. | ਰਾਜਪੁਰਾ ਤੋਂ ਕਾਮੀਕਲਾਂ ਵਾ: ਹਰਪਾਲਪੁਰ (12 ਫੁੱਟ ਚੋੜੀ) | 03/2003 | 9.95 |
| 24. | ਪੰਡਿਤਾਂ ਗੁਰਦੁਆਰਾ, ਸਕੂਲ, ਸ਼ਿਵ ਮੰਦਿਰ ਅਤੇ ਪੰਚਾਇਤ ਘਰ | 04/2002 | 0.30 |
| 25. | ਸਹਾਲਾ ਕਲਾਂ ਤੋਂ ਗੁਰਦੁਆਰਾ | 04/2002 | 0.16 |
| 26. | ਨਨਹੇੜੀ ਤੋਂ ਗੁਰਦੁਆਰਾ ਸਾਹਿਬ | 04/2002 | 0.30 |
| 27. | ਫਿਰਨੀ ਪਿੰਡ ਜਲਾਲਪੁਰ | 04/2002 | 0.50 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸੜਕ ਦਾ ਨਾਂ | ਪਿਛਲੀ ਰਿਪੇਅਰ ਦੀ ਮਿਤੀ | ਲੰਬਾਈ (ਕਿ:ਮੀ:) |
|---|---|---|---|
| 28. | ਕੂਥਾਖੇੜੀ ਮੜਿਆਣਾ ਰੋਡ ਤੋਂ ਗੁਰਦੁਆਰਾ | 04/2002 | 0.10 |
| 29. | ਹਰਪਾਲਪੁਰ ਤੋਂ ਰਾਜਪੁਰਾ ਰੋਡ ਤੋਂ ਗੁਰਦੁਆਰਾ | 04/2002 | 0.20 |
| 30. | ਮੱਗਰ ਰੋਡ ਤੋਂ ਸਕੂਲ | 05/2002 | 0.16 |
| 31. | ਖਾਨਪੁਰ ਫਿਰਨੀ ਤੋਂ ਬਾਬਾ ਮੱਠ ਪੀਰ | 05/2002 | 0.25 |
| 32. | ਖੇੜੀ ਮੰਡਲਾਂ ਫਿਰਨੀ ਤੋਂ ਪੀਰ ਲਾਲਾਂ ਵਾਲਾ | 05/2002 | 0.21 |
| 33. | ਲਾਛੜੂਕਲਾਂ ਤੋਂ ਸਮਸ਼ਾਨਘਾਟ ਅਤੇ ਪੀਰ ਲਾਲਾਂ ਵਾਲਾ | 04/2002 | 0.23 |
| 34. | ਸਰਾਲਾ ਖੁਰਦ-ਮਾੜੂ ਰੋਡ ਤੋਂ ਮੱਠ ਪੀਰ ਅਤੇ ਫਿਰਨੀ ਮਾੜੂ ਤੋਂ ਸਰਾਲਾ ਕਲਾਂ (ਫਿਰਨੀ ਪਿੰਡ ਸਰਾਲਾ ਕਲਾਂ) | 04/2002 | 0.48 |
| 35. | ਕਾਮੀਖੁਰਦ ਗੁਰਦੁਆਰਾ ਅਤੇ ਪ੍ਰਾਇਮਰੀ ਸਕੂਲ | 04/2002 | 0.21 |
| 36. | ਅਜਰੌਰ ਫਿਰਨੀ ਤੋਂ ਸ਼ਿਵ ਮੰਦਿਰ, ਖੇੜਾ ਧਰਮਸ਼ਾਲਾ, ਚਰਚ ਅਤੇ ਹਰੀਜਨ ਬਸਤੀ | 04/2002 | 0.87 |
| 37. | ਫਿਰਨੀ ਪਿੰਡ ਬਠੋਨੀਆਂ ਕਲਾਂ | 04/2002 | 0.75 |
| 38. | ਲਿੰਕ ਤੋਂ ਬਾਈਪਾਸ ਚਮਾਰੂ | 04/2002 | 0.98 |
| 39. | ਸ਼ੰਭੂ-ਘਨੌਰ ਰੋਡ ਤੋਂ ਪ੍ਰਾਇਮਰੀ ਸਕੂਲ ਮਰਦਾਪੁਰ | 04/2002 | 0.20 |
| 40. | ਫਿਰਨੀ ਪਿੰਡ ਕਾਮੀਖੁਰਦ | 05/2002 | 0.90 |
| 41. | ਸ਼ੰਭੂ ਕਲਾਂ ਤੋਂ ਰਾਜਗੜ੍ਹ ਤੋਂ ਗੁਰਦੁਆਰਾ ਸ਼ੰਭੂ ਕਲਾਂ ਫਿਰਨੀ ਤੋਂ ਗੁਰਦ | 04/2002 | 0.38 |
| 42. | ਫਿਰਨੀ ਪਿੰਡ ਰਾਏਪੁਰ ਮੰਡਾਲਾ | 04/2002 | 1.50 |
| 43. | ਫਿਰਨੀ ਪਿੰਡ ਮਹਿਮਦਪੁਰ ਬੈਰੀਅਰ | 04/2002 | 0.58 |
| 44. | ਫਿਰਨੀ ਪਿੰਡ ਰਾਮਨਗਰ ਸੈਣੀਆਂ | 04/2002 | 0.57 |
| 45. | ਫਿਰਨੀ ਪਿੰਡ ਕੋਹਲੇਮਾਜਰਾ | 04/2002 | 0.50 |
| 46. | ਫਿਰਨੀ ਪਿੰਡ ਨਨਹੇੜਾ | 04/2002 | 1.03 |

Original with;
Punjab Vidhan Sabha
Digitized by;
Panjab Digital Library

[ਖੇਤੀਬਾੜੀ ਮੰਤਰੀ]

| ਲੜੀ ਨੰ: | ਸੜਕ ਦਾ ਨਾਂ | ਪਿਛਲੀ ਰਿਪੇਅਰ ਦੀ ਮਿਤੀ | ਲੰਬਾਈ (ਕਿ:ਮੀ:) |
|---|---|---|---|
| 47. | ਫਿਰਨੀ ਪਿੰਡ ਚੱਤਰ ਨਗਰ | 04/2002 | 0.66 |
| 48. | ਫਿਰਨੀ ਪਿੰਡ ਸਾਹਲ | 04/2002 | 0.67 |
| 49. | ਫਿਰਨੀ ਪਿੰਡ ਸ਼ਾਹਪੁਰ ਅਰਾਈਆਂ | 04/2002 | 0.43 |
| 50. | ਫਿਰਨੀ ਪਿੰਡ ਰੁੜਕੀ | 04/2002 | 1.50 |
| 51. | ਫਿਰਨੀ ਪਿੰਡ ਮਹਿਦੂਦਾਂ | 04/2002 | 0.48 |
| 52. | ਫਿਰਨੀ ਪਿੰਡ ਸੋਨੇਮਾਜਰਾ | 04/2002 | 0.97 |
| 53. | ਫਿਰਨੀ ਪਿੰਡ ਕਾਮੀ ਕਲਾਂ | 04/2002 | 0.86 |
| 54. | ਫਿਰਨੀ ਪਿੰਡ ਸਿਆਲੂ | 04/2002 | 0.59 |
| 55. | ਸ਼ੰਭੂ-ਘਨੋਰ ਰੋਡ ਤੋਂ ਰਹਿਲ ਕਲੋਨੀ | 04/2002 | 0.50 |
| 56. | ਫਿਰਨੀ ਪਿੰਡ ਮੰਡੌਲੀ | 04/2002 | 0.91 |
| 57. | ਫਿਰਨੀ ਪਿੰਡ ਘੁਮਾਨਾ | 04/2002 | 0.30 |
| 58. | ਫਿਰਨੀ ਪਿੰਡ ਕੂਥਾਖੇੜੀ | 04/2002 | 0.83 |
| 59. | ਮਡਿਆਣਾ ਤੋਂ ਬਠੋਨੀਆਂ | 08/2002 | 3.00 |
| 60. | ਮਹਿਮਦ, ਨੈਣੂ ਮੋੜ | 12/2002 | 2.26 |
| 61. | ਮਹਿਮਾ ਤੋਂ ਸੈਦਖੇੜੀ | 07/2002 | 1.51 |
| 62. | ਸੂਰੋ ਤੋਂ ਬਠੋਨੀਆਂ | 07/2002 | 1.92 |
| 63. | ਮਦਨਪੁਰ ਚਲਹੇੜੀ ਰੋਡ ਤੋਂ ਘੱਗਰ ਸਰਾਏ ਭੂਰੀ ਮਾਜਰਾ | 07/2002 | 2.80 |
| 64. | ਲਿੰਕ ਸੜਕ ਤੋਂ ਬੀਬੀਪੁਰ (12 ਫੁੱਟ ਚੋੜੀ) | 03/2003 | 0.91 |
| 65. | ਲਿੰਕ ਸੜਕ ਤੋਂ ਲਾਛੜੂਖੁਰਦ(12 ਫੁੱਟ ਚੋੜੀ) | 12/2002 | 0.71 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਸੜਕ ਦਾ ਨਾਂ | ਪਿਛਲੀ ਰਿਪੇਅਰ ਦੀ ਮਿਤੀ | ਲੰਬਾਈ (ਕਿ:ਮੀ:) |
|---|---|---|---|
| 66. | ਫਿਰਨੀ ਪਿੰਡ ਬਠੋਨੀਆਂ ਖੁਰਦ | 05/2002 | 0.82 |
| 67. | ਬਨੂੜ ਤੇਪਲਾ ਰੋਡ ਤੋਂ ਬਾਸਮਾਂ | 09/2004 | 1.48 |
| 68. | ਬਨੂੜ ਤੇਪਲਾ ਰੋਡ ਤੋਂ ਤੇਪਲਾ ਮੰਡੀ | 09/2004 | 2.50 |
| 69. | ਬਨੂੜ ਤੇਪਲਾ ਰੋਡ ਤੋਂ ਗੜਦੀਨਗਰ | 02/2004 | 7.73 |
| 70. | ਰਾਜਪੁਰਾ ਚੰਡੀਗੜ੍ਹ ਰੋਡ ਤੋਂ ਮੋਹੀਕਲਾਂ | 09/2004 | 9.10 |
| 71. | ਘੜਾਮਾਂ ਤੋਂ ਨਨਹੇੜਾ | 09/2004 | 1.55 |
| 72. | ਸੁਰਜਗੜ੍ਹ ਤੋਂ ਮੋਹੀਗੜ੍ਹ | 09/2004 | 1.50 |
| 73. | ਮੋਹੀਕਲਾਂ ਤੋਂ ਘੜਾਮਾਂ | 09/2004 | 2.10 |
| 74. | ਬਾਸਮਾ ਤੋਂ ਖਲੋਰ | 09/2004 | 3.81 |
| 75. | ਬੂਹਾ ਤੋਂ ਮਦਨਪੁਰ | 12/2001 | 2.39 |
| 76. | ਗੜਦੀਨਗਰ ਤੋਂ ਸੁਰਜਗੜ੍ਹ ਤੋਂ ਮੋਹੀ ਖੁਰਦ | 03/2002 | 1.08 |
| | ਕੁੱਲ ਜੋੜ | | 102.78 |

--------

## ਬਲਾਕ ਸਿੱਖਿਆ ਅਫ਼ਸਰਾਂ ਦੇ ਦਫ਼ਤਰ ਤਬਦੀਲ ਕਰਨਾ

*2256. **ਸਰਦਾਰ ਅਮਰਜੀਤ ਸਿੰਘ ਸਮਰਾ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦੋ ਬਲਾਕ ਸਿੱਖਿਆ ਅਫ਼ਸਰਾਂ ਦੇ ਦਫ਼ਤਰ ਮੌਜੂਦਾ ਸਮੇਂ ਸਰਕਾਰੀ ਪ੍ਰਾਇਮਰੀ ਸਕੂਲ (ਲੜਕੀਆਂ), ਨਕੋਦਰ ਦੇ ਅਹਾਤੇ ਵਿੱਚ ਕੰਮ ਕਰ ਰਹੇ ਹਨ; ਜੇਕਰ ਅਜਿਹਾ ਹੋਵੇ ਤਾਂ ਇਸਦੇ ਕਾਰਨ ਕੀ ਹਨ ਅਤੇ ਉਕਤ ਦੋਨੋਂ ਬਲਾਕ ਸਿੱਖਿਆ ਅਫ਼ਸਰਾਂ ਦੇ ਦਫ਼ਤਰਾਂ ਨੂੰ ਇਸ ਸਕੂਲ ਵਿੱਚੋਂ ਕਦੋਂ ਤੱਕ ਤਬਦੀਲ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸੇਵਾ ਸਿੰਘ ਸੇਖਵਾਂ** : ਹਾਂ ਜੀ । ਬੀ. ਪੀ. ਈ. ਓ.-1 ਦਾ ਦਫ਼ਤਰ ਬੀ. ਆਰ. ਸੀ. ਦੀ ਬਿਲਡਿੰਗ ਵਿੱਚ ਸ਼ਿਫਟ ਕੀਤਾ ਜਾ ਚੁੱਕਾ ਹੈ । ਇਸ ਸਮੇਂ ਕੇਵਲ ਬਲਾਕ ਪ੍ਰਾਇਮਰੀ ਸਿੱਖਿਆ ਅਫ਼ਸਰ, ਨਕੋਦਰ-2 ਦਾ ਦਫ਼ਤਰ ਹੀ ਸਰਕਾਰੀ ਪ੍ਰਾਇਮਰੀ ਸਕੂਲ (ਲੜਕੀਆਂ), ਨਕੋਦਰ ਵਿਖੇ ਕੰਮ ਕਰ ਰਿਹਾ ਹੈ । ਬੀ. ਪੀ. ਈ. ਓ., ਨਕੋਦਰ-1 ਅਤੇ ਨਕੋਦਰ-2 ਦੇ ਦਫ਼ਤਰ ਇੱਕ ਕਿਰਾਏ ਦੀ ਬਿਲਡਿੰਗ ਵਿੱਚ ਚਲਦੇ ਸਨ, ਜਿਨ੍ਹਾਂ ਨੂੰ ਬਿਲਡਿੰਗ ਅਸੁਰੱਖਿਅਤ ਹੋਣ ਕਾਰਨ ਖਾਲੀ ਕਰਾਏ ਜਾਣ ਕਾਰਨ ਸਰਕਾਰੀ ਪ੍ਰਾਇਮਰੀ ਸਕੂਲ

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

(ਲੜਕੀਆਂ) ਨਕੋਦਰ ਵਿਖੇ ਸ਼ਿਫਟ ਕਰਨਾ ਪਿਆ ਸੀ । ਬਲਾਕ ਰਿਸੋਰਸ ਸੈਂਟਰ, ਨਕੋਦਰ ਦੀ ਬਿਲਡਿੰਗ ਦੀ ਰੈਨੋਵੇਸ਼ਨ ਕੀਤੀ ਜਾ ਰਹੀ ਹੈ । ਜਲਦੀ ਹੀ ਇਹ ਬਿਲਡਿੰਗ ਤਿਆਰ ਹੋ ਜਾਵੇਗੀ ਅਤੇ ਬੀ. ਪੀ. ਈ. ਓ., ਨਕੋਦਰ-2 ਦਾ ਦਫ਼ਤਰ ਵੀ ਇੱਥੇ ਸ਼ਿਫਟ ਕਰ ਦਿੱਤਾ ਜਾਵੇਗਾ ।

---------

## ਜਗਰਾਉਂ ਵਿਖੇ ਰਹਿੰਦ-ਖੂੰਹਦ ਦੀ ਡੰਪਿੰਗ

*2234 **ਸਰਦਾਰ ਈਸ਼ਰ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜਗਰਾਉਂ ਸ਼ਹਿਰ ਵਿਚ ਠੋਸ ਰਹਿੰਦ-ਖੂੰਹਦ ਦਾ ਨਿਪਟਾਰਾ ਜਾਂ ਡੰਪਿੰਗ ਕਰਨ ਲਈ ਮੌਜੂਦਾ ਪ੍ਰਬੰਧ ਕੀ ਹੈ ;

(ਅ) ਜੇਕਰ ਮੌਜੂਦਾ ਸਮੇਂ ਵਿੱਚ ਇਸ ਲਈ ਪੂਰੇ ਪ੍ਰਬੰਧ ਨਹੀਂ ਹਨ ਤਾਂ ਇਸ ਸਬੰਧ ਵਿੱਚ ਸਰਕਾਰ ਦੀ ਤਜਵੀਜ਼ ਕੀ ਹੈ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, (ੳ) ਨਗਰ ਕੌਂਸਲ, ਜਗਰਾਉਂ ਪਾਸ ਅਗਵਾੜ ਡਾਲਾ, ਵਾਰਡ ਨੰਬਰ :7, ਨਜ਼ਦੀਕ ਸ਼ਿਵਪੁਰੀ ਵਿਖੇ ਕੂੜਾ ਕਰਕਟ ਸੁੱਟਣ ਲਈ ਆਪਣੀ ਜ਼ਮੀਨ ਹੈ, ਜੋ ਕਿ ਕਾਫੀ ਡੂੰਘੀ ਹੈ । ਕੂੜਾ ਕਰਕਟ ਸੁੱਟਣ ਉਪਰੰਤ ਇਸ ਉਪਰ ਨਗਰ ਕੌਂਸਲ ਵੱਲੋਂ ਦਵਾਈਆਂ ਦਾ ਛਿੜਕਾ ਕੀਤਾ ਜਾਂਦਾ ਹੈ ਅਤੇ ਮਿੱਟੀ ਪਾ ਕੇ ਇਸ ਨੂੰ ਢੱਕ ਦਿੱਤਾ ਜਾਂਦਾ ਹੈ ।

(ਅ) ਨਗਰ ਕੌਂਸਲ, ਜਗਰਾਉਂ ਪਾਸ ਮੌਜੂਦਾ ਸਮੇਂ ਪੂਰੇ ਪ੍ਰਬੰਧ ਹਨ, ਪਰੰਤੂ ਭਵਿੱਖ ਵਿੱਚ ਸ਼ਹਿਰ ਦੇ ਕੂੜਾ-ਕਰਕਟ ਨੂੰ ਬਿਹਤਰ ਢੰਗ ਨਾਲ ਡਿਸਪੋਜ ਆਫ ਕਰਨ ਲਈ ਨਗਰ ਕੌਂਸਲ ਵੱਲੋਂ ਲੁਧਿਆਣਾ ਨਗਰ ਨਿਗਮ ਨਾਲ ਇਕਰਾਰਨਾਮਾ ਕੀਤਾ ਗਿਆ ਹੈ ਕਿ ਇਸ ਕੂੜੇ-ਕਰਕਟ ਨੂੰ ਕਿਸੇ ਪ੍ਰਾਈਵੇਟ ਕੰਪਨੀ ਨੂੰ ਠੇਕਾ ਦੇ ਕੇ ਡੋਰ-ਟੂ-ਡੋਰ ਚੁੱਕਿਆ ਜਾਵੇ ਅਤੇ ਡਿਸਪੋਜ ਆਫ ਕਰਨ ਲਈ ਕਲੱਸਟਰ ਰੂਪ ਵਿੱਚ ਲੁਧਿਆਣਾ ਵਿਖੇ ਪਲਾਂਟ ਲਗਾ ਕੇ ਡਿਸਪੋਜ ਆਫ ਕੀਤਾ ਜਾਵੇ ।

---------

## ਲਿੰਕ ਸੜਕਾਂ ਦੀ ਮੁਰੰਮਤ

*2244 **ਸ਼੍ਰੀ ਨਰੇਸ਼ ਕੁਮਾਰ ਕਟਾਰੀਆ** : ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਇਹ ਠੀਕ ਹੈ ਕਿ ਬਲਾਕ ਆਦਮਪੁਰ ਵਿੱਚ ਬਿਸਤ-ਦੋਆਬ ਨਹਿਰ ਤੋਂ ਡਰੋਲੀ ਖੁਰਦ ਨੂੰ ਜਾਂਦੀ ਸੜਕ ਦੀ ਹਾਲਤ ਬਹੁਤ ਖਸਤਾ ਹੈ, ਜੇਕਰ ਅਜਿਹਾ ਹੋਵੇ ਤਾਂ ਇਸ ਦੀ ਜਲਦੀ ਮੁਰੰਮਤ ਕਰਵਾਉਣ ਅਤੇ ਇਸਨੂੰ ਵਾਰ-ਵਾਰ ਸਮੇਂ ਤੋਂ ਪਹਿਲਾਂ ਟੁੱਟਣ ਤੋਂ ਬਚਾਉਣ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁੱਚਾ ਸਿੰਘ ਲੰਗਾਹ** : ਹਾਂ ਜੀ । ਬਲਾਕ ਆਦਮਪੁਰ ਵਿੱਚ ਬਿਸਤ-ਦੋਆਬ ਨਹਿਰ ਤੋਂ ਡਰੋਲੀ ਖੁਰਦ ਨੂੰ ਜਾਂਦੀ ਸੜਕ ਦੀ ਰਿਪੇਅਰ ਵਿਚਾਰ ਅਧੀਨ ਹੈ ਅਤੇ ਇਸ ਦੀ ਜਲਦੀ ਹੀ ਮੁਰੰਮਤ ਕਰਵਾ ਦਿੱਤੀ ਜਾਵੇਗੀ ।

-------

## ਸਕੂਲਾਂ ਵਿੱਚ ਖਾਲੀ ਅਸਾਮੀਆਂ ਭਰਨਾ

*2266 **ਮਾਸਟਰ ਮੋਹਨ ਲਾਲ** : ਕੀ ਸਿੱਖਿਆ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜ਼ਿਲ੍ਹਾ ਪਠਾਨਕੋਟ ਵਿਚ ਸੀਨੀਅਰ ਸੈਕੰਡਰੀ ਸਕੂਲਾਂ, ਹਾਈ ਸਕੂਲਾਂ ਅਤੇ ਪ੍ਰਾਇਮਰੀ ਸਕੂਲਾਂ ਦੀ ਗਿਣਤੀ ਕਿੰਨੀ ਹੈ ;

(ਅ) ਅਜਿਹੇ ਸਕੂਲਾਂ ਵਿਚ ਵਿਸ਼ੇ-ਵਾਰ ਅਤੇ ਬਲਾਕ-ਵਾਰ ਕਿੰਨੀਆਂ ਅਸਾਮੀਆਂ ਖਾਲੀ ਪਈਆਂ ਹਨ ;

(ੲ) ਉਪਰੋਕਤ ਭਾਗ (ਅ) ਵਿਚ ਵਰਣਿਤ ਖਾਲੀ ਅਸਾਮੀਆਂ ਨੂੰ ਭਰਨ ਲਈ ਕੀ ਕਦਮ ਚੁੱਕੇ ਜਾ ਰਹੇ ਹਨ ?

**ਸਰਦਾਰ ਸੇਵਾ ਸਿੰਘ ਸੇਖਵਾਂ** : (ੳ) ਜ਼ਿਲ੍ਹਾ ਪਠਾਨਕੋਟ ਵਿਚ ਸਰਕਾਰੀ ਸੀਨੀਅਰ ਸੈਕੰਡਰੀ ਸਕੂਲਾਂ ਦੀ ਗਿਣਤੀ 39, ਸਰਕਾਰੀ ਹਾਈ ਸਕੂਲਾਂ ਦੀ ਗਿਣਤੀ 25, ਅਤੇ ਸਰਕਾਰੀ ਪ੍ਰਾਇਮਰੀ ਸਕੂਲਾਂ ਦੀ ਗਿਣਤੀ 210 ਹੈ ।

(ਅ) ਇਨ੍ਹਾਂ ਸਕੂਲਾਂ ਵਿਚ ਵਿਸ਼ੇ-ਵਾਰ ਅਤੇ ਬਲਾਕ-ਵਾਰ ਖਾਲੀ ਅਸਾਮੀਆਂ ਦੀ ਗਿਣਤੀ ਅਨੁਲੱਗ "ੳ" ਅਤੇ "ਅ" ਤੇ ਹੈ ।

(ੲ) ਇਨ੍ਹਾਂ ਖਾਲੀ ਅਸਾਮੀਆਂ ਨੂੰ ਭਰਨ ਲਈ ਵਿਭਾਗ ਵਲੋਂ ਪ੍ਰੀਕ੍ਰਿਆ ਸ਼ੁਰੂ ਕੀਤੀ ਜਾ ਚੁੱਕੀ ਹੈ ।

### ਅਨੁਲੱਗ "ੳ"

### ਵਿਸ਼ਾ-ਵਾਰ ਅਤੇ ਬਲਾਕ-ਵਾਰ ਖਾਲੀ ਅਸਾਮੀਆਂ ਦੀ ਗਿਣਤੀ

| ਲੜੀ ਨੰ: | ਵਿਸ਼ਾ | ਸੀਨੀਅਰ ਸੈਕੰਡਰੀ ਸਕੂਲ | ਹਾਈ ਸਕੂਲ |
|---|---|---|---|
| **ਪ੍ਰਿੰਸੀਪਲ** | | | |
| 1. | -- | 16 | -- |
| **ਹੈੱਡ ਮਾਸਟਰ** | | | |
| 1. | -- | -- | 9 |
| **ਲੈਕਚਰਾਰ ਕਾਡਰ** | | | |
| 1. | ਸਰੀਰਕ ਸਿੱਖਿਆ | 5 | -- |
| 2. | ਬਾਇਉਲੋਜੀ | 3 | -- |
| 3. | ਫਿਜਿਕਸ | 5 | -- |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| ਲੜੀ ਨੰ: | ਵਿਸ਼ਾ | ਸੀਨੀਅਰ ਸੈਕੰਡਰੀ ਸਕੂਲ | ਹਾਈ ਸਕੂਲ |
|---|---|---|---|
| 4. | ਅਰਥ ਸ਼ਾਸਤਰ | 23 | -- |
| 5. | ਹਿਸਟਰੀ | 14 | -- |
| 6. | ਹਿਸਾਬ | 7 | -- |
| 7. | ਕਾਮਰਸ | 21 | -- |
| 8. | ਕਮਿਸਟਰੀ | 8 | -- |
| 9. | ਪੰਜਾਬੀ | 20 | -- |
| 10. | ਪੋਲੀਟੀਕਲ ਸਾਇੰਸ | 18 | -- |
| 11. | ਸੋਸ਼ਿਆਲੋਜੀ | 1 | -- |
| 12. | ਹਿੰਦੀ | 10 | -- |
| | **ਮਾਸਟਰ ਕਾਡਰ** | | |
| 1. | ਸਮਾਜਿਕ ਸਿੱਖਿਆ | 0 | 3 |
| 2. | ਪੰਜਾਬੀ | 9 | 7 |
| 3. | ਡੀ.ਪੀ.ਈ. | 7 | 7 |
| 4. | ਮਿਊਜ਼ਿਕ | 1 | 0 |
| 5. | ਵੋਕੇਸ਼ਨਲ ਮਾਸਟਰ | 44 | 0 |
| | **ਸੀ. ਅਤੇ ਵੀ. ਕਾਡਰ** | | |
| 1. | ਪੀ.ਟੀ.ਆਈ. | 9 | 5 |
| 2. | ਸਿਲਾਈ ਟੀਚਰ | 1 | 1 |
| | **ਪ੍ਰਾਇਮਰੀ ਟੀਚਰ** | | |
| | **ਬਲਾਕ ਧਾਰ-1** | | |
| 1. | ਸੈਂਟਰ ਹੈੱਡ ਟੀਚਰ | 3 | -- |
| 2. | ਹੈੱਡ ਟੀਚਰ | 1 | -- |
| 3. | ਪ੍ਰਾਇਮਰੀ ਟੀਚਰ | 4 | -- |
| | **ਬਲਾਕ ਧਾਰ-2** | | |
| 1. | ਸੈਂਟਰ ਹੈੱਡ ਟੀਚਰ | 0 | -- |
| 2. | ਹੈੱਡ ਟੀਚਰ | 9 | -- |
| 3. | ਪ੍ਰਾਇਮਰੀ ਟੀਚਰ | 20 | -- |
| | **ਬਲਾਕ ਪਠਾਨਕੋਟ-1** | | |
| 1. | ਸੈਂਟਰ ਹੈੱਡ ਟੀਚਰ | 3 | |
| 2. | ਹੈੱਡ ਟੀਚਰ | 6 | |
| 3. | ਪ੍ਰਾਇਮਰੀ ਟੀਚਰ | 56 | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਵਿਸ਼ਾ | ਸੀਨੀਅਰ ਸੈਕੰਡਰੀ ਸਕੂਲ | ਹਾਈ ਸਕੂਲ |
|---|---|---|---|
| ਬਲਾਕ ਪਠਾਨਕੋਟ-2 | | | |
| 1. | ਸੈਂਟਰ ਹੈੱਡ ਟੀਚਰ | 0 | |
| 2. | ਹੈੱਡ ਟੀਚਰ | 4 | |
| 3. | ਪ੍ਰਾਇਮਰੀ ਟੀਚਰ | 23 | |
| ਬਲਾਕ ਪਠਾਨਕੋਟ-3 | | | |
| 1. | ਸੈਂਟਰ ਹੈੱਡ ਟੀਚਰ | 1 | |
| 2. | ਹੈੱਡ ਟੀਚਰ | 3 | |
| 3. | ਪ੍ਰਾਇਮਰੀ ਟੀਚਰ | 30 | |
| ਬਲਾਕ ਨਰੋਟ ਜੈਮਲ ਸਿੰਘ | | | |
| 1. | ਸੈਂਟਰ ਹੈੱਡ ਟੀਚਰ | 0 | |
| 2. | ਹੈੱਡ ਟੀਚਰ | 2 | |
| 3. | ਪ੍ਰਾਇਮਰੀ ਟੀਚਰ | 26 | |

ਅਨੁਲੱਗ "ਅ"

| ਅਸਾਮੀ ਦਾ ਨਾਂ | ਸੀਨੀਅਰ ਸੈਕੰਡਰੀ ਸਕੂਲ | | ਹਾਈ ਸਕੂਲ | | ਮਿਡਲ ਸਕੂਲ | |
|---|---|---|---|---|---|---|
| | ਮਨਜ਼ੂਰ | ਖਾਲੀ | ਮਨਜ਼ੂਰ | ਖਾਲੀ | ਮਨਜ਼ੂਰ | ਖਾਲੀ |
| ਪ੍ਰਿੰਸੀਪਲ | 39 | 16 | 0 | 0 | 0 | 0 |
| ਮੁੱਖ ਅਧਿਆਪਕ | 0 | 0 | 25 | 9 | 0 | 0 |
| ਲੈਕਚਰਾਰ | | | | | | |
| ਫਿਜ਼ੀਕਲ ਐਜੂਕੇਸ਼ਨ | 10 | 5 | 0 | 0 | 0 | 0 |
| ਬਾਇਓ | 14 | 3 | 0 | 0 | 0 | 0 |
| ਫਿਜ਼ਿਕਸ | 18 | 5 | 0 | 0 | 0 | 0 |
| ਅਰਥ ਸ਼ਾਸਤਰ | 29 | 23 | 0 | 0 | 0 | 0 |
| ਹਿਸਟਰੀ | 28 | 14 | 0 | 0 | 0 | 0 |
| ਮੈਥ | 29 | 7 | 0 | 0 | 0 | 0 |
| ਕਾਮਰਸ | 33 | 21 | 0 | 0 | 0 | 0 |
| ਕੈਮਿਸਟਰੀ | 18 | 8 | 0 | 0 | 0 | 0 |
| ਪੰਜਾਬੀ | 39 | 20 | 0 | 0 | 0 | 0 |
| ਪੋਲ. ਸਾਇੰਸ | 29 | 18 | 0 | 0 | 0 | 0 |
| ਸੋਸ਼ਿਆਲੋਜੀ | 1 | 1 | 0 | 0 | 0 | 0 |
| ਹਿੰਦੀ | 22 | 10 | 0 | 0 | 0 | 0 |

Original with;
Punjab Vidhan Sabha
Digitized by;
Panjab Digital Library

[ਸਿੱਖਿਆ ਮੰਤਰੀ]

| ਅਸਾਮੀ ਦਾ ਨਾਂ | ਸੀਨੀਅਰ ਸੈਕੰਡਰੀ ਸਕੂਲ | | ਹਾਈ ਸਕੂਲ | | ਮਿਡਲ ਸਕੂਲ | |
|---|---|---|---|---|---|---|
| | ਮਨਜ਼ੂਰ | ਖਾਲੀ | ਮਨਜ਼ੂਰ | ਖਾਲੀ | ਮਨਜ਼ੂਰ | ਖਾਲੀ |
| **ਮਾਸਟਰ** | | | | | | |
| ਸ ਸ | 152 | 0 | 93 | 3 | 60 | 0 |
| ਪੰਜਾਬੀ | 54 | 9 | 32 | 7 | 56 | 19 |
| ਹਿੰਦੀ | 39 | 0 | 25 | 0 | 57 | 0 |
| ਸਾਇੰਸ | 33 | 0 | 20 | 0 | 45 | 0 |
| ਮੈਥ | 39 | 0 | 25 | 0 | 0 | 0 |
| ਡੀ.ਪੀ.ਆਈ. | 30 | 7 | 23 | 7 | 0 | 0 |
| ਮਿਊਜ਼ਿਕ | 1 | 1 | 0 | 0 | 0 | 0 |
| ਵੋਕੇਸ਼ਨਲ ਮਾਸਟਰ | 73 | 44 | 0 | 0 | 0 | 0 |
| **ਸੀ. ਅਤੇ ਵੀ.** | | | | | | |
| ਪੀ.ਟੀ.ਆਈ. | 18 | 9 | 6 | 5 | 53 | 18 |
| ਸਿਲਾਈ | 7 | 1 | 2 | 1 | 0 | 0 |
| ਅ/ਕ ਟੀਚਰ | 32 | 0 | 20 | 0 | 43 | 1 |
| **ਨਾਨ ਟੀਚਿੰਗ** | | | | | | |
| ਕਲਰਕ | 40 | 1 | 25 | 0 | 0 | 0 |
| ਲਾਈ. ਰਿਸਟੋਰਰ | 10 | 3 | 0 | 0 | 0 | 0 |
| ਲਾਇਬ੍ਰੇਰੀਅਨ | 16 | 6 | 0 | 0 | 0 | 0 |
| ਐਸ.ਐਲ.ਏ. | 65 | 9 | 2 | 1 | 0 | 0 |
| ਦਰਜਾ ਚਾਰ | 194 | 39 | 63 | 28 | 54 | 19 |

---

## ਜਗਰਾਉਂ ਵਿਖੇ ਪਾਣੀ ਦੀ ਟੈਂਕੀ ਦੀ ਵਰਤੋਂ

*2235 **ਸਰਦਾਰ ਈਸ਼ਰ ਸਿੰਘ** : ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਵਾਰਡ ਨੰ: 6 (ਅਗਵਾਰਡ ਲੋਪੋ), ਜਗਰਾਉਂ ਵਿੱਚ ਬਣਾਇਆ ਗਿਆ ਓਵਰਹੈੱਡ ਵਾਟਰ ਟੈਂਕ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਪੂਰੀ ਤਰ੍ਹਾਂ ਵਰਤਿਆ ਜਾ ਰਿਹਾ ਹੈ, ਜੇਕਰ ਨਹੀਂ ਤਾਂ ਇਸਦੇ ਕਾਰਨ ਕੀ ਹਨ ?

**ਸ਼੍ਰੀ ਤਿਕਸ਼ਨ ਸੂਦ** : ਸ਼੍ਰੀਮਾਨ ਜੀ, ਵਾਰਡ ਨੰ: 6 (ਅਗਵਾਰਡ ਲੋਪੋ), ਜਗਰਾਉਂ ਵਿੱਚ ਬਣਾਇਆ ਗਿਆ ਓਵਰ ਹੈੱਡ ਵਾਟਰ ਟੈਂਕ ਪੀਣ ਵਾਲਾ ਪਾਣੀ ਸਪਲਾਈ ਕਰਨ ਲਈ ਨਹੀਂ ਵਰਤਿਆ ਜਾ ਰਿਹਾ ਕਿਉਂਕਿ ਟੈਂਕੀ ਖਸਤਾ ਹਾਲਤ ਵਿੱਚ ਹੋਣ ਕਰਕੇ ਇਸ ਵਿੱਚ ਪਾਣੀ ਸਟੋਰ ਨਹੀਂ ਕੀਤਾ ਜਾ ਸਕਦਾ ।

---

Original with;
Punjab Vidhan Sabha
Digitized by;
Panjab Digital Library

## DEMAND FOR ZERO HOUR BY THE OPPOSITION

**ਮਾਨਯੋਗ ਸਪੀਕਰ** : ਹੁਣ ਏਜੰਡੇ ਦੀ ਅਗਲੀ ਆਈਟਮ ਲਈ ਜਾਵੇਗੀ । ਹਾਂ ਜੀ, ਬਾਦਲ ਸਾਹਿਬ ।

**ਮੁੱਖ ਮੰਤਰੀ** (ਸਰਦਾਰ ਪਰਕਾਸ਼ ਸਿੰਘ ਬਾਦਲ) : ਸਤਿਕਾਰਯੋਗ ਸਪੀਕਰ ਸਾਹਿਬ, ਅੱਜ ਮੌਜੂਦਾ ਵਿਧਾਨ ਸਭਾ ਦੇ ਸੈਸ਼ਨ ਦਾ ਅਖੀਰਲਾ ਦਿਨ ਹੈ । ਮੈਂ ਕੁੱਝ ਅਹਿਮ ਮਤੇ ਅਤੇ ਇਤਿਹਾਸਕ ਪ੍ਰਾਪਤੀਆਂ ਦੀ ਜਾਣਕਾਰੀ........(ਵਿਘਨ) (ਸ਼ੋਰ)........

(ਵਿਰੋਧੀ ਧਿਰ ਵੱਲੋਂ ਆਵਾਜ਼ਾਂ : ਜ਼ੀਰੋ ਆਵਰ ਆਪੋਜ਼ੀਸ਼ਨ ਵਾਸਤੇ ਹੁੰਦਾ ਹੈ ਜੀ । ਇਹ ਸਾਡਾ ਸਮਾਂ ਹੈ ।)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮਾਨਯੋਗ ਸਪੀਕਰ** : ਅਜੀਬ ਗੱਲਾਂ ਕਰੀ ਜਾਂਦੇ ਹੋ ਤੁਸੀਂ । ਬੈਠਦੇ ਕਿਉਂ ਨਹੀਂ ? ਬੈਠੋ ਜੀ, ਪਲੀਜ਼, ਬੈਠੋ । (ਵਿਘਨ) ਕੀ ਤੁਸੀਂ ਜ਼ੀਰੋ ਆਵਰ ਬਾਰੇ ਜ਼ਿਆਦਾ ਜਾਣਦੇ ਹੋ ? (ਵਿਘਨ) ਪਲੀਜ਼, ਬੈਠੋ । (ਵਿਘਨ) ਹਾਂ ਜੀ, ਬੋਲੋ ਜੀ । ਤੁਸੀਂ ਬੋਲੋ । (ਵਿਘਨ) (ਸ਼ੋਰ) ਦੇਖੋ ਜੀ, ਕੀ ਗੱਲ ਹੈ, ਤੁਸੀਂ ਕਿਉਂ ਨਹੀਂ ਬਹਿੰਦੇ ? (ਵਿਘਨ)

**ਮੁੱਖ ਮੰਤਰੀ** (ਆਪੋਜ਼ੀਸ਼ਨ ਪਾਰਟੀ ਨੂੰ ਸੰਬੋਧਨ ਕਰਦੇ ਹੋਏ) : ਮੈਨੂੰ ਤੁਸੀਂ 10 ਮਿੰਟ ਵੀ ਦੇਣ ਨੂੰ ਤਿਆਰ ਨਹੀਂ ? ਬੜੇ ਅਫ਼ਸੋਸ ਦੀ ਗੱਲ ਹੈ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਸੀ. ਐਮ. ਸਾਹਿਬ, ਲੀਡਰ ਆਫ਼ ਦਿ ਹਾਊਸ, ਖੜ੍ਹੇ ਹਨ । ਤੁਸੀਂ ਸੁਣਨ ਨੂੰ ਤਿਆਰ ਨਹੀਂ ਹੋ ? (ਵਿਘਨ) (ਸ਼ੋਰ) ਉਹ ਕੀ ਗੱਲ ਕਰਨਾ ਚਾਹੁੰਦੇ ਹਨ, ਕੀ ਤੁਸੀਂ ਇਹ ਸੁਣਨਾ ਚਾਹਿਆ ਹੈ ? (ਵਿਘਨ) (ਸ਼ੋਰ) ਅਜੀਬ ਮਸਲਾ ਹੈ ਤੁਹਾਡਾ । (ਵਿਘਨ) ਗੱਲ ਇਹ ਹੈ ਜੀ, (ਵਿਘਨ) (ਸ਼ੋਰ)। ਪਹਿਲਾਂ ਮੇਰੀ ਗੱਲ ਸੁਣ ਲਵੋ । ਸੀ.ਐਮ. ਸਾਹਿਬ ਖੜ੍ਹੇ ਹੋਏ ਹਨ । ਉਨ੍ਹਾਂ ਦੀ ਗੱਲ ਸੁਣ ਲਵੋ । ਫਿਰ ਤੁਸੀਂ ਜ਼ੀਰੋ ਆਵਰ ਵੱਲ ਆ ਜਾਣਾ। (ਵਿਘਨ) (ਸ਼ੋਰ) ਹਾਂ ਜੀ, ਸੀ.ਐਮ. ਸਾਹਿਬ, ਬੋਲੋ ਜੀ । (ਵਿਘਨ) (ਸ਼ੋਰ) ਮੇਰੀ ਗੱਲ ਕਿਉਂ ਨਹੀਂ ਤੁਸੀਂ ਸੁਣਦੇ ? ਐਵੇਂ ਨਿਕੰਮੀਆਂ ਗੱਲਾਂ ਕਰੀ ਜਾਂਦੇ ਹੋ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅੰਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

*Original with;*
Punjab Vidhan Sabha
*Digitized by;*
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਜ਼ੀਰੋ ਆਵਰ ਸਾਡਾ ਰਾਈਟ ਹੈ । (ਵਿਘਨ) ਸਪੀਕਰ ਸਾਹਿਬ, ਮੈਂ ਤੁਹਾਨੂੰ ਚਿੱਠੀ ਲਿਖੀ । (ਵਿਘਨ) ਮੇਰੀ ਚਿੱਠੀ ਦਾ ਤੁਸੀਂ ਜਵਾਬ ਤੱਕ ਨਹੀਂ ਦਿੱਤਾ (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਬੀਬੀ ਜੀ, ਤੁਸੀਂ ਬੈਠੋ । (ਵਿਘਨ) (ਸ਼ੋਰ) ਤੁਹਾਨੂੰ 10 ਮਿੰਟ ਦਾ ਸਮਾਂ ਵੱਧ ਦੇ ਦੇਵਾਂਗੇ, ਜਦੋਂ ਤੁਸੀਂ ਬੋਲਣਾ ਹੋਵੇਗਾ । ਹਾਂ ਜੀ, ਬਾਦਲ ਸਾਹਿਬ, ਬੋਲੋ ਜੀ। (ਵਿਘਨ) (ਸ਼ੋਰ) ਤੁਸੀਂ ਵੀ ਸਾਰੇ ਆਰਾਮ ਨਾਲ ਬਹਿ ਕੇ ਸੁਣ ਲਵੋ । (ਵਿਘਨ) (ਸ਼ੋਰ) ਹਾਂ ਜੀ, ਬਾਦਲ ਸਾਹਿਬ, ਬੋਲੋ ਜੀ । (ਵਿਘਨ) (ਸ਼ੋਰ) ਜਦੋਂ ਸੀ. ਐਮ. ਨੇ ਬੋਲਣਾ ਹੁੰਦਾ ਹੈ, ਉਸ ਦੇ ਵਿੱਚ ਜ਼ੀਰੋ ਆਵਰ ਦਾ ਕੋਈ ਫਰਕ ਨਹੀਂ ਹੁੰਦਾ । ਲੀਡਰ ਆਫ਼ ਦਿ ਹਾਊਸ ਨੇ ਜਦੋਂ ਵੀ ਬੋਲਣਾ ਹੁੰਦਾ ਹੈ......(ਵਿਘਨ) (ਸ਼ੋਰ) ਬਾਦਲ ਸਾਹਿਬ, ਬੋਲੋ ਜੀ ।

**ਮੁੱਖ ਮੰਤਰੀ** : ਸਪੀਕਰ ਸਾਹਿਬ, ਮੈਨੂੰ ਬੜੀ ਹੈਰਾਨੀ ਹੈ ਕਿ ਇਹ ਗੱਲ ਹੀ ਸੁਣਨ ਨੂੰ ਤਿਆਰ ਨਹੀਂ ਹਨ । (ਵਿਘਨ) (ਸ਼ੋਰ) ਮੈਂ ਤੁਹਾਡੀ ਜਾਣਕਾਰੀ ਵਿੱਚ ਵਾਧਾ ਕਰਨ ਵਾਸਤੇ ਹੀ ਗੱਲ ਕਰਨੀ ਹੈ......(ਵਿਘਨ)

**ਮਾਨਯੋਗ ਸਪੀਕਰ** : ਬੀਬੀ ਜੀ (ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਵੱਲ ਇਸ਼ਾਰਾ) ਤੁਸੀਂ ਬੈਠਦੇ ਕਿਉਂ ਨਹੀਂ ? ਉਨ੍ਹਾਂ ਨੇ ਕੋਈ ਮਤਲਬ ਦੀ ਗੱਲ ਕਰਨੀ ਹੈ । (ਵਿਘਨ) (ਸ਼ੋਰ)

**ਸਰਦਾਰ ਲਾਲ ਸਿੰਘ** : ਇਨ੍ਹਾਂ ਦੀਆਂ ਪ੍ਰਾਪਤੀਆਂ ਤਾਂ ਹਰ ਰੋਜ਼ ਅਖਬਾਰਾਂ ਵਿੱਚ ਇਸ਼ਤਿਹਾਰਾਂ ਦੇ ਰੂਪ ਵਿੱਚ ਆਉਂਦੀਆਂ ਹੀ ਹਨ........(ਵਿਘਨ) (ਸ਼ੋਰ) ਇਹ ਸਾਡਾ ਸਮਾਂ ਹੈ......(ਵਿਘਨ)

**ਮੁੱਖ ਮੰਤਰੀ** : ਮੈਂ ਕੋਈ ਲੰਮਾ ਲੈਕਚਰ ਨਹੀਂ ਦੇਣਾ । ਮੈਂ ਸਿਰਫ 10 ਮਿੰਟ ਵਾਸਤੇ ਹੀ ਗੱਲ ਕਰਨੀ ਚਾਹੁੰਦਾ ਹਾਂ । (ਵਿਘਨ) ਮੈਂ ਉਹੀ ਕਰਨੀ ਹੈ ਜਿਹੜੀ ਕਿ ਪੰਜਾਬ ਦੇ ਹਿੱਤ ਦੀ ਗੱਲ ਹੈ, ਸਦਨ ਦੇ ਹਿੱਤ ਦੀ ਗੱਲ ਹੈ ਅਤੇ ਤੁਹਾਡੇ ਵੀ ਹਿੱਤ ਦੀ ਗੱਲ ਹੈ (ਵਿਘਨ) (ਸ਼ੋਰ) ਤੁਸੀਂ ਪਹਿਲਾਂ ਹੀ ਸੰਗ ਗਏ ਕਿ ਪਤਾ ਨਹੀਂ ਕੋਈ ਬੰਬ ਪੈਣ ਵਾਲਾ ਹੈ । (ਵਿਘਨ) (ਸ਼ੋਰ) ਪਤਾ ਨਹੀਂ ਘਬਰਾ ਕਿਉਂ ਗਏ ਕਿ ਖਬਰੇ ਮੈਂ ਕੀ ਕਹਿਣਾ ਹੈ ? (Interruption) Why are you worried about me ? (ਵਿਘਨ) (ਸ਼ੋਰ) ਮੈਂ ਕੱਲ੍ਹ ਦਾ ਚੁੱਪ ਕਰਕੇ ਬੈਠਾ ਸੁਣ ਰਿਹਾ ਹਾਂ ਅਤੇ ਤੁਸੀਂ ਮੈਨੂੰ 10 ਮਿੰਟ ਵੀ ਨਹੀਂ ਦਿੰਦੇ ? (ਵਿਘਨ) (ਸ਼ੋਰ) ਸਰਦਾਰ ਲਾਲ ਸਿੰਘ ਜੀ, ਤੁਸੀਂ ਡਿਪਟੀ ਲੀਡਰ ਦੀ ਕਮਾਂਡ ਸੰਭਾਲਦੇ ਹੋ (ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਿਨਾਂ ਇਜਾਜ਼ਤ ਤੋਂ ਬੋਲ ਰਹੇ ਸੀ ਅਤੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹਾਂ ਜੀ, ਬਾਦਲ ਸਾਹਿਬ, ਤੁਸੀਂ ਬੋਲੋ ਜੀ । (ਵਿਘਨ) (ਸ਼ੋਰ) ਜ਼ੀਰੋ ਆਵਰ ਬਾਰੇ ਮੈਨੂੰ ਦਿਖਾ ਦਿਓ ਕਿ ਕਿੱਥੇ ਲਿਖਿਆ ਹੈ ਕਿ ਆਪੋਜ਼ੀਸ਼ਨ ਨੇ ਹੀ ਬੋਲਣਾ ਹੁੰਦਾ ਹੈ ? (ਵਿਘਨ) (ਸ਼ੋਰ) ਪਹਿਲਾਂ ਮੈਨੂੰ ਵਿਖਾ ਦਿਓ ਕਿ ਕਿੱਥੇ ਲਿਖਿਆ ਹੈ ? (ਵਿਘਨ) (ਸ਼ੋਰ)। ਐਵੇਂ ਹੀ ਆਪਾਂ ਗੱਲਾਂ ਕਰੀ ਜਾਂਦੇ ਹਾਂ । (ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ੍ਰੀ ਮਦਨ ਲਾਲ ਠੇਕੇਦਾਰ ਆਪਣੀਆਂ ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬਗੈਰ ਇਜਾਜ਼ਤ ਤੋਂ ਬੋਲ ਰਹੇ ਸਨ ਜਿਸ ਕਰਕੇ ਸਦਨ ਵਿੱਚ ਕਾਫ਼ੀ ਸ਼ੋਰ ਸੀ ਅਤੇ ਕੁੱਝ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮਾਨਯੋਗ ਸਪੀਕਰ** : ਇੱਕ ਜਣਾ ਉਠਦਾ ਹੈ ਤਾਂ ਸਾਰੇ ਹੀ ਉੱਠ ਪੈਂਦੇ ਹੋ, ਪਲੀਜ਼ ਬੈਠੋ ਜੀ । (ਵਿਘਨ, ਸ਼ੋਰ)

(ਇਸ ਸਮੇਂ ਸੰਸਦੀ ਮਾਮਲੇ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਦਾ ਸਮਾਂ ਮੰਗ ਰਹੇ ਸਨ ।)

**ਮਾਨਯੋਗ ਸਪੀਕਰ** : ਇਨ੍ਹਾਂ ਨੂੰ ਬੋਲ ਲੈਣ ਦਿਓ । ਤੁਹਾਨੂੰ ਦਸ ਮਿੰਟ ਵੱਧ ਦੇ ਦਿਆਂਗੇ । (ਵਿਘਨ, ਸ਼ੋਰ)

**ਉਪ ਮੁੱਖ ਮੰਤਰੀ** : ਤੁਸੀਂ ਹਰ ਵਾਰ, ਹਰ ਸਮੇਂ ਆਪਣੀ ਗੱਲ ਕਹਿ ਕੇ, ਸਾਡੀ ਗੱਲ ਬਿਨਾਂ ਸੁਣੇ ਵਾਕ ਆਊਟ ਕਰ ਜਾਂਦੇ ਹੋ । (ਵਿਘਨ, ਸ਼ੋਰ) Speaker Sahib, as per Rule 57 of the Rules of Procedure and Conduct of Business in the Punjab Vidhan Sabha a statement may be made by a Minister in a matter of public importance, with the permission of the Speaker (ਵਿਘਨ, ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ੍ਰੀ ਮਦਨ ਲਾਲ ਠੇਕੇਦਾਰ** ** ਨਾਅਰੇ ਮਾਰਦੇ ਹੋਏ ਵੈੱਲ ਆਫ ਦਿ ਹਾਊਸ ਵਿੱਚ ਆ ਗਏ ।)

**ਮਾਨਯੋਗ ਸਪੀਕਰ** : ਇਹ ਨਾਅਰੇ ਰਿਕਾਰਡ ਨਾ ਕੀਤੇ ਜਾਣ । (ਵਿਘਨ) (ਸ਼ੋਰ)

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

## SHORT ADJOURNMENT OF THE HOUSE

**ਮਾਨਯੋਗ ਸਪੀਕਰ :** *ਹੁਣ ਸਦਨ ਅੱਧੇ ਘੰਟੇ ਲਈ ਸਥੱਗਿਤ ਕੀਤਾ ਜਾਂਦਾ ਹੈ ।

| *12.07 ਵਜੇ ਬਾਅਦ ਦੁਪਹਿਰ | (*ਇਸ ਉਪਰੰਤ ਸਦਨ 12.37 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ ।) |
|---|---|

| *12.37 ਵਜੇ ਬਾਅਦ ਦੁਪਹਿਰ | (*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ ।) |
|---|---|

---------

## DEMAND FOR ZERO HOUR BY THE OPPOSITION (*RESUMPTION*)

**ਮਾਨਯੋਗ ਸਪੀਕਰ :** ਸੀ. ਐਮ. ਸਾਹਿਬ.........

(ਇਸ ਸਮੇਂ ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ) ਆਪਣੀ ਸੀਟ ਤੇ ਬੋਲਣ ਲਈ ਖੜ੍ਹੇ ਹੋਏ ।)

(ਇਸ ਸਮੇਂ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ, ਸਰਦਾਰ ਸੰਗਤ ਸਿੰਘ ਗਿਲਜੀਆਂ, ਸਰਦਾਰ ਅਜੀਤ ਸਿੰਘ ਸ਼ਾਂਤ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਜ਼ੀਰੋ ਆਵਰ ਦੀ ਮੰਗ ਕਰ ਰਹੇ ਸਨ । ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।) (ਵਿਘਨ) (ਸ਼ੋਰ)

**ਮੁੱਖ ਮੰਤਰੀ** (ਸਰਦਾਰ ਪਰਕਾਸ਼ ਸਿੰਘ ਬਾਦਲ) : ਤੁਸੀਂ ਗੱਲ ਤਾਂ ਸੁਣ ਲਓ । ਤੁਸੀਂ ਤਾਂ ਗੱਲ ਵੀ ਸੁਣਨ ਨੂੰ ਤਿਆਰ ਨਹੀਂ ਕਿ ਮੈਂ ਕੀ ਕਹਿਣਾ ਹੈ ।.........(ਵਿਘਨ) (ਸ਼ੋਰ)

**ਮਾਨਯੋਗ ਸਪੀਕਰ :** ਤੁਹਾਡੇ ਵਿੱਚੋਂ ਜ਼ੀਰੋ ਆਵਰ ਵਿੱਚ ਕੌਣ ਗੱਲ ਕਰੇਗਾ ? ........(ਵਿਘਨ)....

**ਮੁੱਖ ਮੰਤਰੀ :** ਇਹੋ ਜਿਹੇ ਰੌਲੇ ਵਿੱਚ ਮੈਂ ਕੀ ਗੱਲ ਕਰਾਂ ?....(ਵਿਘਨ).... ਮੈਂ ਤਾਂ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕਰਨਾ ਹੈ । ਇਹੋ ਜਿਹੀਆਂ ਗੱਲਾਂ ਕਰਨੀਆਂ ਹਨ ਔਰ ਤੁਹਾਨੂੰ ਮੈਂ ਖਾਣੇ ਤੇ ਇਨਵਾਈਟ ਕਰਨਾ ਹੈ । ਖਾਣੇ ਵਿੱਚ ਤੁਹਾਨੂੰ ਵੀ ਸ਼ਾਮਲ ਕਰਨਾ ਹੈ। ........(ਵਿਘਨ)......

**ਮਾਨਯੋਗ ਸਪੀਕਰ :** ਇਸ ਰੌਲੇ ਦਾ ਕੀ ਮਤਲਬ ਹੋਇਆ ? ਜ਼ੀਰੋ ਆਵਰ ਦਾ ਕੀ ਮਤਲਬ ਹੈ ?......(ਵਿਘਨ)......ਜ਼ੀਰੋ ਆਵਰ ਵੀ ਤੁਹਾਨੂੰ ਦਿਆਂਗੇ ਪਰ ਪਹਿਲਾਂ ਸੀ.ਐਮ. ਸਾਹਿਬ ਨੇ ਜ਼ਰੂਰੀ ਗੱਲ ਕਰਨੀ ਹੈ, ਉਨ੍ਹਾਂ ਨੂੰ ਸੁਣ ਲਓ ।.......(ਵਿਘਨ)......ਇਸ ਦਾ ਕੀ ਮਤਲਬ ਹੋਇਆ ?.........

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਅਤੇ ਕੁੱਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਮਾਨਯੋਗ ਸਪੀਕਰ ਸਾਹਿਬ, ਜਿਹੜੇ ਜ਼ੀਰੋ ਆਵਰ ਦੀ ਇਹ ਗੱਲ ਕਰਦੇ ਹਨ ਉਹ ਰੂਲਜ਼ ਆਫ ਬਿਜ਼ਨੈਸ ਵਿੱਚ ਕਿਤੇ ਵੀ ਨਹੀਂ ਲਿਖਿਆ ਹੋਇਆ ।.....(ਵਿਘਨ).........

**ਮਾਨਯੋਗ ਸਪੀਕਰ** : ਮੈਨੂੰ ਤੁਹਾਡੀ ਕੋਈ ਗੱਲ ਨਹੀਂ ਸੁਣ ਰਹੀ ।.....(ਵਿਘਨ)

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** : ਰੂਲ ਨੰਬਰ 57 ਮੁਤਾਬਿਕ ਕੋਈ ਵੀ ਮਨਿਸਟਰ ਹਾਊਸ ਵਿੱਚ ਕਿਸੇ ਵੇਲੇ ਵੀ ਸਟੇਟਮੈਂਟ ਦੇ ਸਕਦਾ ਹੈ । ਸੀ. ਐਮ. ਸਾਹਿਬ ਨੇ ਸਟੇਟਮੈਂਟ ਦੇਣੀ ਹੈ । ਉਨ੍ਹਾਂ ਨੇ ਆਪਣੀ ਸਟੇਟਮੈਂਟ ਰੂਲਜ਼ ਦੇ ਮੁਤਾਬਿਕ ਦੇਣੀ ਹੈ । ਇਸ ਦੇ ਬਾਰੇ ਵਿਰੋਧੀ ਧਿਰਾਂ ਨੂੰ ਕੋਈ ਆਬਜੈਕਸ਼ਨ ਨਹੀਂ ਹੋਣਾ ਚਾਹੀਦਾ ।......(ਵਿਘਨ).......।

**ਮੁੱਖ ਮੰਤਰੀ** : ਜਿਹੜੀ ਮੈਂ ਗੱਲ ਕਰਨੀ ਹੈ , ਤੁਸੀਂ ਮੇਰੀ ਉਹ ਗੱਲ ਤਾਂ ਸੁਣ ਲਓ । ਬੀਬੀ ਜੀ, ਮੇਰੀ ਗੱਲ ਤਾਂ ਸੁਣੋ । ਮੈਂ ਤਾਂ ਪ੍ਰਧਾਨ ਮੰਤਰੀ ਜੀ ਦਾ ਧੰਨਵਾਦ ਕਰਨ ਵਾਸਤੇ ਉਠਿਆ ਹਾਂ, ਦੂਸਰਾ ਸ਼ਾਮ ਨੂੰ ਖਾਣਾ ਕਰਨਾ ਹੈ, ਤੁਹਾਨੂੰ ਖਾਣੇ ਵਾਸਤੇ ਇਨਵਾਈਟ ਵੀ ਕਰਨਾ ਹੈ, ਉਸ ਵਾਸਤੇ ਉਠਿਆ ਹਾਂ ।

**ਮਾਨਯੋਗ ਸਪੀਕਰ** : (ਆਪੋਜ਼ੀਸ਼ਨ ਪਾਰਟੀ ਨੂੰ ਸੰਬੋਧਨ ਕਰਦੇ ਹੋਏ) ਗੱਲ ਇਹ ਹੈ ਕਿ ਤੁਸੀਂ ਮੈਨੂੰ ਦੱਸੋ ਕਿ ਤੁਹਾਡੇ ਕੋਲ ਕਿਹੜਾ ਰੂਲ ਹੈ, ਤੁਸੀਂ ਮੈਨੂੰ ਇਸ ਬਾਰੇ ਦੱਸ ਦਿਓ । ਮਤਲਬ ਦੀ ਗੱਲ ਕਰਿਆ ਕਰੋ ।.........(ਵਿਘਨ).......ਮਤਲਬ ਦੀ ਗੱਲ ਤੁਸੀਂ ਨਹੀਂ ਕਰਦੇ ।....(ਵਿਘਨ).......ਉਨ੍ਹਾਂ ਨੇ ਜੇ ਦੋ ਮਿੰਟ ਬੋਲਣਾ ਹੋਏਗਾ ਤਾਂ ਇਸ ਵਿੱਚ ਕੀ ਹਰਜ ਹੈ ।........(ਵਿਘਨ)......ਮੇਰੀ ਗੱਲ ਸੁਣ ਲਓ । ਜਿਹੜਾ ਮੈਂ ਹੁਣ ਐਡਜਰਨ ਕਰਨਾ ਹੈ, ਉਸਦੇ ਨਾਲ ਤੁਹਾਡਾ ਜ਼ੀਰੋ ਆਵਰ ਬਿਲਕੁਲ ਖਤਮ ਹੋ ਜਾਣਾ ਹੈ । ਉਸ ਨਾਲ ਤੁਹਾਡਾ ਜ਼ੀਰੋ ਆਵਰ ਨਹੀਂ ਰਹੇਗਾ ।......(ਵਿਘਨ)......

**ਉਪ ਮੁੱਖ ਮੰਤਰੀ** : (ਆਪੋਜ਼ੀਸ਼ਨ ਪਾਰਟੀ ਨੂੰ ਸੰਬੋਧਨ ਕਰਦੇ ਹੋਏ ।) ਸੀ. ਐਮ. ਸਾਹਿਬ ਨੇ ਖੜ੍ਹੇ ਹੋ ਕੇ ਪ੍ਰਧਾਨ ਮੰਤਰੀ ਦਾ ਧੰਨਵਾਦ ਕਰਨਾ ਹੈ, ਤੁਸੀਂ ਉਹ ਵੀ ਨਹੀਂ ਕਰਨ ਦਿੰਦੇ ।

**ਮਾਨਯੋਗ ਸਪੀਕਰ** : ਜੇਕਰ ਹੁਣ ਮੈਂ ਹਾਊਸ ਐਡਜਰਨ ਕਰ ਦਿੱਤਾ ਤਾਂ ਤੁਹਾਡਾ ਜ਼ੀਰੋ ਆਵਰ ਖਤਮ ਹੋ ਜਾਣਾ ਹੈ । ਇਸ ਦੇ ਨਾਲ ਫਿਰ ਤੁਹਾਡਾ ਜ਼ੀਰੋ ਆਵਰ ਨਹੀਂ ਰਹੇਗਾ । ......(ਸ਼ੋਰ).....(ਵਿਘਨ) ਫਿਰ ਤੁਸੀਂ ਬੈਠਦੇ ਕਿਉਂ ਨਹੀਂ ? ਪਹਿਲਾਂ ਸੀ. ਐਮ. ਸਾਹਿਬ ਗੱਲ ਕਰ ਲੈਣ, ਫਿਰ ਤੁਸੀਂ ਬੋਲ ਲੈਣਾ । (......ਸ਼ੋਰ.....ਵਿਘਨ...........)

**ਆਵਾਜ਼ਾਂ** : ਸਾਨੂੰ ਜ਼ੀਰੋ ਆਵਰ ਦਿਉ ।

**ਮਾਨਯੋਗ ਸਪੀਕਰ** : ਤੁਸੀਂ ਕਿਹੜੇ ਰੂਲ ਦੇ ਅਧੀਨ ਜ਼ੀਰੋ ਆਵਰ ਦੀ ਮੰਗ ਕਰਦੇ ਹੋ, ਮੈਨੂੰ ਪੜ੍ਹ ਕੇ ਸੁਣਾ ਦਿਉ ।ਐਵੇਂ ਹੀ ਗੱਲ ਨਹੀਂ ਕਰੀ ਜਾਈਦੀ । ਇਸ ਤਰ੍ਹਾਂ ਕੋਈ ਗੱਲ ਨਹੀਂ ਬਣਦੀ ।(......ਸ਼ੋਰ)(.....ਵਿਘਨ...........)

*Original with;*
Punjab Vidhan Sabha
*Digitized by;*
Panjab Digital Library

(ਇਸ ਸਮੇਂ ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ, ਪੇਂਡੂ ਵਿਕਾਸ ਤੇ ਪੰਚਾਇਤਾਂ ਅਤੇ ਚੋਣਾਂ ਮੰਤਰੀ ਆਪਣੀ ਸੀਟ ਤੇ ਖੜ੍ਹੇ ਹੋ ਕੇ ਬੋਲਣ ਲੱਗੇ ।)

**ਮਾਨਯੋਗ ਸਪੀਕਰ** : ਬ੍ਰਹਮਪੁਰਾ ਸਾਹਿਬ ਜੀ, ਜ਼ਰਾ ਇਕ ਮਿੰਟ ਲਈ ਬੈਠੋ। (ਵਿਘਨ) (ਸ਼ੋਰ) ਮੈਨੂੰ ਇਹ ਦੱਸੋ ਕਿ ਉਹ ਕਿਹੜਾ ਰੂਲ ਹੈ ਜਿਸ ਦੇ ਤਹਿਤ ਸੀ. ਐਮ. ਸਾਹਿਬ ਨਹੀਂ ਬੋਲ ਸਕਦੇ ?

(......ਸ਼ੋਰ)(ਵਿਘਨ.....)

ਬੈਠੋ ਜੀ, ਸਾਰੇ ਬੈਠੋ । ਐਵੇਂ ਨਹੀਂ ਰੌਲਾ ਪਾਉਣਾ ਚਾਹੀਦਾ । ਬੈਠੋ, ਸਾਰੇ ਹੀ ਬੈਠੋ ।

**ਉਪ ਮੁੱਖ ਮੰਤਰੀ** : ਸਰਦਾਰ ਲਾਲ ਸਿੰਘ ਜੀ, ** ** ** ** **

**ਮਾਨਯੋਗ ਸਪੀਕਰ** : ਇਹ ਨਹੀਂ ਲਿਖਣਾ ।

(ਇਸ ਸਮੇਂ ਵੀ ਸਦਨ ਵਿੱਚ ਹਾਜ਼ਰ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਮੈਂਬਰ ਅਤੇ ਆਜ਼ਾਦ ਮੈਂਬਰ, ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਸ਼ੋਰ ਪਾ ਰਹੇ ਸੀ, ਸਰਕਾਰ ਵਿਰੁੱਧ ** ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ ਅਤੇ ਸਦਨ ਵਿਚ ਬਹੁਤ ਸ਼ੋਰ ਸੀ ।)

**ਮਾਨਯੋਗ ਸਪੀਕਰ** : ਨਾਅਰੇ ਰਿਕਾਰਡ ਨਹੀਂ ਕਰਨੇ । ਬੈਠੋ ਜੀ, ਬੈਠੋ ਸਾਰੇ ਬੈਠੋ । ਪਲੀਜ਼ ਬੈਠੋ ।

(ਇਸ ਸਮੇਂ ਸਰਦਾਰ ਦਰਸ਼ਨ ਸਿੰਘ ਬਰਾੜ ਬੜੀ ਜ਼ੋਰ-ਜ਼ੋਰ ਦੀ ਬੋਲ ਰਹੇ ਸਨ ਕਿ ਸਾਨੂੰ ਹੱਕ ਹੈ ਬੋਲਣ ਦਾ) (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਤੁਹਾਨੂੰ ਜ਼ਿਆਦਾ ਹੱਕ ਮਿਲਿਆ ਹੈ, ਤਾਂ ਹੀ ਤੁਸੀਂ ਰੌਲਾ ਪਾ ਰਹੇ ਹੋ । (ਵਿਘਨ) (ਸ਼ੋਰ)

--------

## SHORT ADJOURNMENT OF THE HOUSE

**ਮਾਨਯੋਗ ਸਪੀਕਰ** : ਹੁਣ ਹਾਊਸ ਅੱਧੇ ਘੰਟੇ ਲਈ ਐਡਜਰਨ ਕੀਤਾ ਜਾਂਦਾ ਹੈ ।

*12.44 ਵਜੇ ਬਾਅਦ ਦੁਪਹਿਰ

(*ਇਸ ਉਪਰੰਤ ਸਦਨ 1.14 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ)

* 1.14 ਵਜੇ ਬਾਅਦ ਦੁਪਹਿਰ

(*ਇਸ ਸਮੇਂ ਸਦਨ ਮੁੜ ਇਕੱਤਰ ਹੋਇਆ ।)

---

** Expunged as ordered by the chair.

** Not recorded as ordered by the chair.

Original with;
Punjab Vidhan Sabha
Digitized by;
Panjab Digital Library

## DEMAND FOR ZERO HOUR BY THE OPPOSITION (*Resumption*)

**ਮਾਨਯੋਗ ਸਪੀਕਰ** : ਹਾਂ ਜੀ, ਬਾਦਲ ਸਾਹਿਬ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਚਰਨਜੀਤ ਸਿੰਘ ਚੰਨੀ, ਸ੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿੱਚ ਕਾਫੀ ਸ਼ੋਰ ਸੀ ।)

**ਮਾਨਯੋਗ ਸਪੀਕਰ** : ਐਵੇਂ ਕਿਉਂ ਰੌਲਾ ਪਾਈ ਜਾਂਦੇ ਹੋ ?

**ਸ੍ਰੀ ਸੁਨੀਲ ਕੁਮਾਰ ਜਾਖੜ** : ਸਰ, ਮੈਂ ਇਕ ਸੁਝਾਓ ਦੇਣਾ ਚਾਹੁੰਦਾ ਹਾਂ ।

**ਮਾਨਯੋਗ ਸਪੀਕਰ** : ਹਾਂ-ਹਾਂ, ਦੱਸੋ ਤੁਹਾਡਾ ਕੀ ਸੁਝਾਓ ਹੈ ?

**ਸ੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਸਦਨ ਨੂੰ ਚਲਾਉਣ ਲਈ ਸਾਰੇ ਇੰਟਰੈਸਟਿਡ ਹਨ । ਬਾਦਲ ਸਾਹਿਬ ਨੇ ਪ੍ਰਧਾਨ ਮੰਤਰੀ ਜੀ ਅਤੇ ਸ਼ਰਦ ਪਵਾਰ ਜੀ ਦਾ ਧੰਨਵਾਦ ਦਾ ਮਤਾ ਲੈ ਕੇ ਆਉਣਾ ਹੈ । ਉਹ ਮਤਾ ਐਗਰੀਕਲਚਰਲ ਮਨਿਸਟਰ ਸਾਹਿਬ ਤੋਂ ਮੂਵ ਕਰਵਾ ਦਿਓ ਕਿਉਂਕਿ ਇਸ ਦਾ ਸਬੰਧ ਐਗਰੀਕਲਚਰ ਨਾਲ ਹੈ ਜੀ । ਇਹ ਸਾਡਾ ਸੁਝਾਓ ਹੈ ।

**ਮਾਨਯੋਗ ਸਪੀਕਰ** : ਇਕ ਮਿੰਟ ਲਈ ਪਲੀਜ਼ ਮੇਰੀ ਗੱਲ ਸੁਣੋ । ਤੁਹਾਡੀ ਸੁਜੈਸ਼ਨ ਆ ਗਈ ਹੈ । ਇਹ ਗੱਲ ਜਿਹੜੀ ਹੈ, ਪ੍ਰਧਾਨ ਮੰਤਰੀ ਜੀ ਨਾਲ ਸੀ.ਐਮ. ਸਾਹਿਬ ਨੇ ਕੀਤੀ ਹੈ । ਸੀ.ਐਮ. ਸਾਹਿਬ ਨੇ yes ਕੀਤੀ ਹੈ ਕਿ ਉਨ੍ਹਾਂ ਦਾ ਪ੍ਰੋਗਰਾਮ ਕੀ ਹੈ ਅਤੇ ਕਿੰਨੇ ਪੈਸੇ ਦੇਣੇ ਹਨ ? ਇਹ ਤੁਹਾਡੇ ਮਤਲਬ ਦੀ ਗੱਲ ਹੈ, ਕੀ ਇਨ੍ਹਾਂ ਦੇ ਮਤਲਬ ਦੀ ਹੈ ਅਤੇ ਜਨਤਾ ਦੇ ਮਤਲਬ ਦੀ ਹੈ । ਤੁਹਾਡੀ ਇਹ ਰੌਲਾ ਪਾਉਣ ਵਾਲੀ ਕੀ ਗੱਲ ਹੋਈ ?

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਚਰਨਜੀਤ ਸਿੰਘ ਚੰਨੀ, ਸ੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ।)

ਇਹ ਗੱਲ ਤੁਹਾਡੀ ਠੀਕ ਨਹੀਂ ਹੈ । ਜੇ ਇਹ ਗੱਲ ਕਰੋਗੇ ਤਾਂ ਫਿਰ ਜ਼ੀਰੋ ਆਵਰ ਬਾਅਦ ਵਿੱਚ ਚੱਲੇਗਾ ? ਫਿਰ ਜ਼ੀਰੋ ਆਵਰ ਨਹੀਂ ਹੋਵੇਗਾ । ਹਾਂ ਜੀ, ਬਰਾੜ ਸਾਹਿਬ, ਤੁਸੀਂ ਦੱਸੋ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਬਰਾੜ** : ਸਪੀਕਰ ਸਾਹਿਬ, ਮੇਰੀ ਬੇਨਤੀ ਇੰਨੀ ਹੈ ਕਿ ਤੁਸੀਂ ਖਾਣੇ ਦਾ ਜ਼ਿਕਰ ਕੀਤਾ । ਸਾਡੇ ਨੇਤਾਵਾਂ ਨੇ ਪਹਿਲਾਂ ਕਿਹਾ ਕਿ ਅਸੀਂ ਵੀ ਉਸ ਵਿੱਚ ਸ਼ਾਮਿਲ ਹੋਵਾਂਗੇ ਪਰ ਤੁਸੀਂ ਪੌਣੇ ਪੰਜ ਸਾਲ ਦੀ ਪ੍ਰਥਾ ਨੂੰ ਤੋੜ ਕੇ ਮਾਹੌਲ ਨੂੰ ਖਰਾਬ ਕਰਨ ਲਈ ਯੋਗਦਾਨ ਪਾਇਆ, ਮੈਂ ਇਸ ਦੇ ਲਈ ਮੁਆਫੀ ਚਾਹੁੰਦਾ ਹਾਂ । ਤੁਸੀਂ ਪੌਣੇ ਪੰਜ ਸਾਲ ਸਾਨੂੰ ਜ਼ੀਰੋ ਆਵਰ ਦਿੰਦੇ ਰਹੇ ਹੋ ਪਰ ਅੱਜ ਕਹਿ ਦਿਤਾ ਕਿ ਜ਼ੀਰੋ ਆਵਰ ਤੁਸੀਂ ਕਿਹੜੇ ਰੂਲਾਂ ਦੇ ਤਹਿਤ ਮੰਗਦੇ ਹੋ ? ਮੈਂ ਤੁਹਾਨੂੰ ਪੁੱਛਣਾ ਚਾਹੁੰਦਾ ਹਾਂ ਕਿ ਤੁਸੀਂ ਪੌਣੇ ਪੰਜ ਸਾਲ ਸਾਨੂੰ ਪਹਿਲਾਂ ਕਿਹੜੇ ਰੂਲ ਦੇ ਤਹਿਤ ਜ਼ੀਰੋ ਆਵਰ ਦਿੰਦੇ ਰਹੇ ਹੋ ? ਅੱਜ ਕਿਹੜੀ ਮਜਬੂਰੀ ਹੈ, ਅੱਜ ਸੀ. ਐਮ. ਸਾਹਿਬ ਨੇ ਕਿਹੜੀ ਅੱਗ ਬੁਝਾਉਣ ਜਾਣਾ ਹੈ ਕਿ ਇਹ ਸਭ ਤੋਂ ਪਹਿਲਾਂ ਬੋਲਣਗੇ ? ਸੀ. ਐਮ. ਸਾਹਿਬ ਪਹਿਲਾਂ ਸਾਡੀਆਂ ਗੱਲਾਂ ਸੁਣਨ ਅਤੇ ਜਿਹੜੇ ਵਿਚਾਰ ਉਨ੍ਹਾਂ ਨੇ ਰੱਖਣੇ ਹਨ, ਅਸੀਂ ਉਨ੍ਹਾਂ ਨੂੰ ਸੁਣਾਂਗੇ । ਮੈਂ ਆਪਣੇ ਸਾਥੀਆਂ ਵੱਲੋਂ ਵਿਸ਼ਵਾਸ ਦਿਵਾਉਂਦਾ ਹਾਂ ਕਿ ਪੁਰਾਣੀਆਂ ਰਿਵਾਇਤਾਂ ਦੇ ਮੁਤਾਬਿਕ ਸਾਡੇ ਜੋ ਭਖਦੇ ਮਸਲੇ ਹਨ, ਉਹ ਪਹਿਲਾਂ ਸੁਣਨ, ਸਾਡੇ ਨਾਲ ਜ਼ਿਆਦਤੀ ਨਾ ਕਰੋ ।

**ਮਾਨਯੋਗ ਸਪੀਕਰ** : ਉਨ੍ਹਾਂ ਦਾ ਭਾਸ਼ਣ ਕੋਈ ਨਹੀਂ ਹੈ । ਇੱਕ ਮਿੰਟ, ਉਨ੍ਹਾਂ ਨੇ ਜਿਹੜੀਆਂ ਦਿੱਲੀ ਵਾਲਿਆਂ ਨੇ ਰਿਆਇਤਾਂ ਦਿੱਤੀਆਂ ਹਨ, ਉਹੀ ਗੱਲਾਂ ਦੱਸਣੀਆਂ ਹਨ, ਤੁਸੀਂ ਉਸ ਨੂੰ ਭਾਸ਼ਣ ਕਹੀ ਜਾਂਦੇ ਹੋ, ਤੁਸੀਂ ਉਸਨੂੰ ਆਪਣੇ ਲਫਜ਼ਾਂ ਵਿੱਚ ਲਈ ਜਾਂਦੇ ਹੋ । ਇਸ ਦਾ ਕੀ ਮਤਲਬ ਹੋਇਆ ? ਤੁਸੀਂ ਗੱਲ ਸੁਣਨ ਦੀ ਹਿੰਮਤ ਹੀ ਨਹੀਂ ਰੱਖਦੇ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਚਰਨਜੀਤ ਸਿੰਘ ਚੰਨੀ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਅਜੀਤ ਸਿੰਘ ਸ਼ਾਂਤ, ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ ।) (ਵਿਘਨ......)

**ਸਰਦਾਰ ਅਵਤਾਰ ਸਿੰਘ ਬਰਾੜ** : ਜੋ ਪੌਣੇ ਪੰਜ ਸਾਲ ਦੀਆਂ ਰਿਵਾਇਤਾਂ ਹਨ, ਉਹ ਕਿਉਂ ਤੋੜ ਰਹੇ ਹੋ ?

**ਮਾਨਯੋਗ ਸਪੀਕਰ** : ਗੱਲ ਇਹ ਹੈ ਕਿ ਜਿਹੜਾ ਸਿਸਟਮ ਚਲਦਾ ਰਿਹਾ ਹੈ, ਉਸ ਵਿੱਚ ਕੋਈ ਤਬਦੀਲੀ ਨਹੀਂ । ਕੀ ਹੋ ਰਿਹਾ ਹੈ ? (ਵਿਘਨ) (ਸ਼ੋਰ)

**ਸਰਦਾਰ ਲਾਲ ਸਿੰਘ** : ਜ਼ੀਰੋ ਆਵਰ ਕਿੱਥੇ ਗਿਆ ?

**ਮਾਨਯੋਗ ਸਪੀਕਰ** : ਐਵੇਂ ਗੱਲਾਂ ਕਰੀ ਜਾ ਰਹੇ ਹੋ । ਤੁਹਾਡਾ ਜ਼ੀਰੋ ਆਵਰ ਕਾਇਮ ਹੈ । ਉਸ ਵਿੱਚ ਟਾਈਮ ਦਿਆਂਗੇ ਤੁਹਾਨੂੰ । ਬਾਅਦ ਵਿੱਚ ਬੋਲਣ ਤੇ ਕੀ ਹੋ ਜਾਣਾ ਹੈ ? ਸੀ. ਐਮ. ਸਾਹਿਬ ਨੇ ਬੋਲਣਾ ਹੈ । ਉਨ੍ਹਾਂ ਨੇ ਭਾਸ਼ਣ ਨਹੀਂ ਦੇਣਾ । ਉਨ੍ਹਾਂ ਦੀ ਗੱਲ ਸੁਣ ਕੇ ਫਿਰ ਆਪਣਾ ਜ਼ੀਰੋ ਆਵਰ ਕਰ ਲੈਣਾ ।

**ਸਰਦਾਰ ਲਾਲ ਸਿੰਘ** : ਸਾਡੀ ਗੱਲ ਪਹਿਲਾਂ ਸੁਣੋ । (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਇਹ ਗੱਲ ਨਹੀਂ ਹੈ । (ਵਿਘਨ) (ਸ਼ੋਰ)

Original with;
Punjab Vidhan Sabha
Digitized by;
Panjab Digital Library

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਸਪੀਕਰ ਸਾਹਿਬ, ਮੈਂ ਕੁਝ ਕਹਿਣਾ ਚਾਹੁੰਦੀ ਹਾਂ । ਜਿਸ ਤਰ੍ਹਾਂ ਸਰਦਾਰ ਅਵਤਾਰ ਸਿੰਘ ਬਰਾੜ ਹੋਰਾਂ ਨੇ ਕਿਹਾ ਹੈ ਕਿ ਕਾਂਗਰਸ ਪਾਰਟੀ ਹਮੇਸ਼ਾ ਚਾਹੁੰਦੀ ਹੈ ਕਿ ਅਸੀਂ ਪਾਜ਼ੇਟਿਵ ਤਰੀਕੇ ਨਾਲ ਚੱਲੀਏ । ਅਸੀਂ ਉਸੇ ਤਰ੍ਹਾਂ ਚਲਾਉਂਦੇ ਰਹੇ ਹਾਂ। ਅਸੀਂ ਚਲਦੇ ਰਹੇ ਹਾਂ ਬੜੇ ਅਫਸੋਸ ਦੀ ਗੱਲ ਹੈ, ਮੈਂ ਇੱਕ ਚਿੱਠੀ ਬੜੇ ਸਤਿਕਾਰ ਦੇ ਨਾਲ ਲਿਖੀ ਕਿ ਅੱਜ ਆਖਰੀ ਸੈਸ਼ਨ ਹੈ, ਅਸੀਂ ਕੁਝ ਮਸਲੇ ਲਿਆਉਣੇ ਚਾਹੁੰਦੇ ਹਾਂ । ਸਰਕਾਰ ਕਹਿੰਦੀ ਹੈ ਕਿ ਅਸੀਂ ਬੜਾ ਕੁਝ ਕੀਤਾ ਹੈ । ਸਾਨੂੰ ਵੀ ਪਤਾ ਲੱਗ ਜਾਵੇਗਾ ਕਿ ਕੀ ਕੀਤਾ ਹੈ । ਸਾਨੂੰ ਵੀ ਦੱਸਣ ਦਾ ਮੌਕਾ ਮਿਲ ਜਾਵੇਗਾ ਕਿ ਇਨ੍ਹਾਂ ਨੇ ਕਿੰਨੀ ਖੇਹ ਉਡਾਈ ਹੈ । ਇਸ ਤੇ ਬਹਿਸ ਰੱਖਣੀ ਤਾਂ ਦੂਰ ਦੀ ਗੱਲ ਹੈ, it is really very sorry ਕਿ ਆਪੋਜੀਸ਼ਨ ਦੇ ਲੀਡਰ ਦੀ ਚਿੱਠੀ ਦਾ ਜਵਾਬ ਤੱਕ ਨਹੀਂ ਦਿੱਤਾ । ਇਸ ਦੀ ਐਕਨਾਲੇਜਮੈਂਟ ਵੀ ਨਹੀਂ ਕੀਤੀ । ਮੈਂ ਗੁੱਸਾ ਪ੍ਰਗਟ ਕਰਦੀ ਹਾਂ । ਨੰਬਰ ਦੋ, ਜਾਂ ਸਾਨੂੰ ਬੁਲਾ ਕੇ ਗੱਲ ਕਰ ਲੈਂਦੇ, ਉਹ ਵੀ ਨਹੀਂ ਕੀਤੀ । ਅੱਜ ਵੀ ਤਿੰਨ-ਚਾਰ ਵਾਰੀ ਹਾਊਸ ਐਡਜਰਨ ਹੋਇਆ ਹੈ । ਤੁਸੀਂ ਗੱਲ ਕਰਨ ਦੀ ਜ਼ਰੂਰਤ ਨਹੀਂ ਸਮਝੀ ਕਿ ਕੀ ਕਹਿਣਾ ਚਾਹੁੰਦੇ ਹੋ । ਸਾਡੀ ਕਮੇਟੀ ਦੇ ਮੈਂਬਰ ਗਏ । ਇਨ੍ਹਾਂ ਨੇ ਕਿਹਾ ਕਿ ਸਾਡਾ ਸੈਸ਼ਨ ਵਧਾਓ । ਦੋ ਹਫਤੇ ਕਰੋ ਪਰ ਤੁਸੀਂ ਨਹੀਂ ਮੰਨੇ। ਪਹਿਲਾਂ ਸੈਸ਼ਨ ਦਾ ਸਮਾਂ ਤਿੰਨ ਦਿਨ ਦਾ ਰੱਖਿਆ । ਹੁਣ ਇਹ ਵੀ ਦੋ ਦਿਨ ਤੇ ਲੈ ਆਏ । ਅੱਜ ਅਖੀਰਲਾ ਸੈਸ਼ਨ ਹੈ । ਤੁਸੀਂ ਸਾਰੇ ਪਰੈਸੀਡੈਂਟਸ ਤੋੜਦੇ ਆਏ ਹੋ । ਅੱਜ ਅਖੀਰਲਾ ਦਿਨ ਹੈ । ਅਸੀਂ ਚਾਹੁੰਦੇ ਹਾਂ ਕਿ ਸਾਨੂੰ ਅੱਜ ਤਾਂ ਬੋਲ ਲੈਣ ਦਿਓ । ਜ਼ੀਰੋ ਆਵਰ ਤੇ ਗੱਲ ਕਰੀਏ । ਰਿਵਾਇਤ ਇਹ ਹੈ ਕਿ ਆਪੋਜੀਸ਼ਨ ਆਪਣੇ ਮੁੱਦੇ ਰੱਖਦੀ ਹੈ । ਬਾਅਦ ਵਿੱਚ ਚੀਫ ਮਨਿਸਟਰ ਉਠ ਕੇ ਜਵਾਬ ਦਿੰਦੇ ਹਨ ਲੇਕਿਨ ਆਪਾਂ ਇੱਥੇ ਵੀ ਰਿਵਾਇਤ ਤੋੜ ਰਹੇ ਹਾਂ । ਜੋ ਅਸੂਲ ਬਣਦਾ ਹੈ, ਉਹ ਨਹੀਂ ਨਿਭਾ ਰਹੇ ਔਰ ਇੱਥੇ ਵੀ ਕਹਿ ਦਿੱਤਾ ਕਿ ਪਹਿਲਾਂ ਸੀ. ਐਮ. ਸਾਹਿਬ ਸਟੇਟਮੈਂਟ ਦੇ ਲੈਣ ਅਤੇ ਸਾਡੇ ਸਵਾਲਾਂ ਦੇ ਜਵਾਬ ਤੱਕ ਨਹੀਂ ਦਿੱਤੇ । ਇੱਥੇ ਕੁਮਿਟਮੈਂਟਸ ਕਰਕੇ ਪੂਰੀਆਂ ਨਹੀਂ ਕੀਤੀਆਂ ਜਾਂਦੀਆਂ । ਫਿਰ ਅਸੀਂ ਕੀ ਵਾਜਾ ਵਜਾਉਣ ਆਏ ਹਾਂ ? ਜੇ ਸਾਡੀਆਂ ਗੱਲਾਂ ਦਾ ਜਵਾਬ ਹੀ ਨਹੀਂ ਦੇਣਾ, ਫਿਰ ਅਸੀਂ ਇੱਥੇ ਕਿਸ ਵਾਸਤੇ ਬੈਠੇ ਹਾਂ ? ਤੁਸੀਂ ਕਿਹਾ ਹੈ ਕਿ ਇਕੱਠੇ ਖਾਣਾ ਖਾਵਾਂਗੇ, ਅਸੀਂ ਬਿਲਕੁਲ ਤੁਹਾਡੇ ਖਾਣੇ ਦਾ ਬਾਈਕਾਟ ਕਰਾਂਗੇ ।

**ਮਾਨਯੋਗ ਸਪੀਕਰ** : ਉਹ ਤੁਹਾਡੀ ਮਰਜ਼ੀ ਹੈ ।

**ਉਪ ਮੁੱਖ ਮੰਤਰੀ** : ਸਪੀਕਰ ਸਾਹਿਬ, ਸਾਡੇ ਆਪੋਜੀਸ਼ਨ ਦੇ ਮੈਂਬਰ ਬਹੁਤ ਹੀ ਸਤਿਕਾਰਯੋਗ ਹਨ । ਇਨ੍ਹਾਂ ਦੇ ਮਨ ਵਿੱਚ ਇੱਕ ਵਹਿਮ ਹੈ ਕਿ ਜ਼ੀਰੋ ਆਵਰ ਨਹੀਂ ਹੋਣਾ । ਸੋ, ਜ਼ੀਰੋ ਆਵਰ ਜਿਹੜਾ ਹੈ, ਉਹ ਬਿਲਕੁਲ ਹੋਣਾ ਹੈ । ਤੁਸੀਂ ਰੂਲ 57 ਦੇਖੋ । ਇਹ ਪਹਿਲੀ ਵਾਰ ਨਹੀਂ, ਬਹੁਤ ਵਾਰੀ ਹੋਇਆ ਹੈ ਕਿ a minister or a Chief Minister ਜੇ ਉਸ ਨੇ ਸਟੇਟਮੈਂਟ ਦੇਣੀ ਹੈ he is allowed to give. As per Rule 57, "A statement made by the minister on a matter of public importance......(ਵਿਘਨ)".......if the Chief Minister wants to give a statement,............(ਵਿਘਨ) ਮੈਂ ਬੇਨਤੀ ਕਰਨੀ

Original with;
Punjab Vidhan Sabha
Digitized by;
Panjab Digital Library

[ਉਪ ਮੁੱਖ ਮੰਤਰੀ]

ਚਾਹੁੰਦਾ ਹਾਂ ਕਿ ਜ਼ੀਰੋ ਆਵਰ ਕੈਂਸਲ ਨਹੀਂ ਹੈ । ਮੈਂ ਪਾਰਲੀਮੈਂਟ ਵਿੱਚ ਵੀ ਇਸ ਤਰ੍ਹਾਂ ਦੇਖਿਆ ਹੈ । (ਵਿਘਨ) (ਸ਼ੋਰ) A matter of public importance ਤੇ ਚੀਫ ਮਨਿਸਟਰ ਸਾਹਿਬ ਨੇ ਸਟੇਟਮੈਂਟ ਦੇਣੀ ਹੈ । ਜ਼ੀਰੋ ਆਵਰ ਕੈਂਸਲ ਨਹੀਂ ਹੈ, ਜਿਵੇਂ ਇਨ੍ਹਾਂ ਨੂੰ ਡਰ ਹੈ । (ਵਿਘਨ) (ਸ਼ੋਰ) ਸਾਰੇ ਮੈਂਬਰ ਸਾਹਿਬਾਨ ਨੂੰ ਪਤਾ ਹੈ ਕਿ ਤੁਹਾਡੀਆਂ ਸਾਰੀਆਂ ਗੱਲਾਂ ਦਾ ਸੀ. ਐਮ. ਸਾਹਿਬ ਆਪ ਹੀ ਜਵਾਬ ਦਿੰਦੇ ਹਨ । ਕਿਸੇ ਚਿੰਤਾ ਦੀ ਲੋੜ ਨਹੀਂ ਹੈ । ਮੈਨੂੰ ਤੁਹਾਡੇ ਚਿਹਰਿਆਂ ਤੋਂ ਇੰਜ ਲੱਗਦਾ ਹੈ ਕਿ ਜੋ ਸੀ. ਐਮ. ਸਾਹਿਬ ਕਹਿ ਦੇਣਗੇ, ਤੁਹਾਡੇ ਤੋਂ ਜਰਿਆ ਨਹੀਂ ਜਾਣਾ । ਤੁਸੀਂ ਘਬਰਾਉਂਦੇ ਕਿਉਂ ਹੋ ? (ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : (ਆਪੋਜੀਸ਼ਨ ਪਾਰਟੀ ਨੂੰ ਸੰਬੋਧਨ ਕਰਦੇ ਹੋਏ) ਤੁਸੀਂ ਰੌਲਾ ਕਿਉਂ ਪਾ ਰਹੇ ਹੋ ? ਇਹ ਕੋਈ ਤੁਹਾਡੀ ਗੱਲ ਹੈ ? ਮੈਂ ਕਹਿ ਰਿਹਾ ਹਾਂ ਕਿ ਬਾਦਲ ਸਾਹਿਬ ਨੇ ਜੋ ਦਿੱਲੀ ਦੀ ਸਰਕਾਰ ਨਾਲ ਗੱਲ ਹੋਈ ਹੈ, ਪੰਜ-ਸੱਤ ਮਿੰਟਾਂ ਵਿੱਚ ਕਰਨੀ ਹੈ । (ਵਿਘਨ) ਜ਼ੀਰੋ ਆਵਰ ਤੋਂ ਪਹਿਲਾਂ ਕਿਉਂ ਨਹੀਂ ਕਰ ਸਕਦੇ ?

**ਅਵਾਜ਼ਾਂ** : ਜ਼ੀਰੋ ਆਵਰ ਤੋਂ ਪਹਿਲਾਂ ਨਹੀਂ ਕਰਨੀ ।....(ਸ਼ੋਰ)......

**ਮਾਨਯੋਗ ਸਪੀਕਰ** : ਜ਼ੀਰੋ ਆਵਰ ਤੋਂ ਪਹਿਲਾਂ ਕਿਉਂ ਨਹੀਂ ਕਰਨੀ ? ......... (ਸ਼ੋਰ) .......ਜ਼ੀਰੋ ਆਵਰ ਤੋਂ ਪਹਿਲਾਂ ਹੀ ਹੋਏਗੀ....(ਸ਼ੋਰ)......

**ਅਵਾਜ਼ਾਂ** : ਨਹੀਂ ਹੋਏਗੀ ...(ਸ਼ੋਰ)...

**ਮਾਨਯੋਗ ਸਪੀਕਰ** : ਹੋਏਗੀ ਪਹਿਲਾਂ ਹੀ ......(ਸ਼ੋਰ).....

**ਅਵਾਜ਼ਾਂ** : ਨਹੀਂ ਹੋਏਗੀ ...(ਸ਼ੋਰ)...

**ਮਾਨਯੋਗ ਸਪੀਕਰ** : ਨਹੀਂ ਹੋਏਗੀ ਤਾਂ ਨਾ ਸਹੀ । .....(ਸ਼ੋਰ)......ਅਗਲੀ ਆਈਟਮ, ਸਰਦਾਰ ਮੱਖਣ ਸਿੰਘ, ਕਾਲ ਅਟੈਂਸ਼ਨ, ਪਲੀਜ਼....(ਸ਼ੋਰ)...ਨਹੀਂ ਜੀ....(ਸ਼ੋਰ).....

--------

## CALL ATTENTION NOTICE UNDER RULE 66

### (ਕ੍ਰਮ ਨੰ: 9)

(ਧਿਆਨ ਦਿਵਾਉ ਨੋਟਿਸ ਨੰ: 9 ਪੇਸ਼ ਨਹੀਂ ਕੀਤਾ ਗਿਆ ।)

---------

**ਅਵਾਜ਼ਾਂ** : ਸਪੀਕਰ ਸਾਹਿਬ, ਜ਼ੀਰੋ ਆਵਰ.....(ਸ਼ੋਰ).....

**ਮਾਨਯੋਗ ਸਪੀਕਰ** : ਜ਼ੀਰੋ ਆਵਰ ਬਹੁਤਾ ਰੌਲਾ ਪਾਇਆਂ ਨਹੀਂ ਮਿਲਣਾ .....(ਸ਼ੋਰ)...... ਅਗਲੀ ਆਈਟਮ ਮੇਜ਼ ਤੇ ਰੱਖੇ ਜਾਣ ਵਾਲੇ ਕਾਗਜ਼ ਪੱਤਰ, ਸ਼੍ਰੀ ਤਿਕਸ਼ਨ ਸੂਦ ਜੀ ।

---------

Original with;
Punjab Vidhan Sabha
Digitized by;
Panjab Digital Library

# PAPERS LAID ON THE TABLE OF THE HOUSE

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ)** : ਸ਼੍ਰੀਮਾਨ ਜੀ, ਮੈਂ ਨਿਮਨਲਿਖਤ ਕਾਗਜ਼ ਪੱਤਰ ਸਦਨ ਦੀ ਮੇਜ਼ ਤੇ ਰੱਖਦਾ ਹਾਂ -

1. i) ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ 8) ; ਅਤੇ

   ii) ਗੁਰੂ ਕਾਸ਼ੀ ਯੂਨੀਵਰਸਿਟੀ ਆਰਡੀਨੈਂਸ, 2011 (2011 ਦਾ ਪੰਜਾਬ ਆਰਡੀਨੈਂਸ 11)

   ਜਿਵੇਂ ਕਿ ਭਾਰਤ ਦੇ ਸੰਵਿਧਾਨ ਦੇ ਅਨੁਛੇਦ 213 (2) (ੳ) ਅਧੀਨ ਲੋੜੀਂਦਾ ਹੈ ।

2. ਸਾਲ 2009-10 ਲਈ ਪੰਜਾਬ ਰਾਜ ਕੰਟੇਨਰ ਅਤੇ ਵੇਅਰ ਹਾਊਸਿੰਗ ਕਾਰਪੋਰੇਸ਼ਨ ਲਿਮਟਿਡ ਦੀ 15ਵੀਂ ਸਲਾਨਾ ਰਿਪੋਰਟ ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

3. ਸਾਲ 2009-10 ਲਈ ਪੰਜਾਬ ਰਾਜ ਬਿਜਲੀ ਬੋਰਡ ਦੇ ਲੇਖਿਆਂ ਦੇ ਸਲਾਨਾ ਵਿਵਰਣ ਅਤੇ ਉਕਤ ਵਰਣਿਤ ਸਲਾਨਾ ਵਿਵਰਣ ਤੇ ਕੀਤੀਆਂ ਗਈਆਂ ਟਿੱਪਣੀਆਂ ਨੂੰ ਰੱਖਣ ਦੇ ਉਦੇਸ਼ ਦਰਸਾਉਂਦਾ ਵਿਵਰਣ, ਜਿਵੇਂ ਕਿ ਬਿਜਲੀ (ਸਪਲਾਈ) ਐਕਟ, 1948 ਦੀ ਧਾਰਾ 69 (5) ਅਧੀਨ ਲੋੜੀਂਦਾ ਹੈ ।

4. ਸਾਲ 2009-10 ਲਈ ਪੰਜਾਬ ਰਾਜ ਬਿਜਲੀ ਰੈਗੂਲੇਟਰੀ ਕਮਿਸ਼ਨ ਦੇ ਲੇਖਿਆਂ ਦੇ ਸਲਾਨਾ ਵਿਵਰਣ ਅਤੇ ਆਡਿਟ ਰਿਪੋਰਟ, ਜਿਵੇਂ ਕਿ ਬਿਜਲੀ ਰੈਗੂਲੇਟਰੀ ਕਮਿਸ਼ਨ ਐਕਟ, 1998 ਦੀ ਧਾਰਾ 34 (4) ਅਧੀਨ ਲੋੜੀਂਦਾ ਹੈ ।

5. ਸਾਲ 2009 ਲਈ ਪੰਜਾਬ ਰਾਜ ਸੂਚਨਾ ਕਮਿਸ਼ਨ, ਚੰਡੀਗੜ੍ਹ ਦੀ ਸਲਾਨਾ ਰਿਪੋਰਟ , ਜਿਵੇਂ ਕਿ ਸੂਚਨਾ ਪ੍ਰਾਪਤ ਕਰਨ ਦਾ ਅਧਿਕਾਰ ਐਕਟ, 2005 ਦੀ ਧਾਰਾ 25 (4) ਅਧੀਨ ਲੋੜੀਂਦਾ ਹੈ ।

6. ਸਾਲ 2005-06 ਲਈ ਪੰਜਾਬ ਰਾਜ ਅਨਾਜ ਖਰੀਦ ਕਾਰਪੋਰੇਸ਼ਨ ਲਿਮਟਿਡ ਦੀ ਸਲਾਨਾ ਰਿਪੋਰਟ ਅਤੇ ਲੇਖੇ, ਜਿਵੇਂ ਕਿ ਕੰਪਨੀਜ਼ ਐਕਟ 1956 ਦੀ ਧਾਰਾ 619-ੳ ਅਧੀਨ ਲੋੜੀਂਦਾ ਹੈ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਾਰੇ ਹਾਜ਼ਰ ਮੈਂਬਰ ਸਾਹਿਬਾਨ ਅਤੇ ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸ਼੍ਰੀ ਮਦਨ ਲਾਲ ਠੇਕੇਦਾਰ, ਸਰਦਾਰ ਚਰਨਜੀਤ ਸਿੰਘ ਚੰਨੀ ਅਤੇ ਸਰਦਾਰ ਸੰਗਤ ਸਿੰਘ ਗਿਲਜ਼ੀਆਂ ਸਦਨ ਦੇ ਵੈੱਲ ਵਿੱਚ ਆ ਕੇ ਨਾਅਰੇ ** ** ਲਗਾਉਣ ਲੱਗ ਪਏ ਜੋ ਕਿ ਰਿਕਾਰਡ ਨਹੀਂ ਕੀਤੇ ਗਏ ।)

**ਮਾਨਯੋਗ ਸਪੀਕਰ** : ** **ਨਾਅਰੇ ਰਿਕਾਰਡ ਨਾ ਕੀਤੇ ਜਾਣ ।

**Not recorded as ordered by the Chair.

Original with;
Punjab Vidhan Sabha
Digitized by;
Panjab Digital Library

## PRESENTATION OF THE REPORT OF THE COMMITTEE OF THE HOUSE CONSTITUTED TO INVESTIGATE THE CAUSES OF THE LOSS OF HUMAN LIFE AND PROPERTY DUE TO ROAD ACCIDENTS IN THE STATE

**ਮਾਨਯੋਗ ਸਪੀਕਰ** : ਰਾਜ ਅੰਦਰ ਸੜਕ ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਨਜਿੱਠਣ ਸਬੰਧੀ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਨਾ । ਮਾਸਟਰ ਮੋਹਨ ਲਾਲ ਜੀ ।

**ਸਭਾਪਤੀ, ਰਾਜ ਅੰਦਰ ਸੜਕ ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਨਜਿੱਠਣ ਸਬੰਧੀ ਸਦਨ ਦੀ ਕਮੇਟੀ** (ਮਾਸਟਰ ਮੋਹਨ ਲਾਲ) : ਸ਼੍ਰੀਮਾਨ ਜੀ, ਮੈਂ ਰਾਜ ਅੰਦਰ ਸੜਕ ਦੁਰਘਟਨਾਵਾਂ ਕਾਰਨ ਹੋ ਰਹੇ ਜਾਨੀ ਅਤੇ ਮਾਲੀ ਨੁਕਸਾਨ ਨੂੰ ਨਜਿੱਠਣ ਸਬੰਧੀ ਸਦਨ ਦੀ ਕਮੇਟੀ ਦੀ ਰਿਪੋਰਟ ਪੇਸ਼ ਕਰਦਾ ਹਾਂ ।(ਵਿਘਨ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਮੰਗਤ ਰਾਏ ਬਾਂਸਲ, ਸਰਦਾਰ ਸੁਰਜੀਤ ਸਿੰਘ ਧੀਮਾਨ ਅਤੇ ਸਰਦਾਰ ਜੋਗਿੰਦਰ ਸਿੰਘ ਪੰਜਗਰਾਈਂ ਰਿਪੋਰਟਰਾਂ ਦੇ ਟੇਬਲ ਤੇ ਖੜ੍ਹੇ ਹੋ ਕੇ ** **ਨਾਅਰੇ ਲਗਾਉਣ ਲੱਗ ਪਏ ਅਤੇ ਸਦਨ ਵਿੱਚ ਬਹੁਤ ਸ਼ੋਰ ਸੀ ।)

----------

## LEGISLATIVE BUSINESS

### 1. THE PUNJAB SPECIAL SECURITY GROUP BILL, 2010

**ਮਾਨਯੋਗ ਸਪੀਕਰ** : ਉਪ ਮੁੱਖ ਮੰਤਰੀ ਜੀ ਬਿਲ ਵਾਪਸ ਲੈਣ ਦਾ ਪ੍ਰਸਤਾਵ ਪੇਸ਼ ਕਰਨ ।

**ਉਪ ਮੁੱਖ ਮੰਤਰੀ** (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

> ਕਿ ਮੈਂ ਪੰਜਾਬ ਸਪੈਸ਼ਲ ਸਿਕਿਉਰਿਟੀ ਗਰੁੱਪ ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

> ਕਿ ਮੈਂ ਪੰਜਾਬ ਸਪੈਸ਼ਲ ਸਿਕਿਉਰਿਟੀ ਗਰੁੱਪ ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਮੈਂ ਪੰਜਾਬ ਸਪੈਸ਼ਲ ਸਿਕਿਉਰਿਟੀ ਗਰੁੱਪ ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ ।

ਪ੍ਰਸਤਾਵ ਪ੍ਰਵਾਨ ਹੋਇਆ ।

--------

## 2. THE PUNJAB (PREVENTION OF DAMAGE TO PUBLIC AND PRIVATE PROPERTY) BILL, 2010

**ਮਾਨਯੋਗ ਸਪੀਕਰ** : ਉਪ ਮੁੱਖ ਮੰਤਰੀ ਜੀ ਬਿਲ ਵਾਪਸ ਲੈਣ ਦਾ ਪ੍ਰਸਤਾਵ ਕਰਨ।

**ਉਪ ਮੁੱਖ ਮੰਤਰੀ** (ਸਰਦਾਰ ਸੁਖਬੀਰ ਸਿੰਘ ਬਾਦਲ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਮੈਂ ਪੰਜਾਬ (ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ) ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ -

ਕਿ ਮੈਂ ਪੰਜਾਬ (ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ) ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਮੈਂ ਪੰਜਾਬ (ਜਨਤਕ ਅਤੇ ਨਿੱਜੀ ਸੰਪਤੀ ਦੇ ਨੁਕਸਾਨ ਤੇ ਰੋਕ) ਬਿਲ, 2010 ਵਾਪਸ ਲੈਂਦਾ ਹਾਂ ਜਿਹੜਾ ਕਿ 1 ਅਕਤੂਬਰ, 2010 ਨੂੰ 10ਵੇਂ ਸਮਾਗਮ ਦੌਰਾਨ ਪੰਜਾਬ ਵਿਧਾਨ ਸਭਾ ਦੁਆਰਾ ਪੇਸ਼ ਅਤੇ ਪਾਸ ਕੀਤਾ ਗਿਆ ਸੀ ਅਤੇ ਉਸ ਦੀ ਸਹਿਮਤੀ ਦੀ ਉਡੀਕ ਕੀਤੀ ਜਾਂਦੀ ਹੈ।

ਪ੍ਰਸਤਾਵ ਪ੍ਰਵਾਨ ਹੋਇਆ ।

--------

## 3. THE PUNJAB PROHIBITION OF COW SLAUGHTER (AMENDMENT) BILL, 2011

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ ਬਿਲ ਪੇਸ਼ ਕਰਨਗੇ ।

Original with;
Punjab Vidhan Sabha
Digitized by;
Panjab Digital Library

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ** (ਸਰਦਾਰ ਗੁਲਜ਼ਾਰ ਸਿੰਘ ਰਣੀਕੇ) : ਸ਼੍ਰੀਮਾਨ ਜੀ, ਮੈਂ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ –

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ –

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

(ਵਿਘਨ) (ਸ਼ੋਰ)

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਮੈਂਬਰ ਸ਼੍ਰੀ ਮੰਗਤ ਰਾਏ ਬਾਂਸਲ, ਸਰਦਾਰ ਸਾਧੂ ਸਿੰਘ ਧਰਮਸੋਤ ਅਤੇ ਸਰਦਾਰ ਸੁਰਜੀਤ ਸਿੰਘ ਧੀਮਾਨ ਅਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਰਿਪੋਰਟਰਾਂ ਦੀ ਟੇਬਲ ਦੇ ਉਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ ਅਤੇ ਹਾਊਸ ਵਿੱਚ ਬਹੁਤ ਜ਼ਿਆਦਾ ਸ਼ੋਰ ਸੀ ।)

**ਮਾਨਯੋਗ ਸਪੀਕਰ** : ** **ਨਾਅਰੇ ਰਿਕਾਰਡ ਨਾ ਕੀਤੇ ਜਾਣ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ 2**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਪਸ਼ੂ ਪਾਲਣ, ਮੱਛੀ ਪਾਲਣ, ਡੇਅਰੀ ਵਿਕਾਸ, ਅਨੁਸੂਚਿਤ ਜਾਤੀਆਂ ਤੇ ਪੱਛੜੀਆਂ ਸ਼੍ਰੇਣੀਆਂ ਦੀ ਭਲਾਈ ਮੰਤਰੀ** (ਸਰਦਾਰ ਗੁਲਜ਼ਾਰ ਸਿੰਘ ਰਣੀਕੇ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਗਊ ਹੱਤਿਆ ਤੇ ਰੋਕ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

---------

**4. THE PUNJAB STATE COMMISSION FOR NON-RESIDENT INDIANS BILL, 2011**

**ਮਾਨਯੋਗ ਸਪੀਕਰ** : ਹਾਂ ਜੀ, ਮੰਤਰੀ ਜੀ ਬਿਲ ਪੇਸ਼ ਕਰਨਗੇ ।

**ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ, ਐਨ. ਆਰ. ਆਈ. ਅਤੇ ਵਿਧਾਨਕ ਮਾਮਲੇ ਮੰਤਰੀ** (ਕੈਪਟਨ ਬਲਬੀਰ ਸਿੰਘ ਬਾਠ) : ਸ਼੍ਰੀਮਾਨ ਜੀ, ਮੈਂ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ਾਂ 2 ਤੋਂ 25**

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਤੋਂ 25 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 25 ਬਿਲ ਦਾ ਹਿੱਸਾ ਹਨ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਸੈਨਿਕ ਸੇਵਾਵਾਂ ਭਲਾਈ, ਸ਼ਿਕਾਇਤ ਨਿਵਾਰਣ, ਪੈਨਸ਼ਨ ਅਤੇ ਪੈਨਸ਼ਨਰਾਂ ਦੀ ਭਲਾਈ, ਐਨ. ਆਰ. ਆਈ. ਅਤੇ ਵਿਧਾਨਕ ਮਾਮਲੇ ਮੰਤਰੀ** (ਕੈਪਟਨ ਬਲਬੀਰ ਸਿੰਘ ਬਾਠ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ –

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪ੍ਰਵਾਸੀ ਭਾਰਤੀਆਂ ਲਈ ਪੰਜਾਬ ਰਾਜ ਕਮਿਸ਼ਨ ਬਿਲ, 2011 ਪਾਸ ਕੀਤਾ ਜਾਵੇ ।

ਪ੍ਰਸਤਾਵ ਪ੍ਰਵਾਨ ਹੋਇਆ ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ਨਾਅਰੇ ਲਗਾ ਰਹੇ ਸਨ ਅਤੇ ਸ਼੍ਰੀ ਮੰਗਤ ਰਾਏ ਬਾਂਸਲ ਅਤੇ ਸਰਦਾਰ ਸੁਰਜੀਤ ਸਿੰਘ ਧੀਮਾਨ ਰਿਪੋਰਟਰਾਂ ਦੀ ਟੇਬਲ ਤੇ ਖੜ੍ਹੇ ਹੋ ਕੇ ** ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ । ਇਸ ਤੋਂ ਇਲਾਵਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਕੁਝ ਮੈਂਬਰਜ਼ ਵੱਲੋਂ ਵਿਧਾਨ ਸਭਾ ਰਿਪੋਰਟਰਜ਼ ਦੇ ਸਪੀਕਰਾਂ ਦੀਆਂ ਤਾਰਾਂ ਖੋਲ੍ਹ ਕੇ ਸਪੀਕਰ ਬੰਦ ਕਰ ਦਿੱਤੇ ਗਏ। ਸਦਨ ਵਿੱਚ ਕਾਫੀ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

**ਮਾਨਯੋਗ ਸਪੀਕਰ** : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ ।

----------

## 5. THE PUNJAB LEGISLATIVE ASSEMBLY (SALARIES AND ALLOWANCES OF MEMBERS) AMENDMENT BILL, 2011

**ਮਾਨਯੋਗ ਸਪੀਕਰ** : ਹੁਣ ਮੰਤਰੀ ਜੀ ਬਿਲ ਪੇਸ਼ ਕਰਨਗੇ ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਇਹ ਤਾਂ ਤੁਹਾਡੀਆਂ ਤਨਖ਼ਾਹਾਂ ਅਤੇ ਭੱਤਿਆਂ ਸਬੰਧੀ ਬਿਲ ਹੈ, ਇਸ ਬਾਰੇ ਤਾਂ ਹਾਂ ਕਰ ਦਿਓ......(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

Original with;
Punjab Vidhan Sabha
Digitized by:
Panjab Digital Library

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਵਿਧਾਨ ਸਭਾ ਦੇ (ਮੈਂਬਰਾਂ ਦੀਆਂ ਤਨਖ਼ਾਹਾਂ ਅਤੇ ਭੱਤੇ) ਸੋਧਨਾ ਬਿਲ, 2011 ਪਾਸ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** **ਨਾਅਰੇ ਲਗਾ ਰਹੇ ਸਨ ਅਤੇ ਸ਼੍ਰੀ ਮੰਗਤ ਰਾਏ ਬਾਂਸਲ ਅਤੇ ਸਰਦਾਰ ਸੁਰਜੀਤ ਸਿੰਘ ਧੀਮਾਨ ਅਤੇ ਆਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਰਿਪੋਰਟਰਜ਼ ਦੀ ਟੇਬਲ ਤੇ ਖੜ੍ਹੇ ਹੋ ਕੇ ** **ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ। ਇਸ ਸਮੇਂ ਸਦਨ ਵਿੱਚ ਕਾਫੀ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ** : ** ** ਨਾਅਰੇ ਰਿਕਾਰਡ ਨਾ ਕੀਤੇ ਜਾਣ ।

** Not recorded as ordered by the Chair.

Original with;
Punjab Vidhan Sabha
Digitized by;
Panjab Digital Library

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿੱਚ ਹਾਜ਼ਰ ਸਮੂਹ ਮੈਂਬਰ ਸਾਹਿਬਾਨ ਅਤੇ ਆਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਸੰਗਤ ਸਿੰਘ ਗਿਲਜ਼ੀਆਂ, ਸਰਦਾਰ ਅਜੀਤ ਸਿੰਘ ਸ਼ਾਂਤ ਅਤੇ ਸ੍ਰੀ ਮਦਨ ਲਾਲ ਠੇਕੇਦਾਰ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ** ਨਾਅਰੇ ਲਗਾ ਰਹੇ ਸਨ ਅਤੇ ਸ੍ਰੀ ਮੰਗਤ ਰਾਏ ਬਾਂਸਲ ਅਤੇ ਸਰਦਾਰ ਸੁਰਜੀਤ ਸਿੰਘ ਧੀਮਾਨ ਰਿਪੋਰਟਰਾਂ ਦੇ ਟੇਬਲ ਤੇ ਖੜ੍ਹੇ ਹੋ ਕੇ ** ਨਾਅਰੇ ਲਗਾ ਰਹੇ ਸਨ ਜੋ ਕਿ ਚੇਅਰ ਦੀ ਆਗਿਆ ਅਨੁਸਾਰ ਰਿਕਾਰਡ ਨਹੀਂ ਕੀਤੇ ਗਏ । ਇਸ ਤੋਂ ਇਲਾਵਾ ਵੈੱਲ ਆਫ ਦਿ ਹਾਊਸ ਵਿੱਚ ਖੜ੍ਹੇ ਕੁਝ ਮੈਂਬਰਜ਼ ਵੱਲੋਂ ਵਿਧਾਨ ਸਭਾ ਦੇ ਰਿਪੋਰਟਰਜ਼ ਦੇ ਸਪੀਕਰ ਬੰਦ ਕਰ ਦੇਣ ਕਾਰਨ ਅਤੇ ਸਦਨ ਵਿੱਚ ਕਾਫੀ ਸ਼ੋਰ ਹੋਣ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ ।)

-------------

## 6. THE PUNJAB LEGISLATIVE ASSEMBLY SPEAKER'S AND DEPUTY SPEAKER'S SALARIES (SECOND AMENDMENT) BILL, 2011

**ਮਾਨਯੋਗ ਸਪੀਕਰ** : ਹੁਣ ਮੰਤਰੀ ਜੀ ਬਿਲ ਪੇਸ਼ ਕਰਨਗੇ ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ–

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼–ਵਾਰ ਵਿਚਾਰ ਕਰੇਗਾ ।

---

** Not recorded as ordered by the Chair.

Original with;
Punjab Vidhan Sabha
Digitized by;
Panjab Digital Library

ਕਲਾਜ਼ 1 ਦੀ ਸਬ-ਕਲਾਜ਼ (2)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

ਕਲਾਜ਼ 2

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਹੁਣ ਜਾ ਕੇ ਬਹਿ ਜਾਓ । (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ) ਬਹਿ ਜਾਓ, ਬਹੁਤ ਜ਼ੋਰ ਲੱਗ ਗਿਆ ਹੁਣ । (ਵਿਘਨ) (ਸ਼ੋਰ)

ਸਿਰਲੇਖ

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ** (ਸ਼੍ਰੀ ਤਿਕਸ਼ਨ ਸੂਦ) : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਵਿਧਾਨ ਸਭਾ ਦੇ ਸਪੀਕਰ ਅਤੇ ਡਿਪਟੀ ਸਪੀਕਰ ਦੀਆਂ ਤਨਖ਼ਾਹਾਂ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

---------

## THE PUNJAB STATE BOARD OF TECHNICAL EDUCATION AND INDUSTRIAL TRAINING (AMENDMENT) BILL, 2011*(Replacing Ordinance)*

**ਮਾਨਯੋਗ ਸਪੀਕਰ** : ਮੰਤਰੀ ਜੀ ਬਿਲ ਪੇਸ਼ ਕਰਨਗੇ ।

**ਟਰਾਂਸਪੋਰਟ ਅਤੇ ਤਕਨੀਕੀ ਸਿੱਖਿਆ ਮੰਤਰੀ** (ਸ਼੍ਰੀ ਸੁਰਜੀਤ ਕੁਮਾਰ ਜਿਆਨੀ): ਸ਼੍ਰੀਮਾਨ ਜੀ, ਮੈਂ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ–

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਮਾਨਯੋਗ ਸਪੀਕਰ** : (ਆਪੋਜੀਸ਼ਨ ਬੈਂਚਿਜ ਵੱਲ ਇਸ਼ਾਰਾ) (ਵਿਘਨ) ਥੱਕ ਗਏ ਹੋ, ਬਹਿ ਜਾਓ ਹੁਣ ਸੀਟਾਂ ਤੇ ।(ਵਿਘਨ) (ਸ਼ੋਰ)

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ–

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

ਬਹਿਸ, ਜੇਕਰ ਕੋਈ ਹੋਵੇ ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ –

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ਾਂ 2 ਤੋਂ 8**

**ਮਾਨਯੋਗ ਸਪੀਕਰ** : ਕਿਉਂਕਿ ਕਲਾਜ਼ਾਂ 2 ਤੋਂ 8 ਤੱਕ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ ?

(ਆਵਾਜ਼ਾਂ : ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ਾਂ 2 ਤੋਂ 8 ਬਿਲ ਦਾ ਹਿੱਸਾ ਹਨ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਸਿਰਲੇਖ**

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

**ਮਾਨਯੋਗ ਸਪੀਕਰ** : ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ ।

**ਟਰਾਂਸਪੋਰਟ ਅਤੇ ਤਕਨੀਕੀ ਸਿੱਖਿਆ ਮੰਤਰੀ** (ਸ਼੍ਰੀ ਸੁਰਜੀਤ ਕੁਮਾਰ ਜਿਆਨੀ): ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਪੰਜਾਬ ਰਾਜ ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਬੋਰਡ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ ।

**ਪ੍ਰਸਤਾਵ ਪ੍ਰਵਾਨ ਹੋਇਆ ।**

---------

**ਮਾਨਯੋਗ ਸਪੀਕਰ** : ਇਹ ਜੋ ਕੁਝ ਇਨ੍ਹਾਂ (ਵਿਰੋਧੀ ਧਿਰ ਵੱਲ ਇਸ਼ਾਰਾ) ਵੱਲੋਂ ਬੋਲਿਆ ਜਾ ਰਿਹਾ ਹੈ, ਇਹ ਰਿਕਾਰਡ ਨਾ ਕੀਤਾ ਜਾਵੇ । ਜੇ ਕੁਝ ਲਿਖਿਆ ਵੀ ਹੈ ਤਾਂ ਉਹ ਕੱਟ ਦਿੱਤਾ ਜਾਵੇ । ਹੁਣ ਸਦਨ ਸਨਿੱਚਰਵਾਰ, ਮਿਤੀ 8 ਅਕਤੂਬਰ, 2011 ਦੇ 3.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਕੀਤਾ ਜਾਂਦਾ ਹੈ ।

*1.46 ਵਜੇ
ਬਾਅਦ ਦੁਪਹਿਰ

(*ਇਸ ਉਪਰੰਤ ਸਦਨ ਸਨਿੱਚਰਵਾਰ, ਮਿਤੀ 8 ਅਕਤੂਬਰ, 2011 ਦੇ 3.00 ਵਜੇ ਬਾਅਦ ਦੁਪਹਿਰ ਤੱਕ ਸਥੱਗਿਤ ਹੋ ਗਿਆ)

Original with;
Punjab Vidhan Sabha
Digitized by;
Panjab Digital Library

APPENDIX

TO

PUNJAB VIDHAN SABHA DEBATES

Saturday, the 8th October, 2011 (M.S.)

Vol. XIII-No. 3

STARRED QUESTIONS AND ANSWERS

## ਚਮਕੌਰ ਸਾਹਿਬ ਵਿਖੇ ਥੀਮ ਪਾਰਕ ਦੀ ਉਸਾਰੀ

*2252. **ਸਰਦਾਰ ਚਰਨਜੀਤ ਸਿੰਘ ਚੰਨੀ** : ਕੀ ਸੈਰ-ਸਪਾਟਾ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ -

(ੳ) ਪਿਛਲੇ 4 ਸਾਲਾਂ ਦੇ ਸਮੇਂ ਦੌਰਾਨ ਚਮਕੌਰ ਸਾਹਿਬ ਲਈ ਸੈਰ-ਸਪਾਟਾ ਮੰਤਰਾਲੇ, ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀਆਂ ਗ੍ਰਾਂਟਾਂ ਦਾ ਵੇਰਵਾ ਕੀ ਹੈ ਅਤੇ ਅਜਿਹੀਆਂ ਗ੍ਰਾਂਟਾਂ ਦੀ ਰਕਮ ਕਿੰਨੀ ਹੈ ਜਿਹੜੀ ਹੁਣ ਤੱਕ ਵਰਤੀ ਨਹੀਂ ਜਾ ਸਕੀ ;

(ਅ) ਚਮਕੌਰ ਸਾਹਿਬ ਵਿਖੇ ਉਸਾਰੀ ਅਧੀਨ ਥੀਮ ਪਾਰਕ ਦੀ ਉਸਾਰੀ ਦੇ ਕੰਮ ਦੀ ਸਥਿਤੀ ਕੀ ਹੈ ਅਤੇ ਇਹ ਕੰਮ ਕਦੋਂ ਤੱਕ ਪੂਰਾ ਕੀਤੇ ਜਾਣ ਦੀ ਸੰਭਾਵਨਾ ਹੈ ?

**ਸਰਦਾਰ ਸਰਵਣ ਸਿੰਘ ਫਿਲੌਰ** : (ੳ) ਚਮਕੌਰ ਸਾਹਿਬ ਲਈ ਪਿਛਲੇ ਚਾਰ ਸਾਲਾਂ ਦੌਰਾਨ ਸੈਰ-ਸਪਾਟਾ ਦੇ ਵਿਕਾਸ ਲਈ ਭਾਰਤ ਸਰਕਾਰ ਤੋਂ ਪ੍ਰਾਪਤ ਕੀਤੀਆਂ ਗ੍ਰਾਂਟਾਂ ਦੀ ਰਕਮ ਅਤੇ ਉਨ੍ਹਾਂ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

| | | | |
|---|---|---|---|
| 1. | ਚਮਕੌਰ ਸਾਹਿਬ ਨੂੰ ਟੂਰਿਸਟ ਡੈਸਟੀਨੇਸ਼ਨ ਵਜੋਂ ਵਿਕਸਤ ਕਰਨ ਲਈ ਮਨਜ਼ੂਰ ਕੀਤੀ ਗਈ ਰਾਸ਼ੀ | .. | 223.00 ਲੱਖ |
| | ਮਨਜ਼ੂਰ ਕੀਤੀ ਗਈ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ:- | | |
| ੳ. | ਬਾਊਂਡਰੀ ਵਾਲ ਦੀ ਉਸਾਰੀ ਦੇ ਕੰਮ ਨੂੰ ਮੁਕੰਮਲ ਕਰਨਾ | .. | 38.15 ਲੱਖ |
| ਅ. | ਏਕਸਟਰਨਲ ਪਬਲਿਕ ਹੈਲਥ ਸੈਪਟਿਕ ਟੈਂਕ, ਟਿਊਬਵੈੱਲ ਅਤੇ ਓਵਰ ਹੈੱਡ ਟੈਂਕ | .. | 33.04 ਲੱਖ |
| ੲ. | ਟੋਆਲਿਟ ਬਲਾਕ (2) | .. | 38.01 ਲੱਖ |
| ਸ. | ਯਾਤਰਾ ਸੂਚਨਾ ਕੇਂਦਰ | .. | 113.80 ਲੱਖ |
| | ਕੁੱਲ | .. | 223.00 ਲੱਖ |

Original with;
Punjab Vidhan Sabha
Digitized by;
Panjab Digital Library

| | | | |
|---|---|---|---|
| 2. | ਭਾਰਤ ਸਰਕਾਰ ਤੋਂ ਮਨਜ਼ੂਰ ਕੀਤੀ ਰਾਸ਼ੀ ਦਾ 80% ਪ੍ਰਾਪਤ ਫੰਡਜ਼ | .. | 178.00 ਲੱਖ |
| 3. | ਰਿਲੀਜ਼ ਕੀਤੇ ਫੰਡਜ਼ ਵਿਚੋਂ ਅਣਵਰਤੇ ਫੰਡਜ਼ | .. | 140.00 ਲੱਖ |

ਚਮਕੌਰ ਸਾਹਿਬ ਨੂੰ ਟੂਰਿਸਟ ਡੈਸਟੀਨੇਸ਼ਨ ਵਜੋਂ ਵਿਕਸਿਤ ਕਰਨ ਲਈ ਉਪਰੋਕਤ ਰਿਲੀਜ਼ 178.00 ਲੱਖ ਰੁਪਏ ਵਿਚੋਂ ਚਮਕੌਰ ਸਾਹਿਬ ਥੀਮ ਪਾਰਕ ਵਿਖੇ ਚਾਰ ਦੀਵਾਰੀ ਅਤੇ ਯਾਤਰਾ ਸੂਚਨਾ ਕੇਂਦਰ ਦਾ ਕੰਮ 47.00 ਲੱਖ ਰੁਪਏ ਲਈ ਅਲਾਟ ਕੀਤਾ ਗਿਆ। ਜਿਸ ਵਿਚੋਂ 38.00 ਲੱਖ ਰੁਪਏ ਦਾ ਕੰਮ ਪੂਰਾ ਹੋ ਚੁਕਿਆ ਹੈ। ਬਾਕੀ ਦੇ ਰਹਿੰਦੇ ਕੰਮ ਟੁਆਇਲੈਟ ਬਲਾਕ ਆਦਿ ਜਿਸ ਦੀ ਅਨੁਮਾਨਤ ਲਾਗਤ 1.40 ਕਰੋੜ ਰੁਪਏ ਹੈ, ਲਈ ਤਿੰਨ ਵਾਰ ਟੈਂਡਰ ਮਿਤੀ 28.10.2011, 2.12.2011 ਅਤੇ 10.05.2012 ਨੂੰ ਕੀਤਾ ਗਿਆ ਪਰ ਕੋਈ ਵੀ ਟੈਂਡਰ ਪ੍ਰਾਪਤ ਨਾ ਹੋਣ ਕਰਕੇ ਇਹ ਕੰਮ ਅਲਾਟ ਨਹੀਂ ਕੀਤਾ ਜਾ ਸਕਿਆ। ਇਸ ਕੰਮ ਲਈ ਚੌਥੀ ਵਾਰ ਫਿਰ ਟੈਂਡਰ ਕੀਤਾ ਜਾ ਰਿਹਾ ਹੈ।

(ਅ) ਚਮਕੌਰ ਸਾਹਿਬ ਵਿਖੇ ਉਸਾਰੀ ਅਧੀਨ ਥੀਮ ਪਾਰਕ ਦੇ ਕੰਮਾਂ ਦੀ ਸਥਿਤੀ ਹੇਠ ਅਨੁਸਾਰ ਹੈ :-

| | | |
|---|---|---|
| 1. | ਮੇਨ ਬਿਲਡਿੰਗ ਬਲਾਕ :- | ਫਾਊਂਡੇਸ਼ਨ ਵਰਕ ਮੁਕੰਮਲ ਹੈ। |
| 2. | ਓਪਨ ਏਅਰ ਥੀਏਟਰ :- | ਮੁਕੰਮਲ ਹੋਣ ਨੇੜੇ । |
| 3. | ਬਾਊਂਡਰੀ ਵਾਲ, ਪਾਰਕਿੰਗ ਸਥਲ, ਦੁਕਾਨਾਂ ਅਤੇ ਪਿੰਡ ਸਹੇੜੀ ਵਿਖੇ ਯਾਦਗਾਰੀ ਸੜਕ ਦੀ ਉਸਾਰੀ :- | 65% ਮੁਕੰਮਲ (ਅੰਦਾਜ਼ਨ) |
| 4. | ਅਰਥ ਪੇਵਿੰਗ ਏਰੀਆ ਅਤੇ ਪਬਲਿਕ ਹੈਲਥ ਅਤੇ ਲੈਂਡਸਕੇਪਿੰਗ ਵਰਕ :- | 85% |

ਇਸ ਇਤਿਹਾਸਿਕ ਪ੍ਰੋਜੈਕਟ ਨੂੰ ਪੂਰਾ ਕਰਾਉਣ ਲਈ ਸਰਕਾਰ ਵੱਲੋਂ ਫੰਡਾਂ ਦਾ ਪ੍ਰਬੰਧ ਜਲਦੀ ਕਰਵਾਇਆ ਜਾ ਰਿਹਾ ਹੈ।

---------

Original with;
Punjab Vidhan Sabha
Digitized by;
Panjab Digital Library

## ਪਿੰਡਾਂ ਵਿੱਚ ਸੀਵਰੇਜ ਦੇ ਕੰਮ ਦੀ ਨਿਗਰਾਨੀ

*2259. **ਸਰਦਾਰ ਬਲਬੀਰ ਸਿੰਘ ਸਿੱਧੂ** : ਕੀ ਪੇਂਡੂ ਵਿਕਾਸ ਅਤੇ ਪੰਚਾਇਤ ਮੰਤਰੀ ਕ੍ਰਿਪਾ ਕਰਕੇ ਦੱਸਣਗੇ ਕਿ -

(ੳ) ਕੀ ਪਿੰਡ ਬਾਕਰਪੁਰ, ਮੌਲੀ ਬੈਦਬਾਨ, ਸੋਹਾਣਾ ਅਤੇ ਬਲੌਂਗੀ ਵਿੱਚ ਸੀਵਰੇਜ ਪਾਉਣ ਦਾ ਜੋ ਕੰਮ ਚੱਲ ਰਿਹਾ ਹੈ ਉਸ ਸਬੰਧੀ ਟੈਂਡਰ ਕੀਤੇ ਗਏ ਸਨ ; ਜੇਕਰ ਕੀਤੇ ਗਏ ਸਨ, ਤਾਂ ਉਸ ਵਿੱਚ ਕਿਸ-ਕਿਸ ਏਜੰਸੀ ਨੇ ਟੈਂਡਰ ਭਰਿਆ ਸੀ ਅਤੇ ਇਹ ਸਾਰਾ ਕੰਮ ਕਿਸ ਏਜੰਸੀ ਤੋਂ ਕਰਵਾਇਆ ਜਾ ਰਿਹਾ ਹੈ ;

(ਅ) ਉਪਰੋਕਤ ਸਾਰੇ ਕੰਮ ਉੱਤੇ ਕਿੰਨਾ ਪੈਸਾ ਖ਼ਰਚ ਆਵੇਗਾ ਅਤੇ ਇਸ ਨੂੰ ਕਦੋਂ ਤੱਕ ਪੂਰਾ ਕੀਤਾ ਜਾਵੇਗਾ ;

(ੲ) ਇਸ ਸਾਰੇ ਕੰਮ ਦੀ ਦੇਖ-ਰੇਖ ਕਿਸ ਏਜੰਸੀ ਦੁਆਰਾ ਕੀਤੀ ਜਾ ਰਹੀ ਹੈ?

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ)** : ਸ਼੍ਰੀਮਾਨ ਜੀ, ਇਸ ਸਬੰਧ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਪਿੰਡ ਬਾਕਰਪੁਰ, ਮੌਲੀਬੈਦਵਾਣ ਅਤੇ ਸੋਹਾਣਾ ਦੇ ਸੀਵਰੇਜ ਦੇ ਕੰਮਾਂ ਦੇ ਟੈਂਡਰ ਡਾਇਰੈਕਟਰ, ਸੂਚਨਾ ਅਤੇ ਲੋਕ ਸੰਪਰਕ ਵਿਭਾਗ ਪੰਜਾਬ ਚੰਡੀਗੜ੍ਹ ਨੂੰ ਭੇਜ ਕੇ ਵੱਖ-ਵੱਖ ਅਖ਼ਬਾਰਾਂ ਵਿੱਚ ਛਪਵਾਏ ਗਏ ਸਨ ਅਤੇ ਪਾਰਦਰਸ਼ਤਾ ਲਈ ਈ-ਟੈਂਡਰਿੰਗ ਵਿਧੀ ਰਾਹੀਂ ਪ੍ਰਾਪਤ ਕਰਕੇ ਖੋਲ੍ਹੇ ਗਏ ਸਨ। ਡਿਪਟੀ ਕਮਿਸ਼ਨਰ, ਐਸ.ਏ. ਐਸ. ਨਗਰ ਅਤੇ ਗਮਾਡਾ ਦੇ ਅਧਿਕਾਰੀਆਂ ਨੂੰ ਟੈਂਡਰ ਖੋਲ੍ਹਣ ਸਮੇਂ ਹਾਜ਼ਰ ਹੋਣ ਲਈ ਸੂਚਿਤ ਕੀਤਾ ਗਿਆ ਸੀ। ਪਿੰਡ ਬਲੌਂਗੀ ਦਾ ਕੰਮ ਇਸ ਵਿਭਾਗ ਵੱਲੋਂ ਨਹੀਂ ਕਰਵਾਇਆ ਜਾ ਰਿਹਾ ਹੈ। ਇਨ੍ਹਾਂ ਪਿੰਡਾਂ ਵਿੱਚ ਸੀਵਰੇਜ ਦੇ ਕੰਮਾਂ ਸਬੰਧੀ ਸੂਚਨਾ ਹੇਠ ਲਿਖੇ ਅਨੁਸਾਰ ਹੈ:-

*Original with;*
Punjab Vidhan Sabha
*Digitized by;*
Panjab Digital Library

| ਲੜੀ ਨੰ: | ਕੰਮ ਦਾ ਨਾਂ | ਜਿਸ ਮਿਤੀ ਨੂੰ ਟੈਂਡਰ ਖੋਲ੍ਹੇ ਗਏ | ਜਿਸ-ਜਿਸ ਏਜੰਸੀ ਨੇ ਟੈਂਡਰ ਭਰਿਆ | ਜਿਸ ਏਜੰਸੀ ਵੱਲੋਂ ਕੰਮ ਕਰਵਾਇਆ ਜਾ ਰਿਹਾ ਹੈ | ਵਿਸ਼ੇਸ਼ ਕਥਨ |
|---|---|---|---|---|---|
| 1. | ਪ੍ਰੋ: ਸੀਵਰੇਜ ਸਕੀਮ ਬਾਕਰਪੁਰ | 23.2.2011 | ਮੈਸ. ਸਕਾਈ ਲਾਰਕ ਇੰਡਰਟਰੀਜ਼, ਡੀ-154, ਫੇਜ-7, ਐਸ.ਏ.ਐਸ. ਨਗਰ । | ਮੈਸ. ਸਕਾਈ ਲਾਰਕ ਇੰਡਰਟਰੀਜ਼, ਡੀ-154, ਫੇਜ-7, ਐਸ.ਏ.ਐਸ. ਨਗਰ । | --- |
| 2. | ਪ੍ਰੋ: ਸੀਵਰੇਜ ਸਕੀਮ ਮੋਲੀ ਬੈਦਵਾਣ | 22.2.2011 | ਮੈਸ. ਸਕਾਈ ਲਾਰਕ ਇੰਡਰਟਰੀਜ਼, ਡੀ-154, ਫੇਜ-7, ਐਸ.ਏ.ਐਸ. ਨਗਰ । | ਮੈਸ. ਸਕਾਈ ਲਾਰਕ ਇੰਡਰਟਰੀਜ਼, ਡੀ-154, ਫੇਜ-7, ਐਸ.ਏ.ਐਸ. ਨਗਰ । | --- |
| 3. | ਪ੍ਰੋ: ਸੀਵਰੇਜ ਸਕੀਮ ਸੋਹਾਣਾ | 28.1.2011 | ਮੈਸ. ਸੁਖਮਨੀ ਇੰਜੀਨੀਅਰਜ਼, ਨਿਮਖ ਇਨਕਲੇਵ, ਸਰਹਿੰਦ ਰੋਡ, ਪਟਿਆਲਾ। | ਮੈਸ. ਸੁਖਮਨੀ ਇੰਜੀਨੀਅਰਜ਼, ਨਿਮਖ ਇਨਕਲੇਵ, ਸਰਹਿੰਦ ਰੋਡ, ਪਟਿਆਲਾ। | --- |
| 4. | ਪ੍ਰੋ: ਸੀਵਰੇਜ ਸਕੀਮ ਬਲੌਂਗੀ | --- | --- | --- | ਇਹ ਕੰਮ ਪੰਚਾਇਤ ਵਲੋਂ ਕਰਵਾਇਆ ਜਾ ਰਿਹਾ ਹੈ । |

Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

© 2011

Published under the authority of the Punjab Vidhan Sabha and Printed by the Controller, Printing and Stationery, Punjab at Pb. Govt. Press, Patiala & Pb. Govt. Press, S.A.S Nagar.

7525/1-2012/305/PGP.S.A.S.Nagar

Original with;
Punjab Vidhan Sabha
Digitized by;
Panjab Digital Library

# PUNJAB VIDHAN SABHA

## DEBATES

*Saturday, the 8th October, 2011*

*(Afternoon Sitting)*

**Vol. XIII – No. 4**

OFFICIAL REPORT

CONTENTS


| | Page |
|---|---|
| Starred Questions and Answers | (4)1 |
| Statement by the Speaker regarding cooperation extended to him by the Members | (4) 50 |
| Demand for Zero Hour by the Opposition | (4)51 |
| Call Attention Notices Under Rule 66 | (4) 60 |
| Motion Under Rule 16 | (4)60 |
| Official Resolution regarding immediate roll-back of illogical two-fold price hike by the Central Government in the rates of fertilizers | (4) 61 |
| **Legislative Business :** | |
| 1. The Punjab Land Revenue (Second Amendment) Bill, 2011 | (4) 63 |
| 2. The Punjab Land Reforms (Amendment) Bill, 2011 | (4) 65 |
| 3. The Punjab Civil Services (Rationalization of Certain Conditions of Service) Repeal Bill, 2011 (Replacing Ordinance) | (4) 67 |
| 4. The Guru Kashi University Bill, 2011 (Replacing Ordinance) | (4) 69 |
| 5. The Punjab School Education Board (Amendment and Validation) Bill, 2011 | (4) 71 |
| 6. The Punjab Health Systems Corporation (Amendment) Bill, 2011 | (4) 73 |
| **Appendix** | (4) (i) |



**Punjab Vidhan Sabha Secretariat, Chandigarh**

Price : Rs.________.



Original with;
Punjab Vidhan Sabha
Digitized by;
Panjab Digital Library

*Original with;*
Punjab Vidhan Sabha
*Digitized by;*
Panjab Digital Library

**PUNJAB VIDHAN SABHA**

*Saturday, the 8th October, 2011*
*(Afternoon Sitting)*

*The Vidhan Sabha met in the Punjab Vidhan Sabha Hall, Vidhan Bhawan, Sector-1, Chandigarh at 3.00 P.M. Mr. Speaker (Sardar Nirmal Singh Kahlon) in the Chair.*

---

**STARRED QUESTIONS AND ANSWERS**

**ਮਾਨਯੋਗ ਸਪੀਕਰ :** ਸਾਰੇ ਆਨਰਏਬਲ ਮੈਂਬਰ ਸਾਹਿਬਾਨ ਦਾ ਧੰਨਵਾਦ। ਹੁਣ ਪ੍ਰਸ਼ਨ ਕਾਲ ਸ਼ੁਰੂ ਹੁੰਦਾ ਹੈ। ਹਾਂ ਜੀ, ਜਗਦੀਸ਼ ਸਾਹਨੀ ਜੀ।

**ਨਿਸ਼ਾਨ ਵਾਲਾ ਪ੍ਰਸ਼ਨ ਨੰ: *2272**

(ਮਾਨਯੋਗ ਮੈਂਬਰ ਦੇ ਸਦਨ ਵਿਚ ਹਾਜ਼ਰ ਨਾ ਹੋਣ ਕਾਰਨ ਇਹ ਪ੍ਰਸ਼ਨ ਪੇਸ਼ ਨਹੀਂ ਹੋਇਆ।)

(ਇਹ ਸਵਾਲ ਡਿਬੇਟ ਦੇ ਪੰਨਾ ਨੰਬਰ 48 ਤੇ ਪੇਸ਼ ਕੀਤਾ ਗਿਆ।)

---

**ਕ੍ਰਿਸ਼ੀ ਵਿਕਾਸ ਸਕੀਮ ਅਧੀਨ ਪ੍ਰਾਪਤ ਫੰਡਾਂ ਦੇ ਵੇਰਵੇ**

***2222. ਸ਼੍ਰੀ ਸੁਨੀਲ ਕੁਮਾਰ ਜਾਖੜ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਸਾਲ 2008-09, 2009-10, 2010-11 ਅਤੇ 2011-12 ਦੇ ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਸਕੀਮ ਅਤੇ ਆਤਮਾ ਸਕੀਮ ਅਧੀਨ ਕੁੱਲ ਕਿੰਨੀ ਰਕਮ ਪ੍ਰਾਪਤ ਕੀਤੀ ਗਈ ਅਤੇ ਕੀ ਇਹ ਸਾਰੇ ਫੰਡ ਵਰਤ ਲਏ ਗਏ ਹਨ; ਜੇਕਰ ਨਹੀਂ ਤਾਂ ਅਣਵਰਤੇ ਫੰਡਾਂ ਦੇ ਵੇਰਵੇ ਕੀ ਹਨ;

(ਅ) ਉਪਰੋਕਤ ਭਾਗ(ੳ) ਵਿਚ ਵਰਣਿਤ ਫੰਡਾਂ ਦੀ ਵਰਤੋਂ ਦਾ ਮੱਦ-ਵਾਰ ਵੇਰਵਾ ਕੀ ਹੈ;

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਸੁਨੀਲ ਕੁਮਾਰ ਜਾਖੜ ]

(ੲ) ਕੀ ਰਾਜ ਸਰਕਾਰ ਨੇ ਉਕਤ ਸਾਲਾਂ ਦੇ ਦੌਰਾਨ ਉਪਰੋਕਤ ਭਾਗ (ੳ) ਵਿਚ ਵਰਣਿਤ ਸਕੀਮਾਂ ਵਿਚ ਆਪਣਾ ਹਿੱਸਾ ਪਾਇਆ ਹੈ, ਜੇਕਰ ਅਜਿਹਾ ਹੋਵੇ ਤਾਂ ਇਸਦੇ ਵੇਰਵੇ ਕੀ ਹਨ?

**ਸਰਦਾਰ ਸੁੱਚਾ ਸਿੰਘ ਲੰਗਾਹ :** ਜਵਾਬ ਸਦਨ ਦੀ ਮੇਜ਼ ਤੇ ਰੱਖਿਆ ਜਾਂਦਾ ਹੈ।

(ੳ) ਸਾਲ 2008-09, 2009-10, 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਆਤਮਾ ਸਕੀਮ ਅਧੀਨ ਜਾਰੀ ਰਾਸ਼ੀ ਅਤੇ ਅਣਵਰਤੀ ਰਾਸ਼ੀ ਦਾ ਵੇਰਵਾ ਹੇਠ ਲਿਖੇ ਅਨੁਸਾਰ ਹੈ :-

**ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ**

(ਲੱਖ ਰੁਪਏ)

| ਸਾਲ | ਪਿਛਲਾ ਬਕਾਇਆ | ਰਿਲੀਜ਼ ਕੀਤੀ ਰਕਮ | ਖਰਚ ਕੀਤੀ ਰਕਮ | ਅਣਵਰਤੀ ਰਕਮ |
|---|---|---|---|---|
| 2008-09 | - | 8752.00 | 8752.00 | - |
| 2009-10 | - | 4323.00 | 4323.00 | - |
| 2010-11 | - | 17912.00 | 9345.00 | 8567.00 |
| 2011-12 | 8567.00 | 6944.00 | 6066.24 | 9444.76 (15.9.11 ਤੱਕ) |

**ਆਤਮਾ ਸਕੀਮ**

(ਲੱਖ ਰੁਪਏ)

| | | | | |
|---|---|---|---|---|
| 2008-09 | 281.21 | 637.86 | 372.71 | 546.36 |
| 2009-10 | 546.36 | 211.42 | 595.67 | 162.11 |
| 2010-11 | 162.11 | 463.73 | 416.48 | 209.36 |
| 2011-12 | 209.36 | - | 208.16 | 1.20 (31.8.11 ਤੱਕ) |

(ਅ) ਸਾਲ 2008-09, 2009-10, 2010-11 ਅਤੇ 2011-12 ਦੌਰਾਨ ਕੇਂਦਰ ਸਰਕਾਰ ਪਾਸੋਂ ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ ਅਤੇ ਆਤਮਾ ਸਕੀਮ ਅਧੀਨ

Original with;
Punjab Vidhan Sabha
Digitized by;
Panjab Digital Library

ਮੱਦ-ਵਾਰ ਵਰਤੇ ਗਏ ਫੰਡਜ਼ ਦਾ ਵੇਰਵਾ ਹੇਠ ਅਨੁਸਾਰ ਹੈ :-

**ਰਾਸ਼ਟਰੀ ਕ੍ਰਿਸ਼ੀ ਵਿਕਾਸ ਯੋਜਨਾ**

| ਲੜੀ ਨੰ: | ਮੱਦ | ਖਰਚਾ (ਲੱਖ ਰੁਪਏ) | | | |
|---|---|---|---|---|---|
| | | 2008-09 | 2009-10 | 2010-11 | 2011-12 (15.9.11) |
| (ੳ) | ਫਸਲਾਂ ਦੀ ਪੈਦਾਵਾਰ ਵਧਾਉਣ ਬਾਰੇ | 1341.00 | 1061.50 | 3706.18 | 1045.87 |
| (ਅ) | ਖੇਤੀਬਾੜੀ ਸਬੰਧੀ ਮੰਡੀਕਰਨ | 1112.00 | - | 76.00 | - |
| (ੲ) | ਰਾਜ ਵਿਚ ਬਾਗਬਾਨੀ ਨੂੰ ਲਾਹੇਵੰਦ ਕਰਨ ਬਾਰੇ | 2094.00 | 460.00 | 799.00 | 1166.19 |
| (ਸ) | ਭੂਮੀ ਅਤੇ ਜਲ ਸੰਭਾਲ ਬਾਰੇ | 1186.00 | 900.00 | 1787.00 | 2185.00 |
| (ਹ) | ਪਸ਼ੂਆਂ ਦੀ ਨਸਲ ਸੁਧਾਰਨ ਅਤੇ ਨਰੋਈ ਸਿਹਤ ਬਾਰੇ | 332.00 | 380.75 | 501.46 | 788.88 |
| (ਕ) | ਰਾਜ ਵਿਚ ਡੇਅਰੀ ਧੰਦੇ ਨੂੰ ਉਤਸ਼ਾਹਿਤ ਕਰਨ ਬਾਰੇ | 1437.00 | 800.75 | 545.36 | 615.64 |
| (ਖ) | ਮੱਛੀ-ਪਾਲਣ ਧੰਦੇ ਨੂੰ ਉਤਸ਼ਾਹਿਤ ਕਰਨ ਬਾਰੇ | 50.00 | 120.00 | 30.00 | 164.66 |
| (ਗ) | ਖੇਤੀਬਾੜੀ ਅਤੇ ਪਸ਼ੂ ਧਨ ਨਾਲ ਸਬੰਧਤ ਖੋਜ ਬਾਰੇ | 1200.00 | 600.00 | 1900.00 | 100.00 |
| | ਕੁੱਲ | 8752.00 | 4323.00 | 9345.00 | 6066.24 |

Original with;
Punjab Vidhan Sabha
Digitized by;
Punjab Digital Library

[ ਖੇਤੀਬਾੜੀ ਮੰਤਰੀ ]

**ਆਤਮਾ ਸਕੀਮ** (ਰੁਪਏ ਲੱਖਾਂ ਵਿਚ)

| ਲੜੀ ਨੰ: | ਗਤੀਵਿਧੀ/ਮੱਦ-ਵਾਰ | 2008-09 | 2009-10 | 2010-11 | 2011-12 (31-8-11 ਤੱਕ) |
|---|---|---|---|---|---|
| 1. | ਸਟੇਟ ਐਮ.ਐਂਡ.ਈ ਯੂਨਿਟ, ਛਿਮਾਹੀ ਵਰਕਸ਼ਾਪ ਅਤੇ ਆਈ.ਡੀ.ਡਬਲਿਊ.ਜੀ | 4.65 | 2.85 | 4.66 | 2.55 |
| 2. | (ਥਰਡ ਪਾਰਟੀ) ਐਮ. ਐਂਡ.ਈ | 8.74 | 8.90 | 8.98 | 5.62 |
| 3. | ਟ੍ਰੇਨਿੰਗ ਕੋਰਸ | – | – | 12.16 | 0.43 |
| 4. | ਐਕਸਪੋਜ਼ਰ ਵਿਜ਼ਿਟ | – | 0.07 | 0.04 | 0.76 |
| 5. | ਰਾਜ ਪੱਧਰੀ ਪ੍ਰਦਰਸ਼ਨੀ/ ਕਿਸਾਨ ਮੇਲੇ | – | – | 3.37 | |
| 6. | ਕ੍ਰਿਸ਼ੀ ਐਕਸਪੋ | – | – | – | |
| 7. | ਐਵਾਰਡ ਆਤਮਾ ਜ਼ਿਲ੍ਹਾ | – | – | – | |
| 8. | ਫਾਰਮਰ ਐਵਾਰਡ | – | 9.75 | 2.50 | |
| 9. | ਅਪਗਰੇਡਿੰਗ ਐਂਡ ਰੀਸਟਰਕਚਰਿੰਗ ਪਮੀਤੀ | 20.34 | 23.52 | 18.35 | 10.62 |
| 10. | ਐਸ.ਆਰ.ਈ.ਪੀ | 14.87 | – | – | – |
| 11. | ਟ੍ਰੇਨਿੰਗ ਅੰਤਰਰਾਜੀ | 2.16 | 8.50 | 3.39 | |
| | ਰਾਜ ਵਿਚ ਟ੍ਰੇਨਿੰਗ | 7.85 | – | 6.61 | 1.40 |
| | ਜ਼ਿਲ੍ਹੇ ਵਿਚ ਟ੍ਰੇਨਿੰਗ | 26.80 | 12.83 37.79 | 25.87 | 15.10 |
| 12. | ਖੇਤੀ ਪ੍ਰਦਰਸ਼ਨੀਆਂ | 57.41 | 125.16 | 43.67 | 19.10 |
| | ਅਲਾਈਡ ਪ੍ਰਦਰਸ਼ਨੀਆਂ | 35.62 | 61.87 | 19.89 | 8.04 |
| | ਫਾਰਮਰ-ਟੂ-ਫਾਰਮਰ ਡਿਸੈਮੀਨੇਸ਼ਨ | 3.73 | 2.26 | 3.49 | – |

Original with;
Punjab Vidhan Sabha
Digitized by;
Panjab Digital Library

| | | | | | |
|---|---|---|---|---|---|
| 13. | ਐਕਸਪੋਜ਼ਰ ਵਿਜ਼ਿਟ | 11.17 | 28.30 | 9.50 | - |
| | ਅੰਤਰਰਾਜੀ | 23.67 | 23.50 | 10.58 | 2.00 |
| | ਰਾਜ ਵਿਚ | 8.95 | 8.73 | 5.92 | 3.16 |
| | ਜ਼ਿਲ੍ਹੇ ਵਿਚ | | | | |
| 14. | ਕਪੈਸਿਟੀ ਬਿਲਡਿੰਗ ਫਾਰਮਰ ਗਰੁੱਪ | 2.68 | 2.08 | 2.10 | - |
| | ਸੀਡ ਮਨੀ | 1.58 | 0.90 | 0.70 | - |
| 15. | ਰੀਵਾਰਡ ਇਨਸੈਂਟਿਵ ਗਰੁੱਪ | - | 1.40 | 0.10 | - |
| 16. | ਫਾਰਮਰ ਐਵਾਰਡ | - | 8.00 | 1.34 | - |
| 17. | ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ/ ਕਿਸਾਨ ਮੇਲਾ | 57.65 | 23.42 | 36.97 | 16.48 |
| 18. | ਲਿਟਰੇਚਰ/ਇਸ਼ਤਿਹਾਰ ਆਦਿ | 21.93 | 36.74 | 27.90 | 25.26 |
| 19. | ਟੈਕਨੋਲੋਜੀ ਪੈਕੇਜ | 0.39 | 1.02 | 1.01 | - |
| 20. | ਫਾਰਮਰ ਸਾਇੰਟਿਸਟ ਇੰਟਰਐਕਸ਼ਨ | 2.47 | 4.91 | 7.83 | 2.10 |
| 21. | ਫੀਲਡ ਡੇਅਜ਼ ਕਿਸਾਨ ਗੋਸ਼ਟੀ | 11.16 | 13.64 | 27.12 | 12.26 |
| 22. | ਅਸੈਸਮੈਂਟ, ਰਿਫਾਇਨਮੈਂਟ, ਕੇ.ਵੀ.ਕੇ | 0.53 | 9.26 | 1.04 | - |
| 23. | ਰੈਕਰਿੰਗ, ਨਾਨ-ਰੈਕਰਿੰਗ ਖਰਚੇ | 79.68 | 105.94 | 59.82 | 44.62 |
| 24. | ਫਾਰਮਰ ਇਨਫਰਮੇਸ਼ਨ ਐਡਵਾਇਜ਼ਰੀ ਸੈਂਟਰ | 1.93 | - | - | - |
| 25. | ਫਾਰਮ ਸਕੂਲ | 13.78 | 48.80 | 35.38 | 17.16 |
| 26. | ਐਗਰੀਕਲਚਰ ਇੰਟਰਪ੍ਰੈਨੋਰ ਅੰਡਰ ਐਗਰੀ ਕਲੀਨਿਕ | 0.82 | 3.18 | - | - |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | | | | |
|---|---|---|---|---|---|
| 27. | ਪੀ.ਜੀ ਡਿਪਲੋਮਾ, ਏ.ਈ.ਐਮ | – | – | – | – |
| 28. | ਸੁਪੋਰਟ ਟੂ ਡਿਸਟ੍ਰਿਕ ਲੈਵਲ ਟ੍ਰੇਨਿੰਗ ਇੰਸਟੀਚਿਊਟ | 9.10 | 12.26 | 11.61 | 5.62 |
| 29. | ਸੈਟਿੰਗ ਅੱਪ ਸੀ.ਆਰ.ਐਸ. | – | – | – | – |
| 30. | ਇਨੋਵੇਟਿਵ ਐਕਟੀਵਿਟੀ ਰਾਜ ਪੱਧਰੀ | 0.07 | 3.33 | 11.26 | 6.54 |
| 31. | ਇਨੋਵੇਟਿਵ ਐਕਟੀਵਿਟੀ ਜ਼ਿਲ੍ਹਾ ਪੱਧਰੀ | 4.08 | 15.27 | 5.59 | 3.16 |
| 32. | ਫਾਰਮਰ ਫਰੈਂਡ | | | 7.73 | 6.18 |
| | ਕੁੱਲ | 372.71 | 595.67 | 416.48 | 208.16 |

(ੲ) ਰਾਸ਼ਟਰੀ ਕ੍ਰਿਸ਼ੀ ਵਿਕਾਸ ਸਕੀਮ ਇੱਕ ਸਟੇਟ ਪਲੈਨ ਸਕੀਮ ਹੈ ਜਿਸ ਵਿਚ ਭਾਰਤ ਸਰਕਾਰ 100% ਗਰਾਂਟ-ਇਨ-ਏਡ ਦੇਂਦੀ ਹੈ। ਇਸ ਲਈ ਇਸ ਸਕੀਮ ਵਿਚ ਰਾਜ ਸਰਕਾਰ ਦਾ ਹਿੱਸਾ ਨਹੀਂ ਪੈਂਦਾ।

ਆਤਮਾ ਇੱਕ ਕੇਂਦਰੀ ਪ੍ਰਯੋਜਿਤ ਸਕੀਮ ਹੈ ਜੋ ਕਿ 90.10 ਕੇਂਦਰ ਸਰਕਾਰ ਅਤੇ ਰਾਜ ਸਰਕਾਰ ਵਿਚਕਾਰ ਸ਼ੇਅਰਿੰਗ ਬੇਸਿਸ ਤੇ ਚਲਾਈ ਜਾ ਰਹੀ ਹੈ। ਰਾਜ ਸਰਕਾਰ ਵੱਲੋਂ ਸਾਲ-ਵਾਰ ਇਸ ਸਕੀਮ ਅਧੀਨ ਜਾਰੀ ਫੰਡਾਂ ਦਾ ਵੇਰਵਾ ਹੇਠ ਅਨੁਸਾਰ ਹੈ :

| ਸਾਲ | ਰਾਜ ਸਰਕਾਰ ਵੱਲੋਂ ਜਾਰੀ 10% ਫੰਡ (ਲੱਖ ਰੁਪਏ) |
|---|---|
| 2008-09 | 6.21 |
| 2009-10 | 40.00 |
| 2010-11 | 110.91 |
| 2011-12 | – |

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਪੰਜਾਬ ਵਿਚ ਐਗਰੀਕਲਚਰ ਦਾ ਜਿੰਨਾ ਵਿਕਾਸ ਅਕਾਲੀ-ਭਾਜਪਾ ਸਰਕਾਰ ਨੇ ਕਰਨਾ ਸੀ, ਕੀ ਉਹ ਕਰ ਦਿੱਤਾ ਗਿਆ ਹੈ? ਉਨ੍ਹਾਂ ਨੇ ਜਵਾਬ ਵਿਚ ਮੰਨਿਆ ਹੈ, ਇੱਕ ਪਾਸੇ ਤਾਂ ਬਾਦਲ ਸਾਹਿਬ ਕਹਿੰਦੇ ਹਨ ਕਿ ਕੇਂਦਰ ਸਰਕਾਰ ਸਾਨੂੰ ਕੋਈ ਪੈਸਾ ਨਹੀਂ ਦਿੰਦੀ, ਪਰ ਕੇਂਦਰ ਸਰਕਾਰ ਨੇ ਸਾਲ 2010-11 ਵਿਚ 180 ਕਰੋੜ ਰੁਪਏ ਦਿੱਤੇ

Original with;
Punjab Vidhan Sabha
Digitized by;
Panjab Digital Library

ਹਨ। ਇਸ ਵਿਚੋਂ 108 ਕਰੋੜ ਰੁਪਿਆ ਹੀ ਖਰਚ ਕੀਤਾ ਗਿਆ ਹੈ। ਸਾਲ 2011-12 ਵਿਚ 70 ਕਰੋੜ ਰੁਪਿਆ ਰਿਲੀਜ਼ ਕੀਤਾ ਗਿਆ ਹੈ। ਪਰ ਉਨ੍ਹਾਂ ਨੇ ਇਹ ਨਹੀਂ ਦੱਸਿਆ ਕਿ ਸਾਲ 2011-12 ਵਿਚ ਟੋਟਲ ਐਲੋਕੇਸ਼ਨ 138 ਕਰੋੜ ਰੁਪਏ ਦੀ ਕੀਤੀ ਹੈ, ਜਿਸ ਵਿਚੋਂ ਅੱਜ ਤੱਕ 100 ਕਰੋੜ ਬਕਾਇਆ ਪਿਆ ਹੈ। ਇਸ ਦਾ ਮਤਲਬ ਹੈ ਕਿ ਪੰਜਾਬ ਸਰਕਾਰ ਨੂੰ ਕਿਸਾਨਾਂ ਵਾਸਤੇ ਕੋਈ ਹੋਰ ਪੈਸੇ ਦੀ ਲੋੜ ਨਹੀਂ ਹੈ। Has all the improvement, whatever needs to be done for improving it has already been done or money is required anymore?

**ਮੰਤਰੀ :** ਸਪੀਕਰ ਸਾਹਿਬ, 92 ਕਰੋੜ ਰੁਪਿਆ ਸਾਡੇ ਕੋਲ ਆਇਆ ਹੈ। 70 ਕਰੋੜ ਰੁਪਿਆ ਅਜੇ ਹੁਣੇ ਹੀ ਮਿਲਿਆ ਹੈ। ਅਜੇ ਫਸਲਾਂ ਦੀ ਬਿਜਾਈ ਚਲ ਰਹੀ ਹੈ, ਇਹ ਉਸ ਉਤੇ ਖਰਚ ਕੀਤਾ ਜਾਣਾ ਹੈ। ਇਹ ਪੈਸਾ ਵੱਖ-ਵੱਖ ਮੱਦਾਂ ਵਿਚ ਜਾਣਾ ਹੈ। ਇਹ ਪੈਸਾ ਕਿਸੇ ਇੱਕ ਕੋਲ ਨਹੀਂ ਰਹਿਣਾ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮੇਰੇ ਖਿਆਲ ਵਿਚ ਇਨ੍ਹਾਂ ਨੇ ਜਿਸ ਤਰ੍ਹਾਂ ਲਿਖਿਆ ਹੈ, ਉਸੇ ਤਰ੍ਹਾਂ ਹੀ ਪੜ੍ਹ ਦਿੱਤਾ ਹੈ। I have mentioned, "Is the money which has been released", I am talking about the money which has been allocated for this year under this scheme, ਇਨ੍ਹਾਂ ਨੂੰ 138 ਕਰੋੜ ਰੁਪਿਆ ਮਿਲਿਆ ਹੈ। 70 ਕਰੋੜ ਰੁਪਿਆ ਇਨ੍ਹਾਂ ਕੋਲ ਆ ਗਿਆ ਹੈ। ਬਾਕੀ ਤਕਰੀਬਨ 70 ਕਰੋੜ ਰੁਪਿਆ ਅਜੇ ਆਉਣਾ ਹੈ। ਜਾਂ ਤਾਂ ਬਾਦਲ ਸਾਹਿਬ ਕਹਿਣਾ ਬੰਦ ਕਰ ਦੇਣ ਕਿ ਕੇਂਦਰ ਸਰਕਾਰ ਸਾਨੂੰ ਪੈਸੇ ਨਹੀਂ ਦਿੰਦੀ....

**ਮਾਨਯੋਗ ਸਪੀਕਰ :** ਉਨ੍ਹਾਂ ਨੇ ਜਿਹੜਾ ਜਵਾਬ ਦੇਣਾ ਹੈ, ਉਹ ਦੇਣਗੇ, ਤੁਸੀਂ ਆਪਣਾ ਸਵਾਲ ਕਰੋ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਨ੍ਹਾਂ ਕੋਲ 100 ਕਰੋੜ ਰੁਪਿਆ ਪਿਆ ਹੈ। 70 ਕਰੋੜ ਰੁਪਿਆ ਹੋਰ ਆਉਣਾ ਹੈ। ਕੀ ਸਾਰਾ ਕੰਮ ਹੋ ਗਿਆ ਹੈ?

**ਮੰਤਰੀ :** ਸਪੀਕਰ ਸਾਹਿਬ, ਜਿਹੜਾ ਸਾਡੇ ਕੋਲ ਆ ਗਿਆ ਹੈ, ਉਹ ਖਰਚ ਕੀਤਾ ਹੈ। ਜਿਹੜਾ ਅਜੇ ਆਉਣਾ ਹੈ, ਉਸ ਦਾ ਖਰਚਾ ਬਾਅਦ ਵਿਚ ਹੋਵੇਗਾ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਮੰਤਰੀ ਜੀ ਮੇਰੀ ਗੱਲ ਸੁਣ ਕੇ ਉਖੜ ਜਾਂਦੇ ਹਨ। I will come to the second point. Speaker Sahib, it is not his. ...ਸਪੀਕਰ ਸਾਹਿਬ, ਆਤਮਾ ਸਕੀਮ ਤੇ ਮੈਂ ਆਉਣਾ ਚਾਹਾਂਗਾ। ਸਪੀਕਰ ਸਾਹਿਬ, ਮੇਰੀ ਗੁਜਾਰਿਸ਼ ਹੈ ਕਿ normally I should address the question on my apprehension to the Hon'ble Minister, but he seems

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਸੁਨੀਲ ਕੁਮਾਰ ਜਾਖੜ ]

to be either not understanding or he refuses to understand. I will send a copy of this to C.M. Sahib.

**ਮਾਨਯੋਗ ਸਪੀਕਰ :** ਪੰਜਾਬੀ ਵਿਚ ਗੱਲ ਕਰਿਆ ਕਰੋ, ਸਾਰਿਆਂ ਨੂੰ ਜ਼ਿਆਦਾ ਸਮਝ ਆਉਂਦੀ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੈਂ ਪਰਸੋਂ ਕਿਹਾ ਸੀ ਕਿ ਮੈਂ ਪੰਜਾਬੀ ਵਿਚ ਸਮਝਾ ਦਿੰਦਾ ਹਾਂ ਤਾਂ ਮੇਰੇ ਕਈ ਸਾਥੀਆਂ ਨੇ ਇਤਰਾਜ਼ ਕੀਤਾ ਸੀ ਕਿ ਤੁਸੀਂ ਇਹ ਕਿਸ ਤਰ੍ਹਾਂ ਕਹੀ ਜਾਂਦੇ ਹੋ?

**ਮਾਨਯੋਗ ਸਪੀਕਰ :** ਨਹੀਂ, ਨਹੀਂ, ਐਸੀ ਗੱਲ ਨਹੀਂ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਚਲੋ ਜੀ, ਮੈਂ ਪੰਜਾਬੀ ਵਿਚ ਸਮਝਾ ਦਿੰਦਾ ਹਾਂ। ਸਪੀਕਰ ਸਾਹਿਬ, ਇਹ ਮੇਰੇ ਕੋਲ ਆਤਮਾ ਸਕੀਮ ਦਾ ਰਿਕਾਰਡ ਪਿਆ ਹੈ। ਬਠਿੰਡਾ ਮੁੱਖ ਮੰਤਰੀ ਜੀ ਦਾ ਆਪਣਾ ਜ਼ਿਲ੍ਹਾ ਹੈ। ਮੇਰਾ ਇੱਕ ਸਵਾਲ ਹੈ, ਮੰਤਰੀ ਜੀ ਜਾਂ ਮੁੱਖ ਮੰਤਰੀ ਜੀ ਇਸ ਦਾ ਜਵਾਬ ਦੇ ਦੇਣ। ਯਾਨੀ any accounting procedure, ਤੁਸੀਂ ਵੀ ਦੇਖਦੇ ਹੋ, ਇਨਕਮ ਟੈਕਸ ਰਿਟਰਨ ਫਾਈਲ ਕਰਦੇ ਹੋ ਤਾਂ closing balance on the 31st March and opening balance on the 1st April should be the same. 31 ਮਾਰਚ ਸ਼ਾਮ ਨੂੰ ਜਦੋਂ ਐਡੀਟਰ ਦੀ ਮੋਹਰ ਲਗਦੀ ਹੈ ਤਾਂ ਉਸ ਅਕਾਊਂਟ ਵਿਚ ਕਿੰਨੇ ਪੈਸੇ ਹੁੰਦੇ ਹਨ ਅਤੇ 1 ਅਪ੍ਰੈਲ ਨੂੰ ਜਦੋਂ ਉਸਦੀ ਨਵੀਂ ਬੈਲੰਸ ਸ਼ੀਟ ਬਣਦੀ ਹੈ ਉਦੋਂ ਕਿੰਨੇ ਹੁੰਦੇ ਹਨ। ਇਹ ਬਠਿੰਡੇ ਦਾ ਪੇਪਰ ਮੇਰੇ ਕੋਲ ਹੈ, ਇਸਦੇ ਵਿਚ 10 ਲੱਖ ਰੁਪਏ ਦਾ ਫਰਕ ਹੈ। ਮੈਂ ਇੱਕ ਸਾਲ ਦਾ ਰਿਕਾਰਡ ਚੁੱਕੀ ਫਿਰਦਾ ਹਾਂ। ਕੀ ਮੰਤਰੀ ਜੀ ਇਸ ਬਾਰੇ aware ਹਨ?

**ਮਾਨਯੋਗ ਸਪੀਕਰ :** ਤੁਸੀਂ ਸਵਾਲ ਪੁੱਛੋ, ਤੁਸੀਂ ਤਾਂ ਭਾਸ਼ਣ ਕਰੀ ਜਾਂਦੇ ਹੋ?

**ਸ਼੍ਰੀ ਸੁਨੀਲ ਕੁਮਾਰ ਜਾਖੜ :** ਮੈਂ ਇਹ ਪੁੱਛਣਾ ਚਾਹੁੰਦਾ ਹਾਂ ਕਿ ਇਹ ਬਠਿੰਡੇ ਦੇ ਆਤਮਾ ਸਕੀਮ ਦੇ 10 ਲੱਖ ਰੁਪਏ ਕਿੱਥੇ ਗਏ?

**ਮੰਤਰੀ :** ਇਸ ਦੀ ਇਨਕੁਆਇਰੀ ਕਰਵਾ ਕੇ ਪਤਾ ਕਰਵਾ ਲੈਂਦੇ ਹਾਂ ਜੀ, ਜੇ ਕੋਈ ਅਣਗਹਿਲੀ ਹੋਈ ਤਾਂ ਉਸਨੂੰ ਸਜਾ ਦੇਵਾਂਗੇ ਜੀ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਇਸਦੀ ਇੱਕ ਕਾਪੀ ਮੈਂ ਮੁੱਖ ਮੰਤਰੀ ਜੀ ਅਤੇ ਇੱਕ ਆਪ ਜੀ ਨੂੰ ਭੇਜ ਦਿੰਦਾ ਹਾਂ ਜੀ।

**ਮਾਨਯੋਗ ਸਪੀਕਰ :** ਭੇਜ ਦਿਉ। ਅਗਲਾ ਸਵਾਲ।

---

Original with;
Punjab Vidhan Sabha
Digitized by;
Panjab Digital Library

## ਅਹਿਮਦਗੜ੍ਹ ਵਿਖੇ ਕਬਰਿਸਤਾਨ ਦੀ ਜਗ੍ਹਾ ਮੁਹੱਈਆ ਕਰਵਾਉਣਾ

***2270. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਅਹਿਮਦਗੜ੍ਹ ਵਿਖੇ ਮੁਸਲਿਮ ਭਾਈਚਾਰੇ ਲਈ ਕਬਰਿਸਤਾਨ ਲਈ ਜਗ੍ਹਾ ਮੁਹੱਈਆ ਕਰਵਾਉਣ ਲਈ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਵਿਸਥਾਰ ਨਾਲ ਦੱਸਿਆ ਜਾਵੇ।

**ਸ਼੍ਰੀ ਤਿਕਸ਼ਨ ਸੂਦ :** ਸ਼੍ਰੀਮਾਨ ਜੀ, ਨਹੀਂ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਮਾਨਯੋਗ ਸਪੀਕਰ ਸਾਹਿਬ, ਬੇਨਤੀ ਹੈ ਜੀ ਕਿ ਅਹਿਮਦਗੜ੍ਹ ਸ਼ਹਿਰ ਵਿਚ ਮੁਸਲਿਮ ਭਾਈਚਾਰੇ ਦੀ ਤਕਰੀਬਨ 5000 ਆਬਾਦੀ ਹੈ ਅਤੇ ਉਨ੍ਹਾਂ ਕੋਲ ਕਬਰਿਸਤਾਨ ਲਈ ਕੋਈ ਵੀ ਜਗ੍ਹਾ ਨਹੀਂ ਹੈ। ਜਦੋਂ ਉਹ ਕੋਈ ਇਸ ਤਰ੍ਹਾਂ ਦੇ ਕ੍ਰਿਆ ਕਰਮ ਲਈ ਜਾਂਦੇ ਹਨ ਅਤੇ ਉਥੇ ਕਬਰ ਪੁੱਟਦੇ ਹਨ ਤਾਂ ਥੱਲਿਉਂ ਹੋਰ ਕਬਰ ਨਿਕਲ ਆਉਂਦੀ ਹੈ ਤਾਂ ਉਹ ਬੜਾ ਦਰਦਨਾਕ ਅਤੇ ਸ਼ਰਮਨਾਕ ਲਗਦਾ ਹੈ। ਇਸ ਲਈ ਮੇਰੀ ਮੰਤਰੀ ਜੀ ਨੂੰ ਸਮੁੱਚੇ ਭਾਈਚਾਰੇ ਵੱਲੋਂ ਬੇਨਤੀ ਹੈ ਕਿ ਇਹ ਬਹੁਤ ਹੀ ਲੋੜੀਂਦੀ ਅਤੇ ਮਨੁੱਖਤਾ ਨਾਲ ਜੁੜੀ ਹੋਈ ਗੱਲ ਹੈ, ਜ਼ਿਆਦਾ ਨਹੀਂ ਤਾਂ 2-3 ਵਿੱਘੇ ਜ਼ਮੀਨ ਜਾਂ ਅੱਧਾ ਕਿੱਲਾ ਹੀ ਜ਼ਮੀਨ ਲੈ ਕੇ ਦਿਉ ਅਤੇ ਉਸਦੇ ਲਈ ਜ਼ਰੂਰ ਕੋਈ ਪ੍ਰਾਵਿਧਾਨ ਕਰੋ। ਆਪਾਂ ਨੇ ਜੋ ਗਰਾਂਟਾਂ ਮਿਊਂਸਿਪਲ ਕਮੇਟੀਆਂ ਨੂੰ ਦੇਣੀਆਂ ਹਨ, ਚਾਹੇ ਉਸਦੇ ਵਿਚੋਂ ਫੰਡ ਮੁਹੱਈਆ ਕਰਵਾਕੇ ਇਹ ਭਾਈਚਾਰੇ ਦੀ ਜਿਹੜੀ ਮੰਗ ਹੈ, ਉਸ ਨੂੰ ਪਹਿਲ ਦੇ ਆਧਾਰ ਤੇ ਪੂਰਾ ਕੀਤਾ ਜਾਵੇ ਤਾਂ ਕਿ ਇਸ ਭਾਈਚਾਰੇ ਵਿਚ ਜਿਹੜੀ ਉਸ ਸਮੇਂ ਰੋਸ ਦੀ ਗੱਲ ਪੈਦਾ ਹੁੰਦੀ ਹੈ, ਉਸ ਦਾ ਹੱਲ ਹੋ ਸਕੇ। ਇਹ ਮੇਰੀ ਬੇਨਤੀ ਹੈ।

**ਮੰਤਰੀ :** ਸਪੀਕਰ ਸਾਹਿਬ, ਮਾਨਯੋਗ ਮੁੱਖ ਮੰਤਰੀ ਜੀ ਨੇ ਤਾਂ ਇਹ ਫੈਸਲਾ ਕੀਤਾ ਹੈ ਕਿ ਜਿੱਥੇ ਵੀ ਮਾਈਨਾਰੀਟੀਜ਼ ਹੋਣ ਅਤੇ ਕਬਰਿਸਤਾਨ ਲਈ, ਈਵਨ ਪੰਚਾਇਤਾਂ ਵਿਚ ਵੀ ਜਗ੍ਹਾ ਦਿਤੀ ਜਾਣੀ ਹੈ। ਪਰ ਇੱਥੇ ਦੋ ਗੱਲਾਂ ਮੈਂ ਦੱਸਣੀਆਂ ਚਾਹੁੰਦਾ ਹਾਂ। ਮੈਂ ਖੁਦ ਪਤਾ ਕਰਵਾਇਆ ਹੈ ਕਿ ਕਿਸ ਤਰ੍ਹਾਂ ਦੀ ਮੱਦਦ ਹੋ ਸਕਦੀ ਹੈ। ਉਨ੍ਹਾਂ ਨੇ ਦੋ ਗੱਲਾਂ ਦੱਸੀਆਂ ਹਨ। ਇੱਕ ਤਾਂ ਇੱਕ ਕਿਲੋਮੀਟਰ ਸ਼ਹਿਰ ਤੋਂ ਬਾਹਰ 2 ਏਕੜ ਦਾ ਕਬਰਿਸਤਾਨ ਬਣਿਆ ਹੋਇਆ ਹੈ ਅਤੇ ਉਹ ਸ਼ਹਿਰ ਦੇ ਅੰਦਰ ਹੀ ਹੈ ਅਤੇ ਦੂਜਾ ਅਹਿਮਦਗੜ੍ਹ ਮਿਊਂਸਿਪਲ ਕਮੇਟੀ ਕੋਲ ਆਪਣੀ ਕੋਈ ਵੀ ਜਗ੍ਹਾ ਦੇਣ ਲਈ ਨਹੀਂ ਹੈ। ਇਸ ਲਈ ਮਜ਼ਬੂਰੀ ਵਿਚ ਮੈਂ ਇਹ ਜਵਾਬ ਦਿੱਤਾ ਹੈ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਕਬਰਿਸਤਾਨ ਤਾਂ 2 ਏਕੜ ਵਿਚ ਬਣਿਆ ਹੋਇਆ ਹੈ ਪਰ ਉਹ ਮੁੱਦਤਾਂ ਤੋਂ ਬਣਿਆ ਹੋਇਆ ਹੈ ਅਤੇ ਉਹ ਭਰ ਗਿਆ ਹੈ। ਗੱਲ ਇਹ ਹੈ ਕਿ ਜਿਹੜੀਆਂ ਆਪਾਂ ਨੇ ਮਿਊਂਸਿਪਲ ਕਮੇਟੀਆਂ ਨੂੰ ਗਰਾਂਟਾਂ ਦੇਣੀਆਂ ਹਨ, ਉਨ੍ਹਾਂ ਵਿਚ ਕੋਈ 20-30 ਲੱਖ ਰੁਪਿਆ ਇਸ ਮੰਤਵ ਲਈ ਰੱਖ ਦਿਤਾ ਜਾਵੇ। ਮੇਰੀ ਸੀ.ਐਮ. ਸਾਹਿਬ ਨੂੰ ਵੀ ਬੇਨਤੀ ਹੈ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) :** ਸਪੀਕਰ ਸਾਹਿਬ, ਸਰਕਾਰ ਨੇ ਫੈਸਲਾ ਕੀਤਾ ਹੈ ਕਿ ਕਬਰਿਸਤਾਨ ਭਾਵੇਂ ਮੁਹੰਮਡਨ ਦਾ ਹੈ, ਭਾਵੇਂ ਕ੍ਰਿਸ਼ਚਨਜ਼ ਦਾ ਹੈ, ਜੇ ਉਨ੍ਹਾਂ ਕੋਲ ਕਬਰਿਸਤਾਨ ਲਈ ਕੋਈ ਜਗ੍ਹਾ ਨਹੀਂ ਤਾਂ ਉਨ੍ਹਾਂ ਨੂੰ ਮੁੱਲ ਲੈ ਕੇ ਦਿੱਤੀ ਜਾ ਸਕਦੀ ਹੈ, (ਥੰਪਿੰਗ) ਇਹ ਪਾਸ ਕੀਤਾ ਹੈ। ਮੈਂਬਰ ਸਾਹਿਬ ਨੂੰ ਕਹਾਂਗੇ ਕਿ ਉਹ ਕਿਤੇ ਜਗ੍ਹਾ ਦੇਖ ਲੈਣ, ਉਹਦੀ ਪੇਮੈਂਟ ਸਰਕਾਰ ਕਰ ਦੇਵੇਗੀ।

---

## ਦੁਨੇਰਾ-ਕਸ਼ਮੀਰ ਮਾਰਗ ਦੀ ਉਸਾਰੀ

***2267. ਮਾਸਟਰ ਮੋਹਨ ਲਾਲ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਕਸ਼ਮੀਰ ਘਾਟੀ ਨੂੰ ਜੋੜਨ ਵਾਲਾ ਦੂਸਰਾ ਮਾਰਗ ਪਠਾਨਕੋਟ ਜ਼ਿਲ੍ਹੇ ਵਿਚ ਦੁਨੇਰਾ ਤੋਂ ਸ਼ੁਰੂ ਹੁੰਦਾ ਹੈ ਜਿਸ ਦੀ ਉਸਾਰੀ ਦਾ ਕੰਮ ਅਧੂਰਾ ਪਿਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਇਸ ਮਾਰਗ ਦੀ ਉਸਾਰੀ ਕਦੋਂ ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਕਸ਼ਮੀਰ ਘਾਟੀ ਨੂੰ ਜੋੜਨ ਵਾਲਾ ਦੂਸਰਾ ਮਾਰਗ ਪਠਾਨਕੋਟ ਜ਼ਿਲ੍ਹੇ ਵਿਚ ਦੁਨੇਰਾ ਤੋਂ ਸ਼ੁਰੂ ਹੁੰਦਾ ਹੈ। ਇਹ ਕੰਮ GREF (BRO) ਅਧੀਨ ਹੈ। ਇਸ ਲਈ ਇਸ ਵਿਭਾਗ ਵੱਲੋਂ ਇਸ ਸਬੰਧ ਵਿਚ ਕੋਈ ਕਾਰਵਾਈ ਨਹੀਂ ਕੀਤੀ ਜਾਣੀ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਉਸ ਇਲਾਕੇ ਵਿਚ ਕਿਸਾਨ ਮੁਤਾਵਰ ਇਸ ਗੱਲ ਦਾ ਸੰਘਰਸ਼ ਕਰ ਰਹੇ ਹਨ ਕਿ ਸੜਕ ਗ੍ਰਿਫ ਬਣਾ ਰਹੀ ਹੈ ਤੇ ਉਹ ਇਸ ਇਲਾਕੇ ਦੀ ਲਾਈਫ ਲਾਈਨ ਹੈ। ਮੈਂ ਇਹ ਜਾਣਨਾ ਚਾਹੁੰਦਾ ਹਾਂ ਕਿ ਪੰਜਾਬ ਸਰਕਾਰ ਨੇ ਕਿਸਾਨਾਂ ਨੂੰ ਮੁਆਵਜ਼ਾ ਦੇਣਾ ਹੈ, ਗ੍ਰਿਫ ਸੜਕ ਬਣਾ ਰਹੀ ਹੈ ਅਤੇ ਇਹ ਕੀ ਕਾਰਨ ਹੈ ਕਿ ਕਿਸਾਨਾਂ ਨੂੰ ਅਜੇ ਤੱਕ ਮੁਆਵਜ਼ਾ ਨਹੀਂ ਦਿੱਤਾ ਗਿਆ? ਗ੍ਰਿਫ ਕੋਲੋਂ ਲੈ ਕੇ ਦੇਣਾ ਹੈ ਜਾਂ ਕਿਸੇ ਕੋਲੋਂ ਲੈ ਕੇ ਦੇਣਾ ਹੈ, ਮੁਆਵਜ਼ਾ ਤਾਂ ਕਿਸਾਨਾਂ ਨੂੰ ਦੇਣਾ ਹੈ।

**ਮੰਤਰੀ :** ਸਪੀਕਰ ਸਾਹਿਬ, ਵੈਸੇ ਤਾਂ ਮੈਂਬਰ ਸਾਹਿਬ ਦਾ ਸਵਾਲ ਮੁਆਵਜ਼ੇ ਦੇ ਸਬੰਧ ਵਿਚ ਨਹੀਂ ਸੀ। ਜੋ ਵੀ ਮੁਆਵਜ਼ਾ ਦੇਣਾ ਹੈ ਉਹ ਆਰਮੀ ਵੱਲੋਂ ਹੀ ਦਿੱਤਾ ਜਾਣਾ ਹੈ, ਮਨਿਸਟਰੀ ਆਫ ਡਿਫੈਂਸ ਵੱਲੋਂ ਦਿੱਤਾ ਜਾਣਾ ਹੈ। ਅਸੀਂ ਫਿਰ ਵੀ ਉਨ੍ਹਾਂ ਨਾਲ ਮੈਟਰ ਟੇਕ-ਅੱਪ ਕਰ ਲਵਾਂਗੇ। ਸੜਕ ਬਾਰੇ ਉਨ੍ਹਾਂ ਨੇ ਦੱਸਿਆ ਹੈ ਕਿ 31 ਮਾਰਚ, 2012 ਤੱਕ ਸੜਕ ਤੇ ਪੁੱਲ ਦਾ ਕੰਮ ਮੁਕੰਮਲ ਕਰਨ ਦੀ ਉਮੀਦ ਹੈ।

**ਮਾਸਟਰ ਮੋਹਨ ਲਾਲ :** ਸਪੀਕਰ ਸਾਹਿਬ, ਮੈਂ ਇਹ ਬੇਨਤੀ ਕਰਨੀ ਚਾਹੁੰਦਾ ਹਾਂ ਕਿ ਸਾਲ ਤੋਂ ਕੰਮ ਬੰਦ ਹੈ, ਜੰਮੂ-ਕਸ਼ਮੀਰ ਵਿਚ ਸੜਕ ਬਣ ਗਈ, ਹਿਮਾਚਲ ਵਿਚ

Original with;
Punjab Vidhan Sabha
Digitized by;
Panjab Digital Library

ਬਣ ਗਈ, ਪੰਜਾਬ ਦਾ ਹਿੱਸਾ ਰਹਿ ਗਿਆ, ਟਾਈਮ ਰਹਿੰਦੇ ਐਕਸ਼ਨ ਕਿਉਂ ਨਹੀਂ ਲਿਆ ਗਿਆ? ਗ੍ਰਿਫ ਨਾਲ ਮਾਮਲਾ ਟੇਕ ਅੱਪ ਕਿਉਂ ਨਹੀਂ ਕੀਤਾ ਗਿਆ ਤਾਂ ਕਿ ਕਿਸਾਨਾਂ ਨੂੰ ਮੁਆਵਜ਼ਾ ਸਮੇਂ ਸਿਰ ਮਿਲ ਸਕੇ ਤੇ ਸੜਕ ਵੀ ਸਮੇਂ ਸਿਰ ਬਣ ਸਕੇ। ਇਸ ਨਾਲ ਲੋਕਾਂ ਨੂੰ ਖੁਸ਼ਹਾਲੀ ਵੱਲ ਵੱਧਣ ਦਾ ਮੌਕਾ ਮਿਲ ਜਾਂਦਾ।

**ਮੰਤਰੀ :** ਸਪੀਕਰ ਸਾਹਿਬ, ਜਿਵੇਂ ਤੁਹਾਨੂੰ ਪਹਿਲਾਂ ਦੱਸਿਆ ਹੈ, ਸਾਰਾ ਗ੍ਰਿਫ ਵੱਲੋਂ ਕੀਤਾ ਜਾਣਾ ਹੈ। ਜਿੱਥੋਂ ਤੱਕ ਸੜਕ ਮੁਕੰਮਲ ਕਰਨ ਦੀ ਗੱਲ ਦੱਸੀ ਹੈ, ਅਸੀਂ ਉਨ੍ਹਾਂ ਨਾਲ ਟੇਕ-ਅੱਪ ਕੀਤਾ ਹੈ। ਸਾਨੂੰ ਉਨ੍ਹਾਂ ਨੇ ਜਵਾਬ ਭੇਜਿਆ ਹੈ ਕਿ 31 ਮਾਰਚ, 2012 ਤੱਕ ਜਿਹੜੀ ਸੜਕ ਹੈ ਤੇ ਪੁਲ ਹੈ, ਇਸ ਦਾ ਕੰਮ ਮੁਕੰਮਲ ਕਰ ਲਵਾਂਗੇ। ਇਹ ਉਨ੍ਹਾਂ ਨੇ ਸਾਨੂੰ ਦੱਸਿਆ ਹੈ। ਬਾਕੀ ਜਿੱਥੋਂ ਤੱਕ ਮੁਆਵਜ਼ੇ ਦੀ ਗੱਲ ਹੈ, ਇਹ ਮਾਮਲਾ ਵੀ ਉਨ੍ਹਾਂ ਨਾਲ ਟੇਕ-ਅੱਪ ਕਰ ਲੈਂਦੇ ਹਾਂ ਕਿ ਜਲਦੀ ਤੋਂ ਜਲਦੀ ਕਿਸਾਨਾਂ ਨੂੰ ਮੁਆਵਜ਼ਾ ਮਿਲ ਸਕੇ।

---

## ਲਿੰਕ ਸੜਕਾਂ ਦੀ ਮੁਰੰਮਤ

***2276. ਸਰਦਾਰ ਨਿਰਮਲ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਸਮਾਣਾ-ਭਵਾਨੀਗੜ੍ਹ ਸੜਕ ਤੋਂ ਪਿੰਡ ਸਹਾਜਪੁਰਾ ਖੁਰਦ ਤੱਕ ਲਿੰਕ ਰੋਡ ਬਹੁਤ ਹੀ ਖਸਤਾ ਹਾਲਤ ਵਿਚ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੀ ਸਪੈਸ਼ਲ ਮੁਰੰਮਤ ਲਈ ਸਰਕਾਰ ਦੁਆਰਾ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਸੁੱਚਾ ਸਿੰਘ ਲੰਗਾਹ :** ਹਾਂ ਜੀ, ਸਮਾਣਾ-ਭਵਾਨੀਗੜ੍ਹ ਸੜਕ ਤੋਂ ਪਿੰਡ ਸਹਾਜਪੁਰਾ ਖੁਰਦ ਤੱਕ ਸੜਕ ਦੀ ਹਾਲਤ ਖਸਤਾ ਹੈ, ਸੜਕ ਦੀ ਮੁਰੰਮਤ ਕਰਨ ਦੀ ਪ੍ਰਵਾਨਗੀ ਦਿੱਤੀ ਜਾ ਚੁੱਕੀ ਹੈ ਅਤੇ ਇਸ ਦੀ ਮੁਰੰਮਤ ਮਿਤੀ 30.4.12 ਤੱਕ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

**ਸਰਦਾਰ ਨਿਰਮਲ ਸਿੰਘ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜੋ ਜਵਾਬ ਦਿੱਤਾ ਹੈ, ਇਹ ਗੱਲ ਤਾਂ ਅਗਲੇ ਸਾਲ ਤੇ ਜਾ ਪਈ ਹੈ। ਅਗਲੇ ਸਾਲ ਪਤਾ ਨਹੀਂ ਕਿਹੜੇ ਰਾਜੇ ਦੀ ਪਰਜਾ ਹੋਣੀ ਹੈ। ਇਸ ਲਈ ਮਿਹਰਬਾਨੀ ਕਰਕੇ ਇਸ ਨੂੰ ਜਲਦੀ ਤੋਂ ਜਲਦੀ ਬਣਾਇਆ ਜਾਵੇ। ਉਥੇ ਇੰਨਾ ਬੁਰਾ ਹਾਲ ਹੈ ਕਿ ਦੱਸਿਆ ਹੀ ਨਹੀਂ ਜਾ ਸਕਦਾ। ਇਸ ਲਈ ਮਿਹਰਬਾਨੀ ਕਰਕੇ ਇਸ ਨੂੰ ਪਹਿਲਾਂ ਬਣਾਉਣ ਦਾ ਯਤਨ ਕਰੋ।

**ਮੰਤਰੀ :** ਸਪੀਕਰ ਸਾਹਿਬ, ਪ੍ਰਵਾਨਗੀ ਦੇ ਦਿੱਤੀ ਹੈ, ਛੇਤੀ ਕਰਵਾ ਦੇਵਾਂਗੇ।

---

Original with;
Punjab Vidhan Sabha
Digitized by;
Panjab Digital Library

## ਅਹਿਮਦਗੜ੍ਹ ਦੇ ਬੱਸ ਅੱਡੇ ਦਾ ਸੁਧਾਰ

***2269. ਸਰਦਾਰ ਇਕਬਾਲ ਸਿੰਘ ਝੂੰਦਾਂ :** ਕੀ ਟਰਾਂਸਪੋਰਟ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਅਹਿਮਦਗੜ੍ਹ ਵਿਖੇ ਬੱਸ ਅੱਡੇ ਦੀ ਖਸਤਾ ਹਾਲਤ ਦੀ ਸੁਧਾਰ ਕਰਨ ਦੀ ਯੋਜਨਾ ਸਰਕਾਰ ਦੇ ਵਿਚਾਰ ਅਧੀਨ ਹੈ?

**ਸ਼੍ਰੀ ਸੁਰਜੀਤ ਕੁਮਾਰ ਜਿਆਨੀ :** ਨਹੀਂ ਜੀ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਅਹਿਮਦਗੜ੍ਹ ਸ਼ਹਿਰ ਦੀ ਅਬਾਦੀ ਚਾਲੀ ਹਜ਼ਾਰ ਦੇ ਕਰੀਬ ਹੈ ਤੇ ਉਥੋਂ ਦੇ ਬੱਸ ਸਟੈਂਡ ਦੀ ਖੇਤਾਂ ਵਾਲੀ ਹਾਲਤ ਹੈ। ਇਹ ਸੜਕ ਤੋਂ 3-3 ਫੁੱਟ ਨੀਵਾਂ ਹੈ। ਉਥੇ ਪੀ.ਆਰ.ਟੀ.ਸੀ. ਦੀਆਂ ਨੌ ਦੁਕਾਨਾਂ ਹਨ ਤੇ ਪੰਜਾਬ ਵਿਚ ਇੱਕ ਬੱਸ ਸਟੈਂਡ ਵੀ ਐਸਾ ਨਹੀਂ ਹੈ ਜਿੱਥੇ ਦੁਕਾਨ ਕਿਰਾਏ ਤੇ ਨਾ ਚੜ੍ਹਦੀ ਹੋਵੇ, ਸਿਵਾਏ ਅਹਿਮਦਗੜ੍ਹ ਸ਼ਹਿਰ ਦੇ। ਉਥੇ ਬੱਸਾਂ ਆਉਣੀਆਂ ਵੀ ਹੱਟ ਗਈਆਂ ਤੇ ਲੋਕ ਇਸ ਸਹੂਲਤ ਤੋਂ ਵਾਂਝੇ ਹੋ ਰਹੇ ਹਨ। ਸਾਰਾ 10-15 ਲੱਖ ਦਾ ਖਰਚਾ ਹੈ। ਇਹ ਉਥੇ ਭਰਤ ਪਾ ਕੇ ਇੱਟਾਂ ਹੀ ਲਗਵਾ ਦੇਣ। ਬੀਬੀਆਂ, ਧੀਆਂ-ਭੈਣਾਂ ਉਥੇ ਬੱਸ ਚੜ੍ਹਦੀਆਂ ਹਨ। ਬਰਸਾਤ ਦੇ ਦਿਨਾਂ ਵਿਚ ਤਾਂ ਬਹੁਤ ਬੁਰੀ ਹਾਲਤ ਹੁੰਦੀ ਹੈ। ਬਹੁਤ ਬੁਰਾ ਲੱਗਦਾ ਹੈ। ਇਸ ਲਈ ਜੇ ਇਹ ਪ੍ਰਬੰਧ ਕਰ ਦਿੱਤਾ ਜਾਵੇ ਤਾਂ ਕੋਈ ਵੱਡੀ ਗੱਲ ਨਹੀਂ। ਭਰਤ ਪੁਆ ਕੇ ਘੱਟੋ-ਘੱਟ ਇੱਟਾਂ ਦਾ ਫਰਸ਼ ਹੀ ਲਗਵਾ ਦੇਣ। ਕੀ ਮੰਤਰੀ ਜੀ ਇਹ ਉਪਰਾਲਾ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਅਹਿਮਦਗੜ੍ਹ ਜਿਹੜਾ ਬੱਸ ਸਟੈਂਡ ਹੈ, ਉਹ ਸੜਕ ਤੋਂ ਤਿੰਨ-ਚਾਰ ਫੁੱਟ ਨੀਵਾਂ ਹੋ ਚੁੱਕਾ ਹੈ। ਇਹ 1972 ਵਿਚ ਬਣਿਆ ਸੀ। ਨਾਲ ਉਥੇ ਫਾਟਕ ਲੱਗਾ ਹੈ। ਜਦੋਂ ਫਾਟਕ ਲੱਗਦਾ ਹੈ ਤੇ ਹੋਰ ਜਾਮ ਲੱਗ ਜਾਂਦਾ ਹੈ। ਸ਼ਹਿਰ ਨੂੰ ਇਸ ਚੀਜ਼ ਦੀ ਸਮੱਸਿਆ ਹੈ। ਅਗਰ ਮੈਂਬਰ ਸਾਹਿਬ ਚਾਹੁਣ, ਇਹ ਜਗ੍ਹਾ ਦੇ ਦੇਣ ਤੇ ਇਹ ਨਵਾਂ ਬਣਾਇਆ ਜਾ ਸਕਦਾ ਹੈ। ਇਨ੍ਹਾਂ ਦੇ ਸ਼ਹਿਰ ਨੂੰ ਵੀ ਸੁੱਖ ਹੋ ਜਾਵੇਗਾ। ਨਵਾਂ ਅਸੀਂ ਬਣਾ ਕੇ ਦੇ ਦੇਵਾਂਗੇ।

**ਸਰਦਾਰ ਇਕਬਾਲ ਸਿੰਘ ਝੂੰਦਾਂ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਨਵੇਂ ਦੀ ਗੱਲ ਬਹੁਤ ਵੱਡੀ ਹੈ। ਇਹ 5-10 ਲੱਖ ਰੁਪਏ ਦਾ ਕੰਮ ਹੈ। ਇੰਨਾ ਕੁ ਸਾਡਾ ਇੰਤਜ਼ਾਮ ਕਰ ਦਿਉ। ਭਰਤ ਪਾ ਦਿਉ ਤਾਂ ਕਿ ਉਥੇ ਖੜ੍ਹਨ ਬੈਠਣ ਦੀ ਜਗ੍ਹਾ ਹੋ ਜਾਵੇ। ਮੇਰੀ ਬੇਨਤੀ ਹੈ ਕਿ ਅਫਸਰ ਤਾਂ ਜਵਾਬ ਤਿਆਰ ਕਰਕੇ ਭੇਜ ਦਿੰਦੇ ਹਨ। ਉਥੋਂ ਫਾਟਕ ਵੀ ਹਟਵਾਂ ਹੈ। ਕੋਈ ਪਰਾਬਲਮ ਹੈ ਨਹੀਂ, ਜਿਹੜੀ ਇਹ ਗੱਲ ਕਰਦੇ ਹਨ। ਇਹ ਸੜਕ ਨਾਲ ਬੱਸ ਸਟੈਂਡ ਨੀਵਾਂ ਨਹੀਂ ਹੋਇਆ, ਇਹ ਪਹਿਲਾਂ ਤੋਂ ਹੀ ਇੰਨਾ ਨੀਵਾਂ ਹੈ। ਉਸ ਦਾ ਹੱਲ ਕੱਢ ਦੇਣ। 10 ਲੱਖ ਰੁਪਿਆ ਖਰਚ ਕਰਕੇ ਉਸ ਦਾ ਭਰਤ ਪਵਾ ਦੇਣ ਜੀ। ਜਗ੍ਹਾ ਇਨ੍ਹਾਂ ਦੀ ਹੈ। ਕਰੋੜਾਂ ਰੁਪਿਆ ਦੀ ਇਨ੍ਹਾਂ ਦੀ ਮਲਕੀਅਤ ਹੈ। ਇੰਨਾ ਕੁ ਤਾਂ ਇਨ੍ਹਾਂ ਨੂੰ ਕਰਨਾ ਚਾਹੀਦਾ ਹੈ ਜੀ। ਜੇ ਮਿਉਂਸਿਪੈਲਿਟੀ ਦੇ ਅੰਦਰ ਹੁੰਦਾ ਤਾਂ ਅਸੀਂ ਕਰ ਲੈਂਦੇ।

Original with;
Punjab Vidhan Sabha
Digitized by;
Panjab Digital Library

**ਸਰਦਾਰ ਪਰਕਾਸ਼ ਸਿੰਘ ਬਾਦਲ (ਮੁੱਖ ਮੰਤਰੀ) :** ਸਪੀਕਰ ਸਾਹਿਬ, ਮੈਂ ਐਮ.ਐਲ.ਏ. ਸਾਹਿਬ ਨੂੰ ਬੇਨਤੀ ਕਰਦਾ ਹਾਂ ਕਿ 10 ਲੱਖ ਰੁਪਿਆ ਮੈਂ ਆਪਣੇ ਡਿਸਕ੍ਰੀਸ਼ਨਰੀ ਫੰਡ ਵਿਚੋਂ ਦੇ ਦੇਵਾਂਗਾ ਅਤੇ ਉਹ ਭਰਤ ਪਵਾ ਦੇਵਾਂਗੇ।

**ਸਰਦਾਰ ਸਾਧੂ ਸਿੰਘ :** ਸਪੀਕਰ ਸਾਹਿਬ, ਮੈਂ ਆਪ ਜੀ ਦੇ ਰਾਹੀਂ ਮਾਨਯੋਗ ਮੁੱਖ ਮੰਤਰੀ ਸਾਹਿਬ ਨੂੰ ਬੇਨਤੀ ਕਰਾਂਗਾ ਕਿ ਬੱਸ ਸਟੈਂਡ ਦੀ ਗੱਲ ਹੋਈ ਹੈ, ਚਾਰ ਮਹੀਨੇ ਪਹਿਲਾਂ ਮੁੱਖ ਮੰਤਰੀਂ ਸਾਹਿਬ ਅਮਲੋਹ ਵਿਖੇ ਨੀਂਹ ਪੱਥਰ ਰੱਖ ਕੇ ਆਏ ਹਨ...

**ਮਾਨਯੋਗ ਸਪੀਕਰ :** ਨਹੀਂ, ਨਹੀਂ। ਤੁਸੀਂ ਸੈਪਰੇਟ ਪ੍ਰਸ਼ਨ ਦਿਉ। ਨਹੀਂ ਜੀ, ਵੱਖਰਾ ਸਵਾਲ ਕਰੋ। ਅਗਲਾ ਸਵਾਲ, ਸਰਦਾਰ ਈਸ਼ਰ ਸਿੰਘ।

**ਸਰਦਾਰ ਸਾਧੂ ਸਿੰਘ :** ਨੀਂਹ ਪੱਥਰ ਮੁੱਖ ਮੰਤਰੀ ਜੀ ਰੱਖ ਕੇ ਆਏ ਹਨ, ਉਥੇ ਕੰਮ ਨਹੀਂ ਚਾਲੂ ਹੋਇਆ।

**ਮਾਨਯੋਗ ਸਪੀਕਰ :** ਨਹੀਂ ਜੀ, ਸੈਪਰੇਟ ਸਵਾਲ ਦਿਉ। ਸਵਾਲ ਦਾ ਉਨ੍ਹਾਂ ਨੇ ਜਵਾਬ ਦਿੱਤਾ ਹੈ, ਇਹ ਤੁਹਾਡਾ ਸਵਾਲ ਥੋੜ੍ਹਾ ਹੈ?

---

## ਲਿੰਕ ਸੜਕ ਦੀ ਮੁਰੰਮਤ

***2247. ਸਰਦਾਰ ਈਸ਼ਰ ਸਿੰਘ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਜ਼ਿਲ੍ਹਾ ਲੁਧਿਆਣਾ ਵਿਚ ਪੈਂਦੀ ਲੁਧਿਆਣਾ-ਮੋਗਾ ਹਾਈਵੇ ਤੋਂ ਸ਼ੇਰਪੁਰ ਕਲਾਂ ਤੱਕ ਲਿੰਕ ਸੜਕ ਦੀ ਵਿਸ਼ੇਸ਼ ਮੁਰੰਮਤ ਪਿਛਲੀ ਵਾਰ ਕਿਸ ਮਿਤੀ ਨੂੰ ਕੀਤੀ ਜਾਣੀ ਬਣਦੀ ਸੀ;

(ਅ) ਕੀ ਮੁੱਖ ਮੰਤਰੀ ਨੇ ਉਪਰੋਕਤ ਵਰਣਿਤ ਸੜਕ ਦੀ ਵਿਸ਼ੇਸ਼ ਮੁਰੰਮਤ ਲਈ ਕਿਸੇ ਗਰਾਂਟ ਦਾ ਐਲਾਨ ਕੀਤਾ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸਰਦਾਰ ਮੁੱਚਾ ਸਿੰਘ ਲੰਗਾਹ :** (ੳ) ਜ਼ਿਲ੍ਹਾ ਲੁਧਿਆਣਾ ਵਿਚ ਪੈਂਦੀ ਲੁਧਿਆਣਾ-ਮੋਗਾ ਹਾਈਵੇ ਤੋਂ ਸ਼ੇਰਪੁਰ ਕਲਾਂ ਤੱਕ ਲਿੰਕ ਸੜਕ ਦੀ ਪਿਛਲੀ ਵਾਰ ਮੁਰੰਮਤ 3/2004 ਵਿਚ ਹੋਈ ਸੀ। ਹੁਣ ਇਸ ਦੀ ਮੁਰੰਮਤ 3/2012 ਤਕ ਕਰਵਾ ਦਿੱਤੀ ਜਾਵੇਗੀ।

(ਅ) ਜੀ ਨਹੀਂ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਇਹ ਜਿਹੜੀ ਸ਼ੇਰਪੁਰ ਕਲਾਂ ਸੜਕ ਹੈ, ਇਹ ਲੁਧਿਆਣਾ-ਮੋਗਾ ਹਾਈਵੇ ਨੂੰ ਜੋੜਦੀ ਹੈ। ਇਹ ਧੰਨ ਬਾਬਾ ਨੰਦ ਸਿੰਘ

Original with;
Punjab Vidhan Sabha
Digitized by;
Panjab Digital Library

[ ਸਰਦਾਰ ਈਸ਼ਰ ਸਿੰਘ ]

ਜੀ ਮਹਾਰਾਜ ਜੀ ਦੇ ਜਨਮ ਅਸਥਾਨ ਸ਼ੇਰਪੁਰ ਕਲਾਂ ਨੂੰ ਜੋੜਦੀ ਹੈ। ਇਸ ਸੜਕ ਦੀ ਬਹੁਤ ਹੀ ਖਸਤਾ ਹਾਲਤ ਹੈ। ਮੰਤਰੀ ਜੀ ਦੇ ਕਹਿਣ ਮੁਤਾਬਿਕ ਮਾਰਚ, 2004 ਵਿਚ ਇਸ ਦੀ ਮੁਰੰਮਤ ਹੋਈ ਸੀ। ਇਸ ਨੂੰ ਤਕਰੀਬਨ ਅੱਠ ਸਾਲ ਹੋ ਗਏ ਹਨ। ਇਸ ਦੀ ਸਾਰ ਨਹੀਂ ਲਈ ਗਈ। ਸਤਿਕਾਰਯੋਗ ਮੁੱਖ ਮੰਤਰੀ ਜੀ 4.5.2011 ਨੂੰ ਜਗਰਾਓਂ ਗਏ ਸੀ। ਸੰਗਤ ਦਰਸ਼ਨ ਦੌਰਾਨ ਲੋਕਾਂ ਨੇ ਆਪਣੀਆਂ ਭਾਵਨਾਵਾਂ ਦੱਸੀਆਂ ਕਿ ਇਹ ਪਵਿੱਤਰ ਅਸਥਾਨ ਹੈ, ਇਸ ਸੜਕ ਦੀ ਮੁਰੰਮਤ ਕੀਤੀ ਜਾਵੇ। ਉਨ੍ਹਾਂ ਨੇ ਸੀ.ਐਮ. ਸਾਹਿਬ ਨੂੰ ਬੇਨਤੀ ਕੀਤੀ ਅਤੇ ਇਨ੍ਹਾਂ ਨੇ ਕਿਹਾ ਕਿ ਇਸ ਸੜਕ ਨੂੰ ਪਹਿਲ ਦੇ ਆਧਾਰ ਤੇ ਬਣਾ ਦੇਵਾਂਗੇ। ਉਹ ਨਹੀਂ ਬਣੀ। ਫਿਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਚੋਣ ਆ ਗਈ। ਅਖਬਾਰਾਂ ਵਿਚ ਤੁਸੀਂ ਵੀ ਪੜ੍ਹਿਆ ਹੈ, ਉਹ ਲੋਕ ਬਾਈਕਾਟ ਵਿਚ ਗਏ। ਉਨ੍ਹਾਂ ਨੇ ਕਿਹਾ ਕਿ ਸਾਡਾ ਪਰੋਟੈਸਟ ਹੈ, ਸਰਕਾਰ ਨੇ ਇਹ ਸੜਕ ਕਿਉਂ ਨਹੀਂ ਬਣਾਈ। ਲੇਕਿਨ ਅੱਜ ਮੰਤਰੀ ਜੀ ਜਵਾਬ ਦੇ ਰਹੇ ਹਨ ਕਿ ਮੁੱਖ ਮੰਤਰੀ ਜੀ ਨੇ ਵਾਅਦਾ ਹੀ ਨਹੀਂ ਕੀਤਾ। ਸੀ.ਐਮ. ਸਾਹਿਬ ਸੰਗਤ ਦੇ ਵਿਚ ਖੁੱਲ੍ਹਾ ਕਹਿ ਕੇ ਗਏ ਸਨ ਅਤੇ ਮੰਤਰੀ ਜੀ ਕਹਿੰਦੇ ਹਨ ਕਿ ਉਨ੍ਹਾਂ ਨੇ ਵਾਅਦਾ ਨਹੀਂ ਕੀਤਾ। ਮੈਂ ਆਪ ਜੀ ਦੇ ਰਾਹੀਂ ਸਤਿਕਾਰਯੋਗ ਮੰਤਰੀ ਜੀ ਨੂੰ ਬੇਨਤੀ ਕਰਦਾ ਹਾਂ ਕਿ ਉਸ ਸੜਕ ਦੇ ਨਾਲ ਲੋਕਾਂ ਦੀਆਂ ਧਾਰਮਿਕ ਭਾਵਨਾਵਾਂ ਜੁੜੀਆਂ ਹੋਈਆਂ ਹਨ, ਉਹ ਪਵਿੱਤਰ ਅਸਥਾਨ ਹੈ। ਅਗਾਂਹ ਉਨ੍ਹਾਂ ਦਾ ਬਰਸੀ ਦਾ ਸਮਾਗਮ ਆ ਗਿਆ ਹੈ। ਕਿਰਪਾ ਕਰਕੇ ਇਸ ਨੂੰ ਟਾਲਣ ਵਾਲੀ ਗੱਲ ਨਾ ਕਰਨ। ਇਹ ਦੱਸ ਦੇਣ ਕਿ ਕਿੰਨੇ ਪੈਸੇ ਦਾ ਉਪਬੰਧ ਕੀਤਾ ਹੈ ਔਰ ਇਸ ਨੂੰ ਇਮੀਜੀਏਟਲੀ ਚਾਲੂ ਕਰਨ ਵਾਸਤੇ ਕੋਈ ਸਮਾਂਬੱਧ ਕਰਨ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਸ਼ਾਇਦ ਲੰਗਾਹ ਸਾਹਿਬ ਨੇ ਇਹ ਵਾਅਦਾ ਨਹੀਂ ਕੀਤਾ ਸੀ, ਮੈਂ ਵਾਅਦਾ ਕੀਤਾ ਹੈ। ਉਸ ਨੂੰ ਸੈਂਕਸ਼ਨ ਵੀ ਕਰ ਦਿੱਤਾ ਹੈ। ਸੜਕ ਦੀ ਮੁਰੰਮਤ ਦੇ ਪੈਸੇ ਵੀ ਸੈਂਕਸ਼ਨ ਕਰ ਦਿੱਤੇ ਹਨ ਅਤੇ ਮੰਡੀ ਬੋਰਡ ਨੂੰ ਕਹਿ ਦਿੱਤਾ ਹੈ। ਉਥੋਂ ਦੇ ਪਿੰਡ ਦੀ ਪੰਚਾਇਤ ਵੀ ਮੈਨੂੰ 4-5 ਦਿਨ ਹੋਏ ਮਿਲ ਕੇ ਗਈ ਹੈ। ਇਸ ਕਰਕੇ ਕੋਈ ਫਿਕਰ ਨਾ ਕਰੋ। ਇੰਨੀ ਵਧੀਆ ਸੜਕ ਬਣਵਾ ਦੇਵਾਂਗੇ ਕਿ ਤੁਸੀਂ ਭੰਗੜਾ ਹੀ ਪਾਉਂਦੇ ਜਾਓਗੇ।

**ਸਰਦਾਰ ਈਸ਼ਰ ਸਿੰਘ :** ਸਪੀਕਰ ਸਾਹਿਬ, ਸਤਿਕਾਰਯੋਗ ਮੁੱਖ ਮੰਤਰੀ ਜੀ ਨੇ ਕਿਹਾ ਹੈ ਕਿ ਉਨ੍ਹਾਂ ਦਾ ਵਾਅਦਾ ਸੀ ਪਰ ਇਸ ਗੱਲ ਦਾ ਬੜਾ ਅਫਸੋਸ ਹੈ ਕਿ ਮੰਤਰੀ ਜੀ ਨੇ ਕਿਹਾ ਕਿ ਉਨ੍ਹਾਂ ਦਾ ਕੋਈ ਵਾਅਦਾ ਨਹੀਂ ਹੈ। ਇਸ ਪਵਿੱਤਰ ਹਾਊਸ ਵਿਚ ਇਨ੍ਹਾਂ ਨੇ ਵਾਅਦਾ ਕਿਹਾ ਹੈ, ਇਸ ਨੂੰ ਕਿਰਪਾ ਕਰਕੇ ਸਮਾਂਬੱਧ ਕਰਨ ਤਾਂ, ਸੀ.ਐਮ. ਸਾਹਿਬ, ਤੁਹਾਡਾ ਬੜਾ ਧੰਨਵਾਦੀ ਹੋਵਾਂਗਾ।

**ਮਾਨਯੋਗ ਸਪੀਕਰ :** ਵੇਖੋ, ਗੱਲ ਸੁਣੋ। ਇੱਕ ਮਿੰਟ, ਪੈਸੇ ਰਿਲੀਜ਼ ਹੋ ਗਏ, ਸੈਂਕਸ਼ਨ ਹੋ ਗਈ। ਹੋਰ ਆਪਾਂ ਕੀ ਗੱਲ ਕਰਨੀ ਹੋਈ? ਜਿਹੜੀਆਂ ਚੀਜਾਂ ਲੋੜੀਂਦੀਆਂ

Original with;
Punjab Vidhan Sabha
Digitized by;
Panjab Digital Library

ਹਨ, ਉਹ ਤਾਂ ਹੋ ਗਈਆਂ ਹਨ। ਅਗਲਾ ਸਵਾਲ ਜੀ।

**ਸਰਦਾਰ ਈਸ਼ਰ ਸਿੰਘ :** ਦੇਖੋ ਜੀ, ਫਿਰ ਬਾਅਦ ਵਿਚ ਨਾ ਕਹਿਓ ਕਿ ਕੋਡ ਆਫ ਕੰਡਕਟ ਲੱਗ ਗਿਆ ਜੀ।

---

## ਨਿਸ਼ਾਨ ਵਾਲਾ ਪ੍ਰਸ਼ਨ ਨੰ: 2225**

**ਮਾਨਯੋਗ ਸਪੀਕਰ :** ਇਹ ਪ੍ਰਸ਼ਨ ਮੁਲਤਵੀ ਕੀਤਾ ਗਿਆ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਰ, ਇਹੀ ਸਵਾਲ ਪਹਿਲਾਂ ਮੋਫਰ ਸਾਹਿਬ ਨੇ ਲਗਾਇਆ ਸੀ। ਉਨ੍ਹਾਂ ਨੇ ਗਲਤ ਲਗਾ ਦਿੱਤਾ, ਐਸ.ਸੀ., ਬੀ.ਸੀ. ਵਰਡ ਬੱਚਿਆਂ ਦੇ ਵਜ਼ੀਫਿਆਂ ਵਾਸਤੇ ਨਹੀਂ ਲਿਖਿਆ ਗਿਆ ਸੀ। ਮੇਰੇ ਵਾਲੇ ਸਵਾਲ ਵਿਚ ਐਸ.ਸੀ., ਬੀ.ਸੀ. ਵਰਡ ਲਿਖਿਆ ਹੈ, ਇਹ ਸਵਾਲ ਲੰਗਾਹ ਸਾਹਿਬ ਨੂੰ ਨਹੀਂ, ਇਹ ਤਾਂ ਰਣੀਕੇ ਸਾਹਿਬ ਨੂੰ ਹੈ, ਉਨ੍ਹਾਂ ਨੂੰ ਜਵਾਬ ਦੇਣਾ ਚਾਹੀਦਾ ਹੈ। (ਹਾਸਾ)

**ਮਾਨਯੋਗ ਸਪੀਕਰ :** ਜਵਾਬ ਤਾਂ ਜਿਹੜਾ ਆਵੇ, ਉਹ ਦੇਣਾ ਹੁੰਦਾ ਹੈ। ਮੇਰੇ ਕੋਲ ਆਇਆ ਹੈ ਕਿ ਇਹ ਮੁਲਤਵੀ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਜੋ ਲੋਕਾਂ ਦੇ ਖਦਸ਼ੇ ਹਨ, ਉਹ ਮੈਂ ਹਾਊਸ ਵਿਚ ਰੱਖ ਦਿੰਦਾ ਹਾਂ, ਇਹ ਬਾਅਦ ਵਿਚ ਜਵਾਬ ਦੇ ਦੇਣ। ਸਪੀਕਰ ਸਾਹਿਬ, 58 ਕਰੋੜ ਰੁਪਿਆ ਗਰੀਬਾਂ ਲਈ ਕੇਂਦਰ ਸਰਕਾਰ ਪਾਸੋਂ ਆਇਆ ਸੀ, ਉਹ ਨਹੀਂ ਦਿੱਤਾ ਗਿਆ।

**ਮਾਨਯੋਗ ਸਪੀਕਰ :** ਤੁਸੀਂ ਬੈਠੋ ਪਲੀਜ਼, ਤੁਸੀਂ ਗੱਲ ਜ਼ਰੂਰ ਕਰਨੀ ਹੁੰਦੀ ਹੈ। ਹਾਂ ਜੀ, ਸ਼੍ਰੀ ਜਗਦੀਸ਼ ਸਾਹਨੀ ਜੀ। ਉਹ ਬੈਠੇ ਨਹੀਂ ਹਨ। ਅਗਲਾ ਸਵਾਲ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਇਹ ਫੈਸਲਾ ਕੀਤਾ ਗਿਆ ਸੀ ਕਿ ਜੇਕਰ ਸਵਾਲ ਕਰਨ ਵਾਲਾ ਮੈਂਬਰ ਸਦਨ ਵਿਚ ਹਾਜ਼ਰ ਨਾ ਵੀ ਹੋਵੇ ਤਾਂ ਵੀ ਸਬੰਧਤ ਮੰਤਰੀ ਸਾਹਿਬ ਉਸ ਦੇ ਉਤੇ ਜਵਾਬ ਦਿਆ ਕਰਨਗੇ।

**ਮਾਨਯੋਗ ਸਪੀਕਰ :** ਹਾਂ, ਮੈਂ ਹੁਣ ਵੀ ਉਸ ਦੇ ਉਤੇ ਕਾਇਮ ਹਾਂ। ਜਿਹੜਾ ਉਨ੍ਹਾਂ ਦਾ ਸਵਾਲ ਨੰ: 2273 ਹੈ ਉਸ ਦੇ ਉਤੇ ਜੇ ਕੋਈ ਹੋਰ ਜਵਾਬ ਹੈ ਤਾਂ ਪੁੱਛ ਲਵੋ।

**ਸਰਦਾਰ ਅਵਤਾਰ ਸਿੰਘ ਬਰਾੜ :** ਤੁਸੀਂ ਜਵਾਬ ਦਿਵਾ ਦਿਉ।

**ਮਾਨਯੋਗ ਸਪੀਕਰ :** ਉਹ ਜਵਾਬ ਤਾਂ ਹੀ ਦੇਣਗੇ ਜੇਕਰ ਕੋਈ ਮੈਂਬਰ ਪੁੱਛੇਗਾ।

---

**For Starred Question No. 2225 and reply thereto, please see Appendix to this Debates.

Original with;
Punjab Vidhan Sabha
Digitized by;
Panjab Digital Library

**ਸਰਦਾਰ ਅਵਤਾਰ ਸਿੰਘ ਬਰਾੜ** : ਜੋ ਸਾਹਨੀ ਸਾਹਿਬ ਨੇ ਸਵਾਲ ਕੀਤਾ ਹੈ, ਆਨਰੇਬਲ ਵਜ਼ੀਰ ਸਾਹਿਬ ਉਸ ਦਾ ਜਵਾਬ ਦੇਣ। (ਹਾਸਾ) ਲਓ ਜੀ, ਜੇਕਰ ਤੁਸੀਂ ਫਾਰਮੈਲਿਟੀ ਚਾਹੁੰਦੇ ਹੋ ਤਾਂ *2273 ਸਵਾਲ ਨੰ: ਹੈ।

---

## ਨਹਿਰਾਂ/ਸੂਇਆਂ ਦੀ ਸਫਾਈ

***2273. ਸ਼੍ਰੀ ਜਗਦੀਸ਼ ਸਾਹਨੀ** : ਕੀ ਸਿੰਚਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਸਰਕਾਰ ਦੇ ਧਿਆਨ ਵਿਚ ਹੈ ਕਿ ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੀਆਂ ਨਹਿਰਾਂ ਅਤੇ ਸੂਇਆਂ ਦੀ ਸਫਾਈ ਸਮੇਂ ਸਿਰ ਨਾ ਕਰਾਉਣ ਕਰਕੇ ਬਰਸਾਤਾਂ ਵਿਚ ਕਿਸਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ। ਜੇਕਰ ਅਜਿਹਾ ਹੋਵੇ ਤਾਂ ਇਸ ਦੇ ਕੀ ਕਾਰਨ ਹਨ ਅਤੇ ਹੁਣ ਇਨ੍ਹਾਂ ਨਹਿਰਾਂ ਅਤੇ ਸੂਇਆਂ ਦੀ ਸਫਾਈ ਕਿੰਨੇ ਚਿਰ ਵਿਚ ਕਰਵਾ ਦਿੱਤੀ ਜਾਵੇਗੀ?

**ਸਰਦਾਰ ਜਨਮੇਜਾ ਸਿੰਘ ਸੇਖੋਂ** : ਜ਼ਿਲ੍ਹਾ ਗੁਰਦਾਸਪੁਰ ਵਿਚ ਪੈਂਦੀਆਂ ਨਹਿਰਾਂ ਤੇ ਸੂਇਆਂ ਦੀ ਕੁੱਲ ਲੰਬਾਈ 1007 ਕਿ. ਮੀਟਰ ਵਿਚੋਂ 588 ਕਿ. ਮੀਟਰ ਲੋੜੀਂਦੀ ਰੀਚਾਂ ਵਿਚ ਸਫਾਈ ਸਮੇਂ ਸਿਰ ਕਰਵਾ ਦਿੱਤੀ ਗਈ ਸੀ ਅਤੇ ਟੇਲਾਂ ਤੱਕ ਸਮੱਰਥਾ ਮੁਤਾਬਕ ਪਾਣੀ ਇਸ ਸੀਜ਼ਨ ਵਿਚ ਪਹੁੰਚਦਾ ਰਿਹਾ ਹੈ। ਨਹਿਰਾਂ ਤੇ ਸੂਇਆਂ ਦੀ ਸਫਾਈ ਨਾ ਕਰਵਾਉਣ ਕਾਰਨ ਬਰਸਾਤਾਂ ਵਿਚ ਕਿਸਾਨਾਂ ਦਾ ਕੋਈ ਨੁਕਸਾਨ ਨਹੀਂ ਹੋਇਆ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਸਪੀਕਰ ਸਾਹਿਬ, ਇਹ ਕੇਵਲ ਗੁਰਦਾਸਪੁਰ ਦਾ ਹੀ ਦੱਸਣਗੇ ਜਾਂ ਫਾਜ਼ਿਲਕਾ ਤੇ ਫਿਰੋਜ਼ਪੁਰ ਤੇ ਸਾਡੇ ਏਰੀਏ ਮੁਕਤਸਰ ਦਾ ਵੀ ਦੱਸਣਗੇ? ਕੀ ਉਨ੍ਹਾਂ ਸਬੰਧੀ ਮੰਤਰੀ ਜੀ ਪਾਸ ਕਾਗਜ਼ ਹਨ?

**ਸਿੰਚਾਈ ਮੰਤਰੀ (ਬੈਠੇ-ਬੈਠੇ)** : ਜੇਕਰ ਤੁਸੀਂ ਪੁੱਛਦੇ ਤਾਂ ਤੁਹਾਡੇ ਬਾਰੇ ਵੀ ਦੱਸ ਦੇਣਾ ਸੀ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਇਸ ਸਵਾਲ ਦੇ ਵਿਚ ਦੇ ਦਿਉ। ਡੀਸਿਲਟਿੰਗ ਦੀ ਗੱਲ ਹੈ ਉਸ ਦਾ ਜਵਾਬ ਦੇ ਦਿਉ। ਮੈਂ ਜਵਾਬ ਪੁੱਛ ਲਵਾਂਗਾ।

**ਮਾਨਯੋਗ ਸਪੀਕਰ** : ਇਹ ਸਵਾਲ ਦਾ ਜਵਾਬ ਜਿਹੜਾ ਹੈ ਉਹ ਗੁਰਦਾਸਪੁਰ ਨਾਲ ਸਬੰਧਤ ਹੈ ਤੇ ਤੁਸੀਂ ਤਾਂ ਫਾਜ਼ਿਲਕਾ ਤੇ ਫਿਰੋਜ਼ਪੁਰ ਵਾਲੇ ਪਾਸੇ ਚਲੇ ਗਏ ਹੋ। ਨਹੀਂ ਜੀ, ਜਿਹੜਾ ਸਵਾਲ ਹੈ ਉਸ ਦਾ ਜਵਾਬ ਹੀ ਮੰਤਰੀ ਜੀ ਨੇ ਦੇਣਾ ਹੈ।

**ਸ਼੍ਰੀ ਸੁਨੀਲ ਕੁਮਾਰ ਜਾਖੜ** : ਜੇਕਰ ਤੁਸੀਂ ਮੌਕਾ ਦਿਉਗੇ ਤਾਂ ਉਹ ਵੀ ਜ਼ੀਰੋ ਆਵਰ ਦੇ ਵਿਚ ਪੁੱਛ ਲਵਾਂਗੇ। (ਹਾਸਾ)

Original with;
Punjab Vidhan Sabha
Digitized by;
Panjab Digital Library

**ਸਿੰਚਾਈ ਮੰਤਰੀ (ਬੈਠੇ-ਬੈਠੇ) :** ਤੁਹਾਡੇ ਟੇਲਾਂ ਤੱਕ ਪਾਣੀ ਪਹੁੰਚਾ ਦਿੱਤਾ ਹੈ, ਪਰ ਤੁਸੀਂ ਅਜੇ ਵੀ ਰਾਜ਼ੀ ਨਹੀਂ ਹੋ।

**ਮਾਨਯੋਗ ਸਪੀਕਰ :** ਇਹ ਜੀ ਕਈਆਂ ਦਾ ਸੁਭਾਅ ਹੀ ਇਸ ਤਰ੍ਹਾਂ ਦਾ ਹੁੰਦਾ ਹੈ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੇਰੀ ਇੱਕ ਡਿਸਟ੍ਰੀਬਿਊਟਰੀ ਹੈ ਜਿਹੜੀ ਕਿ ਇਨ੍ਹਾਂ ਦੇ ਹਲਕੇ ਦੇ ਵਿਚੋਂ ਦੀ ਆਉਂਦੀ ਹੈ। ਜਦੋਂ ਪਾਣੀ ਦੀ ਲੋੜ ਹੁੰਦੀ ਹੈ ਉਸ ਵੇਲੇ ਪਾਣੀ ਆਉਂਦਾ ਨਹੀਂ ਹੈ ਲੇਕਿਨ ਜਦੋਂ ਹੁਣ ਫਲੱਡ ਆਇਆ ਤਾਂ ਉਸ ਵੇਲੇ ਪਾਣੀ ਟੇਲਾਂ ਦੇ ਉਤੇ ਪਹੁੰਚਾ ਦਿੱਤਾ। ਤੁਸੀਂ ਇਸ ਦੀ ਚਾਹੇ ਇਨਕੁਆਇਰੀ ਕਰਵਾ ਲਵੋ।

**ਮਾਨਯੋਗ ਸਪੀਕਰ :** ਬਰਾੜ ਸਾਹਿਬ, ਤੁਸੀਂ ਬੈਠੋ। ਅਗਲਾ ਸਵਾਲ।

---

## ਨਕੋਦਰ ਵਿਖੇ ਟ੍ਰੀਟਮੈਂਟ ਪਲਾਂਟ ਲਗਾਉਣਾ

***2255. ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੀ ਇਹ ਠੀਕ ਹੈ ਕਿ ਮਿਤੀ 10.02.2011 ਨੂੰ ਕੀਤੇ ਗਏ ਆਪਣੇ ਸੰਗਤ ਦਰਸ਼ਨ ਪ੍ਰੋਗਰਾਮ ਦੌਰਾਨ ਮੁੱਖ ਮੰਤਰੀ ਨੇ ਨਕੋਦਰ ਵਿਖੇ ਟਰੀਟਮੈਂਟ ਪਲਾਂਟ ਸਥਾਪਿਤ ਕਰਨ ਲਈ 12.98 ਕਰੋੜ ਰੁਪਏ ਮਨਜ਼ੂਰ ਕੀਤੇ ਸਨ;

(ਅ) ਕੀ ਇਹ ਵੀ ਠੀਕ ਹੈ ਕਿ ਨਗਰ ਕੌਂਸਲ, ਨਕੋਦਰ ਨੇ ਉਕਤ ਪ੍ਰੋਜੈਕਟ ਲਈ 2 ਏਕੜ ਜ਼ਮੀਨ ਦਿੱਤੀ ਹੈ;

(ੲ) ਜੇਕਰ ਉਪਰੋਕਤ ਦਾ ਉੱਤਰ ਹਾਂ ਵਿਚ ਹੋਵੇ ਤਾਂ ਇਸ ਪ੍ਰੋਜੈਕਟ ਦੀ ਮੌਜੂਦਾ ਸਥਿਤੀ ਕੀ ਹੈ?

**ਸ਼੍ਰੀ ਤਿਕਸ਼ਨ ਸੂਦ :** ਸ਼੍ਰੀਮਾਨ ਜੀ, (ੳ) ਮਾਨਯੋਗ ਮੁੱਖ ਮੰਤਰੀ ਜੀ ਨੇ 10.2.2011 ਨੂੰ ਨਕੋਦਰ ਵਿਖੇ ਸੀਵੇਜ ਟਰੀਟਮੈਂਟ ਪਲਾਂਟ ਲਗਾਉਣ ਦੀ ਘੋਸ਼ਣਾ ਕੀਤੀ ਸੀ ਅਤੇ ਪੰਜਾਬ ਵਾਟਰ ਸਪਲਾਈ ਤੇ ਸੀਵਰੇਜ਼ ਬੋਰਡ ਦੇ ਅਧਿਕਾਰੀਆਂ ਨੂੰ ਤਖ਼ਮੀਨੇ ਤਿਆਰ ਕਰਨ ਦੇ ਹੁਕਮ ਕੀਤੇ ਸਨ। ਇਸ ਸਟੇਜ ਤੇ ਕੋਈ ਫੰਡ ਮਨਜ਼ੂਰ ਕਰਨ ਦੀ ਸਥਿਤੀ ਨਹੀਂ ਸੀ।

(ਅ) ਨਗਰ ਕੌਂਸਲ, ਨਕੋਦਰ ਨੇ ਇਸ ਮੰਤਵ ਲਈ 2 ਏਕੜ ਜਗ੍ਹਾ ਦੇਣ ਦਾ ਮਤਾ 11.2.2011 ਨੂੰ ਪਰਵਾਨ ਕੀਤਾ ਸੀ।

(ੲ) ਇਸ ਪ੍ਰੋਜੈਕਟ ਦਾ ਐਸਟੀਮੇਟ 10 ਕਰੋੜ 48 ਲੱਖ ਰੁਪਏ ਬਣਿਆ ਹੈ। ਇਸ ਲਈ ਫੰਡਾਂ ਦਾ ਪ੍ਰਬੰਧ ਕਰਨ ਲਈ ਯਤਨ ਕੀਤੇ ਜਾ ਰਹੇ ਹਨ।

Original with;
Punjab Vidhan Sabha
Digitized by;
Panjab Digital Library

**ਸਰਦਾਰ ਅਮਰਜੀਤ ਸਿੰਘ ਸਮਰਾ :** ਸਪੀਕਰ ਸਾਹਿਬ, ਮੁੱਖ ਮੰਤਰੀ ਜੀ ਨੇ ਪੰਜਾਬ ਦੇ ਬਹੁਤ ਸਾਰੇ ਅਸੈਂਬਲੀ ਹਲਕਿਆਂ ਦੇ ਵਿਚ ਦੌਰੇ ਕੀਤੇ ਹਨ ਅਤੇ ਉਥੇ ਇਹ ਸੰਗਤ ਦਰਸ਼ਨ ਦੇ ਦੌਰਾਨ ਪੈਸੇ ਵੀ ਦੇ ਕੇ ਆਏ ਸਨ। ਇਹ ਨਕੋਦਰ ਹਲਕੇ ਦੇ ਵਿਚ ਵੀ ਕਈ ਵਾਰੀ ਗਏ ਹਨ। ਪਹਿਲਾਂ ਸਾਲ 2007 ਦੇ ਵਿਚ 12 ਕਰੋੜ 98 ਲੱਖ ਰੁਪਿਆ ਉਦੋਂ ਵੀ ਮਨਜ਼ੂਰ ਹੋਇਆ ਸੀ ਤੇ ਉਹ ਸਵਾਲ ਨੰ: 177 ਸੀ। ਉਦੋਂ ਵੀ ਪੂਰਾ ਯਕੀਨ ਦਿਵਾਇਆ ਗਿਆ ਸੀ ਅਤੇ 2 ਕਰੋੜ ਰੁਪਿਆ ਲੱਗ ਵੀ ਗਿਆ ਸੀ ਪਰ ਬਾਅਦ ਵਿਚ ਪਤਾ ਨਹੀਂ ਕੀ ਕਾਰਨ ਸੀ ਕਿ ਉਹ ਕੰਮ ਬੰਦ ਕਰ ਦਿੱਤਾ ਗਿਆ। ਹੁਣ ਸਾਨੂੰ ਪੂਰੀ ਆਸ ਸੀ ਤੇ ਮਿਉਂਸਿਪੈਲਿਟੀ ਨੇ 2 ਏਕੜ ਜਗ੍ਹਾ ਲਈ ਰੈਜ਼ੋਲਿਊਸ਼ਨ ਪਾ ਦਿੱਤਾ ਹੈ। ਮੇਰੀ ਮੁੱਖ ਮੰਤਰੀ ਜੀ ਨੂੰ ਇਹ ਹੀ ਬੇਨਤੀ ਹੈ ਕਿ ਨਕੋਦਰ ਸ਼ਹਿਰ ਦੁਆਬੇ ਦਾ ਬਹੁਤ ਪੱਛੜਿਆ ਹੋਇਆ ਸ਼ਹਿਰ ਹੈ। ਇਸ ਕਰਕੇ ਇਹ ਸੀਵਰੇਜ ਟਰੀਟਮੈਂਟ ਪਲਾਂਟ ਲਗਾਉਣ ਦਾ ਪ੍ਰਬੰਧ ਜ਼ਰੂਰ ਕੀਤਾ ਜਾਵੇ। ਮੁੱਖ ਮੰਤਰੀ ਜੀ ਪਾਸ ਮੇਰੀ ਇਹ ਹੀ ਬੇਨਤੀ ਹੈ।

**ਮਾਨਯੋਗ ਸਪੀਕਰ :** ਤੁਸੀਂ ਅੱਗੇ ਸਵਾਲ ਪੁੱਛ ਲਿਆ ਹੈ।

**ਸਰਦਾਰ ਅਮਰਜੀਤ ਸਿੰਘ ਸਮਰਾ :** ਪੁੱਛ ਲਿਆ ਹੈ ਪਰ ਹੁਣ ਜਵਾਬ ਇਨ੍ਹਾਂ ਨੇ ਦੇਣਾ ਹੈ।

**ਮਾਨਯੋਗ ਸਪੀਕਰ :** ਤੁਸੀਂ ਪਹਿਲਾਂ ਵੀ ਸਵਾਲ ਪੁੱਛ ਲਿਆ ਹੈ।

**ਸਰਦਾਰ ਅਮਰਜੀਤ ਸਿੰਘ ਸਮਰਾ :** ਇਹ ਪਹਿਲਾਂ ਵੀ ਆ ਚੁੱਕਾ ਹੈ ਜੀ। ਪਰ ਜੋ ਪਹਿਲਾਂ ਪੁੱਛਿਆ ਸੀ, ਉਸ ਮੁਤਾਬਕ ਕਿਹਾ ਗਿਆ ਸੀ ਕਿ ਸਾਲ 2008 ਵਿਚ ਇਹ ਪ੍ਰੋਜੈਕਟ ਕੰਪਲੀਟ ਹੋ ਜਾਵੇਗਾ। ਉਸ ਤੋਂ ਬਾਅਦ ਸਾਲ 2009 ਵਿਚ ਫਿਰ ਸਾਡੇ ਪਿਛਲੇ ਮੰਤਰੀ, ਜਿਹੜੇ ਕਿ ਹੁਣ ਮੰਤਰੀ ਨਹੀਂ ਰਹੇ, ਉਨ੍ਹਾਂ ਦੇ ਵੈਸੇ ਤਾਂ ਨਾਨਕੇ ਵੀ ਨਕੋਦਰ ਵਿਚ ਹਨ, ਉਨ੍ਹਾਂ ਨੇ ਪੂਰਾ ਯਕੀਨ ਦਿਵਾਇਆ ਸੀ। ਸੈਂਟਰ ਦੀ ਇੱਕ ਸਕੀਮ ਫਾਰ ਸਮਾਲ ਐਂਡ ਮੀਡੀਅਮ ਟਾਊਨਜ਼ ਆਈ ਸੀ, ਉਨ੍ਹਾਂ ਨੇ ਕਿਹਾ ਸੀ ਕਿ ਉਸ ਦੇ ਵਿਚ ਪਾ ਕੇ ਇਸ ਨੂੰ ਕੰਪਲੀਟ ਕਰਵਾ ਦਿਆਂਗੇ ਪਰ ਉਹ ਵੀ ਰਹਿ ਗਿਆ। ਹੁਣ ਸੰਗਤ ਦਰਸ਼ਨ ਵਿਚ ਫਿਰ ਇਹ ਯਕੀਨ ਦਿਵਾ ਕੇ ਆਏ ਹਨ। ਪਰ ਪਤਾ ਨਹੀਂ ਇਹ ਕਿਉਂ ਨਹੀਂ ਕਰਵਾ ਰਹੇ? ਜਾਂ ਤਾਂ ਇਹ ਇਸ ਕਰਕੇ ਨਰਾਜ਼ ਹਨ ਕਿਉਂਕਿ ਜਲੰਧਰ ਵਿਚੋਂ ਇੱਕੋ ਹੀ ਸੀਟ ਜਿੱਤੀ ਗਈ ਹੈ, ਇਸ ਕਰਕੇ ਨਕੋਦਰ ਨਾਲ ਵਿਤਕਰਾ ਕਰਦੇ ਹਨ। ਇਹ ਮੈਨੂੰ ਸਮਝ ਨਹੀਂ ਆਉਂਦੀ। ਮੇਰੀ ਦੁਬਾਰਾ ਇਸ ਬਾਰੇ ਬੇਨਤੀ ਹੈ ਪਰ ਇਸ ਵਿਚ ਲੋਕਾਂ ਦਾ ਤਾਂ ਕੋਈ ਕਸੂਰ ਨਹੀਂ ਹੈ। ਆਮ ਤੌਰ ਤੇ ਤੁਸੀਂ ਜਿੱਥੇ ਵੀ ਗਏ ਹੋ, ਉਥੇ ਕੁਝ ਦੇ ਕੇ ਆਏ ਹੋ। ਫਿਰ ਇਹ ਕਿਉਂ ਨਹੀਂ ਕੰਪਲੀਟ ਹੁੰਦਾ?

**ਮੰਤਰੀ :** ਸਪੀਕਰ ਸਾਹਿਬ, ਪਹਿਲਾਂ ਹੀ ਭਾਗ 'ੳ', 'ਅ' ਅਤੇ 'ੲ' ਤਹਿਤ ਜਵਾਬ ਕਾਫੀ ਡਿਟੇਲ ਵਿਚ ਦੇ ਦਿੱਤਾ ਹੈ। ਪਰ ਜਿਸ ਵੇਲੇ ਮਾਨਯੋਗ ਮੁੱਖ ਮੰਤਰੀ ਜੀ ਨੇ ਵਾਟਰ ਸਪਲਾਈ ਅਤੇ ਸੀਵਰੇਜ ਦਾ ਕੰਮ ਕਰਵਾਉਣ ਬਾਰੇ ਕਿਹਾ ਸੀ, ਉਸ ਤੋਂ ਬਾਅਦ

Original with;
Punjab Vidhan Sabha
Digitized by;
Panjab Digital Library

ਨਕੋਦਰ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਸਥਾਪਤ ਕਰਨ ਦੀ ਘੋਸ਼ਣਾ ਕੀਤੀ ਸੀ। ਇਸ ਲਈ ਐਸਟੀਮੇਟ ਤਿਆਰ ਕਰਨ ਦੇ ਆਦੇਸ਼ ਦੇ ਦਿੱਤੇ ਸੀ। ਨਕੋਦਰ ਵਿਖੇ ਸੀਵਰੇਜ ਟਰੀਟਮੈਂਟ ਪਲਾਂਟ ਲਗਾਏ ਜਾਣ ਦਾ ਤਖ਼ਮੀਨਾ ਤਿਆਰ ਕੀਤਾ ਗਿਆ ਜੋ ਕਿ ਤਕਨੀਕੀ ਪ੍ਰਵਾਨਗੀ ਲਈ ਮਿਤੀ 26.4.2011 ਨੂੰ ਭੇਜਿਆ ਗਿਆ ਅਤੇ ਮਾਨਯੋਗ ਮੁੱਖ ਮੰਤਰੀ ਜੀ ਦੇ ਤਕਨੀਕੀ ਸਲਾਹਕਾਰ ਵਲੋਂ 10 ਕਰੋੜ 48 ਲੱਖ ਰੁਪਏ ਦਾ ਮਿਤੀ 26.5.2011 ਨੂੰ ਮਨਜ਼ੂਰ ਕੀਤਾ ਗਿਆ। ਇਹ ਐਸਟੀਮੇਟ ਪੀ.ਆਈ.ਡੀ.ਬੀ. ਨੂੰ ਫੰਡਾਂ ਦਾ ਪ੍ਰਬੰਧ ਕਰਨ ਹਿੱਤ ਮਿਤੀ 2.6.11 ਨੂੰ ਭੇਜਿਆ ਗਿਆ ਸੀ। ਨਗਰ ਕੌਂਸਲ ਨੇ 11.2.2011 ਨੂੰ ਇਸ ਮੰਤਵ ਲਈ ਦੋ ਏਕੜ ਜ਼ਮੀਨ ਦੇਣ ਦਾ ਮਤਾ ਪਾਸ ਕੀਤਾ ਸੀ ਪਰੰਤੂ ਹੁਣ ਤੱਕ ਫੰਡ ਪ੍ਰਾਪਤ ਨਹੀਂ ਹੋਏ। ਫੰਡ ਪ੍ਰਾਪਤ ਹੋ ਜਾਣ ਉਪਰੰਤ ਸੀਵਰੇਜ ਟਰੀਟਮੈਂਟ ਪਲਾਂਟ ਡੇਢ ਸਾਲ ਵਿਚ ਸਥਾਪਿਤ ਕਰ ਦਿੱਤਾ ਜਾਵੇਗਾ।

**ਸਰਦਾਰ ਅਵਤਾਰ ਸਿੰਘ ਬਰਾੜ :** ਸਪੀਕਰ ਸਾਹਿਬ, ਮੈਂ ਆਪਣੇ ਸਾਥੀ ਨੂੰ ਦੱਸਣਾ ਚਾਹਾਂਗਾ ਕਿ ਸੂਦ ਸਾਹਿਬ ਨੇ ਤਾਂ ਹਰ ਕੰਮ ਬਾਰੇ 'ਨਾਂਹ' ਕਰਨ ਦੀ ਜ਼ਿੰਮੇਵਾਰੀ ਲਈ ਹੋਈ ਹੈ। ਹੁਣ ਤਾਂ ਸੂਦ ਸਾਹਿਬ ਨੇ ਇਸ ਦਾ ਕੰਮ ਬਿਲਕੁਲ ਨਹੀਂ ਕਰਨਾ ਕਿਉਂਕਿ ਉਥੇ ਕਾਲੀਆ ਸਾਹਿਬ ਦੀ ਰਿਸ਼ਤੇਦਾਰੀ ਹੈ। ਅੱਜ ਬਾਦਲ ਸਾਹਿਬ ਨੇ ਨਵੀਂ ਰਿਵਾਇਤ ਪਾਈ ਹੈ ਕਿ ਮਨਿਸਟਰ 'ਨਾਂਹ' ਕਰਦੇ ਹਨ ਅਤੇ ਉਹ 'ਹਾਂ' ਕਰਦੇ ਹਨ। ਉਹ ਆਪਣੀ ਕੀਤੀ ਹੋਈ ਕੁਮਿਟਮੈਂਟ ਨੂੰ ਪੂਰਾ ਕਰਨ ਦਾ ਵਿਸ਼ਵਾਸ ਦਿਵਾਉਂਦੇ ਹਨ। ਕਿਉਂਕਿ ਇਹ ਕੁਮਿਟਮੈਂਟ ਬਾਦਲ ਸਾਹਿਬ ਦੀ ਹੈ, ਮੈਂ ਬਾਦਲ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸਮਰਾ ਸਾਹਿਬ ਨੂੰ ਵੀ ਇਹ ਇਨਸਾਫ ਦੇਣਗੇ, ਜਿਵੇਂ ਕਿ ਅੱਗੇ ਦੂਜੇ ਸਾਥੀਆਂ ਨੂੰ ਦਿੱਤਾ ਹੈ?

**ਮਾਨਯੋਗ ਸਪੀਕਰ :** ਹਾਂ ਜੀ, ਸੂਦ ਜੀ, ਕੀ ਕਰੋਗੇ?

**ਮੰਤਰੀ :** ਸਪੀਕਰ ਸਾਹਿਬ, ਅਸੀਂ ਕਿਹੜਾ ਨਾਂਹ ਕਰਦੇ ਹਾਂ ਜੀ। ਆਫਟਰ ਆਲ ਐਸਟੀਮੇਟ ਬਣਿਆ ਹੈ ਅਤੇ ਤਕਨੀਕੀ ਪ੍ਰਵਾਨਗੀ ਲਈ ਹੈ ਅਤੇ ਫੰਡਾਂ ਦੀ ਪ੍ਰਾਪਤੀ ਲਈ ਪੀ.ਆਈ.ਡੀ.ਬੀ. ਨੂੰ ਲਿਖ ਦਿੱਤਾ ਹੈ ਜੀ। ਇਹ ਤਾਂ ਸਮਾਲ ਟਾਊਨਜ਼ ਬਾਰੇ ਗੱਲ ਕਰਦੇ ਹਨ। ਉਸ ਬਾਰੇ ਮੇਰੇ ਕੋਲ ਇਸ ਵਕਤ ਰਿਕਾਰਡ ਵਿਚ ਜਾਣਕਾਰੀ ਨਹੀਂ ਹੈ। ਅਸੀਂ ਪੀ.ਆਈ.ਡੀ.ਬੀ. ਨੂੰ ਲਿਖਿਆ ਹੈ, ਜਦੋਂ ਫੰਡ ਅਵੇਲੇਬਲ ਹੋ ਜਾਣਗੇ ਤਾਂ ਇਹ ਕਰ ਦਿਆਂਗੇ ਜੀ।

**ਸਰਦਾਰ ਅਮਰਜੀਤ ਸਿੰਘ ਸਮਰਾ :** ਮੁੱਖ ਮੰਤਰੀ ਸਾਹਿਬ ਇਸ ਵੇਲੇ ਬਿਲਕੁਲ ਹੀ ਚੁੱਪ ਬੈਠੇ ਹਨ। ਮੁੱਖ ਮੰਤਰੀ ਸਾਹਿਬ, ਜਵਾਬ ਦੇ ਦਿਉ ਜੀ। ਮਾੜਾ-ਮੋਟਾ ਕਹਿ ਦਿਉ ਕਿ ਕਰ ਦੇਵਾਂਗੇ। (ਹਾਸਾ) ਜੇ ਨਹੀਂ ਹੋ ਸਕਦਾ ਤਾਂ ਬੇਸ਼ੱਕ ਨਾਂਹ ਹੀ ਕਰ ਦਿਉ ਪਰ ਕਹਿ ਤਾਂ ਦਿਉ।

**ਸਰਦਾਰ ਈਸ਼ਰ ਸਿੰਘ :** ਮੇਰੀ ਸਪਲੀਮੈਂਟਰੀ ਹੈ ਜੀ। ਸਪੀਕਰ ਸਾਹਿਬ,

Original with;
Punjab Vidhan Sabha
Digitized by;
Panjab Digital Library

[ ਸਰਦਾਰ ਈਸ਼ਰ ਸਿੰਘ ]

ਮੈਂ ਆਪ ਰਾਹੀਂ ਸਤਿਕਾਰਯੋਗ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਜਿਹੜਾ ਸ਼ਹਿਰਾਂ ਵਿਚ ਸੀਵਰੇਜ ਪਾਇਆ ਜਾਂਦਾ ਹੈ, ਇਹ ਗੰਦੇ ਪਾਣੀ ਦੇ ਨਿਕਾਸ ਵਾਸਤੇ ਹੁੰਦਾ ਹੈ। ਜਦੋਂ ਬਾਰਸ਼ਾਂ ਹੁੰਦੀਆਂ ਹਨ ਤਾਂ ਆਮ ਤੌਰ ਤੇ ਸ਼ਹਿਰਾਂ ਵਿਚ ਦੇਖਣ ਵਿਚ ਆਉਂਦਾ ਹੈ ਕਿ ਉਦੋਂ ਦੋ ਤੋਂ ਤਿੰਨ ਫੁੱਟ ਪਾਣੀ ਸੜਕਾਂ ਤੇ ਖੜ੍ਹ ਜਾਂਦਾ ਹੈ। ਉਸ ਬਾਰਸ਼ ਦੇ ਪਾਣੀ ਦੇ ਨਿਕਾਸ ਵਾਸਤੇ ਕੋਈ ਪ੍ਰੋਵੀਜ਼ਨ ਨਹੀਂ ਹੈ। ਜੇਕਰ ਸਥਾਨਕ ਸਰਕਾਰਾਂ ਦੀ ਮੀਟਿੰਗ ਦੌਰਾਨ ਕਦੇ ਗੱਲ ਕਰਦੇ ਹਾਂ ਤਾਂ ਕਹਿ ਦਿੰਦੇ ਹਨ ਕਿ ਸਰਕਾਰ ਇਸ ਤੇ ਵਿਚਾਰ ਕਰ ਰਹੀ ਹੈ। ਮੈਂ ਕਹਿੰਦਾ ਹਾਂ ਕਿ ਅੱਜ ਦੇ ਸਮੇਂ ਵਿਚ ਇਹ ਬਹੁਤ ਜ਼ਰੂਰੀ ਹੈ ਕਿਉਂਕਿ ਜਦੋਂ ਪਾਣੀ ਰੁਕ ਜਾਂਦਾ ਹੈ ਤਾਂ ਉਹ ਲੋਕਾਂ ਦੇ ਘਰਾਂ ਅਤੇ ਦੁਕਾਨਾਂ ਵਿਚ ਵੜ੍ਹ ਜਾਂਦਾ ਹੈ। ਮੈਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਕੀ ਸੀਵਰੇਜ ਦੇ ਨਾਲ ਸਰਕਾਰ ਨੇ ਕੋਈ ਸਟਾਰਮ ਸੀਵਰੇਜ ਪਾਉਣ ਦਾ ਫੈਸਲਾ ਕਰ ਲਿਆ ਹੈ ਜਾਂ ਨਹੀਂ ਕੀਤਾ?

**ਮਾਨਯੋਗ ਸਪੀਕਰ :** ਇਸ ਦਾ ਇਸ ਸਵਾਲ ਦੇ ਨਾਲ ਕੋਈ ਤਾਅਲੁੱਕ ਨਹੀਂ ਹੈ ਜੀ।

---

## ਲਿੰਕ ਸੜਕਾਂ ਦੀ ਮੁਰੰਮਤ

***2279. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਿਹਾਲ ਸਿੰਘ ਵਾਲਾ ਹਲਕੇ ਵਿਚ ਕਿਹੜੀ-ਕਿਹੜੀ ਸੜਕ ਦੀ ਰਿਪੇਅਰ/ਨਵੀਨੀਕਰਨ ਕਦੋਂ ਤੋਂ ਡਿਊ ਹੈ ਅਤੇ ਇਨ੍ਹਾਂ ਦੇ ਰਿਪੇਅਰ ਨਾ ਕੀਤੇ ਜਾਣ ਦੇ ਕੀ ਕਾਰਨ ਹਨ?

**ਸਰਦਾਰ ਸੁੱਚਾ ਸਿੰਘ ਲੰਗਾਹ :** ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਵਿਚ ਰਿਪੇਅਰ/ਨਵੀਨੀਕਰਨ ਲਈ ਡਿਊ ਸੜਕਾਂ ਦੀ ਕੁੱਲ ਲੰਬਾਈ 300.81 ਕਿਲੋਮੀਟਰ ਹੈ। ਇਨ੍ਹਾਂ ਵਿਚੋਂ 89.15 ਕਿਲੋਮੀਟਰ ਸੜਕਾਂ ਦੀ ਮੁਰੰਮਤ 3/2012 ਤੱਕ ਕਰ ਦਿੱਤੀ ਜਾਵੇਗੀ। ਡਿਟੇਲ ਅਨੁਲੱਗ 'ੳ' ਤੇ ਹੈ। ਬਾਕੀ ਸੜਕਾਂ ਦੀ ਮੁਰੰਮਤ ਫੰਡਾਂ ਦੀ ਉਪਲਬਧਤਾ ਅਨੁਸਾਰ ਕਰਵਾ ਦਿੱਤੀ ਜਾਵੇਗੀ।

Original with;
Punjab Vidhan Sabha
Digitized by;
Panjab Digital Library

## ਅਨੁਲੱਗ 'ੳ'

## ਡਿਊ ਰਿਪੇਅਰ ਸੜਕਾਂ/ਪ੍ਰਵਾਣਤ ਸੜਕਾਂ ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 1. | ਨਿਹਾਲ ਸਿੰਘ ਵਾਲਾ | ਮ.ਕ. ਦਫਤਰ ਤੋਂ ਨਿਹਾਲ ਸਿੰਘ ਵਾਲਾ ਤੋਂ ਮੰਡੀ ਨਿਹਾਲ ਸਿੰਘ ਵਾਲਾ | O-07022 | Mar-03 | 0.5 | |
| 2. | ਨਿਹਾਲ ਸਿੰਘ ਵਾਲਾ | ਬੁਰਜ ਹਮੀਰਾ ਤੋਂ ਦੀਨਾ ਸਾਹਿਬ ਅਪਟੂ ਜਫਰਨਾਮਾ ਰੋਡ | O-07014 | Sep-02 | 4.71 | |
| 3. | ਨਿਹਾਲ ਸਿੰਘ ਵਾਲਾ | ਹਿੰਮਤਪੁਰਾ ਤੋਂ ਮਜੂਕੇ | O-07050 | Mar-03 | 1.37 | 1.37 |
| 4. | ਨਿਹਾਲ ਸਿੰਘ ਵਾਲਾ | ਦੀਨਾ ਸਾਹਿਬ ਤੋਂ ਪੱਖਰਵੱਧ | O-07015 | Mar-03 | 3.77 | |
| 5. | ਨਿਹਾਲ ਸਿੰਘ ਵਾਲਾ | ਹਿੰਮਤਪੁਰਾ ਤੋਂ ਬਿਲਾਸਪੁਰ | O-07027 | Jun-03 | 4.76 | |
| 6. | ਨਿਹਾਲ ਸਿੰਘ ਵਾਲਾ | ਸਮਾਧ ਭਾਈ ਤੋਂ ਰੌਂਤਾ ਤੋਂ ਖਾਈ ਤੋਂ ਗਾਜੀਆਣਾ | O-07003 | Oct-03 | 11 | 11.00 |
| 7. | ਨਿਹਾਲ ਸਿੰਘ ਵਾਲਾ | ਮੋਗਾ-ਬਰਨਾਲਾ ਸੜਕ ਤੋਂ ਭਾਗੀਕੇ | O-07028 | Oct-03 | 8.59 | |
| 8. | ਨਿਹਾਲ ਸਿੰਘ ਵਾਲਾ | ਭਾਗੀਕੇ ਤੋਂ ਤਖਤੂਪੁਰਾ | O-07035 | Oct-03 | 2.58 | |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 9. | ਨਿਹਾਲ ਸਿੰਘ ਵਾਲਾ | ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਤੋਂ ਖੋਟੇ ਤੋਂ ਬਾੜੇਵਾਲਾ ਤੋਂ ਦੀਦਾਰੇਵਾਲਾ | O-07001 | Nov-03 | 8.25 | |
| 10. | ਨਿਹਾਲ ਸਿੰਘ ਵਾਲਾ | ਨੰਗਲ ਤੋਂ ਤਖਤੂਪੁਰਾ | O-07036 | Mar-04 | 3.7 | |
| 11. | ਨਿਹਾਲ ਸਿੰਘ ਵਾਲਾ. | ਪਤੋਂ ਹੀਰਾ ਸਿੰਘ ਤੋਂ ਖੋਟ | O-07010 | Jun-03 | 1.7 | |
| 12. | ਨਿਹਾਲ ਸਿੰਘ ਵਾਲਾ | ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਸੜਕ ਤੋਂ ਨਿਹਾਲ ਸਿੰਘ ਵਾਲਾ ਮੱਧੇਕੇ ਸੈਦੋਕੇ ਤੋਂ ਆਦਮਪੁਰਾ ਅਪਟੂ ਮ.ਕ. ਹੱਦ | O-07018 | Oct-03 | 11.98 | |
| 13. | ਨਿਹਾਲ ਸਿੰਘ ਵਾਲਾ | ਬੋਡੇ ਤੋਂ ਨੰਗਲ ਤੋਂ ਰਣਸੀਹ ਕਲਾਂ ਤੋਂ ਨਿਹਾਲ ਸਿੰਘ ਵਾਲਾ ਕੋਟਲਾ ਖੂਹਵਾਲਾ | O-07019 | Jun-03 | 8.82 | |
| 14. | ਨਿਹਾਲ ਸਿੰਘ ਵਾਲਾ | ਨਿਹਾਲ ਸਿੰਘ ਵਾਲਾ ਰਾਮਗੜ੍ਹ ਰੋਡ ਤੋਂ ਸੈਦੋਕੇ ਤੋਂ ਬੁਰਜ ਹਮੀਰਾਂ | O-07017 | Sep-04 | 8.62 | 8.62 |
| 15. | ਨਿਹਾਲ ਸਿੰਘ ਵਾਲਾ | ਪੱਤੋਂ ਹੀਰਾ ਸਿੰਘ ਵਾਲਾ ਤੋਂ ਦੀਦਾਰੇਵਾਲਾ ਤੋਂ ਸਮਾਧ ਭਾਈ ਮ.ਕ. ਹੱਦ | O-07008 | Sep-04 | 4.36 | 4.36 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 16. | ਨਿਹਾਲ ਸਿੰਘ ਵਾਲਾ | ਰੌਤਾਂ ਤੋਂ ਕੋਰ ਸਿੰਘ ਵਾਲਾ | O-07005 | Oct.-04 | 3.55 | |
| 17. | ਨਿਹਾਲ ਸਿੰਘ ਵਾਲਾ | ਦੀਦਾਰੇ ਵਾਲਾ ਤੋਂ ਰੌਤਾਂ ਤੋਂ ਪੱਥਰਵੱਧ ਤੋਂ ਦਿਆਲ ਪੁਰਾ ਮ.ਕ. ਹੱਦ | O-07002 | Oct.-04 | 10.5 | 10.50 |
| 18. | ਨਿਹਾਲ ਸਿੰਘ ਵਾਲਾ | ਬਿਲਾਸਪੁਰ ਤੋਂ ਤਖਤੂਪੁਰਾ ਤੋਂ ਨਿਹਾਲ ਸਿੰਘ ਵਾਲਾ ਅੱਪਟੂ ਰਾਮਗੜ੍ਹ ਰੋਡ | O-07016 | Oct.-04 | 6.48 | 6.48 |
| 19. | ਨਿਹਾਲ ਸਿੰਘ ਵਾਲਾ | ਨਿਹਾਲ ਸਿੰਘ ਵਾਲਾ ਰਾਮਗੜ੍ਹ ਸੜਕ ਤੋਂ ਮੱਧਕੇ ਤੋਂ ਗਾਜੀਆਣਾ ਤੋਂ ਬੁਰਜ ਹਮੀਰਾਂ | O-07013 | Nov.-04 | 6.35 | |
| 20. | ਨਿਹਾਲ ਸਿੰਘ ਵਾਲਾ | ਮਾਛੀਕੇ ਤੋਂ ਬੁਰਜ ਕੁਲਾਰਾਂ | O-07025 | Mar-05 | 4.4 | |
| 21. | ਨਿਹਾਲ ਸਿੰਘ ਵਾਲਾ | ਰਣਸੀਹ ਖੁਰਦ ਤੋਂ ਰਣਸੀਹ ਕਲਾਂ ਤੋਂ ਧੂਰਕੋਟ ਨਿਹਾਲ ਸਿੰਘ ਵਾਲਾ ਰਾਮਗੜ੍ਹ ਰੋਡ | O-07012 | Mar-05 | 3.6 | |
| 22. | ਨਿਹਾਲ ਸਿੰਘ ਵਾਲਾ | ਨਿਹਾਲ ਸਿੰਘ ਵਾਲਾ ਬਾਘਾਪੁਰਾਣਾ ਸੜਕ ਤੋਂ ਰਣਸੀਹ ਖੁਰਦ | O-07011 | Sep-04 | 2.95 | |
| 23. | ਨਿਹਾਲ ਸਿੰਘ ਵਾਲਾ | ਪੱਤੋਂ ਹੀਰਾ ਸਿੰਘ ਤੋਂ ਬਾੜੇਵਾਲਾ | O-07009 | Oct-04 | 1.95 | |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 24. | ਨਿਹਾਲ ਸਿੰਘ ਵਾਲਾ | ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਰੋਡ ਤੋਂ ਮਾਣੂਕੇ ਤੋਂ ਰੌਤਾਂ | O-07004 | Mar-05 | 10.22 | |
| 25. | ਨਿਹਾਲ ਸਿੰਘ ਵਾਲਾ | ਸੈਦੋਕੇ ਬੁਰਜ ਹਮੀਰਾਂ ਸੜਕ ਤੋਂ ਗਾਜੀਆਣਾ | O-07030 | Sep-04 | 2.06 | |
| 26. | ਨਿਹਾਲ ਸਿੰਘ ਵਾਲਾ | ਮਾਣੂਕੇ ਰਾਊਕੇ ਕਲਾਂ ਤੋਂ ਬੀੜ ਰਾਊਕੇ | O-07031 | Jun-04 | 5.8 | |
| 27. | ਨਿਹਾਲ ਸਿੰਘ ਵਾਲਾ | ਪੂਰਕੋਟ ਰਣਸੀਹ ਤੋਂ ਵੀਵੇਕ ਆਸ਼ਰਮ | O-07034 | Oct-04 | 1.8 | |
| 28. | ਨਿਹਾਲ ਸਿੰਘ ਵਾਲਾ | ਨਿਹਾਲ ਸਿੰਘ ਵਾਲਾ ਤੋਂ ਰਾਮਗੜ੍ਹ ਸੜਕ ਤੋਂ ਹਿੰਮਤਪੁਰਾ ਵਾ: ਗੁਰੂ: ਮੋਲੋ ਸ਼ਹੀਦ | O-07039 | Mar-05 | 3.22 | |
| 29. | ਨਿਹਾਲ ਸਿੰਘ ਵਾਲਾ | ਬਾਘਾਪੁਰਾਣਾ ਨਿਹਾਲ ਸਿੰਘ ਵਾਲਾ ਸੜਕ ਤੋਂ ਰਣਸੀਹ ਖੁਰਦ | O-07051 | Oct-04 | 2.95 | |
| 30. | ਨਿਹਾਲ ਸਿੰਘ ਵਾਲਾ | ਪੱਥਰਵੱਧ ਤੋਂ ਗੁਰਦੁਆਰਾ ਨਾਨਕਸਰ ਸਾਹਿਬ | O-07054 | Oct-04 | 1.75 | |
| 31. | Ajitwal | Kokri Bazar to Talwandi Malliana Road | D-12030 | 10/2001 | 1.17 | |
| 32. | Ajitwal | LFB Rd. Puranawala to Kokri Heran | D-12024 | 6/2001,3/04 | 6.03 | 2.40 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 33. | Ajitwal | Kokri Kalan to Bhinder-kalan | D-12026 | 4/2001 | 1.75 | |
| 34. | Ajitwal | G.T. Rd. to Sant Sardara Singh Gurudwara | D-12028 | 5/2001 | 0.41 | |
| 35. | Ajitwal | Dala to Nathuwala Jadid | D-12045 | 6/2001 | 6.19 | |
| 36. | Ajitwal | Dhoorkot Tahil to Gurdwara Dhoorkot | D-12046 | 7/2001 | 0.92 | |
| 37. | Ajitwal | Takhanwadh Ajitwal to Churchak Km 0.00-10.06 | D-12003 | 8/2001 | 10.06 | 6.75 |
| 38. | Ajitwal | Nathuwala Jadid to Dalil ki Basti | D-12048 | 9/2001 | 0.23 | |
| 39. | Ajitwal | Chuggwan Kapure to Gaushala Sant Mohan Dass | D-12049 | 9/2001 | 0.21 | |
| 40. | Ajitwal | Churchak-Dangian upto MC Boundary Km 2.00-4.76 | D-12006 | 10/2001 | 2.76 | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 41. | Ajitwal | LFB Road to Mehna to Thakhanwadh | D-12017 | 7/2001 | 5.92 | 1.00 |
| 42. | Ajitwal | Ajitwal Dhudike Daudher up to MC Limit Km 0.00-1.49 | D-12001 | 8/2003 | 1.49 | 1.49 |
| 43. | Ajitwal | Madhoke Gill Patti up to Dhudike-Takhanvad including Madhoke Pherni Gill Patti | D-12008 | 6/2002 | 1.61 | |
| 44. | Ajitwal | LFB Road to Churchak-Dadhuike Road to Shamshan Ghat | D-12051 | 6/2002 | 0.20 | |
| 45. | Ajitwal | Jhandana Takhan Wadh | D-12052 | 6/2002 | 0.854 | |
| 46. | Ajitwal | Dhadhike Madoke Road to Lala Lajpat Rai College | D-12053 | 6/2002 | 0.102 | |
| 47. | Ajitwal | Dhudike to Gaddri Babian di Yaadgar | D-12054 | 8/2002 | 2.70 | 2,70 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 48. | Ajitwal | Takhanwadh to Gurudawara Bhai Bala Sahib | D-12055 | 8/2002 | 1.34 | |
| 49. | Ajitwal | Nathuwala Jajid-Matwani to Dhudike Road | D-12056 | 8/2002 | 0.30 | |
| 50. | Ajitwal | Kokri Hewran to Kokri Kalan-Mehna Road | D-12057 | 8/2002 | 0.55 | |
| 51. | Ajitwal | Churchak-Dangian Road to Gurdwara Bagechee Sahib | D-12059 | 8/2002 | 0.29 | |
| 52. | Ajitwal | Churchak-Patti kalar Nanak Sar | D-12060 | 8/2002 | 0.26 | |
| 53. | Ajitwal | Chuggawan to Puranewala | D-12023 | 3/2004 | 1.40 | |
| 54. | Ajitwal | Dhoorkot Chart Singhwala to Gurudwara Kotia Sahib | D-12027 | 11/2003 | 1.41 | |
| 55. | Ajitwal | Ajitwal to Railway Station Ajitwal | D-12037 | 3/2004 | 0.33 | |

Original with;
Punjab Vidhan Sabha
Digitized by;
Punjab Digital Library

[ ਖੇਤੀਬਾੜੀ ਮੰਤਰੀ ]

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 56. | Ajitwal | LFB Road to Mehna to Dala | D-12016 | 12/2004 | 6.00 | |
| 57. | Ajitwal | LFB Road to Kili Challan to Galib M.C. Limit | D-12036 | 4/2004 | 2.89 | |
| 58. | Ajitwal | Mehna-Railway Station to Bhuggipura (Saheed Avtar Singh Marg) | D-12038 | 11/2004 | 2.40 | |
| 59. | Ajitwal | Killi Challan to Gurudwara Bab Jogipeer | D-12058 | 8/2002 | 0.68 | |
| 60. | Ajitwal | Dhudike-Daudher Road to Gadri Baba Pala Singh | D-12007 | 3/2004 | 1.90 | |
| 61. | Ajitwal | LFB Road to Churchak to Dhudike | D-12002 | 9/2004 | 4.65 | 4.65 |
| 62. | Ajitwal | LFB Road to Matwani to Jhandiana | D-12014 | 3/04, 12/04 | 5.35 | |
| 63. | Ajitwal | Dala Takhanwadh Daudhar up to M.C. Limit | D-12015 | 5/2004 | 8.50 | 5.60 |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 64. | Ajitwal | Ajitwal to Railway Station Ajitwal | D-12037 | 3/2004 | 0.33 | |
| 65. | Ajitwal | Mehna-Railway Station to Bhuggipura (Saheed Avtar Singh Marg) | D-12038 | 11/2004 | 2.40 | |
| 66. | Badhni Kalan | Lopon to Mallah upto M.C. Limit | D-01004 | 9/2001 | 3.00 | 3.00 |
| 67. | Badhni Kalan | Daudher to Basti Bhai Sukhram | D-01015 | 6/2001 | 2.48 | |
| 68. | Badhni Kalan | Badhni Kalan Rauke Kalan Bhorewala Sant Gaushale | D-01016 | 6/2001 | 1.74 | 1.74 |
| 69. | Badhni Kalan | Daudher Dagian Road to Khothe Jandwala | D-01017 | 7/2001 | 2.50 | |
| 70. | Badhni Kalan | Rania-Burj Duna Road Gurdwara Sahib | D-01022 | 3/2002 | 0.36 | |
| 71. | Badhni Kalan | Rania to Rajuwala | D-01027 | 8/2001 | 4.18 | 4.18 |
| 72. | Badhni Kalan | Badhni Kalan to Durga Mandir | D-01036 | 3/2002 | 0.43 | |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 73. | Badhni Kalan | Daudhar to Badhni Khurd | D-01051 | 6/2001 | 3.47 | |
| 74. | Badhni Kalan | Rania Rao ke Kalan to S/Y | D-01063 | 3/2002 | 1.47 | |
| 75. | Badhni Kalan | Bhaiana Rauke Kalan to Manuke M.C. Boundery Km 5.24-11.24 | D-01034 | 11/2002 | 6.00 | 3.00 |
| 76. | Badhni Kalan | Bir Rau ke Phirni | D-01038 | 10/2002 | 0.91 | |
| 77. | Badhni Kalan | Bir Raoke to Ransih Kalan | D-01054 | 8/2002 | 1.71 | |
| 78. | Badhni Kalan | Balaspur Luhara Kussa | D-01055 | 9/2003 | 4.50 | 4.50 |
| 79. | Badhni Kalan | Rannia Burj to Gau Shalla Kareer | D-01057 | 9/2002 | 1.25 | |
| 80. | Badhni Kalan | Rao Ke Kalan-Ghollia Khurd | D-01058 | 10/2002 | 3.13 | |
| 81. | Badhni Kalan | Moga Barnala to Gurudwara Hargobind Sahib | D-01059 | 8/2002 | 1.20 | |
| 82. | Badhni Kalan | Butter Kalan Rammuwala Harcoke Road to Rania Road | D-01060 | 11/2002 | 2.25 | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 83. | Badhni Kalan | Rannia Rajjuwala Road to Basti Gill Farm | D-01061 | 11/2002 | 0.14 | |
| 84. | Badhni Kalan | Phirni Village Butter Khurd | D-01058 | 11/2002 | 0.49 | |
| 85. | Badhni Kalan | Dadhder School to Rasulpur up to MC Limit | D-01070 | 5/2002 | 1.00 | 1.00 |
| 86. | Badhni Kalan | Rama Kussa Road to Sherpur Khote (school) | D-01071 | 5/2003 | 1.00 | 1.00 |
| 87. | Badhni Kalan | Mallaina phirni to Bus stand Malliana | D-01072 | 5/2002 | 1.00 | 1.00 |
| 88. | Badhni Kalan | Kothe Hargobindpur | D-01020 | 3/2004 | 0.38 | |
| 89. | Badhni Kalan | Lopon-Lopon College to Malliana | D-01005 | 11/2004 | 1.11 | |
| 90. | Badhni Kalan | Daudher to Takhanwadh upto MC Limit | D-01019 | 3/2005 | 3.5 | |

Original with;
Punjab Vidhan Sabha
Digitized by;
Panjab Digital Library

| ਲੜੀ ਨੰ: | ਮ.ਕ. | ਸੜਕ ਦਾ ਨਾਂ | ਕੋਡ | ਪਿਛਲੀ ਰਿਪੇਅਰ ਦਾ ਸਾਲ | ਮੁਰੰਮਤ ਲਈ ਡਿਊ ਲੰਬਾਈ (ਕਿ.ਮੀ.) | ਸੜਕਾਂ ਜੋ 3/2012 ਤੱਕ ਰਿਪੇਅਰ ਕੀਤੀਆਂ ਜਾਣੀਆਂ ਹਨ, ਦੀ ਲੰਬਾਈ (ਕਿ.ਮੀ.) |
|---|---|---|---|---|---|---|
| 91. | Badhni Kalan | Lohara to Kussa Chakkar upto M.C Limit | D-01006 | 10/2004 | 5.97 | 2.79 |
| 92. | Badhni Kalan | Lopon to Kothe Rohi Lopon | D-01013 | 7/2004 | 4.25 | |
| 93. | Badhni Kalan | (Daudher-Lopon) Road to Shiv Mandir | D-01016 | 5/2004 | 0.72 | |
| 94. | Badhni Kalan | Basti Sher Singh to Butter-Rania Road | D-01031 | 12/2004 | 0.35 | |
| 95. | Badhni Kalan | Kothi Sidh Bhai to Lopon | D-01041 | 10/2004 | 3062 | |
| 96. | Badhni Kalan | Bir Rauke to S/Y Badhni | D-01043 | 3/2005 | 0.82 | |
| | | | | Total | 300.81 | 89.15 |

Original with;
Punjab Vidhan Sabha
Digitized by;
Panjab Digital Library

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੰਤਰੀ ਜੀ ਨੇ ਜਵਾਬ ਦਿੱਤਾ ਹੈ ਕਿ ਇਨ੍ਹਾਂ ਦੀ ਕੁੱਲ ਲੰਬਾਈ 300.81 ਕਿਲੋਮੀਟਰ ਹੈ ਅਤੇ 89.15 ਕਿਲੋਮੀਟਰ ਸੜਕਾਂ ਦੀ ਮੁਰੰਮਤ 3/2012 ਤੱਕ ਕੀਤੀ ਜਾਵੇਗੀ। ਮੈਂ ਪੁੱਛਣਾ ਚਾਹੁੰਦਾ ਹਾਂ ਕਿ ਜਿਹੜੀ ਇਹ ਰਿਪੇਅਰ ਰਿਕੁਮੈਂਡ ਕੀਤੀ ਹੈ, ਇਸ ਲਈ ਕਿੰਨੇ ਪੈਸੇ ਸੈਂਕਸ਼ਨ ਕੀਤੇ ਹਨ ਔਰ ਇਹ ਰਿਪੇਅਰ ਕਿਸ ਏਜੰਸੀ ਤੋਂ ਕਰਵਾਈ ਜਾ ਰਹੀ ਹੈ ਔਰ ਜਿਹੜੇ ਇਨ੍ਹਾਂ ਨੇ ਰਿਪੇਅਰ ਲਈ ਪੈਸੇ ਰਿਕੁਮੈਂਡ ਕੀਤੇ ਹਨ, ਕੀ ਉਹ ਸਬੰਧਤ ਹੈਡ ਵਿਚ ਚਲੇ ਗਏ ਜਾਂ ਹਾਲੇ ਜਾਣੇ ਹਨ?

**ਮੰਤਰੀ :** ਸਰਕਾਰ ਦੀ ਪਾਲਿਸੀ ਅਨੁਸਾਰ ਲਿੰਕ ਸੜਕਾਂ ਦੁਬਾਰਾ ਖਾਸ ਮੁਰੰਮਤ ਕਰਨ ਲਈ 6 ਸਾਲ ਦੇ ਸਮੇਂ ਤੋਂ ਬਾਅਦ ਡਿਊ ਹੋ ਜਾਂਦੀਆਂ ਹਨ। ਉਨ੍ਹਾਂ ਦੀ ਦੁਬਾਰਾ ਮੁਰੰਮਤ ਕਰਨ ਲਈ ਫੰਡਾਂ ਦੀ ਉਪਲਬਧਤਾ ਨੂੰ ਵੇਖਦੇ ਹੋਏ ਅਗਲੇ ਵਿੱਤੀ ਸਾਲ ਵਿਚ ਵਿਚਾਰਿਆ ਜਾਂਦਾ ਹੈ। ਜਨ ਹਿੱਤਾਂ ਦੀ ਮਹੱਤਤਾ ਨੂੰ ਮੁੱਖ ਰੱਖਦੇ ਹੋਏ ਸਾਲ 2010-11 ਦੌਰਾਨ 275.00 ਕਰੋੜ ਰੁਪਏ ਦੀ ਲਾਗਤ ਨਾਲ ਲਿੰਕ ਸੜਕਾਂ ਦੀ ਰਿਪੇਅਰ ਕਰਨ ਦਾ ਪ੍ਰੋਗਰਾਮ ਪ੍ਰਵਾਨ ਕੀਤਾ ਗਿਆ ਹੈ ਜਿਸ ਅਧੀਨ ਹਰ ਪੇਂਡੂ ਵਿਧਾਨ ਸਭਾ ਹਲਕੇ ਵਿਚ 2.00 ਕਰੋੜ ਰੁਪਏ ਦੀ ਲਾਗਤ ਨਾਲ ਸੜਕਾਂ ਦੀ ਰਿਪੇਅਰ ਕਰਨ ਦੀ ਤਜਵੀਜ਼ ਸੀ। ਇਸ ਪ੍ਰੋਗਰਾਮ ਅਧੀਨ 89 ਵਿਧਾਨ ਸਭਾ ਹਲਕਿਆਂ ਵਿਚ ਪੈਂਦੀਆਂ 2521 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦੀ ਪ੍ਰਵਾਨਗੀ ਬਾਬਤ ਲਾਗਤ 268 ਕਰੋੜ ਰੁਪਏ ਦੀ ਮੰਡੀ ਬੋਰਡ ਫੰਡਾਂ ਵਿਚੋਂ ਜਾਰੀ ਕੀਤੀ ਜਾ ਚੁੱਕੀ ਹੈ। ਇਹ ਰਿਪੇਅਰ ਕਿਸੇ ਕਾਰਣ ਖਰਾਬ ਹੋਈਆਂ ਸੜਕਾਂ ਦੀ ਪ੍ਰਾਥਮਿਕਤਾ ਅਨੁਸਾਰ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਦੀ ਸਿਫਾਰਸ਼ ਅਨੁਸਾਰ ਕੀਤੀ ਜਾਂਦੀ ਹੈ। ਹੁਣ ਤੱਕ ਇਨ੍ਹਾਂ ਵਿਚੋਂ 484 ਕਿਲੋਮੀਟਰ ਸੜਕਾਂ ਦੀ ਰਿਪੇਅਰ ਕੀਤੀ ਜਾ ਚੁੱਕੀ ਹੈ ਅਤੇ ਇਹ ਕੰਮ ਮਿਤੀ 30.11.2011 ਤੱਕ ਮੁਕੰਮਲ ਹੋਣ ਦੀ ਸੰਭਾਵਨਾ ਹੈ। ਸਰਕਾਰ ਵੱਲੋਂ ਸਾਲ 2011-12 ਦੌਰਾਨ ਮਾਰਕਿਟ ਕਮੇਟੀ ਫੰਡਾਂ ਵਿਚੋਂ ਸੜਕਾਂ ਦੀ ਰਿਪੇਅਰ ਕਰਾਉਣ ਦਾ ਇੱਕ ਹੋਰ ਪ੍ਰੋਗਰਾਮ, ਜਿਸ ਦੀ ਕੁੱਲ ਲਾਗਤ 395.28 ਕਰੋੜ ਰੁਪਏ ਬਣਦੀ ਹੈ, ਉਲੀਕਿਆ ਗਿਆ ਹੈ। ਇਸ ਪ੍ਰੋਗਰਾਮ ਅਧੀਨ ਮਿਤੀ 5.10.11 ਤੱਕ 105 ਮਾਰਕਿਟ ਕਮੇਟੀਆਂ ਅਧੀਨ 3519 ਕਿਲੋਮੀਟਰ ਲੰਬਾਈ ਦੀਆਂ ਸੜਕਾਂ ਦੀ ਰਿਪੇਅਰ ਦੀ ਪ੍ਰਵਾਨਗੀ ਬਾਬਤ ਲਾਗਤ 291.43 ਕਰੋੜ ਰੁਪਏ ਦੀ ਜਾਰੀ ਕੀਤੀ ਜਾ ਚੁੱਕੀ ਹੈ।

ਵਿਧਾਨ ਸਭਾ ਹਲਕਾ ਨਿਹਾਲ ਸਿੰਘ ਵਾਲਾ ਵਿਚ ਮੁਰੰਮਤ ਲਈ ਡਿਊ ਸੜਕਾਂ ਦੀ ਕੁੱਲ ਲੰਬਾਈ 300.81 ਕਿਲੋਮੀਟਰ ਬਣਦੀ ਹੈ। ਇਨ੍ਹਾਂ ਵਿਚੋਂ 89.15 ਕਿਲੋਮੀਟਰ ਸੜਕਾਂ ਮਾਰਕਿਟ ਕਮੇਟੀਆਂ ਵੱਲੋਂ ਲੋਨ ਲੈਕੇ ਮੁਰੰਮਤ ਕਰਵਾਈਆਂ ਜਾ ਰਹੀਆਂ ਹਨ। ਬਾਕੀ ਸੜਕਾਂ ਜਦੋਂ ਵੀ ਫੰਡ ਉਪਲਬਧ ਹੋਣਗੇ, ਮੁਰੰਮਤ ਕਰਵਾ ਦਿੱਤੀਆਂ ਜਾਣਗੀਆਂ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਇਹ ਜਿਹੜੀ ਇਨ੍ਹਾਂ ਨੇ 89.15 ਕਿਲੋਮੀਟਰ ਰਿਪੇਅਰ ਕਰਨੀ ਹੈ, ਇਸ ਲਈ ਕਿੰਨੇ ਪੈਸੇ ਰਿਕੁਮੈਂਡ ਕੀਤੇ ਹਨ

Original with;
Punjab Vidhan Sabha
Digitized by;
Panjab Digital Library

[ ਸਰਦਾਰ ਅਜੀਤ ਸਿੰਘ ਸਾਂਤ ]

ਅਤੇ ਸਬੰਧਤ ਹੈਡ ਵਿਚ ਚਲੇ ਗਏ ਹਨ ਜਾਂ ਨਹੀਂ?

**ਮਾਨਯੋਗ ਸਪੀਕਰ :** ਇਹ ਤਾਂ ਹੁਣ ਤੁਸੀਂ ਉਥੋਂ ਪਤਾ ਕਰ ਲੈਣਾ ਸੀ।

**ਸਰਦਾਰ ਅਜੀਤ ਸਿੰਘ ਸ਼ਾਂਤ :** ਮੈਂ ਤਾਂ ਇਹੀ ਪੁੱਛ ਰਿਹਾ ਸੀ। ਇਨ੍ਹਾਂ ਨੇ ਸਾਰੇ ਪੰਜਾਬ ਦਾ ਦੱਸ ਦਿੱਤਾ ਕਿ ਕਿੰਨੇ ਕਿਲੋਮੀਟਰ ਰਿਪੇਅਰ ਕਰਨੀ ਹੈ ਪਰ ਮੈਂ ਪੁੱਛਣਾ ਚਾਹੁੰਦਾ ਹਾਂ ਕਿ ਇਸ ਲਈ ਕਿੰਨੇ ਪੈਸੇ ਰਿਕੁਮੈਂਡ ਹੋਏ ਹਨ ਔਰ ਸਬੰਧਤ ਹੈਡ ਵਿਚ ਗਏ ਹਨ ਜਾਂ ਨਹੀਂ? ਹਾਲੇ ਤੱਕ ਉਥੇ ਕੋਈ ਕੰਮ ਨਹੀਂ ਚਲ ਰਿਹਾ, ਜਿਹੜਾ ਇਹ ਕਹਿ ਰਹੇ ਹਨ ਕਿ ਰਿਪੇਅਰ ਹੋ ਰਹੀ ਹੈ।

**ਮਾਨਯੋਗ ਸਪੀਕਰ :** ਕੰਮ ਚਲ ਪਵੇਗਾ, ਦੱਸੋ ਜੀ।

**ਮੰਤਰੀ :** ਕੰਮ ਚਲ ਪਵੇਗਾ, ਜੇ ਕਿਤੇ ਦਿੱਕਤ ਹੋਵੇਗੀ, ਉਸਨੂੰ ਮੈਂ ਦੇਖ ਲਵਾਂਗਾ।

**ਮਾਨਯੋਗ ਸਪੀਕਰ :** ਅਗਲਾ ਸਵਾਲ ਜੀ।

---

## ਸਮੂਰਾਂ ਰੋਡ-ਕਮਾਲਪੁਰ ਸੜਕ ਦੀ ਉਸਾਰੀ

***2238. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਦਿੜ੍ਹਬਾ ਹਲਕੇ ਵਿਚ ਸਮੂਰਾਂ ਰੋਡ ਤੋਂ ਕਮਾਲਪੁਰ ਤੱਕ ਸੜਕ ਦਾ ਨੀਂਹ ਪੱਥਰ ਲੋਕ ਨਿਰਮਾਣ (ਭ ਤੇ ਮ) ਮੰਤਰੀ ਦੁਆਰਾ ਜਨਵਰੀ, 2010 ਵਿਚ ਰੱਖਿਆ ਗਿਆ ਸੀ; ਜੇਕਰ ਅਜਿਹਾ ਹੋਵੇ ਤਾਂ ਇਸ ਸੜਕ ਨੂੰ ਹੁਣ ਤੱਕ ਨਾ ਬਣਾਉਣ ਦੇ ਕਾਰਣ ਕੀ ਹਨ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** ਇਹ ਸੜਕ ਪਹਿਲਾਂ ਹੀ ਬਣੀ ਹੋਈ ਹੈ। ਇਹ ਠੀਕ ਹੈ ਕਿ ਇਸ ਸੜਕ ਦੀ ਮੁਰੰਮਤ ਦਾ ਨੀਂਹ ਪੱਥਰ ਜਨਵਰੀ, 2010 ਵਿਚ ਰੱਖਿਆ ਗਿਆ ਸੀ ਪਰੰਤੂ ਲੋੜੀਂਦੀ ਪ੍ਰਸ਼ਾਸਕੀ ਪ੍ਰਵਾਨਗੀ ਪੰਜਾਬ ਮੰਡੀ ਬੋਰਡ ਵੱਲੋਂ ਪ੍ਰਾਪਤ ਨਾ ਹੋਣ ਕਾਰਣ ਸੜਕ ਦੀ ਮੁਰੰਮਤ ਨਹੀਂ ਕਰਵਾਈ ਜਾ ਸਕੀ। ਹੁਣ ਇਹ ਸੜਕ ਸਾਲ 2010-11 ਦੀ ਵਿਸ਼ੇਸ਼ ਮੁਰੰਮਤ ਸਕੀਮ ਅਧੀਨ ਮੁਰੰਮਤ ਲਈ ਮਨਜ਼ੂਰ ਹੋ ਚੁੱਕੀ ਹੈ ਅਤੇ ਇਸ ਦੀ ਪ੍ਰਸ਼ਾਸਕੀ ਪ੍ਰਵਾਨਗੀ ਪੰਜਾਬ ਮੰਡੀ ਬੋਰਡ ਵੱਲੋਂ ਮਿਤੀ 22.6.2011 ਨੂੰ ਪ੍ਰਾਪਤ ਹੋ ਗਈ ਹੈ। ਇਸ ਕੰਮ ਦੇ ਟੈਂਡਰ ਮਿਤੀ 4.10.11 ਨੂੰ ਪ੍ਰਾਪਤ ਕੀਤੇ ਜਾ ਰਹੇ ਹਨ। ਉਸ ਉਪਰੰਤ ਸੜਕ ਦੀ ਮੁਰੰਮਤ ਦਾ ਕੰਮ ਅਲਾਟ ਕਰ ਦਿੱਤਾ ਜਾਵੇਗਾ ਅਤੇ ਇਹ ਕੰਮ 2 ਮਹੀਨੇ ਦੇ ਅੰਦਰ-ਅੰਦਰ ਮੁਕੰਮਲ ਹੋ ਜਾਣ ਦੀ ਸੰਭਾਵਨਾ ਹੈ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਤਿਕਾਰਯੋਗ ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਨਣਾ ਚਾਹੁੰਦਾ ਹਾਂ ਕਿ ਨੀਂਹ ਪੱਥਰ ਰੱਖੇ ਨੂੰ 21 ਮਹੀਨੇ

Original with;
Punjab Vidhan Sabha
Digitized by;
Punjab Digital Library

ਬੀਤ ਗਏ ਹਨ, ਕੀ ਮਜਬੂਰੀ ਹੋਈ ਕਿ 21 ਮਹੀਨੇ ਵਿਚ ਸੜਕ ਕਿਉਂ ਨਹੀਂ ਬਣ ਸਕੀ, ਔਰ ਜੇਕਰ ਬਣ ਨਹੀਂ ਸਕਦੀ ਸੀ ਤਾਂ ਨੀਂਹ ਪੱਥਰ ਰੱਖਣ ਦੀ ਕਾਹਲ ਕੀ ਸੀ? ਨੀਂਹ ਪੱਥਰ ਤੇ ਉਦਘਾਟਨ ਤਾਂ ਸਿੱਧਾ ਕੀਤਾ ਜਾ ਸਕਦਾ ਸੀ। 21 ਮਹੀਨੇ ਬੀਤ ਗਏ ਹਾਲੇ ਵੀ ਕਹਿ ਰਹੇ ਹਨ ਕਿ 2 ਮਹੀਨੇ ਹੋਰ ਲੱਗਣਗੇ। ਉਹੀ ਗੱਲ ਹੈ ਜ਼ਿਹੜੀ ਪਹਿਲਾਂ ਮੇਰੇ ਮਿੱਤਰ ਨੇ ਕਹੀ ਸੀ ਕਿ ਉਦੋਂ ਤੱਕ ਪਤਾ ਨਹੀਂ ਕਿਹੜੇ ਰਾਜੇ ਦੀ ਪ੍ਰਜਾ ਹੋਵੇਗੀ? 2 ਮਹੀਨੇ ਤੱਕ ਪਤਾ ਨਹੀਂ ਕੀ ਹੋਣਾ ਹੈ? ਨੀਂਹ ਪੱਥਰ ਰੱਖਣ ਦੀ ਅਜਿਹੀ ਕੀ ਕਾਹਲ ਸੀ ?

**ਮੰਤਰੀ :** ਸਪੀਕਰ ਸਾਹਿਬ, ਨੀਂਹ ਪੱਥਰ ਰੱਖਣ ਤੋਂ ਬਾਅਦ ਜਿਹੜਾ ਰਿਪੇਅਰ ਵਗੈਰਾ ਕਰਨ ਦਾ ਪ੍ਰੋਗਰਾਮ ਆਇਆ ਹੈ, ਹੁਣ 2010-11 ਵਾਸਤੇ ਉਸ ਦੇ ਵਿਚ ਇਸ ਨੂੰ ਇਨਕਲੂਡ ਕਰ ਲਿਆ ਹੈ। ਅਸੀਂ ਟੈਂਡਰ ਵੀ 4 ਤਰੀਕ ਨੂੰ ਰਿਸੀਵ ਕਰ ਲਿਆ ਹੈ, ਉਨ੍ਹਾਂ ਨੂੰ ਛੇਤੀ ਸ਼ੁਰੂ ਕਰਕੇ ਦੋ ਮਹੀਨੇ ਦੇ ਵਿਚ-ਵਿਚ ਮੈਂ ਐਮ.ਐਲ.ਏ. ਸਾਹਿਬ ਨੂੰ ਕੰਪਲੀਟ ਕਰਨ ਦਾ ਭਰੋਸਾ ਦਿਵਾਉਂਦਾ ਹਾਂ।

**ਸ਼੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਮੇਰਾ ਇੱਕ ਸਵਾਲ *2273 ਸੀ, ਉਹ ਰਹਿ ਗਿਆ ਹੈ ਜੀ।

**ਮਾਨਯੋਗ ਸਪੀਕਰ :** ਇਹ ਇਸ ਕਰਕੇ ਹੋਇਆ ਹੈ ਕਿਉਂਕਿ ਤੁਸੀਂ ਇਥੇ ਹੈ ਨਹੀਂ ਸੀ।

**ਸ਼੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਹੁਣ ਮੈਂ ਆ ਗਿਆ ਹਾਂ ਜੀ।

**ਮਾਨਯੋਗ ਸਪੀਕਰ :** ਉਸ ਦਾ ਜਵਾਬ ਵਗੈਰਾ ਹੋ ਗਿਆ ਹੈ।

**ਸ਼੍ਰੀ ਜਗਦੀਸ਼ ਸਾਹਨੀ :** ਸਰ *2272 ਦਾ ਜਵਾਬ ਹੋਇਆ ਹੈ ਜੀ। *2273 ਦਾ ਰਹਿੰਦਾ ਹੈ ਜੀ। ਇਹ ਸਵਾਲ ਇਰੀਗੇਸ਼ਨ ਮਨਿਸਟਰ ਨਾਲ ਸਬੰਧ ਰੱਖਦਾ ਹੈ, ਪਹਿਲਾਂ ਇਹ ਲੋਕਲ ਬਾਡੀਜ਼ ਮਨਿਸਟਰ ਕੋਲ ਸੀ।

**ਮਾਨਯੋਗ ਸਪੀਕਰ :** ਮੈਂ ਇਹ ਖਤਮ ਕਰਕੇ ਫਿਰ ਪੁੱਛਾਂਗਾ।

**ਸ਼੍ਰੀ ਜਗਦੀਸ਼ ਸਾਹਨੀ :** ਅੱਛਾ ਜੀ, ਠੀਕ ਹੈ ਜੀ।

---

## ਲਿੰਕ ਸੜਕਾਂ ਦੀ ਮੁਰੰਮਤ

***2257. ਸਰਦਾਰ ਅਮਰਜੀਤ ਸਿੰਘ ਸਮਰਾ :** ਕੀ ਖੇਤੀਬਾੜੀ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਕੋਦਰ ਵਿਧਾਨ ਸਭਾ ਚੋਣ ਹਲਕੇ ਵਿਚ ਉਨ੍ਹਾਂ ਲਿੰਕ ਸੜਕਾਂ ਦੇ ਵੇਰਵੇ ਕੀ ਹਨ ਜਿਨ੍ਹਾਂ ਦੀ ਪਿਛਲੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਮੁਰੰਮਤ ਨਹੀਂ ਹੋਈ ਅਤੇ ਇਨ੍ਹਾਂ ਸੜਕਾਂ ਦੀ ਮੁਰੰਮਤ ਨਾ ਕਰਨ ਦੇ ਕੀ ਕਾਰਨ ਹਨ?

Original with;
Punjab Vidhan Sabha
Digitized by;
Panjab Digital Library

**ਸਰਦਾਰ ਸੁੱਚਾ ਸਿੰਘ ਲੰਗਾਹ :** ਨਕੋਦਰ ਵਿਧਾਨ ਸਭਾ ਚੋਣ ਹਲਕੇ ਅਧੀਨ ਆਉਂਦੀਆਂ ਉਹ ਲਿੰਕ ਸੜਕਾਂ ਜਿਨ੍ਹਾਂ ਦੀ ਪਿਛਲੇ 6 ਸਾਲਾਂ ਤੋਂ ਵੱਧ ਸਮੇਂ ਤੋਂ ਮੁਰੰਮਤ ਨਹੀਂ ਕੀਤੀ ਗਈ, ਦਾ ਵੇਰਵਾ ਅਨੁਲੱਗ "ੳ" ਅਨੁਸਾਰ ਹੈ। ਫੰਡਾਂ ਦੀ ਉਪਲੱਬਧਤਾ ਨੂੰ ਮੁੱਖ ਰੱਖਦੇ ਹੋਏ ਰਾਜ ਵਿਚ ਲਿੰਕ ਸੜਕਾਂ ਦੀ ਰਿਪੇਅਰ ਕੀਤੀ ਜਾ ਰਹੀ ਹੈ।

## ਅਨੁਲੱਗ "ੳ"

ਵਿਧਾਨ ਸਭਾ ਹਲਕਾ ਨਕੋਦਰ, ਜ਼ਿਲ੍ਹਾ ਜਲੰਧਰ ਦੀਆਂ ਉਨ੍ਹਾਂ ਸੜਕਾਂ ਦਾ ਵੇਰਵਾ ਜੋ ਪਿਛਲੇ ਛੇ ਸਾਲਾਂ ਤੋਂ ਵੱਧ ਸਮੇਂ ਤੋਂ ਮੁਰੰਮਤ ਨਹੀਂ ਕੀਤੀਆਂ ਗਈਆਂ

| ਲੜੀ ਨੰ: | ਸੜਕ ਦਾ ਨਾਮ | ਰੋਡ ਕੋਡ | ਸਰਫੇਸਿੰਗ ਦੀ ਆਖਰੀ ਮਿਤੀ | ਰੋਡ ਡੈਟਾ ਮੁਤਾਬਿਕ ਸੜਕ ਦੀ ਲੰਬਾਈ |
|---|---|---|---|---|
| 1. | ਨਕੋਦਰ ਕਪੂਰਥਲਾ ਰੋਡ ਤੋਂ ਕੋਟਲਾ ਸੂਦਾਂ | ਜੇ09004 | 01-Oct-00 | 1.70 |
| 2. | ਨਕੋਦਰ ਨੂਰਮਹਿਲ ਰੋਡ ਤੋਂ ਨਕੋਦਰ ਜੰਡਿਆਲਾ ਰੋਡ ਤੋਂ ਮੀਰਪੁਰ | ਜੇ09064 | 01-Nov-00 | 1.25 |
| 3. | ਨਕੋਦਰ ਜੰਡਿਆਲਾ ਰੋਡ ਤੋਂ ਢੇਰੀਆਂ | ਜੇ09079 | 01-May-00 | 1.83 |
| 4. | ਨਕੋਦਰ ਮਲਸੀਆਂ ਰੋਡ ਤੋਂ ਆਲੇਵਾਲ ਵਾ: ਵਾੜਾ ਸਿੱਧਪੁਰ | ਜੇ09084 | 01-Jun-00 | 2.10 |
| 5. | ਆਧੀ ਕੁਲਾਰ ਰੋਡ ਤੋਂ ਸ਼ਾਹਪੁਰ | ਜੇ09088 | 01-Jun-00 | 0.23 |
| 6. | ਕਪੂਰਥਲਾ ਸੁਲਤਾਨਪੁਰ ਬਲਕੂਨਾ ਰੋਡ ਤੋਂ ਮੁਬਾਰਿਕਪੁਰ | ਜੇ09089 | 01-Jun-00 | 0.38 |
| 7. | ਬੋਪਾਰਾਏ ਕਲਾਂ ਤੋਂ ਪੁਲੀ ਚੱਕ ਕਲਾਂ | ਜੇ09130 | 01-May-00 | 0.90 |
| 8. | ਨਕੋਦਰ ਕਪੂਰਥਲਾ ਰੋਡ ਤੋਂ ਹਰਾਂ ਤੋਂ ਗਿੱਦੜੀ ਪਿੰਡੀ | ਜੇ09131 | 01-May-00 | 0.40 |
| 9. | ਚੂਹੇਕੀ ਤੋਂ ਬਾਠ | ਜੇ11011 | 01-May-00 | 0.14 |
| 10. | ਨਕੋਦਰ ਨੂਰਮਹਿਲ ਸੰਘਾ ਜਗੀਰ ਰੋਡ ਤੋਂ ਗਿੱਦੜ ਪਿੰਡੀ | ਜੇ11027 | 01-May-00 | 0.83 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 11. | ਪਾਸਲਾ ਤੋਂ ਬੀਰ ਬੰਸੀਆਂ | ਜੇ11042 | 01-Jun-00 | 2.54 |
| 12. | ਬੂੰਡਾਲਾ ਤੋਂ ਹਾਈ ਸਕੂਲ ਬੂੰਡਾਲਾ | ਜੇ11044 | 01-Jun-00 | 0.27 |
| 13. | ਗੁਰਸੀਆਂ ਤੋਂ ਅਵਾਨ ਖਾਲਸਾ | ਜੇ11090 | 01-Apr-00 | 1.75 |
| 14. | ਫਿਲੌਰ ਨੂਰਮਹਿਲ ਰੋਡ ਤੋਂ ਗੁਮਟਾਲੀ | ਜੇ04058 | 01-Jun-00 | 1.59 |
| 15. | ਨਕੋਦਰ ਮਲਸੀਆਂ ਰੋਡ ਤੋਂ ਨੂਰਪੁਰ | ਜੇ09031 | 01-Oct-01 | 1.77 |
| 16. | ਕੋਟਲਾ ਭੰਗੂ ਤੋਂ ਪਿੰਡੀ ਮੁਹੱਲਾ | ਜੇ09033 | 01-Oct-01 | 0.17 |
| 17. | ਚੱਕ ਕਲਾਂ ਤੋਂ ਗੁਡੇ | ਜੇ09069 | 01-Oct-01 | 2.00 |
| 18. | ਨਕੋਦਰ ਨੂਰਮਹਿਲ ਰੋਡ ਤੋਂ ਨਵਾਂ ਪਿੰਡ | ਜੇ09077 | 01-Jun-01 | 0.54 |
| 19. | ਨਕੋਦਰ ਫਗਵਾੜਾ ਰੇਲਵੇ ਸਟੇਸ਼ਨ ਤੋਂ ਸੰਕਰ | ਜੇ09147 | 01-May-01 | 0.20 |
| 20. | ਨਕੋਦਰ ਫਗਵਾੜਾ ਤੋਂ ਗੁਰਦੁਵਾਰਾ ਪੰਜ ਪੀਰ | ਜੇ09148 | 01-May-01 | 0.40 |
| 21. | ਗੁਹੀਲ ਸ਼ੰਕਰ ਰੋਡ ਤੋਂ ਬੋਪਾਰਾਏ ਫਿਰਨੀ ਪਿੰਡ ਬੋਪਾਰਾਏ | ਜੇ09169 | 01-Oct-01 | 0.95 |
| 22. | ਟੁੱਟ ਕਲਾਂ ਤੋਂ ਬਾਲਮੀਕ ਅਬਾਦੀ (ਪੀ.ਐਮ.ਜੀ.ਐਸ. ਵਾਈ-1, 0.29 ਕਿ.ਮੀ. 12' ਚੌੜੀ | ਜੇ09170 | 01-Mar-02 | 0.29 |
| 23. | ਉਂਗੀ ਬੱਸ ਸਟੈਂਡ ਤੋਂ ਆਬਾਦੀ ਖੀਵਾ ਬੁਗਲਾਨਾ (ਪੀ.ਐਮ.ਜੀ. ਐਸ.ਵਾਈ-1, 1.85 ਕਿ.ਮੀ. 12' ਚੌੜੀ | ਜੇ09171 | 01-Mar-02 | 1.85 |
| 24. | ਛੋਲੇ ਤੋਂ ਸ਼ੇਸ਼ਨ ਦੀਆਂ ਛਨਾਂ (ਪੀ.ਐਮ.ਜੀ.ਐਸ.ਵਾਈ-1, 1.00 ਕਿ.ਮੀ. 12' ਚੌੜੀ | ਜੇ09172 | 01-Mar-02 | 1.00 |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | | | |
|---|---|---|---|---|
| 25. | ਨਵੀਂ ਆਬਾਦੀ ਸੋਹਲਪੁਰ (ਪੀ.ਐਮ.ਜੀ.ਐਸ.ਵਾਈ-1, 1.50 ਕਿ.ਮੀ. 12' ਚੌੜੀ | ਜੇ09173 | 01-Mar-02 | 1.50 |
| 26. | ਬੋਪਾਰਾਏ ਤੋਂ ਸੰਤ ਮੇਲਾ ਰਾਮ ਆਸ਼ਰਮ (ਪੀ.ਐਮ.ਜੀ.ਐਸ. ਵਾਈ-1, 0.55 ਕਿ.ਮੀ. 12' ਚੌੜੀ | ਜੇ09174 | 01-Mar-02 | 0.55 |
| 27. | ਫਿਰਨੀ ਪਿੰਡ ਤੋਂ ਮਲੀਆਂ ਕਲਾਂ | ਜੇ09175 | 01-Mar-02 | 1.00 |
| 28. | ਫਿਰਨੀ ਪਿੰਡ ਢੱਢਾ ਖਾਨਪੁਰ | ਜੇ09176 | 01-Mar-02 | 0.29 |
| 29. | ਨੂਰਮਹਿਲ ਬੰਡਾਲਾ ਰੋਡ ਤੋਂ ਸਿੱਧਮ ਹਰੀ ਸਿੰਘ | ਜੇ11003 | 01-Dec-01 | 0.66 |
| 30. | ਫਿਲੌਰ ਨੂਰਮਹਿਲ ਰੋਡ ਤੋਂ ਸੰਗ ਢੇਸੀਆਂ ਮ.ਕ. ਲਿਮਟ | ਜੇ11018 | 01-Nov-01 | 2.91 |
| 31. | ਰਾਮੇਵਾਲ ਤੋਂ ਗੁਰੱਸੀਆਂ ਨਿਹਾਲ | ਜੇ11036 | 01-Oct-01 | 0.91 |
| 32. | ਫਿਲੌਰ ਨੂਰਮਹਿਲ ਰੋਡ ਤੋਂ ਨੂਰਮਹਿਲ ਰੇਲਵੇ ਸਟੇਸ਼ਨ | ਜੇ11046 | 01-Dec-01 | 0.35 |
| 33. | ਨੂਰਮਹਿਲ ਤੋਂ ਚੀਮਾ ਖੁਰਦ | ਜੇ11056 | 01-Oct-01 | 2.43 |
| 34. | ਜੰਤਾ ਨਗਰ ਤੋਂ ਗੁਰੱਸੀਆਂ ਪੀਰਾਂ | ਜੇ11102 | 01-Nov-01 | 1.47 |
| 35. | ਮਹਿਤਪੁਰ ਸੰਗੋਵਾਲ ਰੋਡ ਤੋਂ ਤਲਵਨ ਵਾ: ਹਰਦੋਸੰਗਾ ਮ.ਕ | ਜੇ04024 | 01-Oct-01 | 4.60 |
| 36. | ਭੋਡੇ ਤੋਂ ਢੰਗਾਰਾ | ਜੇ04062 | 01-Sep-01 | 2.15 |
| 37. | ਮਾਓਸਾਹਿਬ ਤੋਂ ਪਿੰਡ ਰੇਵਾਂ | ਜੇ04065 | 01-Oct-01 | 0.70 |
| 38. | ਔਜਲਾ ਸੰਗਤਪੁਰ ਤੋਂ ਪਿੰਡ ਖੇਲਾ | ਜੇ04067 | 01-Oct-01 | 1.50 |
| 39. | ਮੀਓਵਾਲ ਤੋਂ ਧੁਸੀ ਬੰਧ | ਜੇ04069 | 01-Nov-01 | 0.89 |
| 40. | ਚੱਕ ਖੁਰਦ ਤੋਂ ਗੁਰਦੁਵਾਰਾ ਸ਼ਹੀਦਾਂ | ਜੇ09161 | 01-Jun-02 | 0.95 |
| 41. | ਬਜੂਹਾ ਖੁਰਦ ਚੱਕ ਵੈਂਡਲ ਰੋਡ ਤੋਂ ਤੇਗ ਬਹਾਦਰ ਨਗਰ ਬਜੂਹਾ ਖੁਰਦ | ਜੇ09162 | 01-Jun-02 | 2.20 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 42. | ਚੱਕ ਪੀਰ ਪੁਰ ਤੋਂ ਚਿਰਾਗ ਸ਼ਾਹ | ਜੇ09163 | 01-Jun-02 | 1.95 |
| 43. | ਸਿਧਵਾਂ ਤੋਂ ਰੇਲਵੇ ਸਟੇਸ਼ਨ ਸਿਧਵਾਂ | ਜੇ09164 | 01-Jun-02 | 0.40 |
| 44. | ਆਲੋਵਾਲ ਰੋਡ ਤੋਂ ਢੇਰੀਆਂ ਰੋਡ ਚੱਕੀਆਂ ਤੱਕ | ਜੇ09165 | 01-Jun-02 | 0.30 |
| 45. | ਨੂਰਪੁਰ ਤੋਂ ਮੂਸੇਵਾਲ | ਜੇ09167 | 01-Jun-02 | 1.95 |
| 46. | ਈਧਾਂ ਤੋਂ ਬਲਨੌ | ਜੇ09168 | 01-Jun-02 | 1.05 |
| 47. | ਚਾਨੀਆਂ ਤੋਂ ਚੱਕ ਵੈਂਡਲ | ਜੇ09242 | 01-Jul-02 | 0.75 |
| 48. | ਕੋਟ ਬਾਦਦ ਖਾਂ ਤੋਂ ਨਲ | ਜੇ11035 | 01-May-02 | 1.00 |
| 49. | ਨਲ ਤੋਂ ਊਪਲ ਖਾਲਸਾ | ਜੇ11105 | 01-Jun-02 | 2.62 |
| 50. | ਪਬਮਾਂ ਤੋਂ ਜਾਗੋ ਸੰਘਾ | ਜੇ11106 | 01-May-02 | 1.65 |
| 51. | ਅਜੈਤਾਨੀ ਤੋਂ ਇਸਮਾਇਲ ਪੁਰ | ਜੇ11107 | 01-May-02 | 2.18 |
| 52. | ਤੱਗੜ ਬੰਡਾਲਾ ਰੋਡ ਤੱਗੜ ਬੰਡਾਲਾ ਸਾਹਿਬ ਰਾਏ | ਜੇ11108 | 01-May-02 | 0.27 |
| 53. | ਭੰਡਾਲ ਬੂਟਾ ਤੋਂ ਪ੍ਰਾਇਮਰੀ ਸਕੂਲ ਭੰਡਾਲ ਹਿੰਮਤ | ਜੇ11109 | 01-May-02 | 0.58 |
| 54. | ਪੋਆਦੜਾ ਤੋਂ ਤਲਵਨ ਬਿਲਗਾ ਰੋਡ | ਜੇ04044 | 01-May-02 | 1.81 |
| 55. | ਸੰਗੋਵਾਲ ਤੋਂ ਧੁਸੀ ਬੰਧ | ਜੇ04076 | 01-Jun-02 | 1.60 |
| 56. | ਪੋਆਦੜਾ ਤੋਂ ਧੁਸੀ ਬੰਧ ਅਕੂਵਾਲ ਸਾਂਦੜਾ | ਜੇ04077 | 01-Jun-02 | 3.00 |
| 57. | ਨਕੋਦਰ ਕਪੂਰਥਲਾ ਰੋਡ ਤੋਂ ਗੋਹੀਰ ਸੈਕ-ਏ ਨਕੋਦਰ ਕਪੂਰਥਲਾ ਰੋਡ ਤੋਂ ਜਮੀਤ | ਜੇ09009 | 01-Jul-03 | 0.70 |
| 58. | ਨਕੋਦਰ ਕਪੂਰਥਲਾ ਰੋਡ ਤੋਂ ਗੋਹੀਰ ਸੈਕ-ਡੀ ਕੋਟਲਾ ਜੰਗਾ ਤੋਂ ਗੋਹੀਰ | ਜੇ09009 | 01-Jul-03 | 1.65 |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | | | |
|---|---|---|---|---|
| 59. | ਨਕੋਦਰ ਜੰਡਿਆਲਾ ਰੋਡ ਤੋਂ ਮਾਲੜੀ 14' ਚੌੜੀ | ਜੇ09013 | 01-Jul-03 | 1.28 |
| 60. | ਸੰਕਰ ਤੋਂ ਕੋਟਲਾ ਜੰਗਾ ਵਾ: ਢੇਰੀਆਂ ਪਾਰਟ-1(ਏ) ਨਕੋਦਰ ਜੰਡਿਆਲਾ ਰੋਡ ਸੰਕਰ ਵਾ: ਢੇਰੀਆਂ | ਜੇ09014 | 01-Apr-03 | 3.74 |
| 61. | ਨਕੋਦਰ ਕਪੂਰਥਲਾ ਰੋਡ ਤੋਂ ਨਕੋਦਰ ਵਾ: ਡੇਰਾ ਮੁਰਾਦ ਸ਼ਾਹ (23' ਚੌੜੀ) | ਜੇ09017 | 01-Mar-04 | 0.66 |
| 62. | ਰਾਜਪੁਰ ਤੋਂ ਕਾਹਲਵਾਂ ਤੋਂ ਮਲੀਆਂ ਖੁਰਦ ਆਧੀ ਰੋਡ ਮ.ਕ. | ਜੇ09023 | 01-Jul-03 | 2.60 |
| 63. | ਚਾਨੀਆਂ ਤੋਂ ਗੌਰਮਿੰਟ ਹਾਈ ਸਕੂਲ ਚਾਨੀਆਂ | ਜੇ09092 | 01-Jun-03 | 1.10 |
| 64. | ਸਰੀਂਹ ਤੋਂ ਧਾਲੀਵਾਲ | ਜੇ09094 | 01-Oct-03 | 5.05 |
| 65. | ਬੋਪਾਰਾਏ ਕਲਾਂ ਤੋਂ ਹਰੀਜਨ ਆਬਾਦੀ ਨਹਿਰ ਵਾਲੀ (12' ਚੌੜੀ) | ਜੇ09179 | 01-Apr-03 | 1.40 |
| 66. | ਜੰਡਿਆਲਾ ਤੋਂ ਬਜੂਹਾ ਕਲਾਂ | ਜੇ11020 | 01-Jun-03 | 0.37 |
| 67. | ਪੰਡੋਰੀ ਜਗੀਰ ਤੋਂ ਸਿਧਵਾਂ ਲਿਤੜਾ ਸੈਕ, ਮ.ਕ. ਲਿਮਟ | ਜੇ11043 | 01-Jun-03 | 1.15 |
| 68. | ਫਿਰਨੀ ਪਿੰਡ ਤੋਂ ਰਾਜੋਵਾਲ | ਜੇ11099 | 01-Jun-03 | 1.03 |
| 69. | ਫਿਰਨੀ ਪਿੰਡ ਤੋਂ ਗੁਰੱਸੀਆਂ ਪੀਰਾਂ | ਜੇ11100 | 01-Jun-03 | 0.65 |
| 70. | ਰਾਮੇਵਾਲ ਤੋਂ ਗੁਰੱਸੀਆਂ ਨਿਹਾਲ ਸੈਕ ਮ.ਕ. ਲਿਮਟ ਤੋਂ ਗੁਰੱਸੀਆਂ ਨਿਹਾਲ | ਜੇ04022 | 01-May-03 | 2.71 |
| 71. | ਬਿਲਗਾ ਸ਼ਾਮਪੁਰ ਰੋਡ ਤੋਂ ਗੁੰਮਟਾਲੀ ਰੋਡ ਵਾ: ਚੈਰੀਟੇਬਲ ਹਸਪਤਾਲ ਤੋਂ ਦਾਣਾ ਮੰਡੀ | ਜੇ04078 | 01-Apr-03 | 1.15 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 72. | ਬਿਲਗਾ ਤੋਂ ਫਤਿਹਗੜ੍ਹ ਨਿਹਾਲ ਸੈਕ-ਏ ਬਿਲਗਾ ਤੋਂ ਥਮਣਵਾਲ | ਜੇ04003 | 01-Mar-05 | 3.43 |
| 73. | ਬਿਲਗਾ ਤੋਂ ਲਿੱਦੜ ਸੈਕ ਖੋਖੇਵਾਲ ਤੋਂ ਲਿੱਦੜ ਕਲਾਂ | ਜੇ04002 | 01-Nov-04 | 4.15 |
| 74. | ਨਾਗਰਾ ਤੋਂ ਭੈਰੋਂਵਾਲ | ਜੇ04028 | 01-Nov-04 | 1.07 |
| 75. | ਫਿਲੌਰ ਨੂਰਮਹਿਲ ਰੋਡ ਤੋਂ ਰੁੜਕਾਂ ਕਲਾਂ | ਜੇ04029 | 01-Sep-04 | 2.00 |
| 76. | ਬਿਲਗਾ ਪੱਤੀ ਭੋਗਲ ਤੋਂ ਐਸ.ਐਚ.ਐਸ. (ਲੜਕੀਆਂ) ਬਿਲਗਾ | ਜੇ04030 | 01-Nov-04 | 0.46 |
| 77. | ਫਰਵਾਲਾਂ ਤੋਂ ਕੰਦੋਲਾ ਖੁਰਦ | ਜੇ04033 | 01-Sep-04 | 1.60 |
| 78. | ਔਜਲਾ ਤੋਂ ਸੰਗਤਪੁਰ | ਜੇ04035 | 01-Nov-04 | 2.73 |
| 79. | ਹਰੀਜਨ ਬਸਤੀ ਤੋਂ ਖੇਲਾ | ਜੇ04041 | 01-Nov-04 | 1.12 |
| 80. | ਹਰੀਜਨ ਬਸਤੀ ਤੋਂ ਬੈਗਮਪੁਰ | ਜੇ04042 | 01-Nov-04 | 0.25 |
| 81. | ਲਿੰਕ ਰੋਡ ਤੋਂ ਖੋਖੇਵਾਲ | ਜੇ04049 | 01-Nov-04 | 0.55 |
| 82. | ਕਾਦੀਆਂ ਤੋਂ ਪਿੰਡ ਭੁੱਲਰ | ਜੇ04051 | 01-Nov-04 | 0.35 |
| 83. | ਬਿਲਗਾ ਬੱਸ ਸਟੈਂਡ ਤੋਂ ਬਿਲਗਾ ਹਸਪਤਾਲ | ਜੇ04017 | 01-Mar-05 | 0.37 |
| 84. | ਤਲਵਨ ਤੋਂ ਸਰਕਾਰੀ ਹਾਈ ਸਕੂਲ ਤਲਵਨ | ਜੇ04043 | 01-Mar-05 | 0.35 |
| 85. | ਫਿਲੌਰ ਨੂਰਮਹਿਲ ਰੋਡ ਤੋਂ ਬੰਡਾਲਾ ਵਾ: ਮਿਠੜਾ ਸੈਕ-ਏ | ਜੇ11001 | 01-Oct-04 | 3.90 |
| 86. | ਨੂਰਮਹਿਲ ਤੋਂ ਸਿਧਮਸਧਦੀ | ਜੇ11008 | 01-Nov-04 | 1.70 |
| 87. | ਤੱਗੜ ਤੋਂ ਭੰਡਾਲ ਸਾਹਿਬ ਰਾਏ (ਏ) ਤੱਗੜ ਤੋਂ ਮ.ਕ. ਲਿਮਟ | ਜੇ11013 | 01-Nov-04 | 1.70 |
| 88. | ਤੱਗੜ ਤੋਂ ਭੰਡਾਲ ਸਾਹਿਬ ਰਾਏ (ਬੀ) ਮ.ਕ. ਲਿਮਟ ਤੋਂ | ਜੇ11013 | 01-Nov-04 | 1.00 |
| 89. | ਤੱਗੜ ਤੋਂ ਭੰਡਾਲ ਸਾਹਿਬ ਰਾਏ (ਸੀ) ਸਾਗਰਪੁਰ ਤੋਂ ਮ.ਕ. | ਜੇ11013 | 01-Oct-04 | 1.53 |

Original with;
Punjab Vidhan Sabha
Digitized by;
Panjab Digital Library

[ ਖੇਤੀਬਾੜੀ ਮੰਤਰੀ ]

| | | | | |
|---|---|---|---|---|
| 90. | ਫਿਲੌਰ ਨੂਰਮਹਿਲ ਰੋਡ ਤੋਂ ਰੁੜਕਾ ਕਲਾਂ (ਏ) ਮ.ਕ. ਲਿਮਟ | ਜੇ11016 | 01-Oct-04 | 1.60 |
| 91. | ਭੰਡਾਲ ਹਿੰਮਤ ਤੋਂ ਉਪਲ ਖਾਲਸਾ | ਜੇ11023 | 01-Oct-04 | 4.85 |
| 92. | ਧੰਧੋਲਾ ਕਲਾਂ ਤੋਂ ਨੂਰਮਹਿਲ ਰੇਲਵੇ ਸਟੇਸ਼ਨ | ਜੇ11045 | 01-Nov-04 | 0.56 |
| 93. | ਤੱਗੜ ਭੰਡਾਲ ਸਾਹਿਬ ਰੋਡ ਤੋਂ ਪਾਸਲਾ | ਜੇ11051 | 01-Nov-04 | 3.04 |
| 94. | ਸੈਦੋਵਾਲ ਤੋਂ ਸ਼ਾਮਪੁਰ | ਜੇ11058 | 01-Oct-04 | 1.05 |
| 95. | ਬਹਾਦਰਪੁਰ ਤੋਂ ਸਾਗਰਪੁਰ | ਜੇ11067 | 01-Nov-04 | 0.64 |
| 96. | ਬਹਾਦਰਪੁਰ ਤੋਂ ਸੈਦੋਵਾਲ | ਜੇ11068 | 01-Nov-04 | 0.62 |
| 97. | ਚੂਹੇਕੀ ਤੋਂ ਜਾਗੋਸੰਘਾ | ਜੇ11072 | 01-Nov-04 | 1.43 |
| 98. | ਬਤੂਰਾ ਤੋਂ ਭੰਗਾਲਾ ਭੰਡਾਲ ਬੂਟਾ ਰੋਡ | ਜੇ11075 | 01-Nov-04 | 0.62 |
| 99. | ਨਕੋਦਰ ਨੂਰਮਹਿਲ ਰੋਡ ਤੋਂ ਨੱਟ | ਜੇ11026 | 01-Mar-05 | 3.29 |
| 100. | ਬੂਗਲਾਨਾ ਤੋਂ ਬੂੰਡਾਲਾ ਬੂਟਾ ਰੋਡ | ਜੇ11076 | 01-Mar-05 | 3.41 |
| 101. | ਭਾਰਦਵਾਜੀਆਂ ਤੋਂ ਮਿਠੜਾ ਬੂੰਡਾਲਾ ਰੋਡ | ਜੇ11074 | 01-Mar-05 | 2.12 |
| 102. | ਤਗੜ ਤੋਂ ਕਬਰਸਤਾਨ ਤਗੜ | ਜੇ011080 | 01-Mar-05 | 0.19 |
| 103. | ਤਗੜ ਤੋਂ ਤਗੜ ਜਠੇਰੇ | ਜੇ011081 | 01-Mar-05 | 0.20 |
| 104. | ਨੂਰਮਹਿਲ ਕਪੂਰਥਲਾ ਰੋਡ ਤੋਂ ਗੋਹੀਰ (ਸੀ) ਸੈਕ ਹੇਰਾਂ ਤੋਂ ਕੋਟਲਾ ਜੰਗਾਂ | ਜੇ09009 | 01-Mar-05 | 2.70 |
| 105. | ਮਲੀਆਂ ਕਲਾਂ ਤੋਂ ਢੱਢਾ ਖਾਨੋਪੁਰ (ਬੀ) ਗਿਲਾਂ ਤੋਂ ਢੱਢਾ ਹੁੰਦਲ ਵਾ: ਢੱਢਾ ਖਾਨੋਪੁਰ | ਜੇ09020 | 01-Apr-04 | 3.25 |
| 106. | ਲਾਂਬੜਾ ਤੋਂ ਉਗੀ (ਸੇਕ ਮ.ਕ. ਲਿਮਟ) | ਜੇ09056 | 01-Apr-04 | 3.93 |

Original with;
Punjab Vidhan Sabha
Digitized by;
Panjab Digital Library

| | | | | |
|---|---|---|---|---|
| 107. | ਨਕੋਦਰ ਨੂਰਮਹਿਲ ਰੋਡ ਤੋਂ ਚੱਕ ਕਲਾਂ ਸੈਕ ਸ਼ੰਕਰ ਤੋਂ ਚੱਕ ਕਲਾਂ | ਜੇ09058 | 01-Sep-04 | 3.90 |
| 108. | ਨੂਰਮਹਿਲ ਜੰਡਿਆਲਾ ਰੋਡ ਤੋਂ ਬੋਪਾਰਾਏ ਧਾਰੀਵਾਲ | ਜੇ09060 | 01-Mar-05 | 10.70 |
| 109. | ਸ਼ੰਕਰ ਬਜੂਹਾ ਖੁਰਦ ਰੋਡ | ਜੇ09061 | 01-Sep-04 | 8.35 |
| 110. | ਸ਼ੰਕਰ ਗੁਰਦੁਆਰਾ ਪੰਜ ਪੀਰ | ਜੇ09066 | 01-May-04 | 1.50 |
| 111. | ਨਕੋਦਰ ਨੂਰਮਹਿਲ ਰੋਡ ਤੋਂ ਮਹਿਮ ਵਾ: ਬੀਰ ਪਿੰਡ | ਜੇ09068 | 01-Sep-04 | 4.60 |
| 112. | ਚੱਕ ਖੁਰਦ ਤੋਂ ਬਜੂਹਾ ਖੁਰਦ (ਏ) ਸੈਕ ਚੱਕ ਖੁਰਦ ਤੋਂ ਚੱਕ ਪੀਰ ਪੁਰ 3 ਕਿ.ਮੀ. = 10', 1.75 ਕਿ.ਮੀ. = 12', 0.75 ਕਿ.ਮੀ. = 16' | ਜੇ09070 | 01-Sep-04 | 5.70 |
| 113. | ਜਲੰਧਰ ਮਾਡਲ ਟਾਊਨ ਰੋਡ ਤੋਂ ਬਜੂਹਾ ਖੁਰਦ 16' ਚੌੜੀ | ਜੇ09071 | 01-Sep-04 | 2.93 |
| 114. | ਲਿਦੜਾ ਤੋਂ ਸਰੀਂਹ ਰੋਡ | ਜੇ09075 | 01-Mar-05 | 3.29 |
| 115. | ਮਹਿਤਪੁਰ ਬਾਈਪਾਸ ਤੋਂ (ਨਕੋਦਰ ਨੂਰਮਹਿਲ) ਰੈੜਵਾਂ ਮੀਓਵਾਲ (ਏ) ਸੈਕ ਨਕੋਦਰ ਨੂਰਮਹਿਲ ਰੋਡ ਤੋਂ ਰੈੜਵਾਂ | ਜੇ09081 | 01-Jun-04 | 1.60 |
| 116. | ਮਹਿਤਪੁਰ ਬਾਈਪਾਸ ਤੋਂ (ਨਕੋਦਰ ਨੂਰਮਹਿਲ) ਰੈੜਵਾਂ ਮੀਓਵਾਲ (ਬੀ) ਸੈਕ ਨਕੋਦਰ ਨੂਰਮਹਿਲ ਰੋਡ ਤੋਂ ਰੈੜਵਾਂ ਮਾਊਵਾਲ | ਜੇ09081 | 01-Jun-04 | 1.38 |
| 117. | ਸਰੀਂਹ ਤੋਂ ਗੌਰਮਿੰਟ ਹਾਈ ਸਕੂਲ ਹਰਦੋ ਸ਼ੇਖ ਸਮੇਤ ਫਿਰਨੀ | ਜੇ09093 | 01-Apr-04 | 2.35 |

*Original with;*
Punjab Vidhan Sabha
*Digitized by;*
Panjab Digital Library

[ ਖੇਤੀਬਾੜੀ ਮੰਤਰੀ ]

| | | | | |
|---|---|---|---|---|
| 118. | ਖੁਰਸ਼ੇਦਪੁਰ ਤੋਂ ਲਈਏਵਾਲ | ਜੇ09104 | 01-Mar-05 | 3.50 |
| 119. | ਸਰੀਂਹ ਤੋਂ ਗੁਰਦੁਆਰਾ ਬੁਧਸ਼ਾਹ | ਜੇ09111 | 01-Nov-04 | 1.50 |
| 120. | ਨਕੋਦਰ ਮਲਸੀਆਂ ਰੋਡ ਤੋਂ ਗੁਰਦੁਵਾਰਾ ਨਾਨਕ ਸਾਹਿਬ | ਜੇ09150 | 01-Sep-04 | 0.30 |
| 121. | ਫਿਰਨੀ ਪਿੰਡ ਰਸੂਲਪੁਰ | ਜੇ09151 | 01-Apr-04 | 0.80 |
| 122. | ਫਿਰਨੀ ਪਿੰਡ ਊਗੀ | ਜੇ09152 | 01-Apr-04 | 1.20 |
| 123. | ਕੋਟਲਾ ਭੰਗੂ ਤੋਂ ਨੂਰਪੁਰ | ਜੇ09153 | 01-May-04 | 1.05 |
| 124. | ਨਕੋਦਰ ਜਲੰਧਰ ਰੋਡ ਤੋਂ ਸਰੀਂਹ ਡਿਸਟਰੀਬਿਊਟਰੀ | ਜੇ09091 | 01-Sep-04 | 0.56 |
| | | | ਜੋੜ | 213.46 |

**ਮਾਨਯੋਗ ਸਪੀਕਰ :** ਸਮਰਾ ਜੀ, ਇਹ ਸਵਾਲ ਕਿਤੇ ਤੁਸੀਂ ਪਹਿਲਾਂ ਤਾਂ ਨਹੀਂ ਕਦੇ ਪੁੱਛਿਆ?

**ਸਰਦਾਰ ਅਮਰਜੀਤ ਸਿੰਘ ਸਮਰਾ :** ਨਹੀਂ ਜੀ। ਇਹ ਹੁਣ ਲਿਸਟ ਦੇ ਦਿੱਤੀ ਹੈ, 'ੳ' ਤੇ 124 ਸੜਕਾਂ ਹਨ। ਮੇਰਾ ਖਿਆਲ ਹੈ ਕਿ ਕੁੱਲ ਮਿਲਾ ਕੇ ਏਨੀਆਂ ਕੁ ਹੀ ਹੋਣੀਆਂ ਹਨ। ਇਕ-ਅੱਧੀ ਭਾਵੇਂ ਕੋਈ ਰਹਿ ਗਈ ਹੋਵੇ। ਸਾਲ 2000 ਤੋਂ ਲੈ ਕੇ 2004 ਤੱਕ ਇਨ੍ਹਾਂ ਸੜਕਾਂ ਤੇ ਪਹਿਲਾਂ ਪ੍ਰੀ-ਮਿਕਸ ਪਈ ਸੀ, ਉਸ ਤੋਂ ਬਾਅਦ ਤਾਂ ਉਥੇ ਬੁਰਾ ਹਾਲ ਹੀ ਹੈ। ਦੂਸਰਾ ਇਹ ਹੈ ਕਿ ਢੀਂਡਸਾ ਸਾਹਿਬ ਵੀ ਉਥੇ ਜਾ ਕੇ ਆਏ ਹਨ। ਸ਼ੰਕਰ ਸਾਡੇ ਇਲਾਕੇ ਦਾ ਬੜਾ ਮਸ਼ਹੂਰ ਪਿੰਡ ਹੈ, ਉਥੇ ਨਾਲ ਹੀ ਦੋ ਕੁ ਕਿਲੋਮੀਟਰ ਤੇ ਸ਼ਹੀਦ ਬਾਬਾ ਕਰਤਾਰਾ ਸਿੰਘ ਬੱਬਰ ਦੇ ਨਾਂ ਤੇ ਦੋ ਮੇਲੇ ਵੀ ਲਗਦੇ ਹਨ। ਉਥੇ ਹਰ ਮਨਿਸਟਰ ਜਾਂਦਾ ਹੈ ਔਰ ਉਥੇ ਜਾ ਕੇ ਅਨਾਊਂਸ ਕਰਕੇ ਵੀ ਆ ਜਾਂਦਾ ਹੈ। ਜਿਹੜੀ ਸ਼ੰਕਰ ਤੋਂ ਚਾਕਲਾਂ ਤੱਕ ਸੜਕ ਹੈ, ਉਸ ਸੜਕ ਦਾ ਤਾਂ ਕੋਈ ਵਜੂਦ ਹੀ ਨਹੀਂ ਰਿਹਾ ਹੈ। ਇਹ ਸਾਰੇ ਵਜ਼ੀਰ ਸਾਹਿਬ ਉਥੇ ਜਾ ਕੇ ਕਈ ਵਾਰੀ ਅਨਾਊਂਸਮੈਂਟਾਂ ਕਰ ਆਏ ਹਨ ਪਰ ਪਤਾ ਨਹੀਂ ਨਕੋਦਰ ਦੇ ਨਾਲ ਇਹ ਬਹੁਤ ਵੱਡਾ ਵਿਤਕਰਾ ਕਿਉਂ ਹੋ ਰਿਹਾ ਹੈ? ਇਸ ਦੇ ਕਾਰਨ ਤਾਂ ਇਹੀ ਜਾਣਦੇ ਹਨ। ਪਤਾ ਨਹੀਂ ਕੀ ਕਾਰਨ ਹਨ? ਨਾ ਤਾਂ ਦੂਜੇ ਪਾਸੇ ਸੀਵਰੇਜ ਵਾਲੀ ਜਿਹੜੀ ਗੱਲ ਹੈ, ਉਹ ਹੋਈ ਹੈ ਅਤੇ ਨਾ ਹੀ ਸੜਕਾਂ ਦੀ ਰਿਪੇਅਰ ਹੁੰਦੀ ਹੈ। ਅਸੀਂ ਕੀ ਸਮਝੀਏ ਕਿ ਸਰਕਾਰ ਦਾਂ ਕੀ ਵਜੂਦ ਹੈ? ਇੰਨੀ ਬੇਇਨਸਾਫੀ ਕੀਤੀ ਜਾ ਰਹੀ ਹੈ। ...(ਵਿਘਨ)...

**ਮੰਤਰੀ :** ਸਪੀਕਰ ਸਾਹਿਬ, ਦੋ ਕਰੋੜ ਰੁਪਏ ਦੀਆਂ ਸੜਕਾਂ ਇਨ੍ਹਾਂ ਦੇ ਹਲਕੇ ਵਿਚ ਰਿਪੇਅਰ ਹੋ ਰਹੀਆਂ ਹਨ। ਬਾਕੀ ਪੈਸੇ ਜਦੋਂ ਮਿਲਣਗੇ ਇਹ ਵੀ ਕਰ ਦਿਆਂਗੇ ਜੀ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਅਗਲਾ ਸਵਾਲ।

---

## ਦਿੜ੍ਹਬਾ ਵਿਖੇ ਸੀਵਰੇਜ ਵਿਛਾਉਣਾ

***2239. ਸਰਦਾਰ ਸੁਰਜੀਤ ਸਿੰਘ ਧੀਮਾਨ :** ਕੀ ਸਥਾਨਕ ਸਰਕਾਰ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਨਗਰ ਪੰਚਾਇਤ, ਦਿੜ੍ਹਬਾ ਵਿਖੇ ਸੀਵਰੇਜ ਸਿਸਟਮ ਵਿਛਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਦੇ ਵੇਰਵੇ ਕੀ ਹਨ?

**ਸ਼੍ਰੀ ਤਿਕਸ਼ਨ ਸੂਦ :** ਸ਼੍ਰੀਮਾਨ ਜੀ, ਕਸਬਾ ਦਿੜ੍ਹਬਾ ਵਿਖੇ ਸੀਵਰੇਜ ਸਿਸਟਮ ਵਿਛਾਉਣ ਦੀ ਕੋਈ ਤਜਵੀਜ਼ ਸਰਕਾਰ ਦੇ ਵਿਚਾਰ ਅਧੀਨ ਨਹੀਂ ਹੈ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਸਾਹਿਬ ਤੋਂ ਜਾਣਨਾ ਚਾਹੁੰਦਾ ਹਾਂ ਕਿ ਮੈਂ ਪਿਛਲੇ ਪੰਜਾਂ ਸਾਲਾਂ ਵਿਚ ਦੋ-ਤਿੰਨ ਵਾਰੀ ਇਹ ਸਵਾਲ ਲਗਾ ਚੁੱਕਾ ਹਾਂ ਲੇਕਿਨ ਹਰ ਵਾਰੀ ਇਸ ਸਵਾਲ ਦਾ ਜਵਾਬ 'ਨਾਂਹ' ਵਿਚ ਆ ਰਿਹਾ ਹੈ। ਮੇਰਾ ਕਹਿਣਾ ਇਹ ਹੈ ਕਿ ਉਥੇ 28,000 ਦੀ ਅਬਾਦੀ ਦਾ ਇਹ ਕਸਬਾ ਹੈ, ਉਥੇ ਗੰਦ ਫੈਲ ਗਿਆ ਹੈ। ਉਥੇ ਪ੍ਰਬੰਧਕ ਲੱਗੇ ਨੂੰ ਸਾਲ ਭਰ ਹੋ ਗਿਆ ਹੈ, ਉਥੇ ਸਫਾਈ ਦਾ ਬਹੁਤ ਮਾੜਾ ਹਾਲ ਹੈ। ਲੋਕ ਬਿਮਾਰੀ ਤੋਂ ਪੀੜ੍ਹਤ ਹੋ ਕੇ ਹਸਪਤਾਲਾਂ ਦੇ ਵਿਚ ਬੀਮਾਰ ਹੋਏ ਪਏ ਹਨ। ਡੇਂਗੂ ਵਰਗੀਆਂ ਬਿਮਾਰੀਆਂ ਉਥੇ ਫੈਲ ਰਹੀਆਂ ਹਨ। ਕੀ ਮੰਤਰੀ ਜੀ ਇਸ ਗੱਲ ਵੱਲ ਗੌਰ ਕਰਨਗੇ?

**ਮੰਤਰੀ :** ਸਪੀਕਰ ਸਾਹਿਬ, ਪਤਾ ਨਹੀਂ ਇਨ੍ਹਾਂ ਨੇ ਇਹ ਡਾਟਾ ਕਿੱਥੋਂ ਲਿਆ ਹੈ। ਉਥੇ ਅਬਾਦੀ 28,000 ਨਹੀਂ ਬਲਕਿ 16,000 ਹੈ। ਸਪੀਕਰ ਸਾਹਿਬ, ਅਸੀਂ ਇਸ ਬਾਬਤ ਐਸਟੀਮੇਟ ਲਗਵਾਏ ਹਨ। ਕੁਲ 8 ਕਰੋੜ 93 ਲੱਖ ਰੁਪਿਆ ਵਾਟਰ ਸਪਲਾਈ ਅਤੇ ਸੀਵਰੇਜ ਤੇ ਖਰਚ ਆਉਣਾ ਹੈ ਜਿਸ ਵਿਚੋਂ 37 ਲੱਖ ਰੁਪਿਆ ਵਾਟਰ ਸਪਲਾਈ ਉਪਰ ਅਤੇ 8.56 ਕਰੋੜ ਰੁਪਿਆ ਸੀਵਰੇਜ ਤੇ ਖਰਚ ਆਉਣਾ ਹੈ। ਮੌਜੂਦਾ ਵਾਟਰ ਸਪਲਾਈ ਦੀਆਂ 27.20 ਕਿ:ਮੀ: ਲਾਈਨਾਂ ਹਨ। ਹਾਲੇ ਕੋਈ ਸਕੀਮ ਨਹੀਂ ਹੈ। ਜਿਸ ਵੇਲੇ ਮਿਉਂਸਿਪਲ ਕਮੇਟੀ ਵੱਲੋਂ ਕੋਈ ਸਕੀਮ ਆਵੇਗੀ ਤਾਂ ਕਿਸੇ ਸਕੀਮ ਵਿਚ ਪਾ ਦਿਆਂਗੇ ਜੀ।

**ਸਰਦਾਰ ਸੁਰਜੀਤ ਸਿੰਘ ਧੀਮਾਨ :** ਸਪੀਕਰ ਸਾਹਿਬ, ਮੈਂ ਪੁੱਛਣਾ ਚਾਹੁੰਦਾ ਹਾਂ ਕਿ ਮੰਤਰੀ ਜੀ ਨੇ ਪੋਲਾ ਜਿਹਾ ਜਵਾਬ ਦੇ ਦਿੱਤਾ ਹੈ ਕਿ 16,000 ਦੀ ਅਬਾਦੀ ਹੈ। ਉਥੇ 12,000 ਤਾਂ ਵੋਟ ਹੈ ਅਤੇ ਉਥੋਂ ਦੀ ਅਬਾਦੀ 28,000 ਹੈ। ਮੈਨੂੰ ਨਹੀਂ ਪਤਾ ਕਿ ਮੰਤਰੀ ਸਾਹਿਬ ਨੇ ਇਹ ਅੰਕੜੇ ਕਿਥੋਂ ਦੇ ਦਿੱਤੇ ਹਨ ਕਿ ਅਬਾਦੀ 16,000 ਹੈ।

Original with;
Punjab Vidhan Sabha
Digitized by;
Panjab Digital Library

[ ਸਰਦਾਰ ਸੁਰਜੀਤ ਸਿੰਘ ਧੀਮਾਨ ]

ਘੱਟੋ-ਘੱਟ ਪਵਿੱਤਰ ਸਦਨ ਵਿਚ ਜੇਕਰ ਸੱਚ ਨਹੀਂ ਬੋਲਣਾ ਤਾਂ ਝੂਠ ਵੀ ਨਾ ਬੋਲਿਆ ਜਾਵੇ।

(ਇਸ ਸਪਲੀਮੈਂਟਰੀ ਦਾ ਕੋਈ ਉੱਤਰ ਨਹੀਂ ਆਇਆ।)

---

## ਨਰੇਗਾ ਅਧੀਨ ਜਾਰੀ ਫੰਡ

***2278. ਸਰਦਾਰ ਅਜੀਤ ਸਿੰਘ ਸ਼ਾਂਤ :** ਕੀ ਪੇਂਡੂ ਵਿਕਾਸ ਤੇ ਪੰਚਾਇਤ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਨਰੇਗਾ ਸਕੀਮ ਤਹਿਤ ਜ਼ਿਲ੍ਹਾ ਮੋਗਾ ਵਿਚ ਸਾਲ 2008-09, 2009-10 ਅਤੇ 2010-11 ਦੌਰਾਨ ਕਿੰਨੇ ਫੰਡਜ ਜਾਰੀ ਹੋਏ ਅਤੇ ਇਨ੍ਹਾਂ ਵਿਚੋਂ ਕਿੰਨਾ ਪੈਸਾ ਲੈਪਸ ਹੋਇਆ ਹੈ।

**ਸਰਦਾਰ ਰਣਜੀਤ ਸਿੰਘ ਬ੍ਰਹਮਪੁਰਾ :** ਸ਼੍ਰੀਮਾਨ ਜੀ, ਮਨਰੇਗਾ ਤਹਿਤ ਜ਼ਿਲ੍ਹਾ ਮੋਗਾ ਨੂੰ ਸਾਲ 2008-09 ਵਿਚ ਕੁੱਲ 1 ਕਰੋੜ 3 ਲੱਖ 28 ਹਜ਼ਾਰ, ਸਾਲ 2009-10 ਵਿਚ ਕੁੱਲ 60 ਲੱਖ 52 ਹਜ਼ਾਰ ਅਤੇ ਸਾਲ 2010-11 ਵਿਚ ਕੁੱਲ 4 ਕਰੋੜ 73 ਲੱਖ 84 ਹਜ਼ਾਰ ਦੀ ਰਾਸ਼ੀ ਜਾਰੀ ਕੀਤੀ ਗਈ ਹੈ ਅਤੇ ਇਨ੍ਹਾਂ ਸਾਲਾਂ ਦੌਰਾਨ ਕੋਈ ਵੀ ਪੈਸਾ ਲੈਪਸ ਨਹੀਂ ਹੋਇਆ ਹੈ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੋਗਾ ਜ਼ਿਲ੍ਹੇ ਵਿਚ ਘੱਟੋ-ਘੱਟ 29 ਹਜ਼ਾਰ ਜਾਬ ਕਾਰਡ ਬਣੇ ਹਨ। ਉਥੇ ਪ੍ਰੋਪੋਜ਼ਲਾਂ ਬਹੁਤ ਥੋੜ੍ਹੀਆਂ ਬਣ ਕੇ ਆਉਂਦੀਆਂ ਹਨ। ਕੀ ਕਾਰਨ ਹਨ ਕਿ ਪਿਛਲੇ ਤਿੰਨ ਸਾਲਾਂ ਵਿਚ ਕੇਵਲ ਸਾਢੇ ਛੇ ਕਰੋੜ ਰੁਪਿਆ ਹੀ ਮਨਰੇਗਾ ਦੇ ਤਹਿਤ ਗਿਆ ਹੈ। ਕੀ ਇਹ ਪ੍ਰੋਪੋਜ਼ਲਾਂ ਅਧਿਕਾਰੀ ਬਣਾਉਂਦੇ ਹਨ ਜਾਂ ਪੰਚਾਇਤਾਂ ਬਣਾਉਂਦੀਆਂ ਹਨ? ਮੇਰੀ ਬੇਨਤੀ ਹੈ ਕਿ ਉਥੇ ਪ੍ਰੋਪੋਜ਼ਲਾਂ ਨੂੰ ਵਧਾਇਆ ਜਾਵੇ ਤਾਂ ਕਿ ਜੋ ਇਨ੍ਹਾਂ ਲੋਕਾਂ ਨੂੰ 300 ਦਿਨਾਂ ਦਾ ਰੁਜ਼ਗਾਰ ਬਣਦਾ ਸੀ, ਜਿਹੜਾ ਕਿ ਨਹੀਂ ਦਿੱਤਾ ਗਿਆ, ਉਹ ਦਿੱਤਾ ਜਾ ਸਕੇ। ਕੁਝ ਪੰਚਾਇਤਾਂ ਅਜਿਹੀਆਂ ਵੀ ਹਨ ਜਿਥੇ ਜਾਬ-ਕਾਰਡ ਬਣੇ ਹੋਏ ਹਨ ਲੇਕਿਨ ਉਥੇ ਕੰਮ ਨਹੀਂ ਹੋਇਆ ਪਰ ਪੈਸਾ ਵੰਡਿਆ ਦਿਖਾਇਆ ਜਾ ਰਿਹਾ ਹੈ। ਇਸ ਵੱਲ ਮੰਤਰੀ ਜੀ ਧਿਆਨ ਦੇਣ ਕਿ ਗਰੀਬਾਂ ਨੂੰ ਰੁਜ਼ਗਾਰ ਦੇਣ ਵਿਚ ਬੇਈਮਾਨੀ ਹੋ ਰਹੀ ਹੈ। ਕੀ ਇਸ ਦੀ ਇਨਕੁਆਇਰੀ ਕੀਤੀ ਜਾ ਸਕਦੀ ਹੈ?

**ਮੰਤਰੀ :** ਮੈਂ ਸਤਿਕਾਰਯੋਗ ਮੈਂਬਰ ਸਾਹਿਬ ਨੂੰ ਕਹਿੰਦਾ ਹਾਂ ਕਿ ਜੇਕਰ ਇਨ੍ਹਾਂ ਨੂੰ ਕੋਈ ਸ਼ਿਕਾਇਤ ਹੈ ਜਾਂ ਇਨ੍ਹਾਂ ਦੇ ਨੋਟਿਸ ਵਿਚ ਕੋਈ ਗੱਲ ਹੈ ਤਾਂ ਇਨਕੁਆਇਰੀ ਵੀ ਹੋ ਸਕਦੀ ਹੈ। ਅਸੀਂ ਸਖਤ ਐਕਸ਼ਨ ਲਵਾਂਗੇ। ਬਾਕੀ ਮਨਰੇਗਾ ਵਿਚ ਜਿਹੜੇ ਜਾਬ-ਕਾਰਡ ਬਣੇ ਹਨ ਉਹ ਠੀਕ ਬਣੇ ਹਨ ਅਤੇ ਉਥੇ ਪੈਸਾ ਵੀ ਠੀਕ ਯੂਟੇਲਾਈਜ਼ ਹੋ ਰਿਹਾ ਹੈ।

**ਸਰਦਾਰ ਅਜੀਤ ਸਿੰਘ ਸ਼ਾਂਤ :** ਸਪੀਕਰ ਸਾਹਿਬ, ਮੇਰੇ ਹਲਕੇ ਵਿਚ ਇੱਕ

Original with;
Punjab Vidhan Sabha
Digitized by;
Panjab Digital Library

ਪਿੰਡ ਮੱਲੇਆਣਾ ਹੈ। ਪਿਛਲੇ ਤਿੰਨ ਸਾਲਾਂ ਵਿਚ ਉਥੇ ਇੱਕ ਵੀ ਪੈਸਾ ਨਹੀਂ ਗਿਆ। ਇਸ ਦੀ ਇਨਕੁਆਇਰੀ ਕਰਵਾਈ ਜਾਵੇ। ਉਥੇ ਜਾਬ-ਕਾਰਡ ਬਣੇ ਹੋਏ ਹਨ ਪਰ ਪੈਸਾ ਕਿਉਂ ਨਹੀਂ ਗਿਆ? ਇਹ ਪਿੰਡ ਹਲਕਾ ਨਿਹਾਲ ਸਿੰਘ ਵਾਲਾ, ਜ਼ਿਲ੍ਹਾ ਮੋਗਾ ਦਾ ਹੈ।

**ਮਾਨਯੋਗ ਸਪੀਕਰ :** ਮੰਤਰੀ ਜੀ ਕੋਈ ਦੱਸਣ ਵਾਲੀ ਗੱਲ ਹੈ?

**ਮੰਤਰੀ :** ਸਪੀਕਰ ਸਾਹਿਬ, ਜਾਬ-ਕਾਰਡ ਲੋੜਵੰਦ ਵਿਅਕਤੀ ਬਣਵਾ ਤਾਂ ਲੈਂਦੇ ਹਨ ਪਰ ਉਥੇ ਕੰਮ ਕਰਨ ਵਾਲੇ ਜਾਬ-ਕਾਰਡ ਲੈਣ ਨਹੀਂ ਆਉਂਦੇ। ਬਾਕੀ ਮੈਂ ਪਤਾ ਕਰਵਾ ਲਵਾਂਗਾ ਕਿ ਉਥੇ ਕੰਮ ਕਿਉਂ ਨਹੀਂ ਹੋਇਆ।

---

## ਆਦਮਪੁਰ-ਹਰਿਆਣਾ ਸੜਕ ਤੋਂ ਨਜਾਇਜ਼ ਕਬਜੇ ਹਟਾਉਣਾ

***2245. ਸ਼੍ਰੀ ਨਰੇਸ਼ ਕੁਮਾਰ ਕਟਾਰੀਆ (ਸਰਦਾਰ ਸਰਬਜੀਤ ਸਿੰਘ ਮੱਕੜ ਵੱਲੋਂ ਪੇਸ਼ ਕੀਤਾ ਗਿਆ) :** ਕੀ ਲੋਕ ਨਿਰਮਾਣ (ਭ ਤੇ ਮ) ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਇਹ ਠੀਕ ਹੈ ਕਿ ਆਦਮਪੁਰ ਤੋਂ ਹਰਿਆਣਾ ਬਰਾਸਤਾ ਖੁਰਦਪੁਰ ਸਾਰੋਬਾਦ-ਸ਼ਾਮਚੁਰਾਸੀ ਸੜਕ 60 ਫੁੱਟ ਚੌੜੀ ਹੈ ਅਤੇ ਇਸ ਦੇ 11 ਫੁੱਟ ਮੈਟਲਡ ਹਿੱਸੇ ਨੂੰ ਛੱਡ ਕੇ ਬਾਕੀ 49 ਫੁੱਟ ਚੌੜਾਈ ਉਤੇ ਲੋਕਾਂ ਨੇ ਨਜਾਇਜ਼ ਕਬਜ਼ਾ ਕੀਤਾ ਹੋਇਆ ਹੈ; ਜੇਕਰ ਅਜਿਹਾ ਹੋਵੇ ਤਾਂ ਇਸ ਨਜਾਇਜ਼ ਕਬਜ਼ੇ ਹੇਠੋਂ ਉਪਰੋਕਤ 60 ਫੁੱਟੀ ਸੜਕ ਨੂੰ ਖਾਲੀ ਕਰਵਾਉਣ ਲਈ ਕੀ ਕਦਮ ਚੁੱਕੇ ਜਾ ਰਹੇ ਹਨ ਅਤੇ ਅਜਿਹਾ ਕਦੋਂ ਤੱਕ ਕੀਤੇ ਜਾਣ ਦੀ ਸੰਭਾਵਨਾ ਹੈ?

**ਸਰਦਾਰ ਪਰਮਿੰਦਰ ਸਿੰਘ ਢੀਂਡਸਾ :** (ੳ) ਨਹੀਂ ਜੀ।

(ਅ) ਮਾਲ ਵਿਭਾਗ ਦੇ ਰਿਕਾਰਡ ਅਨੁਸਾਰ ਇਸ ਸੜਕ ਦੀ ਮਾਲਕੀ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ ਦੀ ਹੈ, ਇਸ ਲਈ ਅਗਲੇਰੀ ਕਾਰਵਾਈ ਮਕਬੂਜਾ ਮਾਲਕਾਨ ਜ਼ਿਲ੍ਹਾ ਪ੍ਰੀਸ਼ਦ/ਪੰਚਾਇਤ ਸੰਮਤੀ ਵੱਲੋਂ ਕੀਤੀ ਜਾਣੀ ਹੈ।

**ਸਰਦਾਰ ਸਰਬਜੀਤ ਸਿੰਘ ਮੱਕੜ :** ਸਪੀਕਰ ਸਾਹਿਬ, ਮੈਂ ਮੰਤਰੀ ਸਾਹਿਬ ਨੂੰ ਪੁੱਛਣਾ ਚਾਹੁੰਦਾ ਹਾਂ ਕਿ ਸੀ.ਐਮ. ਸਾਹਿਬ ਅਤੇ ਸਰਕਾਰ ਨੇ ਆਰਡਰ ਕੀਤੇ ਸਨ ਕਿ ਲੋਕਾਂ ਵੱਲੋਂ ਜਿਹੜੀ ਇਨਕਰੋਚਮੈਂਟ ਕੀਤੀ ਗਈ ਹੈ, ਉਹ ਹਟਾਈ ਜਾਵੇਗੀ। ਇਹ ਸੜਕ 60 ਫੁੱਟ ਚੌੜੀ ਹੈ ਅਤੇ ਦੋ ਹਲਕਿਆਂ ਸ਼ਾਮ ਚੁਰਾਸੀ ਅਤੇ ਆਦਮਪੁਰ ਨੂੰ ਮਿਲਾਉਂਦੀ ਹੈ। ਇਸ ਦੇ ਵਿਚ ਦਖਲ-ਅੰਦਾਜ਼ੀ ਕੀਤੀ ਜਾਵੇ। ਚਾਹੇ ਤਾਂ ਪੰਚਾਇਤ ਮੰਤਰੀ ਇਸ ਦਾ ਜਵਾਬ ਦੇ ਦੇਣ ਅਤੇ ਇਸ ਉਤੇ ਜ਼ਰੂਰ ਗੌਰ ਕੀਤਾ ਜਾਵੇ।

**ਮੰਤਰੀ :** ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੈਂਬਰ ਸਾਹਿਬ ਨੂੰ ਦੱਸਣਾ ਚਾਹੁੰਦਾ ਹਾਂ ਕਿ ਇਸ ਸੜਕ ਦੀ ਚੌੜਾਈ ਵੇਰੀ ਕਰਦੀ ਹੈ। ਕਿਤੇ ਇਹ 60 ਫੁੱਟ ਚੌੜੀ

Original with;
Punjab Vidhan Sabha
Digitized by;
Panjab Digital Library

[ ਲੋਕ ਨਿਰਮਾਣ (ਭ ਤੇ ਮ) ਮੰਤਰੀ ]

ਹੈ, ਕਿਤੇ 38 ਫੁੱਟ ਚੌੜੀ ਹੈ ਅਤੇ ਕਿਤੇ 80 ਫੁੱਟ ਚੌੜੀ ਹੈ। ਇਸ ਤੋਂ ਇਲਾਵਾ ਅਸੀਂ ਪਤਾ ਕਰਵਾਇਆ ਹੈ ਕਿ ਇਸ ਦਾ ਕੋਈ ਕੰਕਰੀਟ ਸਟਰੱਕਚਰ ਨਹੀਂ ਬਣਿਆ, ਸਿਰਫ ਕਿਸਾਨਾਂ ਵੱਲੋਂ ਕਿਨਾਰੇ ਵਾਹੇ ਗਏ ਹਨ। ਅਸੀਂ ਸਬੰਧਤ ਡੀ.ਸੀਜ਼ ਨੂੰ ਹਦਾਇਤਾਂ ਕੀਤੀਆਂ ਹਨ ਕਿ ਜਿਥੇ-ਜਿਥੇ ਵੀ ਕਿਸਾਨਾਂ ਨੇ ਇਨਕਰੋਚਮੈਂਟ ਕੀਤੀ ਹੈ ਅਤੇ ਕਿਨਾਰੇ ਵਾਹੇ ਹਨ, ਉਹ ਵਾਪਸ ਦਿਵਾਏ ਜਾਣ।

**ਮਾਨਯੋਗ ਸਪੀਕਰ** : ਅਗਲਾ ਸਵਾਲ।

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ,...

**ਮਾਨਯੋਗ ਸਪੀਕਰ** : ਹਾਂ ਜੀ, ਸਾਹਨੀ ਸਾਹਿਬ, ਕੀ ਤੁਹਾਡਾ ਸਵਾਲ ਰਹਿੰਦਾ ਹੈ?

**ਸ਼੍ਰੀ ਜਗਦੀਸ਼ ਸਾਹਨੀ** : ਸਵਾਲ ਨੰਬਰ 2273 ਹੈ ਜੀ।

**ਮਾਨਯੋਗ ਸਪੀਕਰ** : ਉਹ ਤਾਂ ਆ ਚੁੱਕਾ ਹੈ, ਤੁਹਾਡਾ 2272 ਨੰਬਰ ਸਵਾਲ ਰਹਿੰਦਾ ਹੈ।

**ਸ਼੍ਰੀ ਜਗਦੀਸ਼ ਸਾਹਨੀ** : ਸਵਾਲ ਨੰ: 2272 ਦਾ ਉੱਤਰ ਦੇ ਦੇਣ ਜੀ।

---

## ਉਦਯੋਗਿਕ ਕਰਜ਼ਿਆਂ ਉਤੇ ਲੱਗੇ ਜੁਰਮਾਨੇ ਦੀ ਮੁਆਫੀ

***2272. ਸ਼੍ਰੀ ਜਗਦੀਸ਼ ਸਾਹਨੀ** : ਕੀ ਉਦਯੋਗ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ ਕੀ ਰਾਜ ਦੇ ਸਨਅੱਤਕਾਰਾਂ ਵੱਲੋਂ ਲਏ ਗਏ ਉਦਯੋਗਿਕ ਕਰਜ਼ਿਆਂ ਉਤੇ ਲੱਗੇ ਜੁਰਮਾਨੇ ਜਾਂ ਪੀਨਲ ਇੰਟ੍ਰੈਸਟ ਆਦਿ ਮੁਆਫ ਕਰਨ ਦੀ ਕੋਈ ਤਜਵੀਜ਼ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ; ਜੇਕਰ ਅਜਿਹਾ ਹੋਵੇ ਤਾਂ ਉਸਦੇ ਵੇਰਵੇ ਕੀ ਹਨ?

**ਸ਼੍ਰੀ ਤਿਕਸ਼ਨ ਸੂਦ** : ਹਾਂ ਜੀ, ਰਾਜ ਦੇ ਸਨਅੱਤਕਾਰਾਂ ਵੱਲੋਂ ਉਦਯੋਗ ਤੇ ਵਣਜ ਵਿਭਾਗ ਦੀ 'ਵਿਆਜ਼ ਮੁਕਤ ਕਰਜ਼ਾ' ਸਕੀਮ ਅਧੀਨ ਲਏ ਗਏ ਕਰਜ਼ਿਆਂ ਉਤੇ ਲੱਗੇ ਪੀਨਲ ਇੰਟ੍ਰੈਸਟ ਨੂੰ ਮੁਆਫ ਕਰਨ ਲਈ 'ਇੱਕ ਮੁਸ਼ਤ ਸਮਝੌਤਾ' ਸਕੀਮ ਰਾਜ ਸਰਕਾਰ ਦੇ ਵਿਚਾਰ ਅਧੀਨ ਹੈ।

**ਸ਼੍ਰੀ ਜਗਦੀਸ਼ ਸਾਹਨੀ** : ਸਪੀਕਰ ਸਾਹਿਬ, ਮੈਂ ਤੁਹਾਡੇ ਰਾਹੀਂ ਮੰਤਰੀ ਜੀ ਨੂੰ ਪੁੱਛਣਾ ਚਾਹੁੰਦਾ ਹਾਂ, ਵੈਸੇ ਤਾਂ ਉਨ੍ਹਾਂ ਨੇ ਲੰਚ ਸਮੇਂ ਮੈਨੂੰ ਦੱਸ ਦਿਤਾ ਹੈ ਕਿ 17 ਤਰੀਕ ਨੂੰ ਇਨ੍ਹਾਂ ਨੇ ਬਟਾਲੇ ਦੇ ਲੋਕਾਂ ਲਈ ਮੀਟਿੰਗ ਫਿਕਸ ਕੀਤੀ ਹੈ। ਬਟਾਲੇ ਦੇ ਲੋਕਾਂ ਦਾ ਸਪੈਸ਼ਲ ਕੇਸ ਹੈ ਕਿਉਂਕਿ ਉਥੋਂ ਦੇ ਜੇ ਕਿਸੇ ਦੇ ਸੂਦ ਦੀ ਅਸਲ ਰਕਮ 1200 ਰੁਪਏ ਹੈ ਤਾਂ ਉਹ 12 ਲੱਖ ਰੁਪਏ ਬਣਾ ਦਿਤੀ ਅਤੇ ਜਿਹੜੀ 12000 ਰੁਪਏ ਸੀ ਉਹ ਇਕ ਕਰੋੜ 20 ਲੱਖ

Original with;
Punjab Vidhan Sabha
Digitized by;
Punjab Digital Library

ਰੁਪਏ ਬਣਾ ਦਿਤੀ। ਉਨ੍ਹਾਂ ਦੇ ਪੀਨਲ ਇੰਟਰੈਸਟ ਅਤੇ ਇੰਟਰੈਸਟ-ਦਰ-ਇੰਟਰੈਸਟ ਨੂੰ ਮੁਆਫ ਕਰਨ ਦੀ ਗੱਲ ਹੈ। ਬਟਾਲੇ ਦੇ 9 ਇੰਡਸਟਰੀਲਿਸਟ ਹਨ ਜਿਨ੍ਹਾਂ ਦੀ ਮਿੰਨੀ ਇੰਡਸਟਰੀ ਹੈ, ਉਨ੍ਹਾਂ ਬਾਰੇ ਮੈਂ ਬੇਨਤੀ ਕਰਦਾ ਹਾਂ ਕਿ ਕੀ ਉਨ੍ਹਾਂ ਬਾਰੇ ਵਿਚਾਰ ਕਰਨ ਦੀ ਕੋਈ ਤਜਵੀਜ਼ ਹੈ?

**ਮੰਤਰੀ :** ਮਾਨਯੋਗ ਸਪੀਕਰ ਸਾਹਿਬ, ਸਾਹਨੀ ਸਾਹਿਬ ਨੇ ਇੱਕ ਰਿਪਰਜੈਂਟੇਸ਼ਨ ਦਿਤੀ ਸੀ ਅਤੇ ਉਸ ਤੇ ਵਿਚਾਰ ਕਰਨ ਲਈ ਇਨ੍ਹਾਂ ਨੂੰ ਡੇਟ ਦੇ ਦਿਤੀ ਹੈ। ਜੋ ਇਨ੍ਹਾਂ ਦਾ ਸਵਾਲ ਸੀ ਇਹ ਸਾਰੇ ਪੰਜਾਬ ਲਈ ਜਨਰਲ ਪਾਲਿਸੀ ਹੈ। ਪਹਿਲਾਂ ਵੀ ਰਾਜ ਸਰਕਾਰ ਵਲੋਂ ਵਿੱਤ ਨਿਗਮ ਦੀਆਂ ਕਰਜ਼ਦਾਰੀਆਂ, ਕਰਜ਼ਦਾਰ ਇਕਾਈਆਂ ਲਈ ਇੱਕ ਜਾਰੀ ਕੀਤੀ ਗਈ 'ਯਕਮੁਸ਼ਤ ਸਮਝੌਤਾ ਪਾਲਿਸੀ' ਸਬੰਧੀ ਨੋਟੀਫੀਕੇਸ਼ਨ 16.6.2009 ਅਤੇ 10.12.2009 ਨੂੰ ਉਦਯੋਗ ਅਤੇ ਵਣਜ ਵਿਭਾਗ ਦੇ ਵਿਆਜ ਮੁਕਤ ਕਰਜੇ ਦੇ ਕੇਸਾਂ ਦੇ ਨਿਪਟਾਰੇ ਲਈ 'ਯਕਮੁਸ਼ਤ ਸਮਝੌਤਾ ਪਾਲਿਸੀ' ਵਿਚ ਸ਼ਾਮਿਲ ਕੀਤਾ ਗਿਆ ਸੀ। ਇਸ ਪਾਲਿਸੀ ਨੂੰ 10.12.2009 ਨੂੰ ਨੋਟੀਫਾਈ ਕਰਨ ਸਮੇਂ ਵਿਆਜ਼ ਮੁਕਤ ਕਰਜੇ ਦੀ 19 ਕਰੋੜ 72 ਲੱਖ ਰੁਪਏ ਦੀ ਵਸੂਲਣ ਯੋਗ ਰਾਸ਼ੀ ਸੀ ਜਿਸ ਵਿਚੋਂ 2.63 ਕਰੋੜ ਰੁਪਏ ਦੀ ਰਾਸ਼ੀ ਮਿਤੀ 31.12.2009 ਤੱਕ ਹੋਈ। ਇਸ ਸਕੀਮ ਦਾ ਸਮਾਂ ਕੇਵਲ 21 ਦਿਨ ਦਾ ਸੀ ਅਤੇ ਉਸ ਤੋਂ ਬਾਅਦ ਉਸ ਵਿਚ ਵਾਧਾ ਨਹੀਂ ਕੀਤਾ ਗਿਆ। ਮਿਤੀ 28.2.2011 ਤੱਕ ਇਸ ਸਕੀਮ ਅਧੀਨ 9 ਕਰੋੜ 94 ਲੱਖ ਰੁਪਏ ਦੀ ਮੂਲ ਰਾਸ਼ੀ ਅਤੇ 17 ਕਰੋੜ 4 ਲੱਖ ਰੁਪਏ ਵਿਆਜ਼ ਵਿਚੋਂ ਵਸੂਲਣ ਯੋਗ ਸਨ। ਇਸ ਲਈ ਵਿਆਜ਼ ਮੁਕਤ ਕਰਜੇ ਦੇ ਕੇਸਾਂ ਦੇ ਨਿਪਟਾਰੇ ਲਈ ਯਕਮੁਸ਼ਤ ਸਮਝੌਤਾ ਸਕੀਮ ਅਧੀਨ ਹੋਣ ਵਾਲੀ ਨੋਟੀਫੀਕੇਸ਼ਨ ਦੀ ਮਿਤੀ ਤੋਂ 90 ਦਿਨਾਂ ਤੱਕ ਵਧਾਉਣ ਲਈ ਵਿਚਾਰ ਕਰਨ ਲਈ ਮੰਤਰੀ ਮੰਡਲ ਵਿਚ ਪੇਸ਼ ਕਰਨ ਲਈ ਮੈਮੋਰੰਡਮ ਤਿਆਰ ਕਰਕੇ ਵਿੱਤ ਵਿਭਾਗ, ਪੰਜਾਬ ਨੂੰ ਭੇਜਿਆ ਹੋਇਆ ਹੈ। ਵਿੱਤ ਵਿਭਾਗ ਦੀ ਟਿੱਪਣੀ ਪ੍ਰਾਪਤ ਹੋਣ ਤੋਂ ਉਪਰੰਤ ਇਹ ਮੈਮੋਰੰਡਮ ਮੰਤਰੀ ਮੰਡਲ ਵਿਚ ਪੇਸ਼ ਕਰਨ ਲਈ ਮੁੱਖ ਮੰਤਰੀ ਜੀ ਨੂੰ ਭੇਜਿਆ ਜਾਵੇਗਾ। ਇਸ ਸਮੇਂ ਵਿਆਜ ਮੁਕਤ ਕਰਜ਼ੇ ਦੇ 142 ਯੂਨਿਟਾਂ ਵਿਚ ਮਿਤੀ 31.8.2011 ਤੱਕ 10 ਕਰੋੜ 11 ਲੱਖ ਰੁਪਏ ਦੀ ਮੂਲ ਰਾਸ਼ੀ ਅਤੇ 19 ਕਰੋੜ 16 ਲੱਖ ਰੁਪਏ ਵਿਆਜ ਵਜੋਂ ਵਸੂਲਣ ਯੋਗ ਹੈ ਜੋ ਕਿ ਇਸ ਸਕੀਮ ਦੇ ਲਾਗੂ ਹੋਣ ਨਾਲ ਲਾਭ ਉਠਾ ਸਕਣਗੇ। ਬਹੁਤ ਸਾਰੀਆਂ ਇੰਡਸਟਰੀਜ਼ ਨੇ ਰਿਕੁਐਸਟ ਕੀਤੀ ਸੀ ਕਿ ਇਸ ਸਕੀਮ ਨੂੰ ਦੁਬਾਰਾ ਲਿਆਂਦਾ ਜਾਵੇ ਕਿਉਂਕਿ ਉਹ ਉਸ ਸਮੇਂ ਫਾਇਦਾ ਨਹੀਂ ਉਠਾ ਸਕੇ ਕਿਉਂਕਿ ਉਹ ਕੇਵਲ 21 ਦਿਨ ਲਈ ਸੀ। ਇਸ ਕਰਕੇ ਅਸੀਂ ਇਹ ਸਕੀਮ ਦੁਬਾਰਾ ਲਿਆ ਰਹੇ ਹਾਂ ਅਤੇ 142 ਜਿਹੜੇ ਯੂਨਿਟ ਹਨ ਉਹ ਇਸਦਾ ਫਾਇਦਾ ਉਠਾ ਸਕਣਗੇ ਅਤੇ 20 ਕਰੋੜ ਰੁਪਏ ਤੋਂ ਵੀ ਉੱਪਰ ਤੱਕ ਲੋਕ ਇਸਦਾ ਲਾਭ ਉਠਾ ਸਕਣਗੇ।

**ਸ਼੍ਰੀ ਜਗਦੀਸ਼ ਸਾਹਨੀ :** ਸਪੀਕਰ ਸਾਹਿਬ, ਮੇਰੀ ਬੇਨਤੀ ਹੈ ਕਿ ਇਨ੍ਹਾਂ ਨੇ ਬਿਲਕੁਲ ਠੀਕ ਕਿਹਾ ਹੈ ਕਿ ਰੈਸਟ ਆਫ ਦੀ ਪੰਜਾਬ ਲਈ ਇਨ੍ਹਾਂ ਨੇ ਪਾਲਿਸੀ ਅਨਾਊਂਸ

Original with;
Punjab Vidhan Sabha
Digitized by;
Panjab Digital Library

[ ਸ਼੍ਰੀ ਜਗਦੀਸ਼ ਸਾਹਨੀ ]

ਕੀਤੀ ਹੈ। ਜਿਹੜੇ ਬਟਾਲੇ ਦੇ ਇੰਡਸਟਰੀਲਿਸਟ ਹਨ, ਉਨ੍ਹਾਂ ਦੇ ਨਾਮ ਇਸਦੇ ਵਿਚ ਐਡ ਨਹੀਂ ਹੋ ਰਹੇ। ਮੇਰਾ ਸਵਾਲ ਕਰਨ ਦਾ ਮਤਲਬ ਹੈ ਕਿ ਬਟਾਲੇ ਦੇ ਜਿਹੜੇ ਇੰਡਸਟਰੀਲਿਸਟ ਹਨ, ਉਨ੍ਹਾਂ ਦਾ ਨਾਮ ਵਿਚ ਐਡ ਨਹੀਂ ਹੋ ਰਿਹਾ ਹੈ, ਉਨ੍ਹਾਂ ਨੂੰ ਵੀ ਵਿਚ ਐਡ ਕੀਤਾ ਜਾਵੇ ਤਾਂ ਕਿ ਜੇ ਸਾਰੇ ਪੰਜਾਬ ਨੂੰ ਸਹੂਲਤ ਮਿਲਣੀ ਹੈ ਤਾਂ ਬਟਾਲੇ ਦੇ ਜਿਹੜੇ 9 ਇੰਡਸਟਰੀਲਿਸਟ ਹਨ, ਉਨ੍ਹਾਂ ਨੂੰ ਵੀ ਇਸਦਾ ਲਾਭ ਮਿਲੇ ਕਿਉਂਕਿ 10000 ਰੁਪਏ ਤੋਂ 10 ਲੱਖ ਰੁਪਿਆ ਬਣ ਗਿਆ ਹੈ ਅਤੇ ਉਨ੍ਹਾਂ ਦੀ ਇੰਨੀ ਸਮਰੱਥਾ ਨਹੀਂ ਹੈ ਕਿ ਉਹ ਪੇਅ ਕਰ ਸਕਣ। ਇਸਦੇ ਬਾਰੇ ਵਿਚ ਬੇਨਤੀ ਹੈ ਕਿ ਇਹ ਸਦਨ ਨੂੰ ਸ਼ਿਓਰਟੀ ਦੇ ਦੇਣ ਕਿ ਉਨ੍ਹਾਂ ਦਾ ਨਾਮ ਵੀ ਇਸਦੇ ਵਿਚ ਸ਼ਾਮਿਲ ਕੀਤਾ ਜਾਵੇਗਾ।

**ਮੰਤਰੀ :** ਸਪੀਕਰ ਸਾਹਿਬ, ਜਿਹੜੀ ਕੋਈ ਸਕੀਮ ਬਣਦੀ ਹੈ ਉਹ ਕਿਸੇ ਨਾਮ ਨਾਲ ਜਾਂ ਖੇਤਰ ਨਾਲ ਨਹੀਂ ਬਣਦੀ ਹੈ। ਪਾਲਿਸੀ ਪੂਰੇ ਪੰਜਾਬ ਲਈ ਬਣਦੀ ਹੈ ਅਤੇ ਜੇ ਇਨ੍ਹਾਂ ਦੇ ਬੰਦਿਆਂ ਤੇ ਪੀਨਲ ਇੰਟਰੈਸਟ ਲੱਗਿਆ ਹੈ ਤਾਂ ਉਹ ਵੀ ਇਸ ਪਾਲਿਸੀ ਵਿਚ ਜ਼ਰੂਰ ਫਾਲ ਕਰਨਗੇ ਪਰੰਤੂ ਇਨ੍ਹਾਂ ਦੇ ਕੇਸ ਤੇ ਵੱਖਰੇ ਤੌਰ ਤੇ ਵੀ ਅਸੀਂ ਵਿਚਾਰ ਕਰ ਲਵਾਂਗੇ ਜੀ।

**ਸ਼੍ਰੀ ਜਗਦੀਸ਼ ਸਾਹਨੀ :** ਧੰਨਵਾਦ ਜੀ।

**ਮਾਨਯੋਗ ਸਪੀਕਰ :** ਸਵਾਲ ਖਤਮ ਹੁੰਦੇ ਹਨ।

---

## STATEMENT BY THE SPEAKER REGARDING CO-OPERATION EXTENDED TO HIM BY THE MEMBERS

**ਮਾਨਯੋਗ ਸਪੀਕਰ :** ਮੈਂ ਸਾਰੇ ਹਾਊਸ ਦੇ ਸਤਿਕਾਰਯੋਗ ਮੈਂਬਰ ਸਾਹਿਬਾਨ ਨੂੰ ਇੱਕ ਬੇਨਤੀ ਕਰਨੀ ਚਾਹੁੰਦਾ ਹਾਂ। ਮੈਂ ਸਾਰੇ ਮੈਂਬਰ ਸਾਹਿਬਾਨ ਦਾ ਧੰਨਵਾਦ ਕਰਦਾ ਹਾਂ, ਰੂਲਿੰਗ ਗਰੁੱਪ ਦਾ, ਆਪੋਜ਼ੀਸ਼ਨ ਦਾ ਅਤੇ ਇੰਡੀਪੈਂਡੈਂਟ ਮੈਂਬਰ ਸਾਹਿਬਾਨ ਦਾ ਵੀ, ਕਿਉਂਕਿ ਤੁਹਾਡੇ ਵੱਲੋਂ ਹਾਊਸ ਨੂੰ ਚੰਗਾ ਚਲਾਉਣ ਵਾਸਤੇ ਬਹੁਤ ਸਹਿਯੋਗ ਮਿਲਿਆ ਹੈ, ਤੁਸੀਂ ਸਾਰਿਆਂ ਨੇ ਬਹੁਤ ਮਦਦ ਕੀਤੀ ਹੈ। ਇਹ ਗੱਲ ਕਿਤੇ ਨਹੀਂ ਕਹੀ ਜਾ ਸਕਦੀ ਕਿ ਮੈਂ ਆਪੋਜ਼ੀਸ਼ਨ ਨੂੰ ਘੱਟ ਟਾਈਮ ਦਿੱਤਾ ਹੈ ਔਰ ਰੂਲਿੰਗ ਗਰੁੱਪ ਦਾ ਵੀ ਸਤਿਕਾਰ ਕਰਦਾ ਹਾਂ। ਜਦੋਂ ਇਨ੍ਹਾਂ ਨੂੰ ਕਹਿੰਦਾ ਰਿਹਾ ਹਾਂ, ਉਦੋਂ ਇਹ ਬੈਠ ਜਾਂਦੇ ਰਹੇ ਹਨ। ਅੱਜ ਤੱਕ ਜਿਹੜਾ ਵੀ ਸੈਸ਼ਨ ਆਇਆ ਹੈ, ਉਸ ਵਿਚ ਮੈਂ ਮਹਿਸੂਸ ਕਰਦਾ ਹਾਂ ਕਿ ਜਿੰਨਾ ਸਹਿਯੋਗ ਮੈਨੂੰ ਮਿਲਿਆ ਹੈ, ਸ਼ਾਇਦ ਪਹਿਲਾਂ ਕਿਸੇ ਨੂੰ ਨਾ ਮਿਲਿਆ ਹੋਵੇ। ਹੁਣ ਤਾਂ ਇਹ ਆਖਰੀ ਸਮਾਂ ਹੈ ਤੇ ਮੈਂ ਸਮਝਦਾ ਹਾਂ ਕਿ ਬਹੁਤਾ ਕਿਸੇ ਨੂੰ ਇਸ ਵਿਚ ਗੱਲ ਕਰਨ ਦੀ ਲੋੜ ਨਹੀਂ ਹੈ। ਤੁਸੀਂ ਸਾਰੇ ਸਤਿਕਾਰਯੋਗ ਹੋ। ਮੈਂ ਤੁਹਾਡਾ ਸਾਰਿਆਂ ਦਾ ਧੰਨਵਾਦ ਕਰਦਾ ਹਾਂ। ਪਰਮਾਤਮਾ ਕਰੇ, ਆਪਾਂ ਅੱਗੇ ਸਾਰੇ ਹੀ ਚੋਣ ਲੜਾਂਗੇ ਤੇ ਕਾਮਯਾਬ ਹੋ ਕੇ ਇੱਥੇ ਆਵਾਂਗੇ

Original with;
Punjab Vidhan Sabha
Digitized by;
Panjab Digital Library

ਔਰ ਇਸ ਹਾਊਸ ਦੇ ਸਤਿਕਾਰਯੋਗ ਮੈਂਬਰ ਬਣਾਂਗੇ। ਮੈਂ ਸਾਰਿਆਂ ਦਾ, ਇੱਧਰੋਂ ਵੀ, ਉਧਰੋਂ ਵੀ ਤੇ ਸਾਹਮਣਿਓਂ ਵੀ, ਸਾਰਿਆਂ ਦਾ ਸਤਿਕਾਰ ਕਰਦਾ ਹਾਂ, ਸਾਰਿਆਂ ਦਾ ਧੰਨਵਾਦ ਕਰਦਾ ਹਾਂ ਔਰ ਸਾਰਿਆਂ ਤੋਂ ਆਸ ਰੱਖਦਾ ਹਾਂ ਕਿ ਜਿਸ ਢੰਗ ਨਾਲ ਤੁਸੀਂ ਹਾਊਸ ਚਲਾਇਆ ਹੈ, ਤੁਸੀਂ ਸਾਰੇ ਸਤਿਕਾਰ ਦੇ ਮੁਤਫਿਕ ਹੋ। (ਥੰਪਿੰਗ) ਹੁਣ ਸਰਦਾਰ ਪਰਕਾਸ਼ ਸਿੰਘ ਜੀ ਬਾਦਲ ਨੇ ਗੱਲਾਂ ਕਰਨੀਆਂ ਹਨ। (ਵਿਘਨ) (ਸ਼ੋਰ)

---

## DEMAND FOR ZERO HOUR BY THE OPPOSITION

**ਸਰਦਾਰ ਚਰਨਜੀਤ ਸਿੰਘ ਚੰਨੀ :** ਸਪੀਕਰ ਸਾਹਿਬ, ਪਹਿਲਾਂ ਜ਼ੀਰੋ ਆਵਰ।

**ਮਾਨਯੋਗ ਸਪੀਕਰ :** ਜ਼ੀਰੋ ਆਵਰ ਵੀ ਮਿਲ ਜਾਵੇਗਾ। ਜ਼ੀਰੋ ਆਵਰ ਦੌੜ ਚੱਲਿਆ ਹੈ ਕਿਤੇ? ...(ਵਿਘਨ)... ਮੈਂ ਕਹਿੰਦਾ ਹਾਂ ਕਿ ਕੀ ਤੁਸੀਂ ਨਹੀਂ ਬੈਠਣਾ? ਐਵੇਂ ਆਪਣੀ ਗੱਲ ਕਰੀ ਜਾਂਦੇ ਹੋ। ਹਾਂ ਜੀ, ਬਾਦਲ ਸਾਹਿਬ। ...(ਵਿਘਨ)... ਤੁਹਾਨੂੰ ਟਾਈਮ ਮਿਲ ਜਾਵੇਗਾ। ਗੱਲ ਜਿਹੜੀ ਹੈ, ਤੁਸੀਂ ਕਰਨ ਤੋਂ ਨਹੀਂ ਹਟੇ। ਜਿਹੜੀ ਮੈਂ ਬੇਨਤੀ ਹੁਣੇ ਕੀਤੀ ਹੈ...(ਵਿਘਨ)(ਸ਼ੋਰ)... ਹਾਂ ਜੀ, ਬਾਦਲ ਸਾਹਿਬ, ਤੁਸੀਂ ਬੋਲੋ ਹੁਣ। ...(ਵਿਘਨ)...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਅਜੀਤ ਸਿੰਘ ਸ਼ਾਂਤ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਸੰਗਤ ਸਿੰਘ ਗਿਲਜੀਆਂ ਆਪਣੀਆਂ- ਆਪਣੀਆਂ ਸੀਟਾਂ ਤੇ ਖੜ੍ਹੇ ਸਨ ਤੇ ਸਦਨ ਵਿਚ ਬਹੁਤ ਸ਼ੋਰ ਸੀ।)

ਇਹ ਮੇਰੀ ਮਰਜ਼ੀ ਹੈ, ਸਪੀਕਰ ਦੀ, (ਵਿਘਨ)(ਸ਼ੋਰ)... ਇਹ ਸਪੀਕਰ ਦੀ ਮਰਜ਼ੀ ਹੈ। ਸੀ.ਐਮ. ਸਾਹਿਬ ਨੂੰ ਟਾਈਮ ਦੇਣਾ ਹੀ ਹੁੰਦਾ ਹੈ ਜਦੋਂ ਉਹ ਖਲੋ ਜਾਣ, ਇਸ ਕਰਕੇ ਤੁਸੀਂ ਬਿਨਾਂ ਵਜ੍ਹਾ ਰੌਲਾ ਪਾ ਰਹੇ ਹੋ, ਤੁਹਾਡਾ ਜਿਹੜਾ ਟਾਈਮ ਹੈ, ਉਹ ਤੁਹਾਨੂੰ ਮਿਲ ਜਾਵੇਗਾ। ...(ਵਿਘਨ)...(ਸ਼ੋਰ)... ਤੁਸੀਂ ਕਿਉਂ ਪੰਗਾ ਪਾਈ ਜਾ ਰਹੇ ਹੋ? ਗੱਲ ਸੁਆਦ ਦੀ ਕਹੋ ਜਿਹੜੀ ਬਾਕੀਆਂ ਨੂੰ ਚੰਗੀ ਲੱਗੇ। ਬਿਨਾਂ ਵਜ੍ਹਾ ਰੌਲਾ ਪਾਉਣ ਦਾ ਕੋਈ ਮਤਲਬ ਨਹੀਂ। ਆਖਰੀ ਦਿਨ ਹੈ। ...(ਵਿਘਨ)...(ਸ਼ੋਰ)... ਤੁਸੀਂ ਬੈਠ ਕੇ ਗੱਲਾਂ ਸੁਣੋ, ਤੁਹਾਡੀਆਂ ਗੱਲਾਂ ਇਹ ਸੁਣਨਗੇ। (ਵਿਘਨ) ਬੀਬੀ ਜੀ, ਤੁਹਾਡੀ ਇਹ ਗੱਲ ਠੀਕ ਨਹੀਂ, ਇਸ ਦਾ ਕੋਈ ਮਤਲਬ ਨਹੀਂ, ਬਿਨ੍ਹਾਂ ਵਜ੍ਹਾ ਗੱਲ ਕਰਦੇ ਹੋ। ਬਾਦਲ ਸਾਹਿਬ, ਬੋਲੋ ਜੀ। (ਵਿਘਨ) ਗੱਲ ਜਿਹੜੀ ਹੈ, ਤੁਹਾਡੀ ਗੱਲ ਦਾ ਵੀ ਜਵਾਬ ਦੇ ਦੇਣਗੇ। ਤੁਹਾਡੀ ਗੱਲ ਦਾ ਇਸ ਨਾਲ ਕੋਈ ਵਾਸਤਾ ਨਹੀਂ ਹੈ। ...(ਵਿਘਨ)...(ਸ਼ੋਰ)... ਮੋਸ਼ਨ ਵਾਲੀ ਹਾਲੇ ਕੋਈ ਗੱਲ ਨਹੀਂ। ਜਦੋਂ ਮੋਸ਼ਨ ਮੂਵ ਕਰਨਗੇ, ਉਦੋਂ ਬੋਲਣਗੇ। ਹੁਣ ਉਨ੍ਹਾਂ ਨੇ ਮੋਸ਼ਨ ਦੀ ਕੋਈ ਗੱਲ ਨਹੀਂ ਕਰਨੀ।

*Original with;*
Punjab Vidhan Sabha
*Digitized by;*
Panjab Digital Library

[ ਮਾਨਯੋਗ ਸਪੀਕਰ ]

(ਵਿਘਨ) ਜਦੋਂ ਮੈਂ ਕਹਿ ਰਿਹਾ ਹਾਂ ਕਿ ਉਨ੍ਹਾਂ ਨੇ ਮੋਸ਼ਨ ਦੀ ਕੋਈ ਗੱਲ ਨਹੀਂ ਕਰਨੀ, ਫਿਰ ਤੁਸੀਂ ਮੋਸ਼ਨ ਦੀ ਗੱਲ ਕਿਉਂ ਕਰ ਰਹੇ ਹੋ? ਜਦੋਂ ਮੋਸ਼ਨ ਦਾ ਵਕਤ ਆਵੇਗਾ, ਤੁਹਾਨੂੰ ਟਾਈਮ ਦਿਆਂਗੇ। ਜਦੋਂ ਬਿਲ ਪਾਸ ਕਰਨੇ ਹਨ, ਉਦੋਂ ਇਹ ਮੋਸ਼ਨ ਆਉਣੀ ਹੈ। ਹੁਣ ਮੋਸ਼ਨ ਦਾ ਕੋਈ ਮਤਲਬ ਨਹੀਂ ਹੈ। ...(ਵਿਘਨ)... ਉਨ੍ਹਾਂ ਨੂੰ ਗੱਲ ਕਰਨ ਦਿਉ। ...(ਵਿਘਨ)...(ਸ਼ੋਰ)... ਮੈਂ ਤਾਂ ਕਹਿ ਰਿਹਾ ਹਾਂ ਕਿ ਆਖਰੀ ਦਿਨ ਹੈ ਤੇ ਤੁਸੀਂ ਬਿਨਾਂ ਵਜ੍ਹਾ ਗੱਲ ਕਰੀ ਜਾਂਦੇ ਹੋ, (ਵਿਘਨ) ਐਵੇਂ ਗੱਲਾਂ ਕਰੀ ਜਾਂਦੇ ਹੋ, ਹੱਦ ਹੋ ਗਈ ਤੁਹਾਡੀ। ਸੀ.ਐਮ. ਸਾਹਿਬ ਬੋਲਣ ਵਾਸਤੇ ਖੜ੍ਹੇ ਹਨ, ਤੁਸੀਂ ਹੋਰ ਗੱਲਾਂ ਕਰੀ ਜਾਂਦੇ ਹੋ। ਹੱਦ ਹੋ ਗਈ। ...(ਵਿਘਨ)...

**ਸ਼੍ਰੀ ਸੁਨੀਲ ਕੁਮਾਰ ਜਾਖੜ :** ਇਹ ਹੁਣ ਮੈਂ ਨਾ ਮਾਨੂੰ ਵਾਲੀ ਗੱਲ ਹੈ। ਉਨ੍ਹਾਂ ਦਾ ਮੋਸ਼ਨ ਆਉਣਾ ਹੈ, ਉਦੋਂ ਬੋਲ ਲੈਣ।

**ਮਾਨਯੋਗ ਸਪੀਕਰ :** ਨਹੀਂ, ਨਹੀਂ। ਗੱਲ ਇਹ ਹੈ ਉਨ੍ਹਾਂ ਨੇ ਮੋਸ਼ਨ ਤੇ ਬੋਲਣਾ ਹੋਏਗਾ ਤਾਂ ਬੋਲ ਲੈਣਗੇ, ਨਾ ਬੋਲਣਾ ਹੋਏਗਾ ਤਾਂ ਨਾ ਬੋਲਣਗੇ। ਮੋਸ਼ਨ ਦਾ ਕੰਮ ਜਿਹੜਾ ਹੈ, ਉਹ ਆਪਾਂ ਨੇ ਪਾਸ ਕਰਨੀ ਹੈ ਅਤੇ ਉਹ ਹੋ ਜਾਣੀ ਹੈ ...(ਵਿਘਨ)... ਜਿਹੜੀ ਗੱਲ ਮੈਂ ਕਹਿੰਦਾ ਹਾਂ, ਉਹ ਤੁਸੀਂ ਸੁਣਨ ਦੀ ਕੋਸ਼ਿਸ਼ ਹੀ ਨਹੀਂ ਕਰਦੇ। ...(ਵਿਘਨ)... ਦੇਖੋ, ਮੇਰੀ ਗੱਲ ਸੁਣੋ। ਇਹ ਹਾਊਸ ਹੈ, ਇਥੇ ਲੀਡਰ ਆਫ ਦਿ ਹਾਊਸ ਹਨ ਅਤੇ ਆਪੋਜ਼ੀਸ਼ਨ ਦੇ ਲੀਡਰ ਹਨ। ਪਰੋਟੋਕਲ ਕੀ ਬੋਲਦਾ ਹੈ, ਇਹ ਤੁਹਾਨੂੰ ਪਤਾ ਹੋਣਾ ਚਾਹੀਦਾ ਹੈ। ਜੇ ਤੁਹਾਨੂੰ ਪਰੋਟੋਕਲ ਦਾ ਪਤਾ ਹੈ, ...(ਵਿਘਨ)... ਬਈ, ਗੱਲ ਸੁਣੋ ...(ਵਿਘਨ)... ਗੱਲ ਸੁਣੋ। ਪਰੋਟੋਕਲ ਦਾ ਕੀ ਮਤਲਬ ਹੈ, ਦੱਸੋ ਮੈਨੂੰ। ਕੋਈ ਪਰੋਸੀਜ਼ਰ ਹੈ, ਕੋਈ ਸਿਸਟਮ ਹੈ, ਉਨ੍ਹਾਂ ਨੂੰ ਫਾਲੋ ਨਹੀਂ ਕਰਨਾ ਹੁੰਦਾ? ...(ਵਿਘਨ)... ਹੱਦ ਹੋ ਗਈ ਤੁਹਾਡੀ ...(ਵਿਘਨ)... ਹਾਂ ਜੀ, ਬੀਬੀ ਜੀ, ਦੱਸੋ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਤੁਸੀਂ ਪਰੋਟੋਕਲ ਦਾ ਮਤਲਬ ਪੁੱਛ ਰਹੇ ਹੋ? ਤੁਸੀਂ ਲੀਡਰ ਆਫ ਦਿ ਹਾਊਸ ਅਤੇ ਲੀਡਰ ਆਫ ਦਿ ਆਪੋਜੀਸ਼ਨ, ਦੋ ਦਾ ਜ਼ਿਕਰ ਕੀਤਾ ਹੈ। ਕੀ ਇਹ ਪਰੋਟੋਕਲ ਨਹੀਂ ਕਹਿੰਦਾ ਕਿ ਆਪੋਜ਼ੀਸ਼ਨ ਦੇ ਲੀਡਰ ਨੇ ਚਿੱਠੀ ਦੇ ਰਾਹੀਂ ਤੁਹਾਨੂੰ ਰਿਕੁਐਸਟ ਕੀਤੀ ਹੋਵੇ ਕਿ ਅਸੀਂ ਇਨ੍ਹਾਂ ਮਾਮਲਿਆਂ ਤੇ ਗੱਲ ਕਰਨੀ ਚਾਹੁੰਦੇ ਹਾਂ, ਉਸ ਦੇ ਬਾਰੇ ਤੁਸੀਂ ਸਾਨੂੰ ਜਵਾਬ ਦਿੰਦੇ, ਸਾਨੂੰ ਬੁਲਾਉਂਦੇ, ਸਾਨੂੰ ਪੁੱਛਦੇ ਕਿ ਗੱਲ ਕੀ ਹੈ? ਤੁਸੀਂ ਤਾਂ ਪਰੋਟੋਕਲ ਆਪ ਹੀ ਤੋੜ ਦਿੱਤਾ। ਪ੍ਰੋਸੀਜ਼ਰ ਅਤੇ ਪ੍ਰੈਸੀਡੈਂਟਸ ਦੋ ਗੱਲਾਂ ਹੁੰਦੀਆਂ ਹਨ ਸਾਡੇ ਰੂਲਾਂ ਦੇ ਵਿਚ। ਇਸ ਦੇ ਵਿਚ ਚੀਫ ਮਨਿਸਟਰ ਚਾਹੁਣ ਤਾਂ ਸਟੇਟਮੈਂਟ ਦੇ ਸਕਦੇ ਹਨ, I agree, ਲੇਕਿਨ ਦੂਜੇ ਪਾਸੇ ਮੈਂ ਇਹ ਵੀ ਦੱਸਣਾ ਚਾਹੁੰਦੀ ਹਾਂ ਕਿ ਜਦੋਂ ਜੀਰੋ ਆਵਰ ਹੈ, ਸਾਡਾ ਸਾਰਾ ਮਾਮਲਾ ਕੱਟਿਆ ਗਿਆ, ਡਿਸਕਸ਼ਨਜ਼ ਵੀ ਕੱਟੀਆਂ ਗਈਆਂ ...(ਵਿਘਨ)... ਨਹੀਂ ਜੀ, ਮੈਨੂੰ ਗੱਲ ਕਰ ਲੈਣ ਦਿਉ। ਅੱਜ ਸੀ.ਐਮ. ਸਾਹਿਬ ਨੇ ਬੋਲਣਾ ਹੈ ਤਾਂ ਬੋਲ ਲੈਣ, ਸਾਨੂੰ ਕੋਈ ਇਤਰਾਜ਼ ਨਹੀਂ। ਅਸੀਂ ਸੁਣਾਂਗੇ ਇਹ

Original with;
Punjab Vidhan Sabha
Digitized by;
Panjab Digital Library

ਕੀ ਗੱਲ ਕਰਦੇ ਹਨ ਲੇਕਿਨ ਜੇ ਇੰਨੇ ਕਾਹਲੇ ਸੀ ਤਾਂ ਕਿਉਂ ਭੱਜਦੇ ਹਨ ਡਰਦੇ, ਤੁਸੀਂ ਦੋ ਦਿਨ ਦੀ ਡਿਸਕਸ਼ਨ ਰੱਖਦੇ, ਅਸੀਂ ਬਹਿਸ ਕਰਦੇ। ਇਹ ਸਾਡਾ, ਆਪੋਜੀਸ਼ਨ ਦਾ ਰਾਈਟ ਹੈ, ਪਹਿਲਾਂ ਅਸੀਂ ਬੋਲੀਏ, ਉਸ ਤੋਂ ਬਾਅਦ ਫਿਰ...

**ਮਾਨਯੋਗ ਸਪੀਕਰ** : ਇਹ ਰਾਈਟ ਨਹੀਂ ਹੈ ਤੁਹਾਡਾ, ਰਾਈਟ ਬਿਲਕੁੱਲ ਨਹੀਂ ਹੈ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਬਿਲਕੁੱਲ ਸਾਡਾ ਰਾਈਟ ਹੈ।

**ਮਾਨਯੋਗ ਸਪੀਕਰ** : ਨਹੀਂ, ਵੇਖੋ ...(ਵਿਘਨ)... ਗੱਲ ਸੁਣੋ ਬਈ, ਬਰਾੜ ਸਾਹਿਬ, ਬੈਠੋ ਆਰਾਮ ਨਾਲ।

**ਸਰਦਾਰ ਅਵਤਾਰ ਸਿੰਘ ਬਰਾੜ** : ਕਿਉਂ ਜੀ, ਮੈਂ ਆਪਣੀ ਗੱਲ ਨਹੀਂ ਕਹਿ ਸਕਦਾ?

**ਮਾਨਯੋਗ ਸਪੀਕਰ** : ਗੱਲ ਸੁਣੋ, ਉਨ੍ਹਾਂ ਨੇ ਗੱਲ ਕੀਤੀ ਹੈ, ਮੈਂ ਉਨ੍ਹਾਂ ਦਾ ਜਵਾਬ ਨਾ ਦੇਵਾਂ? ...(ਵਿਘਨ)... ਬੈਠੋ ਤੁਸੀਂ, ਮੈਂ ਇਨ੍ਹਾਂ ਦਾ ਜਵਾਬ ਦੇ ਲਵਾਂ।

**ਸਰਦਾਰ ਅਵਤਾਰ ਸਿੰਘ ਬਰਾੜ** : ਨਾ ਮੈਂ ਮੁਜ਼ਰਮ ਹਾਂ, ਨਾ ਤੁਸੀਂ ਥਾਣੇਦਾਰ ਹੋ। ਮੈਨੂੰ ਵੀ ਲੋਕਾਂ ਨੇ ਚੁਣ ਕੇ ਭੇਜਿਆ ਹੈ।

**ਮਾਨਯੋਗ ਸਪੀਕਰ** : ਉਨ੍ਹਾਂ ਨੂੰ ਗੱਲ ਕਰ ਲੈਣ ਦਿਉ ...(ਵਿਘਨ)...

**ਸਰਦਾਰ ਅਵਤਾਰ ਸਿੰਘ ਬਰਾੜ** : ਤੁਸੀਂ ਬੋਲਣ ਲੱਗੇ ਸਲੀਕਾ ਰੱਖੋ। ਤੁਸੀਂ ਸਲੀਕੇ ਨਾਲ ਬੋਲੋ, ਅਸੀਂ ਵੀ ਸਲੀਕੇ ਨਾਲ ਪੇਸ਼ ਆਵਾਂਗੇ। ਜਿਹੜੀ ਅਵਾਜ਼ ਤੁਸੀਂ ਦਿਉਗੇ, ਉਹੀ ਅਵਾਜ਼ ਅੱਗੋਂ ਆਏਗੀ ...(ਵਿਘਨ)....

**ਮਾਨਯੋਗ ਸਪੀਕਰ** : ਠੀਕ ਹੈ, ਅਵਾਜ਼ ਦੇ ਲਿਉ। ਹੁਣ ਤੁਸੀਂ ਕਾਹਦੀ ਅਵਾਜ਼ ਦੇਣੀ ਹੈ? ...(ਵਿਘਨ)... ਹੁਣ ਅਵਾਜ਼ ਕਾਹਦੀ ਦੇਣੀ ਹੈ ਤੁਸੀਂ, ਪੰਜ ਸਾਲ ਤਾਂ ਤੁਹਾਨੂੰ ਸਾਰਿਆਂ ਨੂੰ ਅਵਾਜ਼ ਦਿੰਦਿਆਂ ਨੂੰ ਲੰਘ ਗਏ ...(ਵਿਘਨ)... ਇਹ ਕੋਈ ਗੱਲ ਥੋੜ੍ਹਾ ਹੈ ...(ਵਿਘਨ)... ਹਾਂ ਜੀ, ਬਾਦਲ ਸਾਹਿਬ, ਤੁਸੀਂ ਬੋਲੋ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ)** : ਸਪੀਕਰ ਸਾਹਿਬ, ਮੈਂ ਹੈਰਾਨ ਹਾਂ ਕਿ ਜਦੋਂ ਮੈਂ ਖੜ੍ਹਾ ਹੁੰਦਾ ਹਾਂ ਤਾਂ ਇਹ ਸਾਰੇ ਖੜ੍ਹੇ ਹੋ ਜਾਂਦੇ ਹਨ ...(ਹਾਸਾ)... ਮੈਂ ਤਾਂ ਆਪਣੀ ਜ਼ਿੰਦਗੀ ਵਿਚ ਜਦੋਂ ਕੋਈ ਮੈਂਬਰ ਖੜ੍ਹਾ ਹੁੰਦਾ ਹੈ ਤਾਂ ਉਦੋਂ ਹੀ ਬੈਠ ਜਾਂਦਾ ਹਾਂ। ਮੇਰੇ ਨਾਲ ਪਤਾ ਨਹੀਂ ਇਹ ਇਹੋ ਜਿਹਾ ਸਲੂਕ ਕਿਉਂ ਕਰ ਰਹੇ ਹਨ? ...(ਵਿਘਨ)... ਜਦੋਂ ਮੈਂ ਖੜ੍ਹਾ ਹੁੰਦਾ ਹਾਂ ਤੁਸੀਂ ਸਾਰੇ ਹੀ ਖੜ੍ਹੇ ਹੋ ਜਾਂਦੇ ਹੋ ...(ਵਿਘਨ)... ਮੈਂ ਤਾਂ ਬੜੀਆਂ ਸਿੰਪਲ ਜਿਹੀਆਂ ਗੱਲਾਂ ਕਰਨੀਆਂ ਹਨ। ਤੁਹਾਨੂੰ ਐਵੇਂ ਹੀ ਸ਼ੱਕ ਹੋ ਗਿਆ ਹੈ। ਮੈਂ ਤਾਂ ਧੰਨਵਾਦ ਹੀ ਕਰਨਾ ਹੈ ਪ੍ਰਾਈਮ ਮਨਿਸਟਰ ਦਾ, ਖੇਤੀਬਾੜੀ ਮਨਿਸਟਰ ਦਾ ਜਾਂ ਹੋਰਾਂ

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਮਨਿਸਟਰਾਂ ਦਾ ਜਿਹੜੇ ਮੇਰੀ ਉਥੇ ਗੱਲ ਮੰਨਦੇ ਹਨ। ਉਹ ਗੱਲਾਂ ਮੈਂ ਤੁਹਾਨੂੰ ਦੱਸਣੀਆਂ ਹਨ, ਹੋਰ ਮੈਂ ਇਥੇ ਕੀ ਕਰਨਾ ਹੈ।

**ਸਰਦਾਰ ਦਰਸ਼ਨ ਸਿੰਘ ਬਰਾੜ :** ਜੇਕਰ ਤੁਸੀਂ ਸਿਆਣੇ ਹੋ ਤਾਂ ਫਿਰ ਬੈਠ ਜਾਉ।

**ਮੁੱਖ ਮੰਤਰੀ :** ਜਿਹੜਾ ਮੇਰਾ ਰਾਈਟ ਹੈ ...(ਵਿਘਨ)... ਤੁਸੀਂ ਰੌਲਾ ਪਾਈ ਜਾਓ ਕਿ ਮੇਰਾ ਹੱਕ ਇਥੇ ਰੱਖ, ਤੇ ਮੇਰਾ ਹੱਕ ਨਹੀਂ ਕੋਈ? ਮੈਂ ਵੀ ਆਖਦਾ ਹਾਂ, ਇਥੇ ਰੱਖ ...(ਹਾਸਾ)...(ਵਿਘਨ)... ਜਾਂ ਬੀਬੀ ਜੀ ਕਹਿ ਦੇਣ, ਇਨ੍ਹਾਂ ਨੇ ਹੁਣੇ ਕਿਹਾ ਹੈ ਕਿ ਚੀਫ ਮਨਿਸਟਰ ਜਦੋਂ ਮਰਜ਼ੀ ਸਟੇਟਮੈਂਟ ਦੇ ਸਕਦਾ ਹੈ...(ਵਿਘਨ)...

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਲੇਕਿਨ ਆਪੋਜ਼ੀਸ਼ਨ ਦੇ ਰਾਈਟ ਤੋਂ ਬਾਅਦ ...(ਵਿਘਨ)...

**ਮੁੱਖ ਮੰਤਰੀ :** ਮੈਂ ਸਪੀਕਰ ਸਾਹਿਬ ਨੂੰ ਕੱਲ੍ਹ ਇਤਲਾਹ ਦਿੱਤੀ ਸੀ ...(ਵਿਘਨ)... ਸਪੀਕਰ ਸਾਹਿਬ ਨੂੰ ਇਤਲਾਹ ਦਿੱਤੀ ਕਿ ਮੈਂ ਸਟੇਟਮੈਂਟ ਦੇਣੀ ਚਾਹੁੰਦਾ ਹਾਂ ਜਾਂ ਕੁਝ ਕਹਿਣਾ ਚਾਹੁੰਦਾ ਹਾਂ। ਇਨ੍ਹਾਂ ਨੇ ਆਖਿਆ ਆ ਕੇ ਕਹਿ ਦਿਉ। ਇਨ੍ਹਾਂ ਨੇ ਮੈਨੂੰ ਇਜਾਜ਼ਤ ਦਿੱਤੀ ਹੈ ...(ਵਿਘਨ)... ਤੁਹਾਡੀ ਮਰਜ਼ੀ ਹੈ ...(ਵਿਘਨ)...

**ਮਾਨਯੋਗ ਸਪੀਕਰ :** ਜ਼ੀਰੋ ਆਵਰ ਕੋਈ ਬਾਈਂਡਿੰਗ ਨਹੀਂ ਹੈ। ਜੇਕਰ ਸੀ.ਐਮ. ਸਾਹਿਬ ਪਹਿਲਾਂ ਖੜ੍ਹੇ ਹੋ ਜਾਣ ਤਾਂ ਉਹ ਗੱਲ ਕਰ ਸਕਦੇ ਹਨ, ਬਾਕੀ ਤੁਸੀਂ ਜ਼ੀਰੋ ਆਵਰ ਵਿਚ ਗੱਲ ਕਰ ਲੈਣਾ। ਜੋ ਗੱਲਾਂ ਕਰਨੀਆਂ ਹਨ, ਜੀ ਸਦਕੇ ਕਰਿਉ। ਉਸ ਦਾ ਜਵਾਬ ਫਿਰ ਦੇਣਾ ਹੋਏਗਾ ਤਾਂ ਫਿਰ ਦੇ ਲੈਣਗੇ, ਨਾ ਦੇਣਾ ਹੋਏਗਾ ਤਾਂ ਨਾ ਦੇਣਗੇ ...(ਵਿਘਨ)...(ਸ਼ੋਰ)...

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ, ਇਹ ਸਟੇਟਮੈਂਟ ਦੇਣਗੇ ਜਾਂ ਸਪੀਚ ਦੇਣਗੇ? ਸਟੇਟਮੈਂਟ ਅਤੇ ਸਪੀਚ ਵਿਚ ਫਰਕ ਹੁੰਦਾ ਹੈ।

**ਮਾਨਯੋਗ ਸਪੀਕਰ :** ਇਹ ਸਿਰਫ ਸਟੇਟਮੈਂਟ ਦੇਣਗੇ, ਸਪੀਚ ਨਹੀਂ।

**ਮੁੱਖ ਮੰਤਰੀ :** ਸਟੇਟਮੈਂਟ 15 ਮਿੰਟ ਦੀ ਵੀ ਹੋ ਸਕਦੀ ਹੈ, 10 ਮਿੰਟ ਵਿਚ ਵੀ ਹੋ ਸਕਦੀ ਹੈ, 20 ਮਿੰਟ ਵਿਚ ਵੀ ਹੋ ਸਕਦੀ ਹੈ। ਮੈਂ ਸਪੀਚ ਨਹੀਂ ਦੇਣੀ, ਸਟੇਟਮੈਂਟ ਦੇਣੀ ਹੈ। ਸਟੇਟਮੈਂਟ ਕੋਈ ਇਹ ਤਾਂ ਨਹੀਂ ਹੈ ਕਿ ਕੋਈ ਲਾਅ ਹੈ। (ਵਿਘਨ) ਮੇਰੀ ਮੋਸ਼ਨ ਤੁਸੀਂ (ਆਪੋਜ਼ੀਸ਼ਨ ਪਾਰਟੀ ਵੱਲ ਇਸ਼ਾਰਾ) ਪੜ੍ਹ.ਦਿਉ। ਇਹ ਤਾਂ ਸਾਰੇ ਪੰਜਾਬ ਦਾ ਸਾਂਝਾ ਕੰਮ ਹੈ। ਮੈਂ ਤਾਂ ਇਹ ਕਹਿੰਦਾ ਹਾਂ ਕਿ ਇਹ ਮਤਾ ਬਿਨਾਂ ਬਹਿਸ ਤੋਂ ਪਾਸ ਕਰ ਦਿਉ (ਵਿਘਨ)

**ਸ਼੍ਰੀ ਸੁਨੀਲ ਕੁਮਾਰ ਜਾਖੜ :** ਅਸੀਂ ਇਸ ਦੇ ਉਤੇ ਬਹਿਸ ਕਰਾਂਗੇ। ਅਸੀਂ

Original with;
Punjab Vidhan Sabha
Digitized by;
Panjab Digital Library

ਅੱਜ ਹਾਊਸ ਦੇ ਵਿਚੋਂ ਜਾਂਦੇ ਨਹੀਂ ਹਾਂ। (ਵਿਘਨ)

**ਮੁੱਖ ਮੰਤਰੀ :** ਇਹ ਸਾਰੀ ਚੀਜ਼ ਫੈਕਟਸ ਦੇ ਉਤੇ ਮੁਨੱਸਰ ਹੈ, ਜੇਕਰ ਗਲਤ ਹੈ ਤਾਂ ਤੁਸੀਂ ਦਸ ਦੇਣਾ ਤੇ ਜੇਕਰ ਠੀਕ ਹੈ ਤਾਂ ਪਾਸ ਕਰ ਦੇਣਾ।

**ਮਾਨਯੋਗ ਸਪੀਕਰ :** ਜਦੋਂ ਮੋਸ਼ਨ ਆਵੇਗੀ ਤੁਸੀਂ ਉਦੋਂ ਹੀ ਜਵਾਬ ਦੇਣਾ ਹੈ। ਉਹ ਜਦੋਂ ਆਵੇਗੀ ਤਾਂ ਉਸ ਵੇਲੇ ਜਵਾਬ ਦੇ ਲੈਣਾ। ਮੈਂ ਤੁਹਾਡੇ ਜਵਾਬ ਦਾ ਵੈਲਕਮ ਕਰਾਂਗਾ। ਇਹ ਉਦੋਂ ਗੱਲ ਕਰ ਲੈਣਗੇ ਜਦੋਂ ਮੋਸ਼ਨ ਦਾ ਵਕਤ ਆਵੇਗਾ। (ਵਿਘਨ) ਉਨ੍ਹਾਂ ਨੇ ਤੁਹਾਨੂੰ ਕਿਹਾ ਹੈ ਕਿ ਮੋਸ਼ਨ ਤੁਸੀਂ ਪੜ੍ਹ ਦਿਉ।

**ਮੁੱਖ ਮੰਤਰੀ :** ਮੈਂ ਤੁਹਾਨੂੰ ਆਪਣੇ ਨਾਲੋਂ ਵੀ ਸਿਆਣਾ ਸਮਝਦਾ ਹਾਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਪਹਿਲਾਂ ਰਾਈਟ ਆਪੋਜ਼ੀਸ਼ਨ ਦਾ ਹੈ, ਇਸ ਲਈ ਆਪੋਜ਼ੀਸ਼ਨ ਨੂੰ ਪਹਿਲਾਂ ਜ਼ੀਰੋ ਆਵਰ ਦੇ ਵਿਚ ਸਮਾਂ ਦਿਉ।

**ਮੁੱਖ ਮੰਤਰੀ :** ਮੈਂ ਕਹਿੰਦਾ ਹਾਂ ਕਿ ਜੇਕਰ ਬੀਬੀ ਜੀ ਨੇ ਬੋਲਣਾ ਹੈ ਤਾਂ ਬੋਲ ਲੈਣ ਤੇ ਮੈਂ ਬੈਠ ਜਾਂਦਾ ਹਾਂ। (ਇਸ ਵਕਤ ਮਾਨਯੋਗ ਮੁੱਖ ਮੰਤਰੀ ਜੀ ਬੈਠ ਗਏ।)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਜਿਸ ਦਾ ਜ਼ੀਰੋ ਆਵਰ ਹੈ ਉਸ ਦੇ ਵਿਚ ਉਹ ਹੀ ਬੋਲੇਗਾ। ਜ਼ੀਰੋ ਆਵਰ ਦੇ ਉਤੇ ਸਾਡੇ ਵੱਲੋਂ ਜਾਖੜ ਸਾਹਿਬ ਨੇ ਬੋਲਣਾ ਹੈ। ਬੋਲੋ, ਜਾਖੜ ਸਾਹਿਬ।

**ਸ਼੍ਰੀ ਸੁਨੀਲ ਕੁਮਾਰ ਜਾਖੜ :** ਸਪੀਕਰ ਸਾਹਿਬ...

**ਉਪ ਮੁੱਖ ਮੰਤਰੀ (ਸਰਦਾਰ ਸੁਖਬੀਰ ਸਿੰਘ ਬਾਦਲ) :** ਬੀਬੀ ਜੀ, ਇਹ ਜਿਹੜੀ ਤੁਸੀਂ ਪਰੰਪਰਾ ਕਰ ਰਹੇ ਹੋ, ਬੀਬੀ ਜੀ, ਹਿੰਦੁਸਤਾਨ ਦੇ ਕਿਸੇ ਵੀ ਸੂਬੇ ਦੇ ਵਿਚ ਚਲੇ ਜਾਓ (ਵਿਘਨ) ਤਾਂ ਸਟੇਟਮੈਂਟ ਬਾਇ ਦਿ ਚੀਫ ਮਨਿਸਟਰ ਜਾਂ ਮਨਿਸਟਰ ਨੂੰ ਕੋਈ ਰੋਕ ਨਹੀਂ ਸਕਦਾ। ਕੀ ਇਹ ਹਾਊਸ ਦੀਆਂ ਰਵਾਇਤਾਂ ਹਨ ਕਿ ਆਪੋਜ਼ੀਸ਼ਨ ਹੀ ਪਹਿਲਾਂ ਬੋਲੇਗੀ? Even Ruling Party has the right to speak during Zero Hour. (ਵਿਘਨ) ਤੁਸੀਂ ਕਿਤੇ ਵੀ ਚਲੇ ਜਾਉ, a Statement by the Minister can be made any way. (ਵਿਘਨ)

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਤੁਸੀਂ ਘਬਰਾਉਂਦੇ ਕਿਉਂ ਹੋ? ਜ਼ੀਰੋ ਆਵਰ ਦੇ ਬਾਰੇ ਸਪੀਕਰ ਸਾਹਿਬ ਨੇ ਕਹਿ ਦਿੱਤਾ ਹੈ ਕਿ ਤੁਹਾਨੂੰ ਸਮਾਂ ਦਿੱਤਾ ਜਾਵੇਗਾ ਪਰ ਤੁਸੀਂ ਘਬਰਾਈ ਜਾਂਦੇ ਹੋ। (ਵਿਘਨ) ਤੁਹਾਡੇ ਜ਼ੀਰੋ ਆਵਰ ਦੇ ਬਾਰੇ ਸਪੀਕਰ ਸਾਹਿਬ ਨੇ ਐਸ਼ੋਅਰ ਕਰਵਾ ਦਿੱਤਾ ਹੈ ਫਿਰ ਵੀ ਤੁਸੀਂ ਘਬਰਾਈ ਜਾਂਦੇ ਹੋ। (ਵਿਘਨ) ਮੈਂ ਪਾਰਲੀਮੈਂਟਰੀ ਅਫੇਅਰਜ਼ ਮਨਿਸਟਰ ਹਾਂ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਮੈਂ ਇਹ ਕਿਤੇ ਵੀ ਨਹੀਂ ਆਖਿਆ ਕਿ ਤੁਹਾਨੂੰ ਜ਼ੀਰੋ ਆਵਰ ਨਹੀਂ ਦੇਣਾ। ਮੈਂ ਕਿਹਾ ਹੈ ਕਿ ਤੁਹਾਨੂੰ ਜ਼ੀਰੋ ਆਵਰ ਦਿੱਤਾ ਜਾਵੇਗਾ ਪਰ ਉਹ ਵਕਤ ਉਨ੍ਹਾਂ ਦੇ ਬੋਲਣ ਤੋਂ ਬਾਅਦ ਹੀ ਤੁਹਾਨੂੰ ਮਿਲੇਗਾ, ਉਸ ਤੋਂ ਪਹਿਲਾਂ ਮਿਲਣਾ ਨਹੀਂ। ...(ਵਿਘਨ)... ਤੁਸੀਂ ਗਲਤ ਗੱਲ ਨਾ ਕਰੋ।

**ਮੁੱਖ ਮੰਤਰੀ :** ਵੇਖੋ, ਜਿਹੜਾ ਕਾਨੂੰਨ ਹੈ, ਵਿਧਾਨ ਹੈ, ਸਿਸਟਮ ਹੈ ਉਸ ਦੇ ਮੁਤਾਬਿਕ ਹੀ ਚੱਲਿਆ ਜਾਵੇਗਾ।

(ਕੁਝ ਅਵਾਜ਼ਾਂ : ਇਥੇ ਤਾਂ ਸੰਵਿਧਾਨ ਤੋੜ ਕੇ ਰੱਖ ਦਿੱਤਾ ਹੈ।)

**ਮਾਨਯੋਗ ਸਪੀਕਰ :** ਟੁੱਟਿਆ ਕਿਹੜਾ ਹੈ ਜੀ, ਉਹ ਮੈਨੂੰ ਸਮਝਾ ਦਿਉ। ...(ਵਿਘਨ)... ਚਲੋ ਕੁਝ ਨਹੀਂ ਰਿਹਾ, ਤੁਹਾਡੀ ਮੰਨ ਲੈਂਦੇ ਹਾਂ। (ਵਿਘਨ) ਤੁਸੀਂ ਐਵੇਂ ਨਾ ਗੱਲਾਂ ਕਰੋ, ਤੁਸੀਂ ਛੱਡੋ ਜੀ ਗੱਲਾਂ। ਬਾਦਲ ਸਾਹਿਬ, ਤੁਸੀਂ ਬੋਲ ਲਵੋ। ...(ਸ਼ੋਰ)...(ਵਿਘਨ)...

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ :** ਤੁਸੀਂ ਜੇ ਕੋਈ ਜਵਾਬ ਦੇਣਾ ਹੈ ਤਾਂ ਦਿਉ। ਤੁਸੀਂ ਸੀ.ਐਮ. ਸਾਹਿਬ ਦੀ ਗੱਲ ਸੁਣ ਲਵੋ। ਜ਼ੀਰੋ ਆਵਰ ਕਿਤੇ ਨਹੀਂ ਜਾਣ ਲੱਗਾ। ਪਹਿਲਾਂ ਤੁਸੀਂ ਸੀ.ਐਮ. ਸਾਹਿਬ ਦੀ ਗੱਲ ਸੁਣ ਲਵੋ। ਜਿਹੜਾ ਜਵਾਬ ਦੇਣਾ ਹੈ, ਉਹ ਦੇ ਦੇਣਾ। ਇਸ ਵਿਚ ਘਬਰਾਉਣ ਦੀ ਕੀ ਗੱਲ ਹੈ? ਸਪੀਕਰ ਸਾਹਿਬ ਨੇ ਸੀ.ਐਮ. ਸਾਹਿਬ ਨੂੰ ਰੂਲ 57 ਹੇਠ ਪਰਮਿਟ ਕੀਤਾ ਹੈ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਸਪੀਕਰ ਸਾਹਿਬ, ਜਦੋਂ ਸਾਡੀ ਗੱਲ ਹੀ ਨਹੀਂ ਮੰਨਣੀ ਤਾਂ ਇਹ ਸਾਡੇ ਨਾਲ ਧੱਕਾ ਹੈ। ਅੱਜ ਸੈਸ਼ਨ ਦਾ ਅਖੀਰਲਾ ਦਿਨ ਹੈ। ਅੱਜ ਵੀ ਸਾਡੀ ਗੱਲ ਨਾ ਸੁਣਨੀ, ਇਹ ਧੱਕਾ ਹੈ।

**ਮੁੱਖ ਮੰਤਰੀ :** ਬੀਬੀ ਜੀ ਜੇਕਰ ਕੋਈ ਸਟੇਟਮੈਂਟ ਦੇਣੀ ਚਾਹੁੰਦੇ ਹਨ ਤਾਂ ਦੇ ਦੇਣ। ਮੈਂ ਜਵਾਬ ਦੇ ਦੇਵਾਂਗਾ। ਜੇਕਰ ਮੈਂ ਕੁਝ ਬੋਲ ਲਵਾਂ ਤਾਂ ਇਸ ਵਿਚ ਤੁਹਾਡਾ ਕੀ ਜਾਂਦਾ ਹੈ? ...(ਵਿਘਨ)(ਸ਼ੋਰ)... ਚਲੋਂ, ਮੈਂ ਹੁਣ ਤੁਹਾਨੂੰ ਕੀ ਕਹਿ ਸਕਦਾ ਹਾਂ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** (ਵਿਘਨ)(ਸ਼ੋਰ) ਮੈਂ ਖਿਲਾਫ ਨਹੀਂ ਜਾਂਦੀ ਪਰ ਸਾਡੇ ਸਮੇਂ ਵਿਚ ਸਾਨੂੰ ਬੋਲਣ ਦਿੱਤਾ ਜਾਵੇ ...(ਵਿਘਨ)(ਸ਼ੋਰ)

**Parliamentary Affairs, Local Government, Industries and Commerce Minister :** As a Chief Minister ਉਨ੍ਹਾਂ ਦਾ ਰੂਲ 57 ਤਹਿਤ ਰਾਈਟ ਹੈ। ਸਪੀਕਰ ਸਾਹਿਬ ਨੇ ਉਨ੍ਹਾਂ ਨੂੰ ਪਰਮਿਸ਼ਨ ਦਿੱਤੀ ਹੈ। ਆਪਾਂ ਉਨ੍ਹਾਂ ਦਾ ਰਾਈਟ ...(ਵਿਘਨ)(ਸ਼ੋਰ)...

**ਮਾਨਯੋਗ ਸਪੀਕਰ :** ਕੀ ਤੁਸੀਂ ਆਪੋ ਵਿਚ ਬਹਿਸ ਕਰੀ ਜਾਣੀ ਹੈ?

Original with;
Punjab Vidhan Sabha
Digitized by;
Panjab Digital Library

...(ਵਿਘਨ) (ਸ਼ੋਰ)... ਨਹੀਂ ਜੀ, ਨਹੀਂ। ਤੁਸੀਂ ਗਲਤ ਗੱਲ ਤੇ ਅੜਦੇ ਹੋ। ਜਿਹੜੀ ਕਿਸੇ ਰੂਲਜ਼ ਵਿਚ ਨਹੀਂ, ਉਸ ਤਰ੍ਹਾਂ ਨਹੀਂ ਕਿਤੇ, ਨਹੀਂ ਜੀ। ਤੁਸੀਂ ਕਿਉਂ ਰੌਲਾ ਪਾ ਰਹੇ ਹੋ? ਸੀ.ਐਮ. ਸਾਹਿਬ ਨੇ ਸਟੇਟਮੈਂਟ ਹੀ ਦੇਣੀ ਹੈ, ਉਨ੍ਹਾਂ ਨੂੰ ਦੇ ਲੈਣ ਦਿਉ। ਤੁਸੀਂ ਉਨ੍ਹਾਂ ਨੂੰ ਸੁਣਨ ਨੂੰ ਤਿਆਰ ਹੀ ਨਹੀਂ ਹੁੰਦੇ। ਜ਼ੀਰੋ ਆਵਰ ਤੁਹਾਡਾ ਕਿਥੇ ਚਲਿਆ ਗਿਆ ਹੈ? ਮੈਂ ਇੱਥੇ ਹਾਂ, ਜਿੰਨੀ ਮਰਜ਼ੀ ਗੱਲ ਕਰ ਲੈਣਾ। ਉਸ ਦਾ ਜਵਾਬ ਇਹ ਆਪੇ ਦੇ ਦੇਣਗੇ। ...(ਵਿਘਨ) (ਸ਼ੋਰ)... ਨਹੀਂ ਜੀ, ਨਹੀਂ। ਜਿਸ ਤਰ੍ਹਾਂ ਤੁਸੀਂ ਕਰਵਾਉਂਦੇ ਹੋ ਇਸ ਤਰ੍ਹਾਂ ਗੱਲ ਥੋੜ੍ਹੀ ਚਲਦੀ ਹੈ। ਬਾਦਲ ਸਾਹਿਬ ਪਹਿਲਾਂ ਬੋਲਣਗੇ, ਫਿਰ ਜ਼ੀਰੋ ਆਵਰ ਹੋਵੇਗਾ, ਫਿਰ ਜਿਹੜੀ ਗੱਲ ਕਰਨੀ ਹੋਵੇਗੀ, ਉਹ ਕਰ ਲੈਣਾ। (ਵਿਘਨ)(ਸ਼ੋਰ) ਉਨ੍ਹਾਂ ਦੇ ਬੋਲਣ ਵਿਚ ਆਪਾਂ ਵਿਚੋਂ ਕਿਸੇ ਨੂੰ ਕੀ ਹੋ ਜਾਵੇਗਾ?

(ਵਿਰੋਧੀ ਧਿਰ ਵਲੋਂ ਅਵਾਜ਼ਾਂ : ਅਸੀਂ ਪਹਿਲਾਂ ਬੋਲਾਂਗੇ, ਪਹਿਲਾਂ ਜ਼ੀਰੋ ਆਵਰ ਹੋਵੇਗਾ, ਸੀ.ਐਮ. ਸਾਹਿਬ ਬਾਅਦ ਵਿਚ ਬੋਲ ਲੈਣ।)

ਤੁਸੀਂ ਪਹਿਲਾਂ ਕਿਉਂ ਬੋਲੋਗੇ? ਸੀ.ਐਮ. ਸਾਹਿਬ ਪਹਿਲਾਂ ਖੜ੍ਹੇ ਹਨ, ਤੁਸੀਂ ਪਹਿਲਾਂ ਕਿਉਂ ਬੋਲੋਗੇ? ...(ਵਿਘਨ)(ਸ਼ੋਰ)... ਜ਼ੀਰੋ ਆਵਰ ਕਿਤੇ ਨਹੀਂ ਜਾਂਦਾ ਤੁਹਾਡਾ। ਫਿਰ ਐਵੇਂ ਹੀ ਗੱਲ ਕਰੀ ਜਾਂਦੇ ਹੋ। ...(ਵਿਘਨ)(ਸ਼ੋਰ)... ਨਹੀਂ ਜੀ, ਨਹੀਂ।

**ਸਰਦਾਰ ਦਰਸ਼ਨ ਸਿੰਘ ਬਰਾੜ :** ਕੀ ਇਹ ਕੋਈ ਸਿਸਟਮ ਹੈ?

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਦੇ ਉਪਰ ਖੜ੍ਹੇ ਹੋ ਕੇ ਉੱਚੀ-ਉੱਚੀ ਬੋਲ ਰਹੇ ਸਨ ਅਤੇ ਸਦਨ ਵਿਚ ਕਾਫ਼ੀ ਸ਼ੋਰ ਸੀ ਜਿਸ ਕਾਰਨ ਕੁਝ ਵੀ ਸਾਫ ਸੁਣਾਈ ਨਹੀਂ ਦੇ ਰਿਹਾ ਸੀ।)

**ਮਾਨਯੋਗ ਸਪੀਕਰ (ਸਰਦਾਰ ਚਰਨਜੀਤ ਸਿੰਘ ਚੰਨੀ ਨੂੰ ਸੰਬੋਧਨ ਕਰਦੇ ਹੋਏ) :** ਸ਼ਾਬਾਸ਼ੇ ਤੇਰੇ! ਹੋਰ ਕਿਤੇ ਉਤਾਂਹ ਚੜ੍ਹ ਜਾ!! ਬੱਲੇ ਤੁਹਾਡੇ!! ਆਪਾਂ ਕੋਈ ਅਕਲ ਦੀ ਗੱਲ ਕਰੀਏ! ...(ਵਿਘਨ)(ਸ਼ੋਰ)...

(ਇਸ ਉਪਰੰਤ ਸਰਦਾਰ ਚਰਨਜੀਤ ਸਿੰਘ ਚੰਨੀ ਆਪਣੀ ਸੀਟ ਤੋਂ ਥੱਲੇ ਉਤਰ ਕੇ ਬੋਲਣ ਲੱਗ ਗਏ।)

ਬਾਦਲ ਸਾਹਿਬ, ਉੱਠ ਕੇ ਬੋਲੋ। ਆਪਾਂ ਕੰਮ ਕਰਨਾ ਹੈ।

**ਮੁੱਖ ਮੰਤਰੀ :** ਜੇਕਰ ਤੁਸੀਂ (ਵਿਰੋਧੀ ਧਿਰ ਦੇ ਹਾਜ਼ਰ ਮੈਂਬਰ) ਪਿਛੇ ਹੱਟ ਜਾਉ ਤਾਂ ਬੀਬੀ ਜੀ ਤਾਂ ਸਾਡੀ ਗੱਲ ਮੰਨਣ ਨੂੰ ਤਿਆਰ ਹਨ। ਤੁਸੀਂ ਨਾਲ ਵਾਲੇ ਨਹੀਂ ਮੰਨਣ ਦਿੰਦੇ। (ਵਿਘਨ)(ਸ਼ੋਰ) ਤੁਸੀਂ ਜੇ ਪਿੱਛੇ ਬਹਿ ਜਾਉ ਤਾਂ ਬੀਬੀ ਜੀ ਤਾਂ ਮੰਨਣ ਲਈ ਤਿਆਰ ਹਨ ...(ਵਿਘਨ)(ਸ਼ੋਰ)... ਤੁਸੀਂ ਐਵੇਂ ਖੜ੍ਹੇ ਹੋ ਜਾਂਦੇ ਹੋ ਤਾਂ ਬੀਬੀ ਵਿਚਾਰੀ ਫਿਰ ਕੀ ਕਰੇ? (ਹਾਸਾ)

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** (ਵਿਘਨ)(ਸ਼ੋਰ) ਤੁਸੀਂ ਪੰਜ-ਦਸ ਮਿੰਟ ਬਾਅਦ ਵਿਚ ਆ ਜਾਣਾ। ਤੁਹਾਨੂੰ ਕੀ ਤਕਲੀਫ ਹੈ? (ਵਿਘਨ)(ਸ਼ੋਰ) ਨਹੀਂ ਜੀ ਮੈਂ ਕਿਹੜੇ ਰੂਲ ਦੀ ਵਿਰੋਧਤਾ ਕੀਤੀ ਹੈ? ਕਿਹੜੇ ਰੂਲ ਦੇ ਮੁਤੱਲਕ ਗੱਲ ਨਹੀਂ ਕੀਤੀ? ਤੁਸੀਂ ਕੀ ਕਰੀ ਜਾਂਦੇ ਹੋ?

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਅਸੀਂ ਕਹਿੰਦੇ ਹਾਂ ਕਿ ਜ਼ੀਰੋ ਆਵਰ ਆਪੋਜ਼ੀਸ਼ਨ ਦਾ ਰਾਈਟ ਹੈ। ਇਹ ਸਾਡਾ ਰਾਈਟ ਹੈ, ਇਸ ਸਮੇਂ ਦੌਰਾਨ ਅਸੀਂ ਹੀ ਬੋਲਾਂਗੇ ...(ਵਿਘਨ)(ਸ਼ੋਰ)...

**ਮਾਨਯੋਗ ਸਪੀਕਰ :** ਮੈਂ ਕਿਹੜੇ ਰੂਲ ਦੀ ਵਿਰੋਧਤਾ ਕੀਤੀ ਹੈ? ...(ਵਿਘਨ)(ਸ਼ੋਰ)... ਕਿਹੜੇ ਰੂਲਜ਼ ਦੇ ਮੁਤੱਲਕ ਮੈਂ ਗੱਲ ਨਹੀਂ ਕੀਤੀ? ਤੁਸੀਂ ਕੀ ਕਰੀ ਜਾਂਦੇ ਹੋ? ਬੀਬੀ ਜੀ, ਗੱਲ ਆਹ ਨਹੀਂ ਹੈ। ਲੀਡਰ ਆਫ ਦਿ ਹਾਊਸ ਖੜ੍ਹੇ ਹੋਣ ਤਾਂ ਮੈਂ ਕਹਿ ਦੇਵਾਂ ਕਿ ਤੁਸੀਂ ਬਹਿ ਜਾਵੋ, ਮੇਰੇ ਕੋਲੋਂ ਇਹ ਗੱਲ ਨਹੀਂ ਹੋਣੀ। ...(ਵਿਘਨ)(ਸ਼ੋਰ)... ਉਨ੍ਹਾਂ ਤੋਂ ਬਾਅਦ ਤੁਹਾਡੀ ਵਾਰੀ ਆਉਣੀ ਹੈ, ਆਪਾਂ ਜਿੰਨੀ ਮਰਜ਼ੀ ਗੱਲ ਕਰ ਲਈਏ। ਤੁਸੀਂ ਜ਼ੀਰੋ ਆਵਰ ਨੂੰ ਕਿਉਂ ਗਲਤ ਕਰੀ ਜਾਂਦੇ ਹੋ? (ਵਿਘਨ)(ਸ਼ੋਰ) ਨਹੀਂ ਜੀ, ਇਹ ਤੁਹਾਡੀ ਗੱਲ ਨਹੀਂ ਹੋਣੀ।

**ਸਰਦਾਰ ਦਰਸ਼ਨ ਸਿੰਘ ਬਰਾੜ :** ਸਾਡਾ ਰਾਈਟ ਹੈ, ਪਹਿਲਾਂ ਸਾਨੂੰ ਬੋਲਣ ਦਿਉ। ਜਦੋਂ ਤੁਸੀਂ ਸਾਡੀ ਗੱਲ ਨਹੀਂ ਮੰਨਦੇ ਫਿਰ ਅਸੀਂ ਵੀ ਤੁਹਾਡੀ ਗੱਲ ਨਹੀਂ ਮੰਨਣੀ।

**ਮਾਨਯੋਗ ਸਪੀਕਰ :** ਨਾ ਮੰਨੋ ਜੀ। ਮੈਂ ਕਦੋਂ ਆਖਿਆ ਹੈ ਕਿ ਮੇਰੀ ਗੱਲ ਮੰਨੋ। ਹਾਂ ਜੀ, ਬਾਦਲ ਸਾਹਿਬ, ਬੋਲੋ।

**ਮੁੱਖ ਮੰਤਰੀ :** ਸਪੀਕਰ ਸਾਹਿਬ, ਮੈਂ ਇੰਨੀ ਕੁ ਬੇਨਤੀ ਤਾਂ ਕਰ ਸਕਦਾ ਹਾਂ ਕਿ ਬੀਬੀ ਜੀ, ਬੈਠ ਜਾਉ। (ਵਿਘਨ)(ਸ਼ੋਰ)

(ਵਿਰੋਧੀ ਧਿਰ ਵਲੋਂ ਅਵਾਜਾਂ : ਅਜਿਹਾ ਸਦਨ ਵਿਚ ਪਹਿਲੀ ਵਾਰ ਹੋ ਰਿਹਾ ਹੈ, ਇਹ ਗਲਤ ਰਵਾਇਤ ਪਾਈ ਜਾ ਰਹੀ ਹੈ। ਇਹ ਪਹਿਲੀ ਵਾਰ ਹੈ ਕਿ ਤੁਸੀਂ ਸਦਨ ਦੀ ਰਵਾਇਤ ਨੂੰ ਤੋੜ ਰਹੇ ਹੋ।)

**ਮਾਨਯੋਗ ਸਪੀਕਰ :** ਨਹੀਂ ਜੀ। ਇਹ ਪਹਿਲੀ ਵਾਰ ਨਹੀਂ ਹੈ। ਤੁਸੀਂ ਗਲਤ ਗੱਲ ਕਰੀ ਜਾਂਦੇ ਹੋ। (ਵਿਘਨ)(ਸ਼ੋਰ)

**ਸਰਦਾਰ ਬਿਕਰਮ ਸਿੰਘ ਮਜੀਠੀਆ :** ਸਪੀਕਰ ਸਾਹਿਬ, ਇਹ ਵੀ ਪਹਿਲੀ ਵਾਰ ਹੋ ਰਿਹਾ ਹੈ ਕਿ ਆਪੋਜ਼ੀਸ਼ਨ ਨੂੰ ਬਾਦਲ ਸਾਹਿਬ ਦੇ ਬੋਲਣ ਤੇ ਇੰਨੀ ਘਬਰਾਹਟ ਹੋ ਰਹੀ ਹੈ... (ਵਿਘਨ)(ਸ਼ੋਰ)

**ਮਾਨਯੋਗ ਸਪੀਕਰ :** (ਵਿਘਨ)(ਸ਼ੋਰ) ਬਹਿ ਜਾਉ। ਮੈਂ ਤੁਹਾਨੂੰ ਵਾਰ-ਵਾਰ

Original with;
Punjab Vidhan Sabha
Digitized by;
Panjab Digital Library

ਕਹਿੰਦਾ ਹਾਂ ਕਿ ਤੁਹਾਡਾ ਜੀਰੋ ਆਵਰ ਤਾਂ ਪਿਆ ਹੈ। ਉਹ ਤਾਂ ਪੰਜ ਜਾਂ ਸੱਤ ਮਿੰਟ ਹੀ ਗੱਲ ਕਰਨਗੇ। ਉਸ ਤੋਂ ਬਾਅਦ ਤੁਹਾਡੀ ਵਾਰੀ ਹੈ। ...(ਵਿਘਨ)(ਸ਼ੋਰ)...

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਹਾਜ਼ਰ ਮੈਂਬਰ ਅਤੇ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ ਆਪਣੀਆਂ-ਆਪਣੀਆਂ ਸੀਟਾਂ ਤੇ ਖੜ੍ਹੇ ਹੋ ਕੇ ਬੋਲਣ ਦੀ ਮੰਗ ਕਰ ਰਹੇ ਸਨ ਅਤੇ ਸਦਨ ਵਿਚ ਕਾਫੀ ਸ਼ੋਰ ਸੀ)

ਮੈਂ ਤੁਹਾਨੂੰ ਵਾਰ-ਵਾਰ ਕਹਿ ਰਿਹਾ ਹਾਂ ਕਿ ਤੁਹਾਡਾ ਜ਼ੀਰੋ ਆਵਰ ਇੰਟੈਕਟ ਹੈ, ਉਨ੍ਹਾਂ ਤਾਂ 5-7 ਮਿੰਟ ਗੱਲ ਕਰਨੀ ਹੈ, ਉਸ ਤੋਂ ਬਾਅਦ ਤੁਹਾਡੀ ਵਾਰੀ ਹੈ।... (ਵਿਘਨ, ਸ਼ੋਰ)... ਪੰਜ-ਸੱਤ ਮਿੰਟ ਬੋਲਣਗੇ, ਇਸ ਤੋਂ ਵੱਧ ਨਹੀਂ ਬੋਲਦੇ। ...(ਵਿਘਨ, ਸ਼ੋਰ)...

(**ਅਵਾਜ਼ਾਂ** : ਜੀਰੋ ਆਵਰ ਤੁਸੀਂ ਖਤਮ ਕਰ ਦਿੱਤਾ ਹੈ।)

ਨਹੀਂ ਜੀ ਨਹੀਂ, ਜ਼ੀਰੋ ਆਵਰ ਕਿਸ ਤਰ੍ਹਾਂ ਖਤਮ ਹੋ ਗਿਆ ਹੈ?

(**ਅਵਾਜ਼ਾਂ** : ਤੁਸੀਂ ਕਿਹਾ ਹੈ ਕਿ ਖਤਮ ਹੋ ਗਿਆ ਹੈ।)

ਮੈਂ ਤਾਂ ਕਿਹਾ ਹੈ ਕਿ ਤੁਹਾਡਾ ਖਤਮ ਹੋ ਗਿਆ ਹੈ। ਜਾਖੜ ਸਾਹਿਬ ਨੂੰ ਸਮਝਾਉ ਜਰਾ ਕੁ।

(ਇਸ ਸਮੇਂ ਸ਼੍ਰੀਮਤੀ ਰਾਜਿੰਦਰ ਕੌਰ ਭੱਠਲ ਬੋਲਣ ਲਈ ਸਮੇਂ ਦੀ ਮੰਗ ਕਰ ਰਹੇ ਸਨ।)

ਨਹੀਂ ਜੀ, ਬੀਬੀ ਜੀ, ਨਹੀਂ। ਤੁਸੀਂ ਕਿਸੇ ਦੀ ਗੱਲ ਮੰਨਦੇ ਹੀ ਨਹੀਂ।

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ** : ਤੁਸੀਂ ਸਾਡੀ ਗੱਲ ਨਹੀਂ ਮੰਨ ਰਹੇ।

**ਮਾਨਯੋਗ ਸਪੀਕਰ** : ਤੁਹਾਡੀ ਗੱਲ ਕਿਉਂ ਨਹੀਂ ਮੰਨਾਂਗੇ? ਬਾਦਲ ਸਾਹਿਬ ਦੇ ਬੋਲਣ ਤੋਂ ਬਾਅਦ ਮੰਨਾਂਗੇ ਗੱਲ ਤੁਹਾਡੀ।

(**ਅਵਾਜ਼ਾਂ** : ਤੁਸੀਂ ਤਾਂ ਮੰਨ ਗਏ ਹੋ ਜੀ।)

ਤੁਸੀਂ ਇਹ ਗਲਤ ਗੱਲ ਕਿਉਂ ਕਰੀ ਜਾਂਦੇ ਹੋ, ਕਿਉਂ ਗਲਤ ਗੱਲਾਂ ਕਰੀ ਜਾਂਦੇ ਹੋ ਤੁਸੀਂ? ...(ਵਿਘਨ, ਸ਼ੋਰ)... ਚਲੋ, ਜੇਕਰ ਤੁਸੀਂ ਨਹੀਂ ਮੰਨਦੇ ਤਾਂ ਅਗਲੀ ਕਾਰਵਾਈ ਸ਼ੁਰੂ ਕਰਦੇ ਹਾਂ। ...(ਵਿਘਨ, ਸ਼ੋਰ)...

**ਸਰਦਾਰ ਦਰਸ਼ਨ ਸਿੰਘ ਬਰਾੜ** : ਇਹ ਤਾਂ ਸਾਡਾ ਰਾਈਟ ਹੈ।

**ਮਾਨਯੋਗ ਸਪੀਕਰ** : ਨਹੀਂ ਜੀ, ਰਾਈਟ ਤੁਹਾਡਾ ਕੌਣ ਛੁਡਾਉਂਦਾ ਹੈ, ਤੁਸੀਂ ਆਪੇ ਗਲਤ ਗੱਲਾਂ ਨਾ ਕਰੋ।

Original with;
Punjab Vidhan Sabha
Digitized by;
Panjab Digital Library

**ਮੁੱਖ ਮੰਤਰੀ :** ਸਪੀਕਰ ਸਾਹਿਬ, ਤੁਸੀਂ ਰੂਲਿੰਗ ਦੇ ਦਿੱਤੀ ਹੈ। ਜੇ ਮੰਨਦੇ ਹਨ ਤਾਂ ਠੀਕ ਹੈ ਨਹੀਂ ਤਾਂ ਅਗਲਾ ਪ੍ਰੋਗਰਾਮ ਸ਼ੁਰੂ ਕਰੀਏ।

---

## CALL ATTENTION NOTICES UNDER RULE 66

## ਕ੍ਰਮ ਨੰਬਰ 10

**ਮਾਨਯੋਗ ਸਪੀਕਰ :** ਅਗਲੀ ਆਈਟਮ ਕਾਲ ਅਟੈਂਸ਼ਨ ਨੋਟਿਸ। ਸਰਦਾਰ ਰਿਪਜੀਤ ਸਿੰਘ ਬਰਾੜ ਤੇ ਸਰਦਾਰ ਅਜਾਇਬ ਸਿੰਘ ਭੱਟੀ ਜੀ।

(ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਕੀਤਾ ਗਿਆ।)

## ਕ੍ਰਮ ਨੰਬਰ 14

**ਮਾਨਯੋਗ ਸਪੀਕਰ :** ਅਗਲੀ ਕਾਲ ਅਟੈਨਸ਼ਨ, ਸਰਦਾਰ ਅਜੀਤ ਇੰਦਰ ਸਿੰਘ ਮੋਫਰ।

(ਇਹ ਧਿਆਨ ਦਿਵਾਊ ਮਤਾ ਪੇਸ਼ ਨਹੀਂ ਕੀਤਾ ਗਿਆ।)

**ਸ਼੍ਰੀਮਤੀ ਰਾਜਿੰਦਰ ਕੌਰ ਭੱਠਲ :** ਪਹਿਲਾਂ ਤੁਸੀਂ ਸਾਡੀ ਗੱਲ ਮੰਨੋ।

**ਮਾਨਯੋਗ ਸਪੀਕਰ :** ਨਹੀਂ ਜੀ।

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਮੂਹ ਹਾਜ਼ਰ ਮੈਂਬਰ ਅਤੇ ਅਜਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ, ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ ਅਤੇ ਸ਼੍ਰੀ ਮਦਨ ਲਾਲ ਠੇਕੇਦਾਰ **ਨਾਅਰੇ ਮਾਰਦੇ ਹੋਏ ਵੈਲ ਆਫ ਦਿ ਹਾਊਸ ਵਿਚ ਆ ਗਏ।)

ਇਹ ਨਾਅਰੇ ** ** ਰਿਕਾਰਡ ਨਹੀਂ ਕਰਨੇ।

ਹੁਣ ਸੰਸਦੀ ਮਾਮਲੇ ਮੰਤਰੀ ਨਿਯਮ 16 ਅਧੀਨ ਪ੍ਰਸਤਾਵ ਕਰਨਗੇ।

---

## MOTION UNDER RULE 16

**ਸੰਸਦੀ ਮਾਮਲੇ, ਸਥਾਨਕ ਸਰਕਾਰ, ਉਦਯੋਗ ਤੇ ਵਪਾਰ ਮੰਤਰੀ (ਸ਼੍ਰੀ ਤਿਕਸ਼ਨ ਸੂਦ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ

---

**Not recorded as ordered by the Chair.

Original with;
Punjab Vidhan Sabha
Digitized by;
Panjab Digital Library

ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ -

ਕਿ ਵਿਧਾਨ ਸਭਾ ਅੱਜ ਇਸ ਦੇ ਉਠ ਜਾਣ ਤੇ ਅਣਮਿੱਥੇ ਸਮੇਂ ਲਈ ਸਥੱਗਿਤ ਹੋ ਜਾਵੇਗੀ।

*ਪ੍ਰਸਤਾਵ ਪ੍ਰਵਾਨ ਹੋਇਆ।*

---

## OFFICIAL RESOLUTION REGARDING IMMEDIATE ROLL-BACK OF ILLOGICAL TWO-FOLD PRICE HIKE BY THE CENTRAL GOVERNMENT IN THE RATES OF FERTILIZERS

**ਮਾਨਯੋਗ ਸਪੀਕਰ** : ਹੁਣ ਸੀ.ਐਮ. ਸਾਹਿਬ ਸਰਕਾਰੀ ਮਤਾ ਪੇਸ਼ ਕਰਨ।

**ਮੁੱਖ ਮੰਤਰੀ (ਸਰਦਾਰ ਪਰਕਾਸ਼ ਸਿੰਘ ਬਾਦਲ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ ਕਿ -

"ਇਹ ਸਦਨ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿਚ ਖਾਦਾਂ ਦੇ ਭਾਅ ਲਗਭਗ ਦੁਗਣੇ ਕੀਤੇ ਜਾਣ ਉਤੇ ਗਹਿਰੀ ਚਿੰਤਾ ਪ੍ਰਗਟ ਕਰਦਾ ਹੈ। ਕੇਂਦਰ ਵੱਲੋਂ ਵਾਰ- ਵਾਰ ਖੇਤੀ ਲਾਗਤ ਵਸਤਾਂ ਵਿਚ ਕੀਤੇ ਅਸਹਿ ਵਾਧੇ ਨਾਲ ਪਹਿਲਾਂ ਤੋਂ ਹੀ ਤਰਾਹ-ਤਰਾਹ ਕਰ ਰਹੀ ਪੰਜਾਬ ਦੀ ਕਿਸਾਨੀ ਦਾ ਲੱਕ ਟੁੱਟ ਗਿਆ ਹੈ।

ਪਿਛਲੇ ਇੱਕ ਸਾਲ ਦੌਰਾਨ ਡੀ.ਏ.ਪੀ. ਖਾਦ ਦੀ ਕੀਮਤ 537 ਰੁਪਏ ਪ੍ਰਤੀ ਥੈਲਾ ਤੋਂ ਵੱਧ ਕੇ 910 ਰੁਪਏ ਪ੍ਰਤੀ ਥੈਲਾ ਹੋ ਗਈ ਹੈ ਅਤੇ ਪੋਟਾਸ਼ ਦੀ ਕੀਮਤ 252 ਰੁਪਏ 75 ਪੈਸੇ ਤੋਂ ਵੱਧ ਕੇ 565 ਰੁਪਏ ਪ੍ਰਤੀ ਥੈਲਾ ਹੋ ਗਈ ਹੈ। ਯੂਰੀਆ ਜੋ ਕਿ ਕੰਟਰੋਲਡ ਖਾਦ ਹੈ ਦੀ ਕੀਮਤ ਵੀ ਵੱਧ ਕੇ 268 ਰੁਪਏ ਪ੍ਰਤੀ ਥੈਲਾ ਤੇ ਜਾ ਪਹੁੰਚੀ ਹੈ।

ਰਾਜ ਵਿਚ ਹਰ ਸਾਲ ਤਕਰੀਬਨ 25 ਲੱਖ ਟਨ ਯੂਰੀਆ, 8.50 ਲੱਖ ਟਨ ਡੀ.ਏ.ਪੀ. ਅਤੇ 1 ਲੱਖ ਟਨ ਪੋਟਾਸ਼ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਕੀਮਤਾਂ ਦੇ ਵਾਧੇ ਨਾਲ ਰਾਜ ਦੇ ਕਿਸਾਨਾਂ ਤੇ ਤਕਰੀਬਨ 800 ਕਰੋੜ ਰੁਪਏ ਦਾ ਵਾਧੂ ਬੋਝ ਪੈ ਗਿਆ ਹੈ। ਆਮ ਕਿਸਾਨ ਜੋ ਕਿ ਪਹਿਲਾਂ ਕਣਕ-ਝੋਨੇ ਲਈ ਤਕਰੀਬਨ 1500 ਰੁਪਏ ਪ੍ਰਤੀ ਏਕੜ ਦੀ ਖਾਦ ਵਰਤਦਾ ਸੀ, ਨੂੰ ਹੁਣ ਖਾਦਾਂ ਤੇ ਤਕਰੀਬਨ 2800 ਰੁਪਏ ਪ੍ਰਤੀ ਏਕੜ ਖਰਚਾ ਕਰਨਾ ਪਵੇਗਾ।

Original with;
Punjab Vidhan Sabha
Digitized by;
Panjab Digital Library

[ ਮੁੱਖ ਮੰਤਰੀ ]

ਆਮ ਲੋਕਾਂ ਦੇ ਖਪਤ ਵਾਲੀਆਂ ਚੀਜ਼ਾਂ ਤੇ inflation ਕਾਰਨ ਭਾਰੀ ਵਾਧਾ ਹੋਇਆ ਹੈ ਜਦ ਕਿ ਕਿਸਾਨੀ ਉਤਪਾਦਨ ਦੀਆਂ ਕੀਮਤਾਂ ਵਿਚ corresponding ਵਾਧਾ ਨਹੀਂ ਕੀਤਾ ਜਾਂਦਾ। ਖਾਦਾਂ ਦੀਆਂ ਇਹ ਵਧੀਆਂ ਹੋਈਆਂ ਕੀਮਤਾਂ ਨਾਲ ਕਿਸਾਨੀ ਹੋਰ ਵੀ ਘਾਟੇ ਵਾਲਾ ਧੰਦਾ ਬਣ ਗਿਆ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਕੇਂਦਰ ਵੱਲੋਂ ਕੀਤੇ ਇਸ ਤਰਕਹੀਣ ਵਾਧੇ ਨੂੰ ਤੁਰੰਤ ਵਾਪਿਸ ਲਏ ਜਾਣ ਦੀ ਪੁਰਜ਼ੋਰ ਮੰਗ ਕਰਦਾ ਹੈ।"

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ ਕਿ -

"ਇਹ ਸਦਨ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿਚ ਖਾਦਾਂ ਦੇ ਭਾਅ ਲਗਭਗ ਦੁਗਣੇ ਕੀਤੇ ਜਾਣ ਉਤੇ ਗਹਿਰੀ ਚਿੰਤਾ ਪ੍ਰਗਟ ਕਰਦਾ ਹੈ। ਕੇਂਦਰ ਵੱਲੋਂ ਵਾਰ- ਵਾਰ ਖੇਤੀ ਲਾਗਤ ਵਸਤਾਂ ਵਿਚ ਕੀਤੇ ਅਸਹਿ ਵਾਧੇ ਨਾਲ ਪਹਿਲਾਂ ਤੋਂ ਹੀ ਤਰਾਹ-ਤਰਾਹ ਕਰ ਰਹੀ ਪੰਜਾਬ ਦੀ ਕਿਸਾਨੀ ਦਾ ਲੱਕ ਟੁੱਟ ਗਿਆ ਹੈ।

ਪਿਛਲੇ ਇੱਕ ਸਾਲ ਦੌਰਾਨ ਡੀ.ਏ.ਪੀ. ਖਾਦ ਦੀ ਕੀਮਤ 537 ਰੁਪਏ ਪ੍ਰਤੀ ਥੈਲਾ ਤੋਂ ਵੱਧ ਕੇ 910 ਰੁਪਏ ਪ੍ਰਤੀ ਥੈਲਾ ਹੋ ਗਈ ਹੈ ਅਤੇ ਪੋਟਾਸ਼ ਦੀ ਕੀਮਤ 252 ਰੁਪਏ 75 ਪੈਸੇ ਤੋਂ ਵੱਧ ਕੇ 565 ਰੁਪਏ ਪ੍ਰਤੀ ਥੈਲਾ ਹੋ ਗਈ ਹੈ। ਯੂਰੀਆ ਜੋ ਕਿ ਕੰਟਰੋਲਡ ਖਾਦ ਹੈ ਦੀ ਕੀਮਤ ਵੀ ਵੱਧ ਕੇ 268 ਰੁਪਏ ਪ੍ਰਤੀ ਥੈਲਾ ਤੇ ਜਾ ਪਹੁੰਚੀ ਹੈ।

ਰਾਜ ਵਿਚ ਹਰ ਸਾਲ ਤਕਰੀਬਨ 25 ਲੱਖ ਟਨ ਯੂਰੀਆ, 8.50 ਲੱਖ ਟਨ ਡੀ.ਏ.ਪੀ. ਅਤੇ 1 ਲੱਖ ਟਨ ਪੋਟਾਸ਼ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਕੀਮਤਾਂ ਦੇ ਵਾਧੇ ਨਾਲ ਰਾਜ ਦੇ ਕਿਸਾਨਾਂ ਤੇ ਤਕਰੀਬਨ 800 ਕਰੋੜ ਰੁਪਏ ਦਾ ਵਾਧੂ ਬੋਝ ਪੈ ਗਿਆ ਹੈ। ਆਮ ਕਿਸਾਨ ਜੋ ਕਿ ਪਹਿਲਾਂ ਕਣਕ-ਝੋਨੇ ਲਈ ਤਕਰੀਬਨ 1500 ਰੁਪਏ ਪ੍ਰਤੀ ਏਕੜ ਦੀ ਖਾਦ ਵਰਤਦਾ ਸੀ, ਨੂੰ ਹੁਣ ਖਾਦਾਂ ਤੇ ਤਕਰੀਬਨ 2800 ਰੁਪਏ ਪ੍ਰਤੀ ਏਕੜ ਖਰਚਾ ਕਰਨਾ ਪਵੇਗਾ।

ਆਮ ਲੋਕਾਂ ਦੇ ਖਪਤ ਵਾਲੀਆਂ ਚੀਜ਼ਾਂ ਤੇ inflation ਕਾਰਨ ਭਾਰੀ ਵਾਧਾ ਹੋਇਆ ਹੈ ਜਦ ਕਿ ਕਿਸਾਨੀ ਉਤਪਾਦਨ ਦੀਆਂ ਕੀਮਤਾਂ ਵਿਚ corresponding ਵਾਧਾ ਨਹੀਂ ਕੀਤਾ ਜਾਂਦਾ। ਖਾਦਾਂ ਦੀਆਂ ਇਹ ਵਧੀਆਂ ਹੋਈਆਂ ਕੀਮਤਾਂ ਨਾਲ ਕਿਸਾਨੀ ਹੋਰ ਵੀ ਘਾਟੇ ਵਾਲਾ ਧੰਦਾ ਬਣ ਗਿਆ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਕੇਂਦਰ ਵੱਲੋਂ ਕੀਤੇ ਇਸ ਤਰਕਹੀਣ ਵਾਧੇ ਨੂੰ ਤੁਰੰਤ ਵਾਪਿਸ ਲਏ ਜਾਣ ਦੀ ਪੁਰਜ਼ੋਰ ਮੰਗ ਕਰਦਾ ਹੈ।"

**ਮਾਨਯੋਗ ਸਪੀਕਰ** : ਪ੍ਰਸ਼ਨ ਹੈ ਕਿ-

"ਇਹ ਸਦਨ ਕੇਂਦਰ ਸਰਕਾਰ ਵੱਲੋਂ ਹਾਲ ਹੀ ਵਿਚ ਖਾਦਾਂ ਦੇ ਭਾਅ ਲਗਭਗ ਦੁਗਣੇ ਕੀਤੇ ਜਾਣ ਉਤੇ ਗਹਿਰੀ ਚਿੰਤਾ ਪ੍ਰਗਟ ਕਰਦਾ ਹੈ। ਕੇਂਦਰ ਵੱਲੋਂ

Original with;
Punjab Vidhan Sabha
Digitized by;
Panjab Digital Library

ਵਾਰ- ਵਾਰ ਖੇਤੀ ਲਾਗਤ ਵਸਤਾਂ ਵਿਚ ਕੀਤੇ ਅਸਹਿ ਵਾਧੇ ਨਾਲ ਪਹਿਲਾਂ ਤੋਂ ਹੀ ਤਰਾਹ-ਤਰਾਹ ਕਰ ਰਹੀ ਪੰਜਾਬ ਦੀ ਕਿਸਾਨੀ ਦਾ ਲੱਕ ਟੁੱਟ ਗਿਆ ਹੈ।

ਪਿਛਲੇ ਇੱਕ ਸਾਲ ਦੌਰਾਨ ਡੀ.ਏ.ਪੀ. ਖਾਦ ਦੀ ਕੀਮਤ 537 ਰੁਪਏ ਪ੍ਰਤੀ ਥੈਲਾ ਤੋਂ ਵੱਧ ਕੇ 910 ਰੁਪਏ ਪ੍ਰਤੀ ਥੈਲਾ ਹੋ ਗਈ ਹੈ ਅਤੇ ਪੋਟਾਸ਼ ਦੀ ਕੀਮਤ 252 ਰੁਪਏ 75 ਪੈਸੇ ਤੋਂ ਵੱਧ ਕੇ 565 ਰੁਪਏ ਪ੍ਰਤੀ ਥੈਲਾ ਹੋ ਗਈ ਹੈ। ਯੂਰੀਆ ਜੋ ਕਿ ਕੰਟਰੋਲਡ ਖਾਦ ਹੈ ਦੀ ਕੀਮਤ ਵੀ ਵੱਧ ਕੇ 268 ਰੁਪਏ ਪ੍ਰਤੀ ਥੈਲਾ ਤੇ ਜਾ ਪਹੁੰਚੀ ਹੈ।

ਰਾਜ ਵਿਚ ਹਰ ਸਾਲ ਤਕਰੀਬਨ 25 ਲੱਖ ਟਨ ਯੂਰੀਆ, 8.50 ਲੱਖ ਟਨ ਡੀ.ਏ.ਪੀ. ਅਤੇ 1 ਲੱਖ ਟਨ ਪੋਟਾਸ਼ ਦੀ ਵਰਤੋਂ ਹੁੰਦੀ ਹੈ। ਇਨ੍ਹਾਂ ਕੀਮਤਾਂ ਦੇ ਵਾਧੇ ਨਾਲ ਰਾਜ ਦੇ ਕਿਸਾਨਾਂ ਤੇ ਤਕਰੀਬਨ 800 ਕਰੋੜ ਰੁਪਏ ਦਾ ਵਾਧੂ ਬੋਝ ਪੈ ਗਿਆ ਹੈ। ਆਮ ਕਿਸਾਨ ਜੋ ਕਿ ਪਹਿਲਾਂ ਕਣਕ-ਝੋਨੇ ਲਈ ਤਕਰੀਬਨ 1500 ਰੁਪਏ ਪ੍ਰਤੀ ਏਕੜ ਦੀ ਖਾਦ ਵਰਤਦਾ ਸੀ, ਨੂੰ ਹੁਣ ਖਾਦਾਂ ਤੇ ਤਕਰੀਬਨ 2800 ਰੁਪਏ ਪ੍ਰਤੀ ਏਕੜ ਖਰਚਾ ਕਰਨਾ ਪਵੇਗਾ।

ਆਮ ਲੋਕਾਂ ਦੇ ਖਪਤ ਵਾਲੀਆਂ ਚੀਜ਼ਾਂ ਤੇ inflation ਕਾਰਨ ਭਾਰੀ ਵਾਧਾ ਹੋਇਆ ਹੈ ਜਦ ਕਿ ਕਿਸਾਨੀ ਉਤਪਾਦਨ ਦੀਆਂ ਕੀਮਤਾਂ ਵਿਚ corresponding ਵਾਧਾ ਨਹੀਂ ਕੀਤਾ ਜਾਂਦਾ। ਖਾਦਾਂ ਦੀਆਂ ਇਹ ਵਧੀਆਂ ਹੋਈਆਂ ਕੀਮਤਾਂ ਨਾਲ ਕਿਸਾਨੀ ਹੋਰ ਵੀ ਘਾਟੇ ਵਾਲਾ ਧੰਦਾ ਬਣ ਗਿਆ ਹੈ।

ਇਸ ਲਈ ਇਹ ਸਦਨ ਸਰਬਸੰਮਤੀ ਨਾਲ ਕੇਂਦਰ ਵੱਲੋਂ ਕੀਤੇ ਇਸ ਤਰਕਹੀਣ ਵਾਧੇ ਨੂੰ ਤੁਰੰਤ ਵਾਪਿਸ ਲਏ ਜਾਣ ਦੀ ਪੁਰਜ਼ੋਰ ਮੰਗ ਕਰਦਾ ਹੈ।"

***ਪ੍ਰਸਤਾਵ ਸਰਬਸੰਮਤੀ ਨਾਲ ਪ੍ਰਵਾਨ ਹੋਇਆ।***

**ਮਾਨਯੋਗ ਸਪੀਕਰ :** ਹੁਣ ਏਜੰਡੇ ਦੀ ਅਗਲੀ ਆਈਟਮ। ਵਿਧਾਨਕ ਕੰਮ ਕਾਰ।

---

## LEGISLATIVE BUSINESS

### 1. THE PUNJAB LAND REVENUE (SECOND AMENDMENT) BILL, 2011

**ਮਾਲ ਤੇ ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਸਬੰਧੀ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀ ਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ -

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ :** ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿੱਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਤੇ ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਸਬੰਧੀ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਭੌਂ ਮਾਲੀਆ (ਦੂਜੀ ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---

## 2. THE PUNJAB LAND REFORMS (AMENDMENT) BILL, 2011

**ਮਾਨਯੋਗ ਸਪੀਕਰ :** ਮੰਤਰੀ ਜੀ, ਅਗਲਾ ਬਿਲ ਪੇਸ਼ ਕਰੋ।

**ਮਾਲ ਤੇ ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਸਬੰਧੀ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਮਾਲ ਤੇ ਮੁੜ ਵਸੇਬਾ ਅਤੇ ਕੁਦਰਤੀ ਆਫਤਾਂ ਸਬੰਧੀ ਪ੍ਰਬੰਧ ਮੰਤਰੀ (ਸਰਦਾਰ ਅਜੀਤ ਸਿੰਘ ਕੋਹਾੜ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਭੌਂ ਸੁਧਾਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

Original with;
Punjab Vidhan Sabha
Digitized by;
Panjab Digital Library

ਕਿ ਪੰਜਾਬ ਭੋੌਂ ਸੁਧਾਰ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---

**3. THE PUNJAB CIVIL SERVICES (RATIONALIZATION OF CERTAIN CONDITIONS OF SERVICE) REPEAL BILL, 2011 *(REPLACING ORDINANCE)***

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ, ਚੌਕਸੀ ਤੇ ਨਿਆਂ ਮਾਮਲੇ ਮੰਤਰੀ (ਡਾਕਟਰ ਉਪਿੰਦਰਜੀਤ ਕੌਰ) :** ਸ਼੍ਰੀਮਾਨ ਜੀ, ਮੈਂ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਪੇਸ਼ ਕਰਦੀ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦੀ ਹਾਂ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

*Original with;*
Punjab Vidhan Sabha
*Digitized by;*
Panjab Digital Library

## ਕਲਾਜ਼ਾਂ 2 ਅਤੇ 3

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(ਅਵਾਜ਼ਾਂ ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ :

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

## ਕਲਾਜ਼ 1 ਦੀ ਸਬ-ਕਲਾਜ਼ (1)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਇੰਡੀਆਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ, ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਸਦਨ ਦੇ ਵੈੱਲ ਵਿਚ ਖੜੇ ਹੋ ਕੇ **ਨਾਅਰੇ ਲਗਾ ਰਹੇ ਸਨ। ਸਦਨ ਵਿਚ ਬਹੁਤ ਸ਼ੋਰ ਸੀ।)

**ਮਾਨਯੋਗ ਸਪੀਕਰ :** ਆਪਣੀਆਂ ਸੀਟਾਂ ਤੇ ਬਹਿ ਜਾਓ ਹੁਣ ਜਾਕੇ। ਬਹਿ ਜਾਓ, ਬਹੁਤ ਜੋਰ ਲਗ ਗਿਆ ਹੁਣ। ਨਾਅਰੇ ਰਿਕਾਰਡ ਨਾ ਕੀਤੇ ਜਾਣ।

## ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਮੰਤਰੀ ਸਾਹਿਬਾ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

---

**Not recorded as ordered by the Chair.

Original with;
Punjab Vidhan Sabha
Digitized by;
Punjab Digital Library

**ਵਿੱਤ ਤੇ ਯੋਜਨਾ ਅਤੇ ਪ੍ਰੋਗਰਾਮ ਲਾਗੂਕਰਨ, ਚੌਕਸੀ ਤੇ ਨਿਆਂ ਮਾਮਲੇ ਮੰਤਰੀ (ਡਾਕਟਰ ਉਪਿੰਦਰਜੀਤ ਕੌਰ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦੀ ਹਾਂ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਸਿਵਲ ਸੇਵਾਵਾਂ (ਸੇਵਾ ਦੀਆਂ ਕੁਝ ਸ਼ਰਤਾਂ ਨੂੰ ਸੁਧਾਰਨਾ) ਮਨਸੂਖੀ ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ, ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਸਦਨ ਦੇ ਵੈੱਲ ਵਿਚ ਮਾਨਯੋਗ ਸਪੀਕਰ ਦੀ ਚੇਅਰ ਵੱਲ ਜਾਣ ਲਈ ਵਾਚ ਐਂਡ ਵਾਰਡ ਦੇ ਕਰਮਚਾਰੀਆਂ ਨਾਲ ਖਿੱਚ-ਧੂਹ ਕਰ ਰਹੇ ਸਨ। ਸਦਨ ਵਿਚ ਬਹੁਤ ਸ਼ੋਰ ਸੀ।)

---

## 4. THE GURU KASHI UNIVERSITY BILL, 2011 *(REPLACING ORDINANCE)*

**ਸਿੱਖਿਆ ਤੇ ਭਾਸ਼ਾ ਮੰਤਰੀ (ਸਰਦਾਰ ਸੇਵਾ ਸਿੰਘ ਸੇਖਵਾਂ) :** ਸ਼੍ਰੀਮਾਨ ਜੀ, ਮੈਂ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

Original with;
Punjab Vidhan Sabha
Digitized by;
Punjab Digital Library

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ਾਂ 2 ਤੋਂ 36**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਤੋਂ 36 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ** : ਹਾਂ ਜੀ, ਹਾਂ ਜੀ)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਤੋਂ 36 ਬਿਲ ਦਾ ਹਿੱਸਾ ਹਨ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼-1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿੱਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ

Original with;
Punjab Vidhan Sabha
Digitized by;
Panjab Digital Library

ਕੀਤਾ ਜਾਵੇ।

**ਸਿੱਖਿਆ ਤੇ ਭਾਸ਼ਾ ਮੰਤਰੀ (ਸਰਦਾਰ ਸੇਵਾ ਸਿੰਘ ਸੇਖਵਾਂ)** : ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਗੁਰੂ ਕਾਸ਼ੀ ਯੂਨੀਵਰਸਿਟੀ ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

(ਇਸ ਸਮੇਂ ਅਜ਼ਾਦ ਮੈਂਬਰ ਸਰਦਾਰ ਚਰਨਜੀਤ ਸਿੰਘ ਚੰਨੀ ਲੀਡਰ ਆਫ ਆਪੋਜੀਸ਼ਨ ਦੇ ਟੇਬਲ ਤੇ ਖੜ੍ਹੇ ਹੋ ਕੇ ਭਾਸ਼ਣ ਦੇ ਰਹੇ ਸਨ।) ...(ਵਿਘਨ)...(ਸ਼ੋਰ)...

---

## 5. THE PUNJAB SCHOOL EDUCATION BOARD (AMENDMENT AND VALIDATION) BILL, 2011

**ਸਿੱਖਿਆ ਤੇ ਭਾਸ਼ਾ ਮੰਤਰੀ (ਸਰਦਾਰ ਸੇਵਾ ਸਿੰਘ ਸੇਖਵਾਂ)** : ਸ਼੍ਰੀਮਾਨ ਜੀ, ਮੈਂ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਤੇ

Original with;
Punjab Vidhan Sabha
Digitized by;
Panjab Digital Library

[ ਮਾਨਯੋਗ ਸਪੀਕਰ ]

ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 2**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 2 ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

*ਪ੍ਰਸਤਾਵ ਪ੍ਰਵਾਨ ਹੋਇਆ।*

**ਸਿਰਲੇਖ**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਮੰਤਰੀ ਜੀ ਪ੍ਰਸਤਾਵ ਕਰਨਗੇ ਕਿ ਬਿਲ ਪਾਸ ਕੀਤਾ ਜਾਵੇ।

**ਸਿੱਖਿਆ ਤੇ ਭਾਸ਼ਾ ਮੰਤਰੀ (ਸਰਦਾਰ ਸੇਵਾ ਸਿੰਘ ਸੇਖਵਾਂ) :** ਸ਼੍ਰੀਮਾਨ ਜੀ, ਮੈਂ ਪ੍ਰਸਤਾਵ ਪੇਸ਼ ਕਰਦਾ ਹਾਂ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਪਾਸ ਕੀਤਾ ਜਾਵੇ।

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਸਕੂਲ ਸਿੱਖਿਆ ਬੋਰਡ (ਸੋਧਨਾ ਅਤੇ ਵੈਧਤਾ) ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

---

## 6. THE PUNJAB HEALTH SYSTEMS CORPORATION (AMENDMENT) BILL, 2011

**ਮਾਨਯੋਗ ਸਪੀਕਰ** : ਮੰਤਰੀ ਜੀ, ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਪੇਸ਼ ਕਰਨ।

**ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਅਰੁਨੇਸ਼ ਸ਼ਾਕਰ)** : ਸਪੀਕਰ ਸਾਹਿਬ, ਮੈਂ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿੱਲ, 2011 ਪੇਸ਼ ਕਰਦਾ ਹਾਂ।

ਸ਼੍ਰੀਮਾਨ ਜੀ, ਮੈਂ ਇਹ ਵੀ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

**ਮਾਨਯੋਗ ਸਪੀਕਰ** : ਪ੍ਰਸਤਾਵ ਕੀਤਾ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

ਬਹਿਸ, ਜੇਕਰ ਕੋਈ ਹੋਵੇ?

(ਇਸ ਸਮੇਂ ਕੋਈ ਵੀ ਮੈਂਬਰ ਬਹਿਸ ਕਰਨ ਲਈ ਖੜ੍ਹਾ ਨਹੀਂ ਹੋਇਆ।)

**ਮਾਨਯੋਗ ਸਪੀਕਰ** : ਪ੍ਰਸ਼ਨ ਹੈ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਤੇ ਤੁਰੰਤ ਵਿਚਾਰ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

Original with;
Punjab Vidhan Sabha
Digitized by;
Panjab Digital Library

**ਮਾਨਯੋਗ ਸਪੀਕਰ :** ਹੁਣ ਸਦਨ ਬਿਲ ਤੇ ਕਲਾਜ਼-ਵਾਰ ਵਿਚਾਰ ਕਰੇਗਾ।

**ਕਲਾਜ਼ 1 ਦੀ ਸਬ-ਕਲਾਜ਼ (2)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (2) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

(ਇਸ ਸਮੇਂ ਵੀ ਇੰਡੀਅਨ ਨੈਸ਼ਨਲ ਕਾਂਗਰਸ ਪਾਰਟੀ ਦੇ ਸਦਨ ਵਿਚ ਹਾਜ਼ਰ ਮੈਂਬਰ, ਅਜ਼ਾਦ ਮੈਂਬਰ ਸਰਦਾਰ ਅਜੀਤ ਸਿੰਘ ਸ਼ਾਂਤ, ਸਰਦਾਰ ਸੰਗਤ ਸਿੰਘ ਗਿਲਜੀਆਂ, ਸ਼੍ਰੀ ਮਦਨ ਲਾਲ ਠੇਕੇਦਾਰ ਅਤੇ ਸਰਦਾਰ ਚਰਨਜੀਤ ਸਿੰਘ ਚੰਨੀ ਸਦਨ ਦੇ ਵੈੱਲ ਵਿਚ ਖੜੇ ਸਨ ਅਤੇ ਸਰਦਾਰ ਅਜੀਤ ਇੰਦਰ ਸਿੰਘ ਮੋਫਰ ਲੀਡਰ ਆਫ ਦਿ ਆਪੋਜੀਸ਼ਨ ਦੇ ਟੇਬਲ ਤੇ ਖੜ੍ਹੇ ਹੋ ਕੇ **ਨਾਅਰੇ ਲਗਾ ਰਹੇ ਸਨ ਜੋ ਕਿ ਰਿਕਾਰਡ ਨਹੀਂ ਕੀਤੇ ਗਏ। ਸਦਨ ਵਿਚ ਬਹੁਤ ਸ਼ੋਰ ਸੀ।)

**ਕਲਾਜ਼ਾਂ 2 ਅਤੇ 3**

**ਮਾਨਯੋਗ ਸਪੀਕਰ :** ਕਿਉਂਜੋ ਕਲਾਜ਼ਾਂ 2 ਅਤੇ 3 ਵਿਚ ਕੋਈ ਸੋਧਨਾ ਨਹੀਂ ਹੈ, ਜੇਕਰ ਸਦਨ ਦੀ ਸਹਿਮਤੀ ਹੋਵੇ ਤਾਂ ਇਹ ਕਲਾਜ਼ਾਂ ਇਕੱਠੀਆਂ ਹੀ ਸਦਨ ਦੀ ਵੋਟ ਲਈ ਰੱਖ ਦਿੱਤੀਆਂ ਜਾਣ?

(**ਅਵਾਜ਼ਾਂ :** ਹਾਂ ਜੀ, ਹਾਂ ਜੀ।)

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ਾਂ 2 ਅਤੇ 3 ਬਿਲ ਦਾ ਹਿੱਸਾ ਹਨ।

***ਪ੍ਰਸਤਾਵ ਪ੍ਰਵਾਨ ਹੋਇਆ।***

**ਕਲਾਜ਼ 1 ਦੀ ਸਬ-ਕਲਾਜ਼ (1)**

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਕਲਾਜ਼ 1 ਦੀ ਸਬ-ਕਲਾਜ਼ (1) ਬਿਲ ਦਾ ਹਿੱਸਾ ਹੈ।

***ਪ੍ਰਸਤਾਵ ਪ੍ਰਵਾਨ ਹੋਇਆ।***

---

**Not recorded as ordered by the Chair.

Original with;
Punjab Vidhan Sabha
Digitized by;
Punjab Digital Library

## ਸਿਰਲੇਖ

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਸਿਰਲੇਖ ਬਿਲ ਦਾ ਸਿਰਲੇਖ ਬਣੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਮੰਤਰੀ ਜੀ ਬਿਲ ਪਾਸ ਕਰਨ ਲਈ ਪ੍ਰਸਤਾਵ ਕਰਨ।

**ਮੈਡੀਕਲ ਸਿੱਖਿਆ ਤੇ ਖੋਜ, ਜੰਗਲਾਤ ਤੇ ਜੰਗਲੀ ਜੀਵ ਸੁਰੱਖਿਆ ਅਤੇ ਕਿਰਤ ਮੰਤਰੀ (ਸ਼੍ਰੀ ਅਰੁਨੇਸ਼ ਸ਼ਾਕਰ) :** ਸਪੀਕਰ ਸਾਹਿਬ, ਮੈਂ ਪ੍ਰਸਤਾਵ ਕਰਦਾ ਹਾਂ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸਤਾਵ ਕੀਤਾ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

**ਮਾਨਯੋਗ ਸਪੀਕਰ :** ਪ੍ਰਸ਼ਨ ਹੈ-

ਕਿ ਪੰਜਾਬ ਹੈਲਥ ਸਿਸਟਮਜ਼ ਕਾਰਪੋਰੇਸ਼ਨ (ਸੋਧਨਾ) ਬਿਲ, 2011 ਪਾਸ ਕੀਤਾ ਜਾਵੇ।

*ਪ੍ਰਸਤਾਵ ਪ੍ਰਵਾਨ ਹੋਇਆ।*

**ਮਾਨਯੋਗ ਸਪੀਕਰ :** ਹੁਣ ਗੱਲ ਸੁਣ ਲਓ। ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੁੰਦਾ ਹੈ।

| *4.38 ਵਜੇ ਬਾਅਦ ਦੁਪਹਿਰ | (*ਇਸ ਉਪਰੰਤ ਸਦਨ ਅਣਮਿਥੇ ਸਮੇਂ ਲਈ ਸਥੱਗਿਤ ਹੋ ਗਿਆ।) |
|---|---|

---

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

# APPENDIX

# TO

# PUNJAB VIDHAN SABHA

# DEBATES

*Saturday, the 8th October, 2011*
*(Afternoon Sitting)*

*Vol. XIII—No. 4*

---

## STARRED QUESTION AND ANSWER

## ਕੇਂਦਰ ਸਰਕਾਰ ਤੋਂ ਐਸ.ਸੀ./ਬੀ.ਸੀ. ਵਰਗਾਂ ਦੀ ਭਲਾਈ ਲਈ ਫੰਡਾਂ ਦੀ ਪ੍ਰਾਪਤੀ

***2225. ਸ਼੍ਰੀ ਸੁਨੀਲ ਕੁਮਾਰ ਜਾਖੜ :** ਕੀ ਭਲਾਈ ਮੰਤਰੀ ਕਿਰਪਾ ਕਰਕੇ ਦੱਸਣਗੇ ਕਿ :-

(ੳ) ਕੇਂਦਰ ਸਰਕਾਰ ਦੇ ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਮਹਿਕਮੇ (Ministry of Social Justice & Empowerment) ਤੋਂ ਸਾਲ 2007-08, 2008-09, 2009-10, 2010-11 ਅਤੇ 2011-12 ਦੌਰਾਨ ਐਸ.ਸੀ. ਅਤੇ ਬੀ.ਸੀ. ਵਰਗਾਂ ਲਈ ਵੱਖ-ਵੱਖ ਸਕੀਮਾਂ ਲਈ ਮੰਗੇ ਗਏ/ਪ੍ਰਾਪਤ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਕੀ ਹਨ;

(ਅ) ਉਪਰੋਕਤ ਸਕੀਮਾਂ ਅਧੀਨ ਮਿਲੇ ਫੰਡਾਂ ਵਿਚੋਂ ਕਿੰਨੇ ਫੰਡ ਸਮੇਂ ਸਿਰ ਲਾਭਪਾਤਰੀਆਂ ਨੂੰ ਵੰਡੇ ਗਏ ਅਤੇ ਸਮੇਂ ਸਿਰ ਨਾ ਵੰਡੇ ਜਾਣ ਕਾਰਨ ਅਣਵਰਤੇ ਫੰਡਾਂ ਦੇ ਵੇਰਵੇ ਕੀ ਹਨ;

(ੲ) ਉਪਰੋਕਤ ਫੰਡਾਂ ਵਿਚ ਰਾਜ ਸਰਕਾਰ ਨੇ ਆਪਣਾ ਕਿੰਨਾ ਹਿੱਸਾ ਪਾਉਣਾ ਸੀ ਅਤੇ ਕਿੰਨਾ ਅਸਲ ਵਿਚ ਪਾਇਆ?

**ਸਰਦਾਰ ਗੁਲਜ਼ਾਰ ਸਿੰਘ ਰਣੀਕੇ :** (ੳ) ਕੇਂਦਰ ਸਰਕਾਰ ਦੇ ਸਮਾਜਿਕ

Original with;
Punjab Vidhan Sabha
Digitized by;
Punjab Digital Library

ਨਿਆਂ ਅਤੇ ਸਸ਼ਕਤੀਕਰਨ ਮਹਿਕਮੇ (Ministry of Social Justice & Empowerment) ਤੋਂ ਸਾਲ 2007-08, 2008-09, 2009-10, 2010-11 ਅਤੇ 2011-12 ਦੌਰਾਨ ਐਸ.ਸੀ. ਅਤੇ ਬੀ.ਸੀ. ਵਰਗਾਂ ਲਈ ਵੱਖ-ਵੱਖ ਸਕੀਮਾਂ ਲਈ ਮੰਗੇ ਗਏ/ਪ੍ਰਾਪਤ ਕੀਤੇ ਗਏ ਫੰਡਾਂ ਦੇ ਸਾਲ-ਵਾਰ ਵੇਰਵੇ ਅਨੁਲੱਗ-'ੳ'** ਅਨੁਸਾਰ ਹਨ।

(ਅ) ਉਪਰੋਕਤ ਸਕੀਮਾਂ ਅਧੀਨ ਮਿਲੇ ਫੰਡਾਂ ਵਿਚੋਂ ਲਾਭਪਾਤਰੀਆਂ ਨੂੰ ਵੰਡੇ ਗਏ ਫੰਡਾਂ ਅਤੇ ਬਾਕੀ ਬਚਦੇ ਫੰਡਾਂ ਦੇ ਵੇਰਵੇ ਅਨੁਲੱਗ-'ਅ' ਅਨੁਸਾਰ ਹਨ)

(ੲ) ਉਪਰੋਕਤ ਫੰਡਾਂ ਵਿਚ ਰਾਜ ਸਰਕਾਰ ਵੱਲੋਂ ਪਾਏ ਗਏ ਹਿੱਸੇ ਦੇ ਵੇਰਵੇ ਅਨੁਲੱਗ-'ੲ' ਅਨੁਸਾਰ ਹਨ।

**Placed in the Revisor Branch.

Original with;
Punjab Vidhan Sabha
Digitized by;
Panjab Digital Library

Original with;
Punjab Vidhan Sabha
Digitized by;
Panjab Digital Library

© 2011

ਪੰਜਾਬ ਵਿਧਾਨ ਸਭਾ ਸਕੱਤਰੇਤ ਦੇ ਅਧਿਕਾਰ ਹੇਠ ਪ੍ਰਕਾਸ਼ਿਤ ਅਤੇ ਕੰਟਰੋਲਰ, ਛਪਾਈ ਅਤੇ ਲਿਖਣ ਸਮੱਗਰੀ, ਪੰਜਾਬ, ਚੰਡੀਗੜ੍ਹ ਰਾਹੀਂ ਸਰਕਾਰੀ ਪ੍ਰੈੱਸ, ਐਸ.ਏ.ਐਸ. ਨਗਰ (ਮੋਹਾਲੀ) ਵਿਖੇ ਟਾਈਪਸੈੱਟ ਕਰਵਾ ਕੇ ਛਾਪੀ ਗਈ।

Punjab Govt. Press, S.A.S. Nagar/7502/02-12(2)

*Original with;*
Punjab Vidhan Sabha
*Digitized by;*
Panjab Digital Library

Original with
Punjab Vidhan Sabha
Digitized by

Original with;
Punjab Vidhan Sabha
Digitized by;
Panjab Digital Library

B-19182

Original ...
... an Sabha
Digitized by:
Panjab Digital Library